ਪ੍ਰਕਾਕ :
**ਸੰਤ ਜੋਧ ਸਿੰਘ**
ਨਿਰਮਲ ਆਰਮ
ਰਿਕੇ ।

○ ਸਭ ਹੱਕ ਪ੍ਰਕਾਕ ਦੇ ਰਾਖਵੇਂ ਹਨ।

○ ਪਹਿਲੀ ਵਾਰ 1000 ਪ੍ਰਤੀਆਂ – 1 ਮਾਰਚ, 2012

○ ਭੇਟਾ – ਵਿਚਾਰ ਅਤੇ ਅਮਲ

ਮੁਦਰਕ :
ਅਨੀਸ ਆਫਸੈਟ ਪ੍ਰੈਸ
ਨਵੀਂ ਦਿੱਲੀ।

# ਤਤਕਰਾ


| | | |
|---|---|---|
| ○ | ਗ੍ਰੰਥ ਅਮਰ ਵਸਤੂ ਬਾਰੇ | (i) |
| ○ | ਭੂਮਿਕਾ | (vii) |
| ੧. | ਵੈਰਾਗ ਪ੍ਰਕਰਣ | **1-6** |
| | ਵਿਜੋਗੀ ਦਾ ਵੈਰਾਗ ਤੇ ਪ੍ਰੀਤਮ ਦੀ ਪ੍ਰਾਪਤੀ ਲਈ ਤੜਪ | 2 |
| ੨. | ਗੁਰੂ ਮਿਲਾਪ ਪ੍ਰਕਰਣ | **7-18** |
| | ਸਤਿਗੁਰੂ ਦੀ ਖੋਜ ਵਿਚ ਕਠਨਾਈ | 7 |
| | _ੱਭ ਕਰਮਾਂ ਦੁਆਰਾ ਸਤਿਗੁਰੂ ਦੀ ਪ੍ਰਾਪਤੀ | 14 |
| | ਆਤਮ ਪ੍ਰਾਪਤੀ ਸਤਿਗੁਰੂ ਦੁਆਰਾ ਹੀ ਹੁੰਦੀ ਹੈ | 15 |
| ੩. | ਸਤ ਉਪਦੇ ਪ੍ਰਕਰਣ | **19-42** |
| | ਦੇਹ ਆਦਿ ਪ੍ਰਪੰਚ ਤੇ ਦੇਹ ਦੀ ਹਰਕਤ ਕਰਾਉਣ ਵਾਲੀ ਸਤਾ ਦੇ ਬਾਰੇ ਪ੍ਰਨ | 19 |
| | ਮਹਾਂਵਾਕ | 22 |
| | ਵਿਜੋਗੀ ਦੀ ਘਬਰਾ ਕੇ ਪ੍ਰਾਰਥਨਾ | 22 |
| | ਦੇਹ ਅੰਦਰ ਆਤਮ ਜੋਤੀ | 22 |
| | ਦੇਹ ਹੀ ਆਤਮਾ ਹੈ ਿਕਾ) | 26 |
| | ਮਨ ਹੀ ਆਤਮਾ ਹੈ ਿਕਾ) | 28 |
| | ਆਤਮਾ ਦੇ ਦੇਹ ਵਿਚ ਆਉਣ ਤੇ ਜਾਣ ਬਾਰੇ ਪ੍ਰਨ | 30 |
| | ਮੋਹ ਤੇ ਪ੍ਰੇਮ | 33 |
| | ਦੈਵੀ-ਸੰਪਤੀ | 35 |
| | ਪ੍ਰਭੂ-ਪ੍ਰੇਮੀਆਂ ਦੀ ਤੜਪ | 38 |
| ੪. | ਨਿਰਵਿਕਾਰ ਆਤਮ ਪ੍ਰਕਰਣ | **43-192** |
| | ਅਨ੍ਵਯ ਵਤੀਰੇਕ ਯੁਕਤੀ ਦੁਆਰਾ ਜਾਗ੍ਰਿਤ ਆਦਿ ਅਵਸਥਾਂ ਅਸਤ ਤੇ ਆਤਮਾ ਸਤ ਦੀ ਸਿਧੀ | 44 |
| | ਜਾਗ੍ਰਿਤ ਤੇ ਸੁਪਨ ਦੀ ਸਮਾਨਤਾ | 45 |
| | ਕਾਰਣ ਕਾਰਜ ਦੀ ਅਸਿਧੀ | 54 |
| | ਹਰ ਰੂਪ ਵਿਚ ਤੂੰ | 57 |
| | ਆਤਮਾ ਰੂਪ ਸੂਰਜ ਵਿਚ ਅਵਿਦਾ ਰੂਪ ਰਾਤ੍ਰੀ ਦਾ ਅਭਾਵ | 59 |
| | ਮਨ ਨਾਲ ਆਖਰੀ ਫੈਸਲਾ | 60 |
| | ਉਪੇਯ ਦੀ ਪ੍ਰਾਪਤੀ ਬਾਅਦ ਉਪਾਇਆਂ ਦੀ ਨਿਫਲਤਾ | 63 |
| | ਮਨ ਨੂੰ ਵਸ ਕਰਨ ਦੇ ਚਾਰ (4) ਉਪਾਇ | 64 |
| | ਮਨ ਆਤਮ ਸ੍ਵਰੂਪ ਹੀ ਹੈ | 67 |
| | ਦੇਹ ਰਹਿਤ ਸਤਿਗੁਰੂ | 74 |
| | ਅਦ੍ਵੈਤ ਚਿੰਤਨ | 85 |

| | |
|---|---|
| ਦੋ ਵਿਦਿਆਂ-ਅਪਰਾ ਤੇ ਪਰਾ | 92 |
| ਸਤਿਗੁਰੂ ਦੀ ਕਸਵਟੀ | 98 |
| ਇੰਦ੍ਰੀਆਂ ਦਾ ਸੰਜਮ | 101 |
| ਪ੍ਰੀਤਮ ਆਤਮਾ ਲਈ ਹੀ ਸਭ ਕੁਝ ਪਿਆਰਾ ਲਗਦਾ ਹੈ | 104 |
| ਨਿਰਮਾਣਤਾ ਆਦਿ ਸਾਧਨ | 116 |
| ਕਾਮਨਾਵਾਂ ਦਾ ਅਭਾਵ ਤੇ ਪਰਮ-ਗਤੀ | 118 |
| ਨਿਕ੍ਰਿਯ ਆਤਮਾ ਦੇ ਬੋਧ ਵਾਲੇ ਦੀ ਨਿਕਰ੍ਵਤਤਾ | 121 |
| ਕਰਮ ਤੇ ਅਕਰਮ | 127 |
| ਕਰਤਵ ਤੇ ਅਕਰਤਵ ਦੀ ਵੰਡ | 134 |
| ਮੁਕਤੀ ਦਾ ਸ੍ਵਰੂਪ | 143 |
| ਕਾਮਨਾ ਅਨੁਸਾਰ ਅੱਛੀ ਬੁਰੀ ਗਤੀ ਤੇ ਨਿਕਾਮ ਬ੍ਰਹਮਵੇਤਾ ਦੀ ਮੁਕਤੀ | 146 |
| ਗਿਆਨਵਾਨ ਦੀ ਨਿਸਚਿੰਤਤ-ਨਿਰਭੈ ਇਸਥਿਤੀ | 157 |
| ਨੇਤਿ ਨੇਤਿ ਨਿਰਦੇ ਦ੍ਵਾਰਾ ਪ੍ਰਕਾਤਿ ਹੋਣ ਵਾਲਾ ਨਿਰਭੈ ਆਤਮਾ ਬ੍ਰਹਮ | 161 |
| ਸੁਭਾਵਿਕ ਾਂਤ ਪਦ ਤੇ ਜੀਵਨ ਮੁਕਤ ਦੇ ਲੱਛਣ | 167 |
| ਸੰਯ ਵਿਪਰਯੇ ਦੇ ਨਾ ਲਈ ਦ੍ਰਿੜ੍ਹ ਆਤਮ ਅਭਿਆਸ | 174 |
| ਜੋਗੀ ਦੇ ਚਿਤ ਦੀਆਂ ਸਤ (7) ਭੂਮਿਕਾਂ | 180 |
| ਅਲੌਕਿਕ ਮਸਤੀ | 185 |
| ਵਿਜੋਗੀ ਦਾ ਅਨੁਭਵ | 189 |
| **੫. ਭਗਤੀ ਪ੍ਰਕਰਣ** | **193-260** |
| ਬਿਰਹ | 194 |
| ਪ੍ਰਭੂ ਹੁਕਮ ਅੰਦਰ ਸਭ ਜੀਵਾਂ ਦੀ ਹਰਕਤ | 199 |
| ਪ੍ਰਭੂ ਰਣ | 203 |
| ਉੱਦਮ ਅਤੇ ਪ੍ਰਭੂ ਰਣ | 206 |
| ਰਨ ਗ੍ਰਹਣ ਕਰ ਚੁਕੇ ਭਗਤ ਦੀ ਨਿਕਰਤ੍ਵਯਤਾ | 225 |
| ਚੇਤਾਵਨੀ | 228 |
| ਅਲੌਕਿਕ ਰੰਗ | 230 |
| ਭ ਅੁਭ ਇੱਛਾ | 233 |
| ਸੇਵਕ ਤੇ ਸਤਿਗੁਰੂ | 235 |
| ਦੁਰਭਾਗੇ ਜੀਵ ਦੀ ਦੁਰਗਤੀ | 237 |
| ਗੋਵਿੰਦ ਦ੍ਰਿਟੀ | 238 |
| ਪ੍ਰੇਮੀ ਦੀ ਪ੍ਰਭੂ ਨਾਲ ਅਭੇਦਤਾ | 241 |
| ਕਲਪਿਤ ਵਸਤੂ ਅਧਿਠਾਨ ਸ੍ਵਰੂਪ ਹੀ ਹੈ | 252 |
| ਦੇਹ ਦੇ ਹੁੰਦੇ ਵਿਦੇਹ ਅਵਸਥਾ | 257 |
| ਪਰਮ ਾਂਤੀ | 258 |
| ○ ਗ੍ਰੰਥ ਦੇ ਕਰਤਾ ਦੀ ਸਫਲ ਜੀਵਨ ਯਾਤਰਾ | 261 |

*ਪ੍ਰਭੂ !*

*ਲਓ ! ਇਹ ਆਪ ਦੀ ਰਚਨਾ*
*ਆਪ ਦੇ ਹੀ ਅਰਪਣ ਹੈ।*

*– ਹਰੀ*

# ਬੇਨਤੀ

*ਮੇਰੇ ਪੂਜ ਮਹਾਰਾਜ ਜੀ ਦੇ ਆਪਣੀ ਮੌਜ ਵਿਚ*
*ਲਿਖੇ ਹੋਏ ਲੇਖਾਂ ਨੂੰ ਦੇਖ ਕੇ ਮਨ ਪ੍ਰਗਟ ਕਰਨ ਤੋਂ ਰੁਕ ਨਾ ਸਕਿਆ*
*ਕਿਉਂਕਿ ਭਗਤੀ ਅਤੇ ਗਿਆਨ ਮਾਰਗ ਦਾ ਨਚੋੜ ਹਨ।*
*ਬੇਕ ਆਪ ਜੀ ਦਾ ਇਨ੍ਹਾਂ ਨੂੰ ਛਾਪਣ ਬਾਰੇ ਕੋਈ ਆਿਲ ਨਹੀਂ ਸੀ*
*ਪਰ ਅਨੁਭਵੀ ਬਚਨਾਂ ਨੂੰ ਸਮਝ ਕੇ ਜਦ*
*ਇਹ ਮਨ ਾਂਤ ਹੋ ਗਿਆ ਹੈ ਤਾਂ*
*ਹੋਰ ਸਜਣ ਜੋ ਕਿ ਆਤਮ-ਦਰਨ ਲਈ ਤੜਪ ਰਹੇ ਹਨ,*
*ਆਂਤ ਕਿਉਂ ਰਹਿਣ? ਇਸ ਆੇ ਨੂੰ ਲੈ ਕੇ*
*ਆਤਮ-ਅਭਿਲਾੀਆਂ ਦੇ ਪਵਿਤ੍ਰ ਹਥਾਂ ਵਿਚ*
**ਅਮਰ ਵਸਤੂ** *ਪੁਜਾਈ ਹੈ।*
*ਇਹ ਗਿਆਨਵਾਨਾਂ ਦੇ ਬਚਨਾਂ ਦਾ ਸੰਗ੍ਰਹਿ ਹੈ,*
*ਇਸ ਲਈ ਵਿੇ ਅਤੀ ਸੂਖਮ ਹੈ। ਪ੍ਰੇਮੀ ਜਨ ਸੰਸਾਰੀ ਖਿਆਲਾਂ*
*ਨੂੰ ਰੋਕ ਕੇ ਵਿਚਾਰ ਕਰਨ ਤਾਂ ਜੋ ਬੁਧੀ ਅਲੌਕਿਕ ਰੰਗ*
*ਨਾਲ ਛੇਤੀ ਰੰਗੀ ਜਾਵੇ। ਇਹੀ ਮੇਰੇ ਇਸ ਯਤਨ ਦਾ ਭਾਵ ਹੈ*
*ਅਤੇ ਏਸੇ ਵਿਚ ਹੀ ਮੇਰੀ ਪੂਰਨ ਸਫਲਤਾ ਹੈ।*

**- ਡਾ. ਸੁਰਜੀਤ ਸਿੰਘ**
***(ਪੂਰਬ ਪ੍ਰਕਾਕ)***

**46, ਹਰੀ ਨਿਵਾਸ**
**ਰਣਜੀਤ ਰੋਡ**
**ਜਲੰਧਰ ਛਾਉਣੀ (ਪੰਜਾਬ)**

# ਗ੍ਰੰਥ ਅਮਰ ਵਸਤੂ ਬਾਰੇ

ਦਾਸ ਨੂੰ ਗੁਰਬਾਣੀ ਪੜ੍ਹਨ ਅਤੇ ਸੁਣਨ ਦੀ ਲਗਨ ਤਾਂ ਮੇਰੇ ਪੂਜਨੀਕ ਵਿਦਿਆ-ਦਾਤਾ ਗੁਰੂਦੇਵ ਨਿਰਮਲੇ ਮਹਾਂਪੁਰਖ, ਪੂਜਨੀਕ ਸ੍ਰੀਮਾਨ ਸੰਤ ਬਾਬਾ ਗੋਪਾਲ ਸਿੰਘ ਜੀ ਨੇ, ਬਚਪਨ ਤੋਂ ਹੀ ਲਾ ਦਿੱਤੀ ਸੀ।

**ਗੁਰਮੰਤ੍ਰੜਾ ਚਿਤਾਰ ਨਾਨਕ ਦੁਖ ਨ ਥੀਵਹੀ।।**

ਗੁਰਬਾਣੀ ਦੇ ਫੁਰਮਾਨ ਅਨੁਸਾਰ ਗੁਰਮੰਤ੍ਰ ਦੇ ਜਾਪ ਅਤੇ ਨਾਮ ਅਭਿਆਸ ਦੀ ਮਹਿਮਾ ਦੱਸ ਕੇ, ਇਹ ਨਿਸਚਾ ਵੀ ਪ੍ਰਪੱਕ ਕਰਾ ਦਿੱਤਾ ਸੀ ਕਿ-

**ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ।।**

ਪ੍ਰੰਤੂ ਜਦੋਂ 27 ਕੁ ਸਾਲ ਦੀ ਉਮਰ ਸੀ ਤਾਂ ਆਤਮਿਕ ਗਿਆਨ ਦੀ ਪਿਆਸ ਬ੍ਰਹਮਗਿਆਨੀ ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਜੀ ਨੇ ਜਾਗ੍ਰਤ (ਉਜਾਗਰ) ਕੀਤੀ। ਆਪ ਜੀ ਨੇ ਗੁਰਬਾਣੀ ਪਾਠ ਦੇ ਨਾਲ-ਨਾਲ ਜਿੱਥੇ ਅਰਥ ਬੁੱਧੀ ਬੀ, ਉੱਥੇ ਹੀ ਵੇਦਾਂਤ ਯਸਤ੍ਰ ਦੇ ਸਰਲ ਗ੍ਰੰਥਾਂ ਦਾ ਅਧਿਐਨ ਕਰਨ, ਸਿਆਣੇ ਸਤਿਸੰਗੀ ਪੁਰਾਂ ਨਾਲ ਬੈਠਕੇ ਚਰਚਾ ਕਰਨ, ਸੁਣਨ ਅਤੇ ਸਮਝਣ ਲਈ ਪ੍ਰੇਰਣਾ ਕੀਤੀ। ਸਮੇਂ-ਸਮੇਂ ਆਪ ਜੀ ਅਤਿਅੰਤ ਬਖ਼ਸ਼ ਕਰਕੇ, ਇਸ ਮਨ-ਬੁੱਧੀ ਦੇ ਸੰਸੇ ਵੀ ਦੂਰ ਕਰਦੇ ਰਹੇ। ਵਿਰੱਕਤ ਮਹਾਰਾਜ ਜੀ ਗੁਰਬਾਣੀ ਦੇ ਹੁਕਮਨਾਮੇ ਦੀ ਕਥਾ* ਕਰਿਆ ਕਰਦੇ ਸਨ। ਉਨ੍ਹਾਂ ਦੀ ਕ੍ਰਿਪਾ ਅਤੇ ਰਹਿਮਤ ਸਦਕਾ ਕਈ ਵਾਰ ਦਾਸ ਨੂੰ ਉਨ੍ਹਾਂ ਦੇ ਕਥਾ ਕਰਨ ਸਮੇਂ ਸ੍ਰੀ ਮੁਖਵਾਕ ਪੜ੍ਹਨ ਦਾ ਸੁਭਾਗ ਵੀ ਪ੍ਰਾਪਤ ਹੁੰਦਾ ਰਿਹਾ। ਪਹਿਲਾਂ ਪਹਿਲ ਤਾਂ ਉਨ੍ਹਾਂ ਦੀ ਕਥਾ ਘੱਟ ਹੀ ਸਮਝ ਆਉਂਦੀ ਸੀ ਪ੍ਰੰਤੂ ਜਦੋਂ ਤੋਂ ਆਪ ਜੀ ਨੇ ਕੁੱਝ ਕੁ ਵੇਦਾਂਤ ਯਸਤ੍ਰ ਦੇ ਗ੍ਰੰਥਾਂ ਦੀ ਪ੍ਰਕ੍ਰਿਆ ਅਤੇ ਗੁਰਬਾਣੀ ਦੇ ਗੁਹਜ ਅਰਥ ਸਮਝਣ ਦੀ ਬੁੱਧੀ ਬਖੀ ਤਾਂ ਉਹ ਅਲੌਕਿਕ ਕਥਾ ਸ੍ਰਵਣ ਕਰਕੇ, ਇਹ ਮਨ ਆਤਮਿਕ-ਰਸ ਬਿਭੋਰ ਰਹਿਣ ਲੱਗ ਪਿਆ ਸੀ।

ਸੰਨ 1976 ਈ. ਵਿੱਚ ਗੁਰੂਦੇਵ ਸ੍ਰੀਮਾਨ ਸੰਤ ਬਾਬਾ ਗੋਪਾਲ ਸਿੰਘ ਜੀ ਦੇ ਬ੍ਰਹਮਲੀਨ ਹੋ ਜਾਣ ਉਪ੍ਰੰਤ ਦਾਸ ਦਾ ਮਨ ਸੰਸਾਰ ਤੋਂ ਉਪਰਾਮ ਰਹਿਣ ਲੱਗ ਪਿਆ। ਜਾਣੀ-ਜਾਣ ਸਤਿਗੁਰੂ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਜੀ ਨੇ

* ਵਿਰੱਕਤ ਮਹਾਰਾਜ ਜੀ ਦੀਆਂ ਇਨ੍ਹਾਂ ਕਥਾਵਾਂ ਦਾ ਸੰਗ੍ਰਹਿ ਸਹਜ ਕਥਾ ਨਾਮਕ ਪੁਸਤਕ 4 ਭਾਗਾਂ ਚ ਉਪਲਭਦ ਹੈ ਜੋ ਕਿ ਨਿਰਮਲ ਆਰਮ, ਰਿਕੇ ਤੋਂ ਹਰ ਸਮੇਂ ਭੇਟਾ ਰਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਉਪਰਾਮਤਾ ਅਤੇ ਉਦਾਸੀਨਤਾ ਦੀ ਹਾਲਤ ਨੂੰ ਦੇਖਦੇ ਹੋਏ, ਇੱਕ ਦਿਨ ਨਿਰਮਲ ਕੁਟੀਆ, ਕਰਨਾਲ ਵਿਖੇ ਇੱਕ ਪ੍ਰੇਮੀ ਨੂੰ ਹੁਕਮ ਕੀਤਾ ਕਿ ਭਾਈ ! ਉਹ ਪੰਜਾਬੀ ਦਾ ਗ੍ਰੰਥ ਜਿਹੜਾ ਪਿਛਲੇ ਹਫਤੇ ਪੜ੍ਹਿਆ ਸੀ, ਉਹ ਲਿਆ ਕੇ ਇਹਨੂੰ (ਮੈਨੂੰ) ਦੇ ਦੇ। ਅਗਲੇ ਦਿਨ ਸਵੇਰੇ ਹੀ ਉਹ ਗ੍ਰੰਥ ਪੂਜਯ ਮਹਾਰਾਜ ਜੀ ਨੇ ਦਾਸ ਨੂੰ ਬਖ਼ਸ਼ ਕੀਤਾ ਅਤੇ ਫੁਰਮਾਇਆ ਲੈ ਭਾਈ ! ਇਸ ਪੋਥੀ ਨੂੰ ਚੰਗੀ ਤਰ੍ਹਾਂ ਵਿਚਾਰ ਪੂਰਬਕ ਸਮਝਕੇ ਪੜ੍ਹੀਂ ਅਤੇ ਵਾਰ-ਵਾਰ ਪੜ੍ਹਕੇ, ਉਪਦੇਾਂ ਦਾ ਮੰਨਣ ਕਰਕੇ ਨਿਸਚਾ ਪਕਾਈਂ। ਜਿੱਥੋਂ ਨਾ ਸਮਝ ਆਵੇ, ਸਾਥੋਂ ਪੁੱਛ ਲਿਆ ਕਰੀਂ।

ਇਹੀ ਸੀ ਉਹ ਦੁਰਲੱਭ ਗ੍ਰੰਥ **ਅਮਰ ਵਸਤੂ** ਜੋ ਕਿ ਨਿਰਮਲੇ ਮਹਾਂਪੁਰਖ ਸ੍ਰੀਮਾਨ ਸੰਤ ਹਰੀਚਰਨ ਸਿੰਘ ਹਰੀ ਜੀ ਦੀ ਕ੍ਰਿਤ ਹੈ ਅਤੇ ਅੱਜ ਸਾਡੇ-ਤੁਹਾਡੇ ਹੱਥਾਂ ਵਿੱਚ ਹੈ। ਮਹਾਂਪੁਰਖਾਂ ਦੇ ਹੁਕਮ ਨਾਲ ਅਤੇ ਉਨ੍ਹਾਂ ਦੀ ਹੀ ਕ੍ਰਿਪਾ ਨਾਲ ਜੋ ਪ੍ਰਮਾਰਥ ਦੇ ਗੁੱਝੇ ਭੇਦ ਸਮਝਣ ਦੀ ਲਗਨ ਸੀ, ਸੋ ਇੱਕ ਤਰ੍ਹਾਂ ਨਾਲ ਮਾਨਸਿਕ ਖ਼ੁਰਾਕ ਬਣ ਗਈ। ਉਸ ਆਤਮਿਕ ਗਿਆਨ ਰੂਪੀ ਭੋਜਨ ਨੂੰ ਛਕ ਕੇ ਮਾਨਸਿਕ ਤ੍ਰਿਪਤੀ ਯਾਨੀ ਸੰਤੁਟੀ ਅਤੇ ਹਿਰਦੇ ਵਿੱਚ ਾਂਤੀ ਦਾ ਵਾਸਾ ਹੋਣ ਲੱਗਿਆ। ਸੱਚਖੰਡਵਾਸੀ ਸੰਤ ਹਰੀ ਜੀ ਮਹਾਰਾਜ ਪ੍ਰਤੀ ਵੀ ਅਥਾਹ ਰਧਾ ਵਧੀ ਜਿਨ੍ਹਾਂ ਨੇ ਉੱਤਮ ਅਧਿਕਾਰੀਆਂ ਲਈ ਇਸ ਗ੍ਰੰਥ ਵਿੱਚ ਆਪਣੇ ਅਨੁਭਵੀ ਬਚਨ ਾਸਤ੍ਰਾਂ ਦੇ ਬੇਅੰਤ ਪ੍ਰਮਾਣਾਂ ਸਹਿਤ ਪ੍ਰਕਰਣ-ਬੱਧ ਕਰਕੇ ਪੇ ਕੀਤੇ ਹਨ।

ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਜੀ ਮਹਾਰਾਜ ਨੇ ਦਾਸ ਨੂੰ ਬਿਬੇਕ ਬੁੱਧੀ ਬ ੀ ਜਿਸ ਨੂੰ ਵੇਖਦੇ, ਜਾਣਦੇ ਹੋਏ ਇਸ ਮਨ ਨੂੰ ਝੂਠੇ, ਮਿਥਿਆ ਅਤੇ ਕਲਪਿਤ ਸੰਸਾਰ ਦੇ ਅਣਹੋਏ ਪਦਾਰਥਾਂ ਤੋਂ ਅਨਾਸਕਤ ਕਰਨ ਲਈ, ਦਿਸਦੀ-ਅਣਦਿਸਦੀ ਸ੍ਰਿਟੀ ਦੇ ਸੂਖਮ ਤੇ ਸਥੂਲ ਪਦਾਰਥਾਂ ਦੇ ਕਲਪਿਤ ਨਾਮ ਅਤੇ ਰੂਪ ਦੀ ਨਾਮਾਨਤਾ ਬਾਰੇ ਅਸਲੀਅਤ ਸਮਝਾ ਕੇ ਬੈਰਾਗ ਦੀ ਬਖ਼ਸ਼ ਕੀਤੀ। ਆਪ ਜੀ ਨੇ ਹੀ ਇਸ ਦਾ ਵਿੱਚ ਸਦੈਵੀ ਸੱਚ, ਗੁਰੂ-ਪ੍ਰਮੇਰ ਦੀ ਏਕਤਾ ਅਤੇ ਅਦ੍ਵੈਤ ਦੇ ਅਲੌਕਿਕ ਅਨੰਦਮਈ ਸਿਧਾਂਤ ਵਿੱਚ ਪ੍ਰਪੱਕਤਾ ਕਰਵਾਈ। ਸੰਪੂਰਣ ਸੰਸਾਰੀ ਸੰਕਲਪਾਂ-ਵਿਕਲਪਾਂ ਦਾ ਤਿਆਗ ਕਰਵਾ ਕੇ ਕੇਵਲ ਰਣਾਗਤੀ, ਹੁਕਮ ਅਤੇ ਭਾਣੇ ਵਿੱਚ ਰਹਿੰਦੇ ਹੋਏ ਪ੍ਰਾਰੱਬਧ ਅਨੁਸਾਰ ਜੀਵਨ ਬਸਰ ਕਰਨ ਦੀ ਇਸਥਿਤੀ ਬਖੀ। ਜਦੋਂ ਵੈਰਾਗ ਦੀ ਹੋਰ ਵੀ ਤੀਬਰ ਅਵਸਥਾ ਆਈ ਤਾਂ ਦਾਸ ਦੀਆਂ ਬੇਨਤੀਆਂ ਨੂੰ ਪ੍ਰਵਾਨ ਕਰਦੇ ਹੋਏ, ਤ੍ਰੁੱਠ ਕੇ ਅਪਣੇ ਚਰਨਾਂ ਦੀ ਸੇਵਾ ਬਖ਼ਸ਼ ਕੀਤੀ ਅਤੇ ਭਗਵਾਂ ਭੇਖ ਦੇਕੇ, ਅਪਣੇ ਪਾਵਨ ਗੁਰੂ-ਸਥਾਨ ਸ੍ਰੀ ਨਿਰਮਲ ਆਰਮ-ਗਿਕੇ ਪਹੁੰਚ ਕੇ ਪਰਮ ਪੂਜਨੀਕ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਨਾਲ ਮਿਲ ਕੇ ਡੇਰੇ ਦੀ ਸੇਵਾ ਸੰਭਾਲਣ ਲਈ ਅਨੰਤ ਅਸੀਸਾਂ ਦੇਕੇ ਅਤੇ ਇਲਾਹੀ ਹੁਕਮ ਕਰ ਕੇ ਭੇਜ ਦਿੱਤਾ।

ਰਿਕੇ ਆਕੇ ਸੇਵਾ ਦੇ ਨਾਲ-ਨਾਲ ਜਦੋਂ ਸਮਾਂ ਵੀ ਖੁੱਲ੍ਹਾ ਮਿਲਿਆ ਤਾਂ ਪ੍ਰਮਾਰਥਕ ਗ੍ਰੰਥ ਪੜ੍ਹਨ-ਪੜ੍ਹਾਉਣ ਦੀ ਰੁਚੀ ਹੋਰ ਪ੍ਰਬਲ ਹੋਈ। ਉਦੋਂ ਹੀ ਸ੍ਰੀ ਹਰੀ ਜੀ ਦੀ ਕ੍ਰਿਤ ਗ੍ਰੰਥ **ਅਮਰ ਵਸਤੂ** ਦੀ ਘਾਟ ਮਹਿਸੂਸ ਹੋਈ। ਕਿਸੇ ਪ੍ਰੇਮੀ ਤੋਂ ਮੰਗ ਕੇ ਇੱਕ ਪੁਰਾਣੀ ਪੁਸਤਕ ਤੋਂ ਪ੍ਰਕਾਕ ਦਾ ਪਤਾ 46-ਹਰੀ ਨਿਵਾਸ, ਰਣਜੀਤ ਰੋਡ, ਜਲੰਧਰ ਛਾਉਣੀ ਨੋਟ ਕਰਕੇ, ਇੱਕ ਪ੍ਰੇਮੀ ਨੂੰ ਉਨ੍ਹਾਂ ਤੋਂ ਗ੍ਰੰਥ ਲਿਆਉਣ ਲਈ ਭੇਜਿਆ। **ਅਮਰ ਵਸਤੂ** ਦੇ **ਪ੍ਰਕਾਕ ਡਾ. ਸੁਰਜੀਤ ਸਿੰਘ ਜੀ ਜਲੰਧਰ** ਵਾਲਿਆਂ ਨੇ ਪੰਜ ਪੁਸਤਕਾਂ ਪ੍ਰਸੰਨਤਾ ਪੂਰਬਕ ਦੇ ਦਿੱਤੀਆਂ ਅਤੇ ਫਿਰ ਪੁਸਤਕਾਂ ਮੰਗਵਾਉਣ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਜਿਵੇਂ-ਜਿਵੇਂ **ਅਮਰ ਵਸਤੂ** ਪੋਥੀ ਜਗਿਆਸੂਆਂ ਦੇ ਹੱਥਾਂ ਤੱਕ ਪਹੁੰਚਦੀ ਰਹੀ, ਉਵੇਂ-ਉਵੇਂ ਹੀ ਇਸ ਅਮੋਲਕ ਖਾਨੇ ਦੀ ਮੰਗ ਵਧਣ ਲੱਗੀ ਅਤੇ ਡਾਕਟਰ ਸਾਹਿਬ ਨਿਰਸੰਕੋਚ ਪੁਸਤਕਾਂ ਦੇਕੇ ਖੁਲ੍ਹਦਿਲੀ ਨਾਲ ਸੇਵਾ ਕਰਦੇ ਰਹੇ।

ਆਖਰਕਾਰ ਇਕ ਵਾਰ ਡਾ. ਸਾਹਿਬ ਜੀ ਨੇ ਪੋਥੀਆਂ ਲੈਣ ਗਏ ਪ੍ਰੇਮੀ ਤੋਂ ਪੁੱਛਿਆ ਕਿ ਇਹ ਪੁਸਤਕਾਂ ਕਿੱਥੇ ਲੈ ਕੇ ਜਾਂਦੇ ਹੋ? ਕੋਈ ਪੜ੍ਹਦਾ ਵੀ ਹੈ ਕਿ ਨਹੀਂ? ਉੱਤਰ ਵਿੱਚ ਪ੍ਰੇਮੀ ਨੇ ਕਿਹਾ ਕਿ ਨਿਰਮਲ ਆਰਮ-ਰਿਕੇ ਵਿੱਚ ਇੱਕ ਸੰਤ ਬਾਬਾ ਜੀ ਹਨ ਜੋ ਇਸ ਗ੍ਰੰਥ ਨੂੰ ਪੜ੍ਹਦੇ, ਪੜ੍ਹਾਉਂਦੇ ਅਤੇ ਤੀਖਣ ਬੁਧੀ ਵਾਲੇ ਉੱਤਮ ਅਧਿਕਾਰੀ ਜਗਿਆਸੂਆਂ ਨੂੰ ਮੁਫਤ ਭੇਟਾ ਵੀ ਕਰਦੇ ਹਨ। ਡਾ. ਸਾਹਿਬ ਜੀ ਨੇ ਕਿਹਾ ਕਿ ਤਾਂ ਫਿਰ ਸੰਤਾਂ ਨੂੰ ਕਹੋ ਕਿ ਉਹ ਆਪੇ ਹੀ ਛਪਵਾ ਲੈਣ ਅਤੇ ਵੰਡਦੇ ਰਹਿਣ, ਸਾਨੂੰ ਕੋਈ ਇਤਰਾ ਨਹੀਂ। ਅਸੀਂ ਵੀ ਸੇਵਾ ਕਰਦੇ ਹਾਂ, ਉਨ੍ਹਾਂ ਨੇ ਵੀ ਸੇਵਾ ਕਰਨੀ ਹੈ, ਸੋ ਬੜੀ ਖੁ਼ੀ ਨਾਲ ਕਰ ਲੈਣ। ਵੈਸੇ ਵੀ ਅਸੀਂ ਤਾਂ ਹੁਣ ਾਇਦ ਨਾ ਹੀ ਛਪਵਾਈਏ ਕਿਉਂਕਿ ਸਾਡਾ ਰੀਰ ਬ੍ਰਿਧ ਹੋ ਗਿਆ ਹੈ, ਸਾਡੇ ਕੋਲ ਕੋਈ ਆਉਂਦਾ ਵੀ ਨਹੀਂ। ਇਹ ਬਚਨ ਹੋਇਆਂ ਕੁੱਝ ਸਾਲ ਬੀਤੇ ਤਾਂ ਉਹੀ ਪ੍ਰੇਮੀ ਜਦੋਂ ਫਿਰ ਪੋਥੀਆਂ ਲੈਣ ਲਈ ਉਨ੍ਹਾਂ ਕੋਲ ਗਿਆ ਤਾਂ ਫਿਰ ਉਨ੍ਹਾਂ ਨੇ ਉਹੀ ਗੱਲ ਦੁਹਰਾਈ। ਸ੍ਰੀਮਾਨ ਸੰਤ ਹਰੀਚਰਨ ਸਿੰਘ ਹਰੀ ਜੀ ਦੇ ਅਨਿੰਨ ਸੇਵਕ, ਉਹ ਦਿਆਲੂ ਪੁਰ ਇਸ ਪੁਸਤਕ ਨੂੰ ਛਪਵਾ ਕੇ ਵੰਡਣ ਲਈ ਹਮੇ਼ਾ ਹੀ ਉਤਾਹ ਭਰੀ ਸਲਾਹ ਦਿੰਦੇ ਰਹੇ।

ਉਸ ਅਧਾਰ ਤੇ ਦਾਸ ਨੇ ਉਨ੍ਹਾਂ ਨੂੰ ਉਸੇ ਪ੍ਰੇਮੀ ਰਾਹੀਂ ਨਿੰਮਰਤਾ ਸਹਿਤ ਬੇਨਤੀ ਕੀਤੀ ਕਿ ਜੇਕਰ ਡਾਕਟਰ ਸਾਹਿਬ ਗ੍ਰੰਥ **ਅਮਰ ਵਸਤੂ** ਨੂੰ ਛਾਪਣ ਦੇ ਅਧਿਕਾਰ ਲਿਖਤੀ ਰੂਪ ਵਿੱਚ ਦੇ ਦੇਣ ਤਾਂ ਇਹ ਅਤੀ ਉੱਤਮ ਸੇਵਾ ਵੀ ਨਿਰਮਲ ਆਰਮ-ਰਿਕੇ ਵੱਲੋਂ ਹੋ ਜਾਵੇਗੀ। ਇਉਂ ਬੇਨਤੀ ਪ੍ਰਵਾਨ ਕਰਕੇ ਸ੍ਰੀਮਾਨ ਡਾ. ਸੁਰਜੀਤ ਸਿੰਘ ਜੀ ਨੇ ਅਪਣੀ ੁੱਭ ਇੱਛਾ ਅਤੇ ਦਾਸ ਦੀ ਤੀਬਰ ਜਗਿਆਸਾ ਨੂੰ ਪੂਰਣ ਕਰਨ ਲਈ ਪ੍ਰਕਾਨ ਦੇ ਅਧਿਕਾਰ ਲਿਖਤ ਰੂਪ ਵਿੱਚ ਦੇ ਦਿੱਤੇ। ਇਸੁ ੁੱਭ ਕਾਰਜ

ਲਈ ਦਾਸ, ਉਨ੍ਹਾਂ ਦਾ ਅਤੀ ਧੰਨਵਾਦੀ ਅਤੇ ਰਿਣੀ ਹੈ ਅਤੇ ਰਹੇਗਾ। ਇਸਦੇ ਫਲਸ੍ਵਰੂਪ ਹੁਣ ਇਸ ਪੋਥੀ ਵਿੱਚ ਭਾਾ ਦੀਆਂ ਕੁੱਝ ਕੁ ਜਰੂਰੀ ਸੋਧਾਂ ਕਰਕੇ ਅਤੇ ਨਵੇਂ ਸਿਰਿਉਂ ਟਾਈਪ ਸੈਟਿੰਗ (Type-Setting) ਕਰਵਾ ਕੇ ਛਪਵਾਇਆ ਗਿਆ ਹੈ। ਇਸ ਗ੍ਰੰਥ ਦੀ ਭੇਟਾ **ਵਿਚਾਰ ਅਤੇ ਅਮਲ** ਰੱਖੀ ਗਈ ਹੈ। ਇਸ ਅਮੋਲਕ ਭੇਟਾ ਦੇ ਬਦਲੇ ਇਹ ਦੁਰਲੱਭ ਾਨਾ ਹੁਣ ਪ੍ਰਮਾਰਥ ਦੇ ਉੱਤਮ ਅਧਿਕਾਰੀਆਂ ਦੇ ਹੱਥਾਂ ਤੱਕ ਪਹੁੰਚ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਅਤੇ ਹੋਰ ਸੂਬਿਆਂ ਦੀਆਂ ਯੂਨੀਵਰਸਿਟੀ-ਪੱਧਰ ਦੀਆਂ ਲਾਇਬ੍ਰੇਰੀਆਂ ਵਿੱਚ ਭੇਜਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਤਾਂ ਕਿ ਸਮੂਹ ਵਿੱਦਵਾਨ, ਖੋਜਾਰਥੀ ਅਤੇ ਹੋਰ ਪੜ੍ਹੇ ਲਿਖੇ ਅਭਿਲਾਖੀ ਸੱਜਣ ਅਧਿਆਤਮਵਾਦ ਦੇ ਇਸ ਵਡਮੁੱਲੇ ਨਿਰਮਲ ਗਿਆਨ ਭਰਪੂਰ ਸਾਹਿਤ ਤੋਂ ਲਾਹਾ ਲੈ ਸਕਣ।

ਇਸ ਸਾਂਝੇ ਉਪਰਾਲੇ ਨਾਲ ਜਿੱਥੇ ਉਸ ਮਹਾਨ ਖਸੀਅਤ **ਸ੍ਰੀਮਾਨ ਸੰਤ ਹਰੀਚਰਨ ਸਿੰਘ ਹਰੀ ਜੀ** ਦੇ ਮਹਾਨ ਉਦੇ ਦੀ ਪੂਰਤੀ ਹੋਵੇਗੀ, ਉੱਥੇ ਹੀ ਪੂਰਬ ਪ੍ਰਕਾਕ ਸੰਤ ਸੇਵੀ, ਵਿੱਦਵਾਨ, ਰਧਾਵਾਨ ਅਤੇ ਉਦਾਰਚਿੱਤ ਦਿਆਲੂ **ਸ੍ਰੀਮਾਨ ਡਾ. ਸੁਰਜੀਤ ਸਿੰਘ ਜੀ** ਦੁਆਰਾ ਕੀਤੀ ਜਾਂਦੀ ਰਹੀ ਨਿਕਾਮ ਸੇਵਾ, ਅਗਾਂਹ ਨੂੰ ਵੀ ਉਸੇ ਤਰ੍ਹਾਂ ਜਾਰੀ ਰਹੇਗੀ ਅਤੇ ਉਨ੍ਹਾਂ ਦੀ ਸੇਵਾ ਦਾ ਅਸਲ ਮੰਤਵ ਵੀ ਪੂਰਾ ਹੁੰਦਾ ਰਹੇਗਾ।

ਪਾਠਕ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਦੁਰਲੱਭ ਅਧਿਆਤਮਿਕ ਰਚਨਾ ਨੂੰ ਰਧਾ ਯੁਕਤ ਹੋ ਕੇ ਪੜ੍ਹਨ, ਵਿਚਾਰ ਕਰਨ ਅਤੇ ਉਨ੍ਹਾਂ ਦੇ ਯਥਾਰਥ ਉਪਦੇਾਂ ਤੇ ਵਿਚਾਰ ਅਤੇ ਅਮਲ ਕਰਕੇ ਮਹਾਂਪੁਰਖਾਂ ਵੱਲੋਂ ਰੱਖੀ ਭੇਟਾ (ਵਿਚਾਰ ਅਤੇ ਅਮਲ) ਨਿਠਾ ਰੂਪ ਵਿੱਚ ਅਦਾ ਕਰਨ। ਇਸ ਪ੍ਰਕਾਰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਜਿੱਥੇ ਆਪ ਜੀ ਦੇ ਜੀਵਨ ਵਿੱਚ ਉਸਾਰੂ ਬਦਲਾਅ ਆਵੇਗਾ ਉੱਥੇ ਹੀ ਮਹਾਂਪੁਰਖਾਂ ਦੀ ਕ੍ਰਿਪਾ ਦੁਆਰਾ ਸਾਡੀ ਕੀਤੀ ਇਹ ਤੁੱਛ ਸੇਵਾ ਵੀ ਸਫਲ ਹੋਵੇਗੀ।

ਬੇਨਤੀ ਕਰਤਾ
**ਸੰਤ ਜੋਧ ਸਿੰਘ** (ਪ੍ਰਕਾਕ)
ਨਿਰਮਲ ਆਰਮ
ਨਿਰਮਲ ਮਾਰਗ, ਰਿਿਕੇ - 249 201
ਜ਼ਿਲ੍ਹਾ ਦੇਹਰਾਦੂਨ (ਉੱਤਰਾਖੰਡ)

ਮਿਤੀ : 14 ਜਨਵਰੀ, 2012 (ਮਾਘੀ)

## ਸੰਕੇਤਕ ਅਖਰਾਂ ਦਾ ਵਰਣਨ

ਨੋਟ :- (ਅੰਗ .......) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ।
ਬ: ਨਾ: ਅ. ੨ ਚੁ ਬਚਿੱਤਰ ਨਾਟਕ, ਅਧਾਯ ੨
ਦ: ਗ੍ਰੰ: ਚੁ ਦਸਮ ਗ੍ਰੰਥ
ਕ: ਉ: ੨।੨।੩ਚੁਕਠੋਪਨਿਦ, ਅਧਾਯ ੨ ਬਲੀ ੨ ਲੋਕ ੩।
ਕੇ: ਉ: ੧।੨ਚੁਕੇਨ ਉਪਨਿਦ, ਖੰਡ ੧ ਲੋਕ ੨।
ਬ੍ਰਿਹ:ਉ:੩। ੮। ੧੧ਚੁਬ੍ਰਿਹਦਾਰਣਯਕ ਉਪਨਿਦ, ਅਧਾਯ ੩ ਬ੍ਰਾਹਮਣ ੮ ਲੋਕ ੧੧।
ਭਾ: ਗੁ: - ਭਾਈ ਗੁਰਦਾਸ
ਮੁੰ: ਉ: ੩।੧।੫ਚੁਮੁੰਡਕ ਉਪਨਿਦ, ਮੁੰਡਕ ੩ ਖੰਡ ੧ ਲੋਕ ੫।
ਮਾਂ: ਉ: ਵੈ: ਕਾ: ੧੨ਚੁਮਾਂਡੂਕ ਉਪਨਿਦ, ਵੈਤਥ ਪ੍ਰਕਰਣ, ਕਾਰਕਾ ੧੨।
ਮਾਂ: ਉ: ਅਦ੍ਵੈ: ਕਾ: ੧੦ਚੁਮਾਂਡੂਕ ਉਪਨਿਦ, ਅਦ੍ਵੈਤ ਪ੍ਰਕਰਣ, ਕਾਰਕਾ ੧੦।
ਮਾਂ: ਉ: ਅਲਾ: ਕਾ: ੪੦ਚੁਮਾਂਡੂਕ ਉਪਨਿਦ, ਅਲਾਤ ਾਂਤੀ ਪ੍ਰਕਰਣ ਕਾਰਕਾ ੪੦।
ਮਾਂ: ਉ: ਆ: ਕਾ: ੧੦-ਮਾਂਡੂਕ ਉਪਨਿਦ, ਆਗਮ ਕਾਰਕਾ ੧੦।
ਛਾਂ: ਉ: ੬ ।੧।੪ਚੁਛਾਂਦੋਗ ਉਪਨਿਦ, ਅਧਾਯ ੬ ਖੰਡ ੧ ਲੋਕ ੪।
ਤੈ: ਉ: ੨।੪।੧ਚੁਤੈਤ੍ਰੀਯ ਉਪਨਿਦ, ਬਲੀ ੨ ਅਨੁਵਾਕ ੪ ਲੋਕ ੧।
ਵਿ: ਸਾ: ੫।੧੬੧ਚੁਵਿਚਾਰ ਸਾਗਰ, ਤਰੰਗ ੫, ਛੰਦ ੧੬੧।
ਗੀ: ਅ: ੪ : ੧੬ਚੁਸ੍ਰੀਮਦ ਭਗਵਦ ਗੀਤਾ, ਅਧਾਯ ੪ ਲੋਕ ੧੬।
ਮਨੁ: ਚੁਮਨੁ ਸਿਮ੍ਰਿਤੀ।
ਸੂਤ: ਮੁ: ਅ: ੫ਚੁਸੂਤ ਸੰਘਤਾ, ਮੁਕਤੀ ਖੰਡ, ਅਧਾਯ ੫।
ਮਹਾ: ਾਂ:ਚੁਮਹਾਂ ਭਾਰਤ ਾਂਤੀ ਪਰਬ।
ਯੋ: ਵਾ:ਚੁਯੋਗ ਵਾਸਿਟ।
ਵਿਵੇਕ: ਚੂ:ਚੁਵਿਵੇਕ ਚੂੜਾ ਮਣੀ।
ਭਾਗ: ਸ: ੧੧ਚੁਭਾਗਵਤ ਸਕੰਦ ੧੧।
ਅਪ: ਅਨੁਚੁਅਪਰੋਖ ਅਨੁਭੂਤੀ।

# ਪ੍ਰਾਰਥਨਾ

ਤੂੰ ਹੀ ਪੂਰਨ ਤੂੰ ਅਪਰ ਅਪਾਰਾ।
ਚਾਰੋਂ ਤਰਫ ਹੀ ਤੇਰਾ ਨਾਰਾ।।
ਕਿਸੇ ਕਹੇਂ ਯਹ ਅਪਨਾ ਪਰਾਇਆ।
ਜਬ ਕਿ ਤੂੰ ਨੇ ਹੀ ਰਚਨ ਰਚਾਇਆ।।
ਭੇਦ ਮਨ ਕਾ ਹੀ ਮਨ ਕੋ ਸਤਾਵੇ
ਦ੍ਰਿ ਦ੍ਰਿਟਾ ਹੈ ਖੇਲ੍ਹ ਤੁਮ੍ਹਾਰਾ।
ਤੂੰ ਹੀ ਪੂਰਨ ਤੂੰ ਅਪਰ ਅਪਾਰਾ।।
ਚਾਰੋਂ ਤਰਫ ਹੀ ਤੇਰਾ ਨਾਰਾ।।
ਭੂਲੇ ਭਟਕੇ ਥੇ ਹਮ ਕਬ ਕੇ ਰਾਹੀ।
ਭੈ ਦੇਤੀ ਥੀ ਨਿਤ ਜਮ ਕੀ ਫਾਹੀ।।
ਕੋਈ ਸੁਨਤਾ ਨਾ ਥਾ ਯਹ ਦੁਹਾਈ
ਆ ਕੇ ਸਤਿਗੁਰ ਨੇ ਇਕ ਤੀਰ ਮਾਰਾ।
ਤੂੰ ਹੀ ਪੂਰਨ ਤੂੰ ਅਪਰ ਅਪਾਰਾ।।
ਚਾਰੋਂ ਤਰੰ ਹੀ ਤੇਰਾ ਨਾਰਾ।।
ਜਬ ਸੇ ਸਤਿਗੁਰ ਕੋ ਤੂੰ ਨੇ ਮਿਲਾਇਆ।
ਪਰਦਾ ਦੂਰੀ ਕਾ ਛਿਨ ਮੇਂ ਉੜਾਇਆ।।
ਗ੍ਰਹਣ ਤਿਆਗ ਕੀ ਚਿੰਤਾ ਨਾਸੀ।
ਹਮ ਤੋਂ ਰੂਪ ਥੇ ਪ੍ਰਭੂ ਜੀ ਤੁਮ੍ਹਾਰਾ।।
ਚਾਰੋਂ ਤਰੰ ਹੀ ਮੇਰਾ ਨਾਰਾ।।
ਮੈਂ ਹੀ ਪੂਰਨ ਮੈਂ ਅਪਰ ਅਪਾਰਾ।
ਚਾਰੋਂ ਤਰੰ ਹੀ ਮੇਰਾ ਨਾਰਾ।।

# f ਭੂਮਿਕਾ f

ਇਹ ਕੋਈ ਅਸਚਰਜ ਗਲ ਨਹੀਂ ਜੋ ਇਸ, ਪੂਰਨ ਵਿਦ੍ਵਾਨ ਅਤੇ ਆਤਮ-ਦਰੀ ਪੁਰਾਂ ਦੇ ਕਥਨ ਯੋਗ ਵਿਯ ਨੂੰ, ਇਹ ਦਾਸ ਭੀ ਉਤਾਹ ਯੁਕਤ ਹੋਇਆ ਲਿਖਣ ਵਿਚ ਪ੍ਰਵਿਰਤ ਹੋ ਗਿਆ ਹੈ। ਜੋ ਮਨ ਆਦਿ ਇੰਦ੍ਰੀਆਂ ਦਾ ਅਵਿਯ ਪ੍ਰਭੂ ਆਪਣੀ ਅਨਿਰਵਚਨੀਯ ਕਤੀ ਦ੍ਵਾਰਾ ਆਪਣਾ ਵਿਯ ਆਪ ਹੋ ਜਾਂਦਾ ਹੈ, ਉਹ ਕਿਸੇ ਅਲਪ ਮਤਿ ਵਿਚ ਇਸਥਿਤ ਹੋਕੇ ਆਪਣੀ ਚਰਚਾ ਆਪ ਕਿਉਂ ਨਹੀਂ ਕਰਾ ਸਕਦਾ?

**ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜ੍ਹਿ ਜਾਇ।**
**ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ।** **(ਬ. ਨਾ. ਅ. ੨)**

ਬੇਕ ਇਹ ਇਸਦਾ ਆਪਣਾ ਹੀ ਵਿਯ ਸੀ ਤਾਂ ਭੀ ਇਸ ਅਲੇਖ ਵਿਯ ਨੂੰ ਲਿਖਣ ਲਈ ਮਨ ਸੰਕਲਪ ਨਹੀਂ ਉਠਾਉਂਦਾ ਸੀ ਪ੍ਰੰਤੂ-

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।** **(ਅੰਗ ੨੦੬)**

ਇਸ ਲਈ ਦ੍ਰਿਯ ਵਸਤੂਆਂ ਦਾ ਦ੍ਰਿਟਾ-ਗਿਆਤਾ ਪ੍ਰਭੂ ਜੋ ਹਰ ਇਕ ਦੇ ਮਨ ਵਿਚ ਆਪਣਾ-ਆਪ ਹੋ ਕੇ ਬਿਰਾਜਮਾਨ ਹੋ ਰਿਹਾ ਹੈ, ਉਸਦੀ ਪ੍ਰੇਰਣਾ ਹੀ, ਇਸ ਗ੍ਰੰਥ ਦੇ ਆਰੰਭ ਦਾ ਨਮਿਤ ਜਾਣ ਲੈਣਾ ਚਾਹੀਦਾ ਹੈ। ਇਸ ਪ੍ਰੇਰਣਾ ਦਾ ਨਮਿਤ ਕੀ ਹੈ? ਇਹ ਉਸਦੀ ਮਰੀ ਹੈ। ਇਸ ਪਰ ਵਿਕਲਪ ਹੀ ਨਹੀਂ ਉਠਦਾ।

ਪਰਮ ਪੂਜ ਸ੍ਰੀਮਾਨ ੧੦੮ ਪੰਡਿਤ ਪ੍ਰੇਮ ਸਿੰਘ ਜੀ ਮਹਾਰਾਜ (ਹੋਤੀ ਵਾਲੇ) ਕਨਖਲ (ਹਰਿਦੁਆਰ) ਨਿਵਾਸੀ ਦੀ ਇਸ ਦਾਸ ਪਰ ਅਪਾਰ ਦਯਾ ਦ੍ਰਿਟੀ ਹੋਈ ਜੋ ਸੰਸਾਰਿਕ ਵਿੱਦਾ ਦੀ ਵਾਕੰਫੀਅਤ ਤੋਂ ਬਿਨਾਂ , ਇਹ ਪ੍ਰਮ੍ਰੈਰ ਸੰਬੰਧੀ ਇਕ ਗਲ ਭੀ ਨਹੀਂ ਸੀ ਜਾਣਦਾ-ਅਜਿਹੇ ਅਨਜਾਣ ਨੂੰ ਬ੍ਰਹਮ-ਵਿਦਾ ਦਾ ਦਾਨ ਦਿਤਾ। ਆਪਣੇ ਪਵਿਤ੍ਰ ਚਰਨਾਂ ਵਿਚ ਨਿਵਾਸ ਦੇ ਕੇ , ਨਿਤ ਹੀ ਬਾਰੰਬਾਰ ਜੀਵ ਅਤੇ ਬ੍ਰਹਮ ਦੀ ਏਕਤਾ ਦੇ ਗੁਪਤ ਰਹਸਮਈ ਬਚਨ ਸਮਝਾਉਂਦੇ ਰਹੇ ਹਨ। ਆਪ ਜੀ ਦੀ ਬ੍ਰਹਮ ਨਿਠਾ ਇਤਨੀ ਦ੍ਰਿੜ੍ਹ ਸੀ ਜੋ ਜਦ ਭੀ ਪਵਿ ਤ੍ਰ ਮੁਖ ਦ੍ਵਾਰਾ ਬਚਨ ਬੋਲਦੇ, ਉਹ ਦ੍ਵੈਤ ਦੇ ਵਿਨਾਕ ਅਤੇ ਅਦ੍ਵੈਤ ਵਿਚ ਬਦੋਬਦੀ ਪ੍ਰਵੇ ਕਰਾ ਦੇਣ ਵਾਲੇ ਹੀ ਹੁੰਦੇ ਸਨ। ਆਪ ਜੀ ਦੀ ਹੀ ਕ੍ਰਿਪਾਲਤਾ ਦਾ ਫਲ ਹੈ ਜੋ ਇਹ ਗ੍ਰੰਥ **ਅਮਰ ਵਸਤੂ** ਆਪ ਲੋਕਾਂ ਦੇ ਹਸਤ-ਕਮਲਾਂ ਵਿਚ ਹੈ।

ਇਸ ਦਾਸ ਪਰ ਆਪ ਦਾ ਜੋ ਉਪਕਾਰ ਹੋਇਆ, ਉਹ ਕਥਨ ਤੋਂ ਬਾਹਰ ਹੈ। ਆਪ ਤਾਂ ਹਰ ਇਕ ਪਰ ਹੀ ਇਤਨੇ ਕ੍ਰਿਪਾਲੂ ਸਨ ਜੋ ਜਿਸ ਸਾਧੂ ਨੂੰ ਭੀ ਵਿਦਾ ਤੇ

ਅਭਾਸ ਤੋਂ ਨ ਦੇਖਦੇ, ਉਸੀ ਨੂੰ ਆਪਣੇ ਪਾਸੋਂ ਪੁਸਤਕ ਅਤੇ ਰਚ ਦੇਕੇ ਵਿਦਾ ਪੜ੍ਹਨ ਤੇ ਅਭਾਸ ਵਿਚ ਪ੍ਰਵਿਰਤ ਕਰ ਦਿੰਦੇ ਸਨ। ਵਿਦ੍ਵਾਨ ਪੰਡਿਤ ਤਾਂ ਉਸ ਵਕਤ ਆਪ ਦੇ ਸਾਥੀ ਹੋਰ ਭੀ ਸਨ ਪ੍ਰੰਤੂ ਆਪ ਜੀ ਦੇ ਵਿਚ ਵਿਤਾ ਇਹ ਸੀ ਜੋ ਬ੍ਰਹਮ-ੋ੍ਤ੍ਰੀਯ ਹੀ ਨਹੀਂ, ਬ੍ਰਹਮ-ਨਿਠ ਭੀ ਸਨ।

ਇਸ ਗ੍ਰੰਥ ਵਿਚ ਉਪਨਿਦਾਂ ਅਤੇ ਗੀਤਾ ਆਦਿ ਸੰਸਕ੍ਰਿਤ ਗ੍ਰੰਥਾਂ ਦੇ ਪ੍ਰਮਾਣ ਸੰਸਕ੍ਰਿਤ ਬਾਣੀ ਵਿਚ ਨਹੀਂ ਲਿਖੇ ਕਿਉਂਕਿ ਪੰਜਾਬੀ ਵਿਚ ਧ ਪਾਠ ਲਿਖਣਾ ਤੇ ਉਚਾਰਨਾ ਕਠਨ ਹੈ ਅਤੇ ਇਹ ਭੀ ਕਾਰਨ ਹੈ ਜੋ ਪੰਜਾਬੀ ਦੇ ਬੋਧ ਵਾਲਿਆਂ ਨੂੰ ਦੇਵ ਬਾਣੀ ਵਿਚ ਲਿਖੇ ਪ੍ਰਮਾਣਾਂ ਦਾ ਲਾਭ ਭੀ ਕੋਈ ਨਹੀਂ। ਇਸ ਲਈ ਉਪਨਿਦ ਆਦਿ ਸੰਸਕ੍ਰਿਤ ਗ੍ਰੰਥ ਸਹਿਤ ਕਰ ਭਾ ਦੇ ਹਿੰਦੀ ਅਨੁਵਾਦ ਦੀ ਸਹਾਇਤਾ ਨਾਲ ਪੰਜਾਬੀ ਵਿਚ ਹੀ ਲੋਕਾਂ ਦਾ ਬਿਲਕੁਲ ਸਹੀ-ਸਹੀ ਕੇਵਲ ਅਰਥ ਲਿਖ ਦਿਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣਾਂ ਦਾ ਅੰਗ ੧੪੩੦ ਸਫੇ ਵਾਲੀ ਬੀੜ ਮੁਤਾਬਿਕ ਲਿਖਿਆ ਗਿਆ ਹੈ।

ਇਹ ਕਿਸੇ ਮ੍ਰਬੀ ਸੰਸਕਾਰਾਂ ਦਾ ਪ੍ਰਚਾਰ ਨਹੀਂ ਕੀਤਾ, ਕੇਵਲ ਗੋਵਿੰਦ ਪ੍ਰਭੂ ਦੀ ਚਰਚਾ ਅਰਥਾਤ ਉਸਦੀ ਪ੍ਰਾਪਤੀ ਦੇ ਯਥਾਰਥ ਉਪਾਇ ਦਸੇ ਹਨ। ਆਪਣਾ ਆਤਮਾ ਹੀ ਨਿਰੰਕਾਰ ਰੂਪ ਤੇ ਸਰਬਤ੍ਰ ਪੂਰਨ ਅਨੁਭਵ ਹੋਵੇ, ਇਸ ਤਤ੍ਵ-ਵਸਤੂ ਨੂੰ ਦਿਖਾਉਣ ਵਾਲੇ ਜੋ ਭੀ ਕਿਸੇ ਗ੍ਰੰਥ-ਵੇਦ, ਸਤ੍ਰ, ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਦੇ ਬਚਨ ਮਿਲੇ, ਉਹ ਪ੍ਰਮਾਣ ਰੂਪ ਤੇ ਦਿਤੇ ਹਨ। ਬੇਕ ਹਿੰਦੂ ਲੋਕ ਵੇਦ, ਸਤ੍ਰ ਤੇ ਗੀਤਾ ਆਦਿ ਦੇ ਪ੍ਰਮਾਣ ਚਾਹੁੰਦੇ ਹਨ ਅਤੇ ਸਿਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਗੁਰੂ-ਘਰ ਨਾਲ ਸੰਬੰਧਤ ਗ੍ਰੰਥਾਂ ਦੇ ਹੀ ਪ੍ਰੰਤੂ ਇਹ ਤਾਂ ਨਿਰਾ ਮ੍ਰਬੀ ਤੁਅਸਬ ਹੈ ਕਿਉਂਕਿ ਪ੍ਰੇਮੀ ਨੂੰ ਕੇਵਲ ਅਸਲੀਅਤ ਚਾਹੀਏ ਯਾਨੀ ਪ੍ਰਭੂ ਦਰਨ ਲਈ ਸਿਧਾ ਸੰਬੰਧ ਰਖਣ ਵਾਲੇ ਬਚਨਾਂ ਦੀ ਹੀ ਲੋੜ ਹੈ ਭਾਵੇਂ ਕਿਸੇ ਭੀ ਗ੍ਰੰਥ ਦੇ ਹੋਣ। ਜੋ ਆਪਣੇ ਆਤਮਾ ਨਿਰੰਕਾਰ ਦੇ ਦਰਨ ਲਈ ਤੜਪਦਾ ਤੇ ਵਿਆਕੁਲ ਹੈ, ਉਹ ਸਚਾ ਪ੍ਰੇਮੀ ਕਦੋਂ ਕਿਸੇ ਦੇ ਕਾਬੂ ਆਉਂਦਾ ਹੈ? ਪਿਆਸ ਨਾਲ ਬੇਚੈਨ ਪੁਰ ਕਦੋਂ ਦੇਖਦਾ ਹੈ ਕਿ ਮੈਂ ਇਸ ਖੂਹ ਦਾ ਜਲ ਪੀਣਾ ਹੈ ਤੇ ਇਸ ਦਾ ਨਹੀਂ? ਜਲ ੁੱਧ, ਸ੍ਵਾਦਿਟ ਅਤੇ ਨਿਰਮਲ ਹੋਣਾ ਚਾਹੀਏ ਭਾਵੇਂ ਕਿਸੇ ਭੀ ਖੂਹ ਦਾ ਹੋਵੇ, ਅਵ ਹੀ ਪਿਆਸ ਬੁਝਾ ਕੇ ਾਂਤੀ ਦਿੰਦਾ ਹੈ।

ਰੁਪਏ, ਪੈਸੇ ਤੇ ਨੋਟ ਕਦੇ ਭੀ ਕਿਸੇ ਨੇ ਨਹੀਂ ਦੇਖੇ ਕਿ ਹਿੰਦੂ ਪਾਸੋਂ ਆਏ ਹਨ ਯਾ ਸਿਖ, ਮੁਸਲਮਾਨ, ਈਸਾਈ, ਭੰਗੀ ਜਾਂ ਚਮਾਰ ਆਦਿ ਪਾਸੋਂ। ਝਟ ਜੇਬ ਵਿਚ ਪਾਉਂਦਾ ਹੈ ਅਤੇ ਆਪਣਾ ਪ੍ਰਯੋਜਨ ਸਿਧ ਕਰਦਾ ਹੈ। ਗੰਦੀ ਨਾਲੀ ਵਿਚ ਪਏ ਹੋਏ ਲਾਲ ਨੂੰ ਕੋਈ ਨਹੀਂ ਛਡਦਾ, ਧੋ ਕੇ ਜੇਬ ਵਿਚ ਪਾ ਲਿਆ ਜਾਂਦਾ ਹੈ। ਤਿਉਂ ਹੀ

ਕੇਵਲ ਆਤਮ ਅਨੁਭਵੀ ਪੁਰਾਂ ਦੇ ਬਚਨਾਂ ਦੀ ਲੋੜ ਹੈ ਭਾਵੇਂ ਕਿਸੇ ਵੀ ਗ੍ਰੰਥ ਤੇ ਕਿਸੇ ਮ੍ਰਬ ਦੇ ਹੋਣ, ਅਵ ਹੀ ਪ੍ਰਭੂ ਦਰਨ ਕਰਾ ਕੇ ਾਂਤੀ ਦਿੰਦੇ ਹਨ ਕਿਉਂਕਿ ਪ੍ਰਮਾਤਮਾ ਸੰਬੰਧੀ ਗਿਆਨਵਾਨਾਂ ਦੇ ਬਚਨ ਇਕੋ ਜਿਹੇ ਹੀ ਹੁੰਦੇ ਹਨ। ਇਸ ਲਈ ਆਪਣੇ ਆਪ ਦੀ ਸੁਗੰਧੀ ਲੈਣ ਵਾਸਤੇ ਫੁਲਵਾੜੀਆਂ ਤੋਂ ਸੁੰਦਰ ਫੁਲ ਚੁਣੇ ਹਨ। ਮਤਲਬ ਤਾਂ ਪ੍ਰਭੂ ਨਾਲ ਅਭੇਦ ਹੋਣ ਦਾ ਹੈ, ਗ੍ਰੰਥਾਂ ਜਾਂ ਮ੍ਰਬਾਂ ਨਾਲ ਨਹੀਂ। ਆਪਣੇ ਗ੍ਰੰਥਾਂ, ਮ੍ਰਬਾਂ ਯਾ ਅਵਤਾਰਾਂ ਨਾਲ ਮਤਲਬ ਹੁੰਦਾ ਹੈ, ਮ੍ਰਬੀ ਪ੍ਰਚਾਰ ਵਾਲਿਆਂ ਨੂੰ ਕਿਉਂਕਿ ਜੇ ਉਹ ਦੂਜੇ ਦੀ ਹੀਣਤਾ ਅਤੇ ਆਪਣੀ ਵਿੇਤਾ ਨਾ ਦਿਖਾਉਣ ਤਾਂ ਉਨ੍ਹਾਂ ਦਾ ਮਤਲਬ ਹਲ ਨਹੀਂ ਹੁੰਦਾ ਯਾਨੀ ਆਪਣੇ ਦਾਇਰੇ ਰੂਪ ਜਾਲ ਵਿਚ, ਜੀਵ ਰੂਪ ਪੰਛੀ ਫਸਦੇ ਨਹੀਂ। ਪ੍ਰੰਤੂ ਬੁਧੀਮਾਨ ਜਗਯਾਸੂ, ਆਪ ਅਸਲੀਅਤ ਨੂੰ ਦੇਖਕੇ ਪ੍ਰਵਿਰਤ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਤਾਂ ਪ੍ਰਯੋਜਨ ਹੀ ਪ੍ਰਭੂ ਪ੍ਰਾਪਤੀ ਦਾ ਹੁੰਦਾ ਹੈ, ਮ੍ਰਬਾਂ ਦਾ ਨਹੀਂ।

ਉਸਦੀ ਮਿਹਰ ਹੈ ਜੋ ਇਸ ਮਨ ਨੂੰ ਆਪਣੇ ਕੰਮ ਲਾ ਛਡਿਆ ਹੈ। ਹੋ ਸਕਦਾ ਹੈ ਜੋ ਇਹ ਬਿਰਹ ਅਗਨੀ ਨਾਲ ਸੜੇ ਜਾਂਦੇ ਪ੍ਰੇਮੀ-ਜਨਾਂ ਨੂੰ ਸੀਤਲਤਾ ਪੁਚਾਵੇ ਕਿਉਂਕਿ ਇਹ ਪਾਣੀ ਦੇ ਭਰੇ ਮੇਘਾਂ (ਬੱਦਲਾਂ) ਨਾਲ ਪੂਰਨ ਯਾਨੀ ਤਤ੍ਵ-ਗਿਆਨ ਦੇ ਯੁਕਤ ਹੈ। ਇਸ ਵਿਚ ਹਰ ਇਕ ਵਿੇ ਨੂੰ ਇਤਨਾ ਸਪਟ ਕੀਤਾ ਗਿਆ ਹੈ ਕਿ ਥੋੜ੍ਹਾ ਪੜ੍ਹਿਆ ਪ੍ਰਾਣੀ ਭੀ ਜੋ ਪ੍ਰਭੂ ਦਾ ਪ੍ਰੇਮੀ ਹੋਵੇ, ਉਹ ਨਿਸਚੇ ਹੀ ਜੀਵ-ਬ੍ਰਹਮ ਦੀ ਏਕਤਾ ਦਾ ਮਰ੍ਮ ਸਮਝੇਗਾ। ਇਹ ਸੰਭਵ ਹੀ ਨਹੀਂ ਕਿ ਇਹ ਉੱਤਮ ਰੰਗ, ਮਲ ਤੋਂ ਰਹਿਤ ਹੋਏ ਨਿਰਮਲ ਮਨ ਨੂੰ, ਰੰਗੇ ਬਗੈਰ ਹੀ ਛਡ ਦੇਵੇ। ਇਸੀ ਪ੍ਰਕਾਰ ਮੈਲਾ ਮਨ ਜੋ ਹਾਲਾਂ ਪ੍ਰਭੂ ਪ੍ਰਾਪਤੀ ਦੀ ਕੁਝ ਇਛਾ ਵਾਲਾ ਹੈ, ਉਸ ਲਈ ਸਾਬਣ ਦਾ ਕੰਮ ਨਾ ਕਰੇ। ਇਸਦਾ ਕਾਰਨ ਇਹ ਹੈ ਕਿ ਆਪਣੇ ਪ੍ਰੀਤਮ ਦੀ ਪ੍ਰੀਤੀ ਵਿਚ ਬੇਬਰ ਹੋਏ ਮਤਵਾਲੇ ਲੋਕਾਂ ਪਾਸੋਂ ਜੋ ਕੁਝ ਸ੍ਰਵਣ ਕੀਤਾ, ਮਹਾਂਪੁਰਾਂ ਨੇ ਜੋ ਕੁਝ ਾਸਤ੍ਰਾਂ ਵਿਚ ਲਿਖਿਆ ਅਤੇ ਉਸੀ ਮੁਤਾਬਿਕ ਜੋ ਆਪਣੇ ਅਨੁਭਵ ਵਿਚ ਆਇਆ ਸੋਈ ਲਿਖਿਆ ਹੈ, ਕੋਈ ਨਵੀਂ ਗੱਲ ਜਾਂ ਮਨ ਮਰੀ ਦੀ ਕਲਪਨਾ ਨਹੀਂ ਕੀਤੀ।

ਵੇਦ ਆਦਿ ਗ੍ਰੰਥਾਂ ਦੇ ਉੱਚ-ਸਿਧਾਂਤ ਾਇਦ ਇਸ (ਦਾਸ) ਦੁਆਰਾ ਲਿਖਣ ਵਿਚ ਵਧ-ਘਟ ਹੋ ਜਾਣ ਦੇ ਕਾਰਨ ਵਿਦ੍ਵਾਨਾਂ ਦੀ ਹਾਸੀ ਦਾ ਹੀ ਵਿਯ ਬਣ ਗਿਆ ਹੋਵੇ ਪ੍ਰੰਤੂ ਪ੍ਰੇਮੀ ਦੀ ਗਲੀ ਵਿਚ ਚਲੇ ਜਾਂਦੇ ਦੂਜੇ ਪ੍ਰੇਮੀ ਨੂੰ, ਇਸ ਇਕ ਦੀ ਮਰ (ਬੀਮਾਰੀ) ਤੋਂ ਰਹਿਤ ਤੰਦਰੁਸਤ (ਨਾਵਾਕੰ) ਚਤੁਰ ਲੋਕਾਂ ਵੱਲੋਂ ਪਾਗਲ ਕਹਿ ਦੇਣਾ ਭੀ ਅਸੰਭਵ ਹੀ ਨਹੀਂ ਬਲਕਿ ਲਾਮੀ ਹੈ।

**ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਨੀਆਲੇ ਤੀਰ॥**

**(ਅੰਗ ੩੨੭)**

ਇਹੋ ਜਿਹੇ ਅਣੀ ਵਾਲੇ ਤੀਰ ਲਗਣ ਨਾਲ ਘਾਇਲ ਹੋਏ ਮਰੀ ਦੀ ਹਾਲਤ ਯਾਨੀ ਬਾਤ-ਚੀਤ ਜੇ ਅਟਪਟੀ ਜਿਹੀ ਭੀ ਹੋਵੇ ਤਾਂ ਕੋਈ ਅਯੋਗ ਨਹੀਂ ਹੈ। ਪ੍ਰਿਥਵੀ ਉੱਤੇ ਕਿਸੇ ਭੀ ਦਾਇਰੇ ਅੰਦਰ ਕੈਦ ਰਹਿਣ ਵਾਲਾ ਕੋਈ ਭੀ ਮ੍ਰਬੀ ਪ੍ਰਾਣੀ, ਬੰਧਨ ਤੋਂ ਰਹਿਤ (ਸੁਤੰਤ੍ਰ) ਪੰਛੀ (ਪ੍ਰੇਮੀ) ਬਿਨਾਂ, ਇਸ ਆਕਾ ਯਾਨੀ ਪ੍ਰੇਮ ਵਿਚ ਉਡਾਰੀ ਨਹੀਂ ਮਾਰ ਸਕਦਾ। ਜੋ ਆਕਾ ਵਿਚ ਰਹਿਣ ਵਾਲਾ ਪ੍ਰੀਤਮ ਹੈ, ਉਹ ਆਕਾ ਮਾਰਗ ਤੋਂ ਬਿਨਾਂ, ਮੀਨ ਪਰ ਕੈਦ ਕਟ ਰਹੇ ਮਨੁ ਨੂੰ ਕਿਸ ਤਰ੍ਹਾਂ ਮਿਲ ਸਕਦਾ ਹੈ?

ਗੰਭੀਰ ਅਤੇ ਉਦਾਰ ਵਿਦ੍ਵਾਨ ਲੋਕ, ਅਵਗੁਣਾਂ ਦੇ ਭਰੇ ਜੀਵਾਂ ਤੇ ਮਿਹਰਬਾਨ ਹੁੰਦੇ ਹਨ, ਇਸ ਲਈ ਉਨ੍ਹਾਂ ਵਾਸਤੇ ਇਹ ਵਡੀ ਗਲ ਨਹੀਂ ਜੋ ਇਸ ਦੀਆਂ ਅਨੰਤ ਅੁਧੀਆਂ (ਬੇਢਬੀਆਂ ਗਲਾਂ) ਦੇਖਕੇ ਮੁਆਂ ਕਰ ਦੇਣ ਕਿਉਂਕਿ ਕੇਵਲ ਚਿਤ੍ਰਕਾਰੀ ਸੰਯੁਕਤ ਸੁੰਦਰ ਨੌਕਾ (ਕਿਤੀ) ਹੀ ਰਾਹੀਆਂ ਨੂੰ ਦਰਿਆ ਤੋਂ ਪਾਰ ਨਹੀਂ ਕਰਦੀ, ਕਿੰਤੂ ਚਿਤ੍ਰਕਾਰੀ ਰਹਿਤ ਕੁਰੂਪ ਨੌਕਾ ਭੀ ਅਵ ਪਾਰ ਕਰ ਦਿੰਦੀ ਹੈ। ਬੱਸ, ਮਲਾਹ ਅਣਜਾਣ ਨਾ ਹੋਵੇ, ਨੌਕਾ ਦੀ ਸੁੰਦਰਤਾ ਜਾਂ ਕੁਰੂਪਤਾ ਦਾ ਰਾਹੀਆਂ ਨੂੰ ਪਾਰਲੇ ਕਿਨਾਰੇ ਤੇ ਲੈ ਜਾਣ ਨਾਲ ਕੋਈ ਸੰਬੰਧ ਨਹੀਂ ਰਹਿੰਦਾ।

ਆਪਣੇ ਅਤੀ ਪਿਆਰੇ ਦੀ ਦੇਹਪਾਤ (ਮਰਨ) ਨਾਲ ਪਿਆ ਵਿਛੋੜਾ, ਜਿਸਦਾ ਮਨ ਬਰਦਾਤ ਨਹੀਂ ਕਰ ਸਕਿਆ ਅਤੇ ਚਿਤ ਉਸੀ ਛਿੰਨ ਸੰਸਾਰ ਵਲੋਂ ਉਪਰਾਮ ਹੋਕੇ, ਉਹ ਦੇਹ ਜਿਸ ਆਤਮਾ ਦ੍ਵਾਰਾ ਹਰਕਤ ਕਰਦੀ ਹੈ, ਨੂੰ ਜਾਨਣ ਲਈ ਬੇਚੈਨ ਹੋ ਗਿਆ। ਉਹ ਇਸ ਪ੍ਰਕਾਰ ਦਾ ਵਿਜੋਗੀ ਚਾਰ (4) ਸਾਧਨ ਸੰਪੰਨ, ਉੱਤਮ ਅਧਿਕਾਰੀ ਹੈ, ਇਸ ਲਈ ਤਤ੍ਵ-ਵਸਤੂ ਦਾ ਉਪਦੇ, ਉਸਨੂੰ ਕੀਤਾ ਗਿਆ ਹੈ।

ਮਧਮ ਅਧਿਕਾਰੀ ਜੋ ਕਰਮ ਕਾਂਡ ਆਦਿ ਵਿਚ ਫਸੀ ਹੋਈ ਬੁਧੀ ਵਾਲਾ ਹਰਿਸਿਮਰਨ ਹੈ ਨੂੰ ਆਤਮ-ਵਸਤੂ ਦਾ ਅਤੀ ਨਿਕਟ-ਵਰਤੀ ਸਾਧਨ ਜੋ ਭਗਤੀ ਹੈ, ਦਾ ਗ੍ਰੰਥ ਦੇ ਅੰਤ ਵਿਚ ਉਪਦੇ ਕਰਕੇ ਆਤਮਾ-ਬ੍ਰਹਮ ਵਿਚ ਇਸਥਿਤ ਕਰ ਦਿਤਾ ਹੈ।

ਇਸ ਗ੍ਰੰਥ ਦੇ ਪੰਜ ਪ੍ਰਕਰਣ ਹਨ -

**ਪਹਿਲਾ ਵੈਰਾਗ ਪ੍ਰਕਰਣ** ਹੈ ਜਿਸ ਵਿਚ ਵਿਜੋਗੀ ਦਾ ਵੈਰਾਗ ਦਿਖਾਇਆ ਹੈ।

**ਦੂਜਾ ਗੁਰੂ ਮਿਲਾਪ ਪ੍ਰਕਰਣ** ਹੈ ਜਿਸ ਵਿਚ ਸਤਿਗੁਰੂ ਦੀ ਪ੍ਰਾਪਤੀ ਦਾ ਕਿਰ ਹੈ।

**ਤੀਜਾ ਸਤ ਉਪਦੇ ਪ੍ਰਕਰਣ** ਹੈ ਜਿਸ ਵਿਚ ਦੇਹ ਦੀ ਹਰਕਤ ਕਰਾਉਣ ਵਾਲੀ ਆਤਮ-ਜੋਤੀ, ਸੂਰਜ ਆਦਿ ਬਾਹਰਲੀਆਂ ਜੋਤੀਆਂ ਦੇ ਵਾਂਗੂੰ, ਦੇਹ ਤੋਂ ਭਿੰਨ ਅਤੇ ਦੇਹ ਦੇ ਭੀਤਰ ਹੀ ਹੈ, ਇਹ ਸਿਧ ਕੀਤਾ ਹੈ।

**ਚੌਥਾ ਨਿਰਵਿਕਾਰ ਆਤਮ ਪ੍ਰਕਰਣ** ਹੈ ਜਿਸ ਵਿਚ ਸੁਪਨ ਪ੍ਰਪੰਚ ਦੀ ਤਰ੍ਹਾਂ ਇਹ ਜਗਤ ਅਵਿਦਾ ਦ੍ਵਾਰਾ ਅਨੰਤ ਪ੍ਰਕਾਰ ਨਾਲ ਪ੍ਰਤੀਤ ਹੁੰਦਾ ਹੋਇਆ ਭੀ ਅਸਤ ਹੈ। ਪਰਦੇ ਪਰ ਫਿਲਮ-ਚਿਤ੍ਰ ਦੀ ਕ੍ਰਿਆ ਵਾਂਗੂੰ, ਇਹ ਪ੍ਰਤੀਤੀ ਕੇਵਲ ਮਨ ਦੀ ਹੀ ਰਚਨਾ ਹੋਣ ਦੇ ਕਾਰਨ, ਆਤਮਾ ਦਾ ਅਸੰਗ ਅਤੇ ਨਿਰਵਿਕਾਰ ਆਦਿ ਨਿਰਮਲ ਸੁਭਾਉ, ਜਿਉਂ ਦਾ ਤਿਉਂ ਹੀ ਰਹਿੰਦਾ ਹੈ। ਆਤਮਾ ਹੀ ਬ੍ਰਹਮ ਹੈ, ਉਸ ਵਿਚ ਕੋਈ ਭੀ ਕਾਰਣ-ਕਾਰਜ ਦੀ ਵਿਵਸਥਾ ਨਹੀਂ ਹੋ ਸਕਦੀ। ਇਸ ਲਈ ਸਭ ਕੁਝ ਉਤਪੰਨ ਹੋਣ ਪਰ ਭੀ ਮਹਾਂਕਾ ਹੀ ਘਟਾਕਾ ਦੇ ਰੂਪ ਵਿਚ ਉਤਪੰਨ ਹੋਣ ਦੀ ਤਰ੍ਹਾਂ, ਕੁਝ ਭੀ ਉਤਪੰਨ ਨਹੀਂ ਹੁੰਦਾ। ਇਸ ਅਚਲ ਬ੍ਰਹਮ ਇਸਥਿਤੀ ਵਿਚ ਵਿਜੋਗੀ ਨੂੰ ਕਾਇਮ ਕਰਕੇ, ਜੀਵਨ-ਮੁਕਤੀ ਦੇ ਲਛਣ ਕਹੇ ਹਨ।

**ਪੰਜਵਾਂ ਭਗਤੀ ਪ੍ਰਕਰਣ** ਹੈ ਜਿਸ ਵਿਚ ਈੑਰ ਦੀ ਰਣ ਗ੍ਰਹਿਣ ਕਰਨਾ ਹੈ। ਹਉਮੈਂ ਨੂੰ ਤਿਆਗ ਕੇ, ਹਰ ਅਵਸਥਾ ਵਿਚ ਪ੍ਰਭੂ ਦੀ ਆਗਿਆ ਅੰਦਰ ਪ੍ਰਸੰਨ ਚਿਤ ਰਹਿੰਦੇ ਸੇਵਕ ਦਾ, ਆਪਣੇ ਸੁਆਮੀ ਦੇ ਧਿਆਨ ਵਿੱਚ ਨਿਰੰਤਰ ਮਗਨ ਹੋਏ ਇਕਾਗ੍ਰ ਚਿਤ ਵਾਲੇ ਹਰਿਸਿਮਰਨ ਨੂੰ ਭਾਗ-ਤਿਆਗ-ਲਛਣਾਂ (ਪ੍ਰਕ੍ਰਿਆ) ਦ੍ਵਾਰਾ, ਦੋਹਾਂ ਉਪਾਧੀਆਂ ਦਾ ਅਭਾਵ ਦਿਖਾ ਕੇ, ਚੈਤਨ ਅੰ ਵਿਚ ਅਭੇਦ ਕੀਤਾ ਹੈ।

ਇਸ ਗ੍ਰੰਥ ਦਾ ਨਾਮ **ਅਮਰ ਵਸਤੂ** ਹੈ ਕਿਉਂਕਿ ਅਮਰ (ਪ੍ਰਭੂ), ਵਸਤੂ (ਸੰਸਾਰ) ਦਾ ਪ੍ਰਤਿਪਾਦਕ ਹੈ। ਮਰਨ ੀਲ ਵਸਤੂ ਦੇ ਵਿਜੋਗ ਹੋ ਜਾਣ ਨਾਲ ਵਿਜੋਗੀ, ਉਸਦਾ ਮੂਲ-ਆਧਾਰ ਖੋਜਣ ਲਈ ਤੜਫ ਗਿਆ। ਪ੍ਰੇਮ ਅਵਿਨਾੀ ਸੀ, ਇਸ ਲਈ ਪ੍ਰੇਮ ਦਾ ਵਿਯ (ਪਦਾਰਥ) ਨਟ ਹੋਣ ਪਰ ਭੀ ਪ੍ਰੇਮ ਦਾ ਨਾ ਨਹੀਂ ਹੋਇਆ। ਇਕ ਰਸ ਬਣੀ ਰਹਿਣ ਵਾਲੀ ਉਹ ਪ੍ਰੀਤੀ, ਵਿਜੋਗੀ ਨੂੰ ਸੰਸਾਰ ਵਲੋਂ ਤੋੜਕੇ, ਕਾਮਲ ਗੁਰੂ ਦੇ ਕੋਲ ਲੈ ਗਈ ਕਿਉਂਕਿ ਇਹ (ਗੁਰੂ) ਸੁਪਨ ਵਿਚ ਪਿਆਰੀ ਚੀ ਦੇ ਵਿਛੋੜੇ ਨਾਲ ਵਿਆਕੁਲ ਹੋਏ ਪੁਰ ਨੂੰ ਆਵਾ ਮਾਰਕੇ ਜਗਾ ਦਿੰਦੇ ਹਨ ਯਾਨੀ ਸੁਪਨ ਸ੍ਰਿਟੀ ਦੇ ਅਧਿਠਾਨ ਨੂੰ ਪ੍ਰਾਪਤ ਕਰਾਉਂਦੇ ਹਨ। ਇਹੀ **ਅਮਰ ਵਸਤੂ** ਹੈ ਜਿਸਦੇ ਆਸਰੇ ਅਨਿਤ ਦੇਹ ਆਦਿ ਪ੍ਰਪੰਚ ਪ੍ਰਤੀਤ ਹੋ ਕੇ ਨਟ ਹੁੰਦਾ ਜਾ ਰਿਹਾ ਹੈ। ਉਸ ਅਨੰਦ-ਸ੍ਵਰੂਪ ਆਤਮਾ ਦੀ ਬਿਸਿਮ੍ਰਤੀ, ਸਿਮਰਨ (ਯਾਦ) ਆ ਕੇ ਵਿਜੋਗੀ ਕ ਅਤੇ ਮੋਹ ਤੋਂ ਰਹਿਤ ਹੋ ਗਿਆ। ਆਤਮਾ ਹੀ ਸੰਜੋਗ ਤੇ ਵਿਜੋਗ ਤੋਂ ਪਰੇ ਦੀ ਚੀ ਹੈ, ਇਸ ਲਈ **ਅਮਰ ਵਸਤੂ** ਹੈ।

ਅਮਰ ਵਸਤੂ ਦੀ ਪ੍ਰਾਪਤੀ ਦਾ ਜੋ ਭੀ ਕੋਈ ਅਤੀ ਇਛੁਕ ਹੁੰਦਾ ਹੈ, ਉਹ ਮੰਦ ਨਹੀਂ ਬਲਕਿ ਉੱਤਮ ਅਧਿਕਾਰੀ ਹੈ। ਸੰਸਾਰ ਵਲੋਂ ਚਿਤ ਬਿਲਕੁਲ ਟੁਟ ਚੁਕਿਆ ਹੋਣ ਦੇ ਕਾਰਨ ਇਸ ਉਪਰਾਮ ਅਵਸਥਾ ਵਿਚ ਉਸ ਨੂੰ ਚਾਰ (4) ਸਾਧਨ ਸੰਪੰਨ ਹੋਣ ਲਈ ਕੋਈ ਭੀ ਰੁਕਾਵਟ ਸੰਭਵ ਨਹੀਂ ਹੋ ਸਕਦੀ।

ਹਾਂ, ਜਿਸ ਦਾ ਵਿਜੋਗ ਵਾਲੇ ਪਦਾਰਥ ਵਿਚ ਹੀ ਚਿਤ ਅਟਕ ਕੇ ਬੇਚੈਨ ਹੈ ਉਹ ਕਨਿਟ ਅਧਿਕਾਰੀ, ਆਤਮ-ਉਪਦੇ ਦਾ ਅਧਿਕਾਰੀ ਨਹੀਂ ਹੈ ਯਾਨੀ ਉਹ ਉਪਾਸਨਾ ਆਦਿ ਕਰਮ ਹੀ ਕਰੇ ਪ੍ਰੰਤੂ ਵਿਜੋਗੀ ਤਾਂ ਅਜਿਹਾ ਨਹੀਂ, ਇਸ ਲਈ ਵਿਜੋਗੀ ਉੱਤਮ ਅਧਿਕਾਰੀ ਹੈ।

ਇਸ ਦੇ ਮਿਤ੍ਰ ਹਰਿਸਿਮਰਨ ਨੇ ਇਸ (ਵਿਜੋਗੀ) ਦੀ ਨਾ ਸਮਝ ਵਿਚ ਆਉਣ ਵਾਲੀ ਦਾ ਨੂੰ ਦੇਖ ਕੇ, ਹੈਰਾਨੀ ਵਿਚ ਮਹਾਂਪੁਰਾਂ ਪਾਸ ਜਾਕੇ ਸਭ ਹਾਲ ਸੁਣਾਇਆ ਜਿਸਨੂੰ ਸੁਣਕੇ ਸਤਿਪੁਰ ਬਿਲਕੁਲ ਮੋਨ ਹੋ ਗਏ। ਨਾ ਮਾਲੂਮ ਕਿਸ ਗੂੜ੍ਹ ਅਵਿਚਲ ਇਸਥਿਤੀ ਵਿਚ ਲੀਨ ਹੋਏ ਨਿੰਦ੍ਰਾਲੂ (ਸੁੱਤੇ ਹੋਏ) ਪੁਰ ਵਾਂਗੂੰ, ਹੌਲੀ ਜਿਹੀ ਆਵਾ ਨਾਲ ਇਉਂ ਬੋਲੇਚੁ

ਅਛਾ! ਉਨ੍ਹਾਂ ਦਾ ਪਵਿਤ੍ਰ ਮਨ, ਸੰਸਾਰ ਨੂੰ ਬਿਲਕੁਲ ਭੁਲਾ ਬੈਠਾ ਹੈ ਅਤੇ ਅੋਕ ਸਾਗਰ ਯਾਨੀ ਪਰਮ ਆਨੰਦ ਵਿਚ ਸਦਾ ਹੀ (ਨਿਰੰਤਰ) ਲੀਨ ਹੋਇਆ ਰਹਿੰਦਾ ਹੈ।

ਪ੍ਰੰਤੂ ਪ੍ਰਿਯ ਵਰ! ਇਹ ਤੂੰ ਕਿਸ ਅਨੋਖੀ, ਪਵਿਤ੍ਰ, ਆਨੰਦਮਈ ਅਤੇ ਚਿਤ ਬ੍ਰਿਤੀ ਨੂੰ ਨਟ ਕਰ ਦੇਣ ਵਾਲੀ ਵਸਤੂ ਦਾ ਕਿਰ ਕਰਦੇ ਹੋਏ, ਮੈਨੂੰ ਕਿਸੇ ਅਥਾਹ ਗਹਿਰਾਈ ਵਿਚ ਡੁਬੋ ਦਿਤਾ ਹੈ। ਨਾ ਕਹਿ ਸਕਣ ਵਾਲੀ ਬਾਤ ਨੂੰ ਪੁਛਣ ਲਈ ਪ੍ਰਨ ਕੀਤਾ ਹੈ ਕਿਚੁ

ਉਹ ਸੰਤੁਟ ਕਰ ਦੇਣ ਵਾਲੀ ਅਤੀ ਉੱਤਮ ਵਸਤੂ ਕਿਹੋ ਜਿਹੀ ਹੈ ਜਿਸਦੇ ਦਰਨ ਨਾਲ ਮਤਵਾਲਾ ਹੋਇਆ ਮਨ, ਸੰਸਾਰ ਦੀ ਸੁਧ ਵਾਲਾ ਨਹੀਂ ਰਹਿੰਦਾ?

ਉਹ ਵਸਤੂ ਕਿਸ ਪ੍ਰਕਾਰ ਦੀ ਹੈ? ਇਹ ਬਚਨ ਉਸ ਅਦ੍ਵੈਤ ਦੀ ਸਿਮ੍ਰਿਤੀ (ਯਾਦ) ਕਰਾ ਕੇ, ਉਸ ਤੋਂ ਭਿੰਨ ਬਾਣੀ ਆਦਿ ਦਾ ਅਭਾਵ ਕਰਦਾ ਹੈ। ਇਸ ਲਈ ਉੱਤਰ ਵਿਚ ਕੌਣ ਬੋਲੇ? ਅਥਵਾ ਇਹ ਤੇਰਾ ਪ੍ਰਨ ਤੇ ਬੇਹੋ ਵਿਚ ਕੁੱਝ ਸੋਚਣ ਅਤੇ ਕਹਿਣ ਯੋਗ ਮਨ ਤੇ ਬਾਣੀ ਹੀ ਨਾ ਰਹਿਣ, ਇਸ ਪ੍ਰਕਾਰ ਦੀ ਕੋਈ ਨੀਲੀ ਵਸਤੂ ਦਿਤੀ ਜਾਏ, ਇਕ ਹੀ ਹਨ। ਜੋ ਪਾਣੀ ਵਿਚ ਡੁਬ ਚੁਕਾ ਹੋਵੇ, ਉਹ ਭੀ ਕਦੇ ਬੋਲਦਾ ਸੁਣਿਆ ਹੈ? ਜਿਸਨੇ ਟੁਬੀ ਹੀ ਨਹੀਂ ਲਾਈ, ਉਹ ਜਲ ਦੀ ਡੂੰਘਿਆਈ ਬਾਰੇ, ਬਿਨਾਂ ਅਨੁਭਵ ਕੀਤੇ ਕੀ ਆਖ ਸਕੇਗਾ? ਚਾਰ (4) ਦਿਨ ਸੰਸਾਰੀ ਆਨੰਦ ਲੈਣ ਦੀ ਹੁਣ

ਇਛਾ ਨਹੀਂ, ਜੋ ਬਰਬਾਦ ਕਰ ਦੇਣ ਵਾਲੀ ਵਸਤੂ ਬਾਰੇ ਪੁਛਣ ਲਈ ਉੱਦਮ ਕਰ ਰਹੇ ਹੋ? ਕਿਉਂ ਬਣੇ ਬਣਾਏ ਇਸ ਸੁੰਦਰ-ਥਾਟ ਨੂੰ ਤਬਾਹ ਕਰ ਦੇਣ ਵਾਲੀ ਗਲ ਛੇੜ ਦਿਤੀ ਹੈ?

ਉਸ ਪ੍ਰੇਮ ਨਗਰੀ ਵਿਚ ਆਪਣੇ ਪ੍ਰੀਤਮ ਤੋਂ ਬਿਨਾਂ ਥੋੜ੍ਹੀ ਜਿਹੀ ਭੀ ਦੂਜੀ ਵਸਤੂ ਦੇ ਪ੍ਰਵੇ ਹੋਣ ਦੀ ਗੁੰਜਾਇ ਨਹੀਂ ਹੈ। ਜੋ ਕੋਈ ਆਪਣੇ ਪਿਆਰੇ ਤੋਂ ਬਿਨਾਂ ਦੂਜਾ ਹੁੰਦਾ ਹੈ, ਉਸ ਨੂੰ ਪਿਛੇ ਹਟਾ ਕੇ ਹੀ ਪ੍ਰੇਮ ਨਗਰੀ ਦਾ ਗੇਟ (ਦਰਵਾ) ਖੁਲ੍ਹਦਾ ਹੈ। ਜਿਸ ਜਗ੍ਹਾ ਮੈਂ ਅਤੇ ਤੂੰ ਭੀ ਦਲ ਨਹੀਂ ਦੇ ਸਕਦੇ, ਉਸ ਥਾਂ ਹੋਰ ਕਿਸੇ ਵਸਤੂ ਦੇ ਨੇੜੇ ਢੁਕਣ ਦੀ ਸੰਭਾਵਨਾ ਹੀ ਕੀ ਹੈ? ਜਿਸ ਅਸਥਾਨ ਵਿੱਚ ਪ੍ਰੀਤਮ ਵਸਦਾ ਹੈ, ਉਹ ਨਗਰੀ ਪ੍ਰੀਤਮ ਨਾਲ ਭਰਪੂਰ ਹੋਣ ਦੇ ਕਾਰਣ ਹੀ, ਉੱਥੇ ਕਿਸੇ ਦੂਜੀ ਵਸਤੂ ਨੂੰ ਥਾਂ ਨਹੀਂ ਮਿਲਦੀ। ਇਸ ਵਿਚ ਸੰਸ ਨਹੀਂ, ਇਸ ਪ੍ਰੇਮ ਪਿਆਲੇ ਨੂੰ ਪੀ ਕੇ ਸੰਸਾਰ ਦੀ ਹੋ ਵਾਲਾ ਕੌਣ ਰਹਿ ਸਕਦਾ ਹੈ? ਪ੍ਰੇਮੀ ਨੂੰ ਸੀਨੇ ਨਾਲ ਲਾਕੇ ਉਸ ਆਨੰਦ ਰੂਪੀ ਸਮੁੰਦਰ ਵਿਚ ਪਿਆ ਹੋਇਆ, ਸਾਗਰ ਚੋਂ ਬਾਹਰ ਕਦੋਂ ਨਿਕਲਦਾ ਹੈ?

ਤੂੰ ਉਸ ਮਤਵਾਲੇ ਵਿਜੋਗੀ ਦਾ ਪ੍ਰੇਮ ਪੁਛਦਾ ਹੈਂ ਪ੍ਰੰਤੂ ਪਿਆਰੇ! ਦੇਖਣ ਤੇ ਸੁਣਨ ਦਾ ਬਹੁਤੰ ਰਕ ਹੁੰਦਾ ਹੈ। ਤਥਾ ਇਸ ਨਾਲੋਂ ਭੀ ਜੋ ਸ੍ਵਯੰ ਅਨੁਭਵ ਕਰਦਾ ਹੈ ਉਹ ਉਸ ਆਨੰਦ ਨੂੰ ਆਪ ਹੀ ਜਾਣਦਾ ਹੈ ਕਿਉਂਕਿ ਉਹ ਸ੍ਵਸੰਵੇਦ ਸੁਖ ਹੈ। ਪਰਸੰਵੇਦ-ਜੋ ਉਸ ਪ੍ਰੇਮ ਮਦਰਾ ਵਿਚ ਮਸਤਾਨੇ ਹੋਏ ਦੀ ਬਾਹਰਲੀ ਹਰਕਤ ਯਾਨੀ ਬਾਹਰੋਂ ਦਿਖਾਈ ਦੇਣ ਵਾਲੇ ਚਿੰਨ੍ਹ ਹਨ ਉਨ੍ਹਾਂ ਨੂੰ ਦੇਖਣ ਵੇਲੇ, ਦੇਖਣ ਵਾਲੇ ਦਾ ਮਨ ਭੀ ਉਸੀ ਵਿਚ ਰਹਿ ਜਾਣ ਦੇ ਕਾਰਨ, ਆਪਣੇ ਵਿਵਹਾਰ ਨੂੰ ਭੁਲ ਜਾਂਦਾ ਹੈ। ਭਾਵੇਂ ਕੇਸਾਂ ਅਤੇ ਬਸਤ੍ਰਾਂ ਨੂੰ ਇਤਰ ਆਦਿ ਲਾਕੇ ਸੁਗੰਧੀ ਵਾਲਾ ਪੁਰ, ਸੁਗੰਧੀ ਨੂੰ ਅਨੁਭਵ ਕਰਦਾ ਹੋਇਆ, ਪ੍ਰਸੰਨਤਾ ਨਾਲ ਪੂਰਨ ਹੈ ਤਾਂ ਭੀ ਉਸਦੇ ਪਾਸ ਬੈਠਾ ਹੋਇਆ ਦੂਜਾ ਪੁਰ ਹਵਾ ਦ੍ਵਾਰਾ ਉੱਡ ਕੇ ਆ ਰਹੀ ਸੁਗੰਧੀ ਦਾ ਆਨੰਦ ਤਾਂ ਲੈਂਦਾ ਹੀ ਹੈ। ਇਸ ਲਈ ਪਿਆਰੇ ਹਰਿਸਿਮਰਨ! ਤੇਰੇ ਪੁਛਣ ਪਰ, ਮੈਂ ਉਸ ਵਿਜੋਗੀ ਦੀ ਦਾ ਦਾ ਕੁਝ ਕਥਨ ਕਰਦਾ ਹਾਂ ਅਤੇ ਉਸ ਵਸਤੂ ਦਾ ਭੀ ਜਿਸਦੇ ਸਨਮੁਖ ਹੁੰਦੇ ਸਾਰ ਹੀ ਮਨ, ਅਮਨੀਭਾਵ (ਮਨ ਰਹਿਤ ਹਾਲਤ) ਨੂੰ ਪ੍ਰਾਪਤ ਹੋ ਜਾਂਦਾ ਹੈ।

ਪ੍ਰੰਤੂ ਤੂੰ ਜੋ ਤੀਰਥ ਆਦਿ ਕਰਮ ਕਾਂਡ ਵਿਚ ਅਤੀ ਖਚਿਤ ਹੋ ਰਿਹਾ ਹੈਂ, ਉਸ ਅਜਿਹੇ ਪ੍ਰੇਮ-ਮਾਰਗ ਤੋਂ ਨ, ਔਝੜਾਂ ਵਿਚ ਪਏ ਹੋਏ ੀਤੀ-ਹੀਨ ਨੂੰ, ਉਸ ਤਤ੍ਵ-ਵਸਤੂ ਵਿਚ ਇਸਥਿਤ ਵਿਜੋਗੀ ਦੀ ਬੀਤੀ ਹੋਈ ਵਾਰਤਾ ਦੇ ਸੁਣਨ ਵਿਚ ਲਾਭ ਕੀ ਹੈ? ਸੈਂਕੜੇ ਬਾਰ ਸਮਝਾਉਣ ਪਰ ਭੀ ਬਾਰੰਬਾਰ ਕਰਮਾਂ ਵਿਚ ਹੀ ਬੁਧੀ ਨੂੰ ਲਗਾਉਂਦਾ

ਹੈਂ। ਮੰਨਿਆਂ ਕਿ ਇਹ ਭੀ ਕਰਨੇ ਰੂਰੀ ਹਨ, ਪ੍ਰੰਤੂ ਕਈ ਸਾਲ ਹੋ ਚੁਕੇ ਹਨ ਤੂੰ ਬਾਲ ਉਪਦੇ ਨੂੰ ਹੀ ਲਈ ਬੈਠਾ ਹੈਂ, ਕੀ ਇਹ ਤੈਨੂੰ ਬੀ. ਏ. ਜਾਂ ਐਮ. ਏ. ਆਦਿ ਦੀ ਡਿਗਰੀ ਦਿਵਾ ਦੇਵੇਗਾ? ਕਿਉਂ ਨਹੀਂ, ਤੀਜੀ ਅਤੇ ਚੌਥੀ ਆਦਿ ਜਮਾਤਾਂ ਦੀਆਂ ਕਿਤਾਬਾਂ ਪੜ੍ਹਕੇ ਆਪਣੀ ਪੜ੍ਹਾਈ ਨੂੰ ਸਮਾਪਤ ਕਰਦਾ ਯਾਨੀ ਸਭ ਪ੍ਰਕਾਰ ਦੀ ਕਰਤਵਤਾ ਨੂੰ ਤਮ ਕਰਕੇ, ਪ੍ਰਭੂ ਪ੍ਰੀਤੀ ਵਿਚ ਕਿਉਂ ਨਹੀਂ ਡੁਬ ਜਾਂਦਾ?

ਪਾਠ ਬੁਧੀ ਭੀ ਤੇਰੀ ਅਤੀ ਪਕੀ ਹੋ ਰਹੀ ਹੈ ਪ੍ਰੰਤੂ ਨਿਰਾ ਪਾਠ ਕਰਕੇ ਹੀ ਤੂੰ ਕ੍ਰਿਤ-ਕ੍ਰਿਤ ਹੋ ਰਿਹਾ ਹੈਂ-ਇਸੀ ਵਿਚ ਅਹੰ-ਬੁਧੀ ਕਰੀ ਬੈਠਾ ਹੈਂ, ਕੀ ਦਵਾਈ ਖਾਧੇ ਬਿਨਾਂ ਕੇਵਲ ਨੁਸਖਾ ਬਾਰੰਬਾਰ ਪੜ੍ਹਨ ਨਾਲ ਤੇਰਾ ਰੋਗ ਹਟ ਜਾਵੇਗਾ? ਬੇਸਮਝ! ਗੁਰਬਾਣੀ ਤਥਾ ਗੀਤਾ ਆਦਿ ਦੇ ਬਚਨਾਂ ਪਰ ਅਮਲ ਇਕ ਰਤੀ ਜਿੰਨਾ ਭੀ ਨਹੀਂ ਕਰਦਾ ਅਤੇ ਮੈਂ ਪੰਝੀ (੨੫) ਪਾਠ ਜਪੁਜੀ ਸਾਹਿਬ ਦੇ, ਪੰਜ (੫) ਪਾਠ ਸੁਖਮਨੀ ਸਾਹਿਬ ਦੇ ਕਰਦਾ ਹਾਂ, ਨਿਤ ਇਨਾਨ ਕਰ ਕੇ ਪੰਜ ਬਾਣੀਆਂ ਦਾ ਪਾਠ ਕੀਤੇ ਬਿਨਾਂ ਮੈਂ ਰੋਟੀ ਨਹੀਂ ਖਾਂਦਾ, ਮੈਂ ਗੀਤਾ, ਗਾਇਤ੍ਰੀ ਅਤੇ ਸਹੰਸਰਨਾਮਾ ਆਦਿ ਦਾ ਪਾਠ ਨਿਤ ਕਰਦਾ ਹਾਂ, ਮੈਂ ਆਪਣੇ ਵਰਣ-ਆ੍ਮ ਦੇ ਧਰਮਾਂ ਵਿਚ ਪੂਰੀ ਤਰ੍ਹਾਂ ਇਸਥਿਤ ਰਹਿੰਦਾ ਹਾਂ, ਇਤਿਆਦਿ ਵਿਅਰਥ ਹਉਮੈ ਨਾਲ ਜਕੜਿਆ ਹੋਇਆ, ਸਤਿਸੰਗ ਹੀਨ, ਅੰਧਾ ਮਨੁ, ਖਾਣ-ਯੋਗ ਸ੍ਵਾਦਿਟ ਗੁਦੇ ਦੀ ਹਿਫਾਤਿ ਲਈ ਉੱਪਰਲੇ ਛਿਲਕੇ ਜੋ ਪ੍ਰਭੂ ਨੇ ਬਣਾਏ ਹਨ, ਕੇਲੇ ਦੇ ਛਿੱਲੜਾਂ ਨੂੰ ਖਾਂਦਾ ਹੈ ਅਤੇ ਵਿਚ ਲੁਕਿਆ ਹੋਇਆ ਅੰਮ੍ਰਿਤ ਵਰਗਾ ਫਲ ਸੁਟੀ ਜਾਂਦਾ ਹੈ। ਜੋ ਭੰਗ, ਨੇ ਨਾਲ ਮਸਤ ਬਣਾਉਂਦੀ ਹੈ, ਉਸ ਨੂੰ ਗਲੇ ਅੰਦਰ ਤਾਂ ਲੰਘਾਉਂਦਾ ਨਹੀਂ, ਕੁਰਲੀਆਂ ਹੀ ਕਰੀ ਜਾਂਦਾ ਹੈ। ਕੇਵਲ ਆਚਾਰ (ਆਚਰਣ) ਆਦਿ ਵਿਚ ਕੁਲਤਾ ਤੇ ਪਾਠ ਮਾਤ੍ਰ ਹੀ ਮਨ ਨੂੰ ਦ੍ਰਿ ਪ੍ਰਪੰਚ ਵਲੋਂ ਰੋਕ ਕੇ, ਪ੍ਰਭੂ ਸ੍ਵਰੂਪ ਵਿਚ ਅਚਲ ਨਹੀਂ ਠਹਿਰਾ ਸਕਦੇ ਚੁ

**ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ ਕੀਮਤਿ ਪਾਇ॥**

**(ਅੰਗ ੩੫੫)**

ਨਿਰਾ ਬਦਾਮਾਂ ਦਾ ਸੰਗ੍ਰਹਿ ਰੂਪੀ ਪ੍ਰੇਮ, ਕੁਝ ਮਤਲਬ ਨਹੀਂ ਰਖਦਾ ਜਦੋਂ ਤੱਕ ਪੁਟ ਕਰ ਦੇਣ ਵਾਲੀ ਵਿਚਲੀ ਗਿਰੀ ਨੂੰ ਤੋੜ ਕੇ ਨਹੀਂ ਖਾਂਦਾ। ਗੁਰਬਾਣੀ ਤਥਾ ਗੀਤਾ ਆਦਿ ਗ੍ਰੰਥ ਕੇਵਲ ਤੇਰੇ ਪੜ੍ਹਨ ਵਾਸਤੇ ਹੀ ਨਹੀਂ ਬਣਾਏ ਗਏ, ਬਣਾਉਣ ਵਾਲਿਆਂ ਸਤਿ-ਪੁਰਾਂ ਨੇ ਕਿਸੇ ਗਲ ਨੂੰ ਸਮਝਾਉਣ ਖਾਤਰ ਪੂਰਾ ਪ੍ਰਯਤਨ ਕੀਤਾ ਹੈ। ਉਸ ਗਲ ਨੂੰ ਸਮਝ! ਭਾਵੇਂ ਚੌਥੇ ਪੰਜਵੇਂ ਦਿਨ ਅਥਵਾ ਮਹੀਨੇ ਬਾਅਦ ਸੁਖਮਨੀ ਜਾਂ ਗੀਤਾ ਆਦਿ ਗ੍ਰੰਥਾਂ ਦਾ ਪਾਠ ਪੂਰਾ ਕਰ। ਮਨ ਨੂੰ ਆਤਮਾ ਵਿਚ ਵ੍ਿਾਮ

ਕਰਾਉਣਾ, ਸਭੀ ਗ੍ਰੰਥਾਂ ਦਾ ਮਤਲਬ ਹੈ, ਨਿਰੇ ਪਾਠ ਕਰਾਉਣ ਦਾ ਨਹੀਂ।

ਜਿਸਦੀ ਬੁੱਧੀ ਅਤੀ ਮੰਦ ਹੈ, ਉਸ ਨੂੰ ਮਹਾਂਪੁਰ ਕਈ ਕਈ ਪਾਠ ਕਰਨ ਦਾ ਉਪਦੇ ਦੇ ਦਿੰਦੇ ਹਨ ਕਿਉਂਕਿ ਉਹ ਮਤਲਬ ਸਮਝਣ ਦੇ ਯੋਗ ਨਹੀਂ ਹੁੰਦਾ, ਇਸ ਲਈ ਜਿਤਨੇ ਪਾਠ ਕਰੇ ਚੰਗਾ ਹੀ ਹੈ, ਅੰਤਹਕਰਣ ਦੀ੍ ਧੀ ਹੋਵੇਗੀ। ਪ੍ਰੰਤੂ ਜੋ ੍ਟ ਬੁਧੀ ਵਾਲੇ ਹਨ, ਉਨ੍ਹਾਂ ਨੂੰ ਕਿਸੇ ਵਿਦ੍ਵਾਨ ਅਨੁਭਵੀ ਮਹਾਂਪੁਰ ਦੀ ਸੰਗਤ ਦ੍ਵਾਰਾ ਗ੍ਰੰਥਾਂ ਦੇ ਪਾਠ ਦਾ ਮਤਲਬ ਸਮਝ ਕੇ, ਪੂਰਾ ਇਸਥਿਤ ਹੋ ਜਾਣ ਦੀ ਕੋਿ ਕਰਨੀ ਚਾਹੀਏ। ਜਲਦੀ ਤੋਂ ਜਲਦੀ ਦ੍ਵੈਤ ਰੂਪੀ ਰੋਗ ਦੇ ਵਿਨਾ ਵਾਸਤੇ, ਨੁਸਖੇ ਅੰਦਰ ਜੋ ਅਦ੍ਵੈਤਮਈ ਦਵਾਈ ਹੈ, ਦਾ ਸੇਵਨ ਕਰਨ ਵਿਚ ਪ੍ਰਯਤਨ, ਦ੍ਰਿੜਤਾ ਪੂਰਬਕ ਲਗਾ ਦੇਣਾ ਚਾਹੀਏ। ਇਸ ਲਈ ਹਰਿਸਿਮਰਨ! ਜਿਤਨਾ ਭੀ ਤੂੰ ਪਾਠ ਕਰਦਾ ਹੈਂ, ਉਸ ਪਰ ਪੂਰੀ ਤਰ੍ਹਾਂ ਅਮਲ ਕਰ!

ਨਿਰੰਤਰ ਇਕ ਰਸ ਬੈਠਦਾ, ਉਠਦਾ ਤੇ ਚਲਦਾ ਆਦਿ ਹਰ ਅਵਸਥਾ ਵਿਚ ਪ੍ਰਭੂ ਦਾ ਨਾਮ ਸਿਮਰਨ ਕਰ। ਇਕ ਸ੍ਵਾਸ ਭੀ ਉਸਦੀ ਯਾਦ ਬਿਨਾਂ ਨਾ ਬਿਤਾ। ਤੇਰਾ ਇਤਨਾ ਆਿਦਾ ਅਭਾਸ ਹੋ ਜਾਣਾ ਚਾਹੀਦਾ ਹੈ ਜੋ ਮਾਲੂਮ ਨਾ ਦੇ ਸਕੇ ਯਾਨੀ ਪ੍ਰਾਣ, ਨਾਮ ਤੇ ਮਨ ਭਾਵੇਂ ਇਹ ਵਖੋ ਵਖਰੇ ਹਨ ਪ੍ਰੰਤੂ ਇਕ ਹੋ ਜਾਣ।

ਜੋ ਬ੍ਰਹਮ, ਜਗਤ ਦਾ ਕਾਰਣ, ਸਤਸੰਕਲਪ, ਸਤਕਰਮ, ਸਰਬਗ, ਸੁਤੰਤ੍ਰ, ਵਿਆਪਕ, ਅਜਰ, ਅਮਰ ਤੇ ਕ੍ਰਿਪਾਲੂ ਹੈ, ਅਜਿਹੇ ਧਰਮਾਂ ਯੁਕਤ ਈ੍ਰ ਨੂੰ ਨਿਰੰਤਰ ਚਿੰਤਨ ਕਰ ਤਾਂ ਜਿਸ ਸੰਸਾਰ ਤੋਂ ਬੇਬਰ ਵਿਜੋਗੀ ਦੇ ਚਿਤ ਦੀ ਅਵਸਥਾ ਪੁਛਦਾ ਹੈਂ, ਉਸ ਤਤ੍ਵਗਿਆਨ ਦ੍ਵਾਰਾ ਪਰਮ ਆਨੰਦ ਵਿਚ ਹੋਣ ਕਰਕੇ ਤੂੰ ਵੀ ਮਤਵਾਲਾ ਹੋ ਜਾਵੇਂਗਾ।

ਆਨੰਦਪੁਰ ਯਾਨੀ ਆਨੰਦ ਨਾਲ ਜੋ ਪੂਰਣ ਹੈ। ਜਿਸ ਆਨੰਦ ਦੀ ਮੋਹ ਤੌਂ ਕ ਆਦਿ ਤ੍ਰੂਆਂ ਤੋਂ ਰਛਿਆ ਲਈ ਵੈਰਾਗ ਅਤੇ ਅਭਾਸ ਰੂਪ ਦ੍ਰਿੜ ਕਿਲਾ ਬਣਿਆ ਹੋਇਆ ਹੈ, ਉਸ ਆਨੰਦ ਗੜ੍ਹ ਵਿਚ ਕਲ੍ਹ ਨੂੰ ਆ ਜਾਵੀਂ, ਤੈਨੂੰ ਵਿਜੋਗੀ ਦੀ ਟਿਕੀ ਹੋਈ ਬੁਧੀ ਦਾ ਸਾਰਾ ਹੀ ਹਾਲ ਉਪਾਇ ਸਹਿਤ ਸੁਣਾਇਆ ਜਾਏਗਾ ਪ੍ਰੰਤੂ ਜਿਸ ਤਰ੍ਹਾਂ ਅੰਤਰਜਾਮੀ ਪ੍ਰਭੂ ਦੀ ਪ੍ਰੇਰਣਾ ਹੋਵੇਗੀ! ਕਿਉਂਕਿ ਉਹ ਪ੍ਰੇਰਕਚੁ

ਪ੍ਰਾਣ ਨੂੰ ਉੱਪਰ ਦੀ ਤਰੰ ਲੈ ਜਾਂਦਾ ਹੈ ਅਤੇ
ਅਪਾਨ ਨੂੰ ਨੀਚੇ ਦੀ ਤਰੰ ਧਕਦਾ ਹੈ। ਕ: ਉ: ੨।੨।੩।

ਜੋ੍ਤਰ (ਕੰਨ) ਦਾ੍ਤਰ ਹੈ, ਮਨ ਦਾ ਮਨ ਤੇ ਬਾਣੀ ਦਾ ਭੀ ਬਾਣੀ ਹੈ, ਉਹੀ ਪ੍ਰਾਣ ਦਾ ਪ੍ਰਾਣ ਅਤੇ ਨੇਤ੍ਰ ਦਾ ਨੇਤ੍ਰ ਹੈ। ਕੇ: ਉ: ੧।੨।

ਇਤਿਆਦਿਕ੍ਤੀ ਪ੍ਰਮਾਣਾਂ ਅਨੁਸਾਰ, ਉਸਦੀ ਸਤਾ ਨੂੰ ਪਾ ਕੇ ਮਨੁ ਦ੍ਵਾਰਾ

ਸਭ ਵਿਵਹਾਰ ਹੁੰਦਾ ਹੈ ਕਿੰਤੂ ਅਗਿਆਨ ਨਾਲ ਮੋਹਿਤ ਅੰਤਹਕਰਣ ਵਾਲਾ ਮੈਂ ਕਰਦਾ ਹਾਂ ਇਉਂ ਮੰਨ ਬੈਠਦਾ ਹੈ। ਇਹ ਬਾਤ ਇਸੀ ਤਰ੍ਹਾਂ ਹੀ ਹੈ, ਇਸ ਲਈ ਜਿਸ ਪ੍ਰਕਾਰ ਉਹ ਪ੍ਰਭੂ ਇਸ ਬਾਣੀ ਤੋਂ ਕਹਾਵੇਗਾ, ਉਸੀ ਤਰ੍ਹਾਂ ਉਸਦੇ ਹੁਕਮ ਨਾਲ ਹੀ, ਤੂੰ ਭੀ ਸੁਣੀ ਜਾਵੀਂ। ਇਹ, ਇਸ ਵਿਵਿਹਾਰਕ ਦ੍ਰਿਟੀ ਨਾਲ ਭੀ ਸਰਬਦਾ ਨਿਰਦੋ ਹੈ ਅਤੇ ਪ੍ਰਮਾਰਥਿਕ ਦ੍ਰਿਟੀ ਅਨੁਸਾਰ ਤਾਂ ਇਸਨੂੰ ਦੋਾਂ ਦੀ ਗੰਧ ਭੀ ਸਪਰ ਨਹੀਂ ਕਰ ਸਕਦੀ ਕਿਉਂਕਿ ਇਹ ਅਸੰਗ ਹੋਣ ਦੇ ਕਾਰਣ ਹੀ ਨਿਰਵਿਕਾਰ ਹੈ।

ਪ੍ਰੰਤੂ ਜੋ ਪੁਰ ਇਸ ਨੂੰ ਰੀਰ ਹੀ ਸਮਝਦੇ ਹੋਣ ਅਰਥਾਤ ਮਨ, ਇੰਦ੍ਰੀਆਂ ਅਤੇ ਰੀਰ ਹੀ ਸੁਤੰਤ੍ਰ ਰੂਪ ਨਾਲ ਸਭ ਕੁਝ ਕਰਨ ਵਾਲੇ ਹਨ, ਉਨ੍ਹਾਂ ਦੇਹ-ਆਤਮਵਾਦੀ ਵਿਦ੍ਵਾਨਾਂ ਪਾਸੋਂ, ਉਨ੍ਹਾਂ ਦੀ ਦ੍ਰਿਟੀ ਮੁਤਾਬਿਕ ਇਹ ਖਿਮਾ ਮੰਗਦਾ ਹੈ ਕਿ ਜੇ ਕੋਈ ਦੋ ਇਸ ਦੇ ਕਥਨ ਵਿਚ ਹੋਵੇ ਤਾਂ ਮੁਆਂ ਕਰ ਦੇਣ!

**-ਹਰੀ**

**ਅਨੰਦਪੁਰ ਸਾਹਿਬ**
**੧ ਵੈਸਾਖ ਬਿ. ੨੦੦੫**

# ੧

# ਵੈਰਾਗ ਪ੍ਰਕਰਣ

## ✺ ਮੰਗਲਾਚਰਣ* ✺

ਸੋਏ ਅਵਿਦਾ ਨੀਂਦ ਮੇਂ, ਬਨਾ ਆਪ ਜੋ ਜੀਵ।
ਉਤਪਤਿ ਆਦਿ ਵਿਕਾਰ ਜੇ, ਨ ਸੰਕਲਪ ਬਿਨ ਸੀਵ[1]॥ ੧ ॥

ਜਾਗਯੋ ਅਪਨੀ ਸਿਮ੍ਰਿਤੀ, ਮੁਕਤੀ ਸੀ ਤਿਸ ਮਾਨ।
ਬੰਧ ਮੋਖ ਸੇ ਰਹਿਤ ਕੀ, ਨਹੀਂ ਪ੍ਰਾਪਤੀ ਆਨ[2]॥ ੨ ॥

ਭੇਦ ਅਭੇਦ ਸਮਾਧਿ ਭੀ, ਸਰਗੁਣ ਨਿਰਗੁਣ ਨਾਹਿ।
ਸਬਦ ਅਮਰ ਅਜ ਆਦਿ ਲੇ, ਵਿਵਸਥਾ ਨ ਤਿਸ ਮਾਹਿ॥ ੩ ॥

ਕਲਪੀ ਦ੍ਵੈਤ ਵਿਨਾਸ ਹਿਤ, ਸਾਸਤ੍ਰ ਸਬਦ ਬਨਾਇ।
ਉੜੀ ਦ੍ਵੈਤ ਅਦ੍ਵੈਤ ਕਹਾਂ, ਕਿਸ ਕੋ ਕੌਣ ਧਿਆਇ॥ ੪ ॥

ਅਧਾਰੋਪ[3] ਅਪਵਾਦ[4] ਬਿਨ, ਹੋਇ ਨ ਬ੍ਰਹਮ ਵਿਚਾਰ।
ਪਰ ਜੋ ਕਰੇ ਨ ਲਿਪਤ ਵਹ, ਸੁਪਨੇ ਜਿਉਂ ਵਿਵਹਾਰ॥ ੫ ॥

ਮੁਝ ਹੀ ਵਿਕਲਪਹੀਨ ਕੇ, ਬ੍ਰਹਮ ਜਗਤ ਦੋ ਨਾਮ।
**ਅਮਰ ਵਸਤੂ** ਸੁ ਗ੍ਰੰਥ ਰਚੂੰ, ਲੇਸ ਨ ਲੇਪ ਅਕਾਮ॥ ੬ ॥

---

* ਸੰਸਕ੍ਰਿਤ : ਮੰਗਲਾਚਰਣਮ – (ਸਫਲਤਾ ਪ੍ਰਾਪਤ ਕਰਨ ਦੇ ਉਦੇ ਨਾਲ) ਕਿਸੇ ਵੀ ਗ੍ਰੰਥ ਦੇ ਅਰੰਭ ਵਿੱਚ ਪੜ੍ਹੀ ਜਾਣ ਵਾਲੀ ਪ੍ਰਾਰਥਨਾ ਦੇ ਰੂਪ ਵਿੱਚ ਪ੍ਰਸਤਾਵਨਾ।

1. ਵਿ – ਕਲਾਣ ਸ੍ਵਰੂਪ (ਪ੍ਰਮਾਤਮਾ) 2. ਹੋਰ 3. ਕਲਪਨਾ 4. ਖੰਡਨ

## *ਵਿਜੋਗੀ ਦਾ ਵੈਰਾਗ ਅਤੇ ਪ੍ਰੀਤਮ ਦੀ ਪ੍ਰਾਪਤੀ ਲਈ ਤੜਪ*

ਪਿਆਰੇ ਹਰਿਸਿਮਰਨ! ਉਸ ਵਿਜੋਗੀ ਦਾ ਆਪਣੇ ਪ੍ਰੀਤਮ ਦੇ ਵਿਜੋਗ ਉਪ੍ਰੰਤ ਇਹ ਨਿਸਚਾ ਪੱਕਾ ਹੀ ਹੋ ਗਿਆ ਕਿ ਸਭ ਸੰਕਲਪਾਂ ਨੂੰ ਛੱਡਕੇ, ਹੁਣ ਮੈਂ ਇੱਕ ਉਸ ਪ੍ਰੀਤਮ ਦੀ ਖੋਜ ਹੀ ਕਰਨੀ ਹੈ ਜਿਸਦਾ ਫੇਰ ਕਦੇ ਵਿਜੋਗ ਨਾ ਹੋਵੇ। ਉਹ ਅਵਸਥਾ ਜੋ ਤੀਬਰ ਵੈਰਾਗ ਅਤੇ ਵਿਵੇਕ ਆਦਿ ਸਾਧਨਾ ਯੁਕਤ ਹੈ, ਇਸ ਪ੍ਰਕਾਰ ਦੀ ਦੇਖੀ ਹੈ –

ਇਹ ਵਿਨੀ, ਬੇ-ਰਸੇ ਅਤੇ ਕੇਵਲ ਪ੍ਰਤੀਤ ਦੇਣ ਵਾਲੇ ਪਦਾਰਥ ਮੈਨੂੰ ਅੱਛੇ ਹੀ ਨਹੀਂ ਲਗਦੇ। ਇਹ ਉੱਪਰੋਂ ਕੁੱਝ ਹੋਰ ਅਤੇ ਜੇ ਅੰਦਰੋਂ ਫੋਲ ਕੇ ਦੇਖੀਏ ਤਾਂ ਕੁਝ ਹੋਰ ਹੀ ਨਿਕਲਦੇ ਹਨ। ਅੱਜ ਤਾਈਂ ਧੋਖੇ ਵਿੱਚ ਫਸੇ ਰਹੇ ਪ੍ਰੰਤੂ ਜਦ ਹੁਣ ਇਨ੍ਹਾਂ ਦੀ ਅਸਲੀਅਤ ਦਾ ਪਤਾ ਲੱਗ ਗਿਆ ਹੈ ਤਾਂ ਫਿਰ ਹੁਣ ਇਨ੍ਹਾਂ ਬਦਲੇ ਕੌਣ ਖੁਆਰ ਹੁੰਦਾ ਫਿਰੇ? ਬੇਸਮਝ, ਨਾਲਾਇਕ ਮਨ! ਤੇਰੀ ਕੀਤੀ, ਤੇਰੇ ਹੀ ਪੇ ਆਈ। ਤੂੰ ਭੀ ਰੋ-ਰੋ ਇਨ੍ਹਾਂ ਉੱਤੇ ਹੀ ਡੁਲ੍ਹਦਾ ਰਿਹਾ ਹੈਂ। ਦੇਖੀ ਧੋਖੇਬਾਜੀ? ਦੇਖ ਲਿਆ ਮ੍ਰਿਗ-ਤ੍ਰਿਨਾ ਦਾ ਜਲ? ਇਹ ਹੁੰਦਾ ਹੈ ਸੁਪਨ ਪ੍ਰਪੰਚ! ਹੋਣਾ ਕੁਝ ਭੀ ਨਾ ਤੇ ਮਾਲੂਮ ਹੋਣਾ ਜਿਵੇਂ ਸੱਚਾ ਹੋਵੇ। ਜੋ ਸੁੰਦਰ, ਕੋਮਲ ਤੇ ਪਿਆਰਾ-ਪਿਆਰਾ ਦਿਖਦਾ ਸੀ, ਨਿਰਾ ਮਿੱਟੀ ਹੀ ਬਣ ਗਿਆ। ਨਾ ਹੱਥ ਹਿਲਦਾ, ਨਾ ਸਿਰ, ਨਾ ਬੁੱਲ੍ਹ ਤੇ ਨਾ ਹੀ ਸੋਹਣੀਆਂ-ਸੋਹਣੀਆਂ ਅੱਖੀਆਂ ਤੱਕਦੀਆਂ ਹਨ। ਇਕ ਪਿੰਜਰਾ ਹੀ ਰਹਿ ਗਿਆ ਤੇ ਸੁੰਦਰ ਪੰਛੀ, ਇੱਛਾ ਮੁਤਾਬਿਕ ਉਡਾਰੀ ਮਾਰ ਗਿਆ ਹੈ। ਪਿਆਰ ਤਾਂ ਉਸ ਨਾਲ ਹੀ ਸੀ, ਵਿੱਚ ਰਹਿੰਦਾ ਸੀ, ਸੋਹਣਾ ਜਾਣ ਕੇ ਕੋਲ ਆਉਂਦਾ, ਗੱਲਾਂ ਕਰਦਾ, ਹੱਸ-ਹੱਸ ਮਨ ਨੂੰ ਰੀਝਾਉਂਦਾ, ਪਿਆਰ ਕਰਦਾ, ਛੇੜਦਾ ਤੇ ਜੋ ਜੀਅ ਚਾਹੁੰਦਾ ਸੋਈ ਕਰਦਾ ਸੀ। ਹੁਣ ਪਿੰਜਰੇ ਨੂੰ ਦੇਖਾਂ ਕੀ ਅਤੇ ਕੋਲ ਕੀ ਜਾਵਾਂ, ਜਦ ਵਿੱਚ ਰਹਿਣ ਵਾਲਾ ਮਨ ਦਾ ਸਹਾਰਾ ਹੀ ਨਹੀਂ ਤਾਂ ਇਸ ਨਾਲ ਮੇਰਾ ਸੰਬੰਧ ਭੀ ਕੀ ਹੈ? ਇਸਦੇ ਨਾਲ ਜੋ ਮੈਂ ਸੰਬੰਧ ਮੰਨਿਆ ਹੋਇਆ ਸੀ, ਉਹ ਅਗਿਆਨ ਦੇ ਕਾਰਨ ਕੇਵਲ ਭ੍ਰਾਂਤੀ ਮਾਤ੍ਰ ਹੀ ਸੀ। ਇਹੋ ਜਿਹਾ ਹਾਲ ਸਾਰੇ ਹੀ ਸੰਸਾਰੀ ਪਦਾਰਥਾਂ ਦਾ ਹੈ। ਨਾ ਇਹ ਕਿਤਿਓਂ ਆਏ ਅਤੇ ਨਾ ਹੀ ਇਨ੍ਹਾਂ ਕਿਤੇ ਚਲੇ ਜਾਣਾ ਹੈ, ਇਹ

ਤਾਂ ਰੱਸੀ ਵਿੱਚ ਸੱਪ ਦਿਖਦਾ ਹੈ। ਕਰ ਹੈ ! ਇਥੋਂ ਹੀ ਖਹਿੜਾ ਛੁੱਟ ਗਿਆ ਪਰ ਇਹ ਸਾਰੀ ਕ੍ਰਿਪਾ ਪ੍ਰੇਮ ਦੀ ਹੈ। ਸੱਚਾ ਪ੍ਰੇਮ ਡੁੱਬਦਾ ਬੇੜਾ ਪਾਰ ਲਗਾ ਦਿੰਦਾ ਹੈ ਅਤੇ ਝੂਠਾ ਮੋਹ ਡੁਬੋ ਦਿੰਦਾ ਹੈ। ਜੇ ਨਿਕਾਮ ਪ੍ਰੇਮ ਨਾ ਹੁੰਦਾ ਤਾਂ ਮੈਨੂੰ ਉਸ ਵਰਗੇ ਹੋਰ ਥੋੜ੍ਹੇ ਸਨ ? ਪ੍ਰੰਤੂ ਨਹੀਂ, ਉਹ ਤਾਂ ਮੇਰੀ ਜਾਨ ਹੀ ਸੀ। ਉਸਦੇ ਸੰਜੋਗ ਨਾਲ ਮੇਰਾ ਦੁਨੀਆਂ ਨਾਲ ਸੰਜੋਗ ਸੀ ਤੇ ਉਸਦੇ ਵਿਜੋਗ ਨਾਲ ਹੀ ਮੇਰਾ ਸੰਸਾਰ ਤੋਂ ਵਿਜੋਗ ਹੈ। ਹੁਣ ਬਾਕੀ ਰਹਿੰਦਾ ਜੀਵਨ, ਉਸਦੀ ਤਲਾ ਵਿੱਚ ਹੀ ਲਾ ਦੇਣਾ ਹੈ। ਇਹ ਪਤਾ ਕਰਨਾ ਹੈ ਕਿ ਪਿੰਜਰੇ ਵਿੱਚ ਕਿਸ ਤਰ੍ਹਾਂ ਆਉਂਦਾ ਹੈ? ਆਉਂਦਾ ਕਿਉਂ ਹੈ ਅਤੇ ਲਿਆਉਣ ਵਾਲਾ ਕੌਣ ਹੈ ? ਜਾਂਦਾ ਕਿਸ ਤਰ੍ਹਾਂ ਹੈ ਅਤੇ ਜਾਂਦਾ ਕਿਉਂ ਹੈ ਅਤੇ ਲੈ ਕੌਣ ਜਾਂਦਾ ਹੈ ? ਜਦ ਤੱਕ ਉਸਦੀ ਅਸਲੀਅਤ ਦਾ ਪਤਾ ਨਹੀਂ ਲਗ ਜਾਂਦਾ ਤਦ ਤਕ ਇਹੋ ਹੀ ਧੋਖੇਬਾਜ਼ੀ ਰਹਿਣੀ ਹੈ। ਜੇ ਠੀਕ-ਠੀਕ ਉਸ ਦਾ ਪਤਾ ਲਗ ਜਾਵੇ ਫਿਰ ਉਸ ਛੁਪੇ ਹੋਏ ਠੱਗ ਦੇ ਕਾਬੂ ਨਹੀਂ ਆਵਾਂਗਾ। ਜਾਅਲਸਾਜ਼ੀ ਭੀ ਕੋਈ ਥੋੜ੍ਹੀ ਜਿਹੀ ਹੈ ? ਗੱਲਾਂ ਕਰਦਾ-ਕਰਦਾ ਚੁੱਪ ਹੋ ਗਿਆ ਤੇ ਚੰਗਾ ਭਲਾ ਦੇਖਦਾ-ਦੇਖਦਾ, ਦੇਖਣ ਤੋਂ ਹੀ ਹਟ ਗਿਆ ਹੈ। ਉਹ ਬੁਲਬੁਲ ਹੁਣ ਚਹਿਕਦੀ ਨਹੀਂ, ਉਹ ਕਬੂਤਰ ਹੁਣ ਗੁਟਕਦਾ ਨਹੀਂ, ਉਹ ਮੈਨਾ ਹੁਣ ਸੋਹਣੀਆਂ-ਸੋਹਣੀਆਂ ਗੱਲਾਂ ਨਹੀਂ ਕਰਦੀ, ਉਸ ਕੋਇਲ ਦੀ ਮਿੱਠੀ ਸੁਰ, ਸੁਣਾਈ ਨਹੀਂ ਦਿੰਦੀ ਅਤੇ ਉਹ ਚਕੋਰ ਹੁਣ ਚੰਦ੍ਰਮਾਂ ਨੂੰ ਤੱਕਦਾ ਨਹੀਂ। ਲੱਖਾਂ ਯਤਨ ਕੀਤੇ ਤੇ ਚਾਹੇ ਕਿੰਨੇ ਹੀ ਹੋਰ ਕਰੀਏ-ਨਾ ਇਸਨੇ ਬੋਲਣਾ ਹੈ ਅਤੇ ਨਾ ਹੀ ਇਸਨੇ ਦੇਖਣਾ ਹੈ। ਜੋ ਭੀ ਕੋਈ ਮੈਨੂੰ ਉਸਦੀ ਅਸਲੀਅਤ ਤੋਂ ਵਾਕੰ ਕਰਾ ਦੇਵੇ, ਤਨ ਉਸਦੀ ਸੇਵਾ ਵਿੱਚ ਲਾਵਾਂ, ਮਨ ਉਸਦੇ ਪ੍ਰੇਮ ਵਿੱਚ ਲੀਨ ਕਰਾਂ ਅਤੇ ਧਨ ਐਸ਼ਰਯ ਉਸ ਰਹਿਬਰ ਉੱਤੇ ਵਾਰ ਦੇਵਾਂ ! ਉਸ ਵਰਗਾ ਦਿਆਲੂ ਕੌਣ ਅਤੇ ਜੀਵਨ-ਦਾਤਾ ਹੋਰ ਕੌਣ ਹੋਸੀ ਜੋ ਮੈਨੂੰ ਉਸਦੇ ਵਿਜੋਗ ਨਾਲ ਸੜਦੇ ਹੋਏ ਨੂੰ ਸੂੱਛ ਅਤੇ ਸੀਤਲ ਸਰੋਵਰ ਵਿੱਚ ਪਾਵੇ।

ਉਸ ਨਟ ਦਾ ਭੇਦ, ਉਸ ਠਗ ਦਾ ਉਪਾਇ, ਉਸ ਡੰਗੇ ਹੋਏ ਦਾ ਮੰਤ੍ਰ ਤੇ ਉਸ ਪੰਛੀ ਦਾ ਜਾਲ, ਸਿਵਾਏ ਕਿਸੇ ਪੂਰਨ ਸੰਤ ਦੇ ਹੋਰ ਕਿਸੇ ਪਾਸ ਨਹੀਂ ਹੈ ਕਿਉਂਕਿ ਸੰਤਾਂ ਤੋਂ ਬਿਨਾਂ, ਸਾਰੇ ਹੀ ਜੀਵ ਉਸਦੀ ਠਗੀ ਵਿੱਚ ਆ ਰਹੇ ਹਨ। ਕੇਵਲ ਸੰਤ ਹੀ ਉਸਦੀ ਠਗੀ ਤੋਂ ਬਚ ਕੇ ਬੈਠੇ ਹਨ ਕਿਉਂਕਿ ਮਹਾਂਪੁਰ, ਉਸ ਲੁਟੇਰੇ ਦੇ ਵਾਕੰ , ਉਸਦੀ ਸਾਰੀ ਖੇਡ ਨੂੰ ਨਿਤਾ-ਪ੍ਰਤੀ ਦੇਖਦੇ ਅਤੇ ਉਸਦੇ ਕੋਲ ਹੀ ਵਸਦੇ

ਯਾਨੀ ਉਸ ਨਾਲ ਗੂੜ੍ਹਾ ਸੰਬੰਧ ਰਖਣ ਵਾਲੇ ਹਨ। ਇਸ ਲਈ ਕਿਸੇ ਪਰਮ ਕ੍ਰਿਪਾਲੂ, ਬੀਤ-ਰਾਗ (ਕਾਮਨਾ ਤੋਂ ਛੁੱਟੇ ਹੋਏ) ਇਸ ਤੱਤ੍ਵ ਦੇ ਵੇਤਾ (ਜਾਣਕਾਰ), ਇਸਥਿਤ- ਬੁੱਧੀ ਵਾਲੇ ਤੇ ਇੰਦ੍ਰੀਯ-ਜਿਤ, ਪੂਰਨ ਸਤਿਗੁਰੂ ਦੇਵ ਦੀ ਰਣ ਵਿੱਚ ਜਾਂਦਾ ਹਾਂ ਜੋ ਮੈਨੂੰ ਭਵਸਾਗਰ (ਸੰਸਾਰ) ਵਿਚ ਡੁਬੇ ਜਾਂਦੇ ਨੂੰ ਜਿਸ ਤਰ੍ਹਾਂ ਭੀ ਪਾਰ ਕਰਨ ਅਰਥਾਤ ਉਸ ਵਿਛੁੜੇ ਹੋਏ ਦਾ ਮਿਲਾਪ ਕਰਾ ਦੇਣ ਕਿਉਂਕਿ ਉਸਦਾ ਵਿਜੋਗ ਹੀ, ਇਹ ਸੰਸਾਰ ਰੂਪੀ ਸਮੁੰਦਰ ਹੈ ਜੋ ਅਨੰਤ ਸੰਕਲਪ ਤੇ ਵਿਕਲਪ ਰੂਪੀ ਤਰੰਗਾਂ ਸਹਿਤ ਠਾਠਾਂ ਪਿਆ ਮਾਰਦਾ ਹੈ।

ਜਿਸਦਾ ਪਿਆਰਾ ਹੀ ਵਿਛੁੜ ਗਿਆ, ਉਸ ਨਿਭਾਗੇ ਦਾ ਭੀ ਕੋਈ ਜੀਵਨ ਹੈ? ਆਪਣੇ ਪ੍ਰੀਤਮ ਨਾਲੋਂ ਤਾਂ ਪਹਿਲਾਂ ਤੁਰ (ਮਰ) ਜਾਣਾ ਚਾਹੀਦਾ ਹੈ ਕਿਉਂਕਿ ਵਿਛੋੜੇ ਦਾ ਤੀਰ ਕਲੇਜੇ ਨੂੰ ਅਜਿਹਾ ਵਿੰਨ੍ਹ ਦਿੰਦਾ ਹੈ ਜੋ ਨਾ ਮੌਤ ਆਉਂਦੀ ਹੈ ਅਤੇ ਨਾ ਹੀ ਜ਼ਿੰਦਗੀ ਸੁਖ ਦੀ ਰਹਿੰਦੀ ਹੈ। ਤੜਪ-ਤੜਪ ਕੇ ਜਾਨ ਖੁਸਦੀ ਹੈ ਨਾ ਹੀ ਜਿਉਂਦਿਆਂ ਵਿੱਚ ਤੇ ਨਾ ਹੀ ਮੋਇਆਂ ਵਿੱਚ ਰਹੀਦਾ ਹੈ।

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥** **(ਅੰਗ ੮੩)**

ਮੇਰਾ ਸਾਥੀ, ਮੇਰਾ ਪਿਆਰਾ ਮਿਤ੍ਰ ਜਦ ਇਸ ਦੁਨੀਆਂ ਨੂੰ ਛਡਕੇ ਚਲਾ ਗਿਆ ਤਾਂ ਮੈਨੂੰ ਇਹ ਸੰਸਾਰ ਕਿਸ ਤਰ੍ਹਾਂ ਚੰਗਾ ਲੱਗ ਸਕਦਾ ਹੈ ? ਇਹ ਮੈਨੂੰ ਵਿਖ (ਹਿਰ) ਦੇ ਤੁਲ ਭਾਸਦਾ ਅਤੇ ਅੱਗ ਵਾਂਗੂੰ ਸਾੜਦਾ ਹੈ। ਇਹ ਸੰਸਾਰ ਦੁਖਾਂ ਦਾ ਖਾਨਾ, ਬੱਦਲਾਂ ਦੀ ਛਾਂ, ਧੂੰਏਂ ਦਾ ਪਹਾੜ, ਬਾਜੀਗਰ ਦੀ ਬਾਜੀ, ਤਰੰਜ ਵਰਗੀ ਖੇਡ ਅਤੇ ਰੇਤ ਦਾ ਬਣਿਆ ਹੋਇਆ ਘਰ ਹੈ। ਜੇ ਇਹ ਸੱਚ-ਮੁੱਚ ਹੀ ਸੱਚਾ ਹੁੰਦਾ ਤਾਂ ਮੇਰਾ ਪਿਆਰਾ ਇਸ ਨੂੰ ਛੱਡਕੇ ਕਿਉਂ ਜਾਂਦਾ? ਇਹ ਮਾਇਆ ਦਾ ਛਲ ਹੈ ਜੋ (ਮਾਇਆ) ਤਿੰਨਾਂ ਗੁਣਾਂਸਤੋ, ਰਜੋ ਤੇ ਤਮੋ ਰੂਪ ਵਿੱਚ ਫੈਲੀ ਹੋਈ ਹੈ। ਜਿਸ ਭੀ ਰੂਪ (ਕਲ) ਤੇ ਨਾਮ (ਜੋ ਕਲਪਿਤ ਹਨ) ਵਿੱਚ ਇਹ ਦਿਖਦੀ ਹੈ, ਸੁਪਨ-ਪ੍ਰਪੰਚ ਦੀ ਤਰ੍ਹਾਂ ਪਰਿਣਾਮੀ ਤੇ ਅਸਤ ਹੈ-

**ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥**
**ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥**
**(ਅੰਗ ੨੩੭)**

**ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥**

**(ਅੰਗ ੨੩੭)**

ਅਵਿਨਾਸ਼ੀ ਤਾਂ ਉਹੀ ਹੋਇਆ ਜੋ ਇਸ ਝੂਠੇ ਸ਼ਰੀਰ ਨੂੰ ਇਉਂ ਛਡ ਕੇ ਚਲਾ ਗਿਆ ਜਿਉਂ ਸੱਪ ਕੁੰਜ ਨੂੰ ਤਿਆਗ ਕੇ ਨਿਕਲ ਜਾਂਦਾ ਹੈ। ਜਿਸ ਪ੍ਰਕਾਰ ਘਰ ਵਾਲਾ ਘਰ ਨੂੰ ਛਡ ਕੇ ਚਲਾ ਜਾਂਦਾ ਹੈ। ਉਹ ਅਜਰ ਤੇ ਅਮਰ ਹੈ, ਉਸ ਨੂੰ ਘਰਾਂ ਦਾ ਘਾਟਾ ਹੈ ? ਹੋਰ ਕਿਸੇ ਘਰ ਵਿੱਚ ਰਹਿਣ ਲੱਗ ਜਾਵੇਗਾ। ਪੁਰਾਣੇ ਬਸਤ੍ਰਾਂ ਨੂੰ ਲਾਹ ਕੇ ਸੁਟ ਦਈਦਾ ਹੈ ਤੇ ਨਵੇਂ ਪਹਿਨ ਲਈਦੇ ਹਨ। ਨਵੇਂ ਤੇ ਪੁਰਾਣੇ ਬਸਤ੍ਰਾਂ ਦਾ ਹੀ ਦੇਹ ਨਾਲ ਸੰਜੋਗ ਤੇ ਵਿਜੋਗ ਹੈ, ਦੇਹ ਦਾ ਨਹੀਂ। ਦੇਹ, ਭੀ, ਦੇਹਧਾਰੀ ਦਾ ਬਸਤ੍ਰ ਹੀ ਸੁਣਿਆ ਹੈ। ਅਨੰਤ ਹੀ ਜੀਰਣ (ਪੁਰਾਣੇ) ਹੋਏ ਬਸਤ੍ਰਾਂ ਨੂੰ ਉਤਾਰਦਾ ਅਥਵਾ ਤੇ ਅਨੰਤ ਹੀ ਨਵੇਂ ਬਸਤ੍ਰ ਪਹਿਨਦਾ ਹੈ। ਭਗਵਾਨ ਕ੍ਰਿਸ਼ਨ ਕਹਿੰਦੇ ਹਨ–

ਅਸਤ ਜੋ ਸ਼ਰੀਰ ਆਦਿ ਤੇ ਸਰਦੀ–ਗਰਮੀ ਆਦਿ ਦੁੱਖ ਤਥਾ ਉਨ੍ਹਾਂ ਦੇ ਜੋ ਕਾਰਨ ਹਨ, ਦਾ ਵਾਸਤਵ ਵਿੱਚ ਹੋਣਾਪਨ ਹੈ ਹੀ ਨਹੀਂ ਅਰਥਾਤ ਸਤ ਨਹੀਂ ਹਨ। ਉਸੇ ਤਰ੍ਹਾਂ ਸਤ ਜੋ ਆਤਮਾ ਹੈ, ਉਸਦਾ ਅਭਾਵ (ਨਾ ਹੋਣਾਪਨ) ਯਾਨੀ ਅਸਤ ਨਹੀਂ ਹੈ ਕਿਉਂਕਿ ਉਹ ਸਦਾ ਹੀ ਅਚਲ ਹੈ। ਇਸ ਪ੍ਰਕਾਰ ਸਤ ਤੇ ਅਸਤ ਇਨ੍ਹਾਂ ਦੋਹਾਂ ਦਾ ਨਿਰਣਯ, ਤੱਤ੍ਵਦਰਸ਼ੀ ਮਹਾਂਪੁਰਸ਼ਾਂ ਦੁਆਰਾ ਦੇਖਿਆ ਗਿਆ ਹੈ ਅਰਥਾਤ ਪ੍ਰਤੱਖ ਕੀਤਾ ਜਾ ਚੁਕਿਆ ਹੈ ਕਿ ਸਤ, ਸਤ ਹੀ ਹੈ ਅਤੇ ਅਸਤ, ਅਸਤ ਹੀ। ਇਸ ਪ੍ਰਕਾਰ ਦੇ ਕਥਨ ਅਨੁਸਾਰ, ਜਿਨ੍ਹਾਂ ਅਸੰਗ ਪੁਰਸ਼ਾਂ ਨੇ ਇਸ ਬਾਤ ਨੂੰ ਸਾਖਾਤ ਦੇਖਿਆ ਹੈ, ਉਨ੍ਹਾਂ ਤੋਂ ਬਿਨਾਂ ਮੈਨੂੰ ਬੇ ਸਮਝ ਨੂੰ ਇਸ ਪਰਮ ਗੁਹਜ (ਗੁਪਤ) ਤੱਤ੍ਵ ਨੂੰ ਕੌਣ ਸਮਝਾਵੇਗਾ? ਅਤੇ ਪ੍ਰਤੱਖ ਰੂਪ ਨਾਲ ਕੌਣ ਦਿਖਾ ਸਕੇਗਾ ? ਕਿਉਂਕਿ–

**ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥**
**ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ॥**

**(ਅੰਗ ੧੭੨)**

ਇਸ ਵਾਸਤੇ ਮੈਨੂੰ ਸੰਸਾਰ ਤੋਂ ਅਤੀਤ, ਦ੍ਰਿਸ਼ਟਾ , ਗੁਰੂਦੇਵ ਦੀ ਸ਼ਰਣ ਵਿੱਚ ਹੀ ਜਾਣਾ ਚਾਹੀਦਾ ਹੈ ਤਾਂ ਕਿ ਮੈਨੂੰ ਅਤੰਤ ਦੁੱਖ ਨਾਲ ਘੋਰ ਵਿਆਕੁਲ ਸ਼ੋਕ ਅਗਨੀ ਵਿੱਚ ਸੜੇ ਜਾਂਦੇ ਨੂੰ, ਆਪਣਾ ਪਵਿਤ੍ਰ ਮਹਾਂ–ਵਾਕ ਰੂਪੀ ਸੀਤਲ ਜਲ ਛਿੜਕ ਕੇ ਸ਼ਾਂਤੀ ਪਹੁੰਚਾਉਣ।

**ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ॥**

**(ਅੰਗ ੧੧੮)**

**ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ॥**
**ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ॥**

**(ਅੰਗ ੨੦੭)**

ਮੈਨੂੰ ਅਜਰ, ਅਮਰ, ਇੱਕ ਰਸ ਰਹਿਣ ਵਾਲੀ ਵਸਤੂ ਦਾ ਗਿਆਨ ਹੋ ਜਾਵੇ। ਉਸਦੀ ਪ੍ਰਾਪਤੀ ਲਈ ਮਨ ਨੂੰ ਮੈਂ ਰੋਕਾਂਗਾ ਅਤੇ ਇੰਦ੍ਰੀਆਂ ਨੂੰ ਕਾਬੂ ਕਰਾਂਗਾ। ਰਸਤਾ ਦਸਣ ਵਾਲੇ ਗੁਰੂ ਅਤੇ ਾਸਤ੍ਰ ਉੱਤੇ ਅਤੰਤ ਰਧਾ ਰੱਖਾਂਗਾ। ਚਿੱਤ ਨੂੰ ਉਪਦੇ ਵਿੱਚ ਏਕਾਗ੍ਰ ਕਰਾਂਗਾ। ਸੰਸਾਰ ਦੇ ਸਭ ਪਦਾਰਥਾਂ ਤੋਂ ਉਪਰਾਮ ਰਵ੍ਹਾਂਗਾ ਤੇ ਭੁੱਖ-ਪਿਆਸ, ਸਰਦੀ-ਗਰਮੀ ਆਦਿ ਜਿਤਨੇ ਭੀ ਦ੍ਵੰਦ ਹਨ, ਸਭ ਨੂੰ ਮੈਂ ਸਹਿਣ ਕਰਾਂਗਾ। ਜਿਸ ਤਰ੍ਹਾਂ ਭੀ ਹੋਵੇ, ਸਾਰੇ ਰੀਰਕ ਕਟ ਸਹਾਰਾਂਗਾ ਪ੍ਰੰਤੂ ਮੈਨੂੰ ਉਸ, ਦੇਹ ਵਿੱਚੋਂ ਨਿਕਲ ਕੇ ਚਲੇ ਗਏ ਪ੍ਰੀਤਮ ਦਾ ਦਰਨ ਹੋ ਜਾਵੇ।

ਵਿਛੋੜੇ ਦੇ ਤੀਰ ਨਾਲ ਘਾਇਲ ਹੋਏ ਨੂੰ ਮਿਲਾਪ ਦੀ ਮਲ੍ਹਮ ਬਿਨਾਂ, ਧਨ ਦੇ ਨਾਲ ਕੀ, ਮਿਤ੍ਰਾਂ ਨਾਲ ਕੀ, ਸੰਬੰਧੀਆਂ ਨਾਲ ਕੀ ਅਤੇ ਜਗਤ ਦੀ ਸਾਰੀ ਐ੍ਵਰਯ ਬਿਭੂਤੀ (ਸਾਮਾਨ) ਨਾਲ ਕੀ ਪ੍ਰਯੋਜਨ ਹੈ? ਹੇ ਮਨ! ਚਲ, ਉਸ ਕ੍ਰਿਪਾਲੂ ਅਨੁਭਵੀ ਵੈਦ ਦੀ ਮਿੰਨਤ ਕਰ, ਜਿਸਦੇ ਦਵਾਈਖਾਨੇ ਵਿਚੋਂ ਦੁੱਖ ਦੂਰ ਕਰਨ ਵਾਲੀ ਅਤੀ ਉੱਤਮ ਔਧੀ ਮਿਲਣੀ ਹੈ। ਛੱਡ! ਇਨ੍ਹਾਂ ਮਤਲਬਪ੍ਰਸਤਾਂ ਦਾ ਖਿਆਲ। ਕੋਈ ਬੁਲਾਉਂਦਾ ਹੈ ਤਾਂ ਅਪਣੇ ਮਤਲਬ ਲਈ, ਕੋਈ ਪਿਆਰ ਕਰਦਾ ਹੈ ਤਾਂ ਅਪਣੇ ਮਤਲਬ ਲਈ ਤੇ ਨੇੜੇ ਆਉਂਦਾ ਹੈ ਤਾਂ ਅਪਣੇ ਮਤਲਬ ਲਈ। ਜਿਸ ਤਰ੍ਹਾਂ ਭੀ ਕਿਸੇ ਦਾ ਅਪਣਾ ਪ੍ਰਯੋਜਨ ਸਿੱਧ ਹੁੰਦਾ ਹੋਵੇ, ਉਹੀ ਢੰਗ ਰਚਦਾ ਹੈ, ਬਿਨਾਂ ਮਤਲਬ ਤੋਂ ਕੋਈ ਕਿਸੇ ਨਾਲ ਸੰਬੰਧ ਰੱਖਦਾ ਹੀ ਨਹੀਂ ਹੈ! ਇਸ ਸਾਰੇ ਹੀ ਸੰਸਾਰ ਨੂੰ ਆਖਰੀ ਨਮਕਾਰ ਕਰਕੇ, ਕਰੁਣਾ ਦੇ ਸਮੁੰਦਰ, ਪੂਜਣਯੋਗ, ਵਿਕਾਰਹੀਨ, ਅਸੰਗ, ਮੁਕਤੀ ਦਾਤਾ, ਸੀਤਲ ਚਿਤ, ਸੰਤੋ੍ਮਣੀ ਗੁਰੂਦੇਵ ਵੱਲ ਮੂੰਹ ਕਰਕੇ ਤੁਰ ਅਤੇ ਉਨ੍ਹਾਂ ਦੇ ਪਵਿਤ੍ਰ ਚਰਨਾਂ ਵਿਚ ਜਾਕੇ ਡਿਗ!

੧

# ੨
# ਗੁਰੂ ਮਿਲਾਪ ਪ੍ਰਕਰਣ

## ਸਤਿਗੁਰੂ ਦੀ ਖੋਜ ਵਿੱਚ ਕਠਨਾਈ

ਵਿਆਕੁਲ, ਨਿਰਾਸਰੇ, ਡਾਵਾਂਡੋਲ, ਅਧੀਰ, ਸੰਯੁਕਤ ਅਤੇ ਉਦਾਸੀਨ ਚਿੱਤ ਵਾਲਾ ਇਹ ਕੋਈ ਤੁਰਿਆ ਜਾਂਦਾ ਹੈ। ਮੰਦਿਰ, ਗੁਰਦੁਵਾਰੇ, ਮਸਜਿਦਾਂ, ਸਾਧੂ-ਅਸਥਾਨ ਅਤੇ ਤੀਰਥਾਂ ਵਿੱਚ ਇੱਕ, ਦੋ ਯਾ ਤਿੰਨ ਦਿਨ ਰਹਿੰਦਾ ਤੇ ਗਲ-ਬਾਤ ਕਰਦਾ ਹੈ ਪ੍ਰੰਤੂ ਵ੍ਿਾਸਹੀਨ ਹੋ ਕੇ ਅੱਗੇ ਨਿਕਲ ਜਾਂਦਾ ਹੈ। ਨਾ ਮਾਲੂਮ ਇਹ ਕਿਹੜੀ ਵਸਤੂ ਨੂੰ ਭਾਲਦਾ ਹੈ ? ਇਉਂ ਜਾਪਦਾ ਹੈ ਜੋ ਕਿਸੇ ਦੀ ਖੋਜ ਪਿਆ ਕਰਦਾ ਹੋਵੇ। ਪਹਾੜਾਂ ਚੋਂ ਪਾਰਸ ਢੂੰਡਦਾ ਹੈ, ਸਮੁੰਦਰ ਵਿੱਚੋਂ ਸੁੱਚੇ ਮੋਤੀ ਤੇ ਰਤਨ ਟੋਲ੍ਹਦਾ ਹੈ, ਪੱਥਰਾਂ ਚੋਂ ਹੀਰੇ ਨੂੰ ਲਭਦਾ ਹੈ, ਬਨ ਦੇ ਅੰਦਰੋਂ ਰ ਤੇ ਕਲਪ-ਬ੍ਰਿਛ ਨੂੰ ਦੇਖਦਾ ਹੈ। ਸਰੋਵਰ ਤੋਂ ਹੰਸ ਨੂੰ ਖੋਜਦਾ ਹੈ ਤੇ ਕੱਚ ਵਿੱਚੋਂ ਮਣੀ ਦੀ ਪਛਾਨਣ ਦੀ ਕੋਂ ਕਰਦਾ ਹੈ। ਕਿਸੇ ਜੌਹਰੀ ਨੂੰ ਪਰਖਦਾ ਹੈ, ਵੈਦ ਦਾ ਤਜਰਬਾ ਦੇਖਦਾ ਹੈ, ਮੰਤ੍ਰੀ (ਅਤੀ ਸੂਝਵਾਨ) ਦੀ ਨਾਖਤ ਪਿਆ ਕਰਦਾ ਹੈ। ਤੀਰ-ਅੰਦਾ ਦਾ ਨਿਾਨਾ ਨਿਰਖਦਾ ਹੈ, ਸੌਦਾਗਰ ਬਣਿਆ ਚੀਂ ਦੇ ਭਾਅ ਪੁੱਛਦਾ ਹੈ। ਬ੍ਰਿਛ ਦੀ ਘਣੀ ਛਾਉਂ ਤੱਕਦਾ ਹੈ, ਪਿਆਸਾ ਹੋਣ ਕਰਕੇ ਸੀਤਲ ਜਲ ਦੇ ਚਮੇ ਨੂੰ ਤੜਫਦਾ ਹੈ। ਭੁੱਖਾ ਤਾਂ ਹੈ ਤਾਂ ਹੀ ਰੋਟੀ ਨੂੰ ਤਰਸਦਾ ਹੈ, ਦੁਖੀਆ ਹੈ ਤਾਂ ਹੀ ਸੁੱਖ ਨੂੰ ਚਾਹੁੰਦਾ ਹੈ ਅਤੇ ਦਲਿਦਰੀ (ਆਲਸੀ) ਹੋਣ ਕਰਕੇ ਧਨ ਲਈ ਦੀਨ ਹੋਇਆ ਫਿਰਦਾ ਹੈ।

ਉਦਾਰ-ਚਿੱਤ ਅਤੇ ਦਿਆਲੂ੍ਰੇਟ-ਪੁਰਾਂ ਨੇ ਰੋਗੀਆਂ ਦੇ ਰੋਗ ਨਿਵਿਰਤ ਕਰਨ ਖਾਤਰ ਭਾਰੀ ਪਰ੍ਰਿਮ (ਮਿਹਨਤ) ਪੂਰਬਕ ਹਸਪਤਾਲ ਬਣਾਏ ਹਨ, ਇਹ ਉਨ੍ਹਾਂ ਦਾ ਪਰਉਪਕਾਰ ਹੈ। ਬੜੇ ਅੱਛੇ ਨਿਯਮ, ਹਰ ਤਰ੍ਹਾਂ ਦੇ ਰੋਗਾਂ ਤੋਂ ਆਰਾਮ ਮਿਲਣ ਦੇ ਉਪਾਇ, ਉੱਤਮ ਤੋਂ ਉੱਤਮ ਦਵਾਈਆਂ, ਲਾਇਕ ਡਾਕਟਰਾਂ ਅਤੇ

ਜਿਸ ਵੀ ਕਿਸਮ ਦੀ ਸੇਵਾ ਤੇ ਸੇਵਾਦਾਰਾਂ ਦੀ ਲੋੜ ਪੈ ਸਕਦੀ ਹੋਵੇ, ਉਸ ਦਾ ਪੂਰਾ ਪ੍ਰਬੰਧ ਕੀਤਾ ਹੈ। ਉਨ੍ਹਾਂ ਕ੍ਰਿਪਾਲੂ, ਪਰਉਪਕਾਰੀ, ਹਿਤੈਸ਼ੀ ਪੁਰਾਂ ਦਾ ਇਹ ਉੱਦਮ, ਜੀਵਾਂ ਦੇ ਸੁੱਖ ਨਮਿੱਤ ਹੈ। ਪ੍ਰੰਤੂ ਅੱਗੇ ਪ੍ਰਬੰਧ ਕਰਨ ਵਾਲੇ ਤ੍ਰਿਨਾਲੂ ਪ੍ਰਬੰਧਕ ਅਤੇ ਨੌਕਰ ਹੀ ਜੇਕਰ ਮਾਲਿਕ ਦੀ ਅੰਤਰੀਵ ਭਾਵਨਾ ਦਯਾ ਅਤੇ ਉਪਕਾਰ ਨੂੰ ਆਪਣੇ ਮਲਿਨ ਚਿੱਤ ਦੀਆਂ ਵਾਨਾਵਾਂ ਦੀ ਪੂਰਤੀ ਕਰਨ ਲਈ, ਬਿਲਕੁਲ ਪਿੱਛੇ ਹਟਾ ਕੇ, ਆਪ ਹੀ ਸਭ ਕੁਝ ਬਣ ਬੈਠਣ ਤੇ ਮਾਲਿਕ ਦੇ ਬਣਾਏ ਕਾਨੂੰਨ ਮੁਤਾਬਿਕ ਰੋਗੀਆਂ ਦਾ ਠੀਕ ਇਲਾਜ ਨਾ ਕਰਨ ਤਾਂ ਰੋਗੀਆਂ ਦੀ ਦੁਰਦਾ ਹੀ ਹੋਣੀ ਹੋਈ ਨਾ ? ਇਹੋ ਜਿਹੇ ਸ੍ਵਾਰਥਪੂਰਣ, ਬੁਧੀਹੀਨ ਅਤੇ ਸ੍ਵਾਮੀ ਦੇ ਅਸਲੀ ਆਸ਼ੇ ਨੂੰ ਨਾ ਸਮਝਣ ਵਾਲੇ ਯਾਨੀ ਉਲਟ ਮਾਰਗ ਵਿਚ ਚਲੇ ਜਾ ਰਹੇ ਨੌਕਰ, ਦੁਖੀਆਂ ਨੂੰ ਕੀ ਸੁਖ ਦੇਣਗੇ? ਉਹ ਤਾਂ ਆਪ ਹੀ ਉਸੀ ਮਰ ਦੇ ਕਿਾਰ ਹੋਏ ਬੈਠੇ ਹਨ ਜੋ ਮਰੀਾਂ ਦੀ ਹੈ। ਇਸ ਲਈ, ਉਹ ਕਿਸੇ ਦੂਜੇ ਨੂੰ ਮਾਲਿਕ ਦੇ ਦਿਲ ਦੀ ਭਾਵਨਾ ਅਨੁਸਾਰ ਕੁੱਝ ਫਾਇਦਾ ਨਹੀਂ ਪੁਚਾ ਸਕਦੇ।

ਹੇ ਪ੍ਰਭੂ ! ਤਰਸ ਕਰ, ਤੂੰ ਦੁਖੀਆਂ ਦਾ ਸਹਾਇਕ ਹੈਂ, ਇਸ (ਵਿਜੋਗੀ) ਨਾਲੋਂ ਭੀ ਆਿਦਾ ਖਮੀ ਦਿਲ ਵਾਲਾ ਕੋਈ ਹੋਰ ਹੋਵੇਗਾ? ਇਸ ਨੂੰ ਕਿਸੇ ਨਿਕਾਮ, ਅਤੇ ਅਨੁਭਵੀ ਡਾਕਟਰ ਕੋਲ ਪਹੁੰਚਾ ਦੇ। ਵਿਚਾਰੇ ਦੀ ਮਲ੍ਹਮ-ਪਟੀ ਹੋ ਜਾਏ ਫਿਰ ਇਹ ਤੇਰੇ ਹੀ ਗੁਣ ਗਾਵੇਗਾ। ਤੇਰੀ ਇਮਦਾਦ (ਮਦਦ) ਤੋਂ ਬਿਨਾ, ਇਸ ਗਰੀਬ ਨੂੰ ਡਾਕਟਰ ਦੀ ਕੀ ਪਛਾਣ ਹੈ? ਇਸ ਦੁਖੀਏ ਨੂੰ ਨੇੜੇ ਵੀ ਕਿਸ ਲਗਣ ਦੇਣਾ ਹੈ? ਤੂੰ ਜਗਤ ਦਾ ਨਾਥ ਹੈਂ, ਤੇਰੇ ਦੁਆਰਾ ਭੇਜੇ ਹੋਏ ਇਸ ਮਰੀ ਨੂੰ ਉਹ ਬੜੇ ਹਿਤ ਨਾਲ ਪਾਸ ਰੱਖੇਗਾ ਤੇ ਠੀਕ-ਠੀਕ ਇਲਾਜ ਕਰੇਗਾ। ਇਸ ਨੂੰ ਕੀ ਪਤਾ ਹੈ ਲਾਲ ਦੀ ਕੀਮਤ ਦਾ? ਇਹ ਤਾਂ ਪਛਾਣ ਹੀ ਨਹੀਂ ਕਰ ਸਕਦਾ, ਕੀਮਤ ਕੀ ਪਾਵੇਗਾ ? ਬੜੇ ਬੜੇ ਜੌਹਰੀ ਜੋ ਸ੍ਵਸਥ ਚਿੱਤ ਵਾਲੇ ਹਨ, ਉਹ ਧੋਖਾ ਖਾ ਜਾਂਦੇ ਹਨ ਤੇ ਇਹ ਤਾਂ ਹੈ ਹੀ ਘਬਰਾਏ ਹੋਏ ਚਿੱਤ ਵਾਲਾ, ਇਸ ਦਾ ਠਗਿਆ ਜਾਣਾ ਸੁਭਾਵਿਕ ਹੈ? ਛੇ ਮਹੀਨੇ ਬੀਤ ਚੁੱਕੇ ਹਨ ਫਿਰਦੇ ਨੂੰ, ਇਹ ਭੀ ਤੇਰੀ ਹੀ ਕ੍ਰਿਪਾ ਹੋਈ ਜੋ ਚੁੱਪ-ਚਾਪ ਕੇਵਲ ਵਸਤੂ ਨੂੰ ਪਰਖਦਾ ਹੀ ਰਿਹਾ, ਜੇਕਰ ਰਾ ਭੀ ਕਿਤੇ ਆਪਣੇ ਆਪ ਨੂੰ ਗ੍ਰਾਹਕ ਰੂਪ ਵਿੱਚ ਪ੍ਰਗਟ ਕਰ ਦਿੰਦਾ ਤਾਂ ਹੁਣ ਨੂੰ ਕਈਆਂ ਦੁਆਰਾ ਛਲਿਆ ਗਿਆ ਹੁੰਦਾ ਤੇ ਪਿਆ ਅਪਣੇ ਕਰਮਾਂ ਨੂੰ ਰੋਂਦਾ। ਥਾਂ-ਥਾਂ ਠੱਗਾਂ

ਦੇ ਅੱਡੇ ਬਣੇ ਹੋਏ ਹਨ ਅਤੇ ਬੜੇ ਠਾਠ-ਬਾਠ ਸੰਯੁਕਤ ਗੁਰੂ ਬਣੇ ਬੈਠੇ ਹਨ। ਉੱਪਰਲੀ ਦਿਖਾਊ ਬਣਾਵਟ ਵੱਲ ਦੇਖ ਕੇ ਹੀ, ਬੁਧੀਮਾਨ ਭੀ ਉਨ੍ਹਾਂ ਦੀ ਜਾਅਲਸਾਜ਼ੀ ਵਿੱਚ ਫਸ ਜਾਂਦੇ ਹਨ ਅਤੇ ਅਣਜਾਣਾਂ ਦੀ ਤਾਂ ਗੱਲ ਹੀ ਕੀ ਹੈ?

ਜਦ ਇਨਸਾਨ ਕਿਸੇ ਵਸਤੂ ਦੀ ਤਲਾ ਵਿੱਚ ਪ੍ਰਵਿਰਤ ਹੁੰਦਾ ਹੈ ਉਦੋਂ ਜਿਨ੍ਹਾਂ ਕਟਾਂ ਦਾ ਅਨੁਭਵ ਉਸ ਨੂੰ ਕਰਨਾ ਪੈਂਦਾ ਹੈ, ਉਹੀ ਜਾਣਦਾ ਹੈ! ਇਸ ਦੁਖੀਏ ਨੂੰ ਨਾ ਖਾਣਾ-ਪੀਣਾ ਸੁੱਝਦਾ ਹੈ, ਨਾ ਸੌਣਾ, ਆਰਾਮ ਤਾਂ ਕਿਤੇ ਰਿਹਾ। ਪਤਾ ਨਹੀਂ! ਕਿਹੜੇ ਖੂਹ ਵਿੱਚ ਜਾ ਪਿਆ ਹੈ? ਬੇਚੈਨੀ ਨੇ ਡੇਰੇ ਲਾਏ ਹੋਏ ਹਨ ਤੇ ਵਿਛੋੜੇ ਰੂਪੀ ਬਿਪਤਾ ਸਿਰ ਤੇ ਸਵਾਰ ਹੋ ਚੁੱਕੀ ਹੈ। ਕਿਸੇ ਦੇ ਮਿਲਣ ਦੀ ਇੱਛਾ ਇਉਂ ਸਤਾ ਰਹੀ ਹੈ ਜਿਉਂ ਮਾਰੂਥਲ ਭੂਮੀ ਵਿੱਚ ਧੁਪ ਨਾਲ ਤਪੇ ਹੋਏ ਪਿਆਸੇ ਜੀਵ ਨੂੰ, ਪ੍ਰਾਣਾਂ ਦੀ ਰੱਛਿਆ ਲਈ ਪਾਣੀ ਦੀ ਇੱਛਾ ਵਿਆਕੁਲ ਕਰਦੀ ਹੈ। ਦੇਖੀਏ, ਇਸ ਰਾਹੀ ਨੂੰ ਮੰਜ਼ਿਲ ਕਿਵੇਂ ਤੇ ਕਦੋਂ ਮਿਲਦੀ ਹੈ?

ਅਸਲ ਬਾਤ ਤਾਂ ਇਹ ਹੈ ਕਿ ਬਾਹਰਮੁਖ ਬ੍ਰਿਤੀ ਵਾਲੇ ਦੰਭੀਆਂ ਦੀਆਂ ਲਾਲਚੀ ਕਰਤੂਤਾਂ ਨੇ ਸਚਾਈ ਨੂੰ ਛੁਪਾਇਆ ਹੋਇਆ ਹੈ ਅਰਥਾਤ ਅਤੰਤ ਕਾਮਨੂਨ, ਅੰਤਰਮੁਖ, ਉਪਰਾਮ ਅਤੇ ਪ੍ਰਭੂ ਨਾਲ ਅਭੇਦ ਸਤਿਕਾਰਯੋਗ ਜੋ ਸੰਤ ਹਨ, ਉਨ੍ਹਾਂ ਸਤਿ-ਪੁਰਾਂ ਨਾਲ ਪਾਖੰਡੀਆਂ ਦੀ ਉੱਪਰਲੀ ਭਾ (ਦਿੱਖ) ਮਿਲਦੀ ਹੋਣ ਦੇ ਕਾਰਣ, ਪਛਾਣ ਵਿੱਚ ਧੋਖਾ ਲੱਗ ਜਾਂਦਾ ਹੈ। ਸੱਚ ਅਤੇ ਝੂਠ ਇੱਕ-ਮਿੱਕ ਹੋ ਕੇ, ਇੱਕੋ ਥਾਲ ਵਿੱਚ ਪਏ ਹੋਏ ਹਨ। ਕੋਈ ਅਤੀ ਨਿਰਮਲ ਤੇ ਤੀਬਰ ਬੁੱਧੀ ਵਾਲਾ ਪਾਰਖੂ ਹੀ, ਨਕਲੀ ਪੱਥਰ ਨੂੰ ਛੱਡ ਕੇ ਅਸਲੀ ਲਾਲ ਨੂੰ ਵਿੱਚੋਂ ਉਠਾ ਸਕਦਾ ਹੈ। ਭੇਖਾਂ ਦੇ ਅਭਿਮਾਨ ਵਿੱਚ ਗਰਕ ਹੋਏ ਮਨੁਖਾਂ ਵਿੱਚੋਂ, ਸਤਿਗੁਰੂ ਦੀ ਖੋਜ ਕਰਨੀ ਅਤੰਤ ਕਠਨ ਹੋ ਰਹੀ ਹੈ। ਇਸ ਗੱਲ ਨੂੰ ਕਬੀਰ ਜੀ ਭੀ ਆਪਣੇ ਬਚਨਾਂ ਦੁਆਰਾ ਵਰਨਣ ਕਰਦੇ ਹਨ-

**ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ॥**
**ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥**
**ਹਰਿ ਬਿਨੁ ਭਰਮਿ ਭੁਲਾਨੇ ਅੰਧਾ॥**
**ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥੧॥ ਰਹਾਉ॥**
**ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ॥**

**ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ॥**
**ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ॥**
**ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ॥**
**ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ॥**
**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥**

**(ਅੰਗ ੩੩੪)**

ਮਤਲਬ ਇਹ ਕਿ ਹਠ-ਯੋਗ ਵਾਲੇ ਗੋਰਖ-ਮਤ ਦੇ ਜੋਗੀ ਕਹਿੰਦੇ ਹਨ ਕਿ ਸਾਡਾ ਹੀ ਭੇਖ ਅਤੀ ਉੱਤਮ ਹੈ। ਰੁੰਡਾਂ ਵਾਲੇ ਭੈਰੋਂ-ਮਤ ਦੇ ਲੋਕ, ਦਾੜ੍ਹੀ ਮੁੱਛਾਂ ਆਦਿ ਰੋਮਾਂ ਨੂੰ ਕਟਾਉਣ ਵਾਲੇਂ ਕਰ-ਮਤ ਦੇ ਲੋਕ, ਅਲਖ-ਅਲਖ ਅਵਾ ਦੇ ਕਰਨਹਾਰੇ, ਲਕਾਂ ਨੂੰ ਉੱਨ ਦੇ ਰੱਸੇ ਲਪੇਟੇ ਹੋਏ ਤੇ ਹੱਥਾਂ ਵਿੱਚ ਖੱਪਰ ਰਖਣ ਵਾਲੇ ਦੱਤ-ਮੱਤ ਦੇ ਲੋਕ, ਇਹ ਸਾਰੇ ਕਹਿੰਦੇ ਹਨ ਕਿ ਅਸੀਂ ਆਪਣੇ ਉੱਤਮ ਭੇਖ ਦੁਆਰਾ ਹੀ ਕਲਾਣ ਪਾਈ ਹੈ। ਮਤਲਬ ਕਿ ਸਾਡੇ ਇਸ ਭੇਖ ਤੋਂ ਬਿਨਾਂ ਕਲਾਣ ਹੋ ਹੀ ਨਹੀਂ ਸਕਦੀ। ਪ੍ਰੰਤੂ ਕਬੀਰ ਜੀ ਕਹਿੰਦੇ ਹਨ ਕਿ ਇਹ ਸਭ, ਪ੍ਰਭੂ ਨੂੰ ਭੁੱਲੇ ਹੋਏ ਲੋਕਾਂ ਦਾ ਵਿਅਰਥ ਅਭਿਮਾਨ ਹੈ ਅਰਥਾਤ ਹਰੀ ਨਾਮ ਦੇ ਜਾਪ ਬਿਨਾਂ, ਕੇਵਲ ਭੇਖ ਨੂੰ ਹੀ ਕਲਾਣ ਦਾ ਸਾਧਨ ਮੰਨਣ ਵਾਲੇ, ਵਿਚਾਰ-ਨੇਤ੍ਰਾਂ ਤੋਂ ਹੀਨ, ਭੁਲੇਖੇ ਵਿੱਚ ਪਏ ਹੋਏ ਹਨ। ਇਸ ਲਈ, ਜਿਸ ਭੇਖ ਵਾਲੇ ਪਾਸ, ਆਪਣੇ ਨੂੰ ਬੰਧਨ ਤੋਂ ਛੁਡਾਉਣ ਖਾਤਰ ਯਾਨੀ ਮੁਕਤੀ ਵਾਸਤੇ ਮੈਂ ਗਿਆ (ਅਥਵਾ ਕੋਈ ਹੋਰ ਜਾਵੇ) ਉਹ ਆਪ ਹੀ ਕਿਸੇ ਨਾਂ ਕਿਸੇ ਬੰਧਨ ਵਿੱਚ ਅੱਛੀ ਤਰ੍ਹਾਂ ਫਸਿਆ ਹੋਇਆ ਮਿਲਿਆ ਤਾਂ ਉਸਨੇ ਜਗਾਸੂ ਨੂੰ ਬੰਧਨ ਵਿੱਚੋਂ ਕੀ ਛੁਡਾਉਣਾ ਹੈ? ਉਲਟਾ, ਜਿਸ ਕਰਮਕਾਂਡ ਰੂਪੀ ਫਾਹੀ ਨਾਲ ਆਪ ਜਕੜਿਆ ਹੋਇਆ ਹੁੰਦਾ ਹੈ, ਉਸੀ ਨਾਲ ਰਣ ਆਏ ਜਗਾਸੂ ਨੂੰ ਭੀ ਜਕੜ ਲੈਂਦਾ ਹੈ। ਤਿਲਕ ਇਸ ਤਰ੍ਹਾਂ ਦਾ ਕਰਨਾ ਹੈ, ਮਾਲਾ ਇਸ ਚੀ ਦੀ ਰੱਖਣੀ ਹੈ, ਨਮਕਾਰ ਇਸ ਆਵਾ ਨਾਲ ਕਰਨੀ ਹੈ, ਬਸਤ੍ਰ ਚਿੱਟੇ, ਪੀਲੇ, ਕਾਲੇ ਜਾਂ ਭਗਵੇਂ ਰੰਗ ਵਾਲੇ ਪਹਿਨਣੇ ਹਨ, ਮੰਤ੍ਰ ਇਹ ਜਪਣਾ ਹੈ ਤੇ ਇਹ ਨਹੀਂ, ਇਤਿਆਦਿ ਬੰਧਨਾਂ ਵਿੱਚ ਪਾ ਦਿੰਦਾ ਹੈ। ਇਸੀ ਪ੍ਰਕਾਰ ਮੁਕਤੀ ਵਾਸਤੇ ਜਦ ਪੰਡਿਤ ਆਦਿ ਲੋਕਾਂ ਪਾਸ ਜਾਈਏ ਤਾਂ ਉਹ ਆਪਣੀ ਪੰਡਿਤਾਈ ਵਿੱਚ, ਕਵੀ ਕਾਵਿ ਗੁਣਾਂ ਵਿੱਚ,

ਸੂਰਮੇ ਲੋਕ ਸੂਰਮਤਾਈ ਵਿੱਚ ਅਤੇ ਦਾਤਾ ਲੋਕ ਦਾਤਾਪਣੇ ਦੇ ਅਭਿਮਾਨ ਵਿੱਚ ਗਰਕ ਹੋਏ ਪਏ ਹਨ। ਪ੍ਰੰਤੂ ਕਬੀਰ ਜੀ ਕਹਿੰਦੇ ਹਨ ਕਿ ਮੈਂ ਚਿੱਤ ਵਿੱਚ ਇਹ ਨਿਸਚਾ ਕਰਦਾ ਹਾਂ ਕਿ ਜਿਸ ਪੁਰ ਦੇ ਹਿਰਦੇ ਵਿੱਚੋਂ ਮੈਂ ਜੋਗੀ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ ਤੇ ਮੈਂ ਸਿੱਖ ਹਾਂ ਆਦਿ ਅਭਿਮਾਨ ਦੂਰ ਹੋ ਜਾਵੇਗਾ, ਕੇਵਲ ਉਹੀ ਪੁਰ ਅਗਿਆਨਮਈ ਉਪਾਧੀਆਂ ਤੋਂ ਰਹਿਤ ਹੋਇਆ, ਆਪਣੇ ਨਿਰਵਿਕਾਰ ਸ੍ਵਰੂਪ ਵਿੱਚ ਸਮਾਵੇਗਾ। ਪ੍ਰੰਤੂ ਇਸ ਬਰਬਾਦ ਕਰ ਦੇਣ ਵਾਲੇ ਅਭਿਮਾਨ ਦਾ ਤਿਆਗ, ਈ੍ਰਰ ਦੀ ਕ੍ਰਿਪਾ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਉਹ ਕ੍ਰਿਪਾਲੂ ਪ੍ਰਭੂ ਹੀ, ਜਦੋਂ ਗੁਰੂ ਮੂਰਤੀ ਵਾਲਾ ਹੋ ਕੇ, ਯਥਾਰਥ ਉਪਦੇ ਦ੍ਵਾਰਾ ਗਿਆਨ ਯੁਕਤ ਕਰ ਦੇਵੇਗਾ ਉਦੋਂ ਹੀ ਇਹ ਜਗਯਾਸੂ ਅਭਿਮਾਨ ਤੋਂ ਰਹਿਤ ਹੋਇਆ, ਆਪਣੇ ਸ੍ਵਰੂਪ ਵਿੱਚ ਲੀਨ ਹੋ ਸਕੇਗਾ। ਸਤਿਗੁਰੂ ਦੇ ਤੱਤ੍ਵ- ਉਪਦੇ ਨਾਲ ਹੀ ਜਗਾਸੂ ਦਾ ਅਗਿਆਨ ਰੂਪੀ ਅੰਧੇਰਾ ਨਟ ਹੋਵੇਗਾ। ਉਸ ਅੰਧਕਾਰ ਦੇ ਵਿਨਾ ਹੋਣ ਨਾਲ, ਆਤਮ ਰੂਪੀ ਰਤਨ ਦੀ ਪ੍ਰਾਪਤੀ ਹੁੰਦੀ ਹੈ। ਯਾਨੀ ਉਹ ਅਲੌਕਿਕ ਪ੍ਰਕਾ-ਮਈ ਰਤਨ, ਇਸ ਜੁਗਤੀ ਨਾਲ ਹੀ ਪਾਈਦਾ ਹੈ ਅਰਥਾਤ ਗੁਰੂ ਦ੍ਵਾਰਾ ਹੀ ਪ੍ਰਾਪਤ ਕਰੀਦਾ ਹੈ।

ਗੁਰੂ ਉਪਦੇ ਮੁਤਾਬਿਕ ਸਭ ਪਾਸਿਆਂ ਤੋਂ ਖਿਆਲ ਨੂੰ ਰੋਕ ਕੇ, ਜਿਸ ਤਰ੍ਹਾਂ ਕੋਈ ਸਾਮ੍ਹਣੇ ਦਿਖ ਰਹੀ ਵਸਤੂ ਦੀ ਪ੍ਰਾਪਤੀ ਲਈ ਤੁਰਿਆ ਹੋਇਆ ਮਨੁ, ਸੱਜੇ ਜਾਂ ਖੱਬੇ ਦੀਆਂ ਚੀਂ ਵੱਲ ਨਾ ਧਿਆਨ ਦਿੰਦਾ ਹੋਇਆ, ਸਿੱਧਾ ਹੀ ਚਲੀ ਜਾਂਦਾ ਹੈ, ਉਸੀ ਤਰ੍ਹਾਂ ਬਦ-ਸਪਰ ਆਦਿ ਵਿ ਤਥਾ ਕਾਮ-ਕ੍ਰੋਧ ਆਦਿ ਸਭ ਵਿਕਾਰਾਂ ਨੂੰ ਛੱਡਕੇ ਆਤਮਾ ਵਿੱਚ ਹੀ ਇੱਕ-ਰਸ, ਦ੍ਰਿੜ ਇਸਥਿਤੀ ਵਾਲਾ ਹੋ ਕੇ ਰਹਿੰਦਾ ਹੈ ਤਾਂ ਅਲੌਕਿਕ ਆਨੰਦ ਦੇ ਰਸ ਵਿੱਚ, ਇਹ ਅਧਿਕਾਰੀ ਮਤਵਾਲਾ ਹੋ ਜਾਂਦਾ ਹੈ। ਉਹ ਅਕਹਿ ਆਨੰਦ, ਬਾਣੀ (ਜ਼ੁਬਾਨ) ਦ੍ਵਾਰਾ ਕਿਸ ਤਰ੍ਹਾਂ ਕਥਨ ਕੀਤਾ ਜਾਵੇ ? ਕਿਉਂਕਿ ਉਹ ਤਾਂ ਗੂੰਗੇ ਦੇ ਖਾਧੇ ਹੋਏ ਗੁੜ ਵਾਂਗੂੰ ਹੀ ਹੈ। ਇਸ ਪ੍ਰਕਾਰ ਦੀ ਇਸਥਿਤੀ ਵਾਲਾ ਜੋ ਕੋਈ ਹੋ ਜਾਂਦਾ ਹੈ, ਉਹੀ ਪੂਰਾ ਸਤਿਗੁਰੂ ਹੈ। ਉਹ ਸਭ ਬੰਧਨਾਂ ਤੋਂ ਆਪ ਛੁਟਿਆ ਹੋਇਆ ਹੈ ਅਤੇ ਆਪਣੀ ਰਣ ਆਏ ਜਗਾਸੂ ਨੂੰ ਭੀ ਸਭ ਪ੍ਰਕਾਰ ਦੇ ਬੰਧਨਾਂ ਤੋਂ ਛੁਡਾ ਕੇ ਮੁਕਤ ਕਰ ਦਿੰਦਾ ਹੈ-

**ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥**

**(ਅੰਗ ੧੩੦੧)**

ਇਸ ਜਗ੍ਹਾ ਕਬੀਰ ਜੀ ਦਾ ਮਤਲਬ ਕਿਸੇ ਭੇਖ, ਕਿਸੇ ਸੰਪ੍ਰਦਾਇ ਜਾਂ ਉਸ ਦੀ ਰੀਤੀ, ਰਸਮ, ਨਿਯਮ ਜਾਂ ਮਰਿਆਦਾ ਨੂੰ ਬੁਰਾ ਕਹਿਣ ਦਾ ਨਹੀਂ ਹੈ, ਕਿੰਤੂ ਖੰਡਨ ਇਸ ਗੱਲ ਦਾ ਹੈ ਕਿ ਜਿਸ ਤਰ੍ਹਾਂ ਦੀ ਬਾਹਰੋਂ ਦਿਖਾਵਟ ਬਣਾਵਟ ਹੈ, ਉਸੀ ਦੇ ਯੁਕਤ ਚਿੱਤ ਕਿਉਂ ਨਹੀਂ ਹੈ ? ਚਿੱਤ ਸੰਸਾਰ ਦੇ ਪਦਾਰਥਾਂ ਨਾਲ ਬੱਝਿਆ ਹੋਇਆ ਇਉਂ ਲਟਕ ਰਿਹਾ ਹੈ ਜਿਉਂ ਕਿਸੇ ਨੂੰ ਗਲ ਵਿੱਚ ਰੱਸੀ ਪਾ ਕੇ ਬ੍ਰਿਛ ਨਾਲ ਟੰਗਿਆ ਜਾਵੇ। ਉਸ ਹਾਲਤ ਵਿਚ ਪੈਰਾਂ ਦਾ ਸੰਬੰਧ ਮੀਨ ਨਾਲ ਨਾ ਹੋਣ ਕਰਕੇ, ਉਹ ਬਾਂਛਤ ਵਸਤੂ ਦੀ ਪ੍ਰਾਪਤੀ ਲਈ ਇਕ ਕਦਮ ਭੀ ਨਹੀਂ ਪੁੱਟ ਸਕਦਾ ਤਾਂ ਫਿਰ ਪ੍ਰਭੂ ਮਾਰਗ ਵਿੱਚ ਉਸਦਾ ਗਮਨ ਕਿਸ ਤਰ੍ਹਾਂ ਹੋ ਸਕਦਾ ਹੈ? ਜੋ ਕੇਵਲ ਬਾਹਰਲੇ ਚਿੰਨ੍ਹਾਂ ਨੂੰ ਧਾਰਕੇ ਹੀ ਕ੍ਰਿਤ-ਕ੍ਰਿਤ ਹੋ ਰਿਹਾ ਹੋਵੇ ਯਾਨੀ ਇਨ੍ਹਾਂ ਤੋਂ ਭਿੰਨ ਕੁਝ ਭੀ ਕਰਨਾ ਬਾਕੀ ਨਹੀਂ ਰਿਹਾ, ਇਹ ਸਮਝਕੇ ਅੰਦਰੋਂ ਸੰਸਾਰੀ ਵਾਨਾਵਾਂ ਨਾਲ ਬੱਝਿਆ ਪਿਆ ਹੋਵੇ, ਉਸਦੀ ਮੁਕਤੀ ਕਿਵੇਂ? ਇਸ ਲਈ ਕਾਮਨਾਵਾਂ, ਕ੍ਰਿਯਾਵਾਂ ਅਤੇ ਮਜ਼੍ਹਬਾਂ ਦਾ ਅਧਾਸ (ਲਗਾਉ) ਛੱਡਕੇ ਸਿਰਫ ਪ੍ਰਭੂ ਨਾਮ ਦਾ ਸਹਾਰਾ ਲੈ ਕੇ, ਉਸ ਪਰਮਪਦ ਦੀ ਪ੍ਰਾਪਤੀ ਲਈ ਯਤਨੀਲ ਹੋ ਜਾਣਾ ਚਾਹੀਏ ਕਿਉਂਕਿ ਕਲਯਾਣ ਮਾਰਗ ਵਿੱਚ ਜਿਸ ਤਰ੍ਹਾਂ ਇਛਾਵਾਂ ਪ੍ਰਤੀਬੰਧਕ ਹਨ, ਉਸੀ ਪ੍ਰਕਾਰ ਭੇਖਾਂ ਦਾ ਅਭਿਮਾਨ ਭੀ ਰੁਕਾਵਟ ਹੈ। ਬਾਹਰਲੇ ਭੇਖ ਤਾਂ ਚਿੰਨ੍ਹ, ਅਲਗਤਾ, ਵਖਰੇਵੇਂ ਆਦਿ ਦੀ ਪਛਾਣ ਤੋਂ ਬਿਨਾਂ, ਹੋਰ ਕੁਝ ਭੀ ਕਰਨ ਵਾਲੇ ਨਹੀਂ ਹਨ। ਇਨ੍ਹਾਂ ਚਿੰਨ੍ਹਾਂ ਨੂੰ ਅਤੇ ਦੇਹ ਆਦਿ ਪ੍ਰਪੰਚ ਨੂੰ ਜੋ ਮ੍ਰਿਗ-ਜਲ ਵਾਂਗੂੰ ਅਨਿੱਤ (ਝੂਠਾ) ਸਮਝਣ ਵਾਲਾ ਹੈ, ਉਹੀ ਮੁਕਤ ਹੋਇਆ-ਹੋਇਆ ਕੋਈ ਵਿਰਲਾ ਮਹਾਂਪੁਰ ਹੈ। ਜਗਾਸੂ ਜਨ ਉਸਦੀ ਰਣ ਗ੍ਰਹਿਣ ਕਰਨ, ਉਹ ਨਿਚੇ ਹੀ ਬੰਧਨ ਤੋਂ ਮੁਕਤ ਕਰ ਦੇਵੇਗਾ ਕਿਉਂਕਿ ਉਹ ਜਗਤ ਅਤੇ ਪ੍ਰਭੂ ਨੂੰ ਇੱਕ ਰੂਪ ਵਿੱਚ ਅਨੁਭਵ ਕਰਨ ਵਾਲਾ ਯਾਨੀ ਹਰ ਪ੍ਰਕਾਰ ਦਾ ਭੇਦ-ਭਾਵ ਤੋੜ ਕੇ, ਪ੍ਰਭੂ ਨਾਲ ਅਭੇਦ ਹੋ ਚੁੱਕਿਆ ਹੁੰਦਾ ਹੈ।

**ਪ੍ਰ ਨ** : ਕਾਮਲ ਗੁਰੂ ਦੀ ਖੋਜ ਦਾ ਤਰੀਕਾ ਕੀ ਹੋਣਾ ਚਾਹੀਏ ? ਇਸ ਵਿੱਚ ਵੱਡੀ ਕਠਨਾਈ ਹੈ ਕਿਉਂਕਿ ਨਿੰਦ੍ਰਾ ਵਿੱਚ ਸੁੱਤਾ ਹੋਇਆ ਮਨੁ (ਅਗਿਆਨੀ,

ਜੀਵ), ਜਾਗਦੇ ਮਨੁ (ਗਿਆਨੀ, ਗੁਰੁ) ਨੂੰ ਨਹੀਂ ਜਾਣ ਤੇ ਦੇਖ ਸਕਦਾ।

**ਉੱਤਰ** : ਸਤਿਗੁਰੂ ਦੀ ਭਾਲ ਕਰਨ ਦੀ ਲੋੜ ਨਹੀਂ ਹੈ। ਲੋੜ ਹੈ ਤਾਂ ਕੇਵਲ ਇਹੀ ਕਿ ਪ੍ਰਭੂ ਦਰਨ ਲਈ ਚਿੱਤ ਵਿੱਚ ਤੜਪ ਤੇ ਵਿਆਕੁਲਤਾ ਪੈਦਾ ਹੋ ਜਾਵੇ। ਸੰਸਾਰਿਕ ਕਾਮਨਾਵਾਂ ਵਿਚ ਪ੍ਰਭੂ ਦਰਨ ਦੀ ਕਾਮਨਾ ਭੀ ਭਾਵੇਂ ਇੱਕ ਕਾਮਨਾ ਹੀ ਹੈ ਪ੍ਰੰਤੂ ਇਹ ਕਾਮਨਾ ਹੋਰ ਸਭ ਨਾਲੋਂ ਸ੍ਰੇਟ ਹੈ। ਇਸ ਲਈ ਇਹ ਇਤਨੀ ਆਿਦਾ ਪ੍ਰਬਲ ਹੋਵੇ ਕਿ ਚਿੱਤ ਬੇਚੈਨ ਹੋ ਜਾਵੇ। ਇਹ ਬੇਚੈਨੀ ਨਿਸਚੇ ਹੀ ਸਤਿਗੁਰੂ ਦਾ ਮਿਲਾਪ ਕਰਾਉਂਦੀ ਹੈ ਕਿਉਂਕਿ ਅੰਤਰਜਾਮੀ ਪ੍ਰਭੂ ਹਰ ਇੱਕ ਦੇ ਅੰਤਹਕਰਣ ਵਿੱਚ ਬਿਰਾਜਮਾਨ ਹੈ। ਉਹ ਆਪਣੇ ਮਿਲਾਪ ਖਾਤਰ ਜਗਯਾਸੂ ਦੀ ਤੜਪ ਤੇ ਵਿਆਕੁਲਤਾ ਨੂੰ ਜਾਣ ਕੇ, ਆਪਣੇ ਨਾਲ ਇੱਕ-ਮਿੱਕ ਹੋਏ ਗਿਆਨਵਾਨ-ਸਤਿਗੁਰੂ ਨੂੰ ਮਿਲਾਵੇਗਾ। ਸੋ ਜਗਯਾਸੂ ਨੂੰ ਚਾਹੀਏ ਕਿ ਜਿਸ ਵਿੱਚ ਦੈਵੀ-ਗੁਣ ਨਰ ਆਉਣ ਯਾਨੀ ਜਿਸ ਵਿਚ ਪਾਖੰਡ, ਘਮੰਡ, ਰਾਗ-ਦ੍ਵੈ, ਇਛਾਵਾਂ ਅਤੇ ਈਰਖਾ ਆਦਿ ਔਗੁਣ ਦਿਖਾਈ ਨਾ ਦੇਣ ਅਜਿਹੇ ਕਿਸੇ ਵਿਦ੍ਵਾਨ ਅਤੇ ਅਭਾਸੀ ਪੁਰ ਦੀ ਸੰਗਤ ਕਰੇ। ਨਾਲ-ਨਾਲ ਗੁਰਬਾਣੀ ਅਤੇ ਹੋਰ ਸਤਿ-ਾਸਤ੍ਰਾਂ ਦਾ ਪਠਨ-ਪਾਠਨ ਅਤੇ ਵਿਚਾਰ ਜਾਰੀ ਰੱਖੇ।

ਹੇ ਪ੍ਰਭੂ ! ਤੇਰੀ ਦਯਾ ਜਿਸ ਪਰ ਹੋਵੇ, ਉਸੁ ਭ ਕਰਮਾਂ ਵਾਲੇ ਨੂੰ ਪੂਰਨ ਸੰਤ ਦਾ ਮਿਲਾਪ ਹੁੰਦਾ ਹੈ। ਜਿਸ ਉੱਤੇ ਤੇਰੀ ਕ੍ਰਿਪਾ ਦ੍ਰਿਟੀ ਨਹੀਂ, ਉਹ ਨਿਭਾਗਾ, ਉਦਰ ਪਰਾਇਣ (ਪੇਟ ਪੂਰਤੀ ਦੀ ਚਿੰਤਾ ਵਾਲੇ) ਅਤੇ ਤ੍ਰਿਨਾ ਨਾਲ ਸੜੇ ਜਾਂਦੇ ਸ੍ਵਾਂਗੀਆਂ ਦੇ ਕਾਬੂ ਆ ਕੇ ਨਾ ਇਸ ਮਾਤਲੋਕ ਦੇ ਲਾਇਕ ਰਹਿੰਦਾ ਹੈ ਅਤੇ ਨਾ ਹੀ ਪਰਲੋਕ ਦੇ। ਇਹ ਬਾਤ ਪ੍ਰਤੱਖ ਦੇਖਣ ਵਿੱਚ ਆ ਰਹੀ ਹੈ। ਇਹ ਤੇਰੀ ਹੀ ਕ੍ਰਿਪਾ ਦਾ ਫਲ ਹੈ ਜੋ ਉਹ ਟੁੱਟੇ ਹੋਏ ਦਿਲ ਵਾਲਾ ਵਿਜੋਗੀ, ਅਨੰਤ ਕਟਾਂ ਨੂੰ ਸਹਾਰਦਾ ਹੋਇਆ, ਜਿਸ ਉੱਤਮ ਮਹਾਂ-ਤਿਆਗੀ ਸੰਤ ਦੀ ਖੋਜ ਵਿੱਚ ਫਿਰ ਰਿਹਾ ਸੀ, ਪੂਰਬਲੇ ੁੱਭ ਕਰਮਾਂ ਦੇ ਫਲ ਸ੍ਵਰੂਪ ਅੱਜ ਉਸ ਨੂੰ ਪ੍ਰਾਪਤ ਹੋ ਗਿਆ।

ਬਗੀਚੇ ਵਿੱਚ ਸੈਰ ਕਰਦੇ ਹੋਏ ਮਹਾਂਪੁਰਾਂ ਨੂੰ ਬਾਹਰੋਂ ਦੇਖਦੇ ਸਾਰ ਹੀ ਵਿਜੋਗੀ ਅੰਦਰ ਗਿਆ। ਅਤਯੰਤ ਨਿੰਮ੍ਰਤਾ ਪੂਰਬਕ ਚਰਨਾਂ ਵਿੱਚ ਪ੍ਰਣਾਮ ਕੀਤੀ। ਮਹਾਂਪੁਰਾਂ ਨੇ ਬੜੀ ਡੂੰਘੀ ਦ੍ਰਿਟੀ ਨਾਲ ਵਿਜੋਗੀ ਵੱਲ ਤੱਕਿਆ ਤੇ ਮਧੁਰ ਅਵਾ ਚ ਇਉਂ ਬੋਲੇ-

**ਮਹਾਂਪੁਰ** : ਮੇਰੇ ਆਤਮਾ ! ਤੂੰ ਕਿਸ ਦੀ ਤਲਾ ਵਿੱ ਚ ਐਨਾਂ ਵਿਆਕੁਲ

ਤੇ ਬੇਚੈਨ ਹੋਇਆ ਫਿਰਦਾ ਹੈਂ ?

**ਵਿਜੋਗੀ** : ਮਹਾਰਾਜ ! ਜਿਹੜਾ ਮੇਰੀ ਇਸ ਵਿਆਕੁਲ ਅਵਸਥਾ ਨੂੰ ਸਮਝ ਲਵੇ।

**ਮਹਾਂਪੁਰ** : ਜਿਹੜਾ ਤੇਰੇ ਨਿਰਾਸੇ ਚਿੱਤ ਦੀ ਬੇਚੈਨੀ ਨੂੰ ਦੇਖੇਗਾ, ਕੀ ਤੂੰ ਭੀ ਉਸ ਨੂੰ ਸਮਝ ਲਵੇਂਗਾ ?

**ਵਿਜੋਗੀ** : ਜੀ ਹਾਂ ! ਸਮਝਦੇ ਸਾਰ ਹੀ ਸਭ ਕੁਝ ਉਸਦੇ ਅਰਪਣ ਕਰ ਦੇਵਾਂਗਾ।

ਮਹਾਂਪੁਰ ਸੁਣ ਕੇ ਚੁੱਪ-ਚਾਪ ਕਿਸੇ ਗਹਿਰੀ ਵਿਚਾਰ ਵਿੱਚ ਟਹਿਲਦੇ ਰਹੇ।

ਕੈਸੇ ਉਹ ਸੰਤ ਹਨ ? ਜਿਨ੍ਹਾਂ ਦਾ ਦੇਹ ਅਭਿਮਾਨ ਨਟ ਹੋ ਚੁੱਕਿਆ ਹੈ- ਅਸੰਗ, ਨਿਰਲੇਪ, ਬ੍ਰਹਮ੍ਰੋਤ੍ਰੀਯ, ਬ੍ਰਹਮਨਿਠ, ਨਿਕਾਮ, ਨਿਪਾਪ, ਬਿਨਾਂ ਕਾਰਣ ਤੋਂ ਦਯਾ ਦੇ ਸਮੁੰਦਰ ਅਤੇ ਰਣ ਆਏ ਸੱਜਣਾਂ ਦੇ ਹਿਤੈੈਸ਼ੀ ਹਨ। ਪ੍ਰਭੂ ਅੰਤਰਜਾਮੀ ਅਤੇ ਇਸ ਪ੍ਰਕਾਰ ਦੇ ਧਿਆਨ ਮਗਨ ਸੰਤਾਂ ਦੋਹਾਂ ਵਿੱਚ ਕੁਝ ਭੀ ਭੇਦ ਪ੍ਰਤੀਤ ਨਹੀਂ ਦਿੰਦਾ। ਪ੍ਰੰਤੂ ਅਜਿਹੇ ਸੰਤ ਅਤਿਯੰਤ ਦੁਰਲਭ ਹਨ ਅਰਥਾਤ ਕ੍ਰੋੜਾਂ ਵਿੱਚੋਂ ਕੋਈ ਇੱਕ ਅਜਿਹਾ ਾਂਤ-ਚਿੱਤ ਮਹਾਂਪੁਰ ਹੁੰਦਾ ਹੈ -

**ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ॥**

**(ਅੰਗ ੨੦੮)**

**ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥**
**ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥** **(ਅੰਗ ੫੨)**

**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥** **(ਅੰਗ ੫੩)**

**ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ॥**

**(ਅੰਗ ੧੦੦)**

**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ**
**ਗੁਰਦੇਵ ਨਾਨਕ ਹਰਿ ਨਮਸਕਰਾ॥** **(ਅੰਗ ੨੫੦)**

## *_ਭ ਕਰਮਾਂ ਦੁਆਰਾ ਸਤਿਗੁਰੂ ਦੀ ਪ੍ਰਾਪਤੀ*

ਜਿਨ੍ਹਾਂ ਜਗਾਸੂਆਂ ਦੇ ਪੂਰਬਲੇ_ਭ ਕਰਮ, ਆਪਣਾ ਫਲ ਦੇਣ ਲਈ ਸਨਮੁਖ ਹੁੰਦੇ ਹਨ, ਉਨ੍ਹਾਂ ਵੱਡੇ ਭਾਗਾਂ ਵਾਲਿਆਂ ਨੂੰ ਹੀ ਇਸ ਪ੍ਰਕਾਰ ਦੇ ਪ੍ਰਮਾਤਮਾ

ਸੂਰੂਪ, ਸਤਿਗੁਰੂ ਦੇਵ ਦੀ ਰਣ ਮਿਲਦੀ ਹੈ।

**ਪੁਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ॥**
**ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ॥** (ਅੰਗ ੩੧)

**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ॥**
**ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥**
**ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ**
**ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥** (ਅੰਗ ੪੦)

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**
(ਅੰਗ ੨੦੪)

**ਜਿਨ ਮਸਤਕਿ ਧੁਰਿ ਹਰਿ ਲਿਖਿਆ**
**ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥** (ਅੰਗ ੪੫੦)

## *ਆਤਮ ਪ੍ਰਾਪਤੀ ਸਤਿਗੁਰੂ ਦੁਆਰਾ ਹੀ ਹੁੰਦੀ ਹੈ*

ਉਪਦੇ ਸਮੇਂ, ਰਾਤੀਂ ਬੈਠੇ ਹੋਏ ਸਤਸੰਗੀਆਂ ਦੇ ਕੋਲ, ਵਿਜੋਗੀ ਭੀ ਜਾ ਬੈਠਿਆ। ਪੂਰਨਮਾਹੀ ਦਾ ਚੰਦ੍ਰਮਾ ਜਿਉਂ ਆਪਣੀਆਂ ਸੀਤਲ ਕਿਰਨਾਂ ਨਾਲ ਹਰ ਵਸਤੂ ਵਿੱਚ ਅੰਮ੍ਰਿਤ ਭਰਦਾ ਹੈ ਤਿਉਂ ਹੀ ਮਹਾਂਪੁਰ ਪਵਿਤ੍ਰ ਮੁਖ ਦੁਆਰਾ ਜਗਾਸੂ ਜਨਾਂ ਦੇ ਤਪਦੇ ਹਿਰਦੇ ਦੀ ਾਂਤੀ ਲਈ, ਇਉਂ ਅੰਮ੍ਰਿਤ ਬਰਸਾ ਰਹੇ ਹਨ –

**ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥**
**ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ**
**ਗੁਰੁ ਪੂਰੈ ਭਾਗਿ ਮਿਲਾਵਣਿਆ॥** (ਅੰਗ ੧੨੪)

ਬ੍ਰਹਮ ਜੋ ਸਰਬੱਤ੍ਰ ਪੂਰਨ ਹੈ ਅਤੇ ਆਤਮਾ ਰੂਪ ਹੋ ਕੇ ਹਰੇਕ ਪ੍ਰਾਣੀ ਵਿੱਚ ਪ੍ਰਗਟ ਹੋ ਰਿਹਾ ਹੈ, ਉਸ ਨਿਰਵਿਕਾਰ ਅਤੇ ਅਸੰਗ ਆਪਣੇ-ਆਪ ਨੂੰ ਮੈਂ ਜੰਮਦਾ ਹਾਂ, ਮਰਦਾ ਹਾਂ, ਦੁਖੀ-ਸੁਖੀ ਆਦਿ ਅਵਸਥਾ ਵਾਲਾ ਮੰਨ ਕੇ ਇਉਂ ਹੋ ਜਾਂਦਾ ਹੈ ਜਿਉਂ ਕੋਈ ਇੱਕ ਦੀਨ ਨੌਕਰ ਸੁਾਮੀ ਦੀ ਤਾਬਿਆ ਵਿੱਚ ਰਹਿੰਦਾ

ਥਰ-ਥਰ ਕੰਬਦਾ ਹੈ ਕਿ ਮੇਰੇ ਤੋਂ ਕੋਈ ਗਲਤੀ ਨ ਹੋ ਜਾਵੇ। ਇਹ ਅੰਧਕਾਰ ਕ੍ਰੋੜਾਂ ਸਾਕਾਮ ਕਰਮ ਕਰਨ ਨਾਲ ਭੀ ਦੂਰ ਨਹੀਂ ਹੋ ਸਕਦਾ ਜਦ ਤਕ ਇਸ ਅਧਾਰੋਪ (ਭਰਮ ਕਰਕੇ ਇੱਕ ਵਸਤੂ ਨੂੰ ਦੂਜੀ ਵਸਤੂ ਸਮਝਣਾ) ਦੇ ਉਡਾ ਦੇਣ ਵਾਲੇ ਪ੍ਰਕਾ ਰੂਪ ਮਹਾਂਵਾਕ ਦਾ ੍ਵਣ ਨਹੀਂ ਹੁੰਦਾ। ਜੋ ਵਸਤੂ ਅਤੀ ਸੂਖਮ ਹੈ ਅਤੇ ਅੰਧੇਰੇ ਵਿੱਚ ਪਈ ਹੈ, ਉਸ ਨੂੰ ਬਿਨਾਂ ਪ੍ਰਕਾ ਤੋਂ ਕਿਸ ਤਰ੍ਹਾਂ ਲੱਭ ਲਿਆ ਜਾਵੇਗਾ? ਜਦ ਤਕ ਉਹ ਆਤਮਾ ਰੂਪ ਵਸਤੂ, ਗਿਆਨ ਰੂਪ ਪ੍ਰਕਾ ਨਾਲ, ਅਗਿਆਨ ਰੂਪ ਅੰਧੇਰੇ ਵਿੱਚੋਂ ਨਹੀਂ ਲਭਦੀ ਉਦੋਂ ਤੱਕ ਜਨਮ-ਮਰਨ, ਆਉਣ-ਜਾਣ ਰੂਪ ਸਫਰ ਮੁੱਕ ਜਾਵੇ ਇਹ ਹੋ ਹੀ ਨਹੀਂ ਸਕਦਾ।

ਪ੍ਰੰਤੂ ਇਸ ਵਿੱਚ, ਕਿਸੇ ਹੋਰ ਦੀ ਇਮਦਾਦ (ਮਦਦ) ਕਰ ਭੀ ਕੁਝ ਨਹੀਂ ਸਕਦੀ, ਕਿਉਂਕਿ ਮਹਾਨ ਨਿਧੀ (ਾਨਾ) ਜੋ ਤਾਲੇ ਦੇ ਅੰਦਰ ਹੈ (ਕਿਸੇ ਕਿਲੇ ਭੀਤਰ ਉਸ ਸੁਰਖਿਅਤ ਵਸਤੂ) ਨੂੰ ਬੈਰ ਮਾਲਿਕ ਦੇ, ਜਿਸ ਪਾਸ ਕਿ ਕੁੰਜੀ ਰਹਿੰਦੀ ਹੈ, ਕੌਣ ਖੋਲ੍ਹੇਗਾ? ਅਰਥਾਤ ਅਤੀ ਮਬੂਤ ਪੰਜ ਕੋ * ਅਨਾਤਮ ਰੂਪੀ ਕਿਵਾੜਾਂ ਨੂੰ ਖੋਲ੍ਹ ਕੇ, ਗਿਆਨ ਦ੍ਵਾਰਾ ਨਿਧ ਕਰਕੇ, ਜਗਯਾਸੂ ਅਮੋਲਕ ਆਤਮ ਵਸਤੂ ਨੂੰ ਪ੍ਰਾਪਤ ਕਰਦਾ ਹੈ। ਉਹ ਗਿਆਨ ਰੂਪੀ ਕੁੰਜੀ, ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਪਾਸ ਭੀ ਨਹੀਂ ਹੈ। ਕਿਉਂ? ਇਸ ਲਈ ਕਿ ਅਗਿਆਨ ਰੂਪੀ ਕਿਲਾ, ਸਤਿਗੁਰੂ ਦੇ ਹੀ ਆ੍ਤਿ ਹੈ ਯਾਨੀ ਬ੍ਰਹਮ ਦੇ ਹੀ ਆਸਰੇ ਮਾਇਆ ਹੈ।

---

* ਕੋ ਨਾਮ ਮਿਆਨ ਦਾ ਹੈ। ਜਿਉਂ ਤਲਵਾਰ ਨੂੰ ਮਿਆਨ ਨੇ ਢਕਿਆ ਹੋਇਆ ਹੈ, ਤਿਉਂ ਹੀ ਪੰਜ ਕੋਾਂ ਨੇ ਆਤਮਾ ਨੂੰ ਛੁਪਾ ਰਖਿਆ ਹੈ। ਉਹ ਪੰਜ ਕੋ ਇਹ ਹਨ –

1 – ਸਥੂਲ ਸਰੀਰ ਨੂੰ ਅੰਨਮਯ ਕੋ ਕਹਿੰਦੇ ਹਨ।

2 – ਪੰਜ ਕਰਮੇਂਦ੍ਰੀਆਂ ਤੇ ਪੰਜ ਪ੍ਰਾਣ ਪ੍ਰਾਣਮਯ ਕੋ ਹੈ।

3 – ਪੰਜ ਗਿਆਨੇਂਦ੍ਰੀਆਂ ਤੇ ਮਨ ਮਨੋਮਯ ਕੋ ਹੈ।

4 – ਪੰਜ ਗਿਆਨੇਂਦ੍ਰੀਆਂ ਤੇ ਬੁੱਧੀ ਵਿਗਿਆਨਮਯ ਕੋ ਹੈ।

5 – ਪੁੰਨ ਕਰਮ ਫਲ ਦੇ ਭੋਗਨ ਸਮੇਂ ਅੰਤਰਮੁੱਖ ਹੋਈ ਬ੍ਰਿਤੀ ਵਿੱਚ ਆਤਮਾਨੰਦ ਸ੍ਵਰੂਪ ਦਾ ਪ੍ਰਤਿਬਿੰਬ (ਅਕਸ) ਯਾਨੀ ਸੁਖ ਦੀ ਪ੍ਰਤੀਤੀ ਤੇ ਉਹੀ ਬ੍ਰਿਤੀ ਪੁੰਨ ਕਰਮ ਫਲ ਭੋਗਣ ਉਪ੍ਰੰਤ ਲੀਨ ਹੁੰਦੀ ਹੈ ਇਹ ਬ੍ਰਿਤੀ ਆਨੰਦਮਯ ਕੋ ਹੈ। ਕਾਰਣ ਰੀਰ ਭੀ ਇਹੀ ਹੈ।

ਪ੍ਰਾਣਮਯ, ਮਨੋਮਯ ਤੇ ਵਿਗਿਆਨਮਯ, ਇਹ ਤਿੰਨ ਕੋ ਸੂਖਮ ਸਰੀਰ ਵਿੱਚ ਹਨ।

ਉਹ ਨਿਰਵਿਕਾਰ ਬ੍ਰਹਮ, ਸਤਿਗੁਰੂ ਰੂਪ ਵਾਲਾ ਹੋ ਗਿਆ ਹੈ। ਉਸ ਤੋਂ ਬਿਨਾਂ ਤਿੰਨ ਗੁਣ ਰੂਪੀ ਇਸ ਦ੍ਰਿੜ੍ਹ ਕਿਲੇ ਦੇ ਗੇਟ ਨੂੰ ਖੋਲ੍ਹਣ ਦੀ ਤਾਕਤ ਕੌਣ ਰਖਦਾ ਹੈ ?

**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥**
**ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥**

**(ਅੰਗ ੨੦੫)**

ਇਸ ਲਈ ਇਹ ਬਾਤ ਠੀਕ ਕਹੀ ਗਈ ਹੈ ਕਿ ਕੁੰਜੀ ਸਤਿਗੁਰੂ ਦੇ ਹੱਥ ਵਿੱਚ ਹੈ। ਮਾਇਆ ਰੂਪੀ ਕਿਲੇ ਅੰਦਰ ਪਈ ਆਤਮ ਵਸਤੂ ਦੀ ਪ੍ਰਾਪਤੀ ਦਾ ਚਾਹਵਾਨ ਜਗਾਸੂ, ਕ੍ਰੋੜਾਂ *ਕਲਪਾਂ** ਤੋਂ ਚਾਰੋਂ ਤਰਫ ਭੌਂਦਾ ਫਿਰਦਾ ਹੈ, ਅੰਦਰ ਪ੍ਵੇ ਹੋਣ ਲਈ ਰਸਤਾ ਨਹੀਂ ਮਿਲਦਾ। ਉਸ ਵਿਆਕੁਲ ਦੀ ਦਾ ਉੱਤੇ ਤਰਸ ਖਾ ਕੇ, ਦਿਆਲੂ ਸਤਿਗੁਰੂ ਮਿਲਦੇ ਹਨ। ਇਹ ਮੋਹ ਅਤੋਂ ਕ ਤੋਂ ਰਹਿਤ ਆਤਮ ਵਸਤੂ ਨੂੰ ਪ੍ਰਾਪਤ ਕਰਾ ਦੇਣ ਵਾਲਾ ਮਿਲਾਪ, ਬਿਨਾਂ ਭ-ਕਰਮਾਂ ਤੋਂ ਕਦੇ ਹੋਣ ਵਾਲਾ ਨਹੀਂ ਹੈ। ਇਸ ਪ੍ਰਕਾਰ ਉਪਦੇ ਕਰਦੇ ਹੋਏ ਮਹਾਂਪੁਰ ਚੁੱਪ ਹੋ ਗਏ। ਇਉਂ ਸਮਝੋ ਕਿ ਵਿਜੋਗੀ ਦੇ ਨਿਰਾਸੇ ਮਨ ਉੱਤੇ ਇਨ੍ਹਾਂ ਪਵਿੱਤ੍ਰ ਬਚਨਾਂ ਦਾ ਕੀ ਅਸਰ ਹੋਇਆ ਹੈ, ਇਸ ਹਾਲਾਤ ਨੂੰ ਅੰਤਰਯਾਮਤਾ ਦੁਆਰਾ ਦੇਖਣ ਲੱਗ ਪਏ ਹਨ।

**ਪ੍ ਨ** -ਹੋਰ ਭੀ ਤਾਂ ਕਈ ਜਗਾਸੂ ਉਪਦੇ ਸ੍ਵਣ ਕਰਦੇ ਹਨ, ਇੱਕ ਵਿਜੋਗੀ ਵਲ ਹੀ ਮਹਾਂਪੁਰਾਂ ਦਾ ਵਿ ਧਿਆਨ ਦੇਣ ਦਾ ਕੀ ਮਤਲਬ ਹੈ ?

**ਉੱਤਰ**-ਸਰਬਗ ਮਹਾਂਪੁਰ ਉਸ ਨਵੇਂ ਆਕੇ ਬੈਠੇ ਵਿਜੋਗੀ ਦੇ ਮਨ ਦੀ ਬੇਚੈਨੀ ਨੂੰ ਸਮਝਦੇ ਹਨ ਕਿ ਇਹ ਪ੍ਰੀਤਮ ਦੇ ਵਿਛੋੜੇ ਨਾਲ ਘਾਇਲ ਹੋਇਆ, ਮਿਲਾਪ ਰੂਪੀ ਦਵਾਈ ਵਾਸਤੇ, ਕਿਸੇ ਵੈਦ ਨੂੰ ਭਾਲਦਾ ਹੈ। ਮਹਾਂਪੁਰ ਦਿਆਲੂ ਹਨ ਅਤੇ ਹੈਣ ਭੀ ਗਾਰੜੂ**, ਇਸ ਲਈ ਇਹ ਹੋ ਕਿਸ ਤਰ੍ਹਾਂ ਸਕਦਾ ਹੈ ਕਿ ਬਿਰਹ ਰੂਪੀ ਸੱਪ ਦੇ ਡੰਗ ਨਾਲ ਤੜਫਦੇ ਨੂੰ ਅੱਖੀਂ ਦੇਖਕੇ ਭੀ ਉਸਦੀ ਜਾਨ ਨਾ

---

* ਕਲਪ-ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇੱਕ ਦਿਨ। ਇਹ ਇੱਕ ਦਿਨ 4 ਅਰਬ 32 ਕਰੋੜ ਸਾਲਾਂ ਦਾ ਹੁੰਦਾ ਹੈ।

** ਗਾਰੜੂ - ਸੱਪ ਦੇ ਡੰਗੇ ਹੋਏ ਦੀ ਦਵਾਈ ਅਤੇ ਮੰਤ੍ਰ ਦਾ ਜਾਣੂੰ। ਭਾਵ ਕਿ ਮਾਇਆ ਰੂਪੀ ਸਰਪਨੀ ਦੇ ਡੰਗੇ ਹੋਏ ਜੀਵ ਨੂੰ ਕ੍ਰਿਪਾ ਰੂਪੀ ਦਵਾਈ ਅਤੇ ਨਾਮ ਰੂਪੀ ਗੁਰ ਮੰਤ੍ਰ ਦੇਕੇ ਬਚਾਉਣ ਵਾਲਾ ਮਹਾਂਪੁਰਖ।

ਬਚਾਉਣ? ਰੋਗੀ, ਧੀਰਜ ਸਹਿਤ ਮਾਲੂਮ ਦਿੰਦਾ ਹੈ ਕਿਉਂਕਿ ਪਿਆਸ ਨਾਲ ਸੁੱਕ ਰਹੇ ਪ੍ਰਾਣਾਂ ਦੀ ਰੱਛਿਆ ਲਈ ਸ੍ਵਛ ਅਤੇ ਸੀਤਲ ਜਲ ਦੇ ਚਸ਼ਮੇ ਦੀ ਪ੍ਰਾਪਤੀ ਹੋ ਗਈ ਹੈ। ਚੈਨ ਵਾਲਾ, ਆਸਰੇ ਵਾਲਾ, ਸੰਸ਼ਯ ਰਹਿਤ ਅਤੇ ਖਿੜ੍ਹਿਆ ਹੋਇਆ ਮੁੱਖ ਦਿਖਾਈ ਦੇਣ ਲੱਗ ਪਿਆ ਹੈ। ਪ੍ਰਸੰਨ ਹੋਵੇ ਵੀ ਕਿਉਂ ਨਾ? ਜਿਸਦੇ ਮਿਲਣ ਦੀ ਚਿੱਤ ਵਿੱਚ ਤੀਬਰ ਇੱਛਾ ਸੀ, ਉਹ ਪਿਆਰਾ ਸਤਿਗੁਰੂ ਮਿਲ ਗਿਆ! ਸਤਿਗੁਰੂ ਮਿਲ ਗਿਆ ਹੈ!!

੧

# ੩

# ਸਤ ਉਪਦੇ ਪ੍ਰਕਰਣ

## *ਦੇਹ ਆਦਿ ਪ੍ਰਪੰਚ ਅਤੇ ਦੇਹ ਦੀ ਹਰਕਤ ਕਰਾਉਣ ਵਾਲੀ ਸੱਤਾ ਦੇ ਬਾਰੇ ਪ੍ਰਨ*

ਦੂਜੇ ਦਿਨ ਸਵੇਰੇ, ਇਨਾਨ ਆਦਿ ਕ੍ਰਿਆ ਤੋਂ ਵਿਹਲੇ ਹੋ ਕੇ, ਹੱਥ ਵਿੱਚ ਸੋਹਣੇ-ਸੋਹਣੇ ਫੁੱਲ ਲੈਕੇ, ਰਧਾ, ਪ੍ਰੇਮ ਤਥਾ ਵਿਵਾਸ ਦਾ ਅੰਦਰੋਂ-ਬਾਹਰੋਂ ਲੇਪ ਕਰਕੇ ਮਨ ਰੂਪੀ ਖਾਲੀ ਘੜੇ ਨੂੰ ਲੈਕੇ ਸਤਿਗੁਰੂ ਦੇ ਦਰਨਾਂ ਲਈ ਇਉਂ ਤੁਰ ਪਿਆ, ਜਿਉਂ ਸਤਿਗੁਰੂ ਦੇ ਅੰਮ੍ਰਿਤ ਰੂਪੀ ਬਚਨਾਂ ਨਾਲ ਭਰਕੇ ਲਿਆਉਣਾ ਹੁੰਦਾ ਹੈ। ਠੀਕ ਹੈ, ਜਿਨ੍ਹਾਂ ਨੂੰ ਅੰਮ੍ਰਿਤ ਦਾ ਕੁੰਡ ਮਿਲ ਜਾਏ, ਉਹ ਮ੍ਰਿਤੂ ਤੋਂ ਛੁਟਣ ਲਈ, ਇਨਾਨ ਕਰਨ ਵਿੱਚ ਦੇਰੀ ਭੀ ਕਿਉਂ ਕਰਨ? ਪ੍ਰਕਾ ਦੇ ਹੁੰਦਿਆਂ ਭੀ ਕੋਈ ਅੰਧੇਰੇ ਵਿੱਚ ਠੋਕਰਾਂ ਖਾਂਦਾ ਹੈ ? ਭੁੱਖ ਨਾਲ ਵਿਆਕੁਲ ਪੁਰ, ਭੋਜਨ ਦਾ ਥਾਲ ਕੋਲ ਆ ਜਾਣ ਤੇ ਭੀ, ਰੋਟੀ ਖਾਣ ਲਈ ਦੇਰੀ ਕਰਦਾ ਹੈ ?

ਮਹਾਂਪੁਰਾਂ ਨੂੰ ਨਮਕਾਰ ਕੀਤੀ ਅਤੇ ਸਹਿਜ ਨਾਲ ਬੈਠ ਗਿਆ। ਸਰਬਗ ਮਹਾਂਪੁਰਾਂ ਦੇ ਨੂਰੀ ਚਿਹਰੇ ਵਲ, ਪ੍ਰੇਮ ਨਾਲ ਇਉਂ ਤੱਕਦਾ ਹੈ, ਜਿਉਂ ਚਕੋਰ ਚੰਦ੍ਰਮਾ ਨੂੰ ਦੇਖਦਾ ਹੈ-ਗਰਦਨ ਭਾਵੇਂ ਮੁੜਕ (ਟੁਟ) ਜਾਵੇ ਪਰ ਚਕੋਰ ਦੀ ਨਰ ਨਹੀਂ ਫਿਰਦੀ। ਵਿਜੋਗੀ ਨੂੰ ਜਦ ਸਤਿਸੰਗ ਕਰਦਿਆਂ, ਕਰੀਬਨ ਤਿੰਨ ਮਹੀਨੇ ਬੀਤੇ ਤਾਂ ਗੁਰੂਦੇਵ ਨੇ ਪ੍ਰਸੰਨ ਹੋ ਕੇ ਕਿਹਾ ਕਿ ਪਿਆਰੇ ਵਿਜੋਗੀ ! ਤੂੰ ਇੱਥੇ ਕਿਸ ਨਮਿੱਤ ਰਹਿੰਦਾ ਹੈਂ ? ਇਸ ਤੋਂ ਵਧੀਆ ਭੀ ਕੋਈ ਹੋਰ ਵਕਤ ਮਿਲਣਾ ਸੀ ਧਨ ਲੁੱਟਣ ਦਾ ? ਬੱਸ, ਪ੍ਰੇਮੀ ਲਈ ਦਰਵਾ ਖੁੱਲ੍ਹ ਗਏ, ਅਨੰਤ ਕਤੀ ਦੀ ਨਿਧੀ ਮਿਲ ਗਈ ਅਤੇ ਖ਼ੁੀ ਦੀ ਹੱਦ ਹੀ ਮੁੱਕ ਗਈ। ਛੇਤੀ ਨਾਲ ਉਠਿਆ, ਪ੍ਰਨਾਮ ਕੀਤੀ ਤੇ ਹੱਥ ਬੰਨ੍ਹ ਕੇ ਅਤੀ ਨਿੰਮ੍ਰਤਾ ਪੂਰਬਕ ਕਹਿਣ ਲੱਗਿਆ -

ਦੁਖੀਆਂ ਦੇ ਸਹਾਰੇ, ਪ੍ਰਭੂ ਅੰਤਰਯਾਮੀ ! ਮੈਂ ਇਹ ਪਤਾ ਕਰਨ ਾਤਰ ਆਪਜੀ ਦੇ ਚਰਨਾਂ ਵਿੱਚ ਰਹਿੰਦਾ ਹਾਂ ਕਿ ਇਹ ਦਿਖਦਾ ਚੰਗਾ ਭਲਾ ਹੈ ਤੇ

ਖੋਜ ਕਰਕੇ ਦੇਖੀਏ ਤਾਂ ਨਿਕਲਦਾ ਕੁਝ ਭੀ ਨਹੀਂ। ਕੀ ਇਹ ਕਿਸੇ ਮੰਤ੍ਰੀ (ਮੰਤ੍ਰ ਵਿੱਦਿਆ ਨਾਲ ਹੋਰ ਨੂੰ ਕੁੱਝ ਹੋਰ ਦਿਖਾਉਣ ਵਾਲਾ) ਦਾ ਛਲ ਹੈ ਯਾ ਸੱਚ-ਮੁੱਚ ਹੀ ਸੱਚਾ ਹੈ, ਯਇਦ ਮੇਰੀ ਸਮਝ ਵਿੱਚ ਨਹੀਂ ਆਉਂਦਾ ਹੋਵੇਗਾ? ਝੂਠਾ ਇਸ ਨੂੰ ਕਿਸ ਤਰ੍ਹਾਂ ਕਹਿ ਦੇਈਏ ਕਿਉਂਕਿ ਪ੍ਰਤੱਖ ਕ-ਮੋਹ, ਭੁੱਖ-ਪਿਆਸ ਤੇ ਜਨਮ-ਮਰਨ ਆਦਿ ਦਾ ਅਨੁਭਵ ਹੁੰਦਾ ਹੈ ਤੇ ਸਤ ਭੀ ਕਿਸ ਤਰ੍ਹਾਂ ਕਹੀਏ? ਗੂੜ੍ਹੀ ਨਿੰਦ੍ਰਾ (ਸੁਪਤੀ) ਵਿੱਚ ਇਸਦਾ ਕਿਤੇ ਨਾਮ ਨਿਾਨ ਭੀ ਨਹੀਂ ਹੁੰਦਾ। ਵੇਦਾਂਤ ਭੀ ਇਹੋ ਕਹਿੰਦਾ ਹੈ ਕਿ ਮੁਕਤ ਪੁਰ ਯਾਨੀ ਤੱਤ੍ਵੇਤਾ ਨੂੰ ਸੰਸਾਰ ਦੀ ਪ੍ਰਤੀਤੀ ਨਹੀਂ ਹੁੰਦੀ। ਮੂਰਛਾ (ਬੇਹੋ) ਅਵਸਥਾ ਵਿੱਚ ਭੀ ਸੰਸਾਰ ਦਾ ਅਭਾਵ ਹੁੰਦਾ ਹੈ ਅਤੇ ਸਮਾਧੀ ਕਾਲ ਵਿੱਚ ਭੀ ਇਹ ਜਗਤ ਨਹੀਂ ਰਹਿੰਦਾ। ਇਹ ਕੇਵਲ ਜਾਗ੍ਰਿਤ ਅਤੇ ਸੁਪਨਕਾਲ ਵਿੱਚ ਹੀ ਭਾਸਦਾ ਹੈ।

ਮੈਂ ਬੜਾ ਹੈਰਾਨ ਹਾਂ ਜੋ ਇਤਨਾ ਸੁੰਦਰ, ਕੋਮਲ, ਪ੍ਰਿਯ ਬਾਣੀ (ਆਵਾ) ਵਾਲਾ, ਆਗਿਆਕਾਰੀ, ਅਤੀ ਪਿਆਰਾ ਤੇ ਸੋਹਣੀਆਂ ਹਰਕਤਾਂ ਕਰਦਾ ਹੋਇਆ ਨਰ ਆਉਂਦਾ ਹੈ, ਉਹ ਛਿੰਨ ਵਿਚ ਹਰਕਤ੍ਰ ਨ ਕਿਉਂ ਹੋ ਜਾਂਦਾ ਹੈ ! ਕੀ ਉਹ ਬੁੱਤ ਜਿਹਾ ਕੁਝ ਭੀ ਨਹੀਂ ਹੈ? ਉਸ ਵਿੱਚ ਉਹ ਕਿਹੜੀ ਚੀ ਹੈ ਜੋ ਕ੍ਰਿਆ ਕਰਾਉਂਦੀ ਤੇ ਸੁੰਦਰਤਾਈ ਬਦੀ ਹੈ? ਕੀ ਉਸ ਵਿੱਚੋਂ ਉਹ ਵਸਤੂ ਨਿਕਲ ਜਾਂਦੀ ਹੈ? ਉਹ ਆਈ ਕਿਸ ਤਰ੍ਹਾਂ ਸੀ, ਆਈ ਕਿਉਂ ਅਤੇ ਲਿਆਉਣ ਵਾਲਾ ਕੌਣ ਹੈ? ਉਹ ਜਾਂਦੀ ਕਿਸ ਤਰ੍ਹਾਂ ਹੈ, ਗਈ ਕਿਉਂ ਅਤੇ ਲੈ ਕੌਣ ਜਾਂਦਾ ਹੈ? ਇਹ ਮੈਂ ਆਪ ਜੀ ਦੀ ਕ੍ਰਿਪਾ ਨਾਲ ਸਮਝਦਾ ਹਾਂ ਕਿ ਰੀਰ ਸਤ ਨਹੀਂ ਹੈ। ਸਤ ਉਹੀ ਵਸਤੂ ਹੈ ਜਿਸਦੇ ਰਹਿਣ ਨਾਲ ਇਹ ਰੀਰ ਭੀ ਸਤ ਹੀ ਭਾਸਦਾ ਹੈ ਪ੍ਰੰਤੂ ਸਤ ਤੇ ਅਸਤ ਦਾ ਮੇਲ ਕੀ? ਸਤ ਵਸਤੂ ਵਿੱਚ ਤਾਂ ਆਉਣਾ ਜਾਣਾ ਹੈ ਹੀ ਨਹੀਂ ਕਿਉਂਕਿ ਉਹ ਸਰਬ ਵਿਆਪਕ ਅਤੇ ਨਿਰਵੈਵ (ਨਾਵਾਨ) ਅਰਥਾਤ ਅੰਗਾਂ ਸੰਯੁਕਤ ਯਾਨੀ ਆਕਾਰ ਵਾਲੀ ਨਹੀਂ ਹੈ। ਜੋ ਅਸਤ ਹੈ, ਉਸਦੀ ਪ੍ਰਤੀਤੀ ਭੀ ਹੋਣੀ ਨਹੀਂ ਚਾਹੀਦੀ। ਜਿਉਂ ਖਰਗੋ ਦੇ ਸਿੰਗ ਨਹੀਂ ਹਨ ਅਤੇ ਨਾ ਹੋਣ ਦੇ ਕਾਰਨ, ਉਹ ਕਿਸੇ ਨੂੰ ਪ੍ਰਤੀਤ ਭੀ ਨਹੀਂ ਦਿੰਦੇ। ਬੰਧਿਆ (ਬਾਂਝ) ਇਸਤ੍ਰੀ ਦਾ ਪੁੱਤ੍ਰ ਨਾ ਹੋਣ ਦੇ ਕਾਰਨ, ਕਿਸੇ ਨੂੰ ਦਿਖਾਈ ਭੀ ਨਹੀਂ ਦਿੰਦਾ ਪ੍ਰੰਤੂ ਇਹ ਜਗਤ ਤਾਂ ਸਾਮ੍ਹਣੇ ਨਰ ਆਉਂਦਾ ਹੈ ਜਦ ਕਿ ਇਹ ਹੈ ਕੁਝ ਭੀ ਨਹੀਂ, ਇਹ ਤਾਂ ਕੋਈ ਧੋਖਾ ਹੈ। ਮੈਂ ਇਸ ਛਲ ਤੋਂ ਡਰਿਆ ਹੋਇਆ, ਭੈ ਭੀਤ ਹੋ ਕੇ ਨਿਕਲਿਆ

ਫਿਰਦਾ ਹਾਂ। ਅੱਜ ਨੌਂ (9) ਮਹੀਨੇ ਹੋ ਚੁਕੇ ਹਨ, ਮੈਨੂੰ ਇਸ ਭਰਮ ਨੇ ਅਜਿਹਾ ਡਰਾਇਆ ਹੈ ਜੋ ਇਸ ਤੋਂ ਥਰ-ਥਰ ਕੰਬਦਾ ਹਾਂ ਪ੍ਰੰਤੂ ਅੱਜ ਤਾਈਂ ਕਿਸੇ ਨੇ ਭੀ ਮੈਨੂੰ ਨਿਰਭੈਤਾ ਦਾ ਦਾਨ ਨਹੀਂ ਦਿੱਤਾ।

ਬਹੁਤ ਜਗ੍ਹਾ ਮੈਂ ਗਿਆ ਤੇ ਆਪਣਾ ਦੁੱਖ ਭੀ ਫੋਲ ਕੇ ਦਸਿਆ ਪ੍ਰੰਤੂ ਕੇਵਲ ਕਿਤਾਬੀ ਹਿਸਾਬ-ਕਿਤਾਬ ਅਰਥਾਤ ਗ੍ਰੰਥਾਂ ਦੀਆਂ ਗੱਲਾਂ ਯਾਦ ਕੀਤੀਆਂ ਹੋਈਆਂ ਹੀ ਦੱਸਦੇ ਹਨ। ਵੱਡੇ-ਵੱਡੇ ਪ੍ਰਸਿੱਧ ਵਿਦ੍ਵਾਨ ਭੀ ਹਨ ਪੰ੍ਤੂ ਬਾ-ਅਮਲ (ਕਮਾਈ ਵਾਲੇ) ਯਾਨੀ ਅਨੁਭਵੀ ਪੁਰ ਨਹੀਂ ਦੇਖੇ। ਵਿਦ੍ਵਾਨ ਭੀ ਹੋਵੇ ਤੇ ਤਤ੍ਵ   -ਵਸਤੂ ਦਾ ਗਿਆਤਾ ਭੀ, ਇਹ ਤਾਂ ਕ੍ਰਿਪਾਲੂ ਦੇਵ! ਮੈਂ ਇੱਕ ਆਪ ਜੀ ਨੂੰ ਹੀ ਦੇਖ ਰਿਹਾ ਹਾਂ। ਮੈਨੂੰ ਜੋ ਭਰਮ ਦਾ ਹਾਥੀ, ਘਸੀਟ-ਘਸੀਟ ਕੇ ਕੁਚਲਦਾ ਅਤੇ ਤਬਾਹ ਕਰੀ ਜਾਂਦਾ ਹੈ, ਉਸ ਤੋਂ ਬਚਣ ਲਈ ਮੈਂ ਆਪ ਜੀ ਦੀ ਰਣ ਵਿੱਚ ਆਇਆ ਹਾਂ ਕਿਉਂਕਿ ਆਪ ਮਹਾਨ ਤੇਜੱਸਵੀ, ਸਤ੍-ਅਸਤ੍ ਸੰਯੁਕਤ ਸੂਰਬੀਰ ਹੋ। ਇਸ ਡਰ ਅਤੇ ਭਰਮ ਦੇ ਵਿਨਾ ਲਈ ਜੋ ਆਪ ਦੇ ਪਾਸ ਅਤੀ ਤੀਖਣ ਗਿਆਨ ਰੂਪੀ  ਸਤ੍  ਤੇ ਤੀਬਰ ਵੇਗ ਵਾਲੇ ਮਹਾਂਵਾਕ ਰੂਪੀ ਅਸਤ੍ ਹਨ, ਉਨ੍ਹਾਂ ਦੇ ਨਾਲ ਇਨ੍ਹਾਂ ਦਾ ਵਿਨਾ ਕਰਕੇ, ਹੇ ਰ  ਣ ਆਇਆਂ ਦੀ ਰੱਛਿਆ ਕਰਨ ਵਾਲੇ ਅਭੈ ਪਦ ਦਾਤਾ! ਮੈਨੂੰ ਨਿਰਭੈ ਕਰੋ! ਸੰਸਾਰ ਰੂਪੀ ਭਿਆਨਕ ਅਗਨੀ ਵਿੱਚ ਸੜੇ ਜਾਂਦੇ ਇਸ ਦੀਨ ਨੂੰ, ਪਰਮ ਆਨੰਦ ਰਸ ਅਨੁਭਵ ਸਹਿਤ ਪਵਿੱਤ੍ ਬਚਨ ਰੂਪੀ ਅੰਮ੍ਰਿਤ  ਛਿੜਕ ਕੇ ਂਤੀ ਬੋ । ਹੇ ਂਤੀ ਦੇ ਸਾਗਰ! ਮੈਂ ਆਪ ਜੀ ਦੀ ਰ ਣ ਆ ਪੁੱਜਾ ਹਾਂ। ਭਵ-ਸਾਗਰ ਵਿੱਚ ਡੁੱਬੇ ਜਾਂਦੇ ਨੂੰ, ਸਿਵਾਏ ਆਪ ਦੇ ਮਹਾਂਵਾਕ ਰੂਪੀ ਜਹਾ ਤੋਂ, ਮੈਨੂੰ ਕੋਈ ਉਪਾਇ ਨਹੀਂ ਦਿਖਦਾ ਜਿਸ ਨਾਲ ਕਿ ਮੈਂ ਅਤੀ ਪ੍ਰਬਲ ਦੁੱਖ ਰੂਪੀ ਲਹਿਰਾਂ ਵਿੱਚੋਂ ਬਚਕੇ ਸੁਖ ਪੂਰਬਕ ਦੂਜੇ ਪਾਰ ਪੁੱਜ ਸਕਾਂ। ਮਹਾਤਮਾ ਲੋਕ, ਬਿਨਾਂ ਕਾਰਨ ਹੀ ਦੁਨੀਆਂ ਦਾ ਦੁੱਖ ਦੂਰ ਕਰਨ ਵਿੱਚ ਲੱਗ ਜਾਂਦੇ ਹਨ। ਇਸ ਪ੍ਰਕਾਰ ਦਾ ਉਨ੍ਹਾਂ ਦਾ ਸੁਭਾਉ ਹੀ ਹੁੰਦਾ ਹੈ। ਹੇ ਕ੍ਰਿਪਾਲੂ ਦੇਵ! ਮੈਂ ਦੁਖੀ ਭੀ, ਆਪ ਜੀ ਦੇ ਚਰਨ ਕਮਲਾਂ ਵਿੱਚ ਆ ਪੁੱਜਾ ਹਾਂ, ਆਪ ਜੀ ਦਯਾ, ਕਿਰਪਾ, ਮੇਹਰ ਕਰੋ!

ਉਹ ਕਿੰਨੇ ਕੁ ਭ-ਕਰਮਾਂ ਵਾਲੇ ਹੋਣਗੇ ਜਿਨ੍ਹਾਂ ਨੂੰ ਹੇ ਦੀਨਾ ਨਾਥ! ਆਪ ਨੇ ਰ ਣ ਦੇ ਕੇ ਆਪਣੇ ਗਲ ਲਾ ਲਿਆ ਹੈ। ਮਰਨ-ਜੰਮਣ ਰੂਪੀ ਪ੍ਰਵਾਹ ਵਿੱਚੋਂ ਸਦਾ ਲਈ ਹੀ ਕੱਢ ਲਏ ਤੇ ਸੁਖੀ ਬਣਾ ਦਿੱਤੇ ਹਨ। ਇਹ ਦ੍ਵੈਤ ਰੂਪੀ ਅੰਧੇਰੀ ਆਪਣੇ ਪੂਰੇ ਵੇਗ ਨਾਲ, ਅਤੀ ਪ੍ਰਚੰਡ ਰੂਪ ਧਾਰਨ ਕਰ ਕੇ ਵਗ ਰਹੀ ਹੈ। ਹੇ ਆਕਾ ਤੁਲ

ਨਿਰਲੇਪ ਪ੍ਰਭੂ! ਮੇਰੇ ਅਦ੍ਵੈਤ ਰੂਪੀ ਪੈਰ ਉਖਾੜ ਕੇ, ਆਪਣੇ ਨਾਲ ਉਡਾਈ ਲਈ ਜਾਂਦੀ ਹੈ। ਕਦੇ ਚੁੱਕ ਕੇ ਰਾਗ-ਦ੍ਵੈ ਰੂਪੀ ਦ੍ਰਤਾਂ ਨਾਲ ਮਾਰਦੀ ਹੈ, ਕਦੇ ਕਾਮ, ਕ੍ਰੋਧ ਰੂਪੀ ਮਹਿਲਾਂ ਨਾਲ ਟਕਰਾਉਂਦੀ ਹੈ ਅਤੇ ਕਦੇ ਅਤੀ ਬਿਪਤਾ ਰੂਪੀ ਟੋਏ, ਟਿੱਬਿਆਂ ਵਿੱਚ ਜਾ ਸੁੱਟਦੀ ਹੈ। ਹੇ ਪਰਬਤ ਸਮਾਨ ਅਚਲ ਪ੍ਰਭੂ! ਮੈਨੂੰ ਆਪਣੀ ਸਤਿਸੰਗ ਰੂਪੀ ਗੋਦ ਵਿੱਚ ਲੈ ਲਵੋ! ਆਪ ਜੀ ਤੋਂ ਬਿਨਾਂ ਮੇਰਾ ਕੋਈ ਆਸਰਾ ਨਹੀਂ ਹੈ।

**ਮਹਾਂਵਾਕ :** ਗੁਰੂ : ਹੇ ਪੁਤ੍ਰ! ਡਰ ਨਹੀਂ, ਧੀਰਜ ਕਰ, ਤੇਰੇ ਸੰਕਟ ਦੇ ਦਿਨ ਹੁਣ ਤਮ ਹੋ ਚੁੱਕੇ ਹਨ। ਜਿਤਨੇ ਭੀ ਕਲੇਾਂ ਦਾ ਤੂੰ ਅਨੁਭਵ ਕੀਤਾ ਹੈ, ਉਹ ਕੇਵਲ ਅਗਿਆਨ ਦੇ ਕਾਰਨ ਤੈਨੂੰ ਅਣਹੋਈ ਪ੍ਰਤੀਤੀ ਹੋਈ ਹੈ। ਤੂੰ ਅਚਲ, ਨਿਰਵਿਕਾਰ ਅਤੇ ਨਿਰਵਿਕਲਪ ਆਤਮਾ ਹੈਂ, ਤੇਰੇ ਵਿੱਚ ਕਿਸੇ ਪ੍ਰਕਾਰ ਦੀ ਕਿੰਚਤ-ਮਾਤ੍ਰ ਭੀ ਕੋਈ ਕਲਪਨਾ ਨਹੀਂ ਹੈ।

## *ਵਿਜੋਗੀ ਦੀ ਘਬਰਾ ਕੇ ਪ੍ਰਾਰਥਨਾ*

**ਵਿਜੋਗੀ** : ਸਤਿਗੁਰ ਦੇਵ! ਮੈਂ ਆਤਮਾ ਜਾਂ ਬ੍ਰਹਮ ਆਦਿ ਕਿਸ ਤਰ੍ਹਾਂ ਹੋ ਸਕਦਾ ਹਾਂ? ਮੈਂ ਜੰਮਦਾ-ਮਰਦਾ, ਭੁੱਖ-ਪਿਆਸ ਅਤੋ ਕ-ਮੋਹ ਆਦਿ ਨਾਨਾ ਉਪਦ੍ਰਵਾਂ ਨਾਲ ਤਾਂ ਘਿਰਿਆ ਹੋਇਆ ਹਾਂ। ਮੈਂ ਨਿਰਬਲ, ਦੀਨ, ਬੇਸਮਝ ਤੇ ਛਿੰਨ-ਛਿੰਨ ਵਿੱਚ ਤਬਦੀਲ ਹੁੰਦਾ ਰਹਿਣ ਵਾਲਾ, ਬ੍ਰਹਮ ਕਿਸ ਤਰ੍ਹਾਂ ਹੋ ਸਕਦਾ ਹਾਂ? ਹੇ ਅਲੌਕਿਕ ਕਤੀ ਪ੍ਰਦਾਤਾ! ਇਹ ਕਿਸ ਤਰ੍ਹਾਂ ਦੀ ਅਣਹੋਣੀ ਗੱਲ, ਮੈਂ ਅੱਜ ਸੁਣ ਰਿਹਾ ਹਾਂ। ਬੇਪਰਵਾਹ ਪ੍ਰਭੂ! ਮੇਰਾ ਤਾਂ ਪਿਛਲਾ ਸੰਦੇਹ ਹੀ ਹਾਲਾਂ ਮਿਟਿਆ ਨਹੀਂ ਤੇ ਇਹ ਹੋਰ ਅਸਚਰਜ ਬਚਨ, ਆਪ ਜੀ ਦੇ ਕਮਲ-ਮੁਖ ਦੁਆਰਾ ੍ਰਵਣ ਕਰ ਰਿਹਾ ਹਾਂ। ਇਸਦਾ ਗੁਪਤ ਰਹਸਯ ਜੋ ਆਪ ਜੀ ਦੇ ਚਿੱਤ ਵਿੱਚ ਹੈ, ਸੋ ਖੋਲ੍ਹ ਕੇ ਸਮਝਾਉਣ ਦੀ ਕ੍ਰਿਪਾ ਕਰੋ ਅਤੇ ਮੇਰੇ ਪਿਛਲੇ ਸੰਦੇਹ ਨੂੰ ਭੀ ਨਿਵਿਰਤ ਕਰਨ ਾਤਰ, ਆਪਣੀ ਬਾਣੀ ਰੂਪੀ ਹਵਾ ਚਲਾਉ !

## *ਦੇਹ ਅੰਦਰ ਆਤਮ ਜੋਤੀ*

**ਸਤਿਗੁਰੂ** : ਗੁਰਬਾਣੀ, ਵੇਦ, ਾਸਤ੍ਰ ਅਤੇ ਸਿੰਮ੍ਰਤੀਆਂ ਦੇ ਅੰਤ੍ਰੀਵ ਭਾਵ ਨੂੰ ਸਮਝਣ ਲਈ ਸਾਵਧਾਨ ਹੋ!

**ਤੇਰਾ ਪ੍ਰ ਨ** ਰੀਰ ਵਿੱਚ ਉਹ ਕਿਹੜੀ ਵਸਤੂ ਹੈ, ਜਿਸਦੇ ਰਹਿਣ ਨਾਲ

ਇਹ ਜੜ੍ਹ ਗੀਰ ਕ੍ਰਿਆ ਕਰਦਾ ਹੈ? ਤੇ ਨਾ ਰਹਿਣ ਨਾਲ ਕ੍ਰਿਆ–ੂ ਨ ਹੋ ਜਾਂਦਾ ਹੈ? ਅਰਥਾਤ ਮ੍ਰਿਤੂ ਨੂੰ ਪ੍ਰਾਪਤ ਹੋ ਜਾਂਦਾ ਹੈ?

ਪਿਆਰੇ ਪੁਤ੍ਰ! ਉਹ ਵਸਤੂ ਆਤਮ ਜੋਤੀ ਹੈ ਉਸ ਚੇਤਨ ਜੋਤੀ ਦੀ ਸਤਾ ਨਾਲ ਇਹ ਜੜ੍ਹ ਅਤੰਤ ਸੁੰਦਰ, ਹਸਦਾ–ਖੇਡਦਾ, ਖਾਂਦਾ–ਪੀਂਦਾ, ਉਠਦਾ–ਬੈਠਦਾ, ਪਿਆਰ ਕਰਦਾ, ਹਰਖ ਤੌ ਕ ਆਦਿ ਅਨੰਤ ਪ੍ਰਕਾਰ ਦੇ ਵਿਵਹਾਰ ਕਰਦਾ ਦਿਖਦਾ ਹੈ। ਇਸ ਆਤਮ–ਜੋਤੀ ਦੀ ਸੱਤਾ ਨਾਲ ਹੀ, ਨੇਤ੍ਰ ਰੂਪ ਨੂੰ ਦੇਖਦੇ ਹਨ, ਕੰਨ ਆਵਾ ਨੂੰ ਸੁਣਦੇ ਹਨ, ਨਾਸਾਂ ਗੰਧ ਨੂੰ ਸੁੰਘਦੀਆਂ, ਰਸਨਾ ਰਸ–ਸੁਾਦ ਚਖਦੀ ਤੇ ਤੂਚਾ (ਚਮੜੀ) ਠੰਢਾ–ਤੱਤਾ, ਸਤ–ਕੋਮਲ ਨੂੰ ਪਰਖਦੀ ਹੈ। ਇਸ ਪਰਮ–ਜੋਤੀ ਨਾਲ ਹੀ ਮਨ ਜੋ ਜੜ੍ਹ ਹੈ, ਅੱਖ ਦੇ ਫਰਕਣ ਮਾਤ੍ਰ ਵਿੱਚ ਕ੍ਰੋੜਾਂ ਕੋਸਾਂ* ਤਕ ਪੁੱਜਦਾ, ਆਪਣਾ ਸੰਕਲਪ–ਵਿਕਲਪ ਰੂਪ ਕੰਮ ਕਰਦਾ ਤੇ ਵਾਪਸ ਆ ਜਾਂਦਾ ਹੈ। ਬਾਣੀ (ਜੀਭ) ਇਸ ਦੀ ਸੱਤਾ ਨਾਲ ਬੋਲਦੀ, ਹੱਥ ਵਸਤੂ ਨੂੰ ਗ੍ਰਹਿਣ ਕਰਦੇ, ਪੈਰ ਚਲਦੇ, ਨਿ ਤੇ ਗੁਦਾ ਮੂਤ੍ਰ ਅਤੇ ਮਲ ਦਾ ਤਿਆਗ ਕਰਦੇ ਹਨ। ਬੁੱਧੀ ਇਸ ਉੱਜੁਲ ਜੋਤੀ ਨਾਲ ਭਲੀ ਤੇ ਬੁਰੀ ਬਾਤ ਦਾ ਵਿਚਾਰ ਕਰਦੀ ਤੇ ਨਿਸਚੇ ਯੁਕਤ ਹੁੰਦੀ ਹੈ। ਪੰਜ (5) ਪ੍ਰਾਣ** ਆਪਣੀ ਆਪਣੀ ਕ੍ਰਿਆ ਕਰਨ ਵਿੱਚ ਇਸ ਪਰਮ–ਜੋਤੀ ਨਾਲ ਹੀ ਸਮਰਥ ਹੁੰਦੇ ਹਨ। ਦਸ (1●) ਇੰਦ੍ਰੀਆਂ***, ਪੰਜ ਪ੍ਰਾਣ, ਮਨ ਤੇ ਬੁੱਧੀ ਇਨ੍ਹਾਂ ਸਤ੍ਹਾਰਾਂ (17) ਤੱਤਾਂ ਦਾ ਬਣਿਆ ਹੋਇਆ ਸੂਖਮ ਗੀਰ ਅਤੇ ਬਾਹਰ ਦਿਖਾਈ ਜਾਂ ਪ੍ਰਤੀਤ ਦੇਣ ਵਾਲਾ ਪੰਜ ਭੌਤਿਕ ਸਥੂਲ ਗੀਰ, ਦੋਨੋਂ ਹੀ ਇਸ ਆਤਮ–ਜੋਤੀ ਦੇ ਪ੍ਰਕਾ ਨਾਲ ਪ੍ਰਕਾਿਤ ਹੋ ਰਹੇ ਹਨ। ਇਸ ਪਰਮ–ਜੋਤੀ ਤੋਂ ਬਿਨਾਂ ਜੋ ਕੁਝ ਭੀ ਹੈ, ਸਭ ਜੜ੍ਹ ਹੈ, ਯਾਨੀ ਹਰਕਤ ਤੋਂ ਰਹਿਤ ਹੈ। ਇਹ ਨਿੱਤ ਪ੍ਰਕਾ ਰੂਪ ਅਲੌਕਿਕ ਆਤਮ–ਜੋਤੀ ਇਸ ਦੇਹ–ਇੰਦ੍ਰੀਯ ਰੂਪ ਸੰਘਾਤ (ਇਕਠ) ਵਿੱਚ ਹੀ ਬਿਰਾਜਮਾਨ ਹੈ।

ਬ੍ਰਿਹਦਾਰਣਯਕ ਉਪਨਿਦ ਵਿੱਚ ਯਾਗਵਲਕ ਮੁਨੀ ਤੇ ਜਨਕ ਸੰਵਾਦ ਦੁਾਰਾ ਇਸ ਆਤਮ–ਜੋਤੀ ਨੂੰ ਵਿਸਥਾਰ ਪੂਰਬਕ ਯਾਨੀ ਆਤਮਾ ਦੇ

---

* ਕੋਸ – ਕੋਹ = (ਡੇਢ ਮੀਲ) = (ਦੋ ਕਿਲੋਮੀਟਰ) ਲੱਗਪੱਗ

** ਪੰਜ ਪ੍ਰਾਣ ਇਹ ਹਨ – ਪ੍ਰਾਣ, ਅਪਾਨ, ਸਮਾਨ, ਵਿਆਨ, ਉਦਾਨ।

*** ਦਸ ਇੰਦ੍ਰੀਆਂ ਇਹ ਹਨ – ਪੰਜ ਕਰਮ ਇੰਦ੍ਰੀਆਂ – ਜੀਭ, ਹਥ, ਪੈਰ, ਨਿ, ਗੁਦਾ।
ਪੰਜ ਗਿਆਨ ਇੰਦ੍ਰੀਆਂ – ਅੱਖਾਂ, ਕੰਨ, ਨੱਕ, ਰਸਨਾ, ਤ੍ਵਚਾ (ਚਮੜੀ)।

ਹੋਣੇ-ਪਨੇ ਨੂੰ ਦੇਹ ਤੋਂ ਭਿੰਨ, ੍ਧ, ਸ੍ਵਯੰਪ੍ਰਕਾ, ਨਾ ਛੁਪਣ ਵਾਲੀ ਕਤੀ, ਜਿਸ ਉੱਪਰ ਹੋਰ ਕੋਈ ਭੀ ਆਨੰਦ ਨਹੀਂ, ਉਹ ਆਨੰਦ ਇਸ ਆਤਮਾ ਦਾ ਸੁਭਾਉ ਹੀ ਹੈ। ਇਸ ਦਾ ਯਥਾਰਥ ਬੋਧ ਯਾਨੀ ਗਿਆਨ ਕਰਾਉਣ ੀਤਰ ਬੜੀ ਸੁੰਦਰ ਰੀਤੀ ਨਾਲ ਵਰਨਣ ਕੀਤਾ ਗਿਆ ਹੈ।

**ਜਨਕ**-ਹੇ ਯਾਗਵਲਕ ! ਇਹ ਪੁਰ ਕਿਸ ਜੋਤੀ ਵਾਲਾ ਹੈ, ਅਰਥਾਤ ਉਹ ਕਿਹੜੀ ਜੋਤੀ ਹੈ, ਜਿਸ ਨਾਲ ਇਹ ਵਿਵਹਾਰ ਕਰਦਾ ਹੈ? ਇਹ ਪ੍ਨ ਇਸ ਮਤਲਬ ਨੂੰ ਲੈ ਕੇ ਹੈ ਕਿ ਇਹ ਪੁਰ ਆਪਣੇ ਰੀਰਕ ਅੰਗਾਂ ਤੋਂ ਬਾਹਰ ਰਹਿਣ ਵਾਲੀ, ਕਿਸੇ ਹੋਰ ਜੋਤੀ ਨਾਲ ਵਿਵਹਾਰ ਕਰਦਾ ਹੈ ਅਥਵਾ ਆਪਣੇ ਅੰਗਾਂ ਯਾਨੀ ਰੀਰ ਵਿੱਚ ਰਹਿਣ ਵਾਲੀ ਜੋਤੀ ਨਾਲ ਹੀ ਇਹ ਪੁਰ, ਜੋਤੀ ਦਾ ਕੰਮ ਪੂਰਾ ਕਰਦਾ ਹੈ।

**ਯਾਗਵਲਕ** -ਹੇ ਜਨਕ ! ਇਹ ਪੁਰ ਪ੍ਰਸਿੱਧ ਸੂਰਜ ਜੋਤੀ ਵਾਲਾ ਹੈ ਅਰਥਾਤ ਦੇਹ ਤੋਂ ਭਿੰਨ ਸੂਰਜ ਦ੍ਵਾਰਾ ਨੇਤ੍ਰ ਪ੍ਰਕਾ ਪਾ ਕੇ ਹੀ, ਬੈਠਦਾ-ਉਠਦਾ, ਇੱਧਰ-ਉੱਧਰ, ਅੰਦਰ-ਬਾਹਰ ਯਾ ਜੰਗਲ ਵਿੱਚ ਜਾਂਦਾ ਹੈ। ਉੱਥੇ ਜਾਕੇ ਕੰਮ ਕਰਦਾ ਤੇ ਜਿਸ ਤਰ੍ਹਾਂ ਗਿਆ ਸੀ, ਉਸੇ ਤਰ੍ਹਾਂ ਵਾਪਸ ਭੀ ਆ ਜਾਂਦਾ ਹੈ। ਇਸ ਲਈ ਇਹ ਪੁਰ ਸੂਰਜ ਜੋਤੀ ਨਾਲ ਸਭ ਵਿਵਹਾਰ ਕਰਦਾ ਹੈ।

**ਜਨਕ**-ਸੂਰਜ ਦੇ ਛਿਪ ਜਾਣ ਨਾਲ, ਇਹ ਪੁਰ ਕਿਸ ਜੋਤੀ ਵਾਲਾ ਹੁੰਦਾ ਹੈ ਅਰਥਾਤ ਕਿਸ ਜੋਤੀ ਨਾਲ ਕ੍ਰਿਆ ਕਰਦਾ ਹੈ?

**ਯਾਗਵਲਕ** -ਉਸ ਸਮੇਂ ਚੰਦ੍ਰਮਾ ਹੀ ਇਸਦੀ ਜੋਤੀ ਹੁੰਦਾ ਹੈ। ਚੰਦ੍ਰਮਾ ਰੂਪੀ ਜੋਤੀ ਦ੍ਵਾਰਾ ਹੀ ਇਹ ਬੈਠਦਾ, ਇੱਧਰ-ਉੱਧਰ ਜਾਂਦਾ, ਕਰਮ ਕਰਦਾ ਅਤੇ ਵਾਪਸ ਆ ਜਾਂਦਾ ਹੈ।

**ਜਨਕ**-ਸੂਰਜ ਦੇ ਛਿਪ ਜਾਣ ਨਾਲ ਤੇ ਚੰਦ੍ਰਮਾ ਦੇ ਭੀ ਛਿਪ ਜਾਣ ਪਰ, ਇਹ ਪੁਰ ਕਿਸ ਜੋਤੀ ਵਾਲਾ ਹੁੰਦਾ ਹੈ?

**ਯਾਗਵਲਕ** -ਅਗਨੀ ਹੀ ਇਸ ਦੀ ਜੋਤੀ ਹੁੰਦਾ ਹੈ। ਯਾਨੀ ਅਗਨੀ ਰੂਪੀ ਜੋਤੀ ਨਾਲ ਬੈਠਦਾ, ਇੱਧਰ-ਉੱਧਰ ਜਾਂਦਾ, ਕਰਮ ਕਰਦਾ ਅਤੇ ਵਾਪਸ ਆ ਜਾਂਦਾ ਹੈ।

**ਜਨਕ**-ਸੂਰਜ ਛਿਪਣ ਪਰ, ਚੰਦ੍ਰਮਾ ਛਿਪ ਜਾਣ ਨਾਲ ਤੇ ਅਗਨੀ ਾਂਤ ਹੋਣ ਯਾਨੀ ਬੁਝ ਜਾਣ ਪਰ, ਇਹ ਪੁਰ ਕਿਸ ਜੋਤੀ ਵਾਲਾ ਹੁੰਦਾ ਹੈ?

**ਯਾਗਵਲਕ–** ਵਾਕ ਹੀ ਇਸ ਦੀ ਜੋਤੀ ਹੁੰਦਾ ਹੈ। ਇਹ ਵਾਕ ਯਾਨੀ ਬਾਣੀ ਨਾਲ ਬੋਲ ਕੇ ਤੇ ਵਾਕ ਨੂੰ ਹੀ ਸੁਣਕੇ ਬੈਠਦਾ, ਇੱਧਰ-ਉੱਧਰ ਜਾਂਦਾ, ਕੰਮ ਕਰਦਾ ਅਤੇ ਵਾਪਸ ਆ ਜਾਂਦਾ ਹੈ। ਹੇ ਜਨਕ! ਵਰਾ ਕਾਲ ਵਿੱਚ ਬੱਦਲਾਂ ਦੇ ਅੰਧੇਰੇ ਅੰਦਰ ਸਭ ਜੋਤੀਆਂ ਦੇ ਬੁਝ ਜਾਣ ਨਾਲ ਆਪਣਾ ਹੱਥ ਭੀ ਦਿਖਾਈ ਨਹੀਂ ਦਿੰਦਾ, ਉਸ ਵਕਤ ਚੇਟਾ ਬੰਦ ਹੋਣ ਤੇ ਬਾਹਰਲੀ ਜੋਤੀ ਦਾ ਅਭਾਵ ਹੋਣ ਦੇ ਕਾਰਨ ਜਿੱਥੇ ਬਾਣੀ ਦਾ ਉਚਾਰਨ ਹੁੰਦਾ ਹੈਕੁੱਤਾ ਭੌਂਕਦਾ, ਗਧਾ ਹੀਂਗਦਾ ਯਾ ਕੋਈ ਆਦਮੀ ਬੋਲਦਾ ਹੈ, ਉਸ ਆਵਾ ਮੁਤਾਬਿਕ ਉਸ ਪਾਸੇ ਪੁਰ ਚਲਿਆ ਜਾਂਦਾ ਹੈ, ਵਿਵਹਾਰ ਕਰਦਾ ਅਤੇ ਵਾਪਸ ਆ ਜਾਂਦਾ ਹੈ।

**ਜਨਕ**-ਸੂਰਜ ਦੇ ਅਸਤ ਹੋਣ ਪਰ, ਚੰਦ੍ਰਮਾ ਦੇ ਛਿਪ ਜਾਣ ਪਰ, ਅਗਨੀ ਦੇ ਾਂਤ ਹੋਣ ਨਾਲ ਤੇ ਵਾਕ ਦੇ ਭੀ ਾਂਤ ਹੋਣ ਪਰ, ਇਹ ਪੁਰ ਕਿਸ ਜੋਤੀ ਵਾਲਾ ਹੁੰਦਾ ਹੈ?

**ਯਾਗਵਲਕ** -ਆਤਮਾ ਹੀ ਇਸ ਦੀ ਜੋਤੀ ਹੁੰਦਾ ਹੈ। ਆਤਮਾ, ਦੇਹ-ਇੰਦ੍ਰੀਆਂ ਰੂਪ ਆਪਣੇ ਅੰਗਾਂ ਤੋਂ ਜੁਦਾ, ਦੇਹ ਅਤੇ ਇੰਦ੍ਰੀਆਂ ਦਾ ਪ੍ਰਕਾਕ, ਸੂਰਜ ਆਦਿ ਜੋਤੀਆਂ ਵਿੱਚ ਸਮਾਨ ਤੇ ਸ੍ਵਯੰ-ਪ੍ਰਕਾ ਯਾਨੀ ਕਿਸੇ ਹੋਰ ਦੂਜੀ ਜੋਤੀ ਦੁਆਰਾ ਪ੍ਰਕਾਤਿ ਨਾ ਹੋਣ ਵਾਲੀ ਜੋਤੀ ਕਿਹਾ ਜਾਂਦਾ ਹੈ। ਇਹ ਆਤਮ-ਜੋਤੀ, ਦੇਹ ਦੇ ਅੰਦਰ ਹੁੰਦੀ ਹੋਈ ਭੀ, ਇੰਦ੍ਰੀਆਂ ਆਦਿ ਤੋਂ ਜੁਦਾ ਯਾਨੀ ਅਲਹਿਦਾ ਹੁੰਦੀ ਹੈ।

ਇਹ ਤਾਂ ਸਿੱਧ ਹੋ ਹੀ ਚੁੱਕਾ ਹੈ ਕਿ ਜੋ ਜੋਤੀ, ਦੇਹ-ਇੰਦ੍ਰੀਆਂ ਤੋਂ ਭਿੰਨ ਤਥਾ ਦੇਹ-ਇੰਦ੍ਰੀਆਂ ਉੱਤੇ ਉਪਕਾਰ ਕਰਨ ਵਾਲੀ ਹੁੰਦੀ ਹੈ, ਉਹ ਨੇਤ੍ਰ ਆਦਿ ਬਾਹਰਲੀਆਂ ਇੰਦ੍ਰੀਆਂ ਨਾਲ ਪ੍ਰਾਪਤ ਹੁੰਦੀ ਦੇਖੀ ਜਾਂਦੀ ਹੈ ਕਿੰਤੂ ਸੂਰਜ ਆਦਿ ਜੋਤੀਆਂ ਦੇ ਨਿਵਿਰਤ ਹੋ ਜਾਣ ਪਰ ਇਹ ਆਤਮਾ ਉਨ੍ਹਾਂ (ਜੋਤੀਆਂ) ਦੀ ਤਰ੍ਹਾਂ ਨੇਤ੍ਰ ਆਦਿ ਇੰਦ੍ਰੀਆਂ ਨਾਲ ਪ੍ਰਾਪਤ ਨਹੀਂ ਹੁੰਦਾ ਯਾਨੀ ਦਿਖਾਈ ਨਹੀਂ ਦਿੰਦਾ ਪ੍ਰੰਤੂ ਇਸ ਦੁਆਰਾ ਜੋਤੀ ਦਾ ਕੰਮ ਹੁੰਦਾ ਦੇਖਿਆ ਜਾਂਦਾ ਹੈ। ਇਸ ਲਈ ਇਹ ਪੁਰ ਆਤਮ-ਜੋਤੀ ਨਾਲ ਹੀ ਬੈਠਦਾ, ਇੱਧਰ-ਉੱਧਰ ਜਾਂਦਾ, ਕਰਮ ਕਰਦਾ ਅਤੇ ਵਾਪਸ ਆ ਜਾਂਦਾ ਹੈ। ਇਸ ਲਈ ਇਹ ਗਲ ਨਿਸਚੇ ਹੀ ਹੈ ਕਿ ਆਤਮਾ ਰੀਰ ਦੇ ਅੰਦਰ ਰਹਿਣ ਵਾਲੀ ਪਰਮ-ਜੋਤੀ ਹੈ। ਇਹੋ ਹੀ ਨਹੀਂ, ਉਹ ਸੂਰਜ ਆਦਿ ਜੋਤੀਆਂ ਨਾਲੋਂ ਬਿਲੱਛਣ ਯਾਨੀ ਅਲਗ ਹੀ ਪ੍ਰਕਾਰ ਦੀ ਅਤੇ ਆਕਾਰ ਤੋਂ

ਰਹਿਤ ਭੀ ਹੈ। ਇਹੀ ਕਾਰਨ ਹੈ ਜੋ ਆਤਮ-ਜੋਤੀ ਸੂਰਜ ਆਦਿ ਦੇ ਸਮਾਨ ਨੇਤ੍ਰ ਆਦਿ ਇੰਦ੍ਰੀਆਂ ਦ੍ਵਾਰਾ ਗ੍ਰਹਿਣ ਕਰਨ ਦੇ ਯੋਗ ਨਹੀਂ ਹੈ।

## *ਦੇਹ ਹੀ ਆਤਮਾ ਹੈ*

ੰ**ਕਾ** ਆਪ, ਦੇਹ ਇੰਦ੍ਰੀਆਂ ਤੋਂ ਜੁਦਾ ਆਤਮ-ਜੋਤੀ ਨੂੰ ਕਹਿੰਦੇ ਹੋ ਪ੍ਰੰਤੂ ਇਹ ਗਲ ਮੰਨੀ ਨਹੀਂ ਜਾ ਸਕਦੀ ਕਿਉਂਕਿ ਇਹ ਦੇਹ ਇੰਦ੍ਰੀਆਂ ਸੰਘਾਤ (ਸਮੂਹ) ਹੀ ਪ੍ਰਤਖ ਦੇਖਦਾ, ਸੁਣਦਾ, ਮੰਨਣ ਕਰਦਾ ਤੇ ਵਿ ਰੂਪ ਨਾਲ ਜਾਣਦਾ ਹੈ। ਜੇ ਸੂਰਜ ਆਦਿ ਦੇ ਸਮਾਨ, ਇਸ ਰੀਰ ਉੱਤੇ ਉਪਕਾਰ ਕਰਨ ਵਾਲੀ ਕੋਈ ਹੋਰ ਜੋਤੀ ਹੋਵੇ ਤਾਂ ਉਹ ਆਤਮਾ ਨਹੀਂ ਹੋ ਸਕਦਾ। ਜੇ ਉਹ ਕੋਈ ਜੋਤੀ ਹੈ ਹੀ ਤਾਂ ਸੂਰਜ ਆਦਿ ਦੇ ਸਮਾਨ ਹੀ ਕੋਈ ਹੋਰ ਜੋਤੀ ਹੋਵੇਗੀ। ਜੋ ਭੀ ਪ੍ਰਤੱਖ ਦੇਖਣਾ ਆਦਿ ਕਰਮ ਕਰਦਾ ਹੈ, ਉਹ ਦੇਹ ਇੰਦ੍ਰੀਆਂ ਸੰਘਾਤ (ਸਮੂਹ) ਹੀ ਆਤਮਾ ਹੋਣਾ ਚਾਹੀਦਾ ਹੈ। ਰੀਰ ਤੋਂ ਭਿੰਨ, ਕਿਸੇ ਹੋਰ ਆਤਮਾ ਦੀ ਕਲਪਨਾ ਨਹੀਂ ਕੀਤੀ ਜਾਣੀ ਚਾਹੀਏ।

**ਸਮਾਧਾਨ**ਆਪ ਦਾ ਇਹ ਕਹਿਣਾ ਠੀਕ ਨਹੀਂ ਹੈ ਕਿਉਂਕਿ ਸੁਪਨ ਅਤੇ ਸਿਮ੍ਰਤੀ (ਯਾਦਾਤ) ਵਿੱਚ ਦੇਖੇ ਹੋਏ ਦਾ ਹੀ ਦਰਨ ਹੁੰਦਾ ਹੈ। ਆਪ ਨੇ ਜੋ ਇਹ ਕਿਹਾ ਕਿ ਦੇਖਣ ਆਦਿ ਕ੍ਰਿਆ ਦੇਹ ਦੀ ਹੀ ਹੈ, ਉਸ ਤੋਂ ਬਿਨਾਂ ਕਿਸੇ ਹੋਰ ਦੀ ਨਹੀਂ ਹੈ, ਸੋ ਇਹ ਗਲ ਇਸ ਤਰ੍ਹਾਂ ਦੀ ਨਹੀਂ ਹੈ ਕਿਉਂਕਿ ਜੇ ਦਰਨ ਆਦਿ ਕ੍ਰਿਆ ਦੇਹ ਦੀ ਹੀ ਹੁੰਦੀ ਤਾਂ ਸੁਪਨ ਵਿੱਚ, ਦੇਖੀਆਂ ਹੋਈਆਂ ਚੀਾਂ ਨੂੰ ਹੀ ਨਾ ਦੇਖਿਆ ਜਾਂਦਾ। ਅੰਧਾ ਮਨੁ, ਸੁਪਨ ਵਿੱਚ ਉਹੀ ਚੀਾਂ ਦੇਖਦਾ ਹੈ ਜੋ ਉਸਨੇ ਪਹਿਲਾਂ ਨੇਤ੍ਰਾਂ ਦੇ ਹੁੰਦਿਆਂ ਦੇਖੀਆਂ ਸਨ। ਜਿਨ੍ਹਾਂ ਚੀਾਂ ਨੂੰ ਪਹਿਲਾਂ ਕਦੇ ਭੀ ਯਾਨੀ ਪੂਰਬਲੇ ਜਨਮ ਵਿੱਚ ਭੀ ਨਹੀਂ ਦੇਖਿਆ, ਉਨ੍ਹਾਂ ਨੂੰ ਨਹੀਂ ਦੇਖਦਾ। ਇਸ ਲਈ ਇਹ ਸਿੱਧ ਹੁੰਦਾ ਹੈ ਕਿ ਸੁਪਨ ਵਿੱਚ, ਦੇਖੇ ਹੋਏ ਪਦਾਰਥਾਂ ਨੂੰ ਹੀ ਦੇਖਦਾ ਹੈ। ਉਸੀ ਨੇ ਪਹਿਲਾਂ ਨੇਤ੍ਰਾਂ ਦੇ ਰਹਿੰਦੇ ਹੋਏ, ਉਨ੍ਹਾਂ ਪਦਾਰਥਾਂ ਨੂੰ ਦੇਖਿਆ ਸੀ, ਦੇ ਹ ਨੇ ਨਹੀਂ। ਜੇ ਦੇਹ ਦੇਖਣ ਵਾਲੀ ਹੁੰਦੀ ਤਾਂ ਜਿਨ੍ਹਾਂ ਦ੍ਵਾਰਾ ਉਸਨੇ ਪਹਿਲਾਂ ਦੇ ਖਿਆ ਸੀ, ਉਨ੍ਹਾਂ ਨੇਤ੍ਰਾਂ ਦੇ ਨਾ ਹੋਣ ਪਰ, ਉਹ ਪਹਿਲੇ ਦੇਖੇ ਪਦਾਰਥਾਂ ਨੂੰ, ਸੁਪਨ ਵਿੱਚ ਨਾ ਦੇਖਦਾ। ਜਿਨ੍ਹਾਂ ਦੇ ਨੇਤ੍ਰ ਨਾ ਹੋ ਚੁੱਕੇ ਹਨ, ਉਨ੍ਹਾਂ ਨੇਤ੍ਰ-ਹੀਨ ਪੁਰਾਂ ਬਾਰੇ ਇਹ ਪ੍ਰਸਿੱਧ ਹੈ ਕਿ ਅੱਜ ਮੈਂ ਪਹਿਲਾਂ ਦੇਖਿਆ ਹੋਇਆ ਹਿਮਾਲਿਆ

ਪਰਬਤ ਦੇਖਿਆ ਹੈ। ਇਸ ਕਾਰਨ ਇਹ ਜਾਣਿਆ ਜਾਂਦਾ ਹੈ ਕਿ ਜੋ ਸੁਪਨ ਨੂੰ ਦੇਖਣ ਵਾਲਾ ਹੈ, ਉਹੀ ਨੇਤ੍ਰਾਂ ਦੇ ਨਾ ਨਾ ਹੋਣ ਪਰ ਭੀ ਦ੍ਰਿਟਾ ਯਾਨੀ ਦੇਖਣ ਵਾਲਾ ਹੈ। ਦੇਹ, ਦ੍ਰਿਟਾ (ਦੇਖਣ ਵਾਲੀ) ਨਹੀਂ ਹੈ।

ਇਸ ਪ੍ਰਕਾਰ ਸਿਮਰਣ ਵਿੱਚ ਭੀ ਸਮਝਣਾ ਚਾਹੀਦਾ ਹੈ। ਦੇਖਣ ਵਾਲਾ (ਦ੍ਰਿਟਾ) ਅਤੇ ਸਿਮਰਣ (ਯਾਦ) ਕਰਨ ਵਾਲੇ ਦੀ ਏਕਤਾ ਹੋਣ ਤੇ ਜੋ ਦੇਖਣ ਵਾਲਾ ਹੈ, ਉਹੀ ਸਿਮਰਣ ਕਰਨ ਵਾਲਾ ਭੀ ਹੈ। ਇਸੀ ਵਾਸਤੇ ਅੱਖਾਂ ਬੰਦ ਕਰਕੇ, ਸਿਮਰਣ ਕਰਨ ਵਾਲਾ ਜੋ ਪਹਿਲਾਂ ਦੇਖਿਆ ਹੋਇਆ ਕੋਈ ਰੂਪ ਹੈ, ਉਸ ਰੂਪ ਨੂੰ ਦੇਖੇ ਹੋਏ ਦੇ ਸਮਾਨ ਹੀ ਦੇਖਦਾ ਹੈ। ਜਿਨ੍ਹਾਂ ਨੇਤ੍ਰਾਂ ਨੇ ਪਹਿਲਾਂ ਕੋਈ ਰੂਪ ਦੇਖਿਆ ਹੈ, ਉਹ ਤਾਂ ਮੀਟੀਆਂ ਹੋਈਆਂ ਹਨ, ਇਸ ਲਈ ਦ੍ਰਿਟਾ ਨਹੀਂ ਹਨ। ਜੋ ਨੇਤ੍ਰਾਂ ਦੇ ਬੰਦ ਕਰਨ ਨਾਲ, ਯਾਦ ਆਉਣ ਵਾਲੇ ਕਿਸੇ ਰੂਪ ਨੂੰ ਦੇਖਦਾ ਹੈ, ਉਹੀ ਨੇਤ੍ਰਾਂ ਦੇ ਨਾ ਮੀਟਣ ਪਰ ਭੀ ਦ੍ਰਿਟਾ ਸੀ, ਇਸ ਤਰ੍ਹਾਂ ਜਾਣਿਆ ਜਾਂਦਾ ਹੈ।

ਇਸ ਤੋਂ ਬਿਨ੍ਹਾਂ ਮਰਿਆ ਹੋਇਆ ਰੀਰ ਭੀ ਰੂਪ ਆਦਿ ਦਾ ਦਰਨ, ਉਹ ਨਹੀਂ ਕਰਦਾ। ਜੇ ਦੇਹ ਹੀ ਦ੍ਰਿਟਾ ਹੁੰਦੀ ਤਾਂ ਮਰ ਜਾਣ ਪਰ ਭੀ, ਉਸ ਵਿੱਚ ਦੇਖਣ ਆਦਿ ਕ੍ਰਿਆ ਕਿਉਂ ਨਾ ਹੁੰਦੀ? ਇਸ ਲਈ ਜਿਸਦੇ ਦੇਹ ਵਿੱਚ ਨਾ ਰਹਿਣ ਦੇ ਕਾਰਣ, ਦੇਖਣ ਆਦਿ ਕ੍ਰਿਆ ਨਹੀਂ ਹੁੰਦੀ ਤੇ ਰਹਿਣ ਪਰ ਹੁੰਦੀ ਹੈ, ਉਹੀ ਦਰਨ ਆਦਿ ਕ੍ਰਿਆਵਾਂ ਦੇ ਕਰਨ ਵਾਲਾ ਕਰਤਾ ਹੈ, ਦੇਹ ਨਹੀਂ, ਇਸ ਤਰ੍ਹਾਂ ਜਾਨਣ ਵਿੱਚ ਆਉਂਦਾ ਹੈ। ਜੇ ਕਹੋ ਕਿ ਨੇਤ੍ਰ ਆਦਿ ਇੰਦ੍ਰੀਆਂ ਹੀ, ਦਰਨ ਆਦਿ ਕ੍ਰਿਆ ਦੇ ਕਰਨ ਵਾਲੀਆਂ ਹਨ ਤਾਂ ਇਉਂ ਵੀ ਨਹੀਂ ਹੈ ਕਿਉਂਕਿ ਦਰਨ ਅਤੇ ਸਪਰ ਦੇ ਜੁਦਾ-ਜੁਦਾ ਕਰਤਾ ਹਨ-ਦਰਨ, ਨੇਤ੍ਰ ਕਰਦੇ ਨੇ ਅਤੇ ਸਪਰ, ਤ੍ਵਚਾ (ਚਮੜੀ) ਕਰਦੀ ਹੈ। ਦਿਨ ਨੂੰ ਜੋ ਵਸਤੂ ਦੇਖੀ ਗਈ ਹੈ, ਅੰਧੇਰੇ ਵਿੱਚ ਉਸੀ ਵਸਤੂ ਨਾਲ ਸਪਰ ਹੋਣ ਤੇ, ਇਸ ਤਰ੍ਹਾਂ ਦਾ ਗਿਆਨ ਹੁੰਦਾ ਹੈ ਕਿ ਜੋ ਵਸਤੂ ਮੈਂ ਦੇਖੀ ਸੀ, ਉਸੀ ਦਾ ਸਪਰ ਕਰ ਰਿਹਾ ਹਾਂ ਤਾਂ ਇਸ ਤਰ੍ਹਾਂ ਦਾ ਅਨੁਭਵ ਨਹੀਂ ਹੋਣਾ ਚਾਹੀਦਾ। ਇਹ ਅਨੁਭਵ ਤਦੇ ਹੋ ਸਕਦਾ ਹੈ ਜੇ ਦੇਖਣ ਵਾਲਾ ਤੇ ਸਪਰ ਕਰਨ ਵਾਲਾ ਇਕੋ ਹੀ ਹੋਵੇ। ਜੇ ਦੋ ਹੋਣ ਤਾਂ ਨੇਤ੍ਰਾਂ ਦੀ ਕ੍ਰਿਆ ਦਾ ਗਿਆਨ ਤ੍ਵਚਾ ਨੂੰ ਕਿਵੇਂ ਹੋ ਸਕਦਾ ਹੈ? ਜੋ ਕੋਈ ਵਸਤੂ ਸੁਰਜੀਤ ਨੇ ਦੇਖੀ ਹੋਵੇ, ਉਸ ਬਾਰੇ ਗੁਰਬਚਨ ਕਿਸ ਤਰ੍ਹਾਂ ਕਹਿ ਸਕਦਾ ਹੈ ਕਿ ਉਸੀ ਵਸਤੂ ਦਾ ਮੈਂ ਸਪਰ ਕਰ ਰਿਹਾ ਹਾਂ ਕਿਉਂਕਿ ਗੁਰਬਚਨ ਨੇ ਤਾਂ ਉਹ ਵਸਤੂ ਦੇਖੀ ਤੇ ਸੁਣੀ ਨਹੀਂ ਹੈ?

ਜਿਸ ਇੰਦ੍ਰੀਯ ਦਾ ਜੋ ਕੰਮ ਹੈ, ਉਸ ਨੂੰ ਉਹੀ ਕਰ ਸਕਦਾ ਹੈ। ਨੇਤ੍ਰਾਂ ਦਾ ਕੰਮ, ਕੰਨ ਨਹੀਂ ਦਿੰਦੇ ਤੇ ਕੰਨਾਂ ਦਾ ਕੰਮ, ਨੇਤ੍ਰ ਨਹੀਂ ਦਿੰਦੇ। ਇਸ ਤਰ੍ਹਾਂ ਸਾਰੀਆਂ ਹੀ ਇੰਦ੍ਰੀਆਂ ਇਕ ਦੂਜੇ ਦਾ ਕੰਮ ਨਹੀਂ ਕਰ ਸਕਦੀਆਂ। ਜੋ ਗੱਲ ਕੰਨਾਂ ਨੇ ਸੁਣੀ ਹੈ, ਉਸ ਨੂੰ ਬਾਣੀ (ਜੀਭ) ਕਿਸ ਤਰ੍ਹਾਂ ਕਹਿ ਸਕਦੀ ਹੈ? ਕੰਨ ਹੀ ਕਹਿਣ, ਜਿਨ੍ਹਾਂ ਨੇ ਸੁਣੀ ਹੈ। ਪਰ ਐਸਾ ਹੈ ਨਹੀਂ, ਕਹਿੰਦੀ ਬਾਣੀ (ਜੀਭ ਹੀ) ਹੈ। ਜਿਸ ਰੂਪ ਨੂੰ ਮੈਂ ਦੇਖਿਆ ਸੀ, ਉਸੀ ਦਾ ਸਪਰ ਕਰਦਾ ਹਾਂ ਅਤੇ ਜਿਸ ਬਾਤ ਨੂੰ ਮੈਂ ਸੁਣਿਆ ਸੀ, ਉਸੀ ਨੂੰ ਕਹਿ ਰਿਹਾ ਹਾਂ। ਇਸ ਤਰ੍ਹਾਂ ਦੀ ਬਾਤ ਤਦ ਹੀ ਬਣੇਗੀ ਜੇ ਸਭ ਇੰਦ੍ਰੀਆਂ ਦਾ ਕਰਤਾ ਇੱਕ ਹੋਵੇ ਯਾਨੀ ਦੇਖਣ ਵਾਲਾ, ਸਪਰ ਕਰਨ ਵਾਲਾ, ਸੁਣਨ ਵਾਲਾ, ਸੁੰਘਣ ਵਾਲਾ ਅਤੇ ਕਹਿਣ ਵਾਲਾ ਇੱਕ ਹੋਵੇ ਅਤੇ ਉਹ ਹੋਵੇ ਭੀ ਇਨ੍ਹਾਂ ਸਭ ਇੰਦ੍ਰੀਆਂ ਤੋਂ ਜੁਦਾ, ਅਸੰਗ ਅਤੇ ਨਿਰਲੇਪ!

## *ਮਨ ਹੀ ਆਤਮਾ ਹੈ*

**ੰਕਾ** : ਇਹ ਠੀਕ ਹੈ, ਪਰ ਜੇ ਮਨ ਨੂੰ ਹੀ ਦ੍ਰਿਟਾ ਮੰਨ ਲਈਏ ਤਾਂ?

**ਉੱਤਰ** : ਤਾਂ ਭੀ ਗੱਲ ਨਹੀਂ ਬਣਦੀ ਕਿਉਂਕਿ ਰੂਪ ਆਦਿ ਦੀ ਤਰ੍ਹਾਂ ਮਨ ਭੀ ਦ੍ਰਿਯ ਹੈ। ਇਸ ਲਈ ਮਨ ਭੀ ਦ੍ਰਿਟਾ ਨਹੀਂ ਹੋ ਸਕਦਾ ਕਿਉਂਕਿ ਮਨ ਭੀ ਦ੍ਰਿਯ ਹੈ ਅਤੇ ਦ੍ਰਿਯ ਕਦੇ ਭੀ ਦ੍ਰਿਟਾ ਨਹੀਂ ਹੋ ਸਕਦਾ। ਕਈ ਵਾਰ ਉਪਦੇ ਸੁਣਦਾ ਹੋਇਆ ਜਗਯਾਸੂ ਇਹ ਕਹਿੰਦਾ ਹੈ ਗੁਰਦੇਵ! ਮੈਂ ਆਪ ਜੀ ਦੀ ਬਾਤ ਸਮਝਿਆ ਨਹੀਂ ਫਿਰ ਸਮਝਾਓ, ਕਿਉਂਕਿ ਇਹ ਚੰਚਲ ਮਨ, ਗੈਰਹਾਰ ਹੋ ਗਿਆ ਸੀ। ਇਸਤੋਂ ਸਪਟ ਹੋ ਗਿਆ ਕਿ ਮਨ ਨੂੰ ਉਸਨੇ ਅੱਛੀ ਤਰ੍ਹਾਂ ਦੇਖਿਆ ਹੈ, ਨਹੀਂ ਤਾਂ ਬਿਨਾਂ ਦੇਖੇ ਇਹ ਕਿਸ ਤਰ੍ਹਾਂ ਕਹਿੰਦਾ? ਇਸ ਲਈ, ਸਿੱਧ ਹੋਇਆ ਕਿ ਆਤਮ-ਜੋਤੀ ਦੇਹ ਦੇ ਅੰਦਰ ਹੈ ਅਤੇ ਸੂਰਜ, ਚੰਦ੍ਰਮਾ ਆਦਿ ਦੀ ਤਰ੍ਹਾਂ ਗੀਰ ਤੋਂ ਜੁਦਾ ਵੀ ਹੈ। ਨੇਤ੍ਰ ਆਦਿ ਇੰਦ੍ਰੀਆਂ ਤੋਂ ਜੁਦਾ ਅਤੇ ਸਭ ਇੰਦ੍ਰੀਆਂ ਦੁਆਰਾ ਨਾ ਦਿਖਾਈ ਦੇਣ ਦੇ ਕਾਰਣ ਆਤਮ-ਜੋਤੀ ਅੰਦਰ ਹੈ ਤੇ ਬਿਲਛਣ ਭੀ ਹੈ ਯਾਨੀ ਬਾਹਰਲੀਆਂ ਜੋਤੀਆਂ ਨਾਲੋਂ ਭਿੰਨ ਕਿਸੇ ਹੋਰ ਹੀ ਪ੍ਰਕਾਰ ਦਾ ਹੈ।

**ਕਠੋਪਨਿਦ** ਵਿੱਚ **ਯਮਰਾਜ** ਨੇ **ਨਚਿਕੇਤਾ** ਨੂੰ ਉਪਦੇ ਦਿੰਦਿਆਂ ਇਹੋ

ਹੀ ਸਮਝਾਇਆ ਸੀ ਕਿ –

ਜਿਸ ਆਤਮਾ ਦੂਾਰਾ ਪੁਰ–ਬਦ, ਸਪਰ, ਰੂਪ, ਗੰਧ ਤੇ ਮੈਥਨ ਦਾ ਸੁਖ ਅੱਛੀ ਤਰ੍ਹਾਂ ਅਨੁਭਵ ਕਰਦਾ ਹੈ, ਉਸ ਆਤਮਾ ਪਾਸੋਂ ਇਸ ਸੰਸਾਰ ਦੀ ਕਿਹੜੀ ਗੱਲ ਜਾਨਣ ਤੋਂ ਬਾਕੀ ਰਹਿ ਜਾਂਦੀ ਹੈ? **(ਕ: ਉ: ੨।੧।੩।)**

ਜਿਹੜਾ ਆਤਮਾ ਸੁਪਨ ਵਿੱਚ ਨਰ ਆਉਣ ਵਾਲੇ ਪਦਾਰਥ ਅਤੇ ਜਾਗ੍ਰਿਤ ਵਿੱਚ ਦਿਖਾਈ ਦੇਣ ਵਾਲੇ ਪਦਾਰਥਾਂ ਨੂੰ ਦੇਖਦਾ ਹੈ। **(ਕ: ਉ: ੨।੧ ।੪ ।)**

ਜੋ ਪ੍ਰਾਣ ਨੂੰ ਉੱਪਰ ਦੀ ਤਰਫ ਲੈ ਜਾਂਦਾ ਹੈ ਤੇ ਅਪਾਨ ਨੂੰ ਨੀਚੇ ਦੀ ਤਰਫ ਧੱਕਦਾ ਹੈ, ਹਿਰਦੇ ਵਿੱਚ ਰਹਿਣ ਵਾਲੇ ਵਾਮਨ ਦੀ ਨਿਆਈਂ ਯਾਨੀ ਆਤਮਾ ਦੀ ਸਭ ਦੇਵਤਾ ਉਪਾਨਾ ਕਰਦੇ ਹਨ। **(ਕ: ਉ: ੨।੨।੩।)**

ਰੀਰ ਦੇ ਵਿੱਚ ਰਹਿਣ ਵਾਲੇ ਆਤਮਾ ਦੇ ਚਲੇ ਜਾਣ ਪਰ ਇਸ ਰੀਰ ਵਿੱਚ ਕੀ ਰਹਿ ਜਾਂਦਾ ਹੈ? **(ਕ: ਉ: ੨।੨।੪।)**

ਮਤਲਬ ਇਹ ਕਿ ਨਗਰ ਦੇ ਸੂਾਮੀ ਦੇ ਚਲੇ ਜਾਣ ਪਰ, ਜਿਸ ਤਰ੍ਹਾਂ ਨਗਰ ਦੇ ਵਸਨੀਕਾਂ ਦੀ ਦੁਰਦਾ ਹੁੰਦੀ ਹੈ, ਉਸੀ ਤਰ੍ਹਾਂ ਰੀਰ ਵਿੱਚੋਂ ਆਤਮਾ ਦੇ ਚਲੇ ਜਾਣ ਨਾਲ, ਇਹ ਸਾਰੀਆਂ ਇੰਦ੍ਰੀਆਂ ਬਲ–ਹੀਣ ਹੋ ਜਾਂਦੀਆਂ ਹਨ ਅਰਥਾਤ ਕੁਝ ਭੀ ਕਰਨ ਦੇ ਯੋਗ ਨਹੀਂ ਰਹਿੰਦੀਆਂ।

ਨਾ ਕੋਈ ਆਦਮੀ ਪ੍ਰਾਣ ਨਾਲ ਜੀਉਂਦਾ ਹੈ ਤੇ ਨਾ ਅਪਾਨ ਨਾਲ ਹੀ। ਇਹ ਦੋਨੋਂ ਜਿਸਦੇ ਆਸਰੇ ਰਹਿੰਦੇ ਹਨ, ਉਸ ਅਜਿਹੇ ਆਤਮਾ ਦੇ ਹੋਣ ਕਰਕੇ ਹੀ ਸਭ ਜੀਉਂਦੇ ਹਨ। **(ਕ: ਉ: ੨।੨।੫।)**

ਅੰਗੂਠੇ * ਮਾਤ੍ਰ ਪੁਰ ਜੋ ਅੰਤਰਾਤਮਾ ਹੈ, ਉਹ ਸਦਾ ਹੀ ਜੀਵਾਂ ਦੇ ਹਿਰਦੇ ਵਿਚ ਇਸਥਿਤ ਹੈ। **(ਕ: ਉ: ੨।੩।੧੭।)**

ਇਸ ਤੋਂ ਭਿੰਨ ਕੋਈ ਦ੍ਰਿਟਾ (ਦੇਖਣ ਵਾਲਾ) ਨਹੀਂ ਹੈ ਤੇ ਇਸ ਤੋਂ ਭਿੰਨ ਕੋਈਂ੍ਰਤਾ (ਸ੍ਰਵਣ ਕਰਨ ਵਾਲਾ) ਨਹੀਂ ਹੈ। **(ਬ੍ਰਿਹ: ਉ: ੩।੮।੧੧।)**

ਜੋਗੀ–ਜਨ, ਜਿਸਨੂੰ ਦੋ–ਹੀਣ ਦੇਖਦੇ ਹਨ, ਉਹ ਜੋਤੀ–ਸਰੂਪ,ੁੱਧ ਆਤਮਾ, ਰੀਰ ਦੇ ਵਿੱਚ ਹੀ ਰਹਿੰਦਾ ਹੈ। **(ਮੁੰ: ਉ: ੩।੧।੫।)**

---

* ਆਤਮਾ ਦਾ ਕੋਈ ਪ੍ਰਮਾਣ ਨਹੀਂ, ਕਿਉਂਕਿ ਉਹ ਅੰਦਾਂ ਤੋਂ ਬਾਹਰ ਹੈ। ਅੰਗੂਠੇ ਬਰਾਬਰ ਹਿਰਦਾ ਕਮਲ ਹੈ, ਉਸ ਵਿੱਚ ਰਹਿਣ ਵਾਲਾ ਪੁਰਖ–ਬ੍ਰਹਮ ਹੈ।

**ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ॥**

(ਅੰਗ ੧੩੦੨)

**ਜਾ ਕੀ ਗਤਿ ਮਿਤਿ ਕਹੀ ਨ ਜਾਇ॥**
**ਘਟਿ ਘਟਿ ਘਟਿ ਘਟਿ ਰਹਿਆ ਸਮਾਇ॥** (ਅੰਗ ੧੧੮੧)

**ਘਟਿ ਘਟਿ ਅੰਤਰਿ ਸਗਲ ਅਧਾਰੁ॥** (ਅੰਗ ੬੭੭)

**ਘਟ ਘਟ ਅੰਤਰਿ ਸਾਹਿਬੁ ਨੇਰਾ॥** (ਅੰਗ ੫੩੫)

**ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ॥**
**ਘਟ ਘਟ ਅੰਤਰਿ ਰਵਿਆ ਸੋਈ॥** (ਅੰਗ ੩੮੭)

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥** (ਅੰਗ ੧੪੨੭)

**ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ॥**
**ਇਕਸੁ ਵਿਣੁ ਹੋਰੁ ਦੂਜਾ ਨਾਹੀ**
**ਬਾਬਾ ਨਾਨਕ ਇਹ ਮਤਿ ਸਾਰੀ ਜੀਉ॥** (ਅੰਗ ੧੦੮)

**ਵਵਾ ਵੈਰੁ ਨ ਕਰੀਐ ਕਾਹੂ॥**
**ਘਟ ਘਟ ਅੰਤਰਿ ਬ੍ਰਹਮ ਸਮਾਹੂ॥** (ਅੰਗ ੨੫੯)

**ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥** (ਅੰਗ ੭੮੪)

ਇਸ ਤਰ੍ਹਾਂ ਇਹ ਬਾਤ ਭਲੀ ਪ੍ਰਕਾਰ ਸਿੱਧ ਹੋ ਜਾਂਦੀ ਹੈ ਕਿ ਜਿਸਦੇ ਰਹਿਣ ਕਰਕੇ ਸਥੂਲ ਅਤੇ ਜੜ੍ਹ ਦੇਹ ਸਭ ਚੇਟਾ ਕਰਦੀ ਹੈ ਅਤੇ ਜਿਸਦੇ ਚਲੇ ਜਾਣ ਨਾਲ, ਦੇਹ ਗਿਰ ਜਾਂਦੀ ਅਰਥਾਤ ਮਰ ਜਾਂਦੀ ਹੈ, ਉਹ ਇਸ ਦੇਹ ਨੂੰ ਸੁੰਦਰ ਅਤੇ ਕੁਰੂਪ ਬਣਾ ਦੇਣ ਵਾਲਾ ਸ੍ਵਯੰ ਆਤਮ-ਜੋਤੀ ਜੋ ਦੇਹ ਦੇ ਭੀਤਰ ਇਸਥਿਤ (ਮੌਜੂਦ) ਹੈ ਅਤੇ ਅਸੰਗ ਵੀ ਹੈ।

## *ਆਤਮਾ ਦੇ ਦੇਹ ਵਿੱਚ ਆਉਣ ਤੇ ਜਾਣ ਬਾਰੇ ਪ੍ਰਨ*

ਪਿਆਰੇ ਵਿਜੋਗੀ! ਤੇਰਾ ਜੋ ਇਹ ਪ੍ਰਨ ਹੈ ਕਿ ਉਹ ਵਸਤੂ (ਆਤਮ-ਜੋਤੀ), ਦੇਹ ਵਿੱਚ ਆਉਂਦੀ ਅਤੇ ਜਾਂਦੀ ਕਿਸ ਤਰ੍ਹਾਂ ਹੈ? ਸੋ ਸੁਣ-

ਵਾਨਾ ਦੇ ਯੁਕਤ ਹੋਇਆ ਹੋਇਆ ਆਤਮਾ, ਉਸ ਵਾਨਾ ਮੁਤਾਬਿਕ ਕ੍ਰੀੜਾ

(ਖੇਡ) ਕਰਨ ਖਾਤਰ ਨੇਤ੍ਰ੍ਰੋਤ੍ਰ, ਰਸਨਾ, ਘ੍ਰਾਣ (ਨਾਸਿਕਾ), ਤ੍ਵਚਾ ਤੇ ਮਨ ਨੂੰ ਨਾਲ ਲੈ ਕੇ ਰੀਰ ਵਿੱਚ ਇਉਂ ਆ ਜਾਂਦਾ ਹੈ ਜਿਉਂ ਕੋਈ ਰਾਜਾ ਕਿਾਰ ਖੇਡਣ ਆਦਿ ਕ੍ਰੀੜਾ ਕਰਨ ਦੀ ਇੱਛਾ ਰੱਖ ਕੇ, ਆਪਣੇ ਅਮੀਰ, ਨੌਕਰ, ਸਤ੍ ਤੇ ਖਾਣ-ਪੀਣ ਦੀ ਸਮਗ੍ਰੀ ਲੈਕੇ ਕਿਸੇ ਅਨੁਕੂਲ ਵਣ ਵਿੱਚ ਆਕੇ ਤੰਬੂ ਲਗਾ ਕੇ ਬੈਠਦਾ ਹੈ ਅਤੇ ਉੱਥੇ ਮਨ ਮਰੀ ਦੀ ਚੇਟਾ ਕਰਦਾ ਰਹਿੰਦਾ ਹੈ। ਨਿੱਤ ਉਹੀ ਕ੍ਰੀੜਾ ਕਰਨ ਨਾਲ ਜਦ ਉਸਦਾ ਚਿੱਤ ਅੱਕ ਜਾਂਦਾ ਹੈ ਤਾਂ ਕੋਈ ਨਵੀਂ ਚੇਟਾ ਕਰਨ ਦੀ ਚਿੱਤ ਵਿੱਚ ਕਾਮਨਾ ਹੁੰਦੀ ਹੈ ਫਿਰ ਉਹ ਉਸ ਵਣ ਨੂੰ ਤਿਆਗ ਕੇ ਕਿਸੇ ਹੋਰ ਨਵੇਂ ਬਨ ਵਿੱਚ ਜਾਕੇ ਬੈਠ ਜਾਂਦਾ ਹੈ। ਉਸ ਜਗ੍ਹਾ ਦੀ ਨਵੀਂ ਸੀਨਰੀ (ਦ੍ਰਿ), ਨਵਾਂ ਵਾਤਾਵਰਣ, ਨਵੇਂ ਜਾਨਵਰ, ਨਵੇਂ ਪੰਛੀ, ਨਵੇਂ ਚਮੇ -ਨਦੀਆਂ ਆਦਿ ਨੂੰ ਦੇਖਦਾ ਅਤੇ ਨਵੀਂ ਤਰ੍ਹਾਂ ਦੀ ਹੀ ਸਾਰੀ ਕ੍ਰੀੜਾ ਕਰਨ ਲਗ ਜਾਂਦਾ ਹੈ। ਇਸੀ ਤਰ੍ਹਾਂ ਇੱਕ ਰੀਰ ਵਿੱਚ ਆਇਆ ਹੋਇਆ ਆਤਮਾ, ਜਿਨ੍ਹਾਂ ਵਾਨਾਵਾਂ ਨੂੰ ਇਸ ਰੀਰ ਵਿੱਚ ਪੂਰਾ ਨਹੀਂ ਕਰਦਾ, ਉਨ੍ਹਾਂ ਵਾਨਾਵਾਂ ਮੁਤਾਬਿਕ ਕ੍ਰੀੜਾ ਕਰਨ ਲਈ, ਦੂਜੇ ਰੀਰ ਵਿੱਚ ਚਲਾ ਜਾਂਦਾ ਹੈ ਅਤੇ ਵਾਨਾਵਾਂ ਮੁਤਾਬਿਕ ਖੇਲ੍ਹ ਕਰਦਾ ਹੈ। ਇਹ ਹੀ ਆਤਮਾ ਦੇ ਆਉਣ ਅਤੇ ਜਾਣ ਦਾ ਨਮਿੱਤ ਹੈ ਯਾਨੀ ਆਪਣੀ ਮਾਇਆ ਨਾਲ ਮਿਲਕੇ ਇਸ ਤਰ੍ਹਾਂ ਦੀ ਲੀਲ੍ਹਾ ਕਰਦਾ ਰਹਿੰਦਾ ਹੈ। ਭਗਵਾਨ ਸ੍ਰੀ ਕ੍ਰਿਨ, ਗੀਤਾ ਵਿੱਚ ਇਉਂ ਕਥਨ ਕਰਦੇ ਹਨ-

ਜਦ ਇਹ ਆਤਮਾ ਪਹਿਲੇ ਰੀਰ ਵਿੱਚੋਂ ਨਿਕਲਕੇ, ਦੂਜੇ ਰੀਰ ਵਿੱਚ ਜਾਂਦਾ ਹੈ ਤਦ ਮਨ ਸਹਿਤ ਛੇ ਇੰਦ੍ਰੀਆਂ ਨੂੰ ਸਾਥ ਲੈਕੇ ਇਉਂ ਤੁਰ ਜਾਂਦਾ ਹੈ ਜਿਉਂ ਹਵਾ ਫੁੱਲਾਂ ਵਿੱਚੋਂ ਗੰਧ ਨੂੰ ਉਡਾ ਕੇ ਲੈ ਜਾਂਦੀ ਹੈ। ਪੰਜ ਗਿਆਨ ਇੰਦ੍ਰੀਆਂ ਅਤੇ ਛੇਵੇਂ ਮਨ ਨੂੰ ਆਸਰਾ ਬਣਾ ਕੇ, ਵਾਨਾ ਅਨੁਸਾਰ ਵਿਿਆਂ ਨੂੰ ਭੋਗਦਾ ਹੈ। **(ਗੀ: ੧੫।੮)**

ਇਕ ਜਗ੍ਹਾ, ਭਗਵਾਨ ਨੇ ਅਤੀ ਕਰੁਣਾ ਪ੍ਰਗਟ ਕਰਦੇ ਹੋਏ ਇਹ ਭੀ ਕਿਹਾ ਕਿ-ਪਹਿਲੇ ਰੀਰ ਨੂੰ ਛੱਡਕੇ ਜਾਂਦੇ ਹੋਏ ਨੂੰ, ਰੀਰ ਵਿੱਚ ਰਹਿੰਦੇ ਨੂੰ, ਬਦ ਆਦਿ ਵਿਿਆਂ ਨੂੰ ਭੋਗਦੇ ਹੋਏ ਨੂੰ, ਦੁੱਖ, ਸੁੱਖ, ਹਰਖ ਤੋਂ ਕ ਆਦਿ ਯੁਕਤ ਹੋਏ ਆਤਮਾ ਨੂੰ (ਜੋ ਅਤੀ ਪ੍ਰਗਟ ਅਤੇ ਦਰਨ ਗੋਚਰ ਹੈ) ਅੰਸੋਸ! ਵਿਯ ਭੋਗਾਂ ਦੀ ਇੱਛਾ ਨਾਲ ਮੋਹਿਤ ਹੋਏ-ਹੋਏ ਜੀਵ ਦੇਖਦੇ ਨਹੀਂ ਹਨ!

**ਪ੍ਰਨ** -ਆਤਮਾ ਦੇਹ ਵਿੱਚ ਆਉਂਦਾ ਤੇ ਜਾਂਦਾ ਕਿਉਂ ਹੈ?

**ਉੱਤਰ**–ਆਤਮਾ ਦੇ ਰੀਰ ਵਿੱਚ ਆਉਣ–ਜਾਣ ਦਾ ਕਾਰਨ ਕੇਵਲ ਵਾਨਾ ਹੀ ਹੈ। ਜਿਸ ਤਰ੍ਹਾਂ ਰਾਜੇ ਦਾ ਵਣ ਵਿੱਚ ਜਾਣਾ, ਸਿਰਫ ਖੇਡ ਕਰਨ ਦੀ ਇੱਛਾ ਹੀ ਹੈ। ਰਾਜੇ ਦੀ ਕਾਰ ਆਦਿ ਕ੍ਰੀੜਾ ਕਰਨ ਦੀ ਇੱਛਾ ਜੇ ਨਾ ਹੋਵੇ ਤਾਂ ਉਹ ਮਹਿਲਾਂ ਨੂੰ ਛੱਡ ਕੇ ਬਾਹਰ ਜਾਂਦਾ ਹੀ ਨਹੀਂ ਹੈ। ਇਸੇ ਤਰ੍ਹਾਂ ਜਦ ਇਸ ਆਤਮਾ ਦੀ ਚੇਟਾ ਕਰਨ ਦੀ ਵਾਨਾ ਬਿਲਕੁਲ ਤਮ ਹੋ ਜਾਂਦੀ ਹੈ ਤਦ ਇਹ ਨਾ ਕਿਸੇ ਰੀਰ ਵਿੱਚ ਆਉਂਦਾ ਤੇ ਨਾ ਹੀ ਜਾਂਦਾ ਹੈ, ਆਪਣੇ ਪਰਮ–ਲੋਕ ਵਿੱਚ ਹੀ ਯਾਨੀ ਆਪਣੇ ਸੂਰੂਪ ਵਿੱਚ ਸੰਕਲਪ ੂਨ ਹੋ ਕੇ ਇਸਥਿਤ ਹੋ ਜਾਂਦਾ ਹੈ।

**ਪ੍ਰ ਨ** –ਆਤਮਾ ਨੂੰ ਇਸ ਦੇਹ ਵਿਚ ਲੈ ਕੌਣ ਆਉਂਦਾ ਹੈ ਤੇ ਲੈ ਜਾਣ ਵਾਲਾ ਕੌਣ ਹੈ?

**ਉੱਤਰ**–ਇਸ ਆਤਮਾ ਨੂੰ ਲੈ ਆਉਣ ਵਾਲਾ ਤੇ ਲੈ ਜਾਣ ਵਾਲਾ ਕੋਈ ਭੀ ਨਹੀਂ ਹੈ। ਇਸ ਉੱਪਰ ਕੋਈ ਭੀ ਅਜਿਹੀ ਤਾਕਤ ਨਹੀਂ ਜੋ ਇਸ ਪਰ ਕਿਸੇ ਪ੍ਰਕਾਰ ਦਾ ਕੰਟਰੋਲ (ਾਸਨ) ਕਰ ਸਕੇ ਯਾਨੀ ਆਤਮਾ ਬਿਲਕੁਲ ਸੁਤੰਤ੍ਰ ਹੈ। ਇਹ ਆਤਮਾ ਆਪਣੀ ਮਾਇਆ ਨੂੰ ਆਿ੍ਰਤ ਕਰਕੇ ਆਉਂਦਾ ਤੇ ਚਲਾ ਜਾਂਦਾ ਹੈ। ਮਾਇਆ ਇਸਦੀ ਕਤੀ ਹੈ, ਇਸ ਲਈ ਇਸ ਨੂੰ ਕੌਣ ਕਹਿ ਸਕਦਾ ਹੈ ਕਿ ਤੂੰ ਆ ਅਤੇ ਕੌਣ ਕਹੇ ਕਿ ਹੁਣ ਚਲਾ ਜਾ! ਇਹ ਅਵਿਦਾ ਸੰਯੁਕਤ ਹੋਇਆ, ਆਪਣੇ ਵਿਚ ਨਾਨਾ ਸੰਕਲਪ ਦੇਖਦਾ ਹੈ, ਉਨ੍ਹਾਂ ਮੁਤਾਬਿਕ ਆਉਂਦਾ ਤੇ ਚਲਾ ਜਾਂਦਾ ਹੈ। ਜਿਸ ਸਮੇਂ ਇਸ ਨੂੰ ਕੋਈ ਸੰਕਲਪ ਨਹੀਂ ਹੋਵੇਗਾ ਤਦ ਇਹ (ਆਤਮਾ) ਨਾ ਆਵੇਗਾ ਤੇ ਨਾ ਹੀ ਜਾਵੇਗਾ, ਇਹ ਫੈਸਲਾ ਇਸਦੀ ਅਪਣੀ ਮਰੀ ਪਰ ਹੈ। ਕਲਪਨਾ ਅਨੁਸਾਰ ਅਨੰਤ ਪ੍ਰਕਾਰ ਦੀ ਰਚਨਾ, ਇਹ ਆਪ ਹੀ ਕਰਦਾ ਹੈ ਤੇ ਸਭ ਵਿਵਹਾਰਾਂ ਨੂੰ ਜਾਨਣ ਵਾਲਾ ਭੀ ਇਹ ਆਪ ਹੀ ਹੈ–

ਆਪਣੀ ਮਾਇਆ ਨਾਲ ਸੂਯੰ–ਪ੍ਰਕਾ ਆਤਮਾ ਆਪ ਹੀ ਕਲਪਨਾ ਕਰਦਾ ਹੈ ਅਤੇ ਉਹੀ ਸਭ ਭੇਦਾਂ ਨੂੰ ਜਾਣਦਾ ਹੈ, ਇਹੀ ਵੇਦਾਂਤ ਦਾ ਨਿਸਚਾ ਹੈ।

**(ਮਾਂ: ਉ: ਵੈ: ਕਾ: ੧੨)**

ਉਸ ਇਸ ਪ੍ਰਕਾਰ ਦੇ ਆਤਮਾ ਦਾ ਗਿਆਨ, ਮੌਤ ਰੂਪੀ ਤੰਦੂਏ* ਤੋਂ ਛੁਡਾ ਦੇਣ ਵਾਲਾ, ਵਿਨੂੰ ਦਾ ਸੁਦਰਨ ਚੱਕਰ ਹੀ ਹੈ। ਉਸ ਆਤਮਾ ਦਾ ਗਿਆਨ

* ਸਮੁੰਦਰ ਵਿੱਚ ਰਹਿਣ ਵਾਲਾ ਇੱਕ ਬਲਾਲੀ ਜੀਵ ਜਿਸਨੇ ਗਜਰਾਜ ਨੂੰ ਬੰਨ੍ਹਿਆਂ ਸੀ।

ਜਨਮ ਨੂੰ ਉਡਾ ਦੇਣ ਵਾਲਾ ਪਰਲੈ ਕਾਲ ਦਾ ਮਹਾਨ ਵਾਯੂ ਹੈ–

ਤੁਰੀਯ ਆਤਮਾ ਸਭ ਪ੍ਰਕਾਰ ਦੇ ਦੁੱਖਾਂ ਦੀ ਨਿਵਿਰਤੀ ਲਈ ਸਮਰੱਥ ਹੈ। ਉਹ ਅਦ੍ਵੈਤ ਰੂਪ, ਦੇਵ, ਵਿਕਾਰਹੀਨ, ਤੁਰੀਯ ਅਤੇ ਵਿਆਪਕ ਹੈ।

**(ਮਾਂ: ਉ: ਆ: ਕਾ: ੧੦)**

ਵਿਜੋਗੀ ਦੇ ਦਿਲ ਵਿੱਚ ਜੋ ਸੰਯ ਰੂਪੀ ਮ ਪੀਪ (ਪੀਕ) ਨਾਲ ਭਰਿਆ ਹੋਇਆ, ਰਾਤ ਦਿਨ ਨਾ ਨੀਂਦ ਆਉਣ ਦਿੰਦਾ ਸੀ ਅਤੇ ਨਾ ਹੀ ਕਿਸੇ ਵੇਲੇ ਟਿਕਣ ਦਿੰਦਾ ਸੀ, ਉਹ ਸਤਿਗੁਰੂ ਦੇ ਉਪਦੇ ਰੂਪੀ ਇਲਾਜ ਨਾਲ ਬਿਲਕੁਲ ਸਾਂ ਹੋ ਗਿਆ। ਾਂਤੀ ਰੂਪੀ ਨਿੰਦ੍ਰਾ ਆ ਕੇ ਵਿਆਕੁਲਤਾ ਦੂਰ ਹੋ ਗਈ ਪ੍ਰੰਤੂ ਨਾਲ ਹੀ ਇਹ ਗੱਲ ਸੁਣਕੇ ਕਿ–

ਆਤਮਾ ਸਭ ਪ੍ਰਕਾਰ ਦੇ ਦੁੱਖਾਂ ਦੀ ਨਿਵਿਰਤੀ ਲਈ ਸਮਰੱਥ ਹੈ ਯਾਨੀ ਆਤਮਾ ਦਾ ਵਿਗਿਯਾਨ (ਵਿੇ ਗਿਆਨ) ਦੁੱਖਾਂ ਨੂੰ ਦੂਰ ਕਰਨ ਦਾ ਕਾਰਨ ਹੈ। ਚਿੱਤ ਅਤੀ ਉਤਾਵਲਾ ਇਉਂ ਹੋ ਗਿਆ ਜਿਉਂ ਧਨ ਦਾ ਅਤੀ ਤ੍ਰਿਨਾਲੂ ਮਨੁ, ਕਿਸੇ ਪਾਸ ਰਸਾਇਣ ਦਾ ਪਤਾ ਲਗ ਜਾਣ ਨਾਲ, ਉਸਦੀ ਵਿਧੀ ਪੁੱਛਣ ਲਈ ਬੇਚੈਨ ਹੋ ਜਾਂਦਾ ਹੈ। ਰਾਤ ਮੁਕਦੀ ਹੀ ਨਹੀਂ, ਚਿੱਤ ਇਉਂ ਕਾਹਲਾ ਪੈ ਰਿਹਾ ਹੈ ਜਿਉਂ ਅਮਲ ਤੋਂ ਬਿਨਾਂ ਟੁੱਟ ਰਹੇ ਰੀਰ ਲਈ ਕਦ ਸਵੇਰਾ ਆਵੇ ਤੇ ਠੇਕੇ ਤੋਂ ਜਾਕੇ ਅੰਮ ਲਵੇ। ਬੇਚੈਨੀ ਦੀ ਭੀ ਕੋਈ ਹੱਦ ਹੈ? ਇਉਂ ਮਾਲੂਮ ਦਿੰਦਾ ਹੈ ਜਿਉਂ ਆਪਣੇ ਪ੍ਰੇਮੀ ਨੂੰ ਮਿਲਣ ਲਈ ਦੂਜਾ ਪ੍ਰੇਮੀ ਤੜਪਦਾ ਹੁੰਦਾ ਹੈ।

ਠੀਕ ਹੈ, ਐਸੀ ਤੜਪ ਤਾਂ ਹੋਣੀ ਹੀ ਚਾਹੀਏ ਕਿਉਂਕਿ ਮਹਾਂਪੁਰਾਂ ਤੋਂ ਆਪਣੇ ਪ੍ਰੀਤਮ (ਆਤਮਾ) ਬਾਰੇ ਪਤਾ ਲਗ ਚੁੱਕਾ ਹੈ ਕਿ ਉਹ ਰੀਰ ਰੂਪੀ ਘਰਾਂ ਨੂੰ ਇੱਛਾ ਮੁਤਾਬਿਕ ਬਦਲਦਾ ਰਹਿੰਦਾ ਹੈ ਅਤੇ ਆਪ ਕਿਸੇ ਭੀ ਹਾਲਤ ਵਿੱਚ, ਆਪਣੇ ਰੂਪ ਤੋਂ ਬਦਲ ਜਾਣ ਵਾਲਾ ਨਹੀਂ ਹੈ। ਮਹਾਂਪੁਰ ਉਸਦੇ ਸੁਭਾਉ ਆਦਿ ਲਛਣ ਦੱਸ ਰਹੇ ਹਨ ਤਾਂ ਨਿਸਚੇ ਹੀ ਇਹ ਬਾਤ ਵੀ ਸਿੱਧ ਹੈ ਕਿ ਉਹ ਮਹਾਂਪੁਰ ਉਸਦੇ ਵਾਕੰ ਭੀ ਹਨ। ਫਿਰ ਵਿਜੋਗੀ ਨੂੰ ਆਪਣੇ ਪਿਆਰੇ ਨਾਲ ਮਿਲਣ ਲਈ ਯੁਕਤੀਆਂ ਸੁਣੇ ਬਿਨਾਂ, ਚੈਨ (ਟਿਕਾਉ) ਕਿਸ ਤਰ੍ਹਾਂ ਆ ਸਕਦੀ ਹੈ?

## *ਮੋਹ ਅਤੇ ਪ੍ਰੇਮ*

ਮਤਲਬਪ੍ਰਸਤ ਲੋਕ ਭੀ ਆਪਣੇ ਵਿਨਾੀ ਮਿੱਤ੍ਰ ਨੂੰ ਮਿਲਣ ਾਤਰ ਕੋਈ

ਘਟ ਬੇਚੈਨੀ ਵਾਲੇ ਨਹੀਂ ਹੁੰਦੇ, ਇਹ ਠੀਕ ਹੈ ਪ੍ਰੰਤੂ ਗਿਰੇ ਹੋਏ, ਸੁੰਨੇ ਤੇ ਰੁੱਖੇ ਦਿਲਾਂ ਵਾਲਿਆਂ ਦੀ ਇਸ ਤੜਪ ਨੂੰ ਮੋਹ ਨਾਮ ਦੁਆਰਾ ਕਥਨ ਕੀਤਾ ਜਾ ਸਕਦਾ ਹੈ ਪ੍ਰੇਮ ਨਾਮ ਨਾਲ ਨਹੀਂ। ਜੇ ਇਸ ਵਿਆਕੁਲਤਾ ਨੂੰ ਭੀ ਪ੍ਰੇਮ ਕਿਹਾ ਜਾਵੇ ਤਾਂ ਪ੍ਰੇਮ ਦਾ ਨਾਮ ਬਦਨਾਮ ਕਰਨ ਾਤਰ , ਕਿਸੇ ਪ੍ਰੇਮ ਦੇ ਤਰੂ ਦੀ ਬਾਣੀ ਨੂੰ ਪ੍ਰੇਰਣਾ ਸਮਝ ਲੈਣਾ ਚਾਹੀਦਾ ਹੈ। ਪ੍ਰੇਮ ਦੀ ਨਗਰੀ ਵਿੱਚ ਮਤਲਬ ਨੂੰ ਪ੍ਰਵੇ ਹੋਣ ਦੀ ਇਜਾਾਤ ਨਹੀਂ। ਮੋਹ ਨਾਲ ਵਿਆਕੁਲ ਦਿਲਾਂ ਵਿੱਚ, ਮਤਲਬ ਤੋਂ ਬਿਨਾਂ ਕਿਸੇ ਨਾਲ ਗਲ ਕਰਨੀ ਭੀ ਹਰਾਮ ਸਮਝੀ ਜਾ ਚੁੱਕੀ ਹੈ। ਮਤਲਬ ਲਈ ਹੀ ਕਿਸੇ ਅਨੁਕੂਲ ਅਸਥਾਨ ਪਰ ਖਲੋ ਕੇ ਨਿੱਤ ਦਰਨ ਕਰਦੇ, ਉਸ ਵ ਲ ਕਦਮ ਉਠਾਉਂਦੇ, ਗੱਲਾਂ ਕਰਦੇ, ਸੋਹਣੀਆਂ-ਸੋਹਣੀਆਂ ਚੀਂ ਦਿੰਦੇ, ਚਾਉ ਤੇ ਲਾਡ ਕਰਦੇ, ਰੁਕਾਵਟਾਂ ਦੇ ਦੁੱਖ ਸਹਿੰਦੇ, ਰੀਆ (ਸਾਧਨ) ਲੱਭਦੇ, ਏਕਾਂਤ ਅਸਥਾਨ ਦੀ ਤਲਾ ਕਰਦੇ ਤੇ ਬਿਨਾਂ ਿ ਮਲਾਪ ਦੇ ਤੜਪਦੇ ਹਨ, ਇਹ ਕਿਸ ਲਈ? ਕੇਵਲ ਮਤਲਬ ਵਾਸਤੇ। ਉਹ ਭੀ ਅੱਛੀ ਤਰ੍ਹਾਂ ਕਿਸੇ ਪੱਕੇ ਇਰਾਦੇ ਨਾਲ ਨਹੀਂ, ਐਵੇਂ ਓਪਰਾ ਜਿਹਾ ਹੀ ਪ੍ਰੰਤੂ ਪੂਰੀ ਲਗਨ ਨਾਲ ਨਹੀਂ। ਕਿਉਂਕਿ ਉਸ ਐਸੀ ਅਵਸਥਾ ਵਿੱਚ ਜੇ ਉਸ ਵਰਗੀ ਕੋਈ ਹੋਰ ਵਸਤੂ ਮਿਲ ਜਾਏ ਤਾਂ ਉਸ ਪਹਿਲੀ ਵਸਤੂ ਲਈ ਕੀਤਾ ਜਾ ਰਿਹਾ ਉੱਦਮ ਇਉਂ ਪਿੱਛੇ ਹਟ ਜਾਂਦਾ ਹੈ ਜਿਉਂ ਦੋ ਲਾਈਨਾਂ ਦੇ ਕਨੈਕਨ (ਜੋੜ) ਦੀ ਜਗ੍ਹਾ ਤੋਂ ਰੇਲ-ਗੱਡੀ ਇੱਕ ਲਾਈਨ ਪਰ ਦੌੜ ਜਾਂਦੀ ਹੈ, ਦੂਜੀ ਦੇਖਦੇ-ਦੇਖਦੇ ਹੀ ਪਤਾ ਨਹੀਂ ਕਿੱਧਰ ਲੁਕ ਜਾਂਦੀ ਹੈ ਯਾਨੀ ਨ਼ਰ ਹੀ ਨਹੀਂ ਆਉਂਦੀ। ਜੇ ਕਿਸੇ ਵਸਤੂ ਨਾਲ ਸੰਬੰਧ ਹੋ ਭੀ ਜਾਂਦਾ ਹੈ, ਉਹ ਉਤਨਾ ਚਿਰ ਹੀ ਰਹਿੰਦਾ ਹੈ ਜਦ ਤਕ ਅਪਣੀ ਮਨ ਮਰੀ ਦਾ ਮਤਲਬ ਹੱਲ ਹੁੰਦਾ ਰਹੇ । ਜਿਸ ਦਿਨ ਮਤਲਬ ਪੂਰਾ ਹੋਣ ਵਿੱਚ ਕੁਝ ਕਮੀ ਨਰ ਆਉਣ ਲੱਗ ਪਈ, ਉਸੀ ਦਿਨ ਮੋਹ ਭੀ ਇਉਂ ਘਟਣ ਲੱਗ ਜਾਂਦਾ ਹੈ ਜਿਉਂ ਫਲ ਮੁੱਕ ਜਾਣ ਪਰ ਪੰਛੀਆਂ ਦੀ ਬ੍ਰਿਛ ਉੱਤੇ ਆਕੇ ਬੈਠਣ ਦੀ ਅਰੁਚੀ ਹੋਣ ਲੱਗ ਜਾਂਦੀ ਹੈ। ਇਹ ਹੈ ਤੜਪ ਮਤਲਬ-ਪ੍ਰਸਤਾਂ ਦੀ। ਮੋਹ ਗ੍ਰਸਤ ਜੀਵੋ! ਪ੍ਰੇਮ ਇਹੋ ਜਿਹਾ ਨਹੀਂ ਹੈ! ਨਹੀਂ ਹੈ!! ਪ੍ਰੇਮ ਅਤੀ ਸੁੱਚੀ, ਬੇਦਾ, ਸੰਸਾਰ ਵਿੱਚ ਸਭ ਤੋਂ ਸੁੰਦਰ ਤੇ ਉੱਚੀ ਵਸਤੂ ਹੈ। ਇਹ ਖ਼ੂਬਸੂਰਤੀ ਨਹੀਂ ਦੇਖਦਾ, ਧਨ ਨਹੀਂ, ਉੱਚੀ ਾਤ ਨਹੀਂ, ਅਨੁਕੂਲਤਾ ਆਦਿ ਕੋਈ ਕਿਸੇ ਭੀ ਤਰ੍ਹਾਂ ਦਾ ਮਤਲਬ ਉੱਕਾ ਹੀ ਨਹੀਂ ਤੱਕਦਾ।

ਇਹ ਦੇਖਦਾ ਹੈ ਤਾਂ ਕੇਵਲ ਇੱਕ ਆਪਣਾ ਪ੍ਰੀਤਮ। ਜਿਸ ਨੂੰ ਕਿਸੇ ਪ੍ਰਕਾਰ ਦੀ ਖ੍ਵਾਹਿ ਹੀ ਨਹੀਂ ਸਿਵਾਏ ਆਪਣੇ ਪ੍ਰੀਤਮ ਤੋਂ, ਉਸਦੇ ਚਿੱਤ ਦੀ ਲਗਨ ਘਟ ਕਿਸ ਤਰ੍ਹਾਂ ਸਕਦੀ ਹੈ? ਇਸ ਪ੍ਰਕਾਰ ਦੇ ਪ੍ਰੇਮੀ ਨੂੰ ਚਿੱਤ ਵਿੱਚ ਕਦੇ ਸੁਪਨੇ ਅੰਦਰ ਭੀ ਇਹ ਖਿਆਲ ਨਹੀਂ ਆਉਂਦਾ ਹੁੰਦਾ ਕਿ ਮੇਰਾ ਪ੍ਰੀਤਮ ਭੀ ਮੇਰੇ ਨਾਲ ਪਿਆਰ ਕਰਦਾ ਹੈ ਕਿ ਨਹੀਂ। ਦੂਜੀ ਤਰੰ ਦਾ ਖਿਆਲ ਹੁੰਦਾ ਹੈ, ਉਨ੍ਹਾਂ ਮਤਲਬਪ੍ਰਸਤ ਲੋਕਾਂ ਨੂੰ, ਜਿਨ੍ਹਾਂ ਨੇ ਸੰਬੰਧ ਕਰਨ ਦੇ ਤਰਲੇ ਕੇਵਲ ਮਤਲਬ ਸਿੱਧੀ ਲਈ ਹੀ ਕੀਤੇ ਹੁੰਦੇ ਹਨ ਕਿਉਂਕਿ ਮਤਲਬ ਪੂਰਾ ਤਾਂ ਹੀ ਹੋਵੇਗਾ ਨਾ, ਜੇ ਦੂਜੇ ਪਾਸੇ ਦਾ ਰੁ ਭੀ ਅਪਣੇ ਵਲ ਹੋਵੇ। ਜਿਸ ਮਨ ਵਿੱਚ ਕੋਈ ਇੱਛਾ ਹੈ, ਉਹ ਨਿਸਚੇ ਹੀ ਪ੍ਰੇਮ ਤੋਂ ਖਾਲੀ ਹੈ ਪ੍ਰੰਤੂ ਗੰਦੀਆਂ ਇੱਛਾਵਾਂ ਨਾਲ ਭਰੇ ਮਨ ਵਾਲੇ ਵੀ ਆਪਣੇ ਆਪ ਨੂੰ ਪ੍ਰੇਮੀ ਹੀ ਕਹਾਉਂਦੇ ਹਨ।

ਕਈ ਰਸਾਲੇ ਤੇ ਪੁਸਤਕਾਂ ਵਿੱਚ ਹਰ ਇੱਕ ਨਾਲ ਪ੍ਰੇਮ ਕਰਨ ਦੀ ਬੜੀ ਖੁਲ੍ਹੀ ਇਜਾਤ ਦਿੱਤੀ ਜਾ ਰਹੀ ਹੈ। ਵਰਤਮਾਨ ਦੇ ਲੜਕੇ-ਲੜਕੀਆਂ ਦੇ ਅਨੁਕੂਲ ਹੋਣ ਦੇ ਕਾਰਣ, ਉਹ ਲੇਖ ਬੜੇ ਚਾਉ ਨਾਲ ਪੜ੍ਹੇ ਜਾਂਦੇ ਹਨ। ਇਸ ਬਾਰੇ ਭੀ ਇਹੋ ਵਿਚਾਰ ਹੈ ਕਿ ਹਰ ਇਕ ਨਾਲ ਪ੍ਰੇਮ ਭਾਵ ਸਹਿਤ ਵਰਤਾਉ ਹੋਣਾ ਤਾਂ ਮਨੁੱਖ ਜੀਵਨ ਦਾ ਕਰਤਵਯ ਹੈ ਪ੍ਰੰਤੂ ਉਹ ਪ੍ਰੇਮ ਕੋਈ ਮਤਲਬ ਗ੍ਰਹਣ ਨਾ ਕਰ ਬੈਠੇ, ਜਿਸ ਨਾਲ ਕਿ ਨਿਕਾਮ ਪ੍ਰੇਮ ਦੀ ਜਗ੍ਹਾ ਇੱਛਾ ਵਾਲਾ ਗੰਦਾ ਮੋਹ ਬਣ ਜਾਵੇ। ਇਸ ਗਿਰਾਵਟ ਤੋਂ ਬਚਾਉਣ ਵਾਸਤੇ ਯੋਗ ਉਪਾਇ ਲਿਖਦੇ ਹੀ ਨਹੀਂ ਯਾਨੀ੍ ੱਧ ਪ੍ਰੇਮ ਰਹਿ ਸਕਣ ਦਾ ਕੋਈ ਵਿੇ ਸਾਧਨ ਭੀ ਕਹਿਣਾ ਚਾਹੀਏ ਤਾਂ ਕਿ ਇਸਤ੍ਰੀਆਂ ਅਤੇ ਮਰਦਾਂ ਦਾ ਆਪਸ ਵਿੱਚ ਖੁਲ੍ਹਮ-ਖੁਲ੍ਹਾ, ਹੱਸਣਾ-ਖੇਡਣਾ ਆਦਿ ਜੋ ਪ੍ਰੇਮ ਵਿਵਹਾਰ ਹੈ, ਉਹਦੇ ਨਾਲ ਕਾਮ ਨਾ ਭੜਕੇ। ਇਸ ਲਈ ਇਸ ਤੋਂ ਬਚਣ ਖਾਤਰ ਪਹਿਲਾਂ ਦੈਵੀ-ਸੰਪਤੀ ਦ ੀ ਸਾਧਨਾ ਦੇ ਯੁਕਤ ਹੋ ਜਾਣਾ ਚਾਹੀਏ। ਉਹ ਇਹ ਹੈ-

## *ਦੈਵੀ ਸੰਪਤੀ*

1. ਨਿਰਭੈਤਾ-ਗੋਵਿੰਦ ਰਣ ਯਾਨੀ ਤਨ ਮਨ ਪ੍ਰਭੂ ਦੇ ਹਵਾਲੇ ਕਰਕੇ ਦੁੱਖ ਤੇ ਮ੍ਰਿਤੂ ਆਦਿ ਤੋਂ ਬਿਲਕੁਲ ਨਿਰਭੈ ਰਹਿਣਾ ਅਰਥਾਤ ਗੋਵਿੰਦ ਦੇ

ਹੁਕਮ ਵਿੱਚ ਰਗੇ ਰਹਿੰਦੇ ਹੋਏ, ਕਿਸੇ ਪ੍ਰਕਾਰ ਦਾ ਭੀ ਭੈ ਨਾ ਰੱਖਣਾ ਅਤੇ ਦੁੱਖ-ਸੁਖ ਆਦਿ ਅਵਸਥਾ ਵਿੱਚ ਸਮ ਰਹਿਣਾ।

2. ਗਿਆਨ ਤੇ ਯੋਗ ਵਿੱਚ ਨਿਰੰਤਰ ਇਸਥਿਤੀ-ਾਸਤ੍ ਤੇ ਗੁਰੂ ਤੋਂ ਆਤਮ ਪਦਾਰਥਾਂ ਨੂੰ ਜਾਨਣਾ ਗਿਆਨ ਹੈ ਅਤੇ ਉਨ੍ਹਾਂ ਜਾਣੇ ਹੋਏ ਪਦਾਰਥਾਂ ਦਾ ਅਪਣੇ ਇੰਦ੍ਰੀਆਂ ਤੇ ਮਨ ਨੂੰ ਕਾਬੂ ਕਰਕੇ, ਇਕਾਗ੍ਰਤਾ ਦੁਆਰਾ ਆਤਮਾ ਵਿੱਚ ਪ੍ਰਤੱਖ ਅਨੁਭਵ ਕਰ ਲੈਣਾ ਯੋਗ ਹੈ। ਗਿਆਨ ਤੇ ਯੋਗ ਦੋਹਾਂ ਵਿੱਚ ਇਸਥਿਤ ਹੋ ਜਾਣਾ ਯਾਨੀ ਉਸੀ ਦਾ ਰੂਪ ਹੋ ਜਾਣਾ, ਇਹੀ ਪ੍ਰਧਾਨ ਸਾਤ੍ਵਿਕੀ ਜਾਂ ਦੈਵੀ ਸੰਪਦਾ ਕਹੀਦੀ ਹੈ।
3. ਮੁਕਤੀ ਲਾਭ ਲਈ ਰਿਗ ਆਦਿ ਵੇਦ, ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਚਾਰ ਪੂਰਬਕ ਪੜ੍ਹਨਾ।
4. ਅੰਤਹਕਰਣ ਦੀ ਅੱਛੀ ਤਰ੍ਹਾਂ ੁੱਧੀ [1] ਕਰਨੀ।
5. ਪ੍ਰਭੂ ਪ੍ਰਾਪਤੀ ਲਈ ਧਿਆਨ-ਯੋਗ ਵਿੱਚ ਨਿਰੰਤਰ ਅਚਲ ਇਸਥਿਤੀ ਹੋਣੀ।
6. ਆਪਣੀ ਕਤੀ ਮੁਤਾਬਿਕ ਦਾਨ ਦੇਣਾ।
7. ਇੰਦ੍ਰੀਆਂ ਨੂੰ ਕਾਬੂ ਕਰਨਾ।
8. ਪਰਮੇ੍ਰ ਦੀ ਪੂਜਾ ਤੇ੍ ਭ ਕਰਮਾਂ ਦਾ ਆਚਰਣ ਕਰਨਾ।
9. ਾਤ੍ ਵਿਧੀ ਦੁਆਰਾ ਪਰਮੇ੍ਰ ਦਾ ਨਾਮ ਜਪਣਾ ਤੇ ਉਸਦੇ ਗੁਣ ਗਾਉਣੇ।
10. ਆਪਣੇ ਧਰਮ ਨੂੰ ਪਾਲਣ ਲਈ ਕਟ ਸਹਿਣਾ।
11. ਰੀਰ, ਇੰਦ੍ਰੀਆਂ ਸਹਿਤ ਅੰਤਹਕਰਣ ਦੀ ਸਰਲਤਾ ਤੇ ਸਿੱਧਾਪਨ ਹੋਣਾ।
12. ਆਪਣਾ ਬੁਰਾ ਕਰਨ ਵਾਲੇ ਪਰ ਭੀ ਕ੍ਰੋਧ ਨਾ ਕਰਨਾ।
13. ਕਰਮਾਂ ਵਿੱਚ ਕਰਤਾਪਣ ਦੇ ਅਭਿਮਾਨ ਦਾ ਤਿਆਗ ਹੋਣਾ।
14. ਅੰਤਹਕਰਣ ਵਿੱਚ ਉਪਰਾਮਤਾ ਹੋਣੀ ਯਾਨੀ ਚਿੱਤ ਵਿੱਚ ਚੰਚਲਤਾ ਦਾ ਅਭਾਵ ਹੋਣਾ।
15. ਕਿਸੇ ਦੀ ਭੀ ਨਿੰਦਿਆ ਨਾ ਕਰਨਾ।
16. ਾਂਤੀ ਯਾਨੀ ਅੰਤਹਕਰਣ ਦਾ ਸੰਕਲਪ ਰਹਿਤ ਹੋਣਾ।
17. ਦੁਖੀ ਪ੍ਰਾਣੀਆਂ ਪਰ ਦਯਾ ਕਰਨਾ।

---

1. ਵਿਵਹਾਰ ਵਿੱਚ ਦੂਜੇ ਨਾਲ ਠੱਗੀ, ਕਪਟ ਅਤੇ ਝੂਠ ਆਦਿ ਔਗੁਣਾਂ ਨੂੰ ਛੱਡ ਕੇ੍ ੁੱਧ ਭਾਵਨਾਂ ਨਾਲ ਆਚਰਣ ਕਰਨਾ।

18. ਇੰਦ੍ਰੀਆਂ ਦਾ ਵਿਿਆਂ ਨਾਲ ਸੰਬੰਧ ਹੋਣ ਤੇ ਭੀ ਵਿਕਾਰ ਪੈਦਾ ਨਾ ਹੋਣਾ।
19. ਕੋਮਲਤਾ ਦਾ ਹੋਣਾ ਅਰਥਾਤ ਕਠੋਰ ਸੁਭਾਉ ਦਾ ਨਾ ਹੋਣਾ।
20. ਲੱਜਾਵੰਤ ਹੋਣਾ ਅਰਥਾਤ ਬੁਰੇ ਕਰਮਾਂ ਤੋਂ ਰਮ ਖਾਣੀ।
21. ਬਿਨਾਂ ਮਤਲਬ ਬਾਣੀ ੍ਰ(ਬਾਨ), ਹੱਥ, ਪੈਰ ਆਦਿ ਦੀਆਂ ਵਿਅਰਥ ਚੇਟਾਵਾਂ ਦਾ ਅਭਾਵ ਕਰਨਾ।
22. ਤੇਜ-ਪ੍ਰਭਾਵ ਯਾਨੀ ਸਚਾਈ ਦਾ ਪ੍ਰਭਾਵੀ ਵਨ।
23. ਖਿਮਾੀਲ ਹੋਣਾ ਯਾਨੀ ਗਾਲੀ ਦਿੱਤੀ ਜਾਣ ਯਾ ਤਾੜਨਾ ਕੀਤੀ ਜਾਣ ਤੇ ਭੀ ਮਨ ਵਿੱਚ ਵਿਕਾਰ ਉਤਪੰਨ ਨਾ ਹੋਣਾ ਯਾਨੀ ਕ੍ਰੋਧ ਨਾ ਆਉਣਾ।
24. ਧੀਰਜ-ਕਠਨ ਤੋਂ ਕਠਨ ਕੰਮ ਵਿੱਚ ਭੀ ਨਾ ਘਬਰਾਉਣਾ।
25. ਬਾਹਰ-ਭੀਤਰ ਦੀ ੁੱਧੀ ਅਰਥਾਤ ਮਿੱਟੀ, ਜਲ ਆਦਿ ਨਾਲ ਬਾਹਰੋਂ ਰੀਰ ਦੀ ੁੱਧੀ ਅਤੇ ਇਸੀ ਪ੍ਰਕਾਰ ਕਪਟ ਤੇ ਰਾਗ-ਦ੍ਵੈ ਆਦਿ ਕਾਲਖ ਦਾ ਅਭਾਵ ਹੋ ਕੇ, ਮਨ ਬੁੱਧੀ ਦੀ ਨਿਰਮਲਤਾ ੍ਰ(ੱਧੀ) ਹੋਣੀ।
26. ਦੂਜੇ ਤੇ ਘਾਤ (ਹਮਲਾ) ਕਰਨ ਦੀ ਇੱਛਾ ਦਾ ਅਭਾਵ ਹੋਣਾ ਯਾਨੀ ਕਿਸੇ ਪ੍ਰਤੀ ਭੀ ਤ੍ਰੂ ਭਾਵਨਾ ਦਾ ਨਾ ਹੋਣਾ।
27. ਤਪ ਕਰਨਾਤਿੰਨ ਤਰ੍ਹਾਂ ਦੇ ਤਪ ਹਨ ਕਾਇਕ, ਵਾਚਕ ਤੇ ਮਾਨਸਿਕ। ਜੋ ਬਚਨ ਕਿਸੇ ਪ੍ਰਾਣੀ ਦੇ ਅੰਤਹਕਰਣ ਵਿੱਚ ਦੁੱਖ ਉਤਪੰਨ ਕਰਨ ਵਾਲੇ ਨਹੀਂ ਤਥਾ ਸਤ, ਪ੍ਰਿਯ ਤੇ ਹਿਤਕਾਰਕ ਹਨ ਐਸੀ ਬਾਣੀ ਬੋਲਣੀ ਬਾਣੀ ਸੰਬੰਧੀ ਤਪ ਹੈ। ਸ੍ਰੇਟ ਗੁਣਾਂ ਵਾਲੇ, ਗੁਰੂ ਤੇ ਗਿਆਨੀ ਪੁਰਾਂ ਦਾ ਪੂਜਨ, ਪਵਿਤ੍ਰਤਾ, ਸਰਲਤਾ, ਬ੍ਰਹਮਚਰਯ ਤੇ ਅਹਿੰਸਾ ਰੀਰ ਸੰਬੰਧੀ ਤਪ ਹੈ। ਮਨ ਦਾ ਕਾਬੂ ਕਰਨਾ, ਦੂਜੇ ਨਾਲ ਵਿਵਹਾਰ ਵਿੱਚ ਛਲ-ਕਪਟ ਤੋਂ ਰਹਿਤ ਹੋਣਾ ਤੇ ਦੂਜੇ ਦਾ ਬੁਰਾ ਨਾ ਤੱਕਣਾ ਮਨ ਸੰਬੰਧੀ ਤਪ ਹੈ।
28. ਆਪਣੇ ਵਿੱਚ ਪੂਜਯਤਾ ਦੇ ਅਭਿਮਾਨ ਦਾ ਅਭਾਵ ਹੋਣਾ।

ਭਵਿੱਖ ਵਿੱਚ ਜਿਸਦੀ ਮੁਕਤੀ ਹੋਣੀ ਨਿਸਚਿਤ ਹੀ ਹੈ, ਉਸਦੇ ਇਹ ਉੱਪਰ ਕਹੇ ਦੇਵਤਿਆਂ ਵਾਲੇ ਲੱਛਣ ਹੁੰਦੇ ਹਨ। ਇਸਤੋਂ ਵਿਪਰੀਤ ਜੋ ਲੱਛਣ ਵਿ-ਆਸਕਤ ਜੀਵਾਂ ਦੇ ਹਨ ਉਹ ਦੰਭ, ਅਹੰਕਾਰ, ਮਾਨ, ਕ੍ਰੋਧ, ਕਠੋਰਪਣਾ ਤੇ ਅਗਿਆਨ ਆਦਿ ਆਸੁਰੀ-ਸੰਪਤੀ ਹੈ ਜੋ ਸਾਖਾਤ ਨਰਕ ਦਾ ਸਾਧਨ ਮੰਨੀ ਗਈ ਹੈ।

ਦੈਵੀ-ਸੰਪਤੀ ਯੁਕਤ ਕੀਤਾ ਹੋਇਆ ਇਸਤ੍ਰੀਆਂ ਅਤੇ ਪੁਰਾਂ ਦਾ ਆਪਸੀ ਪ੍ਰੇਮ ਵਿਵਹਾਰੁ ੱਧ ਪ੍ਰੇਮ ਹੈ ਕਿਉਂਕਿ ਇਸ ਅਵਸਥਾ ਅੰਦਰ ਮਲਿਨ ਵਾਨਾ ਚਿੱਤ ਵਿੱਚ ਨਹੀਂ ਹੁੰਦੀ। ਇਸ ਤੋਂ ਉਲਟ ਆਸੁਰੀ-ਸੰਪਤੀ ਯੁਕਤ ਪਿਆਰ ਤਾਂ ਗੰਦਾ ਮੋਹ ਹੈ ਜੋ ਮਲਿਨ ਵਾਨਵਾਂ ਨਾਲ ਪੂਰਨ ਹੈ। ਸੋ, ਦੈਵੀ ਗੁਣਾਂ ਦੇ ਯੁਕਤ ਹੋ ਕੇ, ਆਪਸ ਵਿਚ ਪ੍ਰੇਮ ਵਿਵਹਾਰ ਕਰੋ।

ਪਰਵਾਨਾ (ਪਤੰਗਾ) ਬਣਨ ਨੂੰ ਚਿੱਤ ਤਾਂ ਸਭ ਦਾ ਕਰਦਾ ਹੈ ਪਰ ਅੱਗ ਕੋਲੋਂ ਡਰ ਲਗਦਾ ਹੈ ਕਿ ਕਿਤੇ ਜਲ ਨਾ ਜਾਈਏ। ਕਦੇ ਪਤੰਗੇ ਨੂੰ ਭੀ ਇਹ ਸੁੱਝੀ ਹੈ ਕਿ ਮੈਂ ਉੱਥੇ ਸੜਾਂਗਾ ਯਾ ਬਚਾਂਗਾ? ਉਸ ਨੂੰ ਇਹ ਗਿਆਨ ਹੀ ਨਹੀਂ ਕਿਉਂਕਿ ਮਨ, ਬੁੱਧੀ ਵਲ ਸਤਾ ਤੋਂ ਰਹਿਤ ਹੈ।ਆਪਣੇ ਪ੍ਰੀਤਮ, ਦੀਪਕ ਨੂੰ ਦੇਖਿਆ ਤੇ ਲਿਪਟਿਆ। ਜਿਸ ਨੂੰ ਅੱਗਾ, ਪਿੱਛਾ ਸੁੱਝਦਾ ਹੈ, ਉਹ ਮ੍ਹਾਂ (ਅੱਗ) ਨਾਲ ਜੱਫੀ ਕਿਸ ਤਰ੍ਹਾਂ ਪਾ ਲਵੇਗਾ? ਆਪਣਾ-ਆਪ ਗਵਾ ਕੇ ਹੀ ਭਾਈ ! ਪ੍ਰੀਤਮ ਮਿਲਦਾ ਹੈ। ਜੇ ਤਾਕਤ ਹੈ ਤਾਂ ਮਿਲ ਲਵੋ। ਆਪਣੇ ਨਾ ਦਾ ਭੈ ਮੰਨਣ ਵਾਲੇ ਦੇਹ ਅਧਾਸੀਆਂ ਅਤੇ ਮਤਲਬ-ਪ੍ਰਸਤਾਂ ਲਈ ਪ੍ਰੀਤਮ ਦਾ ਗੇਟ ਬੰਦ ਹੈ।

## *ਪ੍ਰਭੂ-ਪ੍ਰੇਮੀਆਂ ਦੀ ਤੜਪ*

ਪ੍ਰੇਮ ਹੀ ਇੱਕ ਅਲੌਕਿਕ ਸਾਧਨ ਹੈ ਜੋ ਨਾਮ ਅਤੇ ਰੂਪ ਰਹਿਤ ਵਿਆਪਕ ਪ੍ਰਭੂ ਦਾ ਦਰਨ ਕਰਾਉਂਦਾ ਹੈ। ਪ੍ਰੇਮ ਨੇ ਹੀ ਗਿਆਨ ਦੁਾਰਾ ਅਨੰਦ ਸ੍ਵਰੂਪ ਪ੍ਰਭੂ ਨਾਲ ਅਭੇਦ ਕਰਨਾ ਹੈ। ਇਸ ਲਈ, ਪ੍ਰੇਮ ਨਾਲ ਨਿਸਚੇ ਹੀ ਪ੍ਰਾਪਤੀ ਹੁੰਦੀ ਹੈ

**ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ।**

**(ਬ: ਨਾ: ਅ.)**

ਜਿਸਦੇ ਮਨ ਵਿੱਚ ਪ੍ਰੀਤਮ ਦੇ ਮਿਲਣ ਦੀ ਵਿਆਕੁਲਤਾ ਅਤੇ ਤੜਪ ਹੀ ਨਹੀਂ, ਉਹ ਭੀ ਕਦੇ ਪ੍ਰੇਮੀ ਕਹਾ ਸਕਦਾ ਹੈ? ਰਾ ਦੇਖੋ ਤਾਂ ਸਹੀ! ਸੱਚੇ ਪ੍ਰੇਮੀਆਂ ਦੇ ਆਪਣੇ ਪ੍ਰੀਤਮ ਨੂੰ ਮਿਲਣ ਾਤਰ, ਕਿਸ ਤਰ੍ਹਾਂ ਦੇ ਤਰਲੇ ਹਨ ਅਤੇ ਮਿਲਾਉਣ ਵਾਲਿਆਂ ਨੂੰ ਕਿਸ ਤਰ੍ਹਾਂ ਦੀ ਭੇਟਾ ਦਿੱਤੀ ਜਾ ਰਹੀ ਹੈ

**ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ**
**ਮੈ ਪ੍ਰਭ ਦੇਖਨ ਕੋ ਬਹੁਤੁ ਮਨ ਚਈਆ।।**
**ਮਨੁ ਤਨੁ ਕਾਟਿ ਦੇਉ ਗੁਰ ਆਗੈ**

ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ॥
ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ
ਰਿਦ ਅੰਤਰਿ ਮਨਿ ਤਨਿ ਮੀਠ ਲਗਈਆ॥
ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ॥

(ਅੰਗ ੮੩੬)

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥ ਰਹਾਉ॥
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥
ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ॥
ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ॥

(ਅੰਗ ੮੬੧-੬੨)

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥

(ਅੰਗ ੫੫੮)

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥

(ਅੰਗ ੭੦੩)

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ॥ ਦਰਸਨੁ ਹਰਿ ਦੇਖਣ ਕੈ ਤਾਈ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥

(ਅੰਗ ੭੫੭)

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥

ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥ (ਅੰਗ ੭੬੪)

ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ॥
ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ॥
(ਅੰਗ ੬੯੭)

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥
ਉਡਹੁ ਨ ਕਾਗਾ ਕਾਰੇ॥
ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥ (ਅੰਗ ੩੩੭-੩੮)

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥ (ਅੰਗ ੭੯੪)

ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਨੀਆਲੇ ਤੀਰ॥
(ਅੰਗ ੩੨੭)

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥
ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥ (ਅੰਗ ੧੩੬੩)

ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ॥
ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ॥
(ਅੰਗ ੧੬੭)

ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ
ਮੈ ਮਨਿ ਤਨਿ ਭੁਖ ਲਗਾਈਆ ਜੀਉ॥
ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ
ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ॥ (ਅੰਗ ੧੭੪)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ~ਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥
(ਅੰਗ ੬੯੪)

ਪ੍ਰੀਤਮ ਦੇ ਮਿਲਣ ਲਈ ਇਹ ਹਾਲਤ ਵਿਜੋਗੀ ਦੀ ਹੋ ਰਹੀ ਹੈ। ਆਤਮ-ਦਰਨ ਲਈ ਰਾਤ ਦਿਨ ਇਉਂ ਤੜਪਦਾ ਹੈ ਜਿਉਂ ਪਤੀਬ੍ਰਤਾ ਇਸਤ੍ਰੀ, ਪਰਦੇਸ ਗਏ ਪਤੀ ਨੂੰ ਮਿਲਣ ਲਈ ਤੜਪਦੀ ਤੇ ਠੰਢੇ-ਠੰਢੇ ਸਾਹ ਭਰਦੀ ਹੈ। ਚਿਤ ਵਿੱਚੋਂ ਸਭ ਕਾਮਨਾਵਾਂ ਦੂਰ ਹੋ ਕੇ, ਇੱਕ ਆਤਮ-ਦਰਨ ਦੀ ਇੱਛਾ ਨਾਲ ਚਿੱਤ ਭਰਪੂਰ ਹੋ ਚੁੱਕਾ ਹੈ, ਜਿਉਂ ਤਲਾਬ ਬਾਰ ਨਾਲ ਲਬਾ-ਲਬ ਭਰ ਜਾਂਦਾ ਹੈ। ਪ੍ਰੇਮ ਅਗਨੀ ਨਾ ਆਿਦਾ ਬਲਦੀ ਹੀ ਹੈ ਯਾਨੀ ਅਜਿਹਾ ਨਹੀਂ ਜੋ ਭਾਂਬੜ ਮੱਚ ਕੇ ਬੁਝ ਜਾਵੇ ਅਤੇ ਨਾ ਹੀ ਧੁਖ ਕੇ ਬੁਝ ਜਾਣ ਵਾਲੀ ਹੈ, ਇਹ ਤਾਂ ਗੋਹਿਆਂ ਦੀ ਸੁਲ੍ਹਗਦੀ ਅੱਗ ਹੈ ਜੋ ਧੁਖਦੀ ਹੀ ਰਹਿੰਦੀ ਹੈ। ਇਸ ਪ੍ਰੇਮ ਰੂਪੀ ਅੱਗ ਦੇ ਲੱਗੇ ਬਿਨਾਂ, ਸੰਸਾਰ ਦੀਆਂ ਵਾਨਾਵਾਂ ਰੂਪੀ ਜੋ ਕੂੜਾ ਕਰਕਟ ਹੈ, ਕਦੇ ਜਲ ਹੀ ਨਹੀਂ ਸਕਦਾ। ਇਨ੍ਹਾਂ ਨੂੰ ਸਾੜ ਫੂਕ ਕੇ ਪ੍ਰੀਤਮ-ਮਿਲਾਪ ਦਾ ਰਾਹ ਸਾਂ ਕਰਨ ਵਾਲੀ ਇੱਕ ਇਹੀ ਅਨੋਖੀ ਅੱਗ ਹੈ। ਮੋਹ ਕੱਖਾਂ ਦੀ ਅੱਗ ਹੈ ਜੋ ਇੱਕ ਦਮ ਭਾਂਬੜ ਮਚਾ ਕੇ ਤਮ ਹੋ ਜਾਣ ਵਾਲੀ ਹੈ, ਇਹ ਮਤਲਬ-ਪ੍ਰਸਤਾਂ ਦੇ ਦਿਲਾਂ ਵਿੱਚ ਹੁੰਦੀ ਹੈ ਤੇ ਪ੍ਰੇਮ-ਅਗਨੀ ਨਿਕਾਮ ਪੁਰਾਂ ਦੇ ਦਿਲਾਂ ਵਿੱਚ।

ਛੇਤੀ ਤਿਆਰ ਹੋ, ਹੱਥ ਵਿੱਚ ਫੁੱਲ ਲੈਕੇ ਗੁਰੂਦੇਵ ਦੇ ਦਰਨਾਂ ਨੂੰ ਤੁਰ ਪਿਆ। ਜਾਕੇ ਅਤੀ ਨਿੰਮ੍ਰਤਾ ਅਤੇ ਪ੍ਰੇਮ ਵਿੱਚ ਭਿੱਜੇ ਹੋਏ ਦਿਲ ਵਾਲੇ ਨੇ ਅਮੋਲਕ ਰਤਨ, ਜੋ ਗਿਆਨ ਹੈ, ਦੀ ਕੀਮਤ ਅਦਾ ਕਰਨ ਾਤਰ ਰੀਰ ਦੇ੍ਰਮਣੀ ਅੰਗ ਯਾਨੀ ਮਸਤਕ ਨੂੰ ਗੁਰੂਦੇਵ ਦੇ ਪਵਿਤ੍ਰ ਚਰਨ ਕਮਲਾਂ ਉੱਤੇ ਇਉਂ ਰੱਖ ਦਿੱਤਾ ਜਿਉਂ ਵਸਤੂ ਖ੍ਰੀਦਣ ਲਈ ਦੁਕਾਨਦਾਰ ਅੱਗੇ ਪੈਸੇ ਰੱਖ ਦੇਈਦੇ ਹਨ। ਭ ਅੀਰਵਾਦ ਪਾ ਕੇ, ਾਂਤੀ ਪੂਰਬਕ ਸਤਿਗੁਰਾਂ ਦੇ ਸਨਮੁਖ ਬੈਠ ਗਿਆ। ਧੰਨ ! ਪ੍ਰੇਮ ਫੁਲਵਾੜੀ ਦੇ ਖਿੜੇ ਹੋਏ ਫੁੱਲ, ਆਪਣੀ ਮਹਿਕ ਦਿੱਤੇ ਬਿਨਾਂ ਕਦ ਰੁਕਦੇ ਹਨ?

**ਵਿਜੋਗੀ**ਗੁਰੂਦੇਵ! ਉਸ ਦਿਨ ਆਪ ਜੀ ਨੇ ਇਹ ਕਿਹਾ ਸੀ ਕਿ ਆਤਮ-ਗਿਆਨ ਸਭ ਦੁੱਖਾਂ ਨੂੰ ਦੂਰ ਕਰ ਦਿੰਦਾ ਹੈ, ਇਹ ਸੁਣੀ ਹੋਈ ਬਾਤ, ਮੈਨੂੰ ਇਉਂ ਬੇਚੈਨ ਕਰ ਰਹੀ ਹੈ ਜਿਉਂ ਸ੍ਵਾਂਤੀ ਬੂੰਦ ਦੀ ਚਾਹ, ਚਾਤ੍ਰਿਕ ਨੂੰ। ਇਹ ਪਤਾ ਤਾਂ ਮੈਨੂੰ ਲੱਗ ਚੁੱਕਿਆ ਹੈ ਕਿ ਆਤਮਾ ਰੀਰ ਦੇ ਅੰਦਰ ਹੀ ਹੈ ਪ੍ਰੰਤੂ ਮੈਂ ਉਸ ਨੂੰ ਪ੍ਰਤੱਖ ਦੇਖਣਾ ਚਾਹੁੰਦਾ ਹਾਂ। ਚਿੱਤ ਵਿੱਚ ਬੜਾ ਚਾਉ ਹੈ ਕਿ ਛੇਤੀ ਦੇਖਾਂ ਅਤੇ ਸਦਾ ਲਈ ਸੁਖੀ ਹੋ ਜਾਵਾਂ। ਪ੍ਰੰਤੂ ਉਸ ਦਿਨ ਦਾ ਕਿਹਾ ਹੋਇਆ

ਆਪਜੀ ਦਾ ਇਹ ਬਚਨ ਕਿ-ਆਤਮ-ਜੋਤੀ ਅੱਖਾਂ ਆਦਿ ਕਿਸੇ ਇੰਦ੍ਰੀਆਂ ਦੁਆਰਾ ਦਿਖਾਈ ਨਹੀਂ ਦਿੰਦੀ ਚਿੱਤ ਦੇ ਉਤਾਹ ਨੂੰ ਤੋੜ ਦਿੰਦਾ ਹੈ। ਪ੍ਰੰਤੂ ਜਦੋਂ ਆਪਜੀ ਦੀ ਸਮਰਥਾ ਵਲ ਦੇਖਦਾ ਹਾਂ ਤਾਂ ਡਿਗਦਾ ਹੋਇਆ ਚਿੱਤ ਤਾਕਤ ਫੜ ਜਾਂਦਾ ਹੈ ਅਤੇ ਬੇਨਤੀ ਕਰਨ ਲਈ ਤਿਆਰ ਹੋ ਜਾਂਦਾ ਹੈ। ਸੋਚਦਾ ਹੈ ਕਿ ਾਇਦ ਅੱਖਾਂ ਤੋਂ ਬਿਨਾਂ, ਕਿਸੇ ਹੋਰ੍ ਗਤੀ ਨਾਲ ਦੇਖਿਆ ਜਾਂਦਾ ਹੋਵੇਗਾ। ਹੇ ਦਿਵ-ਦ੍ਰਿਟੀ ਦੇ ਦਾਤਾ! ਮੇਰੀ ਇਸ ਵਿਆਕੁਲਤਾ ਨੂੰ ਦੂਰ ਕਰਨ ਦੀ ਕ੍ਰਿਪਾ ਕਰੋ।

**ਸਤਿਗੁਰੂ** ਪਿਆਰੇ ਪੁਤ੍ਰ! ਤੇਰੇ ਸਾਰੇ ਹੀ ਸੰਯ ਇਉਂ ਛਿੰਨ-ਭਿੰਨ ਹੋ ਜਾਣਗੇ ਜਿਉਂ ਹਵਾ ਦੁਆਰਾ ਉਡਾਏ ਹੋਏ ਬੱਦਲ ਦਿਖਾਈ ਹੀ ਨਹੀਂ ਦਿੰਦੇ, ਇੱਕ ਨਿਰਮਲ ਅਕਾ ਹੀ ਰਹਿ ਜਾਂਦਾ ਹੈ। ਪ੍ਰੰਤੂ ਇਹ ਤੱਤ੍ਵ-ਗਿਆਨ ਕੇਵਲ ਤੇਰੇ ਜੈਸੇ ਉੱਤਮ ਅਧਿਕਾਰੀ ਵਾਸਤੇ ਹੀ ਹੈ, ਮਧਮ ਤੇ ਕਨਿਟ ਅਧਿਕਾਰੀ ਲਈ ਨਹੀਂ। ਉਨ੍ਹਾਂ ਵਾਸਤੇ ਕਰਮ ਤੇ ਉਪਾਸਨਾ ਹਨ ਜੋ ਅੰਤਹਕਰਣ ਦੀ੍ ੱਧੀ ਦੇ ਹੇਤੂ ਹਨ, ਵਸਤੂ ਪ੍ਰਾਪਤੀ ਲਈ ਨਹੀਂ। ਆਤਮ-ਪ੍ਰਾਪਤੀ ਤਾਂ ਗਿਆਨ ਨਾਲ ਹੀ ਹੁੰਦੀ ਹੈ। ਇਸ ਲਈ ਪਹਿਲਾਂ ਜਗਤ ਦਾ ਚਿਤ੍ਰ ਦੇਖ ਜੋ ਬ੍ਰਹਮ ਰੂਪੀ ਪਰਦੇ ਉੱਤੇ, ਮਨ ਰੂਪੀ ਮੀਨ ਦੁਆਰਾ ਇਹ ਿਲਮ ਕਿਸ ਤਰ੍ਹਾਂ ਹਰਕਤ ਕਰਦੀ ਹੈ। ਸਭ ਕੁਝ ਹੋਣ ਦੇ ਬਾਵਜੂਦ ਭੀ ਯਾਨੀ ਉਸ ਪਰਦੇ ਪਰ ਨਾਨਾ ਪ੍ਰਕਾਰ ਦੀਆਂ ਪ੍ਰਤੀਤੀਆਂ ਹੋਣ ਤੇ ਭੀ ਜਿਉਂ ਬਸਤ੍ਰ ਵਿਕਾਰੀ ਨਹੀਂ ਹੁੰਦਾ ਤਿਉਂ ਹੀ ਜਨਮ ਆਦਿ ਅਨੰਤ ਵਿਕਾਰਾਂ ਦੇ ਪ੍ਰਤੀਤ ਹੁੰਦੇ ਹੋਏ ਭੀ ਆਤਮਾ ਨਿਰਵਿਕਾਰ ਰਹਿੰਦਾ ਹੈ। ੧

# ੪

# ਨਿਰਵਿਕਾਰ ਆਤਮ ਪ੍ਰਕਰਣ

## ✺ ਮੰਗਲਾਚਰਣ ✺

ਹੋਇ ਪ੍ਰਕਾ ਸ੍ਰੂਪ ਜੋ, ਭਾਸੇ ਜਿਉਂ ਅਪ੍ਰਕਾ।
ਤੀਨ ਕਾਲ ਹੋਇ ਸਤਿ ਪਰ, ਉਲਟਾ ਦਿਖੇ ਬਿਨਾਸ॥ ੧ ॥

ਆਨੰਦ ਕਰ ਹੈ ਲਬਾਲਬ, ਤਦਪਿ ਵਿਆਕੁਲ ਘੋਰ।
ਠਗੀ ਕਰਤ ਯਹ ਚਤੁਰ ਕੋ, ਬਾਜੀਗਰ ਯਾ ਚੋਰ॥ ੨॥

ਅਚਰਜ ਦੇਖੇਂ ਖੇਲ ਸਭ, ਖੇਲਨ ਵਾਲੇ ਨਾਹਿ।
ਅਤਿ ਪਰਤੱਛ ਪਰ ਦਿਖੈ ਨਹ, ਯਹੀ ਹੇਤੁ ਤਿਸ ਮਾਹਿ॥ ੩ ॥

ਦ੍ਰਿ ਹੋ ਨਾਨਾ ਭਾਸਯੋ, ਦ੍ਰਿਟਾ ਪ੍ਰਭੂ ਅਸੰਗ।
ਨਹਿ ਸੰਕੋਚ ਪ੍ਰਣਾਮ ਪਰ, ਸਦਾ ਅਭੇਦ ਮਮ ਸੰਗ॥ ੪ ॥

## *ਅਨੂਯ ਵਯਤੀਰੇਕ ਯੁਕਤੀ ਦ੍ਵਾਰਾ ਜਾਗ੍ਰਿਤ ਆਦਿ ਅਵਸਥਾਂ ਅਸਤਿ ਤੇ ਆਤਮਾ ਸਤਿ ਦੀ ਸਿਧੀ*

**ਵਿਵਹਾਰਕ**ਵਿਵਹਾਰ ਨਿਰਵਾਹ ਦੇ ਵਾਸਤੇ ਵਸਤੂ ਦੇ ਸਹਿਤ ਭਾਸਣਾ। ਉਤਪਤੀ, ਇਸਥਿਤੀ ਤੇ ਨਾ ਆਦਿ ਜਿਨ੍ਹਾਂ ਚੀਜਾਂ ਦੇ ਪ੍ਰਤੱਖ ਦਿਸਦੇ ਹਨ ਅਤੇ ਸਭ ਵਸਤੂਆਂ ਇੰਦ੍ਰੀਆਂ ਦ੍ਵਾਰਾ ਗ੍ਰਹਿਣ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਵਸਤੂ ਅਤੇ ਉਸਦੀ ਉਪਲਬਧੀ (ਪ੍ਰਾਪਤੀ) ਇਨ੍ਹਾਂ ਦੋਹਾਂ ਦੇ ਸਹਿਤ ਜੋ ਦ੍ਵੈਤ ਹੈ, ਉਸ ਅਵਸਥਾ ਨੂੰ ਜਾਗ੍ਰਿਤ ਕਹਿੰਦੇ ਹਨ।

ਵਸਤੂ ਕੋਈ ਭੀ ਨਾ ਹੋਵੇ ਤੇ ਪ੍ਰਾਪਤ ਜਿਹੀ ਹੁੰਦੀ ਦਿਖੇ ਯਾਨੀ ਦਿਖਾਈ ਪ੍ਰਤੱਖ ਰੂਪ ਹੀ ਦੇਵੇ। ਵਸਤੂ ਦੇ ਨਾ ਹੁੰਦਿਆਂ ਭੀ ਜੋ ਦ੍ਵੈਤ ਰੂਪ ਵਿੱਚ ਮਾਲੂਮ ਦੇਵੇ, ਉਸ ਅਵਸਥਾ ਨੂੰ ਸੁਪਨ ਕਹਿੰਦੇ ਹਨ।

ਜੋ ਵਸਤੂ ਅਤੇ ਉਸਦੀ ਪ੍ਰਾਪਤੀ, ਇਨ੍ਹਾਂ ਦੋਹਾਂ ਤੋਂ ਰਹਿਤ ਹੋਵੇ ਅਰਥਾਤ ਜਿਸ ਅਵਸਥਾ ਵਿੱਚ, ਨਾ ਗ੍ਰਹਿਣ ਕਰਨ ਯੋਗ ਕੋਈ ਵਸਤੂ ਹੋਵੇ ਤੇ ਨਾ ਗ੍ਰਹਿਣ ਹੀ ਕੀਤੀ ਜਾਂਦੀ ਹੋਵੇ, ਉਸ ਅਵਸਥਾ ਨੂੰ ਸੁਖੁਪਤੀ (ਗੂੜ੍ਹੀ ਨਿੰਦ੍ਰਾ) ਕਹਿੰਦੇ ਹਨ। ਇਨ੍ਹਾਂ ਤਿੰਨਾਂ ਅਵਸਥਾਵਾਂ ਨੂੰ ਾਸਤ੍ਰਾਂ ਵਿੱਚ ਲੌਕਿਕ, ੁੱਧ ਲੌਕਿਕ ਤੇ ਲੋਕੋਤਰ ਨਾਮ ਦ੍ਵਾਰਾ ਭੀ ਕਥਨ ਕੀਤਾ ਗਿਆ ਹੈ। ਜੋ ਕੁਝ ਜਿਸ ਕਲ ਵਿੱਚ ਭੀ ਦ੍ਵੈਤ ਹੈ, ਉਹ ਸਾਰੀ ਇਨ੍ਹਾਂ ਤਿੰਨਾਂ ਅਵਸਥਾਂ ਵਿੱਚ ਸਮਾਪਤ ਹੈ, ਬੱਸ! ਇਤਨਾ ਹੀ ਸੰਸਾਰ ਹੈ। ਆਤਮਾ ਇਸ ਤੋਂ ਵੱਖਰਾ ਚੌਥਾ ਪਦ ਹੈ, ਜਿਸ ਨੂੰ ਤੁਰੀਯ ਪਦ ਜਾਂ ਅਵਸਥਾ ਨਾਮ ਨਾਲ ਵੀ ਕਥਨ ਕੀਤਾ ਜਾਂਦਾ ਹੈ।

**ਤੁਰੀਯ**–ਆਤਮਾ ਜਿਸ ਵਿੱਚ ਇਹ ਤਿੰਨੇ ਅਵਸਥਾਂ, ਅੰਧੇਰਾ ਵਿੱਚ ਪਈ ਰੱਸੀ ਵਿੱਚ ਸੱਪ ਦੇ ਵਾਂਗੂੰ ਭਾਸਣ ਵਾਲੀਆਂ ਅਨਿੱਤ ਹਨ। ਆਤਮਾ ਇਨ੍ਹਾਂ ਤਿਹਾਂ ਵਿੱਚ ਇੱਕ–ਰਸ ਪੂਰਨ ਹੈ ਪ੍ਰੰਤੂ ਇਹ ਵਿਭਚਾਰੀ ਹਨ ਅਰਥਾਤ ਸਦਾ ਆਤਮਾ ਵਿੱਚ ਰਹਿਣ ਵਾਲੀਆਂ ਨਹੀਂ ਹਨ ਅਤੇ ਇਨ੍ਹਾਂ ਦਾ ਆਪਸ ਵਿੱਚ ਭੀ ਵਿਰੋਧ ਹੈ। ਇੱਕ ਸਮੇਂ ਇੱਕ ਹੀ ਰਹਿੰਦੀ ਹੈ, ਇਕੱਠੀਆਂ ਨਹੀਂ ਰਹਿੰਦੀਆਂ ਅਤੇ ਨਾ ਹੀ ਆਤਮਾ ਨਾਲ ਸੰਬੰਧ ਰੱਖਦੀਆਂ ਹਨ ਕਿਉਂਕਿ ਜਦ ਜਾਗ੍ਰਿਤ ਅਵਸਥਾ ਹੁੰਦੀ ਹੈ, ਉਸ ਵਕਤ ਸੁਪਨ ਤੇ ਸੁਖੁਪਤੀ ਦਾ ਅਭਾਵ ਹੁੰਦਾ ਹੈ ਪ੍ਰੰਤੂ

ਆਤਮਾ ਦੇ ਆਸਰੇ ਜਾਗ੍ਰਿਤ ਭਾਸਦੀ ਹੈ। ਇਸ ਲਈ ਆਤਮਾ ਸਤ ਬਿਰਾਜਮਾਨ ਹੈ, ਜਾਗ੍ਰਿਤ ਦਾ ਸਾਖੀ ਅਤੇ ਦ੍ਰਿਟਾ ਹੈ ਯਾਨੀ ਜਾਗ੍ਰਿਤ ਅਵਸਥਾ ਦੇ ਸਭ ਵਿਵਹਾਰਾਂ ਨੂੰ ਜਾਣਦਾ ਹੈ। ਜਦੋਂ ਸੁਪਨ ਅਵਸਥਾ ਹੁੰਦੀ ਹੈ, ਉਸ ਵੇਲੇ ਜਾਗ੍ਰਿਤ ਤੇ ਸੁਖੁਪਤੀ ਨਹੀਂ ਅਟਕ ਸਕਦੀਆਂ-ਸੁਪਨ ਅਵਸਥਾ ਹੀ ਕਾਇਮ ਰਹਿੰਦੀ ਹੈ ਤੇ ਸਾਖੀ, ਦ੍ਰਿਟਾ ਯਾਨੀ ਆਤਮਾ ਸੁਪਨ ਦੇ ਸਭ ਵਿਵਹਾਰਾਂ ਨੂੰ ਦੇਖਦਾ ਹੋਇਆ ਮੌਜੂਦ ਰਹਿੰਦਾ ਹੈ। ਸੁਖੁਪਤੀ ਅਵਸਥਾ ਵੇਲੇ, ਸੁਪਨ ਤੇ ਜਾਗ੍ਰਿਤ ਦੋਨੋਂ ਹੀ ਗੁੰਮ ਹੋ ਜਾਂਦੀਆਂ ਹਨ ਅਤੇ ਸ੍ਵਯੰ-ਪ੍ਰਕਾ ਆਤਮਾ ਉਸ ਵੇਲੇ ਭੀ ਸਾਖੀ ਅਤੇ ਦ੍ਰਿਟਾ ਰੂਪ ਵਿੱਚ ਬਿਰਾਜਮਾਨ ਰਹਿੰਦਾ ਹੈ-

**ਦ੍ਰਿਟਾ ਦੀ ਦ੍ਰਿਟੀ ਦਾ ਕਦੇ ਭੀ ਲੋਪ ਨਹੀਂ ਹੁੰਦਾ।**

**(ਬਿਹ: ਉ: ੪।੩।੨੩।)**

ਜਾਗ੍ਰਿਤ ਵਿੱਚ ਸੁਪਨ ਅਤੇ ਸੁਖੁਪਤੀ ਨਹੀਂ, ਸੁਪਨ ਵਿਚ ਜਾਗ੍ਰਿਤ ਅਤੇ ਸੁਖੁਪਤੀ ਨਹੀਂ ਅਤੇ ਸੁਖੁਪਤੀ ਵਿਚ ਜਾਗ੍ਰਿਤ ਅਤੇ ਸੁਪਨ ਨਹੀਂ ਹਨ। ਜੇ ਇਹ ਅਵਸਥਾ ਸਤਿ ਹੁੰਦੀਆਂ ਤਾਂ ਸਦਾ ਹੀ ਕਾਇਮ ਰਹਿੰਦੀਆਂ, ਜਿਉਂ ਆਤਮਾ ਸਤਿ ਹੋਣ ਦੇ ਕਾਰਨ ਹੀ ਤਿੰਨਾਂ ਅਵਸਥਾਂ ਵਿੱਚ ਮੌਜੂਦ ਰਹਿੰਦਾ ਹੈ। ਜੇ ਇਹ ਭੀ ਅਸਤ ਹੁੰਦਾ ਤਾਂ ਇਨ੍ਹਾਂ ਵਾਂਗੂੰ ਹੀ ਕਦੇ ਹੁੰਦਾ ਤੇ ਕਦੇ ਨਾ ਹੁੰਦਾ। ਜੋ ਵਸਤੂ ਕਦੇ ਹੋਵੇ ਤੇ ਕਦੇ ਨਾ ਹੋਵੇ, ਉਹ ਨਿਸਚੇ ਹੀ ਝੂਠੀ ਹੁੰਦੀ ਹੈ ਤੇ ਸਦਾ ਇੱਕ-ਰਸ ਰਹਿਣ ਵਾਲੀ ਵਸਤੂ ਸੱਚੀ ਹੁੰਦੀ ਹੈ। ਇਸ ਸਤਿ ਆਤਮਾ ਵਿਚ ਭਰਮ ਰੂਪੀ ਅਗਿਆਨ ਦੇ ਕਾਰਨ, ਇਹ ਤਿੰਨੇ ਅਵਸਥਾਂ ਯਾਨੀ ਸੰਸਾਰ ਦੀ ਉਤਪਤੀ ਅਤੇ ਨਾ ਇਉਂ ਭਾਸਦਾ ਹੈ ਜਿਉਂ ਸਮੁੰਦਰ ਵਿੱਚ ਅਨੰਤ ਛੋਟੇ ਵੱਡੇ ਤਰੰਗ ਉਤਪੰਨ ਤੇ ਨਾ ਹੁੰਦੇ ਦਿਖਾਈ ਦਿੰਦੇ ਹਨ। ਜਿਉਂ ਅਕਾ ਵਿੱਚ ਨੀਲਾਪਨ ਐਵੇਂ ਭਰਮ ਦੇ ਕਾਰਨ ਪ੍ਰਤੀਤ ਦਿੰਦਾ ਹੈ। ਜਿਉਂ ਭਰਮ ਦੇ ਕਾਰਨ ਸਿਪੀ ਵਿਚ ਚਾਂਦੀ ਭਾਸਦੀ ਹੈ। ਜਿਉਂ ਮ੍ਰਿਗ ਤ੍ਰਿਨਾ ਦਾ ਜਲ ਦੇਖਣ ਮਾਤ੍ਰ ਹੀ ਹੈ, ਵਾਸਤਵ ਵਿੱਚ ਨਹੀਂ। ਜਿਉਂ ਸੁਪਨੇ ਵਿੱਚ ਅਣਹੋਏ ਪਦਾਰਥ ਦਿਖਾਈ ਦੇਣ ਲਗ ਜਾਂਦੇ ਹਨ, ਤਿਉਂ ਹੀ ਇਹ ਭਰਮ ਦੇ ਕਾਰਨ ਜਗਤ ਭਾਸਦਾ ਹੈ।

## *ਜਾਗ੍ਰਿਤ ਤੇ ਸੁਪਨ ਦੀ ਸਮਾਨਤਾ*

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥** **(ਅੰਗ ੧੪੨੭)**

**ਸਮ ਸੁਪਨੈ ਕੈ ਇਹੁ ਜਗੁ ਜਾਨੁ॥ ਬਿਨਸੈ ਛਿਨ ਮੈ ਸਾਚੀ ਮਾਨੁ॥**
**(ਅੰਗ ੧੧੮੭)**

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥**
**(ਅੰਗ ੧੧੮੬-੮੭)**

**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥**
**(ਅੰਗ ੧੨੩੧)**

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ॥ (ਅੰਗ ੧੪੨੯)**

**ਰੇ ਨਰ ਇਹ ਸਾਚੀ ਜੀਅ ਧਾਰਿ॥**
**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥**
**(ਅੰਗ ੬੩੩)**

ਇਸ ਵਿੱਚ ਸੰਦੇਹ ਨਹੀਂ ਕਿ ਜਾਗ੍ਰਿਤ, ਸੁਪਨ ਨਾਲੋਂ ਕਿੰਚਤ ਭੀ ਬਿਲੱਛਣ ਨਹੀਂ-ਸੁਪਨ ਹੀ ਹੈ ਕਿਉਂਕਿ ਸੁਪਨ ਭੀ ਸੁਪਨ ਕਾਲ ਵਿੱਚ ਸੁਪਨ ਅਵਸਥਾ ਨਹੀਂ ਹੁੰਦੀ ਕਿੰਤੂ ਉਨ੍ਹਾਂ ਗੀਰਾਂ ਵਾਸਤੇ ਜੋ ਸੁਪਨ ਵਿੱਚ ਵਿਵਹਾਰ ਕਰਦੇ ਹਨ ਜਾਗ੍ਰਿਤ ਹੀ ਹੋਇਆ ਕਰਦੀ ਹੈ। ਸੁਪਨ ਵਿੱਚ ਉਹ ਗੀਰ ਮਿਲਦੇ-ਵਿਛੁੜਦੇ, ਖਾਂਦੇ-ਪੀਂਦੇ, ਆਉਂਦੇ ਤੇ ਜਾਂਦੇ ਆਦਿ ਜਿਤਨਾ ਭੀ ਵਿਵਹਾਰ ਕਰਦੇ ਹਨ ਉਹ ਜਾਗ੍ਰਿਤ ਜੈਸਾ ਹੀ ਹੁੰਦਾ ਹੈ। ਸੁਪਨ ਬਦ, ਉਸ ਅਵਸਥਾ ਦੇ ਲੋਪ ਹੋਣ ਪਰ ਹੀ ਆਉਂਦਾ ਹੈ, ਉਸ ਅਵਸਥਾ ਦੇ ਵਰਤਮਾਨ ਵਿੱਚ ਨਹੀਂ। ਬੇਕ ਸੁਪਨ ਦੇ ਪਦਾਰਥ ਅੰਦਰ ਹਨ ਅਤੇ ਜਿਤਨਾ ਦੇ-ਕਾਲ ਪਦਾਰਥਾਂ ਲਈ ਚਾਹੀਏ ਉਤਨਾ ਉੱਥੇ ਹੈ ਨਹੀਂ ਯਾਨੀ ਅਸਥਾਨ ਦੀ ਘਾਟ ਹੋਣ ਦੇ ਕਾਰਨ, ਸੁਪਨ ਦ੍ਰਿਟ ਪਦਾਰਥਾਂ ਦਾ ਜਾਗ੍ਰਿਤ ਦ੍ਰਿਟ ਪਦਾਰਥਾਂ ਨਾਲੋਂ ਭੇਦ ਹੈ ਕਿੰਤੂ ਦ੍ਰਿਟਾਪਣਾ ਅਤੇ ਮਿਥਾਪਣਾ ਦੋਹਾਂ ਵਿੱਚ ਇੱਕੋ ਜਿਹਾ ਹੀ ਹੈ-ਕੁਝ ਭੀ ਭੇਦ ਨਹੀਂ। ਸੁਪਨ ਪਦਾਰਥਾਂ ਦੇ ਮਿਥਾਪਣੇ ਵਿੱਚ, ਪ੍ਰਮਾਣ

੍ਤੀ ਵਿੱਚ ਭੀ ਸੁਪਨ ਦ੍ਰਿਟ ਪਦਾਰਥ ਆਦਿ ਦਾ ਅਭਾਵ ਯੁਕਤੀ ਪੂਰਬਕ ਸੁਣਿਆ ਗਿਆ ਹੈ। ਇਸ ਲਈ ਸਿੱਧ ਹੋਏ ਮਿਥਾਪਨੇ ਨੂੰ ਹੀ ਸੁਪਨ ਵਿੱਚ ਬ੍ਰਹਮਵੇਤਾ ਸਪਟ ਆਖਦੇ ਹਨ। **(ਮਾਂ: ਉ: ਵੈ: ਕਾ: ੩)**

ਇਸੀ ਕਾਰਨ ਜਾਗ੍ਰਿਤ ਅਵਸਥਾ ਵਿੱਚ ਭੀ ਪਦਾਰਥਾਂ ਦਾ ਮਿਥਾਪਨਾ ਹੈ

ਕਿਉਂਕਿ ਜਿਸ ਪ੍ਰਕਾਰ ਉਹ ਸੁਪਨ ਅਵਸਥਾ ਵਿੱਚ ਮਿਥਾ ਹੁੰਦੇ ਹਨ, ਉਸੀ ਪ੍ਰਕਾਰ ਜਾਗ੍ਰਿਤ ਵਿੱਚ ਭੀ ਮਿਥਯਾ ਹੀ ਹੁੰਦੇ ਹਨ। ਕੇਵਲ ਰੀਰ ਦੇ ਅੰਦਰ ਇਸਥਿਤ ਹੋਣ ਅਤੇ ਅਸਥਾਨ ਦੇ ਸੰਕੁਚਿਤ ਹੋਣ ਕਰਕੇ ਹੀ ਸੁਪਨ ਅਤੇ ਦ੍ਰਿਟ ਪਦਾਰਥਾਂ ਦਾ ਭੇਦ ਹੈ। **(ਮਾਂ: ਉ: ਵੈ: ਕਾ: ੪)**

ਇਸ ਤਰ੍ਹਾਂ ਪ੍ਰਸਿੱਧ ਹੇਤੂ ਤੇ ਹੀ ਪਦਾਰਥਾਂ ਵਿੱਚ ਸਮਾਨਤਾ ਹੋਣ ਕਰਕੇ, ਵਿਵੇਕੀ ਪੁਰਾਂ ਨੇ ਸੁਪਨ ਤੇ ਜਾਗ੍ਰਿਤ ਅਵਸਥਾਂ ਨੂੰ ਇਕੋ ਹੀ ਆਖਿਆ ਹੈ।

**(ਮਾਂ: ਉ: ਵੈ: ਕਾ: ੫)**

ਜਿਸ ਪ੍ਰਕਾਰ ਸੁਪਨ ਅਤੇ ਮਾਇਆ ਦੇਖੇ ਗਏ ਹਨ ਤਥਾ ਗੰਧਰਵ ਨਗਰ* ਜਾਣਿਆ ਗਿਆ ਹੈ, ਉਸੀ ਪ੍ਰਕਾਰ ਤੱਤ੍ਵ-ਵੇਤਾ ਪੁਰਾਂ ਨੇ ਵੇਦਾਂਤਾਂ ਵਿੱਚ ਇਸ ਜਗਤ (ਜਾਗ੍ਰਿਤ ਅਵਸਥਾ) ਨੂੰ ਦੇਖਿਆ ਹੈ। **(ਮਾਂ: ਉ: ਵੈ: ਕਾ: ੩੧)**

ਜਾਗ੍ਰਿਤ ਪਦਾਰਥਾਂ ਦੀ ਦੋ ਰਹਿਤ ਕੇਵਲ ਅਨਾਦਿ (ਆਦਿ ਰਹਿਤ) ਅਵਿਦਾ ਉਪਾਦਾਨ** ਕਾਰਨ ਹੈ ਅਤੇ ਸੁਪਨ ਪਦਾਰਥਾਂ ਦੀ ਸਾਦਿ (ਆਦਿ ਸਹਿਤ) ਨਿੰਦ੍ਰਾ-ਦੋ ਸਹਿਤ ਅਵਿਦਾ, ਉਪਾਦਾਨ ਕਾਰਨ ਹੈ। ਾਤ੍ਰ ਵਿੱਚ ਦੋ ਰਹਿਤ ਅਵਿਦਾਜਨਕ ਪ੍ਰਤੀਤੀ ਨੂੰ ਵਿਵਹਾਰਕ ਅਤੇ ਨਿੰਦ੍ਰਾ ਦੋ ਸਹਿਤ ਅਵਿਦਾਜਨਕ ਪ੍ਰਤੀਤੀ ਨੂੰ ਸੁਪਨ ਕਥਨ ਕੀਤਾ ਹੈ। ਪ੍ਰੰਤੂ ਤਿੰਨ ਪ੍ਰਕਾਰ ਦੀ ਸੱਤਾ ਮੰਨ ਕੇ ਸਥੂਲ ਦ੍ਰਿਟੀ ਨਾਲ ਇਉਂ ਆਖਿਆ ਹੈ। ਵਿਚਾਰ ਦ੍ਰਿਟੀ ਨਾਲ ਤਾਂ ਤਿੰਨ ਪ੍ਰਕਾਰ ਦੀ-ਪਰਮਾਰਥਿਕ, ਵਿਵਹਾਰਕ ਅਤੇ ਪ੍ਰਤਿਭਾਸਕ ਸੱਤਾ ਬਣ ਹੀ ਨਹੀਂ ਸਕਦੀ। ਸਾਰੇ ਹੀ ਅਨਾਤਮ ਪਦਾਰਥਾਂ ਦੀ ਪ੍ਰਤਿਭਾਸਕ ਸੱਤਾ ਹੈ ਅਤੇ ਚੇਤਨ ਦੀ ਪਰਮਾਰਥਿਕ ਸੱਤਾ ਹੈ। ਇਸ ਲਈ ਜਾਗ੍ਰਿਤ ਅਤੇ ਸੁਪਨ ਦੋਨੋਂ ਹੀ ਅਵਸਥਾਂ ਅਨਾਤਮਾ ਹੋਣ ਦੇ ਕਾਰਨ ਰਾ ਮਾਤ੍ਰ ਭੀ ਬਿਲੱਛਣਤਾ ਨਹੀਂ ਰਖਦੀਆਂ ਯਾਨੀ ਦੋਹਾਂ ਦਾ ਭੇਦ ਸਿੱਧ ਨਹੀਂ ਹੋ ਸਕਦਾ।

ਸੁਪਨ-ਪਦਾਰਥ ਦੇ, ਕਾਲ, ਸਾਮਗ੍ਰੀ ਤੋਂ ਬਿਨਾਂ ਹੀ ਉਤਪੰਨ ਹੁੰਦੇ ਹਨ। ਰਥ, ਘੋੜੇ, ਮਾਰਗ ਤਥਾ ਰਥ ਵਿੱਚ ਬੈਠਣ ਵਾਲੇ, ਇਸੀ ਪ੍ਰਕਾਰ ਨਦੀਆਂ,

---

* ਆਕਾ ਵਿਖੇ ਗੰਧਰਵਾਂ (ਅਰਧ ਦੇਵਾਂ) ਦਾ ਕਾਲਪਨਿਕ ਨਗਰ।

** ਉਪਾਦਾਨ-ਉਹ ਸਾਮੱਗਰੀ (ਪਦਾਰਥ) ਜਾਂ ਤੱਤ ਜਿਸਤੋਂ ਕੋਈ ਵਸਤੂ ਬਣੇ। ਜਿਵੇਂ ਮਿੱਟੀ ਤੋਂ ਬਣਿਆ ਘੜਾ ਤਾਂ ਘੜੇ ਦਾ ਉਪਾਦਾਨ ਕਾਰਣ ਮਿੱਟੀ ਹੈ।

ਸਮੁੰਦਰ ਅਤੇ ਪਰਬਤ ਆਦਿ ਜੋ ਕੁਝ ਭੀ ਤ੍ਰਿਪੁਟੀ* ਹੈ, ਕੰਠ ਦੀ ਨਾੜੀ ਵਿੱਚ ਉਤਪੰਨ ਹੁੰਦੀ ਹੈ। ਦੇ, ਕਾਲ ਤੋਂ ਬਿਨਾਂ ਹੀ ਯਾਨੀ ਜਿਤਨਾ ਦੇ ਕਾਲ-ਕਿਸੇ ਵਸਤੂ ਲਈ ਜਗ੍ਹਾ ਦੇ ਬਣਨ ਵਿੱਚ ਜੋ ਵਕਤ ਚਾਹੀਦਾ ਹੈ, ਉਹ ਕੰਠ ਦੀ ਸੂਖਮ ਨਾੜੀ ਵਿੱਚ ਨਹੀਂ ਬਣ ਸਕਦਾ ਯਾਨੀ ਸਮੁੰਦਰ ਤੇ ਪਰਬਤ, ਅਤੀ ਸੂਖਮ ਨਾੜੀ ਵਿੱਚ ਕਿਸ ਤਰ੍ਹਾਂ ਇਸਥਿਤ ਹੋ ਸਕਦੇ ਹਨ ਅਤੇ ਅਮਰੀਕਾ, ਇੰਗਲੈਂਡ ਆਦਿ ਦੇਸਾਂ ਵਿੱਚ ਪਹੁੰਚਣ ਲਈ ਜਿੰਨਾਂ ਸਮਾਂ ਲਗਦਾ ਹੈ, ਉਸ ਤੋਂ ਉਲਟ ਇੱਕ ਛਿੰਨ ਵਿੱਚ ਉਨ੍ਹਾਂ ਦੇਸਾਂ ਵਿੱਚ ਪਹੁੰਚਿਆ ਹੋਇਆ ਇਹ ਪੁਰ, ਆਪਣੇ -ਆਪ ਨੂੰ ਦੇਖਦਾ ਹੈ। ਦੇ, ਕਾਲ ਆਦਿ ਸਾਮਗ੍ਰੀ ਤੋਂ ਬਿਨਾਂ ਹੀ ਸੁਪਨ ਦੇ ਪਦਾਰਥ ਉਤਪੰਨ ਜਾਂ ਨਾ ਹੁੰਦੇ ਜਿਹੇ ਭਾਸਦੇ ਹਨ, ਇਸ ਲਈ ਅਸਤ ਹਨ।

ਇਸੀ ਪ੍ਰਕਾਰ ਜਾਗ੍ਰਿਤ ਪਦਾਰਥ ਭੀ-ਆਕਾ ਆਦਿ ਪ੍ਰਪੰਚ, ਬ੍ਰਹਮ ਤੋਂ ਉਤਪੰਨ ਹੋਇਆ ਕਿਹਾ ਜਾਂਦਾ ਹੈ। ਉਸ ਬ੍ਰਹਮ ਵਿੱਚ ਦੇ-ਕਾਲ ਆਦਿ ਲੇ ਮਾਤ੍ਰ ਭੀ ਨਹੀਂ। ਸੁਪਨ ਅੰਦਰ ਭੀ ਵਸਤੂ ਦੇ ਯੋਗ ਦੇ-ਕਾਲ ਆਦਿ ਨਹੀਂ ਹਨ ਪ੍ਰੰਤੂ ਅਤੀ ਸੂਖਮ ਨਾੜੀ-ਦੇ ਅਤੇ ਇੱਕ, ਦੋ ਯਾ ਚਾਰ ਮਿੰਟ ਆਦਿ ਕਾਲ ਹੁੰਦਾ ਹੀ ਹੈ ਤੇ ਬ੍ਰਹਮ ਵਿੱਚ ਇਹ ਭੀ ਨਹੀਂ ਯਾਨੀ ਇਤਨੀ ਭੀ ਗੁੰਜਾਇ ਨਹੀਂ ਹੈ ਫਿਰ ਉਸ ਵਿੱਚ ਇਤਨੇ ਵੱਡੇ ਵਿਸਥਾਰ ਵਾਲਾ ਆਕਾ ਆਦਿ ਪ੍ਰਪੰਚ ਕਿਸ ਤਰ੍ਹਾਂ ਉਤਪੰਨ ਹੋ ਸਕਦਾ ਹੈ? ਇਸ ਲਈ ਇਹ ਸੁਤੇ-ਸਿੱਧ ਬਾਤ ਕਾਇਮ ਹੋ ਜਾਂਦੀ ਹੈ ਕਿ ਇਹ ਜਾਗ੍ਰਿਤ ਜਗਤ, ਦੇ-ਕਾਲ ਸਾਮਗ੍ਰੀ ਤੋਂ ਬਿਨਾਂ ਹੀ ਉਤਪੰਨ ਹੁੰਦਾ ਜਿਹਾ ਭਾਸਦਾ ਹੈ, ਇਸ ਲਈ ਸੁਪਨ ਪੰਪ੍ਰਚ ਦੀ ਤਰ੍ਹਾਂ ਅਸਤ ਹੈ।

ਜਿਸ ਪ੍ਰਕਾਰ ਸਾਮ੍ਹਣੇ ਦਿਖਾਈ ਦੇਣ ਵਾਲੇ ਪਦਾਰਥ ਉਤਪੰਨ ਹੁੰਦੇ ਜਿਹੇ ਭਾਸਦੇ ਹਨ, ਉਸੀ ਪ੍ਰਕਾਰ ਦੇ ਅਤੇ ਕਾਲ ਭੀ ਭਾਸ ਰਹੇ ਹਨ। ਦੇ, ਕਾਲ ਅਤੇ ਸਾਰੇ ਹੀ ਪਦਾਰਥ ਅਵਿਦਾ ਦੇ ਪਰਿਣਾਮ** ਅਤੇ ਚੇਤਨ ਦੇ ਵਿਵਰਤ*** ਹਨ ਅਰਥਾਤ ਜਿਸ ਵਕਤ ਭੀ ਕੋਈ ਪਦਾਰਥ ਪ੍ਰਤੀਤ ਦਿੰਦਾ ਹੈ, ਉਸੀ ਵਕਤ

---

* ਤ੍ਰਿਪੁਟੀ-ਦ੍ਰਟਾ, ਦ੍ਰਿਟੀ, ਦ੍ਰਿ ਅਤੇ ਗਿਆਤਾ, ਗਿਆਨ, ਗੇਯ ਆਦਿ।

** ਪਰਿਣਾਮ-ਨਤੀਜਾ, ਫਲ ਜੋ ਵਾਪਿਸ ਅਪਣੇ ਮੂਲ ਸਰੂਪ ਵਿੱਚ ਪ੍ਰੀਵਰਤਨ ਨਾ ਹੋ ਸਕੇ ਜਿਵੇਂ ਦੁੱਧ ਤੋਂ ਬਣਿਆ ਦਹੀਂ ਮੁੜਕੇ ਦੁੱਧ ਨਹੀਂ ਬਣ ਸਕਦਾ ਸੋ ਦਹੀਂ ਦੁੱਧ ਦਾ ਪਰਿਣਾਮ ਹੈ।

*** ਵਿਵਰਤ-ਜਦੋਂ ਕੋਈ ਪਦਾਰਥ ਦੂਜਾ ਰੂਪ ਲੈਕੇ ਮੂਲ ਤੋਂ ਵੱਖਰਾ ਪ੍ਰਤੀਤ ਦੇਵੇ ਪ੍ਰੰਤੂ ਮੁੜਕੇ ਮੂਲ ਸਰੂਪ ਧਾਰਣ ਕਰ ਲੈਂਦਾ ਹੋਵੇ ਜਿਵੇਂ ਪਾਣੀ ਤੋਂ ਬਣੀ ਬਰਫ ਮੁੜਕੇ ਪਾਣੀ ਬਣ ਜਾਂਦੀ ਹੈ ਸੋ ਬਰਫ ਪਾਣੀ ਦਾ ਵਿਵਰਤ ਹੈ।

ਦੋ ਪ੍ਰਕਾਰ ਅਵਿਦਾ ਦਾ ਪਰਿਣਾਮ ਹੋ ਜਾਂਦਾ ਹੈ। ਅਵਿਦਾ ਦੇ ਤਮੋ ਗੁਣ ਅੰਦਾ ਘਟ ਆਦਿ ਵਿ ਰੂਪੀ ਪਰਿਣਾਮ ਅਤੇ ਉਸੀ ਅਵਿਦਾ ਦੇ ਸਤੋ ਗੁਣ ਅੰਦਾ ਗਿਆਨ ਰੂਪੀ ਪਰਿਣਾਮ ਹੁੰਦਾ ਹੈ। ਪਦਾਰਥ ਦੀ ਪ੍ਰਤੀਤੀ ਸਮੇਂ, ਪ੍ਰਤੀਤੀ ਦਾ ਵਿ-ਪਦਾਰਥ ਸਤ ਜਿਹਾ ਭਾਸਦਾ ਹੈ ਪ੍ਰੰਤੂ ਉਸ ਪ੍ਰਤੀਤੀ ਦੇ ਵਕਤ ਤੋਂ ਦੂਜੇ ਵਕਤ ਵਿੱਚ, ਉਹ ਪਦਾਰਥ ਹੁੰਦਾ ਹੀ ਨਹੀਂ ਹੈ। ਪ੍ਰਤੀਤੀ ਕਾਲ ਤੋਂ ਭਿੰਨ ਕਾਲ ਵਿੱਚ, ਅਨਾਤਮਾ ਦੀ ਸੱਤਾ ਹੈ ਹੀ ਨਹੀਂ। ਅੰਤਹਕਰਣ, ਇੰਦ੍ਰੀਆਂ, ਘਟ ਆਦਿ ਤ੍ਰਿਪੁਟੀ ਅਤੇ ਗਿਆਨ ਦੀ ਇੱਕੋ ਸਮੇਂ ਹੀ-ਇਕੱਠੀ ਉਤਪਤੀ ਹੁੰਦੀ ਹੈ ਤਥਾ ਨਾ ਭੀ। ਜਿਉਂ ਸੁਪਨ ਵਿੱਚ ਜਦ ਵਸਤੂ ਭਾਸਦੀ ਹੈ, ਉਸੇ ਵੇਲੇ ਹੀ ਅੰਤਹਕਰਣ, ਇੰਦ੍ਰੀਆਂ ਅਤੇ ਉਹ ਵਸਤੂ ਇਨ੍ਹਾਂ ਤਿੰਨਾਂ ਦੀ ਇਕੱਠੀ ਹੀ ਉਤਪਤੀ ਹੁੰਦੀ ਹੈ ਅਤੇ ਅਪ੍ਰਤੀਤੀ ਕਾਲ ਵਿੱਚ ਇਕੱਠੇ ਹੀ ਵਿਨਾ ਹੋ ਜਾਂਦੇ ਹਨ। ਇਸੀ ਪ੍ਰਕਾਰ ਜਾਗ੍ਰਿਤ ਵਿੱਚ, ਵਸਤੂ ਦੇ ਗਿਆਨ ਤੋਂ ਪੂਰਬ, ਨਾ ਅੰਤਹਕਰਣ, ਨਾ ਇੰਦ੍ਰੀਆਂ ਤਥਾ ਨਾ ਹੀ ਕੋਈ ਪਦਾਰਥ ਹੈ। ਆਤਮਾ ਤੋਂ ਭਿੰਨ ਜੋ ਕੁਝ ਭੀ ਹੈ-ਜਾਗ੍ਰਿਤ, ਸੁਪਨ ਤੇ ਸੁਖੁਪਤੀ ਕੋਈ ਭੀ ਅਵਸਥਾ ਹੋਵੇ, ਉਹ ਅਸਤ ਹੈ।

ਇਸ ਵਿਵਹਾਰਕ ਅਵਸਥਾ ਨੂੰ ਜਾਗ੍ਰਿਤ ਕਿਹਾ ਜਾਂਦਾ ਹੈ ਅਤੇ ਨਿੰਦ੍ਰਾ ਦੋਦੇ ਕਾਰਨ, ਪ੍ਰਤੀਤ ਹੋਈ ਸ੍ਰਿਟੀ ਨੂੰ ਸੁਪਨ। ਜੇਕਰ ਸੁਪਨ ਕਾਲ ਵਿੱਚ ਉਹ ਵਿਵਹਾਰਕ ਹੁੰਦੀ ਵੀ ਜਦ ਜਾਗ੍ਰਿਤ ਨਹੀਂ ਰਹੀ, ਸੁਪਨ ਹੋ ਗਈ ਹੈ ਤਾਂ ਇਹ ਜਾਗ੍ਰਿਤ ਭੀ ਸੁਪਨ ਕਿਉਂ ਨਹੀਂ ਹੋਵੇਗੀ? ਕਿਉਂਕਿ ਉਸ (ਸੁਪਨ ਵਾਲੀ) ਜਾਗ੍ਰਿਤ ਵਿੱਚ ਇਹ ਜਾਗ੍ਰਿਤ, ਸੁਪਨ ਹੈ ਯਾਨੀ ਕਿਤੇ ਨਰ ਹੀ ਨਹੀਂ ਆਉਂਦੀ। ਜਿਸ ਅਵਸਥਾ ਵਿੱਚ ਭੀ ਕੋਈ ਵਿਵਹਾਰ ਹੁੰਦਾ ਹੋਵੇ, ਉਹ ਵਿਵਹਾਰਕ ਹੋਣ ਦੇ ਕਾਰਨ ਹੀ ਜਾਗ੍ਰਿਤ ਹੈ। ਉਸ (ਸੁਪਨ) ਅਵਸਥਾ ਵਿੱਚ ਭੀ ਹਰਖ ਤੌ ਕ ਹੁੰਦੇ ਹਨ ਅਤੇ ਇਸ ਵਿੱਚ ਵੀ ਮਾਨ-ਅਪਮਾਨ, ਜੰਮਣਾ-ਮਰਨਾ, ਤੰਦਰੁਸਤੀ-ਬਿਮਾਰੀ, ਉਸਤਤੀ-ਨਿੰਦਾ, ਸੰਪੱਤੀ-ਬਿਪੱਤੀ ਅਤੇ ਭੁੱਖ-ਪਿਆਸ ਆਦਿ ਜਿਤਨੇ ਭੀ ਦ੍ਵੰਦਾਤਮਿਕ ਰੀਰਕ ਧਰਮ ਹਨ, ਸਾਰੇ ਹੀ ਇਸ ਵਿੱਚ ਭੀ ਹੁੰਦੇ ਹਨ ਤੇ ਉਸ ਅਵਸਥਾ ਵਿੱਚ ਭੀ ਤਾਂ ਫਿਰ ਦੋਹਾਂ ਵਿੱਚ ਕੁਝ ਭੇਦ ਨਹੀਂ ਹੈ। ਭੇਦ ਨਹੀਂ ਹੈ ਯਾਨੀ ਇੱਕ ਰੂਪ ਹਨ ਫਿਰ ਉਹ ਸੁਪਨ ਅਤੇ ਇਹ ਜਾਗ੍ਰਿਤ ਕੇਵਲ ਕਹਿਣ ਲਈ ਬਦ-ਮਾਤ੍ਰ ਹੀ ਹਨ-ਜਿਸ ਨੂੰ ਸੁਪਨ ਕਹਿੰਦੇ ਹਨ, ਉਸ ਵਿੱਚ ਭੀ ਚਿੱਤ

ਅੰਦਰ ਕਲਪਨਾ ਕੀਤਾ ਹੋਇਆ ਪਦਾਰਥ ਅਸਤ ਅਤੇ ਚਿੱਤ ਤੋਂ ਬਾਹਰ ਇੰਦ੍ਰੀਆਂ ਦੁਆਰਾ ਗ੍ਰਹਿਣ ਕੀਤਾ ਹੋਇਆ ਸਤ ਜਾਪਦਾ ਹੈ, ਕਿੰਤੂ ਇਨ੍ਹਾਂ ਦੋਹਾਂ ਦਾ ਹੀ ਮਿਥਾਪਨਾ ਦੇਖਿਆ ਗਿਆ ਹੈ। **(ਮਾਂ: ਉ: ਵੈ: ਕਾ: ੯)**

ਜਾਗ੍ਰਿਤ ਵਿੱਚ ਭੀ ਦੋਨੋਂ ਪ੍ਰਕਾਰ ਦੇ ਪਦਾਰਥ ਝੂਠੇ ਹਨ

ਇਸੀ ਪ੍ਰਕਾਰ ਜਾਗ੍ਰਿਤ ਅਵਸਥਾ ਵਿੱਚ ਭੀ ਚਿੱਤ ਅੰਦਰ ਕਲਪਨਾ ਕੀਤਾ ਹੋਇਆ ਪਦਾਰਥ ਅਸਤ ਤਥਾ ਚਿੱਤ ਦੇ ਬਾਹਰ ਗ੍ਰਹਿਣ ਕੀਤਾ ਹੋਇਆ ਪਦਾਰਥ ਸਤ ਸਮਝਿਆ ਜਾਂਦਾ ਹੈ ਪ੍ਰੰਤੂ ਇਨ੍ਹਾਂ ਦੋਹਾਂ ਦਾ ਹੀ ਮਿਥਾਪਨਾ ਮੰਨਣਾ ਉਚਿਤ ਹੈ। **(ਮਾਂ: ਉ: ਵੈ: ਕਾ: ੧੦)**

ਇਸ ਮੋਹਣੀ ਮਾਇਆ ਨੇ ਨਟ ਦੀ ਤਰ੍ਹਾਂ ਬਾਜੀ ਪਾਉਂਦੇ ਹੋਏ ਜੀਵਾਂ ਦੀ ਨਰ ਅਜਿਹੀ ਬੰਨ੍ਹੀ ਹੋਈ ਹੈ ਜੋ ਮਨ ਦੀ ਕਲਪਨਾ ਨੂੰ ਮਿਥਾ ਮੰਨ ਰਹੇ ਹਨ ਅਤੇ ਪ੍ਰਤੱਖ ਦਿਖਾਈ ਦੇਣ ਵਾਲੇ ਪਦਾਰਥਾਂ ਨੂੰ ਸੱਚਾ–

**ਮਾਇਆ ਮੋਹਿ ਨਟਿ ਬਾਜੀ ਪਾਈ॥ ਮਨਮੁਖ ਅੰਧ ਰਹੇ ਲਪਟਾਈ॥**

**(ਅੰਗ ੨੩੦)**

**ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥**

**(ਅੰਗ ੩੭੫-੭੬)**

**ਐਸੀ ਸੁੰਦਰਿ ਮਨ ਕਉ ਮੋਹੈ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ॥**
**ਮਨਿ ਤਨਿ ਲਾਗੈ ਹੋਇ ਕੈ ਮੀਠੀ॥** **(ਅੰਗ ੩੯੨)**

**ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥**
**ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥** **(ਅੰਗ ੧੪੨੮)**

**ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥**
**ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ॥** **(ਅੰਗ ੭੯੬)**

**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥**
**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥**

**(ਅੰਗ ੯੧੮)**

ਇਹ ਮਾਇਆ ਸ੍ਵਯੰ ਝੂਠੀ ਹੈ ਅਤੇ ਆਪਣੇ ਵਿੱਚ ਝੂਠ ਨੂੰ ਦਿਖਾ ਰਹੀ ਹੈ

ਪ੍ਰੰਤੂ ਤਾਰੀ ਇਸ ਗੱਲ ਦੀ ਹੈ ਕਿ ਖੇਲ੍ਹ ਕਰਦੇ ਵਕਤ ਆਪ ਸੱਚੀ ਬਣਦੀ ਹੈ ਤੇ ਖੇਲ੍ਹ ਨੂੰ ਮਿਥਾ ਬਣਾ ਰਹੀ ਹੈ। ਜਿਸ ਤਰ੍ਹਾਂ ਸਿਨੇਮਾ ਘਰ ਵਿਚ ਿਲਮ ਦੇਖ ਰਹੇ ਪੁਰ, ਪਰਦੇ ਉੱਪਰ ਕੀ ਦੇਖਦੇ ਹਨ ਕਿ ਕੋਈ ਆਪਣੇ ਪਰਿਵਾਰ ਦੇ ਸਹਿਤ ਤਿਆਰ ਹੋਕੇ ਅਤੇ ਮੋਟਰ ਕਾਰ ਵਿੱਚ ਬੈਠ ਕੇ ਸਿਨੇਮਾ ਘਰ ਜਾ ਰਿਹਾ ਹੈ। ਪਹੁੰਚ ਕੇ ਉੱਤਰੇ, ਟਿਕਟ ਲਿਆ ਅਤੇ ਅੰਦਰ ਜਾ ਕੇ ਆਪਣੀਆਂ ਸੀਟਾਂ ਪਰ ਬੈਠ ਗਏ। ਹਾਲ ਦੇ ਭਰ ਜਾਣ ਤਕ ਰੀਕਾਰਡ ਆਦਿ ਵੱਜਦੇ ਰਹੇ। ਿਲਮ ਰੂ ਹੋ ਗਈ ਅਤੇ ਬੜੇ ਅਨੰਦ ਪੂਰਬਕ ਤਿੰਨ ਘੰਟੇ ਖੇਲ੍ਹ ਦੇਖਣ ਤੋਂ ਬਾਅਦ ਮੋਟਰ ਵਿੱਚ ਬੈਠ ਵਾਪਸ ਆਪਣੇ ਘਰ ਆ ਗਏ।

ਇਹ ਇਸ ਪ੍ਰਕਾਰ ਦਾ ਖੇਲ੍ਹ, ਖੇਲ੍ਹ ਦੇ ਅੰਦਰ ਇੱਕ ਦੂਜਾ ਹੋਰ ਖੇਲ੍ਹ ਹੈ। ਉਨ੍ਹਾਂ ਅਮੀਰ ਆਦਿ ਮਨੁਾਂ ਦੀ ਉਹ ਸੱਚ-ਮੁੱਚ ਦੀ ਜਾਗ੍ਰਿਤ ਅਵਸਥਾ ਪ੍ਰਤੀਤ ਦਿੱਤੀ ਹੈ, ਜਿਸ ਵਿੱਚ ਕਿ ਿਲਮ ਦੇਖੀ ਹੈ ਅਤੇ ਿਲਮ ਕੇਵਲ ਖੇਲ੍ਹ-ਮਾਤ੍ਰ ਹੀ ਹੈ। ਪ੍ਰੰਤੂ ਇਸ ਜਾਗ੍ਰਿਤ ਦੇ ਸਿਨੇਮਾ ਵਿੱਚ ਬੈਠੇ ਿਲਮ ਦੇਖ ਰਹੇ ਮਨੁਾਂ ਦੀ ਦ੍ਰਿਟੀ ਵਿੱਚ ਿਲਮ ਵਿੱਚ ਹੀ ਦੂਜੀ ਿਲਮ ਦਿਖਾਈ ਗਈ ਹੈ, ਸਤਿ ਦੋਨੋਂ ਹੀ ਨਹੀਂ ਹਨ ਕੇਵਲ ਐਕਟਰਾਂ ਦ੍ਵਾਰਾ ਕੀਤਾ ਹੋਇਆ ਖੇਲ੍ਹ ਮਾਤ੍ਰ ਹੀ ਹੈ। ਦਿਨ ਅਤੇ ਰਾਤ ਭੀ ਿਲਮ ਅੰਦਰ ਦਿਖਾਈ ਦਿੱਤੇ, ਉਨ੍ਹਾਂ ਅਮੀਰ ਆਦਿਕਾਂ ਦੇ ਅਸਤ ਹੀ ਹਨ ਯਾਨੀ ਰਾਤ ਨਾਲੋਂ ਦਿਨ ਦੀ ਕੋਈ ਵਿਤਾ ਨਹੀਂ ਹੈ। ਇਸੀ ਪ੍ਰਕਾਰ ਇਸ ਜਾਗ੍ਰਿਤ ਦੇ ਜੀਵ, ਅਮੀਰ ਆਦਿ ਮਨੁ ਹਨ। ਸੁਪਨ ਅਵਸਥਾ ਸਿਨੇਮਾ ਘਰ ਹੈ ਅਤੇ ਉਸ ਵਿੱਚ ਨਰ ਆ ਰਹੀ ਸ੍ਰਿਟੀ ਿਲਮ ਚਲ ਰਹੀ ਹੈ। ਜਿਹੜਾ ਜਾਗ੍ਰਿਤ ਦੀ ਸ੍ਰਿਟੀ ਅਤੇ ਸੁਪਨ ਦੀ ਸ੍ਰਿਟੀ ਤੋਂ ਵੱਖਰਾ ਦੇਖਣ ਵਾਲਾ ਦ੍ਰਿਟਾ ਪੁਰ ਹੈ, ਉਸਦੀ ਦ੍ਰਿਟੀ ਵਿੱਚ ਦੋਨੋਂ ਹੀ ਅਵਸਥਾਂ ਮਿਥਾ ਹਨ

(ਜਾਗ੍ਰਿਤ ਦੇ) ਦੇਹ ਆਦਿ ਸਾਰੇ ਹੀ ਸੰਘਾਤ (ਸਮੂਹ), ਸੁਪਨ ਸਮਾਨ ਆਤਮਾ ਦੀ ਮਾਇਆ ਨੇ ਹੀ ਰਚੇ ਹੋਏ ਹਨ। ਜੇ ਸਰਪ ਆਦਿ ਜੋਨੀਆਂ ਦੇ ਰੀਰਾਂ ਨਾਲੋਂ, ਦੇਵਤਾ ਆਦਿਕਾਂ ਦੇ ਰੀਰ ਉੱਤਮ ਹਨ ਜਾਂ ਸਭ ਦੀ ਸਮਾਨਤਾ ਹੀ ਹੈ, ਤਾਂ ਭੀ ਉਨ੍ਹਾਂ ਦੇ ਸੱਤਯਪਨੇ ਵਿੱਚ ਕੋਈ ਕਾਰਨ ਨਹੀਂ ਕਿਹਾ ਜਾ ਸਕਦਾ ਯਾਨੀ ਅਵਿਦਾ ਕ੍ਰਿਤ ਹੀ ਹਨ, ਪ੍ਰਮਾਰਥ ਦੇ ਨਹੀਂ। **(ਮਾਂ: ਉ: ਅ: ਕਾ: ੧੦)**

ਜਾਗ੍ਰਿਤ ਅਤੇ ਸੁਪਨ ਆਤਮ-ਦੇਵ ਦੀ ਮਾਇਆ ਦੇ ਹੀ ਮਨ ਰੂਪ ਹੋ ਕੇ ਬਿਲਾਸ ਹਨ-

ਇਸ ਵਿੱਚ ਸੰਦੇਹ ਨਹੀਂ ਹੈ ਕਿ ਸੁਪਨ ਅਵਸਥਾ ਵਿੱਚ ਸਤ, ਮਨ ਹੀ ਦ੍ਵੈਤ ਰੂਪ ਵਿੱਚ ਭਾਸਣ ਵਾਲਾ ਹੈ, ਇਸੀ ਪ੍ਰਕਾਰ ਜਾਗ੍ਰਿਤ ਕਾਲ ਵਿੱਚ ਭੀ ਨਿਰਸੰਦੇਹ ਸਤ, ਮਨ ਹੀ ਦ੍ਵੈਤ ਰੂਪ ਵਿੱਚ ਭਾਸਦਾ ਹੈ। **(ਮਾਂ: ਉ: ਅ: ਕਾ: ੩੦)**

ਇਸ ਬਾਤ ਦੀ ਪੁਟੀ ਲਈ ਅਨ੍ਵਯ ਵਤੀਰੇਕ ਅਨੁਮਾਨ ਪ੍ਰਮਾਣ-

ਇਹ ਜੋ ਕੁਝ ਚਰਾਚਰ ਦ੍ਵੈਤ ਹੈ, ਸਭ ਮਨ ਦਾ ਦ੍ਰਿ ਹੈ ਕਿਉਂਕਿ ਮਨ ਦੇ ਸੰਕਲਪ੍ਰ ਨ ਹੋ ਜਾਣ ਪਰ ਦ੍ਵੈਤ ਦੀ ਪ੍ਰਾਪਤੀ ਨਹੀਂ ਹੁੰਦੀ।

**(ਮਾਂ: ਉ: ਅ: ਕਾ: ੩੧)**

ਇਹ ਪ੍ਰਤਿਗਾ (ਨਿਯਮ) ਹੈ ਕਿ ਮਨ ਦ੍ਵਾਰਾ ਦਿਖਾਈ ਦੇਣ ਵਾਲਾ ਜਿਤਨਾ ਦ੍ਵੈਤ ਹੈ, ਉਹ ਮਨ ਹੀ ਹੈ ਕਿਉਂਕਿ ਜਦੋਂ ਮਨ ਹੁੰਦਾ ਹੈ, ਉਦੋਂ ਜਗਤ ਭੀ ਹੂਰ ਹੁੰਦਾ ਹੈ ਅਤੇ ਜਿਸ ਸਮੇਂ ਮਨ ਨਹੀਂ ਹੁੰਦਾ ਉਦੋਂ ਜਗਤ ਦਾ ਭੀ ਅਭਾਵ ਹੁੰਦਾ ਹੈ। ਸੁਖੁਪਤੀ ਅਵਸਥਾ ਵਿੱਚ ਮਨ ਆਪਣੇ ਮੂਲ ਕਾਰਨ ਅਵਿਦਾ ਵਿੱਚ ਲੀਨ ਹੋ ਜਾਂਦਾ ਹੈ, ਇਸ ਲਈ ਸੰਸਾਰ ਭੀ ਨਹੀਂ ਭਾਸਦਾ। ਸਮਾਧੀ ਅਵਸਥਾ ਵਿੱਚ ਮਨ ਆਪਣੇ ਅਸਲ ਕਾਰਣ ਆਤਮਾ ਵਿੱਚ ਲੀਨ ਹੋ ਜਾਂਦਾ ਹੈ ਤਾਂ ਹੀ ਸੰਸਾਰ ਦਿਖਾਈ ਨਹੀਂ ਦਿੰਦਾ। ਇਉਂ ਹੀ ਮੂਰਛਾ ਅਵਸਥਾ ਵਿੱਚ ਭੀ ਸੰਸਾਰ ਦਾ ਅਭਾਵ ਰਹਿੰਦਾ ਹੈ। ਜਾਗ੍ਰਿਤ ਅਤੇ ਸੁਪਨ ਅਵਸਥਾ ਵਿੱਚ ਸੰਸਾਰ ਦਾ ਭਾਵ ਹੀ, ਮਨ ਦੇ ਹੋਣੇਪਣੇ ਨੂੰ ਸਿੱਧ ਕਰਦਾ ਹੈ। ਇਸ ਕਾਰਨ, ਮਨ ਹੀ ਸੰਸਾਰ ਰੂਪ ਹੈ, ਜਦ ਮਨ ਨਹੀਂ ਹੁੰਦਾ ਤਾਂ ਸੰਸਾਰ ਹੁੰਦਾ ਕਿੱਥੇ ਹੈ?

ਅਗਿਆਨੀ ਲੋਕ ਕਹਿੰਦੇ ਹਨ ਕਿ ਇੱਕ ਸੁਪਨ ਵਿੱਚ ਦੇਖੇ ਪਦਾਰਥਾਂ ਨੂੰ ਪੁਰ ਦੂਜੇ ਸੁਪਨ ਵਿੱਚ ਨਹੀਂ ਦੇਖਦਾ, ਇਸ ਲਈ ਉਹ ਅਵਸਥਾ ਅਸਤ ਹੈ ਅਤੇ ਜਾਗ੍ਰਿਤ ਦੇ ਪਦਾਰਥ ਦੂਜੀ ਜਾਗ੍ਰਿਤ ਵਿੱਚ ਉਸੀ ਪ੍ਰਕਾਰ-ਪਹਿਲਾਂ ਵਾਂਗੂੰ ਹੀ ਦਿਖਾਈ ਦਿੰਦੇ ਹਨ, ਇਸ ਲਈ ਇਹ ਅਵਸਥਾ ਸਤ ਹੈ। ਕਿਸੇ ਵਸਤੂ ਦਾ ਬਾਰੰਬਾਰ ਦਿਖਣਾ ਅਥਵਾ ਇੱਕ ਬਾਰ ਹੀ ਦਿਖਾਈ ਦੇ ਕੇ ਅਭਾਵ ਹੋ ਜਾਣਾ ਇਹ ਇਸ ਪ੍ਰਕਾਰ ਦੀ ਅਨਿਸਚਿਤ ਪ੍ਰਤੀਤੀ ਕਿਸੇ ਅਵਸਥਾ ਦੇ ਸਤਪਣੇ ਦਾ ਹੇਤੂ ਨਹੀਂ ਹੈ। ਜਦ ਦੋਨੋਂ ਮਨ ਰੂਪ ਹੀ ਹਨ ਫਿਰ ਕਲਪਨਾ ਦੀ ਕਮੀ-ਬੇਸ਼ੀ

ਕਿਸੀ ਅਵਸਥਾ ਨੂੰ ਸਤ ਅਤੇ ਮਿਥਾ ਕਿਸ ਪ੍ਰਕਾਰ ਕਰ ਸਕਦੀ ਹੈ?

ਸੁਪਨ ਅਵਸਥਾ ਵਿੱਚ ਕੋਈ ਐਸੇ ਪਦਾਰਥ ਬਾਰੰਬਾਰ ਪ੍ਰਤੀਤ ਹੁੰਦੇ ਹਨ ਜਿਉਂ ਬਹੁਤ ਕਾਲ ਤੋਂ ਇਸਥਿਤ ਹਨ ਤੇ ਕਈ ਐਸੇ ਭੀ ਜੋ ਛਿੰਨ ਮਾਤ੍ਰ ਦਿਖਾਈ ਦੇ ਕੇ ਫਿਰ ਕਦੇ ਨਹੀਂ ਦਿਖਦੇ। ਇਸੀ ਪ੍ਰਕਾਰ ਜਾਗ੍ਰਿਤ ਅਵਸਥਾ ਵਿੱਚ ਭੀ ਅਣਹੋਏ ਹੀ ਸਮੁੰਦਰ, ਪਰਬਤ ਆਦਿ ਪਦਾਰਥ ਜਿਸ ਅਵਿਦਾ ਨੇ ਪ੍ਰਤੀਤ ਕਰਾਏ ਹਨ ਕੀ ਉਸ ਵਿੱਚ ਇਹ ਕਤੀ ਨਹੀਂ ਕਿ ਕਿਸੇ ਪਦਾਰਥ ਨੂੰ ਕ੍ਰੋੜਾਂ ਬਰਸਾਂ ਉਸੀ ਤਰ੍ਹਾਂ ਸਥਿਰ ਪ੍ਰਤੀਤ ਕਰਾਉਂਦੀ ਰਹੇ ਅਤੇ ਕਿਸੇ ਨੂੰ ਛਿੰਨ ਮਾਤ੍ਰ ਦਿਖਾ ਕੇ ਮੁੜ ਕਦੇ ਦਿਖਾਵੇ ਹੀ ਨਾ? ਕਿਸੀ ਪਦਾਰਥ ਨੂੰ ਸਤ, ਕਿਸੇ ਨੂੰ ਅਸਤ ਅਤੇ ਕਾਰਜ, ਕਾਰਣ ਦੀ ਪ੍ਰਤੀਤੀ ਕਰਾਉਣਾ ਇਹ ਸਭ ਅਵਿਦਾ ਦੀ ਮਹਿਮਾ ਹੈ ਜੋ ਅਗਿਆਨੀ ਜੀਵਾਂ ਨੂੰ ਮੋਹ ਵਿੱਚ ਗਰਕ ਕਰ ਰਹੀ ਹੈ।

ਇਹ ਪਦਾਰਥ ਸਤ ਹੈ ਅਤੇ ਇਹ ਅਸਤ ਹੈ ਇਹ ਇਸ ਪ੍ਰਕਾਰ ਦੀ ਭ੍ਰਾਂਤੀ ਹੁੰਦੀ ਹੈ। ਬਾਰੰਬਾਰ ਦਿਖਾਈ ਦੇਣ ਦੇ ਕਾਰਨ ਹੀ, ਉਸ ਵਿੱਚ ਸਤ ਬੁੱਧੀ ਹੁੰਦੀ ਹੈ ਅਤੇ ਅਲਪ (ਥੋੜੇ) ਕਾਲ ਦਿਖਾਈ ਦਿੱਤੇ ਪਦਾਰਥ ਵਿੱਚ ਅਸਤ ਬੁੱਧੀ ਹੁੰਦੀ ਹੈ, ਪ੍ਰੰਤੂ ਮਾਇਆ ਦੇ ਇਸ ਚਰਿਤ੍ਰ ਦੀ, ਮਾਇਆ-ਪਤੀ, ਪ੍ਰਭੂ ਸ੍ਵਰੂਪ ਜੋ ਗੁਰੂ ਹਨ, ਉਨ੍ਹਾਂ ਦੀ ਕ੍ਰਿਪਾ ਬਿਨਾਂ ਕਦ ਸਮਝ ਆਉਂਦੀ ਹੈ ਕਿ ਜੋ ਦ੍ਰਿ ਹੀ ਹੈ, ਉਹ ਭਾਵੇਂ ਕ੍ਰੋੜਾਂ ਬਾਰ ਦਿਖਦਾ ਰਹੇ, ਕਿਤਨਾ ਉੱਚਾ ਅਤੇ ਸੁੱਚਾ ਹੋਵੇ, ਉਹ ਭੀ ਕਦੇ ਸਤ ਹੋ ਸਕਦਾ ਹੈ? ਦ੍ਰਿ ਹੋਣ ਦੇ ਕਾਰਨ ਹੀ ਉਹ ਅਸਤ ਹੈ। ਇਹ ਜੋ ਅਚਲ ਨਿਯਮ ਹੈ, ਕਦੋਂ ਆਪਣੀ ਇਸਥਿਤੀ ਤੋਂ ਹਿਲਦਾ ਹੈ?

ਅਵਿਦਾ ਦ੍ਵਾਰਾ ਪ੍ਰਤੀਤ ਦੇ ਰਹੀ ਕਲਪਿਤ ਵਸਤੂ, ਨਾ ਆਪਣੇ ਆਪ ਵਿਚ ਕੁਝ ਹੁੰਦੀ ਹੈ ਤੇ ਨਾ ਆਤਮਾ ਕਰਕੇ ਹੀ ਅਰਥਾਤ ਨਾ ਇਹ ਆਪਸ ਵਿੱਚ ਯਾਨੀ ਇੱਕ ਤੋਂ ਦੂਜੀ ਵਸਤੂ ਉਤਪੰਨ ਹੁੰਦੀ ਹੈ ਅਤੇ ਨਾ ਆਤਮਾ ਤੋਂ ਹੀ। ਨਾ ਇਹ ਕਲਪਿਤ ਵਸਤੂਆਂ ਇੱਕ ਦੂਜੇ ਤੋਂ ਜੁਦੀਆਂ ਅਤੇ ਨਾ ਆਤਮਾ ਤੋਂ ਹੀ ਭਿੰਨ ਹਨ। ਆਪਣੇ ਆਪ ਵਿਚ ਹੀ ਇਹ ਕੁਝ ਨਹੀਂ ਹਨ ਅਤੇ ਆਤਮਾ ਵਿੱਚ ਭੀ ਨਹੀਂ ਹਨ। ਇਹ ਤਾਂ ਮ੍ਰਿਗ ਤ੍ਰਿਨਾ ਦਾ ਜਲ ਹੈ, ਇਹ ਆਕਾ ਵਿੱਚ ਨੀਲਤਾ (ਨੀਲਾਪਣ) ਹੈ ਜੋ ਕੇਵਲ ਭਾਸਦਾ ਹੈ, ਵਾਸਤਵ ਵਿਚ ਹੈ ਨਹੀਂ। ਅਸਲ ਵਿਚ ਨਾ ਹੀ ਕੋਈ ਵਸਤੂ ਉਤਪੰਨ ਹੁੰਦੀ ਹੈ ਤੇ ਨਾ ਹੀ ਵਿਨਾ।

## *ਕਾਰਣ ਕਾਰਜ ਦੀ ਅਸਿੱਧੀ*

ੰ **ਕਾ**–ਇਹ ਗੱਲ ਤਾਂ ਕਹੀ ਨਹੀਂ ਜਾ ਸਕਦੀ ਕਿ ਕੁਝ ਭੀ ਉਤਪੰਨ ਨਹੀਂ ਹੁੰਦਾ। ਸਾਰੀ ਸ੍ਰਿਟੀ ਹੀ ਕਾਰਨ–ਕਾਰਜ ਰੂਪ ਕਰਕੇ ਪ੍ਰਸਿੱਧ ਹੈ। ਪਿਤਾ ਤੋਂ ਪੁਤ੍ਰ, ਮਿੱਟੀ ਤੋਂ ਘੜਾ ਅਤੇ ਸੂਤ ਤੋਂ ਕਪੜਾ ਆਦਿ ਸਭ ਉਤਪੰਨ ਹੁੰਦੇ ਅਤੇ ਬਣਦੇ ਪ੍ਰਤੱਖ ਦਿਖਾਈ ਦੇ ਰਹੇ ਹਨ।

**ਸਮਾਧਾਨ**–ਆਪ ਦੇ ਦੱਸੇ ਪ੍ਰਮਾਣਾਂ ਅਨੁਸਾਰ ਭੀ ਕਾਰਜ–ਕਾਰਨ ਦਾ ਹੋਣਾ ਕਿਸੇ ਤਰ੍ਹਾਂ ਸੰਭਵ ਨਹੀਂ ਹੈ

ਨਾ ਤਾਂ ਅਸਤ ਪਦਾਰਥ ਹੀ ਅਸਤ ਕਾਰਨ ਵਾਲਾ ਹੈ ਅਤੇ ਨਾ ਸਤ ਪਦਾਰਥ ਹੀ ਅਸਤ ਕਾਰਨ ਵਾਲਾ ਹੈ। ਇਸੀ ਪ੍ਰਕਾਰ ਸਤ ਪਦਾਰਥ ਭੀ ਸਤ ਕਾਰਨ ਵਾਲਾ ਨਹੀਂ ਹੈ, ਫਿਰ ਅਸਤ ਪਦਾਰਥ ਹੀ ਸੱਤ ਕਾਰਨ ਵਾਲਾ ਕਿਸ ਤਰ੍ਹਾਂ ਹੋ ਸਕਦਾ ਹੈ? **(ਮਾਂ: ਉ: ਅ: ਕਾ: ੪੦)**

ਪਿਤਾ ਤੋਂ ਪੁਤ੍ਰ ਉਤਪੰਨ ਹੁੰਦਾ ਹੈ, ਇਹ ਭ੍ਰਾਂਤੀ ਹੈ। ਉਤਪੰਨ ਹੁੰਦਾ ਨਹੀਂ ਹੈ, ਉਤਪੰਨ ਹੁੰਦਾ ਜਿਹਾ ਮਾਲੂਮ ਹੁੰਦਾ ਹੈ। ਜੇ ਸਚਮੁਚ ਪੈਦਾ ਹੁੰਦਾ ਹੀ ਹੋਵੇ ਤਾਂ ਕੀ ਇਹ ਪਤਾ ਨਾ ਲਗੇ ਕਿ ਪੁਤ੍ਰ ਕਿਹੜਾ ਹੈ ਤੇ ਪਿਤਾ ਕਿਹੜਾ? ਪੁਤ੍ਰ ਦੀ ਉਤਪਤੀ ਤੋਂ ਪਹਿਲਾਂ ਉਹ ਪੁਰ ਕਿਸ ਦਾ ਪਿਤਾ ਸੀ? ਪੁਤ੍ਰ ਤੋਂ ਬਿਨਾਂ, ਪਿਤਾ ਕੌਣ ਕਹਾ ਸਕਦਾ ਹੈ? ਪੁਤ੍ਰ ਪੈਦਾ ਹੋਇਆ ਤਾਂ ਉਹ ਪਿਤਾ ਬਣ ਗਿਆ। ਇਸ ਵਿੱਚ ਇਹ ਬਾਤ ਸਪਟ ਭਾਸਦੀ ਹੈ ਕਿ ਪੁਤ੍ਰ ਕਾਰਣ ਹੈ ਅਤੇ ਪਿਤਾ ਕਾਰਜ। ਫਿਰ ਕਾਰਜ ਨੂੰ ਪਿਤਾ ਅਤੇ ਕਾਰਣ ਨੂੰ ਪੁਤ੍ਰ ਕਹਿਣਾ ਇਹ ਵਿਪਰੀਤ ਗੱਲ ਹੈ। ਫਿਰ ਅਜਿਹੇ ਵਿਰੋਧੀ ਬਦ ਕਿਉਂ ਵਰਤੇ ਜਾਂਦੇ ਹਨ? ਕਾਰਜ ਤਾਂ ਪੁਤ੍ਰ ਹੁੰਦਾ ਹੈ ਅਤੇ ਕਾਰਣ ਪਿਤਾ। ਜੇ ਪੁਤ੍ਰ ਕਾਰਜ ਹੈ ਤਾਂ ਉਹ ਕਾਰਣ ਕਿਉਂ ਸਿੱਧ ਹੁੰਦਾ ਹੈ ਤੇ ਪਿਤਾ ਕਾਰਜ ਕਿਉਂ? ਕਾਰਣ, ਕਾਰਣ ਹੀ ਹੁੰਦਾ ਹੈ ਤੇ ਕਾਰਜ, ਕਾਰਜ ਹੀ, ਇਸ ਲੋਕ ਪ੍ਰਸਿੱਧ ਬਾਤ ਤੋਂ ਉਲਟ ਕਿਉਂ ਭਾਸਦਾ ਹੈ? ਕਾਰਣ ਪਹਿਲਾਂ ਹੁੰਦਾ ਹੈ ਤੇ ਕਾਰਜ ਪਿਛੋਂ, ਇਹ ਨਿਯਮ ਭੀ ਅਚਲ ਹੀ ਹੈ ਪ੍ਰੰਤੂ ਇਨ੍ਹਾਂ–ਪਿਤਾ ਅਤੇ ਪੁਤ੍ਰ ਦੋਹਾਂ ਵਿੱਚੋਂ ਪਹਿਲਾਂ ਕਿਸ ਨੂੰ ਮੰਨਿਆ ਜਾਵੇ ਤੇ ਪਿਛੋਂ ਕਿਸ ਨੂੰ? ਜੋ ਪਹਿਲਾਂ ਸਿੱਧ ਹੋ ਜਾਵੇ, ਉਹ ਕਾਰਣ ਹੈ ਜੋ ਪਿਛੋਂ ਸਿੱਧ ਹੋਵੇ, ਉਹ ਕਾਰਜ।

ਇਸ ਵਿੱਚ ਕੋਈ ਰੋੌ ਾ ਨਹੀਂ ਹੈ ਪ੍ਰੰਤੂ ਮੰਨਿਆਂ ਕਿਸ ਨੂੰ ਜਾਵੇ, ਕੋਈ ਨਿਰਣਯ ਭੀ ਹੋਵੇ? ਇਸ ਲਈ ਜਦ ਇਹ ਪਤਾ ਹੀ ਨਹੀਂ ਲਗਦਾ ਕਿ ਪਹਿਲਾਂ ਕੌਣ ਹੈ ਤਾਂ ਇਹ ਕਾਰਨ ਅਤੇ ਕਾਰਜ ਦਾ ਜੋ ਕਥਨ ਹੈ, ਉਹ ਵਿਅਰਥ ਕਲਪਨਾ-ਮਾਤ੍ਰ ਹੀ ਹੈ, ਕੋਈ ਭੀ ਨਾ ਕਿਸੇ ਦਾ ਕਾਰਜ ਹੈ ਤੇ ਨਾ ਹੀ ਕਾਰਨ ਯਾਨੀ ਕੋਈ ਭੀ ਵਸਤੂ ਉਤਪੰਨ ਨਹੀਂ ਹੁੰਦੀ-

ਕਾਰਨ ਅਤੇ ਕਾਰਜ ਦੇ ਪਹਿਲਾਂ ਜਾਂ ਪਿੱਛੋਂ ਹੋਣ ਦਾ ਜੋ ਅਗਿਆਨ ਹੈ, ਉਹ ਅਨ-ਉਤਪੱਤੀ ਤੇ ਉਤਪੱਤੀ ਰਹਿਤ ਦਾ ਹੀ ਪ੍ਰਕਾਕ ਹੈ ਕਿਉਂਕਿ ਜੇ ਕਾਰਜ ਸੱਚ-ਮੁੱਚ ਹੀ ਉਤਪੰਨ ਹੋਇਆ ਹੁੰਦਾ ਤਾਂ ਉਸਦਾ ਕਾਰਨ ਕਿਉਂ ਨਾ ਗ੍ਰਹਿਣ ਕੀਤਾ ਜਾਂਦਾ? **(ਮਾਂ: ਉ: ਅ: ਕਾ: ੨੧)**

**ਂਕਾ** ਜੇ ਇਹ ਬਾਤ ਮੰਨੀ ਜਾਏ ਕਿ ਜਿਸ ਗੀਰ ਵਿੱਚ ਪਿਤਾ ਬਦ ਆਇਆ ਹੈ, ਉਹ ਗੀਰ ਤਾਂ ਪੁਤ੍ਰ ਦੀ ਉਤਪਤੀ ਤੋਂ ਪਹਿਲਾਂ ਹੈ ਹੀ, ਇਸ ਲਈ ਉਸ ਨੂੰ ਕਾਰਨ ਕਹਿ ਦੇਣਾ ਚਾਹੀਏ?

**ਸਮਾਧਾਨ**ਠੀਕ ਹੈ, ਪ੍ਰੰਤੂ ਇਸ ਵਿੱਚ ਗੱਲ ਇਹ ਹੈ ਕਿ ਉਹ ਗੀਰ ਸਤ ਹੈ ਯਾ ਅਸਤ ਅਥਵਾ ਸਤ ਭੀ ਹੈ ਤੇ ਅਸਤ ਭੀ? ਜੇ ਉਹ ਸਤ ਹੈ ਤਾਂ ਸਤ ਹੋਣ ਦੇ ਕਾਰਨ ਹੀ ਉਤਪੰਨ ਨਹੀਂ ਹੋ ਸਕਦਾ। ਕਿਉਂਕਿ ਜਦ ਉਹ ਸਤ ਹੈ ਫਿਰ ਉਸ ਨਿਰਵਿਕਾਰ ਦੀ ਉਤਪਤੀ ਦਾ ਕੀ ਮਤਲਬ? ਸਤ ਵਸਤੂ ਤਾਂ ਵਿਦਮਾਨ ਹੀ ਹੁੰਦੀ ਹੈ। ਜੇ ਅਸਤ ਹੈ ਤਾਂ ਅਸਤ ਦੀ ਉਤਪਤੀ ਹੋ ਹੀ ਨਹੀਂ ਸਕਦੀ। ਰਗੋ ਦੇ ਸਿੰਗਾਂ ਦੀ ਅਸਤ ਹੋਣ ਦੇ ਕਾਰਨ ਹੀ ਉਤਪਤੀ ਨਹੀਂ ਮੰਨੀ ਜਾਂਦੀ। ਜੇ ਸਤ ਤੇ ਅਸਤ ਦੋਨੋਂ ਰੂਪ ਹੈ ਤਾਂ ਭੀ ਉਤਪਤੀ ਨਹੀਂ ਹੋ ਸਕਦੀ ਕਿਉਂਕਿ ਸਤ ਤੇ ਅਸਤ ਵਿਰੋਧੀ ਸੁਭਾਉ ਹੋਣ ਦੇ ਕਾਰਨ, ਇਕਠੇ ਨਹੀਂ ਰਹਿ ਸਕਦੇ, ਜਿਉਂ ਅੰਧਕਾਰ ਤੇ ਪ੍ਰਕਾ। ਇਸ ਲਈ ਉਹ ਗੀਰ ਨਾ ਸਤ ਹੈ, ਨਾ ਅਸਤ ਤੇ ਨਾ ਹੀ ਸਤ ਤੇ ਅਸਤ ਦੋਨੋਂ ਰੂਪ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਕੋਈ ਭੀ ਵਸਤੂ ਉਤਪੰਨ ਨਹੀਂ ਹੁੰਦੀ, ਪੁਤ੍ਰ ਆਦਿ ਵਸਤੂ ਜਾਂ ਨਾਉਂ ਕੇਵਲ ਬਦ-ਮਾਤ੍ਰ ਹੀ ਹਨ

ਵਿਕਾਰ ਬਾਣੀ (ਆਵਾ) ਤੋਂ ਆਰੰਭ ਹੋਣ ਵਾਲਾ ਨਾਮ ਮਾਤ੍ਰ ਹੀ ਹੈ।

**(ਛਾਂ: ਉ: ੬।੧।੪।)**

ਕਾਰਨ ਅਤੇ ਕਾਰਜ ਦੇ ਨਿਰਣਯ ਵਾਸਤੇ ਰਾ ਬੀਜ ਅਤੇ ਬ੍ਰਿਛ ਵਲ ਭੀ ਨਰ ਮਾਰਨੀ ਚਾਹੀਏਬੀਜ ਪਹਿਲਾਂ ਹੈ ਯਾ ਬ੍ਰਿਛ। ਜੇ ਬੀਜ ਪਹਿਲਾਂ ਹੈ ਤਾਂ ਉਹ ਬ੍ਰਿਛ ਤੋਂ ਬਿਨਾਂ ਕਿਸ ਤਰ੍ਹਾਂ ਬਣਿਆ? ਜੇ ਬ੍ਰਿਛ ਪਹਿਲਾਂ ਹੈ ਤਾਂ ਉਹ ਬੀਜ ਤੋਂ ਬਿਨਾਂ ਉਤਪੰਨ ਹੀ ਕਿਸ ਤਰ੍ਹਾਂ ਹੋਇਆ? ਕੋਈ ਫੈਸਲਾ ਨਹੀਂ। ਇਸ ਲਈ ਇਹ ਗੱਲ ਸੁਭਾਵਿਕ ਹੀ ਸਿੱਧ ਹੋ ਜਾਂਦੀ ਹੈ ਕਿ ਕਾਰਨ ਤੇ ਕਾਰਜ ਇਹ ਦੋਨੋਂ ਪ੍ਰਤੀਤ ਹੀ ਹੁੰਦੇ ਹਨ, ਵਾਸਤਵ ਵਿੱਚ ਹੈ ਨਹੀਂ। ਕੇਵਲ ਆਤਮਾ ਯਾਨੀ ਬ੍ਰਹਮ ਹੀ ਇਸਥਿਤ ਹੈ ਜਿਸਦੇ ਆਸਰੇ ਇਹ ਸਾਰਾ ਜਗਤ ਉਤਪੰਨ ਅਤੇ ਨਟ ਹੁੰਦਾ ਜਿਹਾ ਭਾਸਦਾ ਹੈ। ਨਾ ਆਤਮਾ ਨੂੰ ਕੁਝ ਲਾਭ ਪੁਜਦਾ ਹੈ ਤੇ ਨਾ ਹੀ ਹਾਨੀ ਕਿਉਂਕਿ ਕਲਪਿਤ ਵਸਤੂ ਅਧਿਠਾਨ * ਦਾ ਕੀ ਵਿਗਾੜ ਸਕਦੀ ਹੈ? ਜੇ ਕੁਝ ਵਿਗਾੜ ਸਕਦੀ ਹੋਵੇ ਤਾਂ ਮ੍ਰਿਗਤ੍ਰਿਨਾ ਦਾ ਜਲ, ਪ੍ਰਿਥਵੀ ਨੂੰ ਗਿੱਲੀ ਨਾ ਕਰ ਦੇਵੇ? ਅਤੇ ਸੁਪਨ ਦੇ ਪੁੰਨ ਤੇ ਪਾਪ ਆਦਿ ਕ੍ਰਿਆ ਦਾ ਜਾਗ੍ਰਿਤ ਵਿੱਚ ਸਪਰ ਨਾ ਹੋਵੇ? ਇਸ ਲਈ ਕਲਪਨਾ ਕੋਈ ਵਸਤੂ ਨਹੀਂ ਹੁੰਦੀ, ਨਾ ਹੋਣ ਦੇ ਕਾਰਨ ਹੀ, ਉਹ ਕੁਝ ਭੀ ਨਹੀਂ ਵਿਗਾੜਦੀ।

ਕਲਪਿਤ ਜੋ ਜਾਗ੍ਰਿਤ ਤੇ ਸੁਪਨ ਅਵਸਥਾਵਾਂ ਹਨ, ਇਹ ਉੱਪਰ ਕਹੀਆਂ ਕਲਪਿਤ ਵਸਤੂਆਂ ਵਾਂਗੂੰ ਹੀ ਹਨ। ਇਨ੍ਹਾਂ ਦੋਹਾਂ ਵਿੱਚ ਜਗਤ ਦੀ ਪ੍ਰਤੱਖ ਅਵਸਥਾ ਹੈ ਅਤੇ ਸੁਖੁਪਤੀ ਇਨ੍ਹਾਂ ਦੀ ਬੀਜ ਰੂਪ ਅਪ੍ਰਤੱਖ ਹੈ ਯਾਨੀ ਦ੍ਵੈਤ ਜੋ ਮਨ ਦਾ ਸਫੁਰਣ ਰੂਪ ਹੈ, ਉਹ ਮਨ ਇਸ ਅਵਸਥਾ ਵਿੱਚ ਪ੍ਰਪੰਚ ਦੇ ਸਹਿਤ, ਆਪਣੇ ਉਸ ਰੂਪ ਦਾ ਤਿਆਗ ਨਾ ਕਰਦਾ ਹੋਇਆ, ਅਗਿਆਨ ਨਾਲ ਢਕਿਆ ਜਾਂਦਾ ਹੈਅਵਿਦਾ ਵਿੱਚ ਲੀਨ ਹੋ ਜਾਂਦਾ ਹੈ। ਉਹ ਅਵਿਦਾ ਤਿੰਨ ਕਾਲ ਹੀ ਆਤਮਾ ਵਿੱਚ ਨਹੀਂ ਹੈ ਕਿਉਂਕਿ ਅਵਿਦਮਾਨ ਵਸਤੂ ਦਾ ਨਾਮ ਹੀ ਅਵਿਦਾ ਹੈ। ਆਤਮਾ ਵਿੱਚ ਕੋਈ ਵਸਤੂ ਭੀ ਵਿਦਮਾਨ ਨਹੀਂ ਹੈ। ਇਸੀ ਤੇ ਜੋ ਕੁਝ ਭੀ ਵਿਦਮਾਨ ਜਿਹਾ ਭਾਸਦਾ ਹੈ, ਉਹ ਅਵਿਦਾ ਹੀ ਹੈ। ਸਭ ਕਲਪਨਾਵਾਂ ਦਾ ਆਧਾਰ ਜੋ ਆਤਮਾ ਅਦ੍ਵੈਤ ਹੈ ਸੋ ਤੂੰ ਹੈਂ। ਪਿਆਰੇ ਵਿਜੋਗੀ ! ਤੇਰੇ ਵਿੱਚ ਪ੍ਰਤੀਤ ਦੇ ਰਿਹਾ ਇਹ ਪ੍ਰਪੰਚ, ਕੁਝ ਵਸਤੂ ਨਹੀਂ ਹੈ। ਜੜ੍ਹ, ਜੰਗਮ (ਚੇਤਨ) ਆਦਿ ਰੂਪਾਂ ਵਿੱਚ ਭਾਸਣ ਵਾਲਾ ਇੱਕ ਤੂੰ ਹੀ ਹੈਂ

* ਅਧਿਠਾਨ-ਆਧਾਰ, ਆਸਰਾ। ਜਿਵੇਂ ਹਨੇਰੇ ਵਿੱਚ ਪਈ ਰੱਸੀ ਵਿੱਚ ਜੋ ਸੱਪ ਹੋਣ ਦਾ ਭਰਮ ਪੈਦਾ ਹੁੰਦਾ ਹੈ, ਉਹ ਰੱਸੀ ਦੇ ਆਸਰੇ ਹੀ ਹੈ। ਇਸ ਤਰ੍ਹਾਂ ਸੱਪ ਦੇ ਭਰਮ ਦਾ ਅਧਿਠਾਨ ਰੱਸੀ ਹੈ।

## *ਹਰ ਰੂਪ ਵਿੱਚ ਤੂੰ*

**ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥**
**ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥**
**ਤੂੰ ਸੂਤੁ ਮਣੀਏ ਭੀ ਤੂੰਹੈ॥ ਤੂੰ ਗੰਠੀ ਮੇਰੁ ਸਿਰਿ ਤੂੰਹੈ॥**
**ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥**
**ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥**
**ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ॥**
**ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥**
**ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥**

**(ਅੰਗ ੧੦੨)**

ਰੱਸੀ ਵਿੱਚ ਸਰਪ ਵਾਂਗੂੰ ਭਾਸਣ ਵਾਲੇ ਮਨ, ਇੰਦ੍ਰੀਆਂ ਅਤੇ ਗੀਰਾਂ ਦਾ ਪ੍ਰਕਾਕ ਯਾਨੀ ਪ੍ਰਤੀਤ ਦੇ ਰਹੇ ਅਨੰਤ ਬ੍ਰਹਮੰਡਾਂ ਨੂੰ ਪ੍ਰਕਾਨ ਵਾਲਾ ਗੋਬਿੰਦ, ਪਿਆਰੇ ਵਿਜੋਗੀ! ਸੋ ਤੂੰ ਹੈਂ। ਜਿਉਂ ਮਾਲਾ ਦੇ ਮਣਕੇ, ਧਾਗੇ ਦੇ ਆਸਰੇ ਰਹਿੰਦੇ ਹਨ, ਉਸੀ ਤਰ੍ਹਾਂ ਇਹ ਪ੍ਰਤੀਤ ਦੇ ਰਹੇ ਸਾਰੇ ਹੀ ਗੀਰ ਤੇਰੇ ਆਸ੍ਰਿਤ ਹਨ। ਤੈਥੋਂ ਵਿਛੁੜਿਆ ਹੋਇਆ ਤੇਰਾ ਪ੍ਰੀਤਮ ਭੀ ਤੇਰੇ ਹੀ ਆਸਰੇ ਹੈ ਯਾਨੀ ਪਹਿਲੇ ਗੀਰ ਨੂੰ ਬਦਲਕੇ, ਉਸਦਾ ਦੂਜਾ ਗੀਰ ਰੂਪੀ ਮਣਕਾ, ਤੇਰੇ ਵਿੱਚ ਹੀ ਪਰੋਇਆ ਹੋਇਆ ਹੈ। ਤੇਰੇ ਬਿਨਾਂ ਉਸਦੀ ਇਸਥਿਤੀ ਇੱਕ ਛਿੰਨ ਮਾਤ੍ਰ ਭੀ ਨਹੀਂ ਹੈ। ਸੁਪਨ ਵਿੱਚ ਨਾਨਾ ਪ੍ਰਕਾਰ ਦੇ ਗੀਰ ਆਦਿ ਪਦਾਰਥ ਭਿੰਨ-ਭਿੰਨ ਪ੍ਰਤੀਤ ਦਿੰਦੇ ਹੋਏ ਭੀ ਜਿਉਂ ਸੁਪਨਾਵੀ ਰੂਪ ਯਾਨੀ ਜਿਸਨੂੰ ਕਿ ਸੁਪਨਾ ਆ ਰਿਹਾ ਹੈ ਯਾਨੀ ਸੁਪਨ ਦ੍ਰਿਟਾ (ਦੇਖਣ ਵਾਲਾ) ਹੀ ਦ੍ਰਿ ਰੂਪ ਹੋਇਆ ਭਾਸਦਾ ਹੈ, ਤਿਉਂ ਹੀ ਤੂੰ ਆਪਣੇ ਪ੍ਰੀਤਮ ਦਾ ਗੀਰ ਬਣਿਆ ਹੋਇਆ ਭਾਸਿਆ ਸੀ ਅਤੇ ਉਹ ਗੀਰ ਭਾਸਣ ਤੋਂ ਹਟਕੇ, ਹੁਣ ਦੂਜੇ ਰੂਪ ਵਿੱਚ ਤੂੰ ਹੀ ਭਾਸ ਰਿਹਾ ਹੈਂ। ਉਹ ਪ੍ਰੀਤਮ ਜਿਸਨੂੰ ਕਿ ਵਿਜੋਗ ਵਿੱਚ ਵਿਆਕੁਲ ਹੋ ਕੇ ਢੂੰਡਦਾ ਫਿਰਦਾ ਹੈਂ ਉਹ ਤੂੰ ਹੀ ਹੈਂ। ਜਲ ਵਿੱਚ ਤਰੰਗ, ਝੱਗ ਅਤੇ ਬੁਦਬੁਦੇ ਜਿਉਂ ਹੁੰਦੇ ਤੇ ਵਿਨਾ ਹੁੰਦੇ ਭਾਸਦੇ ਹਨ, ਵਾਸਤਵ ਵਿੱਚ ਉਹ ਨਾ ਉਤਪੰਨ ਹੁੰਦੇ ਹਨ ਤੇ ਨਾ ਹੀ ਵਿਨਾ, ਕੇਵਲ ਜਲ ਹੀ ਤਰੰਗ, ਝੱਗ ਅਤੇ ਬੁਦਬੁਦੇ ਦੇ ਰੂਪਾਂ ਵਿਚ ਪ੍ਰਤੀਤ ਹੁੰਦਾ ਹੈ,

ਇਸ ਲਈ ਉਹ ਜਲ ਤੋਂ ਨਿਆਰੇ ਨਹੀਂ ਹਨ। ਤਿਉਂ ਹੀ ਜਿਸ ਭੀ ਕਲ ਵਿੱਚ ਜੋ ਪ੍ਰਤੀਤੀ ਹੁੰਦੀ ਹੈ ਉਹ, ਤੂੰ ਹੀ ਹੈਂ। ਤੂੰ ਹੀ ਗੋਬਿੰਦ ਸਰਬਤ੍ਰ ਬਿਰਾਜਮਾਨ ਹੈਂ ਯਾਨੀ ਚਰਾਚਰ ਜਿਤਨੀ ਭੀ ਸ੍ਰਿਟੀ ਹੈ, ਉਹ ਸਭ ਤੂੰ ਹੀ ਹੈਂ

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥ ਰਹਾਉ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥**

**(ਅੰਗ ੪੮੫)**

ਜਿਉਂ ਕੋਈ ਬਾਲਕ ਪਾਣੀ ਦੇ ਬੁਦਬੁਦੇ ਵਾਲੇ ਰੂਪ ਵਿੱਚ ਪ੍ਰੀਤੀ ਕਰਕੇ, ਉਸਦੇ ਜਲ ਵਿੱਚ ਲੀਨ ਹੋ ਜਾਣ ਪਰ ਰੋਂਦਾ ਹੈ, ਤਿਉਂ ਹੀ ਤੂੰ ਭੀ ਉਸ ਪ੍ਰਤੀਤ ਦਿੱਤੇ ਪ੍ਰੀਤਮ (ਰੀਰ) ਵਿੱਚ ਅਤੀ ਪ੍ਰੀਤੀ ਹੋਣ ਦੇ ਕਾਰਨ ਵਿਜੋਗ ਚ ਤੜਫਿਆ ਤੇ ਉਸਦੀ ਤਲਾ ਕਰਦਾ ਫਿਰਿਆ ਹੈਂ। ਵਿਚਾਰ ਪੂਰਬਕ ਜਿਉਂ ਬੁਦਬੁਦੇ ਦੀ ਖੋਜ ਦਾ ਨਤੀਜਾ ਜਲ ਹੀ ਨਿਕਲਦਾ ਹੈ, ਤਿਉਂ ਹੀ ਉਸ ਵਿਛੜੇ ਹੋਏ ਪ੍ਰੀਤਮ ਦੀ ਖੋਜ ਦਾ ਪਰਿਣਾਮ ਤੂੰ ਆਤਮਾ ਹੀ ਸਿੱਧ ਹੁੰਦਾ ਹੈਂ ਯਾਨੀ ਤੇਰੇ ਸਿਵਾਏ, ਉਹ ਕਿਤੇ ਭਿੰਨ ਰੂਪ ਵਿੱਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਤੂੰ ਹੀ ਹੈਂ। ਇਹ ਤੇਰੀ ਖੇਡ ਹੈ, ਤੂੰ ਹੀ ਹਰ ਪ੍ਰਕਾਰ ਨਾਲ ਮਿਤ੍ਰ, ਤ੍ਰੂ ਆਦਿ ਬਣਿਆ ਹੋਇਆ ਵਿਚਰ ਰਿਹਾ ਹੈਂ। ਤੂੰ ਹੀ ਪਰਬਤ, ਸਮੁੰਦਰ ਤੇ ਬ੍ਰਿਛ ਆਦਿ ਬਣਿਆ ਹੋਇਆ ਇਸਥਿਤ ਹੋ ਰਿਹਾ ਹੈਂ। ਆਪਣੇ ਤੋਂ ਭਿੰਨ ਸਭ ਕਲਪਨਾਵਾਂ ਨੂੰ, ਕੇਵਲ ਕਲਪਨਾ ਹੀ ਸਮਝਕੇ ਨਿਸਚਿੰਤ ਰਹਿ ਅਤੇੋਕ ਹੀਨ ਭਾਵ ਆਨੰਦ ਸ੍ਰੂਪ ਬ੍ਰਹਮ ਤੋਂ ਅਭਿੰਨ ਅਨੁਭਵ ਕਰਕੇ, ਇਸ ਪਰਮ ਇਸਥਿਤੀ ਨੂੰ ਸੰਭਾਲ! ਤੇਰੀ ਇਹ ਇਸਥਿਤੀ, ਤੇਰਾ ਵਾਸਤ੍ਵਿਕ ਸ੍ਰੂਪ ਹੈ, ਜਾਗੋ! ਪਿਆਰੇ ਵਿਜੋਗੀ ਜਾਗੋ!!

ਬਿਰਹ ਰੂਪੀ ਸੱਪ ਦੇ ਡੰਗ ਦੀ ਤੜਪ ਅਤੇ ਵਿਆਕੁਲਤਾ ਰੂਪ ਹਿਰ ਵੱਧਦੀ ਜਾਂਦੀ ਨੂੰ, ਮਹਾਂਵਾਕ ਰੂਪੀ ਮੰਤ੍ਰ ਨਾਲ ਰੋਕ ਦਿੱਤਾ ਯਾਨੀ ਬਿਲਕੁਲ ਦੂਰ ਕਰਕੇ ਪ੍ਰੀਤਮ-ਆਤਮਾ ਦਾ ਮਿਲਾਪ ਰੂਪੀ ਨਿਰੋਗਤਾ ਪ੍ਰਾਪਤ ਕਰਾ ਦਿੱਤੀ ਹੈ। ਸਮਾਧੀ ਰੂਪੀ ਨਿੰਦ੍ਰਾ ਵਿੱਚ ਘੂਕ ਸੌਂ ਕੇ, ਕੁੱਝ ਸਮੇਂ ਉਪ੍ਰੰਤ ਪ੍ਰਸੰਨ ਹੋਇਆ ਇਉਂ ਬੋਲਿਆ

## *ਆਤਮਾ ਰੂਪ ਸੂਰਜ ਵਿੱਚ ਅਵਿਦਾ ਰੂਪ ਰਾਤ੍ਰੀ ਦਾ ਅਭਾਵ*

**ਵਿਜੋਗੀ**ਹੇ ਦੂਈ ਦੇ ਵਿਨਾਕ ਅਤੇ ਏਕਤ੍ਵ ਦੇ ਸੂਰਜ ! ਤੇਰੇ ਮਹਾਂਵਾਕ ਰੂਪ ਪ੍ਰਕਾ ਹੁੰਦੇ ਹੀ ਅਵਿਦਾ ਰੂਪ ਰਾਤ੍ਰੀ ਕਿੱਥੇ ਚਲੀ ਜਾਂਦੀ ਹੈ, ਕਿਤੇ ਲੁਕ ਜਾਂਦੀ ਹੈ ਯਾ ਨਾ ਹੀ ਹੋ ਜਾਂਦੀ ਹੈ?*

**ਉੱਤਰ**ਪਿਆਰੇ ਵਿਜੋਗੀ ! ਤੂੰ ਕਿਸ ਵਸਤੂ ਦਾ ਨਾਮ ਲੈਕੇ ਮੈਨੂੰ ਪੁੱਛ ਰਿਹਾ ਹੈਂ? ਮੈਂ ਤਾਂ ਕਦੇ ਰਾਤ੍ਰੀ ਦੇਖੀ ਹੀ ਨਹੀਂ ਹੈ। ਕਿੰਤੂ ਅਗਿਆਨੀਆਂ ਦੀ ਇਹ ਕਲਪਨਾ ਸੂਰਜ ਦੇ ਅਭਾਵ ਸਮੇਂ, ਰਾਤ੍ਰੀ ਦੀ ਕਲਪਨਾ ਕਰਕੇ ਸੌਂ ਜਾਂਦੇ ਹਨ ਅਤੇ ਜਦ ਸੂਰਜ ਨੂੰ ਦੇਖਦੇ ਹਨ ਤਦ ਸੂਰਜ ਉਦੇ ਹੋਇਆ ਸਮਝਕੇ, ਦਿਨ ਦੀ ਕਲਪਨਾ ਕਰਕੇ ਆਪਣੇ ਵਿਵਹਾਰਾਂ ਵਿੱਚ ਲੱਗ ਜਾਂਦੇ ਹਨ। ਪ੍ਰੰਤੂ ਯਥਾਰਥ ਇਹ ਹੈ ਕਿ ਰਾਤ ਅਤੇ ਦਿਨ ਸੂਰਜ ਵਿੱਚ ਕਦੇ ਹੋਏ ਹੀ ਨਹੀਂ ਹਨ। ਨਾ ਸੂਰਜ ਛਿਪਦਾ ਹੈ ਤੇ ਨਾ ਉਦਯ ਹੁੰਦਾ ਹੈ, ਸੂਰਜ ਨਿਰੰਤਰ ਆਪਣੇ ਪ੍ਰਕਾ (ਸ੍ਵਰੂਪ) ਵਿੱਚ ਇਸਥਿਤ ਰਹਿੰਦਾ ਹੈ ਤਾਂ ਭੀ ਬੇਸਮਝੀ ਦੇ ਕਾਰਨ, ਕਲਪਨਾ ਕਰਨ ਵਾਲੇ ਸੂਰਜ ਵਿੱਚ ਕਲਪਨਾ ਕਰਦੇ ਹਨ। ਜਦੋਂ ਕਿ ਇਹ ਦੋਨੋਂ ਉਦਯ-ਅਸਤ ਦੀਆਂ ਕਲਪਨਾਵਾਂ ਸੂਰਜ ਨੂੰ ਤਾਂ ਸਪਰ ਵੀ ਨਹੀਂ ਕਰਦੀਆਂ। ਤਿਉਂ ਹੀ ਆਤਮਾ ਵਿੱਚ ਅਵਿਦਾ ਦਾ ਹੋਣਾ ਯਾ ਨਾ ਹੋਣਾ ਇਹ ਬਣ ਹੀ ਨਹੀਂ ਸਕਦਾ ਯਾਨੀ ਆਤਮਾ ਨੇ ਆਪਣੇ ਵਿੱਚ ਅਵਿਦਾ ਦੇਖੀ ਹੀ ਨਹੀਂ ਤੇ ਨਾ ਹੀ ਇਸ ਦਾ ਅਭਾਵ ਦੇਖਿਆ ਹੈ। ਭਾਵ ਅਤੇ ਅਭਾਵ ਭੀ ਕਿਸੇ ਵਸਤੂ ਦੇ ਹੀ ਹੋ ਸਕਦੇ ਹਨ, ਅਵਸਤੂ ਦੇ ਨਹੀਂ। ਆਤਮਾ ਤੋਂ ਭਿੰਨ ਦੂਜੀ ਕੋਈ ਵਸਤੂ ਹੈ ਹੀ ਨਹੀਂ। ਮੂਰਖ ਮਨ ਹੀ ਨਾਨਾ ਪ੍ਰਕਾਰ ਦੀ ਕਲਪਨਾ ਕਰਦਾ ਹੈ ਤੇ ਆਪੇ ਹੀ ਦੁਖੀ-ਸੁਖੀ ਹੋਈ ਜਾਂਦਾ ਹੈ। ਕਲਪਨਾ ਦੇ ਤਮ ਹੋ ਜਾਣ ਪਰ ਨਾ ਆਪਣੇ ਵਿੱਚ ਕੋਈ ਦੁੱਖ ਦੇਖਦਾ ਹੈ ਤੇ ਨਾ ਹੀ ਕੋਈ ਸੁਖ, ਆਪਣੇ ਅਕਹਿ ਸ੍ਵਰੂਪ ਵਿੱਚ ਲੀਨ ਹੋ ਜਾਂਦਾ ਹੈ।

---

* ਇਸ ਮਤਲਬ ਨੂੰ ਲੈਕੇ ਇਹ ਪ੍ਰਨ ਹੈ ਕਿ ਮਹਾਂਵਾਕ ਸੁਣਦੇ ਹੀ ਉਸ ਦਾ ਪ੍ਰੀਤਮ, ਆਪਣਾ ਆਤਮਾ ਰੂਪ ਹੋ ਕੇ ਪ੍ਰਤੱਖ ਹੋ ਗਿਆ ਹੈ। ਮੈਂ ਹੋਰ ਹਾਂ, ਮੇਰਾ ਪ੍ਰੀਤਮ ਆਦਿ ਜੀਵ ਭਿੰਨ-ਭਿੰਨ ਹਨ ਅਤੇ ਪ੍ਰਮਾਤਮਾ ਕਿਤੇ ਵੱਖਰਾ ਹੋਰ ਹੀ ਹੈ ਇਹ ਭੇਦ ਪ੍ਰਤੀਤੀ ਇੱਕ ਛਿੰਨ ਵਿੱਚ ਨਟ ਹੋ ਗਈ। ਇਸ ਅਭੇਦ ਇਸਥਿਤੀ ਦੇ ਸਮੇਂ ਨਾ ਮਾਲੂਮ ਉਹ ਭੇਦ ਦੀ ਕਾਰਨ ਰੂਪੀ ਅਵਿਦਾ ਕਿੱਥੇ ਚਲੀ ਗਈ ਹੈ? ਜਿਉਂ ਕਦੇ ਹੁੰਦੀ ਹੀ ਨਹੀਂ ਸੀ। ਇਉਂ ਅਸਚਰਜ ਹੋਇਆ ਆਪਣੇ ਆਤਮਾ ਦਾ ਅਨੁਭਵ ਕਰਦਾ ਹੈ।

ਉਹ, ਸ੍ਵਯੰ-ਪ੍ਰਕਾ ਆਤਮਾ ਵਿੱਚ ਲੀਨ ਹੋਇਆ ਮਨ, ਆਤਮ ਸ੍ਵਰੂਪ ਹੀ ਹੈ। ਇਸ ਲਈ ਉਹ ਕੀ ਆਖੇ ਕਿ ਅਵਿਦਾ ਰੂਪ ਰਾਤ੍ਰੀ ਨਾ ਹੋ ਜਾਂਦੀ ਹੈ ਯਾ ਲੁਕ ਜਾਂਦੀ ਹੈ ਕਿਉਂਕਿ ਆਤਮ ਰੂਪ ਸੂਰਜ ਵਿੱਚ ਅਵਿਦਾ ਰੂਪ ਰਾਤ੍ਰੀ ਹੈ ਹੀ ਨਹੀਂ। ਅਵਿਦਮਾਨ ਵਸਤੂ ਦਾ ਨਾਮ ਅਵਿਦਾ ਹੈ, ਜੇਹੋ ਜੇਹੀ ਇਹ ਆਪ, ਤੇਹੋ ਜਿਹਾ ਇਸ ਦਾ ਕਾਰਜ ਭੀ ਹੈ। ਇਹ ਅਣਹੋਈ ਦ੍ਰਿ ਪ੍ਰਤੀਤੀ ਨਾ ਆਪਣੇ-ਆਪ ਨੂੰ ਜਾਣਦੀ ਹੈ ਤੇ ਨਾ ਹੀ ਆਤਮਾ ਨੂੰ। ਪ੍ਰਤੀਤੀ ਕਾਲ ਵਿੱਚ ਆਤਮਾ ਹੀ ਇਸ ਦਾ ਦ੍ਰਿਟਾ ਹੈ-

ਵਿਗਾਤਾ ਨੂੰ ਕਿਸ ਦੇ ਦੁਆਰਾ ਜਾਣੇ। **(ਬ੍ਰਿਹ: ਉ: ੨।੪।੧੪।)**

ਇਸ ਤੋਂ ਭਿੰਨ ਕੋਈ ਦ੍ਰਿਟਾ ਨਹੀਂ। **(ਬ੍ਰਿਹ: ਉ: ੩।੮।੧੧।)**

ਵਿਗਾਨ ਕਤੀ ਦੇ ਵਿਗਾਤਾ ਨੂੰ ਤੁਸੀਂ ਨਹੀਂ ਜਾਣ ਸਕਦੇ। **(ਬ੍ਰਿਹ: ਉ: ੩।੪।੨।)**

ਤੁਸੀਂ ਦ੍ਰਿਟੀ ਦੇ ਦ੍ਰਿਟਾ ਨੂੰ ਨਹੀਂ ਦੇਖ ਸਕਦੇ। **(ਬ੍ਰਿਹ: ਉ: ੩।੪।੨।)**

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ **(ਅੰਗ ੧੩)**

ਅਜਿਹੇ ਸ੍ਵਯੰ ਪ੍ਰਕਾ ਆਤਮਾ ਦੇ ਪ੍ਰਕਾ ਨੂੰ ਪਾ ਕੇ, ਮਨ ਆਦਿ ਇੰਦ੍ਰੀਆਂ ਹਰਕਤ ਵਿੱਚ ਆਉਂਦੀਆਂ ਹਨ।

## *ਮਨ ਨਾਲ ਆਖਰੀ ਫੈਸਲਾ*

ਹੇ ਮਨ! ਆਿਦਾ ਹੋਰ ਕੀ ਖਪਾਉਂਦਾ ਹੈਂ? ਹੁਣ ਤੂੰ ਇਹ ਦੱਸ ਕਿ ਤੂੰ ਅਨਾਤਮਾ ਹੈਂ ਯਾ ਆਤਮਾ? ਜੇ ਅਨਾਤਮਾ ਹੈਂ ਤਾਂ ਯਤਨ ਹੀ ਛੱਡ, ਤੂੰ ਆਤਮਾ ਬਣ ਹੀ ਨਹੀਂ ਸਕਦਾ ਕਿਉਂਕਿ ਕਦੇ ਅੱਗ ਭੀ ਬਰਫ ਤੁਲ ਗੁਣ ਵਾਲੀ ਹੋ ਸਕਦੀ ਹੈ? ਜਿਉਂ ਅੰਧਕਾਰ, ਪ੍ਰਕਾ ਨਹੀਂ ਬਣ ਸਕਦਾ, ਤਿਉਂ ਹੀ ਤੂੰ ਅਨਾਤਮਾ ਤੋਂ ਆਤਮਾ ਨਹੀਂ ਬਣ ਸਕਦਾ। ਹਾਂ, ਜੇ ਤੂੰ ਗਲਤੀ ਨਾਲ ਆਪਣੇ-ਆਪ ਨੂੰ ਅਨਾਤਮਾ ਮੰਨਦਾ ਰਿਹਾ ਹੈਂ ਤਾਂ ਵੱਖਰੀ ਗੱਲ ਹੈ। ਉਸ ਗਲਤ ਆਿਲ ਨੂੰ ਛੱਡ ਅਤੇ ਆਪਣੇ-ਆਪ ਨੂੰ ਐਸਾ ਸਮਝ ਕਿ ਮੈਂ ਅਜਰ, ਅਮਰ, ਅਸੰਗ ਅਤੇ ਨਿਰਵਿਕਲਪ ਬ੍ਰਹਮ ਤੋਂ ਜੁਦਾ ਨਹੀਂ ਹਾਂ! ਅਜਿਹੇ ਆਪਣੇ ਵਾਸਤਵ ਸ੍ਵਰੂਪ ਨੂੰ ਭੁੱਲ ਕੇ ਹੀ, ਜੜ੍ਹ ਵਸਤੂਆਂ ਵਿੱਚ ਅਹੰ-ਭਾਵ ਕਰਨ ਲੱਗ ਗਿਆ ਸੀ ਯਾਨੀ

ਮੈਂ ਰੀਰ ਹਾਂ, ਜੰਮਦਾ ਹਾਂ, ਮਰਦਾ ਹਾਂ ਤੇ ਦੁਖੀ-ਸੁਖੀ ਆਦਿ ਅਨੰਤ ਅਵਸਥਾਂ ਵਾਲਾ ਮੰਨਣ ਲੱਗ ਗਿਆ ਸੀ ਸੋ ਛੱਡ ਦੇ! ਕੀ ਮੁਕਲ ਹੈ, ਿਆਲ ਦੇ ਬਦਲਣ ਤੋਂ ਬਿਨਾਂ ਹੋਰ ਤਾਂ ਕੁਝ ਨਹੀਂ ਕਰਨਾ ਪੈਂਦਾ? ਆਪਣੇ ਲਤ ਿਆਲ ਨਾਲ ਹੀ ਹਿਨਾਹ ਤੋਂ ਕੰਗਾਲ ਬਣ ਗਿਆ ਹੈਂ, ਅਗੇ ਤੇਰੀ ਮਰੀ!

**ਮਨ**-(ਬਹੁਤ ਦੇਰ ਖਾਮੋ ਰਹਿਣ ਤੋਂ ਬਾਅਦ) ਕ੍ਰਿਪਾਲੂ! ਮੈਨੂੰ ਇਸ ਤਰ੍ਹਾਂ ਉਪਦੇ ਦੇਣ ਵਾਲੇ ਆਪ ਕੌਣ ਹੋ? ਕੋਈ ਉੱਤਰ ਨਹੀਂ ਮਿਲਿਆ।

**ਮਨ**-ਇਹ ਕੌਣ ਸੀ ਮੈਨੂੰ ਉਪਦੇ ਦੇਣ ਵਾਲਾ ਜੋ ਪੁੱਛਣ ਪਰ ਬਿਲਕੁਲ ਹੀ ਗੁੰਮ ਹੋ ਗਿਆ ਹੈ? ਮੈਂ ਸਮਝਦਾ ਹਾਂ ਕਿ ਉਹ ਮੇਰਾ ਹੀ ਿਆਲ ਸੀ ਜੋ ਉਪਦੇਟਾ ਰੂਪ ਵਿੱਚ ਮੈਨੂੰ ਭਾਸਿਆ ਹੈ ਕਿਉਂਕਿ ਉਸ ਯਥਾਰਥ ਉਪਦੇ ਮੁਤਾਬਿਕ ਮੇਰੇ (ੱਧ ਆਤਮ ਸੂਰੂਪ) ਤੋਂ ਬਿਨਾਂ ਤਾਂ ਦੂਜੀ ਵਸਤੂ ਸਿੱਧ ਹੀ ਨਹੀਂ ਹੁੰਦੀ ਅਤੇ ਉਹ ਉਪਦੇ ਦੇਣ ਵਾਲਾ, ਮੇਰੇ ਬਿਨਾਂ ਦੂਜਾ ਹੋਰ ਕੌਣ ਹੋ ਸਕਦਾ ਹੈ? ਮੈਂ ਵਿਆਪਕ, ਨਿਰਵਿਕਾਰ ਅਤੇ ਅਦ੍ਵੈਤ ਰੂਪ ਹਾਂ। ਆਪਣੀ ਮਲਿਨ ਮਾਇਆ ਨਾਲ ਮਿਲਿਆ ਹੋਇਆ ਮੈਂ ਗਲਤੀ ਨਾਲ ਆਪਣੇ-ਆਪ ਨੂੰ ਜੀਵ ਸਮਝ ਕੇ ਦੁਖੀ ਅਤੇ ਸੁਖੀ ਆਦਿ ਅਵਸਥਾਂ ਵਾਲਾ ਮੰਨਦਾ ਰਿਹਾ ਹਾਂ ਅਤੇ ਅੱਜ ਮੇਰਾ ਹੀ ੱਧ ਖਿਆਲ, ਮੇਰੇ ਹੀ ਉਸ ਮਲਿਨ ਖਿਆਲ ਨੂੰ ਮਿਟਾ ਕੇ, ਆਪ ਭੀ ਾਂਤ ਹੋ ਗਿਆ ਹੈ। ਇਸ ਲਈ ਦੋਨੋਂ ਿ ਆਲ ਮੈਨੂੰ ਕੇਵਲ ਪ੍ਰਤੀਤ ਹੀ ਦਿੱਤੇ ਹਨ। ਮੇਰੇ ੱਧ ਮੈਂ (ਆਤਮਾ) ਵਿੱਚ ਕਿਸੇ ਪ੍ਰਕਾਰ ਦੀ ਕੋਈ ਭੀ ਤਬਦੀਲੀ ਨਹੀਂ ਆਈ।

ਮੇਰੇ, ਜਿਸ ਭੀ ਿਆਲ ਵਿੱਚ ਜੋ ਨਿਸਚਾ ਹੁੰਦਾ ਹੈ, ਉਹੋ ਜਿਹਾ ਹੀ ਵਾਨਾਂ ਦੇ ਕਾਰਨ ਪ੍ਰਤੱਖ ਭਾਸਣ ਲੱਗ ਜਾਂਦਾ ਹੈ। ਮੇਰੇ ਹੀ ਿਆਲ ਵਿੱਚ ਸੰਸਾਰ ਹੈ ਤੇ ਿਆਲ ਦੀ ਤਬਦੀਲੀ ਵਿੱਚ ਬ੍ਰਹਮ ਯਾਨੀ ਬ੍ਰਹਮ -ਬ੍ਰਿਤੀ ਕਰਨ ਨਾਲ ਬ੍ਰਹਮ-ਰੂਪ ਹੋ ਜਾਂਦਾ ਹਾਂ ਤੇ ਜੀਵ-ਬ੍ਰਿਤੀ ਕਰਨ ਨਾਲ ਜੀਵ ਜਿਹਾ ਬਣ ਜਾਂਦਾ ਹਾਂ। ਹੈਣ ਇਹ ਦੋਨੋਂ ਮੇਰੇ ਹੀ ਿਆਲ -ਇੱਕ ਦੁੱਖ ਦਾ ਹੇਤੂ ਹੈ ਤੇ ਦੂਜਾ ਮਹਾਂ-ਸੁਖ ਦਾ। ਸੁਖਦਾਈ ਿਆਲ, ਦੁਖਦਾਈ ਿਆਲ ਨੂੰ ਮਿਟਾ ਦਿੰਦਾ ਹੈ ਪ੍ਰੰਤੂ ਮੈਨੂੰ ਦੋਨੋਂ ਹੀ ਿਆਲ ਸਪਰ ਨਹੀਂ ਕਰਦੇ। ਮੈਂ ਅਸੰਗ, ਨਿਰਵਿਕਾਰ ਅਤੇ ਨਿਰਵਿਕਲਪ ਹਾਂ। ਮੇਰੇ ਵਿੱਚ ਜਦ ਕੋਈ ਪ੍ਰਚਲਨ (ਹਿਲ-ਜੁਲ) ਹੀ ਨਹੀਂ ਯਾਨੀ ਕੋਈ ਫੁਰਨਾ ਹੀ ਨਹੀਂ ਹੈ ਤਾਂ ਕੋਈ ਕੈਸਾ ਭੀ ਿਆਲ ਹੋਵੇ, ਮੈਨੂੰ ਸਪਰ ਕਿਸ ਤਰ੍ਹਾਂ ਕਰ ਸਕਦਾ

ਹੈ? ਮੇਰੀ ਹੀ ਮਾਇਆ ਯਾਨੀ ਕਤੀ , ਮੇਰੇ ਹੀ ਪ੍ਰਕਾ ਨਾਲ, ਸਾਰਾ ਖੇਲ੍ਹ ਕਰੀ ਜਾਂਦੀ ਹੈ, ਕਦੇ ਮਨ ਬਣ ਜਾਂਦੀ ਹੈ ਤੇ ਕਦੇ ਆਤਮਾ ਬਣ ਬੈਠਦੀ ਹੈ। ਜਿੱਥੇ ਭੀ ਕੋਈ ਮਨੌਂਤ ਹੈ, ਉਹ ਮਾਇਆ ਦੀ ਹੀ ਚਤੁਰਾਈ ਪੂਰਬਕ ਮਹਿਮਾ ਹੈ ਜੋ ਮੈਨੂੰ ਦੇਖਣ ਵਾਲੇ ਨੂੰ ਨਾ ਹਾਨੀ ਪੁਜਾ ਸਕਦੀ ਹੈ ਤੇ ਨਾ ਹੀ ਕੋਈ ਲਾਭ। ਭਾਵੇਂ ਮੇਰੇ ਵਿੱਚ ਦ੍ਰਿ ਤੇ ਦ੍ਰਿਟਾਪਨਾ ਹੈ ਨਹੀਂ ਫਿਰ ਵੀ ਅਣਹੋਇਆ ਹੀ ਭਾਸਦਾ ਰਹਿੰਦਾ ਹੈ। ਇਸ ਮਾਇਆ ਦਾ ਰੂਪ ਜੇ ਦੇਖੀਏ ਕਿ ਕਿਸ ਤਰ੍ਹਾਂ ਦਾ ਹੈ? ਤਾਂ ਨਤੀਜਾ ਇਹੋ ਹੀ ਨਿਕਲਦਾ ਹੈ ਕਿ ਜੋ ਹੋਵੇ ਨਾ ਲੇਕਿਨ ਭਾਸਦਾ ਹੋਵੇ। ਇਸ ਲਈ, ਮੇਰੇ ਵਿੱਚ ਲੇਪ ਜਾਂ ਅਲੇਪ ਦੀ ਕਲਪਨਾ ਹੀ ਕੀ? ਇਹ ਮੇਰੀ ਬੇਸਮਝੀ ਦਾ ਹੀ ਫਲ ਹੈ, ਜਿਸਨੂੰ ਕਿ ਮੈਂ ਦੇਖਦਾ ਹਾਂ। ਮੇਰੇ ਦੇਖਣ ਵਿੱਚ ਦੁੱਖ ਤੇ ਮੇਰੇ ਦੇਖਣ ਵਿੱਚ ਹੀ ਸੁਖ ਹੈ। ਜਿਉਂ ਰੱਸੀ ਨੂੰ ਜਾਨਣ ਵਾਲਾ ਪੁਰ ਰੱਸੀ ਹੀ ਦੇਖਦਾ ਅਤੇ ਨਿਸਚੇ ਕਰਦਾ ਹੈ ਅਤੇ ਨਹੀਂ ਜਾਨਣ ਵਾਲਾ ਉਸੀ ਰਸੀ ਵਿਚ ਸੱਪ ਨੂੰ ਦੇਖਦਾ ਹੈ। ਦੇਖਦੇ ਦੋਨੋਂ ਹੀ ਹਨ ਪ੍ਰੰਤੂ ਇੱਕ ਦੇਖਦਾ ਹੈ ਤੇ ਇੱਕ ਦੇਖਦਾ ਹੋਇਆ ਭੀ ਨਹੀਂ ਦੇਖਦਾ। ਦੋ ਪੁਰ ਸੁੱਤੇ ਹੋਏ ਦਿਖਾਈ ਦਿੰਦੇ ਹਨ, ਇੱਕ ਸੁਖੁਪਤੀ (ਗੂੜ੍ਹੀ ਨਿੰਦ੍ਰਾ) ਜਿਸ ਵਿੱਚ ਇੰਦ੍ਰੀਆਂ ਤੇ ਮਨ ਆਪਣੇ ਮੂਲ ਕਾਰਨ ਅਵਿਦਾ ਵਿੱਚ ਲੀਨ ਹੋ ਚੁਕੇ ਹਨ। ਅਜਿਹੀ ਕਲਪਨਾ-ਹੀਨ ਅਵਸਥਾ ਵਿੱਚ ਸੁਖ ਦਾ ਅਨੁਭਵ ਕਰ ਰਿਹਾ ਹੈ ਅਤੇ ਇੱਕ ਪਾਸ ਹੀ ਪਿਆ ਸੁਪਨ ਵਿੱਚ ਨਾਨਾ ਪ੍ਰਕਾਰ ਨਾਲ ਦੌੜਦਾ, ਅੱਛੇ-ਬੁਰੇ ਪਦਾਰਥਾਂ ਨੂੰ ਦੇਖਦਾ, ਰੋਂਦਾ-ਹੱਸਦਾ, ਖਾਂਦਾ-ਪੀਂਦਾ, ਮਿਲਦਾ-ਵਿਛੁੜਦਾ, ਮਰਦਾ-ਜੰਮਦਾ, ਰੋਗੀ ਅਤੇ ਤੰਦਰੁਸਤ ਆਦਿ ਅਵਸਥਾਂ ਦੇਖਦਾ ਹੋਇਆ, ਅਨੰਤ ਦੁਖਾਂ ਦਾ ਅਨੁਭਵ ਕਰ ਰਿਹਾ ਹੈ। ਹੈਣ ਦੋਨੋਂ ਹੀ ਸੁੱਤੇ ਹੋਏ ਪ੍ਰੰਤੂ ਇੱਕ ਠੀਕ ਸੁੱਤਾ ਹੋਇਆ ਹੈ ਤੇ ਇੱਕ ਸੁੱਤਾ ਹੋਇਆ ਭੀ ਨਹੀਂ ਸੁੱਤਾ।

ਦੋ ਪੁਰ ਚੰਦ੍ਰਮਾ ਨੂੰ ਦੇਖਦੇ ਹਨ, ਇੱਕ ਨੇਤ੍ਰਾਂ ਵਿੱਚ ਦੋ (ਖਰਾਬੀ) ਹੋਣ ਦੇ ਕਾਰਨ ਦੋ ਚੰਦ੍ਰਮਾ ਦੇਖਦਾ ਹੈ ਤੇ ਇੱਕ ਨਿਰੋਗ ਨੇਤ੍ਰਾਂ ਵਾਲਾ ਯਥਾਰਥ ਇੱਕ ਚੰਦ੍ਰਮਾ ਹੀ ਦੇਖਦਾ ਹੈ। ਦੇਖਦੇ ਦੋਨੋਂ ਹੀ ਹਨ ਪ੍ਰੰਤੂ ਇੱਕ ਦੇਖਦਾ ਹੈ ਤੇ ਇੱਕ ਦੇਖਦਾ ਹੋਇਆ ਭੀ ਨਹੀਂ ਦੇਖਦਾ। ਤਿਉਂ ਹੀ ਮੈਂ ਅਗਿਆਨ ਤਥਾ ਗਿਆਨ ਅਵਸਥਾ ਵਿੱਚ ਦੋ ਪ੍ਰਕਾਰ ਦੇ ਨਿਸਚੇ ਵਾਲਾ ਹੋ ਕੇ, ਦੋ ਪੁਰਾਂ ਵਾਂਗੂੰ ਵਿਵਹਾਰ ਕਰਦਾ ਹਾਂ-

ਮੈਂ, ਅਤੇ ਇਹ ਸਾਰਾ ਦ੍ਰਿ-ਪ੍ਰਪੰਚ ਭਿੰਨ-ਭਿੰਨ ਪ੍ਰਕਾਰ ਨਾਲ ਉਤਪੰਨ

ਹੋਇਆ ਇਸਥਿਤ ਹਾਂ, ਪ੍ਰਮਾਤਮਾ ਤਾਂ ਕਿਤੇ ਵੱਖਰਾ ਹੋਰ ਹੀ ਹੈ ਅਜਿਹੀ ਭੇਦ ਦ੍ਰਿਟੀ ਦੇ ਕਾਰਨ ਹੀ ਅਗਿਆਨ ਅਵਸਥਾ ਵਿੱਚ ਮੈਂ ਅਨੰਤ ਪ੍ਰਕਾਰ ਦੇ ਕਲੇਸ਼ਾਂ ਨੂੰ ਦੇਖਦਾ ਹਾਂ ਅਤੇ ਮੈਂ ਮਨ, ਇੰਦ੍ਰੀਆਂ ਤੇ ਰੀਰ ਨਹੀਂ ਹਾਂ, ਇਨ੍ਹਾਂ ਦਾ ਦ੍ਰਿਟਾ ਆਤਮਾ ਹਾਂ। ਮੈਂ ਹੀ ਚਰਾਚਰ (ਚੱਲ + ਅਚਲ ਸੰਸਾਰ) ਵਿੱਚ ਸਮਾਇਆ ਹੋਇਆ ਬ੍ਰਹਮ ਹਾਂ, ਮੈਥੋਂ ਜੁਦਾ ਹੋਰ ਕੋਈ ਵਸਤੂ ਹੈ ਹੀ ਨਹੀਂ ਇਸ ਯਥਾਰਥ ਦ੍ਰਿਟੀ ਦੇ ਕਾਰਨ ਮੈਂ ਗਿਆਨ ਅਵਸਥਾ ਵਿੱਚ ਮਹਾਂ-ਆਨੰਦ ਦਾ ਅਨੁਭਵ ਕਰਦਾ ਹਾਂ। ਜੋ ਦ੍ਵੈਤ ਨੂੰ ਦੇਖਣ ਵਾਲਾ ਮੈਂ, ਭੈ ਦੀ ਅੱਗ ਵਿਚ ਸੜਦਾ ਹਾਂ, ਉਹੀ ਦ੍ਵੈਤ ਦੇ ਅਭਾਵ ਵਿੱਚ ਕੇਵਲ ਅਦ੍ਵੈਤ ਦੇਖਦਾ ਹੋਇਆ, ਅਤੀ ਸੀਤਲ ਹੋ ਜਾਂਦਾ ਹਾਂ। ਭੈ ਦਾ ਕਾਰਨ ਦ੍ਵੈਤ ਹੈ, ਉਸਦੇ ਨਾ ਰਹਿਣ ਕਾਰਨ ਨਿਰਭੈ ਹੋਇਆ ਸੰਕਲਪ-ੂਨ ਮੈਂ ਤਾਂ ਨਿਰਵਿਕਾਰ ਆਤਮਾ ਹੀ ਹਾਂ। ਮੇਰੇ ਵਿੱਚ ਕਿਸੇ ਪ੍ਰਕਾਰ ਦਾ ਦੇਖਣ ਆਦਿ ਵਿਵਹਾਰ ਨਹੀਂ ਹੈ।

## *ਉਪੇਯ ਦੀ ਪ੍ਰਾਪਤੀ ਬਾਅਦ ਉਪਾਇਆਂ ਦੀ ਨਿਫਲਤਾ*

ਸੱਚ-ਮੁੱਚ ਇਹ ਮਨ ਹੀ ਦ੍ਵੈਤ ਰੂਪ ਵਿੱਚ ਫੈਲਿਆ ਹੋਇਆ ਹੈ। ਮਨ ਦਾ ਭਾਵ (ਹੋਣਾ) ਹੀ ਦ੍ਵੈਤ ਹੈ ਤੇ ਅਭਾਵ (ਨਾਂ ਹੋਣਾ) ਪਰਮ ਾਂਤਮਈ ਅਦ੍ਵੈਤ ਹੈ। ਦ੍ਵੈਤ ਦੇ ਮਿਟਾਉਣ ਾਤਰ ਹੀ ਸਾਰੇ ਉਪਾਇ ਹਨ, ਉਪੇਯ (ਲਕ) ਵਸਤੂ ਤਾਂ ਸੁਤੇ-ਸਿੱਧ, ਹਰ ਅਵਸਥਾ ਵਿੱਚ ਬਿਰਾਜਮਾਨ ਹੈ ਹੀ। ਬੱਦਲਾਂ ਦੇ ਹਟਾ ਦੇਣ ਦਾ ਯਤਨ ਕਰਤਵ ਹੈ, ਸੂਰਜ (ਅਭਾਵ ਰਹਿਤ) ਸ੍ਵਯੰ-ਪ੍ਰਕਾ ਰੂਪ, ਸਦਾ ਹੀ ਅਪਰੋਖ (ਨਿਤ, ਸਦੈਵ), ਹੈ। ਾਸਤ੍ਰ ਅਤੇ ਗੁਰੂ, ਿ ਦੇ ਮਨ ਵਿੱਚੋਂ ਦ੍ਵੈਤ ਦਾ ਅਭਾਵ ਕਰ ਦੇਣ ਲਈ ਪ੍ਰਵਿਰਤ ਹੁੰਦੇ ਹਨ ਪ੍ਰੰਤੂ ਇਹ ਪ੍ਰਬਲ ਮਾਇਆ ਬੁੱਧੀ ਉੱਤੇ ਪਰਦਾ ਪਾ ਕੇ ਉਪਾਇ ਵਿੱਚ ਹੀ ਫਸਾ ਦਿੰਦੀ ਹੈ, ਉਪੇ ਵਸਤੂ ਦਾ ਦਰਨ ਹੋਣ ਨਹੀਂ ਦਿੰਦੀ। ਕੋਈ ਅਤੀ ਨਿਰਮਲ ਅੰਤਹਕਰਣ ਵਾਲਾ ਜਗਾਸੂ, ਗੁਰੂ ਕ੍ਰਿਪਾ ਨਾਲ ਉਪਾਇ ਦ੍ਵਾਰਾ, ਉਪੇਯ ਵਿਚ ਪ੍ਰਵੇ ਕਰਕੇ ਉਪਾਇ ਨੂੰ ੀਘ੍ਰ ਹੀ ਛੱਡ ਦਿੰਦਾ ਹੈ ਕਿਉਂਕਿ ਉਪੇਯ ਦੀ ਪ੍ਰਾਪਤੀ ਹੋਣ ਪਰ ਭੀ ਉਪਾਇ ਨੂੰ ਫੜੀ ਰੱਖਣਾ ਤਾਂ ਸਿਆਣਪ ਨਹੀਂ ਹੈ। ਨੌਕਾ (ਕਿਤੀ) ਦੇ ਬਾਂਛਤ ਅਸਥਾਨ ਪਰ ਪੁੱਜਣ ਪਰ ਭੀ ਨੌਕਾ ਨੂੰ ਨਾ ਛੱਡਣਾ ਵੀ ਕੋਈ ਅਕਲਮੰਦੀ ਹੈ? ਾਸਤ੍ਰਾਂ ਵਿੱਚ

ਉਪੇਯ ਦੀ ਪ੍ਰਾਪਤੀ ਲਈ, ਨਾਨਾ ਪ੍ਰਕਾਰ ਦੇ ਉਪਾਇ ਕਿਤੇ ਬਦਾਂ ਦੁਆਰਾ ਬਾਰੰਬਾਰ ਕਹੇ ਗਏ ਹਨ ਅਤੇ ਕਿਤੇ ਅਰਥਾਂ ਦੁਆਰਾ। ਜਿਸ ਭੀ ਰੀਤੀ ਨਾਲ ਯਿ ਨੂੰ ਬੋਧ ਹੋ ਜਾਏ, ਉਹੀ ਤਰੀਕਾ ਵਰਤਿਆ ਹੈ ਪ੍ਰੰਤੂ ਇਸ ਬਾਤ ਨੂੰ ਨਾ ਸਮਝਣ ਦੇ ਕਾਰਨ ਕਿਸੇ ਨਾ ਕਿਸੇ ਉਪਾਇ ਵਿੱਚ ਆਸਕਤ (ਖਚਿਤ) ਹੋ ਕੇ ਕਲਪਨਾ-ਹੀਨ ਅਦ੍ਵੈਤ ਰੂਪ ਆਤਮਾ ਜੋ ਮਹਾਂ-ਆਨੰਦ ਦਾ ਸਮੁੰਦਰ ਹੈ, ਉਸ ਵਿੱਚ ਪ੍ਰਵੇ ਨਹੀਂ ਕਰਦੇ। ਇਹ ਵਾਨਾ ਨਾਲ ਮਲਿਨ ਹੋਏ ਅੰਤਹਕਰਣ ਦੀ ਨਿਾਨੀ ਹੈ। ਬੇਕ ਉਹ ਸੂਖਮ ਵਾਨਾ, ਜਗਾਸੂ ਨੂੰ ਪ੍ਰਤੱਖ ਦਿਖਦੀ ਨਹੀਂ ਪ੍ਰੰਤੂ ਹੈ ਇਹ ਮਲਿਨਤਾਈ ਜੋ ਕਿ ਦ੍ਵੈਤ ਮਿਟਦੀ ਨਹੀਂ। ਆਤਮਾ ਤੋਂ ਭਿੰਨ ਇੱਕ ਵਾਲ-ਮਾਤ੍ਰ ਭੀ ਜੋ ਕੋਈ ਵਸਤੂ ਹੈ, ਉਹ ਦ੍ਵੈਤ ਹੀ ਹੈ ਭਾਵੇਂ ਉਹ ਕਿਤਨੀ ਭੀ ਅੱਛੀ ਮੰਨੀ ਜਾਂਦੀ ਹੋਵੇ। ਉਪਾਇ ਕਦੇ ਭੀ ਉਪੇਯ ਨਹੀਂ ਹੋ ਸਕਦਾ ਅਤੇ ਉਪੇਯ ਕਦੀ ਉਪਾਇ ਨਹੀਂ ਹੁੰਦਾ। ਕਦੇ ਰਥ (ਉਪਾਇ) ਭੀ ਮੰਜ਼ਲ (ਉਪੇਯ) ਰੂਪ ਹੋ ਸਕਦਾ ਹੈ? ਇਸੀ ਤਰ੍ਹਾਂ ਮੰਜ਼ਲ ਵੀ ਕਦੇ ਰਥ ਰੂਪ ਨਹੀਂ ਹੁੰਦੀ। ਸਾਧਾਰਨ ਜਗਾਸੂਆਂ ਦੀ ਤਾਂ ਗੱਲ ਹੀ ਕੀ? ਵੱਡੇ-ਵੱਡੇ ਵਿਦ੍ਵਾਨ ਅਤੇ ਅਭਾਸੀ ਪੁਰ ਭੀ ਉਪਾਇ - ਉਪੇਯ ਨੂੰ ਅੱਛੀ ਤਰ੍ਹਾਂ ਸਮਝਦੇ ਹੋਏ ਵੀ, ਉਪਾਇ ਨੂੰ ਹੀ ਜੱਫੀ ਪਾਈ ਬੈਠੇ ਹਨ।

## *ਮਨ ਨੂੰ ਵਸ ਕਰਨ ਦੇ ਚਾਰ (4) ਉਪਾਇ*

ਵਟਿ ਜੀ ਨੇ ਮਨ ਨੂੰ (ਵੱ) ਅ+ਮਨ (ਅਮਨ) ਕਰ ਦੇਣ ਵਾਲੇ ਚਾਰ ਚੋਣਵੇਂ ਉਪਾਇ ਦੱਸੇ ਹਨ-

**ਪਹਿਲਾ ਉਪਾਇ**-ਅਧਾਤਮ ਵਿਦਾ ਦੀ ਨਿਠਾ ਦੁਆਰਾ ਇਹ ਨਿਰਣਯ ਪਰਪੱਕ ਹੋ ਜਾਂਦਾ ਹੈ ਕਿ ਜਿਤਨਾ ਭੀ ਦਿ੍ਰ ਪਦਾਰਥ ਹੈ, ਸਭ ਮਿਥਾ ਯਾਨੀ ਰੱਸੀ-ਸਰਪ, ਮ੍ਰਿਗਤ੍ਰਿਨਾ-ਜਲ ਅਤੇ ਸੁਪਨ ਪਦਾਰਥਾਂ ਵਾਂਗੂੰ ਝੂਠਾ ਹੈ ਤਥਾ ਦ੍ਰਿਟਾ ਸ੍ਵਯੰ-ਪ੍ਰਕਾ, ਹਰ ਅਵਸਥਾ ਵਿੱਚ ਇੱਕ-ਰਸ ਰਹਿਣ ਵਾਲਾ, ਕਾਲ-ਅਤੀਤ ਯਾਨੀ ਕਾਲ ਤੋਂ ਰਹਿਤ ਅਤੇ ਸਤ ਹੈ। ਬ੍ਰਹਮਵਿਦਾ ਦੁਆਰਾ ਜਿਸ ਦਿ੍ਰ ਦਾ ਮਿਥਾਪਨਾ ਸਿੱਧ ਹੋ ਚੁੱਕਾ ਹੈ, ਉਸ ਝੂਠੇ ਮ੍ਰਿਗਤ੍ਰਿਨਾ ਦੇ ਜਲ ਵਲ, ਜਲ ਪੀਕੇ ਸੁਖੀ ਹੋਣ ਲਈ ਕਦਮ ਕਿਉਂ ਉਠਾਵਾਂ? ਅਰਥਾਤ ਮੇਰਾ ਪਿਆਸ ਬੁਝਾਉਣ ਦਾ ਮਤਲਬ ਪ੍ਰਯੋਜਨ ਉਸ ਝੂਠੇ ਜਲ ਤੋਂ ਪੂਰਾ ਨਹੀਂ ਹੋ ਸਕਦਾ। ਜਿਸ ਪਰਮ ਸਤਯ ਵੱਲ ਜਾਣ ਦਾ ਮੇਰਾ ਪ੍ਰਯੋਜਨ ਹੈ, ਉਹ ਸਤ

ਵਸਤੂ ਪਰਮ–ਂਤ ਮਈ ਦ੍ਰਿਟਾ ਮੇਰੇ ਮਨ–ਬੁਧੀ ਦਾ ਵਿ ਹੀ ਨਹੀਂ ਕਿਉਂਕਿ ਕਿਸੇ ਭੀ ਇੰਦ੍ਰੀਯ ਦੀ, ਉਸ ਤੱਕ ਪਹੁੰਚ ਨਹੀਂ ਹੈ। ਇਸ ਪ੍ਰਕਾਰ ਬਾਲਣ ਯਾਨੀ ਵਾਨਾਂ ਦੀ ਖੁਰਾਕ ਮੁੱਕ ਜਾਣ ਪਰ ਜਿਉਂ ਅੱਗ ਆਪੇ ਹੀ ਂਤ ਹੋ ਜਾਂਦੀ ਹੈ, ਤਿਉਂ ਹੀ ਅੱਛੀ ਤਰ੍ਹਾਂ ਸਮਝਣ ਤੋਂ ਬਾਅਦ ਇਹ ਮਨ ਸ੍ਵਯੰ ਹੀ ਂਤ ਹੋ ਜਾਂਦਾ ਹੈ। ਇਸ ਨਿਸਚੇ ਤੋਂ ਬਾਅਦ ਬਾਕੀ ਜੋ ਕੋਈ ਅਵਸਥਾ ਬਚਦੀ ਹੈ, ਉਹ ਉਪੇਯ ਵਸਤੂ ਹੈ। ਉਸ ਉਪੇਯ ਵਿੱਚ ਇਸਥਿਤ ਹੋਣ ਲਈ ਹੀ ਸਾਰੇ ਪੁਰਾਰਥ (ਉਪਾਇ) ਹਨ ਲੇਕਿਨ ਉਪਾਇ ਫੜ ਰੱਖਣ ਵਾਸਤੇ ਹੀ ਨਹੀਂ। ਅੰਮ੍ਰਿਤਸਰ ਨੂੰ ਜਾਣ ਵਾਲਾ ਪੁਰ, ਅੰਮ੍ਰਿਤਸਰ ਦੇ ਸਟੇਨ ਤੇ ਪੁੱਜਣ ਪਰ ਭੀ, ਰੇਲ ਗੱਡੀ ਨੂੰ ਕਿਉਂ ਨਾ ਛੱਡੇ? ਗੱਡੀ ਵਿਚੋਂ ਉੱਤਰੇ ਅਤੇ ਹਰਿਮੰਦਰ ਵਿੱਚ ਪ੍ਰਵੇ ਕਰੇ, ਜਿਸ ਮਕਸਦ ਲਈ ਸਫਰ ਦਾ ਕਟ ਉਠਾਇਆ ਹੈ।

**ਦੂਜਾ ਉਪਾਇ**–ਸਤਿ ਪੁਰਾਂ ਦੀ ਸੰਗਤ ਹੈ ਕਿਉਂਕਿ ਜੋ ਕੋਈ ਮੂੜ੍ਹ ਬੁਧੀ ਵਾਲਾ ਉੱਪਰ ਕਿਹਾ ਬੋਧ ਕਰਾਉਣ ਪਰ ਭੀ, ਹਿਰਦੇ ਵਿੱਚ ਧਾਰਨ ਨਹੀਂ ਕਰਦਾ ਯਾਨੀ ੀਘ੍ਰ ਹੀ ਭੁੱਲ ਜਾਂਦਾ ਹੈ, ਉਸ ਨੂੰ ਕ੍ਰਿਪਾਲੂ ਮਹਾਂਪੁਰ ਬਾਰੰਬਾਰ ਬੋਧ ਕਰਾਉਣਗੇ। ਦ੍ਰਿ ਵਲੋਂ ਮਨ ਨੂੰ ਕੱਢਕੇ, ਆਤਮਾ ਵਿੱਚ ਜੋੜਨ ਦਾ ਉਪਾਇ ਦੱਸਣਗੇ ਤਾਂ ਹੌਲੀ–ਹੌਲੀ ਆਤਮ–ਇਸਥਿਤੀ ਨੂੰ ਪਾਵੇਗਾ ਅਰਥਾਤ ਮਨ ਇੰਦ੍ਰੀਆਂ ਤੋਂ ਅਤੀਤ ਅਕਹਿ ਆਨੰਦ ਸ੍ਵਰੂਪ ਵਿੱਚ ਇਸਥਿਤ ਹੋ ਜਾਵੇਗਾ।

**ਤੀਜਾ ਉਪਾਇ**–ਵਾਨਾ ਦਾ ਤਿਆਗ ਹੈ। ਜੋ ਪੁਰ ਵਿਦਾ–ਅਭਿਮਾਨੀ, ਧਨ, ਐ੍ਵਰਯ ਤੇ ਜਾਤੀ ਆਦਿ ਦੇ ਮਦ (ਅਹੰਕਾਰ)–ਯੁਕਤ ਹੈ, ਉਹ ਹੰਕਾਰੀ ਮਨੁ, ਸਤਿਪੁਰਾਂ ਨੂੰ ਸੇਵਾ ਆਦਿ ਉਪਾਇ ਦ੍ਵਾਰਾ ਪ੍ਰਸੰਨ ਨਹੀਂ ਕਰ ਸਕਦਾ ਕਿਉਂਕਿ ਹਉਮੈਂ ਨਾਲ ਆਕੜਿਆ ਹੋਇਆ ਉਹ ਮਨੁੱ, ਮਹਾਂਪੁਰਾਂ ਦੀ ਸੇਵਾ ਕਰਨ ਵਿੱਚ ਲੱਜਾ (ਰਮ) ਖਾਂਦਾ ਹੈ। ਇਸ ਲਈ ਕ੍ਰਿਪਾ ਦਾ ਪਾਤ੍ਰ ਨਹੀਂ ਹੋ ਸਕਦਾ ਤੇ ਪਾਤ੍ਰ ਤੋਂ ਬਿਨਾਂ ਅੰਮ੍ਰਿਤ ਕਿਸ ਬਰਤਨ ਵਿੱਚ ਭਰ ਦਿੱਤਾ ਜਾਵੇ? ਵਿਦਾ, ਧਨ ਤੇ ਜਾਤੀ ਆਦਿ ਮਦ ਨੇ ਤਾਂ ਬੁੱਧੀ ਰੂਪ ਪਾਤ੍ਰ ਨੂੰ ਮੂਧਾ (ਉਲਟਾ) ਕਰ ਛੱਡਿਆ ਹੈ। ਉਹ ਮਲਿਨ ਅੰਤਹਕਰਣ ਵਾਲਾ ਇਹ ਨਹੀਂ ਸਮਝਦਾ ਕਿ ਜਿਸ ਵਿਦਾ ਨੇ ਮੇਰੀ ਅਵਿਦਾ ਨਾ ਨਹੀਂ ਕੀਤੀ, ਉਹ ਭੀ ਕੋਈ ਵਿਦਾ ਹੈ? ਉਹ ਤਾਂ ਅਵਿਦਾ ਹੀ ਹੈ। ਜਿਹੜਾ ਪ੍ਰਕਾ ਅੰਧਕਾਰ ਨੂੰ ਵਿਨਾ ਨਹੀਂ

ਕਰਦਾ, ਉਹ ਭੀ ਕੋਈ ਪ੍ਰਕਾ ਹੈ? ਵਿੱਦਯਾ ਦੁਆਰਾ ਤਾਂ ਇਹ ਬੁੱਧੀ ਆਵੇਗੀ ਕਿ ਮੈਂ ਮਹਾਂਪੁਰਾਂ ਦੀ ਰਣ ਜਾਵਾਂ ਤਾਂਕਿ ਮਹਾਂਵਾਕ ਰੂਪ ਅੰਮ੍ਰਿਤ ਨੂੰ ਪੀ ਕੇ ਮੇਰੀ ਦ੍ਵੈਤ ਰੂਪ ਸੜਨ ਮਿਟੇ ਅਤੇ ਅਮਰ ਹੋਵਾਂ। ਪ੍ਰੰਤੂ ਨਹੀਂ, ਆਪਣੇ-ਆਪ ਨੂੰ ਵੱਡਾ ਵਿਦ੍ਵਾਨ ਅਤੇ ਧਨੀ ਸਮਝਣ ਵਾਲਾ ਹੰਕਾਰੀ, ਭਲਾ ਕਦੋਂ ਸਿਰ ਝੁਕਾਉਂਦਾ ਹੈ? ਇਸ ਅਜਿਹੇ ਹੰਕਾਰੀ ਨੂੰ ਚਾਹੀਦਾ ਹੈ ਕਿ ਵਿਚਾਰ ਪੂਰਬਕ ਮੰਦ ਵਾਨਾ ਦਾ ਨਾ ਕਰਕੇ, ਮਹਾਂਪੁਰਾਂ ਦੀ ਸੰਗਤ ਕਰੇ ਤਾਂਕਿ ਨਿਰਵਾਸ (ਵਾਨਾ ਰਹਿਤ) ਅਸਥਾਨ ਪਰਮਪਦ ਵਿੱਚ ਨਿਵਾਸ ਹੋਵੇ।

**ਚੌਥਾ ਉਪਾਇ**-ਪ੍ਰਾਣ ਵਾਯੂ ਦਾ ਨਿਰੋਧ ਹੈ। ਵਾਨਾਵਾਂ ਦੀ ਅਤੀ ਪ੍ਰਬਲਤਾ ਹੋਣ ਦੇ ਕਾਰਨ ਜੋ ਵਾਨਾਂ ਨੂੰ ਛੱਡ ਨਹੀਂ ਸਕਦਾ, ਉਹ ਪ੍ਰਾਣਾਂ ਦਾ ਨਿਰੋਧ ਕਰੇ। ਕਿਉਂਕਿ ਪ੍ਰਾਣਾਂ ਦੀ ਗਤੀ ਵਾਨਾਵਾਂ ਦੇ ਅਧੀਨ ਹੈ ਅਤੇ ਪ੍ਰਾਣ ਗਤੀ ਦੇ ਕਾਰਨ ਹੀ ਵਾਨਾ ਫੁਰਦੀ ਹੈ। ਇਉਂ ਚਿੱਤ ਦੇ ਬੀਜ-ਰੂਪ ਵਾਨਾ ਅਤੇ ਪ੍ਰਾਣ ਇੱਕ ਦੂਜੇ ਦੇ ਬੀਜ ਅਤੇ ਅੰਕੁਰ ਦੀ ਤਰ੍ਹਾਂ ਹਨ। ਗਤੀ ਵਾਲਾ ਪ੍ਰਾਣ ਅਤੇ ਵਾਨਾ, ਇਹ ਦੋਨੋਂ ਚਿੱਤ ਰੂਪ ਬ੍ਰਿਛ ਦੇ ਬੀਜ ਹਨ। ਇਨ੍ਹਾਂ ਦੋਹਾਂ ਵਿੱਚੋਂ ਇੱਕ ਦਾ ਨਾ ਹੋਣ ਨਾਲ, ਦੋਨੋਂ ਹੀ ਵਿਨਾ ਹੋ ਜਾਂਦੇ ਹਨ। ਅਧਾਤਮ ਵਿਚਾਰ ਦ੍ਵਾਰਾ, ਗ੍ਰਹਣ ਕਰਨ ਯੋਗ ਵਸਤੂ ਦੇ ਨਾ ਰਹਿਣ ਕਾਰਨ, ਮਨ ਆਪ ਹੀ ਾਂਤ ਹੋ ਜਾਂਦਾ ਹੈ। ਇਹ ਅਤੀ ਉੱਤਮ ਰਾਜ-ਯੋਗ ਹੈ, ਇਸ ਦਾ ਵਰਨਣ ਉੱਪਰ ਪਹਿਲੇ ਉਪਾਇ ਵਿੱਚ ਕੀਤਾ ਹੈ! ਮਾਂਡੂਕ ਉਪਨਿਦ ਵਿੱਚ ਇਉਂ ਕਿਹਾ ਹੈ-

ਚਿਤ, ਝੂਠੀ ਦ੍ਵੈਤ ਨੂੰ ਸਤ ਮੰਨ ਕੇ, ਉਨ੍ਹਾਂ ਦ੍ਰਿ-ਪਦਾਰਥਾਂ ਵਿੱਚ ਪ੍ਰਵਿਰਤ ਹੁੰਦਾ ਹੈ ਅਤੇ ਦ੍ਵੈਤ ਵਸਤੂ ਦੇ ਅਭਾਵ ਦਾ ਬੋਧ ਹੋ ਜਾਣ ਪਰ, ਉਹ ਨਿਰਲੇਪ ਹੋ ਕੇ ਵਾਪਸ ਆ ਜਾਂਦਾ ਹੈ। ਇਸ ਤਰ੍ਹਾਂ ਦ੍ਵੈਤ ਵਲੋਂ ਮੁੜਿਆ ਹੋਇਆ ਤੇ ਹੋਰ ਕਿਸੇ ਪਾਸੇ ਨਾ ਪ੍ਰਵਿਰਤ ਹੋਇਆ ਚਿੱਤ, ਉਸ ਵੇਲੇ ਅਚਲ (ਨਿਸਚਲ) ਰੂਪ ਤੇ ਇਸਥਿਤ ਹੋ ਜਾਂਦਾ ਹੈ। ਉਹ ਅਵਸਥਾ, ਪਰਮਾਰਥ-ਦਰੀ ਪੁਰਾਂ ਦਾ ਹੀ ਵਿ ਹੈ ਕਿਉਂਕਿ ਉਹ ਪਰਮ-ਸਮ, ਅਜਨਮਾ ਤੇ ਅਦ੍ਵੈਤ ਵਸਤੂ ਹੈ।

**(ਮਾਂ: ਉ: ਅ: ਕਾ: ੭੯। ੮੦)**

ਜਿਸ ਸਮੇਂ ਆਤਮ ਸਤ ਦੀ ਪ੍ਰਾਪਤੀ ਹੁੰਦੀ ਹੈ ਤਦ ਮਨ, ਸੰਕਲਪ ਨਹੀਂ ਕਰਦਾ, ਉਸ ਵਕਤ ਉਹ ਅ+ਮਨੀ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਅਵਸਥਾ

ਵਿੱਚ ਗ੍ਰਹਿਣ ਕਰਨ ਯੋਗ ਵਸਤੂ ਦਾ ਅਭਾਵ ਹੋ ਜਾਣ ਦੇ ਕਾਰਨ ਗ੍ਰਹਿਣ ਕਰਨ ਦੀ ਕਲਪਨਾ ਤੋਂ ਰਹਿਤ ਹੋ ਜਾਂਦਾ ਹੈ। **(ਮਾਂ: ਉ: ਅਦ੍ਵੈ: ਕਾ: ੩੨)**

ਇਹ ਜੋ ਚਰਾਚਰ ਦ੍ਵੈਤ ਹੈ, ਸਭ ਮਨ ਦਾ ਦ੍ਰਿ ਹੈ ਕਿਉਂਕਿ ਮਨ ਦਾ ਅ+ਮਨੀ ਭਾਵ ਅਰਥਾਤ ਸੰਕਲਪ੍ਰ ਨ ਹੋ ਜਾਣ ਤੇ ਦ੍ਵੈਤ ਕਿਤੇ ਨਰ ਨਹੀਂ ਆਉਂਦੀ। **(ਮਾਂ: ਉ: ਅਦ੍ਵੈ: ਕਾ: ੩੧)**

ਸੁਪਨ ਅਵਸਥਾ ਵਿੱਚ ਭੀ, ਇਹ ਮਨ ਹੀ ਨਾਨਾ ਪ੍ਰਕਾਰ ਨਾਲ ਭਾਸਣ ਵਾਲਾ ਹੈ ਅਤੇ ਜਾਗ੍ਰਿਤ ਵਿੱਚ ਭੀ ਇਹੀ ਮਨ, ਦ੍ਵੈਤ ਰੂਪ ਵਿੱਚ ਭਾਸਦਾ ਹੈ, ਇਸ ਵਿੱਚ ਕੋਈ ਸੰਦੇਹ ਨਹੀਂ। **(ਮਾਂ: ਉ: ਅਦ੍ਵੈ: ਕਾ: ੩੦)**

## *ਮਨ-ਆਤਮ ਸ੍ਵਰੂਪ ਹੀ ਹੈ*

**ਂ ਕਾ** - ਅਨੰਤ ਪ੍ਰਕਾਰ ਦੇ ਉਪੱਦ੍ਰਵਾਂ ਦਾ ਕਾਰਨ ਮਨ ਹੀ ਸਿੱਧ ਹੁੰਦਾ ਹੈ, ਕੀ ਇਹ ਆਤਮਾ ਤੋਂ ਭਿੰਨ ਹੈ ਯਾ ਅਭਿੰਨ?

**ਸਮਾਧਾਨ**-ਮਨ ਤਾਂ ਆਤਮਾ ਹੀ ਹੈ। ਪ੍ਰੰਤੂ ਜਿਉਂ ਅੰਧੇਰੇ ਵਿੱਚ ਪਈ ਰੱਸੀ ਵਿੱਚ ਭਰਮ ਕਰਕੇ ਅਣਹੋਇਆ ਸਰਪ ਪ੍ਰਤੀਤ ਦੇ ਕੇ, ਭੈ ਅਤੇ ਕੰਪਨ (ਕੰਬਣੀ) ਦਾ ਕਾਰਨ ਬਣਦਾ ਹੈ, ਤਿਉਂ ਹੀ ਇਸ ਦੀ ਅਣਹੋਈ ਪ੍ਰਤੀਤੀ, ਦੁੱਖ-ਸੁੱਖ ਆਦਿ ਅਨੰਤ ਕਲੇਾਂ ਦਾ ਕਾਰਨ ਬਣਦੀ ਹੈ। ਸਰਪ, ਵਾਸਤਵ ਵਿੱਚ ਨਾ ਹੋਣ ਦੇ ਕਾਰਨ ਰੱਸੀ-ਸ੍ਵਰੂਪ ਹੀ ਹੈ, ਤਿਉਂ ਹੀ ਇਹ ਮਨ ਕੁਝ ਵਸਤੂ ਨਾ ਹੋਣ ਦੇ ਕਾਰਨ, ਆਤਮ-ਸ੍ਵਰੂਪ ਹੀ ਹੈ। ਮਨ ਦਾ ਆਤਮ-ਸ੍ਵਰੂਪ ਹੋਣਾ ਗੁਰੂਦੇਵ ਦੇ ਬਚਨਾਂ ਤੋਂ ਸਪਟ ਹੋ ਜਾਂਦਾ ਹੈ-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** **(ਅੰਗ ੪੪੧)**

ਮਨ ਅਤੇ ਮਨ ਦਾ ਦ੍ਰਿ ਜੋ ਕੁਝ ਭੀ ਭਾਸਦਾ ਹੈ ਉਹ ਸਭ-

**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥**

**(ਅੰਗ ੪੯੫)**

ਇਸ ਇੱਕ ਹੀ ਅਨੰਤ ਪ੍ਰਕਾਰ ਨਾਲ ਫੈਲੀ ਹੋਈ ਆਤਮ-ਵਸਤੂ ਨੂੰ ਭੁਲ ਕੇ , ਭਰਮ ਦੇ ਕਾਰਨ ਮਨ ਜਦ ਇਹ ਸਮਝਦਾ ਹੈ ਕਿ ਮੈਂ ਹੋਰ ਹਾਂ ਤੇ ਪ੍ਰਮਾਤਮਾ ਹੋਰ ਹੈ ਤਦ ਨਿਰਭੈ ਹੁੰਦਾ ਹੋਇਆ ਭੀ, ਆਪਣੇ ਨਾ ਦਾ ਭੈ ਮੰਨਦਾ ਹੈ। ਮੈਂ

ਮਰਦਾ ਹਾਂ, ਜੰਮਦਾ ਹਾਂ ਅਤੇ ਦੁਖੀ-ਸੁਖੀ ਆਦਿ ਧਰਮਾਂ ਵਾਲਾ ਆਪਣੇ- ਆਪ ਨੂੰ ਦੀਨ ਸਮਝ ਕੇ ਕ-ਸਾਗਰ ਵਿੱਚ ਰੁੜ੍ਹਦਾ ਜਾਂਦਾ ਹੈ। ਜਦ ਕਿਸੇ ਧੀਰਜਵਾਨ ਕ੍ਰਿਪਾਲੂ, ਸਤਿਗੁਰੂ ਦੇਵ ਦੁਆਰਾ ਇਸ ਅਗਿਆਨਤਾ ਦੇ ਨਟ ਕਰ ਦੇਣ ਵਾਲੇ ਮਹਾਂਵਾਕ ੍ਵਣ ਕਰਦਾ ਹੈ ਕਿ-

ਤੂੰ ਜੰਮਣ ਮਰਨ ਵਾਲਾ ਨਹੀਂ, ਦੁਖ-ਸੁਖ, ਭੁੱਖ ਤੇ ਪਿਆਸ ਆਦਿ ਅਵਸਥਾਂ ਰੀਰ, ਮਨ ਤੇ ਪ੍ਰਾਣਾਂ ਦੀਆਂ ਹਨ। ਤੂੰ ਅਜਰ, ਅਮਰ, ਧ, ਪ੍ਰਕਾ, ਅਚਲ, ਅਸੰਗ ਅਤੇ ਵਿਆਪਕ ਹੈਂ ਤਦ ਆਪਣੇ-ਆਪ ਨੂੰ ਪੂਰਨ ਜਾਣ ਕੇ ਸੰਸਾਰ ਰੂਪੀ ੋਕ ਸਾਗਰ ਦਾ ਉਲੰਘਣ ਕਰਦਾ ਹੈ। ਫਿਰ ਉਹੀ ਮਨ ਨਿਰਭੈ ਹੋ ਜਾਂਦਾ ਹੈ ਯਾਨੀ ਨਾ ਦੇ ਭੈ ਦਾ ਕਾਰਨ ਜੋ ਦ੍ਵੈਤ ਹੈ, ਉਸ ਬ੍ਰਿਤੀ ਦੇ ੰਤ ਹੋ ਜਾਣ ਨਾਲ, ਮਰਨ ਤੋਂ ਰਹਿਤ ਅਤੇ ਨਿਡਰ ਹੋ ਜਾਂਦਾ ਹੈ। ਮਰਨਾ-ਜੰਮਣਾ ਦ੍ਵੈਤ ਵਿੱਚ ਹੀ ਹੈ, ਦ੍ਵੈਤ ਦਾ ਨਾ ਹੋ ਜਾਣ ਨਾਲ ਅਮਰ ਹੋ ਜਾਂਦਾ ਹੈ-

ਆਤਮ-ਗਿਆਨੀ ਕਿਸੇ ਤੋਂ ਭੀ ਭੈ ਨਹੀਂ ਮੰਨਦਾ। (ਤੈ: ਉ: ੨।੪।੧)

**ਮੂਏ ਕਉ ਕਹੁ ਮਾਰੇ ਕਉਨੁ॥ ਨਿਡਰੇ ਕਉ ਕੈਸਾ ਡਰੁ ਕਵਨੁ॥**

**(ਅੰਗ ੨੨੧)**

**ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥ ਡਰੁ ਚੂਕਾ ਦੇਖਿਆ ਭਰਪੂਰਿ॥**

**(ਅੰਗ ੧੯੬)**

**ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥**

**(ਅੰਗ ੨੨੩)**

**ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ॥**

**(ਅੰਗ ੯੯)**

**ਤੁਝ ਬਿਨੁ ਪਾਰਬ੍ਰਹਮ ਨਹੀ ਕੋਇ॥** **(ਅੰਗ ੧੯੨)**

**ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥** **(ਅੰਗ ੨੫੦)**

ਪਿਆਰੇ ਵਿਜੋਗੀ! ਤੂੰ ਇਸ ਅਚਲ ਨਿਸਚੇ ਵਾਲਾ ਹੋ ਕਿ ਗੋਬਿੰਦ ਪ੍ਰਭੂ ਤੋਂ ਬਿਨਾਂ ਤੂੰ ਹੋਰ ਕੁਝ ਭੀ ਨਹੀਂ ਹੈਂ। ਜਦੋਂ ਇਹ ਨਿਸਚਾ ਪੱਕਾ ਹੋਏਗਾ ਫਿਰ ਤੂੰ ਉਸਤੋਂ ਵੱਖਰਾ ਕੀ ਸਿੱਧ ਹੋਵੇਂਗਾ? ਅਰਥਾਤ ਤੂੰ ਭੀ ਉਹੀ ਗੋਵਿੰਦ ਹੀ ਹੈਂ।

ਅਜਿਹਾ ਨਹੀਂ ਜੋ ਤੂੰ ਪਹਿਲਾਂ ਸੱਚ-ਮੁੱਚ ਜੀਵ ਸੀ ਤੇ ਹੁਣ ਅਚਾਨਕ ਹੀ ਬ੍ਰਹਮ-ਸਰੂਪ ਹੋ ਗਿਆ ਹੈਂ। ਨਹੀਂ, ਜਦ ਆਪਣੇ-ਆਪ ਨੂੰ ਜੀਵ ਮੰਨਦਾ ਸੀ, ਉਸ ਵੇਲੇ ਭੀ ਤੂੰ ਬ੍ਰਹਮ ਤੋਂ ਜੁਦਾ ਨਹੀਂ ਸੀ, ਜਿਹਾ ਕਿ ਹੁਣ ਗਿਆਨ ਦਾ ਵਿੱਚ ਹੈਂ। ਅਗਿਆਨ ਸਮੇਂ ਬ੍ਰਹਮ ਸਾਮਾਨ* ਰੂਪ ਤੇ ਗਿਆਤ ਸੀ ਤੇ ਹੁਣ ਵਿ ** ਰੂਪ ਨਾਲ। ਭਾਵੇਂ ਉਸ ਨਿਰਵਿ ਵਿੱਚ ਸਾਮਾਨ ਤੇ ਵਿ ਭਾਵ ਨਹੀਂ ਹੈ ਤਾਂ ਭੀ ਪ੍ਰਤੀਤੀ ਦੇ ਲਿਹਾ ਨਾਲ ਇਹ ਕਹਿਣਾ ਬਣ ਹੀ ਜਾਂਦਾ ਹੈ। ਅਗਿਆਨ ਕਾਲ ਵਿੱਚ ਮੈਂ ਹਾਂ ਇਹ ਸਾਮਾਨ ਗਿਆਨ ਪ੍ਰਤੇਕ ਜੀਵ ਨੂੰ ਰਹਿੰਦਾ ਹੈ, ਕਿਸੇ ਨੂੰ ਭੀ ਇਹ ਅਗਿਆਨ ਨਹੀਂ ਕਿ ਮੈਂ ਨਹੀਂ ਹਾਂ। ਇਸ ਹਾਲਤ ਵਿੱਚ ਸਾਮਾਨ ਗਿਆਨ ਹੈ ਤੇ ਵਿ ਗਿਆਨ ਦਾ ਅਭਾਵ ਹੈ। ਗੁਰੂ ਤੇ ਾਤ੍ ਦੀ ਕ੍ਰਿਪਾ ਨਾਲ ਮੈਂ ਨਿਰਵਿਕਾਰ ਤੇ ਅਸੰਗ ਬ੍ਰਹਮ ਹਾਂ ਇਹ ਵਿ ਗਿਆਨ ਹੋ ਜਾਂਦਾ ਹੈ। ਗੁਰੂ ਤੇ ਾਤ੍ ਭ੍ਰਮ ਨੂੰ ਮਿਟਾ ਦਿੰਦੇ ਹਨ ਤੇ ਜੋ ਕੁਝ ਕਿ ਇਹ ਪਹਿਲਾਂ ਹੁੰਦਾ ਹੀ ਹੈ, ਉਹ ਜਿਉਂ ਦਾ ਤਿਉਂ ਸਪਟ ਹੋ ਜਾਂਦਾ ਹੈ, ਮੁੜ ਭ੍ਰਮ-ਯੁਕਤ ਨਹੀਂ ਹੁੰਦਾ ਯਾਨੀ ਆਪਣੇ ਤੋਂ ਜੁਦਾ ਪ੍ਰਮਾਤਮਾ ਨੂੰ ਨਹੀਂ ਸਮਝਦਾ-

**ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥**

**(ਅੰਗ ੧੦੨)**

ਆਤਮ-ਤੱਤ੍ਵ ਇਕ-ਰਸ ਰਹਿਣ ਵਾਲੀ ਨਿਰਵੈਵ (ਅਪ੍ਰੀਵਰਤਨੀਲ) ਵਸਤੂ ਹੈ। ਉਹ ਵਸਤੂ ਆਤਮਾ ਆਪਣੇ-ਆਪ ਤੋਂ ਜੁਦਾ ਨਹੀਂ, ਇਸ ਲਈ ਨਾ ਉਹ ਦੂਰ ਹੈ ਤੇ ਨਾ ਹੀ ਸਮੀਪ (ਨੇੜੇ)। ਉਹ ਇਸ ਪ੍ਰਕਾਰ ਦਾ ਪ੍ਰਮਾਤਮਾ ਤੂੰ ਹੀ ਹੈਂ-

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥** **(ਅੰਗ ੩੫੪)**

ਖੰਡ ਦੇ ਬਣੇ ਹੋਏ ਹਾਥੀ ਤੇ ਘੋੜਾ, ਦੋ ਖਿਲੌਣੇ ਜੇ ਆਪਸ ਵਿੱਚ ਝਗੜਾ ਕਰਨ ਯਾਨੀ ਇੱਕ ਦੂਜੇ ਨਾਲੋਂ ਆਪਣੀ ਤਾਕਤ ਅਤੇ ਗੁਣਾਂ ਦਾ ਅਭਿਮਾਨ ਕਰਕੇ, ਈਰਖਾ ਦੀ ਅੱਗ ਵਿੱਚ ਸੜਨ, ਇਸ ਹਾਲਤ ਵਿੱਚ ਕੋਈ ਦਿਆਲੂ

---

* ਸਾਮਾਨ ਰੂਪ ਨਾਲ ਗਿਆਤ ਹੋਣਾ ਜਿਵੇਂ ਸਾਰੀ ਬਨਸਪਤੀ ਵਿੱਚ ਅਗਨੀ ਦਾ ਵਿਆਪਤ ਹੋਣਾ ਅਗਨੀ ਦਾ ਸਾਮਾਨ ਰੂਪ ਗਿਆਨ ਹੈ।

** ਵਿ ਰੂਪ ਨਾਲ ਗਿਆਤ ਹੋਣਾ ਜਿਵੇਂ ਅਗਨੀ ਦਾ ਪ੍ਰਚੰਡ ਰੂਪ ਜੋ ਸਾਰੇ ਕੰਮ ਪ੍ਰਤੱਖ ਰੂਪ ਚ ਪ੍ਰਗਟ ਹੋ ਕੇ ਕਰਦਾ ਹੈ।

ਪੁਰ ਕਹੇ ਕਿ ਆਕਾਰ ਦ੍ਰਿਟੀ ਨੂੰ ਛਡਕੇ, ਆਪਣੀ ਅਸਲੀਅਤ ਵਲ ਧਿਆਨ ਮਾਰੋ, ਤੁਹਾਡਾ ਦੋਹਾਂ ਦਾ ਸ੍ਰੂਪ ਇੱਕ ਖੰਡ ਹੀ ਹੈ। ਖੰਡ ਨੂੰ ਛੱਡ ਕੇ ਤੁਹਾਡਾ ਨਾਮ ਤੇ ਰੂਪ ਕੁਝ ਵੀ ਵਸਤੂ ਨਹੀਂ ਹੈ। ਫਿਰ ਜੇ ਉਹ ਆਪਣੇ ਵੱਲ ਧਿਆਨ ਮਾਰ ਲੈਣ ਤਾਂ ਰੌਲਾ ਉਸੇ ਵਕਤ ਖਤਮ ਹੋ ਜਾਂਦਾ ਹੈ। ਉੱਥੇ ਨਾ ਹਾਥੀ ਰਹਿੰਦਾ ਹੈ ਤੇ ਨਾ ਹੀ ਘੋੜਾ, ਇੱਕ ਖੰਡ ਹੀ ਰਹਿ ਜਾਂਦੀ ਹੈ। ਉਨ੍ਹਾਂ ਦੇ ਝਗੜੇ ਵਕਤ ਭੀ ਖੰਡ ਤੋਂ ਬਿਨਾਂ ਕੋਈ ਹੋਰ ਵਸਤੂ ਨਹੀਂ ਸੀ, ਕੇਵਲ ਸਮਝ ਦਾ ਹੀ ਘਾਟਾ ਸੀ। ਉਹ ਬੇਸਮਝੀ ਕਿਸੇ ਦਿਆਲੂ ਪੁਰ ਨੇ ਗਵਾ ਦਿੱਤੀ ਤੇ ਉਨ੍ਹਾਂ ਦਾ ਜੋ ਅਸਲੀ ਰੂਪ ਸੀ, ਸੋ ਸਪਟ ਹੋ ਗਿਆ, ਕੋਈ ਨਵੀਂ ਗਲ ਨਹੀਂ ਹੋਈ। ਤਿਉਂ ਹੀ ਅਗਿਆਨ ਨਿੰਦ੍ਰਾ ਵਿੱਚ ਸੁੱਤਾ ਹੋਇਆ ਜੀਵ-ਆਤਮਾ, ਸੁਪਨ ਦੇਖ ਰਿਹਾ ਹੈ। ਮੈਂ ਬ੍ਰਾਹਮਣ ਆਦਿ ਜਾਤੀ ਵਾਲਾ ਹਾਂ, ਮੈਂ ਸਭ ਤੋਂ ਵੱਡਾ ਧਨੀ ਹਾਂ, ਮੇਰਾ ਮਜ੍ਹਬ ਸਭ ਤੋਂ ਉੱਚਾ ਹੈ। ਮੈਂ ਹਰ ਪ੍ਰਕਾਰ ਦੀ ਕਤੀ-ਸੰਪੰਨ ਹਾਂ, ਮੇਰੀ ਪਾਰਟੀ ਬੜੀ ਬਰਦਸਤ ਹੈ, ਮੈਂ ਜੋ ਭੀ ਚਾਹਾਂ ਕਰ ਸਕਦਾ ਹਾਂ। ਇਹ ਮੇਰਾ ਤ੍ਰੂ ਹੈ, ਇਸਨੂੰ ਮੈਂ ਛੇਤੀ ਹੀ ਨਾ ਕਰਾਂਗਾ, ਵੱਡੇ-ਵੱਡੇ ਅੰਸਰ ਮੇਰੇ ਯਾਰ ਦੋਸਤ ਹਨ ਅਤੇ ਉਹ ਕਿਹੜੀ ਤਾਕਤ ਹੈ ਜਿਹੜੀ ਮੈਨੂੰ ਦਬਾ ਸਕੇ ਇਤਿਆਦਿ ਅਭਿਮਾਨ ਵਿੱਚ ਗਰਕ ਹੋਏ ਨੂੰ, ਕਿਸੇ ਦਿਆਲੂ ਮਹਾਂਪੁਰ ਨੇ ਉੱਚੀ ਅਵਾ ਨਾਲ ਕਿਹਾ-

**ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ।।** (ਅੰਗ: ੧੭੬)

ਕਿਉਂਕਿ-

**ਤੁਝ ਬਿਨੁ ਪਾਰਬ੍ਰਹਮ ਨਹੀ ਕੋਇ।।** (ਅੰਗ ੧੯੨)

ਬੱਸ! ਨਾ ਸੁਪਨ ਦਾ ਜਗਤ ਰਿਹਾ ਤੇ ਨਾ ਹੀ ਰੀਰ ਰਿਹਾ ਯਾਨੀ ਸੁਪਨ ਦੀ ਕੋਈ ਭੀ ਅੰ ਬਾਕੀ ਨਾ ਰਹੀ ਅਤੇ ਅਸਲੀਅਤ ਆਪਣੇ ਸ੍ਰੂਪ ਵਿੱਚ ਇਸਥਿਤ ਹੋ ਗਈ। ਨਾ ਕੁਝ ਬਣਿਆ ਤੇ ਨਾ ਹੀ ਕੁਝ ਵਿਗੜਿਆ, ਭ੍ਰਾਂਤੀ ਦੂਰ ਹੋ ਗਈ।

ਇਹ ਸਤਿਗੁਰੂ ਦੇ ਅਣੀਆਲੇ ਤੀਰ ਹਨ, ਜਿਸਦੇ ਦਿਲ ਵਿੱਚ ਲਗ ਗਏ ਉਹ ਮੁਰਦਾ ਹੋ ਜਾਂਦਾ ਹੈ ਯਾਨੀ ਉਸਦੀ ਪਰਛਿੰਨਤਾ ਨਟ ਹੋ ਜਾਂਦੀ ਹੈ। ਉਹ ਦੇਹ-ਅਭਿਮਾਨ ਤੋਂ ਰਹਿਤ ਹੋਇਆ, ਮਤਵਾਲਾ ਕਿਤੇ ਪਿਆ ਰਹੇ, ਨਾ ਕੁਝ ਹਾਨੀ ਤੇ ਨਾ ਹੀ ਕੁਝ ਲਾਭ ਪੁੱਜਦਾ ਹੈ। ਬ੍ਰਿੱਛ ਦਾ ਟੁੱਟਾ ਹੋਇਆ ਪਤਾ, ਹਵਾ ਨਾਲ ਉੱਡ ਕੇ, ਚਾਹੇ ਗੰਦੀ ਨਾਲੀ ਵਿੱਚ ਪਿਆ ਰੁਲੇ ਤੇ ਭਾਵੇਂ ਪਵਿਤ੍ਰ ਅਸਥਾਨਾਂ

ਵਿੱਚ ਡਿਗਿਆ ਰਹੇ। ਬਰਮੀ ਉੱਤੇ ਪਈ ਹੋਈ ਸੱਪ ਦੀ ਕੰਜ, ਹਵਾ ਨਾਲ ਹਿਲਦੀ-ਜੁਲਦੀ ਦੇਖ ਕੇ ਨਾਵਾਕੰ ਲੋਕਾਂ ਨੂੰ ਸੱਪ ਹੀ ਭਾਸਦਾ ਹੈ, ਤਿਉਂ ਹੀ ਮੁਰਦਾ ਰੀਰ ਯਾਨੀ ਅਨਾਤਮਾ ਜਾਣ ਕੇ ਤਿਆਗਿਆ ਹੋਇਆ-ਮਮਤਾਹੀਨ ਰੀਰ, ਪ੍ਰਾਰਬਧ ਰੂਪੀ ਵਾਯੂ ਨਾਲ ਹਰਕਤ ਕਰਦਾ, ਅਗਿਆਨੀ ਜੀਵਾਂ ਨੂੰ ਭਾਸਦਾ ਹੈ ਤੇ ਕਈ ਤਰ੍ਹਾਂ ਦੀ ਕਲਪਨਾ ਦਾ ਵਿ ਬਣਦਾ ਹੈ। ਉਸ ਆਤਮਵੇਤਾ ਦੇ ਬਾਹਰਲੇ ਅਸਚਰਜਮਈ ਲੱਛਣਾਂ ਨੂੰ ਦੇਖਕੇ, ਅੰਦਰਲੀ ਇਸਥਿਤੀ ਦਾ ਕੁਝ ਕੁ ਅੰਦਾਾ ਲਗਦਾ ਹੈ ਕਿ ਇਹ ਕੋਈ ਅਗੰਮੀ ਅਸਥਾਨ ਦੀ ਸਪਰਹੀਨ, ਤਾ੍ਹੀ ਤੇ ਸੁਗੰਧੀ ਵਾਲੀ ਹਵਾ ਖਾਣ ਵਾਲਾ ਹੈ। ਉਸ ਸ੍ਵਸੰਵੇਦ ਲੱਛਣ ਨੂੰ ਭਲਾ ਕੌਣ ਜਾਣੇ? ਪਰਸੰਵੇਦ ਯਾਨੀ ਬਾਹਰੋਂ ਦਿਖਾਈ ਦੇਣ ਵਾਲੇ ਲੱਛਣਾਂ ਦ੍ਵਾਰਾ ਹੀ ਕੁਝ ਕੁ ਕਹਿਣ ਵਿੱਚ ਆਉਂਦਾ ਹੈ ਕਿ ਇਹ ਤਾਂ ਅਥਾਹ ਗਹਿਰਾਈ ਵਿੱਚ ਡੁੱਬਿਆ ਹੋਇਆ, ਕਿਸੇ ਅਲੌਕਿਕ ਆਨੰਦ ਦਾ ਰਸਿਕ ਹੈ। ਇਸਦੀ ਨਿਰਾਲੀ ਹਰਕਤ ਮਨ ਨੂੰ ਹੈਰਾਨੀ ਵਿੱਚ ਗਰਕ ਕਰਦੀ ਹੈ। ਕਦੇ ਬਿਲਕੁਲ ਚੁੱਪ, ਬੋਲਦਾ ਹੀ ਨਹੀਂ। ਕਦੇ ਗਾਉਂਦਾ, ਹਸਦਾ, ਬੇਸਮਝ ਜਿਹਾ, ਭਾਰੀ ਵਿਦ੍ਵਾਨ, ਆਤਮਵੇਤਾ, ਮਿੱਟੀ ਨਾਲ ਲਿਬੜਿਆ ਹੋਇਆ, ਸੋਹਣੇ-ਸੋਹਣੇ ਬਸਤ੍ਰਾਂ ਯੁਕਤ, ਭਿਛਿਆ ਮੰਗਦਾ, ਰਾਜਿਆਂ ਮਹਾਰਾਜਿਆਂ ਦ੍ਵਾਰਾ ਸੇਵਤ, ਉੱਤਮ ਉਪਦੇ ਕਰਦਾ ਹੋਇਆ, ਨੰਗੀਂ ਪੈਰੀਂ ਤੁਰਿਆ ਜਾਂਦਾ ਜਾਂ ਹਾਥੀ ਘੋੜੇ ਤੇ ਸਵਾਰ ਹੋਇਆ ਦਿਖਦਾ ਹੈ। ਕੋਈ ਮ੍ਰਬੀ ਚਿੰਨ੍ਹ ਇਸਦਾ ਨਹੀਂ ਦਿਖਦਾ, ਕਿਸ ਸੰਪ੍ਰਦਾਇ ਦਾ ਮੰਨਿਆ ਜਾਵੇ?-ਸੰਨਯਾਸੀ, ਵੈਰਾਗੀ, ਉਦਾਸੀ ਯਾ ਨਿਰਮਲਾ ਆਦਿ ਅਥਵਾ ਹਿੰਦੂ, ਸਿੱਖ ਯਾ ਮੁਸਲਮਾਨ ਆਦਿ ਕਿਸ ਮ੍ਰਬ ਵਾਲਾ ਮੰਨਿਆ ਜਾਵੇ? ਸੱਚ ਤਾਂ ਇਹ ਹੈ ਕਿ ਇਨ੍ਹਾਂ ਉਪ੍ਰੋਕਤ ਅਭਿਮਾਨੀਆਂ ਵਿਚੋਂ ਇਹ ਕੋਈ ਭੀ ਨਹੀਂ ਹੈ, ਇਹ ਨਿਰਬਾਣ, ਵਰਣ-ਆ੍ਰਮ ਤੋਂ ਅਤੀਤ ਇੱਕ ਬ੍ਰਹਮ ਹੈ, ਇਸ ਲਈ ਕਿਸੇ ਭੀ ਕਲਪਨਾ ਦਾ ਵਿ ਨਹੀਂ ਹੈ -

**ਤੂੰ ਵਰਨਾ ਚਿਹਨਾ ਬਾਹਰਾ॥ ਹਰਿ ਦਿਸਹਿ ਹਾਜਰੁ ਜਾਹਰਾ॥**

**(ਅੰਗ ੭੪)**

**ਵਰਨ ਚਿਹਨ ਸਗਲਹ ਤੇ ਰਹਤਾ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ॥**

**(ਅੰਗ ੨੫੯-੬੦)**

ਜਿਸ ਭੀ ਕਲ ਤੇ ਨਾਮ ਵਿੱਚ ਜੋ ਵਸਤੂ ਭਾਸਦੀ ਹੈ, ਉਹ ਇੱਕ ਅਦ੍ਵੈਤ ਆਤਮਾ ਹੀ ਹੈ–

ਜੋ ਕੁਝ ਜਾਤ ਦੇ ਸਮਾਨ ਉਤਪੰਨ ਹੋਇਆ ਭਾਸਣ ਵਾਲਾ ਹਰਕਤ ਕਰਦਾ ਪ੍ਰਤੀਤ ਦਿੰਦਾ ਹੈ ਅਤੇ ਵਸਤੂ ਦੇ ਸਮਾਨ ਕਿਸੇ ਰੂਪ ਵਾਲਾ ਦਿਖਦਾ ਹੈ, ਉਹ ਅਸਲ ਵਿੱਚ ਅਜਨਮਾ, ਅਚਲ ਅਤੇ ਅਵਸਤੂ–ਰੂਪ, ਅਦ੍ਵਿਤੀਯ, ਵਿਗਾਨ, ਂਤ ਆਤਮਾ ਹੀ ਹੈ। **(ਮਾਂ: ਉ: ਅ: ਕਾ: ੪੫)**

ਜਿਸ ਤਰ੍ਹਾਂ ਸਿੱਧੇ–ਟੇਢੇ ਆਦਿ ਰੂਪਾਂ ਵਿੱਚ ਪ੍ਰਤੀਤ ਹੋਣ ਵਾਲਾ ਅਲਾਤ ਦਾ ਸਪੰਦ (ਬਲਦੀ ਹੋਈ ਲਕੜੀ ਦਾ ਘੁੰਮਾਉਣਾ ਹੈ) ਉਸੀ ਪ੍ਰਕਾਰ ਗ੍ਰਹਣ ਅਤੇ ਗ੍ਰਾਹਕ ਰੂਪ ਵਿੱਚ ਭਾਸਣ ਵਾਲਾ ਅਰਥਾਤ ਇੰਦ੍ਰੀਆਂ ਅਤੇ ਉਨਾਂ ਦੇ ਵਿ ਰੂਪ ਵਿੱਚ ਭਾਸਣ ਵਾਲਾ, ਅਵਿਦਾ ਦੇ ਕਾਰਨ ਵਿਗਾਨ (ਵਿ ਗਿਆਨ) ਦਾ ਸਪੰਦ ਹੀ ਹੈ। ਉਹ ਪ੍ਰਤੀਤ ਜਿਹਾ ਹੁੰਦਾ ਹੈ, ਵਾਸਤਵ ਵਿੱਚ ਹੈ ਨਹੀਂ ਕਿਉਂਕਿ ਕ੍ਰਿਆ ਰਹਿਤ ਆਤਮਾ ਵਿੱਚ ਕੋਈ ਹਰਕਤ ਸੰਭਵ ਹੀ ਨਹੀਂ ਹੈ।

**(ਮਾਂ: ਉ: ਅ: ਕਾ: ੪੭)**

ਜਿਸ ਪ੍ਰਕਾਰ ਸਪੰਦ ਰਹਿਤ ਯਾਨੀ ਹਰਕਤ ਤੋਂ ਬਿਨਾ ਅਲਾਤ, ਅਭਾਸ–ੂਨ ਯਾਨੀ ਪ੍ਰਤੀਤੀ ਤੋਂ ਖਾਲੀ ਤੇ ਅਜ (ਵਿਕਾਰਹੀਨ) ਹੈ, ਉਸੀ ਤਰ੍ਹਾਂ ਸਪੰਦ ਰਹਿਤ (ਫੁਰਨੇ ਤੋਂ ਖਾਲੀ) ਵਿਗਾਨ ਭੀ ਅਭਾਸੂ ਨ ਤੇ ਅਜ ਹੈ।

**(ਮਾਂ: ਉ: ਅ: ਕਾ: ੪੮)**

ਅਲਾਤ ਯਾਨੀ ਰਾਤ ਦੇ ਵਕਤ ਬਲਦੀ ਹੋਈ ਲਕੜੀ ਨੂੰ ਘੁਮਾਉਣ ਪਰ ਉਹ ਸਿੱਧੇ ਜਾਂ ਟੇਢੇ ਅਭਾਸ ਆਦਿ ਕਿਤੇ ਬਾਹਰੋਂ ਅਲਾਤ ਵਿੱਚ ਨਹੀਂ ਆ ਜਾਂਦੇ ਅਤੇ ਲਕੜੀ ਦੀ ਹਰਕਤ ਬੰਦ ਹੋ ਜਾਣ ਨਾਲ ਉਹ ਅਭਾਸ ਕਿਸੇ ਹੋਰ ਪਾਸੇ ਨਹੀਂ ਚਲੇ ਜਾਂਦੇ ਤਥਾ ਨਾ ਹੀ ਉਹ ਅਭਾਸ (ਪ੍ਰਤੀਤ ਦੇਣ ਵਾਲੇ) ਅਲਾਤ ਬਲਦੀ ਹੋਈ ਲਕੜੀ ਵਿੱਚ ਪ੍ਰਵੇ ਕਰ ਜਾਂਦੇ ਹਨ। ਕੇਵਲ ਪ੍ਰਤੀਤ ਦੇਣ ਵਾਲੇ ਅਭਾਸ, ਕੁਝ ਵਸਤੂ ਨਾ ਹੋਣ ਦੇ ਕਾਰਨ ਲਕੜੀ ਵਿਚੋਂ ਭੀ ਨਹੀਂ ਨਿਕਲਦੇ ਕਿਉਂਕਿ ਕਿਸੇ ਵਸਤੂ ਦਾ ਹੀ ਪ੍ਰਵੇ ਹੋਣਾ ਤੇ ਨਿਕਲਣਾ ਬਣ ਸਕਦਾ ਹੈ, ਅਵਸਤੂ ਦਾ ਨਹੀਂ। ਇਸੀ ਪ੍ਰਕਾਰ ਆਤਮਾ ਵਿੱਚ ਭੀ ਜੋ ਨਾਨਾ ਪ੍ਰਕਾਰ ਦੀ ਪ੍ਰਤੀਤੀ ਹੋ ਰਹੀ ਹੈ, ਉਹ ਅਲਾਤ ਵਿੱਚ ਹੋਣ ਵਾਲੇ ਅਭਾਸ ਵਾਂਗੂੰ ਹੋਣ ਕਾਰਨ ਕੁਝ ਭੀ ਨਹੀਂ ਹੈ ਕਿਉਂਕਿ ਵਿਗਾਨ (ਵਿ ਗਿਆਨ) ਆਤਮਾ ਦੇ ਸਫੁਰਨ

ਹੋਣ ਪਰ ਭੀ ਉਸਦੇ ਅਭਾਸ ਕਿਤੇ ਬਾਹਰੋਂ ਨਹੀਂ ਆ ਜਾਂਦੇ ਅਤੇ ਸਫੁਰਨ ਰਹਿਤ ਹੋਣ ਪਰ ਕਿਸੇ ਹੋਰ ਪਾਸੇ ਉਹ ਨਹੀਂ ਚਲੇ ਜਾਂਦੇ ਤਥਾ ਨਾ ਵਿਗਾਨ (ਆਤਮਾ) ਵਿੱਚ ਹੀ ਪ੍ਰਵੇ ਕਰ ਜਾਂਦੇ ਹਨ। ਉਹ ਅਭਾਸ ਕੁਝ ਵਸਤੂ ਨਾ ਹੋਣ ਦੇ ਕਾਰਨ ਹੀ ਵਿਗਾਨ ਵਿੱਚੋਂ ਨਹੀਂ ਨਿਕਲਦੇ, ਕਿਉਂਕਿ ਕਾਰਨ-ਕਾਰਜ ਦੀ ਵਿਵਸਥਾ ਹੀ ਕਾਇਮ ਨਹੀਂ ਹੁੰਦੀ। ਇਸ ਲਈ ਜਿਸ ਰੂਪ ਅਤੇ ਨਾਮ ਵਿੱਚ ਜੋ ਭੀ ਕੋਈ ਪ੍ਰਤੀਤੀ ਹੁੰਦੀ ਹੈ, ਉਹ ਅਚਿੰਤਨੀਯ ਹੈ ਯਾਨੀ ਚਿੰਤਨ ਕਰਨ ਦੇ ਯੋਗ ਹੀ ਨਹੀਂ ਯਾਨੀ ਕਿ ਅਨਿਰਵਚਨੀਯ (ਅਕਥ) ਹੈ।

ਇਸ ਉੱਪਰਲੇ ਕਥਨ ਮੁਤਾਬਿਕ ਨਾ ਬਾਹਰਲੇ ਪਦਾਰਥ ਹੀ ਮਨ ਤੋਂ ਉਤਪੰਨ ਹੋਏ ਹਨ ਤੇ ਨਾ ਹੀ ਚਿੱਤ ਬਾਹਰਲੇ ਪਦਾਰਥਾਂ ਤੋਂ ਉਤਪੰਨ ਹੋਇਆ ਹੈ ਕਿਉਂਕਿ ਸਾਰੇ ਹੀ ਧਰਮ, ਆਤਮ (ਵਿਗਾਨ) ਸੂਰੂਪ ਦੇ ਅਭਾਸ (ਪ੍ਰਤੀਬਿੰਬ) ਮਾਤ੍ਰ ਹੀ ਹਨ। ਇਸੀ ਕਾਰਨ ਤੱਤ੍ਵੇਤਾ ਲੋਕ ਕਾਰਨ-ਕਾਰਜ ਦੀ ਉਤਪਤੀ ਸ੍ਵੀਕਾਰ ਨਹੀਂ ਕਰਦੇ ਕਿਉਂਕਿ ਆਤਮਾ ਵਿੱਚ ਕਿਸੇ ਪ੍ਰਕਾਰ ਦੀ ਭੀ ਕਲਪਨਾ ਨਹੀਂ ਹੈ, ਆਤਮਾ ਕੇਵਲ ਅਦ੍ਵੈਤ ਹੈ। ਇਸ ਪ੍ਰਕਾਰ ਗੌਡਪਾਦਾਚਾਰਯ ਨੇ ਆਤਮਾ ਤੋਂ ਭਿੰਨ ਜੋ ਕੁਝ ਭੀ ਭਾਸਦਾ ਹੈ, ਉਸਦਾ ਅਭਾਵ ਪ੍ਰਤਿਪਾਦਨ (ਸਵੀਕ੍ਰਿਤ) ਕੀਤਾ ਹੈ। ਸੁਪਨ ਵਿੱਚ ਮਨ ਹੀ ਨਾਨਾ ਪ੍ਰਕਾਰ ਨਾਲ ਫੈਲਿਆ ਹੋਇਆ ਪ੍ਰਤੀਤ ਜਿਹਾ ਹੋਣ ਲੱਗ ਜਾਂਦਾ ਹੈ। ਉਹ ਪ੍ਰਤੀਤੀ ਜਿਸ ਦ੍ਰਿਟਾ ਦਾ ਦ੍ਰਿ ਹੁੰਦੀ ਹੈ, ਉਸ ਦ੍ਰਿਟਾ ਦਾ ਉਹ ਕਲਪਨਾ ਕਰਨ ਵਾਲਾ ਮਨ ਭੀ ਦ੍ਰਿ ਹੀ ਹੈ। ਇਸ ਲਈ ਆਤਮਾ ਤੋਂ ਸਿਵਾਏ ਮਨ ਕੁਝ ਵਸਤੂ ਨਹੀਂ ਯਾਨੀ ਮਨ ਆਤਮਾ ਹੀ ਹੈ। ਇਸ ਪ੍ਰਕਾਰ ਦਾ ਅਚਿੰਤਨੀਯ ਆਤਮਾ ਕਿਸੇ ਬਦ ਦਾ ਵਿ ਨਹੀਂ ਹੈ-

ਉਸ ਜਗ੍ਹਾ ਤੋਂ ਬਾਣੀ (ਕਥਨ ਕਰਨ ਵਾਲੀ ਕਤੀ) ਉਸ ਨੂੰ ਨਾ ਪ੍ਰਾਪਤ ਕਰਕੇ ਮਨ ਸਹਿਤ ਵਾਪਸ ਮੁੜ ਆਉਂਦੀ ਹੈ। **(ਤੈ: ਉ: ੨।੪।੧)**

ਇਹ ਪ੍ਰੀਤਮ ਯਾਨੀ ਨਿੱਤ-ਮੁਕਤ ਆਤਮਾ ਪ੍ਰੇਮ ਤੋਂ ਬਿਨਾਂ ਨਾਨਾ ਪ੍ਰਕਾਰ ਦੇ ਸਾਧਨ ਤੇ ਅਨੰਤ ਕਰਮਾਂ ਦ੍ਵਾਰਾ ਪ੍ਰਾਪਤ ਹੋਣ ਵਾਲਾ ਨਹੀਂ ਹੈ, ਇਹ ਤਾਂ ਘੁੱਟ ਕੇ ਮਿਲਦਾ ਹੈ ਯਾਨੀ ਆਪਣਾ ਸੂਰੂਪ ਹੋ ਕੇ ਪ੍ਰਗਟ ਹੁੰਦਾ ਹੈ ਕੇਵਲ ਇੱਕ ਪ੍ਰੇਮ ਨਾਲ। ਪ੍ਰੀਤਮ ਦੀ ਪ੍ਰੀਤੀ ਵਿੱਚ ਡੁੱਬਿਆ ਹੋਇਆ ਚਿੱਤ ਹੀ ਸੰਸਾਰਿਕ ਸੁਖਾਂ ਵਿਚੋਂ ਨਿਕਲ ਸਕਦਾ ਹੈ-

**ਚਰਨ ਕਮਲ ਸਿਉ ਲਾਗੀ ਪ੍ਰੀਤਿ॥ ਆਨ ਸੁਖਾ ਨਹੀ ਆਵਹਿ ਚੀਤਿ॥**

**(ਅੰਗ ੧੯੬)**

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**

**(ਅੰਗ ੬੫੯)**

**ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ**
**ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥ ਰਹਾਉ॥**
**ਰੋਮਿ ਰੋਮਿ ਮਨਿ ਤਨਿ ਇਕ ਬੇਦਨ**
**ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥**
**ਬੈਦਕ ਨਾਟਿਕ ਦੇਖਿ ਭੁਲਾਨੇ**
**ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥** (ਅੰਗ ੮੩੬)

## *ਦੇਹ ਰਹਿਤ ਸਤਿਗੁਰੂ*

ਆਤਮ-ਵਸਤੂ ਦੀ ਪ੍ਰਾਪਤੀ ਸ੍ਰੀ ਸਤਿਗੁਰੂ ਦੇਵ ਜੀ ਦੇ ਮਹਾਂਵਾਕਾਂ ਦੁਆਰਾ ਹੁੰਦੀ ਹੈ, ਕ੍ਰੋੜਾਂ ਕਰਮਾਂ ਦੇ ਕਰਨ ਨਾਲ ਭੀ ਨਹੀਂ-

**ਬਿਨ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ॥**

**(ਅੰਗ ੪੦)**

ਸਤਿਗੁਰੂ ਤਾਂ ਮਿਲਦੇ ਹਨ ਜੇ ਆਤਮ-ਦਰਨ ਦੀ ਚਿੱਤ ਵਿੱਚ ਵਿਆਕੁਲਤਾ ਹੋਵੇ, ਇਹ ਨਿਰਸੰਯ ਗੱਲ ਹੈ। ਪੂਰੇ ਸਤਿਗੁਰੂ ਆਤਮਾ ਯਾਨੀ ਬ੍ਰਹਮ ਹੀ ਹਨ ਉਹ ਨਿਰਗੁਣ (ਰੀਰ ਰਹਿਤ ਬ੍ਰਹਮ) ਅਗਿਆਨੀ ਜੀਵਾਂ ਨੂੰ ਰੀਰ ਵਾਲਾ ਦਿਖਦਾ ਹੈ, ਇਸ ਲਈ ਕਿ ਆਤਮ-ਦਰਨ ਖਾਤਰ ਤੜਪਦੇ ਜਗਾਸੂ ਰਣ ਗ੍ਰਹਿਣ ਕਰਕੇ ਮਹਾਂਵਾਕ ਸੁਨਣ ਤੇ ਾਂਤ ਹੋ ਜਾਣ। ਇਹੋ ਹੀ ਪ੍ਰਭੂ ਹੈ, ਜਿਸਨੇ ਆਪਣਾ ਅਸਲੀ ਸ੍ਵਰੂਪ ਦਿਖਾਕੇ ਜਗਾਸੂ ਜਨਾ ਨੂੰ ਆਪਣੇ ਨਾਲ ਅਭੇਦ ਕਰਨਾ ਹੈ-

**ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ॥** (ਅੰਗ ੭੧੦)

**ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥**

**ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥** (ਅੰਗ ੪੪੨)

**ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥**

(ਅੰਗ ੧੧੪੨)

ਪ੍ਰਭੂ ਨਾਲ ਅਭੇਦ ਸਤਿਗੁਰੂ, ਸਿਖ ਨੂੰ ਆਪਣਾ ਸ੍ਰੂਪ ਬਣਾ ਲੈਂਦਾ ਹੈ, ਫਿਰ ਉਹ ਸਿੱਖ ਵੀ ਇਸ ਪਦਵੀ ਵਾਲਾ ਹੋਕੇ ਜੀਵਾਂ ਦਾ ਅਗਿਆਨ ਨਟ ਕਰਨ ਵਿੱਚ ਸਮਰਥ ਹੋ ਜਾਂਦਾ ਹੈ ਕਿਉਂਕਿ ਸਤਿਗੁਰੂ ਨੇ ਉਸ ਨੂੰ ਆਪਣਾ ਰੂਪ ਬਣਾ ਲਿਆ ਹੈ। ਪਿਤਾ ਤੋਂ ਉਤਪੰਨ ਹੋਇਆ ਪੁਤ੍ਰ, ਆਪਣੇ ਪਿਤਾ ਦਾ ਤਾਂ ਪੁਤ੍ਰ ਹੀ ਹੈ ਪਰ ਆਪਣੇ ਬਚਿਆਂ ਦਾ ਪਿਤਾ ਹੀ ਹੁੰਦਾ ਹੈ। ਜੌਹਰੀ ਆਪਣੇ ਾਗਿਰਦ ਨੂੰ ਜੌਹਰੀ ਬਣਾ ਹੀ ਦਿਆ ਕਰਦਾ ਹੈ, ਇਹ ਕੋਈ ਅਸਚਰਜ ਜਾਂ ਅਣਹੋਣੀ ਗੱਲ ਨਹੀਂ।

ਸਤਿਗੁਰੂ ਪਰਮ-ਪਾਰਸ ਹੈ ਕਿਉਂਕਿ ਪਾਰਸ ਤਾਂਬੇ ਨੂੰ ਸੋਨਾ ਤਾਂ ਬਣਾ ਦਿੰਦਾ ਹੈ ਪ੍ਰੰਤੂ ਆਪਣੇ ਤੁਲ ਪਾਰਸ ਨਹੀਂ ਬਣਾਉਂਦਾ। ਗੁਰੂ, ਸਿਖ ਨੂੰ ਆਪਣੇ ਸਮਾਨ ਹੀ ਕਰ ਲੈਂਦਾ ਹੈ ਇਸ ਲਈ ਪਰਮ-ਪਾਰਸ ਹੈ। ਜਦ ਪੂਰਬਲੇ੍ਭ ਕਰਮਾਂ ਅਨੁਸਾਰ ਪੂਰੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ ਤਾਂ ਬੱਜਰ ਦੀ ਤਰ੍ਹਾਂ ਅਤੀ ਦ੍ਰਿੜ੍ਹ ਜੋ ਪੰਜ ਕੋ ਅਨਾਤਮਾ ਰੂਪੀ ਕਿਵਾੜ ਲਗੇ ਹੋਏ ਹਨ, ਉਸੀ ਵੇਲੇ ਨਾ ਹੋ ਜਾਂਦੇ ਹਨ। ਗੁਰੂ-ਉਪਦੇ ਨਾਲ ਮਨ ਸੰਕਲਪ ਰਹਿਤ ਹੋ ਕੇ ਆਤਮਾ ਵਿੱਚ ਹੀ ਲੀਨ ਹੋ ਜਾਂਦਾ ਹੈ। ਉਸ ਅਜਿਹੀ ਆਤਮ-ਦਰਨ ਅਵਸਥਾ ਵਿੱਚ ਭ੍ਰਮ, ਬੰਧਨ ਤੇ ਕਾਮ ਆਦਿ ਵਿਕਾਰ ਕਿੱਥੇ ਰਹਿ ਸਕਦੇ ਹਨ? ਇਹ ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਦੇ ਚੜ੍ਹਦੇ ਹੀ, ਰਾਤ੍ਰੀ ਨਾ ਹੋ ਜਾਂਦੀ ਹੈ। ਤਿਉਂ ਹੀ ਗੁਰੂ ਦ੍ਵਾਰਾ ਪ੍ਰਾਪਤ ਮਹਾਂਵਾਕ ਰੂਪੀ ਸੂਰਜ ਨਾਲ ਅਗਿਆਨ ਰੂਪੀ ਰਾਤ੍ਰੀ ਦਾ ਕੋਈ ਭੀ ਵਿਕਾਰ ਨਹੀਂ ਰਹਿੰਦਾ, ਕੇਵਲ ਸ੍ਵਯੰ-ਪ੍ਰਕਾ ਆਤਮਾ ਹੀ ਰਹਿ ਜਾਂਦਾ ਹੈ। ਇਹੀ ਨਿਤ-ਅਚਲ ਇਸਥਿਤੀ ਸਤਿਗੁਰੂ ਦੀ ਆਪਣੀ ਹੁੰਦੀ ਹੈ ਅਤੇ ਸਿੱਖ ਭੀ ਉਸ ਇਸਥਿਤੀ ਵਾਲਾ ਹੋ ਜਾਂਦਾ ਹੈ, ਇਸ ਲਈ ਗੁਰੂ ਪਰਮ-ਪਾਰਸ ਹੈ-

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥**
**ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥**
**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥** (ਅੰਗ ੩੪੬)

**ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ॥**
**ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ॥**
**ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥**
**ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥** (ਅੰਗ ੪੯੦-੯੧)

**ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ॥**
**ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ॥**

(ਅੰਗ ੯੭੦)

ਗੁਰੂ ਕ੍ਰਿਪਾ ਨਾਲ ਜਿਸ ਦੀ ਗਿਆਨ ਦੁਆਰਾ ਅਵਿਦਾ ਨਟ ਹੋ ਚੁਕੀ ਹੈ- ਦ੍ਵੈਤ ਦੇ ਅਭਾਵ ਹੋਣ ਨਾਲ ਜੋ ਅਦ੍ਵੈਤ-ਰੂਪ ਵਿੱਚ ਇਸਥਿਤ ਹੈ, ਉਹ ਸਾਖਾਤ ਨਿਰਵੈਵ (ਨਾਂ ਬਦਲਨ ਵਾਲਾ), ਵਿਆਪਕ, ਅਸੰਗ ਤੇ ਅਵਿਨਾਸੀ ਪ੍ਰਭੂ ਹੀ ਹੈ। ਉਹ ਆਪਣੇ ਸ੍ਰੂਪ ਆਤਮਾ ਦਾ ਗਿਆਨ ਕਰਾਉਣ ਵਿੱਚ ਸਮਰਥ ਹੈ, ਇਸ ਲਈ ਉਹ ਗੁਰੂ ਹੈ। ਗੁਰੂ ਪਦ ਦੀ ਯੋਗਤਾ ਪ੍ਰਾਪਤ ਕਰਕੇ, ਗਿਆਨ ਦ੍ਵਾਰਾ ਸੁੱਤੇ ਹੋਏ ਜੀਵਾਂ ਦੀ ਅਗਿਆਨ ਨਿੰਦ੍ਰਾ ਤੋੜਕੇ, ਆਪਣੇ ਸ੍ਰੂਪ ਦੀ ਸੋਝੀ ਕਰਾਉਣ ਵਾਲਾ ਪੂਰਾ ਸਤਿਗੁਰੂ ਹੈ। ਜੋ ਆਪ ਜਾਗ ਰਿਹਾ ਹੈ, ਉਹ ਦੂਜੇ ਕਿਸੇ ਸੁੱਤੇ ਹੋਏ ਨੂੰ ਕਿਉਂ ਨਹੀਂ ਜਗਾ ਸਕਦਾ ਜਦ ਕਿ ਜਗਾਉਣ ਵਿੱਚ ਕੋਈ ਪ੍ਰਤੀਬੰਧਕ (ਰੁਕਾਵਟ) ਹੀ ਨਹੀਂ? ਸਤਿਗੁਰੂ ਉਹੋ ਹੋ ਸਕਦਾ ਹੈ ਜਿਸਨੇ ਸਰਬ ਉਪਾਧੀ ਰਹਿਤ ਆਤਮਾ ਨੂੰ ਸਾਖਾਤ ਬ੍ਰਹਮ ਰੂਪ ਕਰਕੇ ਜਾਣਿਆ ਹੈ। ਅਜਿਹੇ ਪੁਰ ਵਿੱਚ ਗੁਰੂ ਪਦ ਦੀ ਯੋਗਤਾ ਦਾ ਸੰਦੇਹ ਹੀ ਕੀ ਹੈ?-

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥** (ਅੰਗ ੨੮੬)

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥**

(ਅੰਗ ੧੬੮)

**ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥**

**ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥**

**(ਅੰਗ ੧੪੦)**

ਗੁਰੂ ਦਾ ਉੱਤਮ ਿ ਭੀ ਜੇਕਰ ਗੁਰੂ ਨਹੀਂ ਬਣ ਸਕਦਾ ਤਾਂ ਫਿਰ ਇਹ ਤਾਂ ਆਪਣੇ ਪੂਜ ਸਤਿਗੁਰੂ ਦਾ ਅਪਮਾਨ ਹੈ-ਇਹ ਬਚਨ ਮਹਾਂਪੁਰਾਂ ਵਿੱਚ ਅਗਿਆਨ ਨੂੰ ਸਿੱਧ ਕਰਨ ਵਾਲਾ ਹੈ। ਜੋ ਗੁਰੂ ਭੀ ਹਨ ਤੇ ਗਿਆਨ ਭੀ ਨਹੀਂ ਕਰਾ ਸਕਦੇ, ਇਹ ਤਾਂ ਕਥਨ ਹੀ ਵਿਰੁਧ ਹੈ, ਜਿਉਂ ਕੋਈ ਕਹੇ ਪ੍ਰਕਾ ਅੰਧੇਰਾ ਨਹੀਂ ਉਡਾ ਸਕਦਾ ਜੇ ਉਹ ਪ੍ਰਕਾ ਹੈ ਤਾਂ ਅੰਧੇਰਾ ਨਾ ਕਿਉਂ ਨਹੀਂ ਕਰਦਾ? ਆਪਣੇ ਬੁਰਗ ਜੋ ਆਪਣੀ ਸੰਪ੍ਰਦਾਇ ਦੇ ਆਦਿ ਕਰਤਾ ਹੋਣ, ਉਹ ਗੁਰੂਆਂ ਦੇ ਭੀ ਗੁਰੂ ਸਤਿਕਾਰਯੋਗ ਇਟ ਰੂਪ ਹੋਣ ਕਰਕੇ ਸਦਾ ਪੂਜਨੀ ਹਨ ਪ੍ਰੰਤੂ ਇਹ ਗੱਲ ਸੰਭਵ ਨਹੀਂ ਕਿ ਆਪਣੇ ਪੂਜਯ ਗੁਰੂਆਂ ਦੇ ਸਿੱਖਾਂ ਵਿੱਚੋਂ ਕਿਸੇ ਨੂੰ ਆਤਮ- ਗਿਆਨ ਨਹੀਂ ਹੋ ਸਕਿਆ। ਜੇ ਆਤਮ-ਗਿਆਨ ਕਿਸੇ ਨੂੰ ਹੋਇਆ ਹੈ ਤਾਂ ਫਿਰ ਉਸ ਵਿੱਚ ਗੁਰੂ ਪਦ ਆਉਣ ਦੀ ਰੁਕਾਵਟ ਕੀ ਹੈ? ਹਾਂ, ਇਹ ਗੱਲ ਵੱਖਰੀ ਹੈ ਕਿ ਉਹ ਮਹਾਂਪੁਰ, ਆਪਣੇ ਵੱਡਿਆਂ ਨੂੰ ਉਨ੍ਹਾਂ ਦੇ ਸਤਿਕਾਰ ਲਈ ਗੁਰੂ ਪਦ ਉਨ੍ਹਾਂ ਵਿੱਚ ਹੀ ਰੱਖਣ ਅਤੇ ਆਪਣੇ ਵਿੱਚ ਨਿਰਮਾਣਤਾ ਦੇ ਕਾਰਨ ਨਾ ਮੰਨਣ ਪ੍ਰੰਤੂ-

**ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥** **(ਅੰਗ ੪੯੦)**

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥** **(ਅੰਗ ੪੪੪)**

ਇਨ੍ਹਾਂ ਬਚਨਾਂ ਮੁਤਾਬਿਕ ਤੇ ਅਨੁਭਵ ਦ੍ਵਾਰਾ ਗੁਰੂ ਪਦ ਦੀਂ ਕਾ ਕੋਈ ਨਹੀਂ ਰਹਿੰਦੀ। ਇਹ ਕੋਈ ਰੂਰੀ ਨਹੀਂ ਕਿ ਪ੍ਰਭੂ ਸ੍ਵਰੂਪ ਹੋਏ ਗਿਆਨਵਾਨ ਵਾਸਤੇ ਗੁਰੂ ਬਦ ਵਰਤਣਾ ਹੀ ਚਾਹੀਏ। ਭਾਵੇਂ ਉਸ ਨੂੰ ਬ੍ਰਹਮ-ਗਿਆਨੀ, ਗੁਰਸਿਖ, ਗੁਰਮੁਖਿ, ਸੰਤ, ਮਹਾਂਪੁਰ ਅਤੇ ਮਾਸਟਰ ਆਦਿ ਨਾਮਾਂ ਦ੍ਵਾਰਾ ਪੁਕਾਰੋ ਅਥਵਾ ਉਪ੍ਰੋਕਤ ਕੋਈ ਨਾਮ ਭੀ ਨਾ ਦੇਵੋ ਪ੍ਰੰਤੂ ਉਹ ਜਗਾਸੂ ਨੂੰ ਆਪਣੇ ਸ੍ਵਰੂਪ ਦਾ ਗਿਆਨ ਕਰਾ ਕੇ, ਪ੍ਰਮਾਤਮਾ ਨਾਲ ਅਭੇਦ ਅਵੱ ਕਰਦਾ ਹੈ। ਉਸ ਅਵਸਥਾ ਵਿੱਚ ਯਾਨੀ ਜਿਸ ਨਿਰੰਕਾਰ ਤੱਕ ਮਨ ਅਤੇ ਬਾਣੀ ਪੁੱਜ ਹੀ ਨਹੀਂ ਸਕਦੇ,

ਉਸ ਵਿੱਚ ਗੁਰੂ ਅਤੇ ਸਿਖ ਇਹ ਦੋ ਬਦ ਭੀ ਕਿੱਥੇ ਰਹਿਣ ਵਾਲੇ ਹਨ? ਪ੍ਰਭੂ ਦਰਨਾਂ ਦੇ ਜਗਾਸੂ ਦਾ ਉਨ੍ਹਾਂ ਪੁਰਾਂ ਪਾਸੋਂ ਮਤਲਬ ਹਲ ਹੋ ਜਾਂਦਾ ਹੈ ਭਾਵੇਂ ਗੁਰਬਾਣੀ ਦੇ ਬਚਨਾਂ ਰਾਹੀਂ ਜਾਂ ਸੁਤੰਤ੍ਰ ਅਨੁਭਵ ਨਾਲ। ਗਿਆਨਵਾਨਾਂ ਦੇ ਬਚਨ ਤਾਂ ਇੱਕੋ ਜਿਹੇ ਹੀ ਹੁੰਦੇ ਹਨ, ਇਸ ਲਈ ਫਜ਼ੂਲ ਹੀ ਗੁਰੂ ਬਦ ਵਾਸਤੇ ਰੌਂ ਪਾਉਣਾ ਹੈ, ਗੁਰ-ਗੱਦੀ ਦੇ ਮਾਲਕ ਆਦਿ ਤੋਂ ਚਲੇ ਆ ਰਹੇ, ਉਹੀ ਪੂਜਨੀਯ ਮਹਾਂਪੁਰ ਰਹਿਣ। ਗਿਆਨਵਾਨ ਨੂੰ ਬਜਾਏ ਗੁਰੂ ਦੇ ਭਾਵੇਂ ਸਿਖ ਕਹਿ ਦਿਉ ਤਾਂ ਕੀ ਘਟਦਾ ਹੈ? ਮਤਲਬ ਤਾਂ ਸਾਨੂੰ ਆਤਮਾ ਦੀ ਨਾਖਤ (ਪਛਾਣ) ਦ੍ਵਾਰਾ ਵਾਹਿਗੁਰੂ ਨਾਲ ਅਭੇਦ ਹੋਣ ਦਾ ਹੀ ਹੈ, ਸੋ ਪੂਰਾ ਹੋ ਜਾਂਦਾ ਹੈ।

ਆਪਣੇ ਆਤਮਾ ਬ੍ਰਹਮ ਵਿੱਚ ਇਸਥਿਤ ਹੋ ਕੇ ਗਿਆਨਵਾਨਾਂ ਦੇ ਉਚਾਰੇ ਹੋਏ ਬਚਨ, ਉਨ੍ਹਾਂ ਦਾ ਸ੍ਵਰੂਪ ਹੀ ਹੁੰਦੇ ਹਨ। ਇਹ ਠੀਕ ਹੈ ਜਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ, ਗੁਰੂਆਂ ਦ੍ਵਾਰਾ ਉਚਾਰੇ ਹੋਏ ਹੋਣ ਦੇ ਕਾਰਨ, ਗੁਰੂ-ਸ੍ਵਰੂਪ ਹੀ ਹਨ ਪ੍ਰੰਤੂ ਇਹ ਨਿਯਮ ਪਰਿਛਿੰਨਤਾ ਵਿੱਚ ਨਹੀਂ ਰਹਿੰਦਾ, ਵਿਆਪਕ ਹੋ ਜਾਂਦਾ ਹੈ ਯਾਨੀ ਗਿਆਨਵਾਨ ਕੋਈ ਭੀ ਹੋਵੇ-ਹਿੰਦੂ, ਮੁਸਲਮਾਨ, ਸਿਖ ਤੇ ਈਸਾਈ ਆਦਿ ਸਾਰਿਆਂ ਦੀ ਬਾਣੀ ਉਨ੍ਹਾਂ ਦਾ ਸ੍ਵਰੂਪ ਹੀ ਹੈ। ਲੇਕਿਨ ਉਨ੍ਹਾਂ ਗਿਆਨਵਾਨ ਮਹਾਂਪੁਰਾਂ ਦੀ ਬਾਣੀ, ਜਗਾਸੂ ਜਨਾਂ ਦੇ ਪਾਸ ਹੁੰਦਿਆਂ ਹੋਇਆਂ ਭੀ ਆਤਮ-ਦਰਨ ਲਈ, ਕਿਸੇ ਉੱਚ ਜੀਵਨ ਵਾਲੇ ਗਿਆਨੀ ਯਾਨੀ ਅਨੁਭਵੀ ਪੁਰ ਦੀ ਸਹਾਇਤਾ ਅਵੱ ਚਾਹੀਏ।

ਅਨੁਭਵੀ ਡਾਕਟਰਾਂ ਦ੍ਵਾਰਾ ਰਚਿਤ ਕਿਤਾਬਾਂ ਨੂੰ ਪੜ੍ਹਾ ਕੇ, ਰੀਰ ਨੂੰ ਚੀਰ ਫਾੜ ਕੇ, ਅੰਗ-ਅੰਗ ਜੁਦਾ ਕਰਨਾ ਤੇ ਹਰ ਪ੍ਰਕਾਰ ਦੀ ਵਾਕੰੀ ਕਰਨੀ ਅਤੇ ਵਿਦਾਰਥੀਆਂ ਨੂੰ ਕਰਾਉਣੀ, ਇਹ ਅਨੁਭਵੀ ਡਾਕਟਰਾਂ ਦਾ ਹੀ ਕੰਮ ਹੈ। ਕੇਵਲ ਕਿਤਾਬਾਂ ਪੜ੍ਹਕੇ ਬਿਨਾਂ ਅਨੁਭਵੀ ਡਾਕਟਰ ਦੀ ਸਹਾਇਤਾ ਦੇ, ਕੋਈ ਭੀ ਵਿਦਾਰਥੀ, ਡਾਕਟਰ ਨਹੀਂ ਬਣ ਸਕਦਾ। ਅਨੁਭਵੀ ਇੰਜਨੀਅਰ ਦੀ ਸਹਾਇਤਾ ਤੋਂ ਬਿਨਾਂ, ਕੋਈ ਵਿਦਾਰਥੀ ਨਿਰਾ ਕਿਤਾਬਾਂ ਪੜ੍ਹਕੇ, ਇੰਜਨੀਅਰ ਨਹੀਂ ਬਣ ਜਾਂਦਾ। ਰਾਗ ਵਿਦਾ ਦੀਆਂ ਕੇਵਲ ਕਿਤਾਬਾਂ ਪੜ੍ਹਕੇ, ਬਿਨਾਂ ਹੀ ਕਿਸੇ ਅਨੁਭਵੀ ਰਾਗੀ ਤੋਂ, ਕੋਈ ਵਿਦਾਰਥੀ ਸੁਰ ਗਿਆਨ ਦਾ ਗਿਆਤਾ ਹੋ ਕੇ, ਰਾਗੀ ਬਣਦਾ ਨਹੀਂ ਦੇਖਿਆ। ਉਪ੍ਰੋਕਤ ਕਿਤਾਬਾਂ ਅਨੁਭਵੀ ਪੁਰਾਂ ਦ੍ਵਾਰਾ ਲਿਖੀਆਂ ਹੋਣ ਦੇ

ਕਾਰਨ ਹਰ ਇੱਕ ਵਿ ਨੂੰ ਖੋਲ੍ਹਣ ਲਗਿਆਂ, ਕੋਈ ਕਸਰ ਨਹੀਂ ਛੱਡੀ ਗਈ ਪ੍ਰੰਤੂ ਪ੍ਰੈਕਟੀਕਲ (ਤਜਰਬਾ) ਕੌਣ ਕਰਾਵੇ? ਵਿਦਾਰਥੀ ਨੂੰ ਉਹ ਸਾਰੇ ਪ੍ਰੈਕਟੀਕਲ ਤਾਂ ਕੋਈ ਉਹੀ ਕਰਾਵੇ, ਜਿਸਨੇ ਕਿ ਆਪਣੇ ਹੱਥੀਂ ਸਭ ਕੁਝ ਕੀਤਾ ਹੋਇਆ ਹੋਵੇ। ਇਸ ਲਈ ਤਰਬੇਕਾਰ ਮਾਸਟਰ ਦੀ ਲੋੜ ਅਵੱ ਪੈਂਦੀ ਹੈ। ਇਹ ਰੂਰੀ ਨਹੀਂ ਕਿ ਉਸ ਨੂੰ ਮਾਸਟਰ ਹੀ ਕਿਹਾ ਜਾਵੇ। ਜੇ ਮਾਸਟਰ ਨਾਮ ਅਨੁਕੂਲ ਨਹੀਂ ਤਾਂ ਕੋਈ ਹੋਰ ਨਾਮ ਕਲਪਨਾ ਕਰ ਲਵੋ ਪ੍ਰੰਤੂ ਬਿਨਾਂ ਕਿਸੇ ਅਨੁਭਵੀ ਪੁਰ ਦੇ ਕਾਰਜ ਸਿੱਧੀ ਨਹੀਂ ਹੋ ਸਕਦੀ।

ਬ੍ਰਹਮ ਵਿਦਾ ਦੇ ਗ੍ਰੰਥਾਂ ਨੂੰ ਅਰਥ ਸਹਿਤ ਪੜ੍ਹਾ ਦੇਣ ਦੀ ਕੋਈ ਵਿੰਤਾ ਨਹੀਂ ਹੈ, ਵਿਦ੍ਵਾਨ ਲੋਕ ਪੜ੍ਹਾ ਹੀ ਦਿੰਦੇ ਹਨ ਅਤੇ ਵਿਦਾਰਥੀਆਂ ਦਾ ਅਰਥ ਨੂੰ ਸਮਝ ਲੈਣਾ ਭੀ ਅਸਚਰਜ ਨਹੀਂ, ਸਮਝ ਹੀ ਲਿਆ ਕਰਦੇ ਹਨ। ਕਠਿਨਾਈ ਤਾਂ ਇਹ ਹੈ ਕਿ ਪੜ੍ਹਾਉਣ ਵਾਲਾ ਵਿਦ੍ਵਾਨ ਜੇ ਆਪ ਗ੍ਰੰਥਾਂ ਵਿੱਚ ਕਹੀਆਂ ਗੱਲਾਂ ਦੇ ਮੁਤਾਬਿਕ ਜੀਵਨ ਵਾਲਾ ਨਹੀਂ ਯਾਨੀ ਮਨ, ਇੰਦ੍ਰੀਆਂ, ਰੀਰ ਦਾ ਸੰਜਮ ਤੇ ਆਤਮਾ ਦਾ ਸ੍ਵਰੂਪ ਜਿਸ ਤਰ੍ਹਾਂ ਦਾ ਗ੍ਰੰਥਾਂ ਵਿੱਚ ਆਖਿਆ ਹੈ ਜੇ ਉਸੀ ਪ੍ਰਕਾਰ ਦੇ ਸੰਜਮ ਅਤੇ ਦ੍ਰਿ ਪ੍ਰਪੰਚ ਵਿੱਚੋਂ ਨਿਕਲੀ ਹੋਈ ਬ੍ਰਿਤੀ ਵਾਲਾ ਆਤਮ-ਅਨੁਭਵੀ ਨਹੀਂ ਹੈ ਤਾਂ ਉਹ ਅੱਖਰੀ ਵਿਦ੍ਵਾਨ ਵਿਦਾਰਥੀ-ਸਿਖ ਨੂੰ ਆਤਮਾ ਦਾ ਅਨੁਭਵ ਕਿਸ ਕਰ੍ਹਾਂ ਕਰਾ ਦੇਵੇਗਾ? ਜੋ ਆਪ ਹੀ ਸੁੱਤਾ ਹੋਇਆ, ਸੁਪਨ ਵਿੱਚੇ ਰ, ਸਰਪ ਆਦਿ ਜੀਵਾਂ ਨਾਲ ਘਿਰਿਆ ਹੋਇਆ ਵਿਆਕੁਲ ਹੈ, ਉਹ ਕੋਲ ਹੀ ਸੁੱਤੇ ਹੋਏ ਦੂਜੇ ਮਨੁਖ ਨੂੰ ਸੁਪਨ ਵਿੱਚੇ ਰ ਆਦਿ ਕ੍ਰੁਰ ਜੀਵਾਂ ਤੋਂ ਕਿਸ ਤਰ੍ਹਾਂ ਛੁਡਾ ਦੇਵੇਗਾ? ਕੋਈ ਜਾਗਦਾ ਪੁਰ ਹੀ ਆਵਾ ਮਾਰਕੇ ਉਠਾ ਸਕਦਾ ਹੈ।ਆਤਮਾ ਦਾ ਅਨੁਭਵ ਕੋਈ ਆਤਮ-ਅਨੁਭਵੀ ਹੀ ਕਰਾ ਸਕਦਾ ਹੈ। ਉਸ ਨੂੰ ਸਾਖਾਤ ਪ੍ਰਮਾਤਮਾ ਕਹੋ, ਗੁਰੂ ਕਹੋ ਜਾਂ ਗਿਆਨੀ ਕਹੋ ਜਾਂ ਕੋਈ ਭੀ ਹੋਰ ਨਾਮ ਰੱਖ ਲਵੋ, ਉਹ ਤਾਂ ਪਦ ਹੀ ਬਦਾਂ ਦੀ ਗੰਮਤਾ ਤੋਂ ਪਰੇ ਹੈ।ਮਤਲਬ ਤਾਂ ਕੇਵਲ ਵਾਹਿਗੁਰੂ ਨਾਲ ਅਭੇਦ ਹੋਣ ਦਾ ਹੈ।

ਪ੍ਰਮਾਤਮਾ ਦੇ ਕਿਸੇ ਅਵਤਾਰ ਦੇ ਉਪਦੇ ਦ੍ਵਾਰਾ ਇਹ ਕਾਰਜ ਸਿੱਧ ਹੋ ਜਾਏ, ਪ੍ਰਭੂ ਦੀ ਭੇਜੀ ਹੋਈ ਕਿਸੇ ਉੱਚ ਹਸਤੀ ਦ੍ਵਾਰਾ ਹੋ ਜਾਏ ਅਥਵਾ ਕਿਸੇ ਗਿਆਨੀ ਮਹਾਂਪੁਰ ਦ੍ਵਾਰਾ ਆਤਮ-ਪਦ ਦੀ ਪ੍ਰਾਪਤੀ ਹੋ ਜਾਏ, ਕੁਝ ਭੀਂ ਰਕ ਨਹੀਂ।

ਮੰਲ ਮਕਸੂਦ ਪਰ ਪਹੁੰਚਣ ਲਈ ਸਾਰਾ ਯਤਨ ਹੈ ਕਿਸੇ ਭੀ ਆਤਮ-ਗਿਆਨੀ ਦ੍ਵਾਰਾ ਮੰਲ ਤੈਅ ਕਰ ਲਵੇ ਪ੍ਰੰਤੂ ਅਜਿਹੇ ਮਹਾਂਪੁਰਖ ਹੈਣ ਦੁਰਲਭ। ਇਸ ਲਈ ਅਗਿਆਨੀ ਦੰਭੀਆਂ ਤੋਂ ਬਚਣਾ ਚਾਹੀਏ ਕਿਉਂਕਿ ਉਨ੍ਹਾਂ ਦੇ ਕਾਬੂ ਆਇਆ ਜਗਯਾਸੂ ਬਰਬਾਦ ਹੋ ਜਾਂਦਾ ਹੈ ਭਾਵੇਂ ਉਹ ਕਿਤਨੇ ਹੀ ਪ੍ਰਸਿੱਧ ਵਿਦ੍ਵਾਨ ਭੀ ਕਿਉਂ ਨਾ ਹੋਣ ! ਉਹ ਗਿਆਨ ਰੂਪੀ ਨੇਤ੍ਰਾਂ ਤੋਂ ਹੀਣ ਹੋਣ ਦੇ ਕਾਰਨ, ਜਗਾਸੂ ਨੂੰ ਰਸਤਾ ਕੀ ਦਿਖਾਉਣਗੇ? ਇਸ ਲਈ ਗਿਆਨੀ ਮਹਾਂਪੁਰਾਂ ਦੇ ਮਿਲਾਪ ਤੋਂ ਪਹਿਲਾਂ, ਗੁਰ ਬਾਣੀ ਨੂੰ ਹੀ ਗੁਰੂ ਰੂਪ ਸਮਝ ਕੇ ਜਗਾਸੂ ਅਮਲ ਕਰੇ। ਗੁਰੂ ਦੀ ਤਲਾ ਲਈ ਭਟਕਣ ਦੀ ਲੋੜ ਨਹੀਂ, ਗੁਰੂ ਦੀ ਬਾਣੀ ਹੀ ਗੁਰੂ ਸ੍ਵਰੂਪ ਹੈ। ਰਧਾ, ਪ੍ਰੇਮ ਅਤੇ ਵ੍ਿਾਸ ਚਾਹੀਏ, ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ।

ਕਬੀਰ, ਰਵਿਦਾਸ, ਧੰਨਾ ਤੇ ਨਾਮਦੇਵ ਆਦਿ ਭਗਤ, ਪੂਰਨ ਗਿਆਨਵਾਨ ਹੋਏ ਹਨ, ਅਜਿਹਾ ਨਹੀਂ ਕਿ ਉਹ ਭੇਦ-ਭਗਤੀ ਵਿੱਚ ਹੀ ਰਹੇ ਸਨ ਤੇ ਅਭੇਦ-ਭਗਤੀ ਯਾਨੀ ਆਤਮਾ ਹੀ ਬ੍ਰਹਮ ਹੈ, ਇਸ ਅਨੁਭਵ ਵਾਲੇ ਨਹੀਂ ਹੋਏ, ਕਿੰਤੂ ਆਤਮ-ਗਿਆਨੀ ਸਨ। ਇਸੀ ਵਾਸਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੱਖੀ ਹੈ। ਜੇ ਉਹ ਪਰਮਪਦ ਵਿੱਚ ਪਹੁੰਚੇ ਹੋਏ ਨਾਂ ਹੁੰਦੇ, ਸਾਧਾਰਣ ਭਗਤ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਨੂੰ ਗੁਰੂ ਸਾਹਿਬ ਆਪਣੀ ਬਾਣੀ ਦੇ ਬਰਾਬਰ ਨਹੀਂ ਰੱਖ ਸਕਦੇ ਸਨ ਕਿਉਂਕਿ ਆਤਮ-ਅਨੁਭਵ ਕੀਤੇ ਬਿਨਾਂ ਕੱਚੀ ਬਾਣੀ ਮੰਨੀ ਜਾਂਦੀ ਹੈ। ਆਪਣੀ ਬਾਣੀ ਦੇ ਨਾਲ ਹੀ, ਉਨ੍ਹਾਂ ਦੀ ਬਾਣੀ ਭੀ ਲਿਖੀ ਹੈ। ਇਸ ਲਈ ਉਨ੍ਹਾਂ ਦੀ ਬਾਣੀ ਅਤੇ ਗੁਰੂ ਸਾਹਿਬਾਂ ਦੀ ਬਾਣੀ ਇਕੋ ਹੀ ਦਰਜੇ ਦੀ ਪੱਕੀ ਬਾਣੀ ਅਤੇ ਧੁਰ ਕੀ ਬਾਣੀ ਹੈ। ਧੁਰ ਕੀ ਬਾਣੀ ਦਾ ਮਤਲਬ ਕਿ ਉਹ ਕੋਈ ਨਵੀਂ ਨਹੀਂ, ਪਹਿਲਾਂ ਤੋਂ ਹੀ ਗਿਆਨਵਾਨਾਂ ਦਾ ਇਹ ਨਿਸਚਾ ਤੁਰਿਆ ਆਉਂਦਾ ਹੈ ਕਿ ਇਹ ਨਿਰੰਕਾਰ ਦੇ ਸ੍ਵਰੂਪ-ਗਿਆਨ ਨਾਲ ਸਿੱਧਾ ਸੰਬੰਧ ਰੱਖਣ ਵਾਲੀ ਹੈ ਅਤੇ ਇਸ ਬਾਣੀ ਨਾਲ ਨਿਰਸੰਯ ਹੀ ਆਤਮ-ਦਰਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਹੀ ਗੁਰੂ ਬਾਣੀ ਹੈ, ਇਸ ਲਈ ਕਬੀਰ ਅਤੇ ਰਵਿਦਾਸ ਆਦਿ ਭਗਤਾਂ ਵਿੱਚ ਗੁਰੂ ਪਦ ਸੁਭਾਵਿਕ ਹੀ ਆਉਂਦਾ ਹੈ। ਕਬੀਰ ਆਦਿ ਭਗਤਾਂ ਦੀ ਤਰ੍ਹਾਂ ਹੋਰ ਭੀ ੱਧ ਅੰਤਹਕਰਣ ਵਾਲੇ ਪੁਰਾਂ ਨੂੰ ਆਤਮ-ਗਿਆਨ ਹੋ ਹੀ ਸਕਦਾ ਹੈ ਤੇ ਆਤਮ-

ਗਿਆਨੀ ਦੀ ਬਾਣੀ ਕੱਚੀ ਹੋ ਹੀ ਨਹੀਂ ਸਕਦੀ ਭਾਵੇਂ ਕਿਸੇ ਭੀ ਮ੍ਰਬ ਜਾਂ ਜਾਤੀ ਦਾ ਹੋਵੇ, ਉਹ ਬਾਣੀ ਪੱਕੀ ਹੀ ਹੈ-

ਬ੍ਰਹਮ ਰੂਪ ਅਹਿ ਬ੍ਰਹਮ ਵਿਤ ਤਾ ਕੀ ਬਾਣੀ ਵੇਦ।
ਭਾ ਅਥਵਾ ਸੰਸਕ੍ਰਿਤ ਕਰਤ ਭੇਦ ਭ੍ਰਮ ਛੇਦ।। **(ਵਿ: ਸਾ: ੩।੧੦)**

ਪ੍ਰੰਤੂ ਇਹ ਧਿਆਨ ਦੇਣ ਵਾਲੀ ਗੱਲ ਰੂਰ ਹੈ ਕਿ ਆਤਮ-ਗਿਆਨੀ ਕੋਈ ਵਿਰਲਾ ਹੀ ਹੁੰਦਾ ਹੈ-

**ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।।** **(ਅੰਗ ੫੧)**

ਇਸ ਲਈ ਜਿਹੜੇ ਅਨੰਤ ਵਾਨਾਵਾਂ ਦੇ ਯੁਕਤ ਭੇਖੀ, ਦੰਭੀ ਤੇ ਕੱਚੇ ਗੁਰੂ ਹਨ, ਉਨ੍ਹਾਂ ਤੋਂ ਬਚਣ ਾਤਰ , ਗੁਰੂ ਬਾਣੀ ਪਰ ਹੀ ਰਧਾ, ਵ੍ਿਾਸ ਅਤੇ ਪ੍ਰੇਮ ਹੈ, ਸੋ ਠੀਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਗੀਤਾ ਅਤੇ ਉਪਨਿਦ ਆਦਿ , ਗਿਆਨੀ ਪੁਰਾਂ ਦੁਾਰਾ ਰਚਿਤ ਗ੍ਰੰਥਾਂ ਵਿਚੋਂ, ਜਿਸ ਉੱਤੇ ਵੀ ਰਧਾ ਹੋਵੇ ਜਗਾਸੂ ਉਨ੍ਹਾਂ ਮੁਤਾਬਿਕ ਆਪਣਾ ਜੀਵਨ ਬਣਾਵੇ। ਪ੍ਰਭੂ ਦਰਨ ਦੀ ਤੜ ਪ ਅਤੇ ਵਿਆਕੁਲਤਾ ਵਧ ਜਾਣ ਪਰ, ਕਿਸੇ ਗਿਆਨੀ ਮਹਾਂਪੁਰਖ ਦਾ ਮਿਲਾਪ ਅਵੱ ਹੁੰਦਾ ਹੈ, ਜਿਸ ਦੁਾਰਾ ਜਗਾਸੂ ਪਰਮਪਦ ਪ੍ਰਾਪਤ ਕਰ ਲੈਂਦਾ ਹੈ।

ਇਹ ਬਿਲਕੁਲ ਲਤ ਹੈ ਕਿ ਅਵਤਾਰ ਤੋਂ ਬਿਨਾਂ ਕਿਸੇ ਵਿੱਚ ਭੀ ਗੁਰੂ ਬਦ ਨਹੀਂ ਆ ਸਕਦਾ। ਜੈਸਾ ਆਤਮ-ਗਿਆਨ ਅਵਤਾਰ ਨੂੰ ਹੁੰਦਾ ਹੈ ਵੈਸਾ ਹੀ ਹੋਰ ਗਿਆਨਵਾਨ ਨੂੰ ਭੀ। ਪ੍ਰਭੂ ਨਾਲ ਅਭੇਦਤਾ ਦੋਹਾਂ ਦੀ ਇੱਕੋ ਜੇਹੀ ਹੀ ਹੁੰਦੀ ਹੈ। ਕੋਈ ਭੀ ਦਰਿਆ ਸਮੁੰਦਰ ਵਿੱਚ ਪ੍ਰਵੇ ਕਰੇ, ਸਮੁੰਦਰ ਰੂਪ ਹੋ ਜਾਂਦਾ ਹੈ। ਮਨ, ਇੰਦ੍ਰੀਆਂ ਅਤੇ ਰੀਰ ਰੂਪੀ ਉਪਾਧੀ ਤੋਂ ਰਹਿਤ ਆਪਣਾ ਸ੍ਰੂਪ, ਪ੍ਰਮਾਤਮਾ ਰੂਪ ਜਿਸਨੇ ਭੀ ਅਨੁਭਵ ਕੀਤਾ ਹੈ, ਉਹ ਪ੍ਰਮਾਤਮਾ ਹੀ ਹੈ। ਅਵਤਾਰ ਇਸ ਪ੍ਰਕਾਰ ਦੇ ਸ੍ਰੂਪ ਬਿਨਾਂ, ਕਿਸੇ ਬਿਲਛਣ ਰੂਪ ਵਿੱਚ ਪ੍ਰਵੇ ਵਾਲੇ ਨਹੀਂ ਹੁੰਦੇ। ਉਹ ਅਵਤਾਰ, ਜਿਸ ਨਿਰੰਕਾਰ ਦੇ ਰੂਪ ਨੂੰ ਗਿਆਨਵਾਨ ਅਨੁਭਵ ਕਰਦਾ ਹੈ, ਉਸ ਨਾਲੋਂ ਕੋਈ ਬਿਲਛਣ ਪ੍ਰਮਾਤਮਾ ਦਾ ਰੂਪ ਜਗਾਸੂ ਨੂੰ ਨਹੀਂ ਦਿਖਾ ਦਿੰਦੇ ਹੁੰਦੇ, ਕਿਉਂਕਿ ਪ੍ਰਮਾਤਮਾ ਤਾਂ ਇੱਕ ਹੈ। ਕੇਵਲ ਮਾਇਕ ਤਾਕਤਾਂ ਦੇ ਵੱਧ-ਘੱਟ ਦਿਖਣ ਦੇ ਕਾਰਨ ਕੋਈ ਆਤਮ-ਸ੍ਰੂਪ ਵਿੱਚੋਂ ਰਕ ਨਹੀਂ ਮੰਨਿਆ ਜਾ ਸਕਦਾ। ਗਿਆਨਵਾਨ ਦੀ ਦ੍ਰਿਟੀ ਵਿੱਚ ਮਾਇਕ ਤਾਕਤਾਂ ਤੁੱਛ ਤੇ

ਵਿਨਾਸੀ ਹਨ। ਉਹ ਆਪਣੇ ਸਰੂਪ ਵਿੱਚ ਮਗਨ ਹੋਇਆ, ਇਨ੍ਹਾਂ ਤੁੱਛ ਤਾਕਤਾਂ ਵਲ ਧਿਆਨ ਹੀ ਕਦ ਮਾਰਦਾ ਹੈ? ਪਰ ਇਸਦਾ ਮਤਲਬ ਇਹ ਨਹੀਂ ਕਿ ਮਾਇਆ ਉਸ ਦੇ ਕੰਟਰੋਲ ਵਿੱਚ ਨਹੀਂ ਹੈ। ਆਤਮ-ਗਿਆਨੀ, ਪ੍ਰਮਾਤਮ-ਸਰੂਪ ਹੀ ਹੁੰਦਾ ਹੈ-

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥** **(ਅੰਗ ੨੭੩)**

ਜਦ ਕਿ ਉਹ ਪ੍ਰਮੇਰ ਹੈ ਫਿਰ ਮਾਇਆ ਉਸ ਦੀ ਸੱਤਾ ਵਿੱਚ ਕਰ ਕੀ ਸਕਦੀ ਹੈ? ਕਈਆਂ ਦਾ ਖਿਆਲ ਹੈ ਕਿ ਨਿਰੰਕਾਰ ਦਾ ਸਾਕਾਰ ਹੋਣਾ ਯਾਨੀ ਅਵਤਾਰ ਰੂਪ ਵਿੱਚ ਆਉਣਾ ਬਣ ਹੀ ਨਹੀਂ ਸਕਦਾ। ਬਣ ਸਕਦਾ ਹੈ ਯਾ ਨਹੀਂ ਕਿਸੇ ਤਰ੍ਹਾਂ ਮੰਨ ਲਵੋ ਕਿੰਤੂ ਰੀਰ ਧਾਰਕੇ, ਆਪਣੇ ਸਰੂਪ ਨੂੰ ਸਾਖਾਤ ਨਿਰੰਕਾਰ ਰੂਪ ਵਿੱਚ ਅਨੁਭਵ ਕਰਨ ਵਾਲਾ ਯਾਨੀ ਅਭੇਦ ਇਸਥਿਤੀ ਵਾਲਾ ਨਿਰੰਕਾਰ ਦਾ ਅਵਤਾਰ ਹੀ ਹੈ। ਜੋ ਰੀਰ ਦੇ ਯੁਕਤ ਜੀਵਾਂ ਨੂੰ ਭਾਸੇ ਤੇ ਵਾਸਤਵ ਵਿੱਚ ਰੀਰ ਤੋਂ ਰਹਿਤ ਨਿਰਾਕਾਰ ਇਸਥਿਤੀ ਵਾਲਾ ਹੋਵੇ, ਉਹੀ ਅਵਤਾਰ ਹੈ। ਜੋ ਦੁਖੀ ਜੀਵਾਂ ਦੇ ਸੰਕਟ ਕਟਣ ਲਈ, ਹਰ ਪ੍ਰਕਾਰ ਨਾਲ ਮਾਇਕ ਕਤੀ ਪਰ ਅਧਿਕਾਰ ਜਮਾ ਕੇ ਮੈਦਾਨ ਵਿੱਚ ਆ ਜਾਂਦਾ ਹੈ, ਉਸ ਨੂੰ ਲੋਕ ਅਵਤਾਰ ਕਹਿਣ ਲਗ ਜਾਂਦੇ ਹਨ ਤੇ ਜਿਨ੍ਹਾਂ ਗਿਆਨਵਾਨਾਂ ਪਾਸੋਂ ਜੀਵਾਂ ਦੀ ਪ੍ਰਾਰਬਧ ਮੁਤਾਬਿਕ ਕੋਈ ਕਾਰਜ-ਪਰਉਪਕਾਰ ਕਰਨਾ ਨਹੀਂ ਹੁੰਦਾ ਯਾਨੀ ਸੰਸਾਰ ਵਿੱਚ ਕੋਈ ਪ੍ਰਗਟ ਰੂਪ ਵਿੱਚ ਵਿਵਹਾਰ ਕਰਨਾ ਨਹੀਂ ਹੁੰਦਾ, ਉਨ੍ਹਾਂ ਦੀ ਆਤਮਾਨੰਦ ਵਿੱਚ ਡੁਬੀ ਹੋਈ ਬ੍ਰਿਤੀ ਵਿੱਚ ਸੰਕਲਪ ਹੀ ਨਹੀਂ ਉੱਠਦਾ। ਇਸ ਲਈ ਉਹ ਕਲਪਨਾਵਾਂ ਤੋਂ ਰਹਿਤ ਨਿਰਵਿਕਲਪ ਰਹਿੰਦੇ ਹਨ।

ਜਿਸਨੇ ਵੀ ਨਿਰੰਕਾਰ ਨੂੰ ਜਾਣਿਆ, ਉਹੀ ਗੁਰੂ ਹੈ। ਇਹ ਨਹੀਂ ਕਿ ਪ੍ਰਭੂ ਵਲੋਂ ਘੱਲੇ ਗਏ ਕਿਸੇ ਮਹਾਂਪੁਰ ਨੂੰ ਹੀ ਅਸੀਂ ਗੁਰੂ ਮੰਨਾਂਗੇ ਅਤੇ ਦੂਜੇ ਨੂੰ ਨਹੀਂ-

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥** **(ਅੰਗ ੨੮੬)**

ਜਿਨਿ ਜਾਨਿਆ ਵਾਕ ਕਿਸੇ ਵਿਅਕਤੀ ਵਿ ਵਲ ਇਾਰਾ ਪ੍ਰਗਟ ਨਹੀਂ ਕਰਦਾ ਬਲਕਿ ਕੋਈ ਭੀ ਹੋਵੇ ਯਾਨੀ ਜਿਨਿ (ਜਿਸਨੇ) ਭੀ ਨਿਰੰਕਾਰ ਨੂੰ ਜਾਣਿਆ ਹੈ, ਉਹੀ ਗੁਰੂ ਹੈ। ਜਿਹੜਾ ਆਪ ਨਿਰੰਕਾਰ ਨਾਲ ਅਭੇਦ ਹੋ ਚੁੱਕਾ ਹੈ ਉਹ ਮਨੁਖ

ਨਹੀਂ, ਨਿਰੰਕਾਰ ਹੈ। ਨਿਰੰਕਾਰ ਹੀ ਆਪਣਾ ਰੂਪ, ਆਪਣੇ ਸਿਖ ਨੂੰ ਦਿਖਾ ਸਕਦਾ ਹੈ, ਮਨੁਖ ਨਹੀਂ। ਉਹ ਪ੍ਰਭੂ ਸਭ ਜੀਵਾਂ ਦਾ ਆਪਣਾ-ਆਪ ਯਾਨੀ ਆਤਮਾ ਹੋ ਕੇ ਹਰ ਇਕ ਅੰਤਹਕਰਣ ਵਿੱਚ ਬਿਰਾਜਮਾਨ ਹੈ। ਜਿਸ ਵੀ ਨਿਰਮਲ ਅੰਤਹਕਰਣ ਵਿਚ ਆਤਮਾ ਦ੍ਰਿੜ੍ਹ ਹੋ ਕੇ, ਅਗਿਆਨ ਨਿੰਦ੍ਰਾ ਤੋਂ ਜਾਗਿਆ ਹੈ, ਉਹ ਜਾਗਦਾ ਆਤਮਾ, ਮਲਿਨ ਅੰਤਹਕਰਣ ਵਿੱਚ ਅਗਿਆਨ ਨਿੰਦ੍ਰਾ ਵਿੱਚ ਸੁੱਤੇ ਹੋਏ ਆਤਮਾ ਨੂੰ ਜਗਾਅ ਦਿੰਦਾ ਹੈ ਅਰਥਾਤ ਆਤਮਾ ਹੀ ਆਤਮਾ ਨੂੰ ਜਗਾਉਂਦਾ ਹੈ ਕਿਉਂਕਿ ਆਤਮਾ ਤੋਂ ਭਿੰਨ ਮਨ, ਬੁੱਧੀ, ਇੰਦ੍ਰੀਆਂ ਅਤੇ ਰੀਰ ਆਦਿ ਸੁਪਨ ਰੀਰ ਵਾਂਗੂੰ ਭਾਸਣ ਵਾਲੇ ਅਨਿੱਤ ਹਨ। ਇਹ ਜੜ੍ਹ ਪਦਾਰਥ, ਚੇਤਨ ਵਸਤੂ ਨੂੰ ਨਹੀਂ ਜਾਣ ਸਕਦੇ। ਜਿਉਂ ਸੁਪਨ-ਜਗਤ ਵਿੱਚ ਭਾਸਣ ਵਾਲੇ ਇਸਤ੍ਰੀਆਂ, ਮਰਦ, ਹਾਥੀ ਅਤੇ ਘੋੜੇ ਆਦਿ ਜੀਵਾਂ ਵਿਚੋਂ ਕੋਈ ਭੀ ਸੁਪਨ ਦ੍ਰਿਟਾ ਨੂੰ ਨਹੀਂ ਦੇਖ ਸਕਦਾ ਤੇ ਨਾ ਹੀ ਜਾਣ ਸਕਦਾ ਹੈ ਪ੍ਰੰਤੂ ਸੁਪਨਾਵੀ ਹੀ ਸਭ ਨੂੰ ਦੇਖਦਾ ਤੇ ਜਾਣਦਾ ਹੈ। ਇਸ ਪ੍ਰਕਾਰ ਦੇ ਆਤਮਵੇਤਾ, ਨਿਰੰਕਾਰ ਨਾਲ ਅਭੇਦ ਹੋਏ ਮਹਾਂਪੁਰ ਪਾਸੋਂ ਉਪਦੇ ਲੈਣਾ, ਕਿਸੇ ਮਨੁਖ ਪਾਸੋਂ ਉਪਦੇ ਲੈਣਾ ਨਹੀਂ ਮੰਨਿਆ ਜਾ ਸਕਦਾ। ਅਜਿਹੇ ਮਹਾਂਪੁਰ ਨੂੰ ਜੇ ਗੁਰੂ ਕਹਿ ਦਿੱਤਾ ਜਾਵੇ ਤਾਂ ਉਹ ਗੁਰੂ ਮਨੁਖ ਹੈ ਐਸਾ ਨਹੀਂ ਬਲਕਿ ਅਕਾਲ ਪੁਰਖ ਹੈ ਇਹ ਕਹਿਣ ਵਿੱਚ ਆਵੇਗਾ ਤੇ ਉਹ ਅਕਾਲ ਪੁਰਖ ਆਦਿ, ਅੰਤ ਤੇ ਮਧ-ਤਿੰਨਾਂ ਕਾਲਾਂ ਵਿੱਚ ਇੱਕ-ਰਸ ਰਹਿਣ ਵਾਲਾ ਅਵਿਨਾ ਹੈ, ਇਹ ਰਮ ਸ੍ਰੀ ਗੁਰੂ ਕਲਗੀਧਰ ਜੀ ਨੇ ਆਪਣੇ ਬਚਨਾਂ ਦੁਆਰਾ ਦੱਸੀ ਹੈ-

**ਆਦਿ ਅੰਤ ਏਕੈ ਅਵਤਾਰਾ॥ ਸੋਈ ਗੁਰੂ ਸਮਝੀਅਹੁ ਹਮਾਰਾ॥**

(ਦ: ਗ੍ਰੰ:)

ਜੇ ਗਿਆਨਵਾਨ ਅਤੇ ਪ੍ਰਮੇਰ ਵਿੱਚ ਭੇਦ ਮੰਨਿਆ ਜਾਵੇ ਤਾਂ-

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥** (ਅੰਗ ੨੭੩)

ਇਹ ਵਾਕ ਉਸਤਤੀ ਮਾਤ੍ਰ ਹੀ ਰਹਿ ਜਾਂਦੇ ਹਨ। ਜਿਉਂ ਕੋਈ ਕਹੇ ਕਿ ਇਹ ਬਾਲਕ ਅਗਨੀ ਹੈ ਪ੍ਰੰਤੂ ਬਾਲਕ, ਅੱਗ ਨਹੀਂ ਹੋ ਸਕਦਾ, ਹਾਂ! ਅੱਗ ਦੀ ਤਰ੍ਹਾਂ ਤੇਜੱਸ੍ਵੀ ਹੈ, ਇਉਂ ਉਸਤਤੀ ਵਾਕ ਹੈ। ਦਲਜੀਤ ਤਾਂ ਰ ਹੈ, ਦਲਜੀਤ ਯੁਵਾ ਅਵਸਥਾ ਵਾਲਾ ਲੜਕਾ ਰ ਨਹੀਂ ਹੋ ਸਕਦਾ, ਰ ਜਿਹੇ ਨਿਰਭੈ ਦਿਲ ਅਤੇ

ਬਲ ਵਾਲਾ ਹੈ, ਇਹ ਮਤਲਬ ਹੈ। ਤਿਉਂ ਹੀ ਬ੍ਰਹਮ ਗਿਆਨੀ ਨੂੰ ਪ੍ਰਮੇਰ ਦੀ ਉਪਮਾ ਨਹੀਂ ਦਿੱਤੀ ਗਈ ਕਿੰਤੂ ਬ੍ਰਹਮ ਗਿਆਨੀ ਆਪ ਪ੍ਰਮੇਰ ਹੈ–

**ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ॥**

**(ਅੰਗ ੨੦੮)**

ਇਹ ਗੱਲ ਵੱਖਰੀ ਹੈ ਕਿ ਲੱਖਾਂ ਕ੍ਰੋੜਾਂ ਵਿੱਚ ਕੋਈ ਇੱਕ ਅਜਿਹਾ ਸੰਤ ਹੁੰਦਾ ਹੈ ਜੋ ਸਾਖਾਤ ਨਿਰੰਕਾਰ ਹੀ ਹੋਵੇ ਪ੍ਰੰਤੂ ਬ੍ਰਹਮ ਗਿਆਨੀ ਅਤੇ ਨਿਰੰਕਾਰ ਵਿੱਚ ਕੁਝ ਭੇਦ ਨਹੀਂ ਰਹਿੰਦਾ–

**ਦ੍ਵੈ ਤੇ ਏਕ ਰੂਪ ਹੋਇ ਗਇਓ॥** (ਬ. ਨਾ.)

ਇਉਂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਪ੍ਰਭੂ ਨਾਲ ਅਭੇਦਤਾ ਦਾ ਅਨੁਭਵ ਦਿਖਾਇਆ ਹੈ। ਇਸੀ ਪ੍ਰਕਾਰ ਦੇ ਨਿਰੰਕਾਰ ਨਾਲ ਅਭੇਦ ਹੋਏ ਕਿਸੇ ਵੀ ਮਹਾਂਪੁਰ ਨੂੰ ਗੁਰੂ ਕਹਿ ਦੇਣਾ ਕੋਈ ਅਯੋਗ ਨਹੀਂ ਕਿਉਂਕਿ ਉਹ ਮਨੁਖ ਨਹੀਂ, ਨਿਰੰਕਾਰ ਹੈ।

ਪ੍ਰਮੇਰ ਦੁਆਰਾ ਘੱਲੇ ਹੋਏ ਨੂੰ ਅਸੀਂ ਗੁਰੂ ਮੰਨ ਸਕਦੇ ਹਾਂ, ਦੂਜੇ ਨੂੰ ਨਹੀਂ। ਠੀਕ ਹੈ, ਪ੍ਰੰਤੂ ਇਹ ਨਿਸਚਾ ਨਿਰੰਕਾਰ ਅਤੇ ਨਿਰੰਕਾਰ ਵੱਲੋਂ ਸੰਸਾਰ ਵਿੱਚ ਪਰਉਪਕਾਰ ਹਿਤ ਭੇਜੀ ਹੋਈ ਪਵਿਤ੍ਰ ਹਸਤੀ ਵਿੱਚ ਭੇਦ ਸਿੱਧ ਕਰਦਾ ਹੈ। ਨਿਰੰਕਾਰ ਦਾ ਹੀ ਸ੍ਵਰੂਪ, ਉਹ ਮਹਾਂਪੁਰ ਜਿਨ੍ਹਾਂ ਨੂੰ ਕਿ ਅਸੀਂ ਗੁਰੂ ਮੰਨਦੇ ਹਾਂ ਸਿੱਧ ਨਹੀਂ ਹੁੰਦੇ ਤੇ ਅਭੇਦਤਾ ਸਿੱਧ ਨਾ ਹੋਣ ਦੇ ਕਾਰਣ ਉਨ੍ਹਾਂ ਵਿੱਚ ਗੁਰੂ ਪਦ ਦੀ ਸ਼ੰਕਾ ਹੁੰਦੀ ਹੈ ਕਿਉਂਕਿ ਭੇਜਣ ਵਾਲਾ ਨਿਰੰਕਾਰ ਅਤੇ ਭੇਜੇ ਜਾ ਰਹੇ ਮਹਾਂਪੁਰ ਦੋ ਸਿੱਧ ਹੁੰਦੇ ਹਨ। ਹਾਂ, ਸਥੂਲ ਬੁਧੀ ਵਾਲਿਆਂ ਵਾਸਤੇ ਇਹ ਨਿਸਚਾ ਬਹੁਤ ਠੀਕ ਹੈ ਤੇ ਸੂਖਮ ਬੁੱਧੀ ਵਾਲਿਆਂ ਲਈ ਪਿੱਛੇ ਕਥਨ ਕੀਤਾ ਵਿਚਾਰ ਹੀ ਠੀਕ ਬੈਠਦਾ ਹੈ ਯਾਨੀ–ਰੀਰ ਦੇ ਯੁਕਤ ਜੀਵਾਂ ਨੂੰ ਭਾਸੇ ਤੇ ਵਾਸਤਵ ਵਿੱਚ ਰੀਰ ਤੋਂ ਰਹਿਤ ਆਤਮਾ ਹੀ ਬ੍ਰਹਮ ਹੈ, ਇਸ ਅਭੇਦ ਇਸਥਿਤੀ ਵਾਲਾ ਹੋਵੇ, ਉਹ ਗੁਰੂ ਹੈ।

ਨਿਰੰਕਾਰ ਦੇ ਬਿਨਾਂ ਦੂਜੀ ਵਸਤੂ ਹੈ ਹੀ ਨਹੀਂ–

**ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥** **(ਅੰਗ ੨੫੦)**

ਇਸ ਲਈ ਇੱਕ ਹੀ ਆਤਮਾ ਅਵਿਦਾ ਦੇ ਕਾਰਨ ਆਪਣੇ–ਆਪ ਨੂੰ

ਜੀਵ ਮੰਨਦਾ ਹੈ ਅਤੇ ਉਹੀ ਆਤਮਾ ਅਵਿਦਾ ਦੇ ਉੱਡ ਜਾਣ ਨਾਲ ਪ੍ਰਮਾਤਮਾ ਹੁੰਦਾ ਹੋਇਆ ਹੀ, ਪ੍ਰਮਾਤਮਾ ਹੋ ਜਾਂਦਾ ਹੈ। ਅਵਿਦਾ ਭੀ ਕੁਝ ਵਸਤੂ ਨਹੀਂ ਯਾਨੀ ਜੋ ਹੋਵੇ ਨਾ ਅਤੇ ਭਾਸਦੀ ਹੋਵੇ ਸੋ ਅਵਿਦਾ ਹੈ। ਇਸ ਲਈ ਆਪਣੇ ਆਪ ਤੋਂ ਜੁਦਾ ਕੋਈ ਨਿਰੰਕਾਰ ਨਹੀਂ ਹੈ। ਆਪਣਾ ਸ੍ਵਰੂਪ ਜਦ ਤਾਈਂ ਅਪ੍ਰਤਖ ਰਹਿੰਦਾ ਹੈ ਤਦ ਤੱਕ ਇਹ ਜੀਵ ਜਿਹਾ ਬਣਿਆ ਹੋਇਆ ਆਪਣੇ ਤੋਂ ਜੁਦਾ ਕਿਸੇ ਪ੍ਰਮਾਤਮਾ ਨੂੰ ਮੰਨ ਕੇ, ਨਾਨਾ ਪ੍ਰਕਾਰ ਦੀਆਂ ਦੀਨਤਾ ਪੂਰਬਕ ਬੇਨਤੀਆਂ ਕਰਦਾ ਰਹਿੰਦਾ ਹੈ ਅਤੇ ਆਪਣਾ ਸ੍ਵਰੂਪ ਪ੍ਰਤਖ ਹੁੰਦਿਆਂ ਹੀ ਦੀਨਤਾ ਆਦਿ ਦਾ ਅਭਾਵ ਹੋ ਜਾਂਦਾ ਹੈ। ਇਸ ਲਈ ਗਿਆਨਵਾਨ ਕਿਸੇ ਪ੍ਰਕਾਰ ਭੀ ਨਿਰੰਕਾਰ ਤੋਂ ਜੁਦਾ ਸਿੱਧ ਨਹੀਂ ਹੁੰਦਾ। ਪ੍ਰਮਾਤਮਾ ਦੇ ਸਿੱਧ ਹੋ ਜਾਣ ਪਰ ਭੀ ਕਿਸੇ ਹੋਰ ਪ੍ਰਮਾਤਮਾ ਦੀ ਕਲਪਨਾ ਕਰਨੀ ਇਹ ਤਾਂ ਕਿਸੇ ਰੀਤੀ ਨੂੰ ਕਾਇਮ ਰੱਖਣ ਵਾਸਤੇ ਹਠ-ਮਾਤ੍ਰ ਹੀ ਹੈ ਭਾਵਕਿ ਪ੍ਰਮਾਤਮਾ ਦੇ ਰੂਪ ਤੋਂ ਅਣਜਾਣ ਮਨ ਦਾ ਲੱਛਣ ਹੈ।

## *ਅਦ੍ਵੈਤ ਚਿੰਤਨ*

ਅਦ੍ਵੈਤ ਹੀ ਦ੍ਵੈਤ ਰੂਪ ਵਿੱਚ ਭਾਸਦੀ ਹੈ, ਇਹ ਨਿਰੰਯ ਗੱਲ ਹੈ। ਇਸ ਪ੍ਰਤੀਤ ਦੇ ਰਹੀ ਦ੍ਵੈਤ ਦੇ ਵਿਨਾ ਵਾਸਤੇ, ਦ੍ਵੈਤ ਦਾ ਹੀ ਆਸਰਾ ਲੈਣਾ, ਬੁਧੀਮਾਨ ਦਾ ਕੰਮ ਨਹੀਂ ਹੈ। ਇਸ ਨੂੰ ਹਨੇਰੇ ਵਿਚ ਪਈ ਰੱਸੀ ਵਿੱਚ ਪ੍ਰਤੀਤ ਦੇਣ ਵਾਲੇ ਸਰਪ ਦੇ ਮੂਲ ਕਾਰਨ ਅੰਧਕਾਰ ਦੇ ਅਭਾਵ ਲਈ, ਹੋਰ ਅੰਧਕਾਰ ਦਾ ਹੀ ਸਹਾਰਾ ਸਮਝੋ। ਸੱਪ ਦੇ ਭੈ ਤੋਂ ਰਹਿਤ ਹੋਣ ਲਈ ਸੈਂਕੜੇ ਉਪਾਇ ਨਿਫਲ ਹਨ, ਰੱਸੀ ਨੂੰ ਯਥਾਰਥ ਰੂਪ ਵਿੱਚ ਦੇਖਣ ਖਾਤਰ, ਇੱਕ ਦੀਪਕ ਨੂੰ ਛੱਡਕੇ। ਜਦ ਕਿ ਇਹ ਇਸ ਤਰ੍ਹਾਂ ਦੀ ਗਲ ਹੈ ਤਾਂ ਅਦ੍ਵੈਤ-ਦਰਨ ਵਾਸਤੇ, ਦ੍ਵੈਤ-ਮਈ ਧਿਆਨ ਕੀ ਮਤਲਬ ਰੱਖਦਾ ਹੈ? ਅਦ੍ਵੈਤ ਵਸਤੂ ਵਿੱਚ ਪ੍ਰਵੇ ਕਰਨ ਖਾਤਰ, ਅਦ੍ਵੈਤ-ਮਈ ਬ੍ਰਿਤੀ ਦੇ ਯੁਕਤ ਹੋਣਾ ਹੀ ਇੱਕ ਯਥਾਰਥ ਉਪਾਇ ਹੈ। ਬਾਕੀ ਜਿਤਨਾ ਭੀ ਪੁਰਾਰਥ ਹੈ, ਉਹ ਮੰਦ-ਬੁੱਧੀ ਹੋਣ ਦੇ ਕਾਰਨ ਇਉਂ ਹੈ ਜਿਉਂ ਕੋਈ ਵੀਹ ਮੀਲ ਚਲਣ ਵਿੱਚ ਅਸਮਰਥ ਹੈ, ਉਹ ਇੱਕ ਦੋ ਮੀਲ ਹੀ ਸਫਰ ਕਰੇ, ਅੱਛਾ ਹੀ ਹੈ- ਆਪਣੀ ਮੰਲ ਤੇ ਪਹੁੰਚਣ ਵਾਲੇ ਰਸਤੇ ਤਾਂ ਪਿਆ ਹੋਇਆ ਹੈ। ਜਿਉਂ ਕਿਸੇ ਬਾਲਕ ਦੁਆਰਾ ਪ੍ਰਮ੍ਰੇਰ ਅਰਾਧਣ ਬਾਰੇ ਪੁੱਛਣ ਪਰ, ਮਹਾਂਪੁਰ ਬਾਲ ਕ

(ਅਣਜਾਣ) ਸਮਝ ਕੇ ਕਹਿ ਦੇਣ ਕਿ ਪੁਤ੍ਰ ਮੰਦਰ ਜਾ ਕੇ ਵਿਾਂ ਪਰ ਜਲ ਅਤੇ ਫੁੱਲ ਚੜ੍ਹਾਇਆ ਕਰ। ਜਲ ਅਤੇ ਫੁੱਲ ਚੜ੍ਹਾਉਣੇ ਇਹ ਭੀ ਕੋਈ ਪ੍ਰਮਾਤਮਾ ਦੀ ਪੂਜਾ ਹੈ? ਮਹਾਂਪੁਰਾਂ ਦਾ ਮਤਲਬ ਤਾਂ ਪ੍ਰਮਾਤਮਾ ਵਲ ਧਿਆਨ ਦਿਵਾਉਣ ਦਾ ਹੈ। ਜਦ ਪ੍ਰਭੂ ਦਰਨ ਦਾ ਅਤੀ ਪ੍ਰੇਮ ਵੱਧਦਾ ਦੇਖਣਗੇ ਤਦ ਜੋ ਅਸਲੀ ਪ੍ਰਭੂ-ਚਿੰਤਨ ਦਾ ਤਰੀਕਾ ਹੈ ਸੋ ਸਮੇਂ ਅਨੁਸਾਰ ਯੁਕਤੀ ਪੂਰਬਕ ਸਹੀ-ਸਹੀ ਦੱਸਣਗੇ । ਉਹ ਤਰੀਕਾ ਜੋ ਅਦ੍ਵੈਤ ਵਿੱਚ ਪ੍ਰਵੇ ਕਰਾਉਣ ਬਾਰੇ ਕਹਿਣਗੇ, ਉਹੀ ਪੂਜਾ, ਧਿਆਨ, ਸਾਧਨ, ਭਗਤੀ ਅਤੇ ਗਿਆਨ ਹੋਵੇਗਾ। ਉਸ ਨਾਲ ਨਿਸਚੇ ਹੀ ਦ੍ਵੈਤ ਰਹਿ ਨਹੀਂ ਸਕਦੀ ਕਿਉਂਕਿ ਉਹ ਰਾਤ੍ਰੀ ਦੇ ਨਾ ਕਰਨ ਵਾਲਾ ਮਹਾਨ ਤੇਜੱਸ੍ਵੀ ਸੂਰਜ ਹੈ।

ਗ੍ਰੰਥਾਂ ਵਿੱਚ ਜਿੱਥੇ ਭੀ ਆਪਣੇ ਤੋਂ ਭਿੰਨ ਕਿਸੇ ਦੂਜੇ ਦੀ ਉਪਾਸਨਾ ਕਹੀ ਹੈ ਉਹ ਕਨਿਟ ਅਤੇ ਮੱਧਮ ਅਧਿਕਾਰੀ ਵਾਸਤੇ ਹੈ ਕਿਉਂਕਿ ਇਸ ਅਭਿਪ੍ਰਾਯ (ਮਤਲਬ) ਨੂੰ ਮੁੱਖ ਰਖਿਆ ਗਿਆ ਹੈ ਕਿ ਹਾਲਾਂ ਹੋਰ ਪ੍ਰਾਪਤੀ ਦੇ ਚਾਹਵਾਨ ਸਤ-ਮਾਰਗ ਵਿੱਚ ਪ੍ਰਵਿਰਤ ਹੋਣ ਯਾਨੀ ਸੋਪਾਧਿਕ (ਉਪਾਧੀ ਸਹਿਤ) ਬ੍ਰਹਮ ਦਾ ਧਿਆਨ ਕਰਨ ਅਤੇ ਜਦ ਸੰਸਕਾਰ ਯੁਕਤ ਇਨ੍ਹਾਂ ਦੀ ਬੁੱਧੀ ਹੋ ਜਾਵੇਗੀ ਤਦ ਵਾਸਤ੍ਵਿਕ ਉਪਾਇ ਜੋ ਅਦ੍ਵੈਤ-ਚਿੰਤਨ ਯਾਨੀ ਨਿਰਉਪਾਧਿਕ ਬ੍ਰਹਮ ਦਾ ਗਿਆਨ ਹੈ, ਦੇ ਦ੍ਵਾਰਾ ਆਤਮਾ-ਬ੍ਰਹਮ ਨਾਲ ਅਭੇਦ ਹੋ ਜਾਣਗੇ। ਇਸ ਲਈ _ਧ ਅੰਤਹਕਰਣ ਵਾਲੇ ਉੱਤਮ ਅਧਿਕਾਰੀ ਨੂੰ ਅਦ੍ਵੈਤ-ਚਿੰਤਨ ਤੋਂ ਬਿਨਾਂ ਕੋਈ ਦੂਜੀ ਉਪਾਸਨਾ, ਪੂਜਾ ਆਦਿ ਨਹੀਂ ਕਰਨੀ ਚਾਹੀਏ-

ਜੋ ਬਾਣੀ ਨਾਲ ਪ੍ਰਕਾਤਿ ਨਹੀਂ ਹੈ ਕਿੰਤੂ ਜਿਸ ਨਾਲ ਬਾਣੀ ਪ੍ਰਕਾਤਿ ਹੁੰਦੀ ਹੈ, ਉਸ ਨੂੰ ਤੂੰ ਬ੍ਰਹਮ ਜਾਣ। ਜਿਸ ਦੇ-ਕਾਲ ਅਵਿਛਿੰਨ ਵਸਤੂ ਦੀ ਲੋਕ ਉਪਾਸਨਾ ਕਰਦਾ ਹੈ, ਉਹ ਬ੍ਰਹਮ ਨਹੀਂ ਹੈ। **(ਕੇ: ਉ: ੧।੪)**

ਜੋ ਮਨ ਨਾਲ ਮੰਨਣ ਨਹੀਂ ਕੀਤਾ ਜਾਂਦਾ, ਬਲਕਿ ਜਿਸ ਨਾਲ ਮਨ ਮੰਨਣ ਕੀਤਾ ਜਾਂਦਾ ਹੈ, ਉਸ ਨੂੰ ਤੂੰ ਬ੍ਰਹਮ ਜਾਣ। ਜਿਸ ਦੇ-ਕਾਲ ਅਵਿਛਿੰਨ ਵਸਤੂ ਦੀ ਲੋਕ ਉਪਾਸਨਾ ਕਰਦਾ ਹੈ, ਉਹ ਬ੍ਰਹਮ ਨਹੀਂ ਹੈ। (ਕੇ: ਉ: ੧।੫)

ਜਿਸ ਨੂੰ ਕੋਈ ਨੇਤ੍ਰ ਨਾਲ ਨਹੀਂ ਦੇਖਦਾ ਬਲਕਿ ਜਿਸਦੀ ਸਹਾਇਤਾ ਨਾਲ

ਨੇਤ੍ਰ ਆਪਣੇ ਵਿਸ਼ਿਆਂ ਨੂੰ ਦੇਖਦੇ ਹਨ, ਉਸ ਨੂੰ ਤੂੰ ਬ੍ਰਹਮ ਜਾਣ। ਇਸ ਦੇ – ਕਾਲ ਅਵਛਿੰਨ ਵਸਤੂ ਦੀ ਲੋਕ ਉਪਾਸਨਾ ਕਰਦਾ ਹੈ, ਉਹ ਬ੍ਰਹਮ ਨਹੀਂ ਹੈ। **(ਕੇ: ਉ: ੧।੬)**

ਇਸ ਪ੍ਰਕਾਰ ਜੋ ਕਿਸੇ ਭੀ ਇੰਦ੍ਰੀਆਂ ਦਾ ਵਿ ਨਹੀਂ, ਉਸ ਬ੍ਰਹਮ ਨੂੰ ਕਿਸੇ ਇੰਦ੍ਰੀਯ ਦਾ ਵਿ ਬਣਾ ਕੇ, ਉਸੀ ਦੇ ਪਰਾਇਣ ਹੋਣਾ ਇਹ ਦ੍ਵੈਤ ਹੀ ਹੈ। ਇਹ ਅਗਿਆਨ, ਅਗਿਆਨ ਨੂੰ ਵਿਨਾ ਨਹੀਂ ਕਰ ਸਕਦਾ। ਜੇ ਅੰਧਕਾਰ ਵਿੱਚ ਪਈ ਹੋਈ ਵਸਤੂ ਲਭਣੀ ਹੈ ਤਾਂ ਉਹ ਪ੍ਰਕਾ ਤੋਂ ਬਿਨਾਂ ਕਿਵੇਂ ਮਿਲ ਸਕਦੀ ਹੈ? ਆਤਮਾ ਤੋਂ ਭਿੰਨ ਜੋ ਕੁਝ ਭੀ ਹੈ, ਉਹ ਸਭ ਜੜ੍ਹ ਹੈ। ਚੇਤਨ ਯਾਨੀ ਆਤਮਾ ਨੂੰ ਛੱਡਕੇ ਜੜ੍ਹ ਦੀ ਪੂਜਾ ਕਰਨ ਵਾਲੇ ਨੂੰ, ਕੌਣ ਅਕਲਮੰਦ ਕਹਿੰਦਾ ਹੈ? ਪੂਰੇ ਸਤਿਗੁਰੂ ਬਿਨਾਂ ਇਹ ਭੁਲੇਖਾ ਦੂਰ ਕੌਣ ਕਰੇ, ਜੋ ਆਪ ਹੀ ਅੰਧਾ ਹੈ, ਉਹ ਦੂਜੇ ਨੂੰ ਮਾਰਗ ਕੀ ਦਿਖਾਵੇਗਾ?

**ਗੁਰਿ ਕਹਿਆ ਅਵਰੁ ਨਹੀ ਦੂਜਾ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ॥**

**(ਅੰਗ ੨੨੪)**

ਆਹ! ਕਿਤਨਾ ਗੂੜ੍ਹ ਰਹਸ ਭਰਿਆ ਹੋਇਆ ਬਚਨ ਹੈ। ਨਾਨਕ ਨਾਮ ਸੁਣਦੇ ਹੀ ਦ੍ਵੈਤ ਨਹੀਂ ਅਟਕਦੀ ਤੇ ਆਪੇ ਦੇ ਅਨੁਭਵ ਸਹਿਤ ਉਪਦੇ, ਦ੍ਵੈਤ ਨੂੰ ਕਾਇਮ ਨਹੀਂ ਹੋਣ ਦਿੰਦਾ, ਇਸ ਵਿੱਚ ਤਾਂ ਕਹਿਣਾ ਹੀ ਕੀ ਹੈ? ਆਪਣੇ ਗੁਰੂਦੇਵ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਹਨ–ਮੇਰੇ ਸਤਿਗੁਰੂ ਨੇ ਇਹ ਮਹਾਂਵਾਕ ਸੁਣਾਇਆ ਕਿ ਤੇਰੇ ਬਿਨਾਂ ਕੋਈ ਹੋਰ ਦੂਜਾ ਪ੍ਰਮ੍ਵੇਰ ਨਹੀਂ ਹੈ ਯਾਨੀ ਤੂੰ ਹੀ ਬ੍ਰਹਮ ਹੈਂ। ਇਸ ਲਈ ਤੂੰ ਆਖ ਬਈ ਮੈਂ ਆਪਣੇ ਆਤਮਾ–ਬ੍ਰਹਮ ਦੇ ਪੂਰਨ ਰਹਿੰਦੇ ਹੋਏ, ਕਿਸ ਨੂੰ ਪ੍ਰਮਾਤਮਾ ਦੇਖ ਕੇ ਉਸ ਦੀ ਪੂਜਾ ਕਰਾਂ? ਜੇ ਮੈਂ ਆਪਣੇ ਤੋਂ ਜੁਦਾ ਕਿਸੇ ਪ੍ਰਮਾਤਮਾ ਨੂੰ ਦੇਖਕੇ ਪੂਜਾ ਲਈ ਤਿਆਰ ਹੋਵਾਂ ਵੀ ਤਾਂ ਉਹ ਮੇਰਾ ਦ੍ਰਿ ਹੋਣ ਦੇ ਕਾਰਨ, ਅਨਿੱਤ ਸਿੱਧ ਹੁੰਦਾ ਹੈ। ਫਿਰ ਜੋ ਮੇਰਾ ਦ੍ਰਿ ਹੈ ਤੇ ਮੈਂ ਉਸ ਨੂੰ ਦੇਖਣ ਵਾਲਾ ਦ੍ਰਿਟਾ ਹਾਂ, ਉਹ ਮੇਰੇ ਪੂਜਣ ਯੋਗ ਈ੍ਵਰ ਤੇ ਮੈਂ ਉਸਦਾ ਸੇਵਕ ਬਣ ਕਿਸ ਤਰ੍ਹਾਂ ਸਕਦਾ ਹਾਂ? ਇਸ ਬਚਨ ਦੀ ਪੁਟੀ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਦ੍ਵਾਰਾ ਭੀ ਹੁੰਦੀ ਹੈ–

**ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ॥**
**ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ॥** (ਅੰਗ ੬੮)

ਪ੍ਰਮੇਰ ਨੂੰ ਆਪਣੇ ਤੋਂ ਭਿੰਨ ਮੰਨ ਕੇ ਯਾਨੀ ਮੈਂ ਦੀਨ, ਜੰਮਣ ਤੇ ਮਰਨ ਵਾਲਾ ਜੀਵ ਹਾਂ ਅਤੇ ਮੇਰੇ ਤੋਂ ਭਿੰਨ ਸਰਬ-ਕਤੀਮਾਨ, ਅਜਰ ਤੇ ਅਮਰ ਪ੍ਰਭੂ ਹੋਰ ਹੈ, ਇਸ ਪ੍ਰਕਾਰ ਦੇ ਵਿਪਰੀਤ ਨਿਸਚੇ ਵਾਲੇ ਅਗਿਆਨੀ, ਭੇਦ-ਉਪਾਸਨਾ ਕਰਦੇ ਹਨ ਤੇ ਇਸ ਭੇਦ-ਉਪਾਸਨਾ ਨਾਲ਼ ਭ-ਅੁਭ ਕਰਮਾਂ ਦੇ ਹਿਸਾਬ ਯੋਗ ਰਹਿ ਜਾਣ ਦੇ ਕਾਰਣ, ਧਰਮਰਾਜ ਦੁਆਰਾ ਸਾ ਦੇ ਹਕਦਾਰ ਹੀ ਬਣਦੇ ਹਨ ਅਰਥਾਤ ਜੰਮਣ-ਮਰਨ ਦੀ ਕੈਦ ਵਿਚੋਂ ਨਿਕਲ ਨਹੀਂ ਸਕਦੇ ਕਿਉਂਕਿ ਭੇਦ ਦਾ ਬੀਜ ਜੋ ਅਵਿਦਾ ਰੂਪੀ ਅ ਂਧਕਾਰ ਹੈ ਜਦ ਉਹ ਉਸੀ ਤਰ੍ਹਾਂ ਹੀ ਕਾਇਮ ਹੈ, ਉਸਦਾ ਵਿਨਾਕ ਗਿਆਨ (ਪ੍ਰਕਾ) ਰੂਪੀ ਸੂਰਜ ਉਦੇ ਨਹੀਂ ਹੋਇਆ ਤਾਂ ਸਰਬ ਵਿਕਾਰਾਂ ਦਾ ਨਮਿੱਤ ਜੋ ਜਨਮ ਹੈ, ਉਹ ਕਿਸ ਤਰ੍ਹਾਂ ਰੁਕ ਸਕਦਾ ਹੈ? ਇਸ ਲਈ ਭੇਦ-ਉਪਾਸਨਾ ਨੂੰ ਛੱਡਕੇ, ਆਪਣੇ ਆਤਮ-ਦੇਵ ਦਾ ਪੂਜਨ ਕਰੀਏ ਯਾਨੀ ਮੈਂ ਹੀ ਪਾਰਬ੍ਰਹਮ ਹਾਂ! ਇਸ ਆਪਣੇ-ਆਪੇ ਨੂੰ ਸਰਬਤ੍ਰ ਪੂਰਨ ਜਾਨਣਾ, ਜਿਧਰ ਭੀ ਮਨ ਤੇ ਇੰਦ੍ਰੀਆਂ ਜਾਣ, ਉਸ ਵਸਤੂ ਦਾ ਕਲਪਿਤ ਨਾਮ ਤੇ ਰੂਪ ਹਟਾ ਕੇ, ਉਸ ਵਿਚ ਬ੍ਰਹਮ ਭਾਵਨਾ ਕਰਨੀ। ਮੈਂ ਹੀ ਬ੍ਰਹਮ ਹਾਂ ਇਸ, ਅਸੰਭਾਵਨਾ ਤੇ ਵਿਪ੍ਰੀਤ ਭਾਵਨਾ ਤੋਂ ਰਹਿਤ ਦ੍ਰਿੜ੍ਹ-ਬੋਧ ਯੁਕਤ ਸਦਾ ਰਹਿਣਾ ਅਤੇ ਮਨ ਨੂੰ ਆਪਣੇ ਆਤਮਾ-ਬ੍ਰਹਮ ਵਿੱਚ ਯਾਨੀ ਪ੍ਰਤਯੇਕ ਆਤਮਾ ਵਿੱਚ ਡੁਬੋ ਦੇਣਾ ਅਰਥਾਤ ਬ੍ਰਹਮ ਭਾਵਨਾ ਬਿਨਾਂ ਹੋਰ ਕੋਈ ਸੰਕਲਪ ਉਦੇ ਨਾ ਹੋਣ ਦੇਣਾ। ਪ੍ਰੰਤੂ ਮੁਕਲ ਇਹ ਹੈ ਕਿ ਇਸ ਆਤਮ-ਪੂਜਾ ਦੀ ਸਮਝ, ਬਿਨਾਂ ਪੂਰੇ ਸਤਿਗੁਰੂ ਤੋਂ ਆਉਂਦੀ ਨਹੀਂ ਹੈ ਕਿਉਂਕਿ ਇਸ ਮਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਅਵਾਚ-ਪਦ ਵਿੱਚ ਇਸਥਿਤ ਹੋਣਾ ਕੋਈ ਖੇਲ੍ਹ ਹੈ? ਜੋ ਆਪ ਸੂਰੂਪ-ਇਸਥਿਤੀ ਵਾਲੇ ਹੁੰਦੇ ਹਨ, ਉਹੀ ਜਗਾਸੂ ਨੂੰ ਆਪਣੇ ਆਤਮਾ ਵਿੱਚ ਇਸਥਿਤ ਕਰ ਸਕਦੇ ਹਨ।

ਉਪ੍ਰੋਕਤ ਬਚਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਬ੍ਰਹਮ-ਚਿੰਤਨ ਤੋਂ ਸਿਵਾਏ ਉੱਤਮ ਅਧਿਕਾਰੀ ਯਾਨੀ ਜਗਾਸੂ ਨੂੰ ਜਿਤਨੇ ਭੀ ਹੋਰ ਮਨ ਬੁੱਧੀ ਆਦਿ ਦੇ ਧਰਮ ਹੋਣ, ਸਭ ਨੂੰ ਚਿੱਤ ਵਿਚੋਂ ਤਿਆਗ ਦੇਣਾ ਚਾਹੀਏ। ਬ੍ਰਹਮ-ਦ੍ਰਿਟੀ ਦੇ ਤੁਲ, ਕੋਈ ਭੀ ਵਿਨਾੀ ਧਰਮ ਜੋ ਰੀਰ ਦੇ ਨਾਲ ਹੀ ਨਟ ਹੋਣ ਵਾਲੇ ਹਨ,

ਨਹੀਂ ਹੋ ਸਕਦੇ। ਅਵਿਦਾ ਕਾਲ ਵਿੱਚ ਹੀ ਕੀਤੇ ਜਾਣ ਵਾਲੇ ਧਰਮ, ਭ੍ਰਮ ਰੂਪ ਹੋਣ ਦੇ ਕਾਰਨ, ਸਭ ਦਾ ਤਿਆਗ ਹੀ ਉੱਤਮ ਜਗਾਸੂ ਲਈ ਕਲਾਣ ਦਾ ਹੇਤੂ ਹੈ। ਆਪਣਾ-ਆਪ ਯਾਨੀ ਆਤਮ-ਸਿਮਰਨ ਤੋਂ ਬਿਨਾਂ ਜੋ ਕੁਝ ਭੀ ਕਰਨਾ ਹੈ, ਉਹ ਭ੍ਰਮ ਹੀ ਹੈ ਕਿਉਂਕਿ ਆਤਮਾ ਤੋਂ ਬਿਨਾਂ ਕੋਈ ਭੀ ਦੂਜੀ ਵਸਤੂ ਨਹੀਂ ਹੈ। ਜੇ ਭਾਸਦੀ ਹੈ ਅਤੇ ਕਰਤਵ ਭੀ ਦਿਖਾਈ ਦਿੰਦਾ ਹੈ ਤਾਂ ਉਹ ਨਿਸਚੇ ਹੀ ਭ੍ਰਮ ਹੈ। ਇੱਕ ਬ੍ਰਹਮ-ਚਿੰਤਨ ਹੀ ਅਟਲ ਧਰਮ ਹੈ-

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥ ਕਹੁ ਨਾਨਕ ਅਟਲ ਇਹੁ ਧਰਮੁ॥**

(ਅੰਗ ੧੯੬)

**ਸਭ ਮਹਿ ਪੂਰਿ ਰਹੇ ਪਾਰਬ੍ਰਹਮ॥**
**ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ॥** (ਅੰਗ ੨੯੯)

ਮਤਲਬ ਗਿਆਨ ਨਿਠਾ ਦੇ ਤੁਲ ਕੋਈ ਭੀ ਧਰਮ ਨਹੀਂ, ਇਸ ਲਈ ਉਸ ਵਿਆਪਕ ਪ੍ਰਭੂ ਦਾ ਜਸ ਕਰੇ ਯਾਨੀ ਜਿਸ ਭੀ ਕਲ ਨਾਲ ਉਸਦਾ ਚਿੰਤਨ ਕਰਨਾ ਕਰਤਵ ਹੈ-

**ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥**
**ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥**

(ਅੰਗ ੧੨੬੪)

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥** (ਅੰਗ ੮੭੫)

ਅਦ੍ਵੈਤ-ਚਿੰਤਨ ਦਾ ਉਪਦੇ ਵਿ ਜੀ ਨੇ ਵਟਿ ਜੀ ਨੂੰ ਭੀ ਦਿੱਤਾ ਸੀ-

ਇੱਕ ਵਾਰ ਵਟਿ ਜੀ ਆਪਣੇ ਿ ਸਮੁਦਾਇ ਸਹਿਤ ਕੈਲਾ ਪਰਬਤ ਦੇ ਕਿਸੇ ਰਮਣੀਕ ਅਸਥਾਨ ਪਰ ਅਭਾਸ ਵਿੱਚ ਤੱਤਪਰ ਸਨ। ਅੱਧੀ ਰਾਤ ਦੇ ਵਕਤ ਬਾਹਰ ਨਿਕਲਣ ਤੇ ਕੀ ਦੇਖਦੇ ਹਨ ਕਿ ਵਿ ਜੀ, ਪਾਰਬਤੀ ਸਹਿਤ ਇਸ ਤਰਫ ਆ ਰਹੇ ਹਨ। ਛੇਤੀ-ਛੇਤੀ ਸਾਮਗ੍ਰੀ ਤਿਆਰ ਕੀਤੀ ਤੇ ਰਧਾ ਪੂਰਬਕ ਵਿ ਜੀ ਦਾ ਪੂਜਨ ਕੀਤਾ। ਵਿ ਜੀ ਨੇ ਸਭ ਤਰ੍ਹਾਂ ਦੀ ਕੁਲਤਾ, ਅਨੁਕੂਲਤਾ-ਪ੍ਰਤੀਕੂਲਤਾ ਵਸਿਟ ਜੀ ਨੂੰ ਪੁੱਛੀ। ਵਿ ਜੀ ਨੂੰ ਆਪਣੇ ਪਰ ਦਿਆਲੂ ਹੋਏ ਦੇਖਕੇ ਅਤੇ ਅਤੀ੍ ਭ ਅਵਸਰ ਜਾਣ ਕੇ ਮਨ-ਬਾਂਛਤ ਪ੍ਰਨ ਪੁੱਛਣ ਲਈ ਆਗਿਆ ਲੈਕੇ ਵਸਿਟ ਜੀ ਨੇ ਪੁੱਛਿਆ-

**ਵ ਟਿ ਜੀ** -ਈਊਰ-ਪੂਜਨ ਕਿਸ ਸਾਮਗ੍ਰੀ ਨਾਲ ਕੀਤਾ ਜਾਣਾ ਚਾਹੀਦਾ ਹੈ?

**ਵਿ ਜੀ** -ਪਹਿਲਾਂ ਇਹ ਦਸੋ ਕਿ ਜਿਸਦੀ ਤੁਸੀਂ ਪੂਜਾ ਪੁੱਛੀ ਹੈ, ਉਸ ਦੇਵ ਨੂੰ ਜਾਣਦੇ ਭੀ ਹੋ?

**ਵ ਟਿ ਜੀ** -ਜੀ ਹਾਂ! [ਉਪਾਧੀ ਯੁਕਤ ਦੇਵਤਿਆਂ ਦਾ ਨਾਮ ਲਿਆ]

**ਵਿ ਜੀ** -ਇਹ ਦੇਵ ਨਹੀਂ ਹਨ। ਇਹ ਸਭ ਕ੍ਰਿਤ੍ਰਿਮ ਯਾਨੀ ਕਿਸੇ ਦੁਆਰਾ ਕੀਤੇ ਗਏ ਹਨ। ਜੋ ਸਭ ਵਿੱਚ ਇੱਕ-ਰਸ ਪੂਰਨ, ਅਕ੍ਰਿਤ੍ਰਿਮ, ਆਦਿ-ਅੰਤ ਰਹਿਤ ਹੈ, ਉਹ ਪੂਜਾ ਕਰਨ ਦੇ ਯੋਗ ਇੱਕ ਹੀ ਪ੍ਰਭੂ ਹੈ। ਵਿਨੂੰ ਦੇਵ ਨਹੀਂ, ਵਿ, ਬ੍ਰਹਮਾ ਤੇ ਇੰਦ੍ਰ ਭੀ ਦੇਵ ਨਹੀਂ। ਨਾ ਦੇਵ ਸੂਰਜ ਹੈ, ਨਾ ਵਾਯੂ, ਅਗਨੀ ਤੇ ਚੰਦ੍ਰਮਾ ਭੀ ਦੇਵ ਨਹੀਂ। ਨਾ ਬ੍ਰਾਹਮਣ, ਖਤ੍ਰੀ ਤੇ ਨਾ ਹੀ ਮੈਂ ਦੇਵ ਹਾਂ। ਨਾ ਤੂੰ ਮਨ, ਬੁੱਧੀ, ਚਿੱਤ ਤੇ ਹੋਰ ਕਿਸੇ ਭੀ ਅਕਾਰ ਵਾਲਾ ਦੇਵ ਹੈਂ ਅਤੇ ਨਾ ਹੀ ਮਾਇਆ ਦੇਵ ਹੈ। ਜੋ ਕਿਸੇ ਭੀ ਦੁਆਰਾ ਕੀਤਾ ਨਹੀਂ ਗਿਆ, ਉਹ ਇੱਕ ਪਰਮ-ਦੇਵ ਹੈ। ਆਕਾਰ ਵਾਲੀ ਯਾਨੀ ਪਰਿਛਿੰਨ ਵਸਤੂ ਵਿੱਚ, ਦੇਵ ਬਦ ਆ ਕਿਸ ਤਰ੍ਹਾਂ ਸਕਦਾ ਹੈ? ਅਕ੍ਰਿਤ, ਅਨਾਦੀ ਅਨੰਤ, ਚੇਤਨ, ਕਲਾਣ-ਸ੍ਵਰੂਪ, ਜਿਸਨੂੰ ਤੱਤ੍ਵੇਤਾ ਲੋਕ ਐਸਾ ਜਾਣਦੇ ਹਨ, ਉਹ ਦੇਵ ਬਦ ਕਰਕੇ ਕਿਹਾ ਜਾਂਦਾ ਹੈ ਅਤੇ ਉਸੀ ਦਾ ਪੂਜਨ ਕਰਨਾ ਚਾਹੀਦਾ ਹੈ। ਉਹ ਸਤ-ਸ੍ਵਰੂਪ ਤੇ ਇਸਥਿਤ ਹੈ, ਉਸਤੋਂ ਸਥੂਲ ਤੇ ਸੂਖਮ ਰੂਪ ਪ੍ਰਪੰਚ ਉਤਪੰਨ ਹੁੰਦਾ ਯਾਨੀ ਉਤਪੰਨ ਹੁੰਦਾ ਜਿਹਾ ਮਾਲੂਮ ਹੁੰਦਾ ਹੈ।

ਅਗਿਆਨੀ ਲੋਕਾਂ ਲਈ ਕ੍ਰਿਤ੍ਰਿਮ ਯਾਨੀ ਆਕਾਰ ਦੀ ਪੂਜਾ ਹੀ ਅੱਛੀ ਹੈ ਕਿਉਂਕਿ ਜੋ ਯੋਜਨ ਪ੍ਰਯੰਤ-ਚਾਰ ਕੋਹ ਨਹੀਂ ਚਲ ਸਕਦਾ, ਉਹ ਇੱਕ ਕੋਹ* ਹੀ ਚਲੇ ਤਾਂ ਕੋਈ ਹਰ ਨਹੀਂ ਪ੍ਰੰਤੂ ਵਿਦ੍ਵਾਨ, ਨਿਰਮਲ ਬੁੱਧੀ ਵਾਲੇ ਪੁਰ ਲਈ ਨਹੀਂ ਕਿਉਂਕਿ ਸੁਗੰਧੀ ਵਾਲੇ ਸੁੰਦਰ ਬਨ ਨੂੰ ਛੱਡਕੇ ਸੁਗੰਧੀ ਰਹਿਤ ਕੰਡਿਆਂ ਵਾਲੇ ਕਰੰਜੂਏ** ਦੇ ਬ੍ਰਿਛਾਂ ਨੂੰ ਸੇਵਨ ਕਰਨ ਵਾਲੇ ਅਗਿਆਨੀ ਹੀ ਹਨ,

* ਪਹਿਲੇ ਵਾਟ ਦੇ ਮਾਪ ਕੋਹ ਜਾਂ ਕੋਸ ਫਿਰ ਮੀਲ ਅਤੇ ਹੁਣ ਕਿਲੋਮੀਟਰ ਹਨ।

** ਕਰੰਜੂਆ-ਇੱਕ ਕੰਡੇਦਾਰ, ਕੌੜਾ ਅਤੇ ਗਰਮ-ਖੁਕ ਤਾਸੀਰ ਦਾ ਪੌਦਾ ਹੈ। ਆਯੁਰਵੇਦ ਦੀਆਂ ਦਵਾਈਆਂ ਵਿੱਚ ਕੰਮ ਆਉਂਦਾ ਹੈ ਅਤੇ ਖੇਤਾਂ ਦੀਆਂ ਵਾੜਾਂ ਕਰਨ ਲਈ ਵਰਤੀਂਦਾ ਹੈ।

ਗਿਆਨਵਾਨ ਨਹੀਂ। ਇਸ ਲਈ ਆਤਮ-ਤੱਤ੍ਵ ਦੀ ਪੂਜਾ ਲਈ ਸਾਮਗ੍ਰੀ ਬੋਧ ਸਾਮ ਤੇ ਮ ਇਹ ਤਿੰਨ ਫੁੱਲ ਹਨ-

1. ਬੋਧ (ਗਿਆਨ) 2. ਸਾਮ (ਸਮ-ਦ੍ਰਿਟੀ) 3. ਮ (ਚਿੱਤ ਦੀ ਇਕਾਗ੍ਰਤਾ)

ਪੂਜਾ ਕਰਨ ਵਾਲੇ ਲੋਕ ਇਨ੍ਹਾਂ ਨਾਲ ਧ ਸ੍ਵਰੂਪ, ਕਲਿਆਣਕਾਰੀ ਬ੍ਰਹਮ ਦਾ ਪੂਜਨ ਕਰਨਾ ਕਹਿੰਦੇ ਹਨ। ਇਨ੍ਹਾਂ ਤਿੰਨਾਂ ਫੁੱਲਾਂ ਨਾਲ ਜੋ ਦੇਵ ਦੀ ਪੂਜਾ ਕਰਦਾ ਹੈ ਸੋਈ ਦੇਵ-ਅਰਚਨ ਹੈ, ਆਕਾਰ ਸਹਿਤ ਵਿਨੂੰ ਆਦਿ ਨਹੀਂ। ਗਿਆਨ-ਸ੍ਵਰੂਪ ਆਤਮਾ ਦਾ ਪੂਜਨ ਛੱਡਕੇ ਜੋ ਆਕਾਰ (ਉਪਾਧੀ) ਯੁਕਤ ਦੇਵ ਦਾ ਪੂਜਨ ਕਰਦੇ ਹਨ, ਉਹ ਬਹੁਤ ਸਮੇਂ ਤਕ ਕਟ ਪਾਉਣਗੇ। ਆਤਮਵੇਤਾ ਲੋਕਾਂ ਦੇ ਕ੍ਰੀੜਾ ਯੋਗ ਆਤਮ-ਦੇਵ ਹੀ ਹੈ, ਉਹ ਸਭ ਦਾ ਕਾਰਨ, ਉਪ੍ਰੋਕਤ ਪੁਪਾਂ (ਫੁੱਲਾਂ) ਦ੍ਵਾਰਾ ਪੂਜਣ ਯੋਗ ਹੈ।

ਹੇ ਵਟਿ! ਤੂੰ ਭੀ ਚੈਤਨ, ਅਕਾ ਤੁਲ ਵਿਆਪਕ, ਅਵਿਨਾਂ ਦੇਵ ਆਤਮਾ ਨੂੰ ਜਾਣ ਅਤੇ ਉਸੀ ਦਾ ਪੂਜਨ ਕਰ। ਆਕਾਰ ਵਾਲੀ ਵਸਤੂ, ਪੂਜਾ ਦੇ ਲਾਇਕ ਨਹੀਂ ਕਿਉਂਕਿ ਉਹ ਜੜ੍ਹ ਅਤੇ ਵਿਨਾਂ ਹੈ। ਜੋ ਭੀ ਆਕਾਰ ਵਿੱਚ ਭਾਸਣ ਵਾਲੀ ਵਸਤੂ ਹੈ, ਉਹ ਆਪਣੇ ਅਧਿਠਾਨ (ਆਸਰਾ) ਆਤਮਾ ਵਿੱਚ ਕਲਪਿਤ ਹੈ। ਕਲਪਿਤ ਵਸਤੂ, ਅਧਿਠਾਨ ਤੋਂ ਭਿੰਨ ਸੱਤਾ ਵਾਲੀ ਨਹੀਂ ਹੁੰਦੀ ਯਾਨੀ ਅਧਿਠਾਨ ਸ੍ਵਰੂਪ ਹੀ ਹੁੰਦੀ ਹੈ। ਇਸ ਲਈ ਇਸ ਪਰਮ-ਤੱਤ੍ਵ ਨੂੰ ਜਾਨਣ ਵਾਲੇ, ਹਰ ਅਵਸਥਾ ਵਿਚ, ਇੱਕ ਪ੍ਰਭੂ ਨੂੰ ਹੀ ਦੇਖਦੇ ਹਨ-

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥** **(ਅੰਗ ੮੪੬)**

**ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥**

**(ਅੰਗ ੭੨੪)**

ਪਿਆਰੇ ਵਿਜੋਗੀ! ਇਹ ਬ੍ਰਹਮ ਦ੍ਰਿਟੀ ਗੁਰੂ ਕ੍ਰਿਪਾ ਤੋਂ ਬਿਨਾਂ, ਗ੍ਰੰਥਾਂ ਦੇ ਪਾਠ-ਮਾਤ੍ਰ ਨਾਲ ਪ੍ਰਾਪਤ ਹੋਣ ਵਾਲੀ ਨਹੀਂ ਹੈ। ਜਿਨ੍ਹਾਂ ਮਹਾਂਪੁਰਾਂ ਦ੍ਵਾਰਾ ਗ੍ਰੰਥ ਲਿਖਿਆ ਜਾਂਦਾ ਹੈ, ਉਨ੍ਹਾਂ ਦਾ ਮਨ ਪ੍ਰਪੰਚ ਅਤੀਤ ਅਵਸਥਾ ਵਿੱਚ ਰੰਗਿਆ ਹੋਇਆ ਹੁੰਦਾ ਹੈ। ਉਹ ਨਿਰਵਿਕਾਰ ਆਤਮਾ ਵਿੱਚ ਇਸਥਿਤ ਹੋਇਆ, ਆਪਣੀ ਅਵਸਥਾ ਦੀਆਂ ਗੱਲਾਂ ਕਰਦਾ ਹੈ। ਭਲਾ ਇਸ ਮਨ, ਬਾਣੀ ਅਤੇ

ਰੀਰ ਤੋਂ ਪਰੇ ਦੀ ਅਵਸਥਾ ਦਾ ਕਥਨ, ਨਾਨਾ ਪ੍ਰਕਾਰ ਨਾਲ ਦ੍ਵੈਤ ਰੂਪੀ ਵਾਨਾ ਨਾਲ ਜਕੜਿਆ ਹੋਇਆ ਸੰਸਾਰੀ ਮਨੁ, ਕੀ ਜਾਣ ਸਕਦਾ ਹੈ ਭਾਵੇਂ ਉਹ ਕਿਤਨਾ ਵੱਡਾ ਵਿਦ੍ਵਾਨ ਭੀ ਕਿਉਂ ਨਾ ਹੋਵੇ? ਉਹ ਅਤੰਤ ਸੂਖਮ-ਗੁਪਤ ਰਹਸ, ਕੋਈ ਗੁਰੁਦੇਵ ਹੀ ਸਮਝਾਉਂਦੇ ਹਨ। ਮੁੰਡਕ ਉਪਨਿਦ ਵਿੱਚ ਸਭ ਗ੍ਰੰਥਾਂ ਨੂੰ ਅਵਿਦਾਮਯ ਹੀ ਕਿਹਾ ਹੈ, ਆਤਮ ਪ੍ਰਾਪਤੀ ਵਿਦਾ ਨਾਲ ਹੁੰਦੀ ਹੈ ਤੇ ਉਹ ਵਿਦਾ ਸਤਿਗੁਰੂ ਪਾਸੋਂ ਮਿਲਦੀ ਹੈ।

## *ਦੋ ਵਿਦਿਆਂ-ਅਪਰਾ ਤੇ ਪਰਾ*

ੌਨਕ ਨੇ ਅੰਗਿਰਾ ਰਿਖੀ ਪਾਸ ਜਾਕੇ ਇਸ ਪ੍ਰਕਾਰ ਪੁੱਛਿਆ-

ਹੇ ਭਗਵਾਨ! ਕਿਸ ਵਸਤੂ ਦੇ ਜਾਣ ਲੈਣ ਪਰ ਸਭ ਕੁਝ ਯਾਨੀ ਜੋ ਵੀ ਜਾਨਣ ਯੋਗ ਪਦਾਰਥ ਹੈ, ਉਹ ਵਿ ਰੂਪ ਤੇ ਜਾਣ ਲਿਆ ਜਾਂਦਾ ਹੈ?

ਅੰਗਿਰਾ-ਬ੍ਰਹਮਵੇਤਾ ਪੁਰਾਂ ਨੇ ਕਿਹਾ ਹੈ ਕਿ ਦੋ ਵਿਦਿਆਂ ਜਾਨਣ ਯੋਗ ਹਨ ਇੱਕ ਪਰਾ ਤੇ ਦੂਜੀ ਅਪਰਾ।

ਰਿਗ ਵੇਦ, ਯਜੁਰ ਵੇਦ, ਸਾਮ ਵੇਦ, ਅਥਰਵ ਵੇਦ, ਸਿਖਾ, ਕਲਪ, ਵਾਕਰਣ, ਨਿਰੁਕਤੀ, ਛੰਦ ਤੇ ਜੋਤਿ, ਇਹ ਅਪਰਾ ਵਿਦਿਆ ਹੈ। ਪ੍ਰੰਤੂ ਜਿਸ ਵਿਦਯਾ ਨਾਲ ਉਸ ਅ+ਖਰ (ਨਾ ਰਹਿਤ) ਪ੍ਰਮਾਤਮਾ ਦਾ ਗਿਆਨ ਹੁੰਦਾ ਹੈ, ਉਹ ਪਰਾ ਵਿਦਿਆ ਹੈ। **(ਮੁੰ: ਉ: ੧ ।੧।੫।)**

ਇਹ ਸੁਣਕੇ ੌਨਕ ਰਿ ਹੈਰਾਨੀ ਵਿੱਚ ਡੁੱਬ ਗਿਆ ਕਿਉਂਕਿ ਰਿਗ ਵੇਦ ਆਦਿ ਤੋਂ ਬਾਹਰ ਪਰਾ ਵਿਦਾ ਕਹਿ ਦਿੱਤੀ ਹੈ। ਵੇਦ ਬਾਣੀ ਤੋਂ ਜੇਕਰ ਬਾਹਰ ਕੋਈ ਵਿਦਾ ਹੈ, ਉਹ ਮੁਕਤੀ ਦਾ ਸਾਧਨ ਹੋ ਹੀ ਨਹੀਂ ਸਕਦੀ, ਪ੍ਰੰਤੂ ਆਤਮ-ਗਿਆਨ ਉਸੀ ਪਰਾ ਵਿਦਾ ਦ੍ਵਾਰਾ ਹੁੰਦਾ ਹੈ, ਇਉਂ ਆਖਿਆ ਹੈ। ਸਿੰਮ੍ਰਿਤੀਆਂ ਵਿੱਚ ਇਹ ਕਥਨ ਹੈ-

ਜੋ ਵੇਦ ਤੋਂ ਬਾਹਰ ਸਿੰਮ੍ਰਿਤੀਆਂ ਤੇ ਹੋਰ ਜੋ ਮਨ ਮਰੀ ਦੀਆਂ ਦਲੀਲਾਂ ਹਨ, ਉਹ ਪਰਲੋਕ ਲਈ ਨਿਫਲ ਤੇ ਨਰਕ ਲਈ ਸਾਧਨ ਮੰਨੀਆਂ ਗਈਆਂ ਹਨ!

ਉਪਨਿਦ ਜੋ ਸਾਖਾਤ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਹੈ, ਉਹ ਸਾਰਾ ਸਿਲਸਲਾ ਵੇਦਾਂ ਦੇ ਅੰਤਰਗਤ ਹੀ ਹੈ, ਇਸ ਲਈ ਉਸਦਾ ਭੀ ਤਿਆਗ ਹੋ

ਗਿਆ। ਜੇ ਇਹ ਬਾਤ ਹੈ ਤਾਂ ਫਿਰ ਉਹ ਪਰਾ ਵਿਦਾ ਕਿਹੜੀ ਹੈ, ਜਿਸ ਨਾਲ ਆਤਮ ਪ੍ਰਾਪਤੀ ਹੁੰਦੀ ਹੈ? ਸਚ-ਮੁਚ ਹੀ ਇਹ ਇੱਕ ਵੱਡਾ ਭਾਰੀ ਸੰਯ ਹੈ , ਜਿਸ ਨੂੰ ਚਿੱਤ ਵਿੱਚ ਰਖ ਕੇ ਅੰਗਿਰਾ ਰਿੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ, ਉਸ ਅਭਿਪ੍ਰਾਯ ਨੂੰ ਆਦਿੰ ਕਰਾਚਾਰਯ ਨੇ ਭਾ ਅੰਦਰ ਇਉਂ ਖੋਲ੍ਹਿਆ ਹੈ-

ਇਹ ਗੱਲ ਨਹੀਂ, ਇਸ ਜਗ੍ਹਾ ਪਰਾ ਵਿਦਾ ਕਹਿਣ ਦਾ ਭਾਵ ਗਿਆਨ ਹੈ। ਵੇਦ-ਉਪਨਿਦ ਦੀ ਬਦ ਰਾੀ ਨਹੀਂ, ਕਿਉਂਕਿ ਉਪਨਿਦ ਪੜ੍ਹ ਲੈਣ ਪਰ ਭੀ ਵੈਰਾਗ ਅਤੇ ਗੁਰੂ ਤੋਂ ਬਿਨਾਂ ਅ+ਖਰ (ਨਾ ਰਹਿਤ) ਬ੍ਰਹਮ ਦਾ ਗਿਆਨ ਨਹੀਂ ਹੋ ਸਕਦਾ। ਇਸ ਲਈ ਬ੍ਰਹਮ ਵਿਦਾ ਦਾ ਗ੍ਰਹਿਣ ਜੁਦਾ ਹੈ ਅਰਥਾਤ ਪਰਾ ਵਿਦਾ (ਵਿਗਾਨ) ਦੁਆਰਾ ਪ੍ਰਮਾਤਮਾ ਜਾਣਿਆ ਜਾਂਦਾ ਹੈ ਕਿਉਂਕਿ ਅਵਿਦਾ ਦੀ ਨਿਵਿਰਤੀ ਹੀ ਬ੍ਰਹਮ ਦੀ ਪ੍ਰਾਪਤੀ ਹੈ। ਵੇਦ ਆਦਿ ਜਿੰਨੇ ਭੀ ਗ੍ਰੰਥ ਹਨ, ਉਹ ਸਭ ਤਿੰਨਾਂ ਗੁਣਾਂ ਦੇ ਅੰਦਰ ਹੀ ਹਨ, ਇਸ ਲਈ ਅਪਰਾ ਵਿਦਾ ਕਹੇ ਹਨ। ਆਤਮਾ ਗੁਣਾਂ ਤੋਂ ਅਤੀਤ ਵਸਤੂ ਹੈ, ਇਸ ਕਾਰਨ ਪਰਾ ਵਿਦਾ ਯਾਨੀ ਗਿਆਨ ਦੁਆਰਾ ਪ੍ਰਾਪਤ ਹੁੰਦਾ ਹੈ। ਗਿਆਨ ਆਤਮਾ ਤੋਂ ਕੋਈ ਵੱਖਰੀ ਚੀ ਨਹੀਂ, ਆਤਮਾ ਗਿਆਨ ਸ੍ਵਰੂਪ ਹੀ ਹੈ ਯਾਨੀ ਗਿਆਨ ਭੀ ਗੁਣਾਂ ਅਤੀਤ ਹੀ ਹੈ ਅਤੇ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਉਹ ਗਿਆਨ ਯਾਨੀ ਪਰਾ ਵਿਦਾ, ੀਘ੍ਰ ਹੀ ਅਗਿਆਨ ਦਾ ਵਿਨਾ ਕਰਦੀ ਹੈ। ਅਜਿਹਾ ਨਹੀਂ ਜੋ ਕਰਮ ਕਾਂਡ ਬਾਰੇ ਬਦਾਂ ਦਾ ਅਰਥ ਜਾਣ ਲੈਣ ਬਾਅਦ ਕਰਤਾ ਆਦਿ ਅਨੇਕ ਕਾਰਕਾਂ ਦੁਆਰਾ ਜੋ ਅਗਨੀ-ਹੋਤ੍ਰ ਆਦਿ ਕ੍ਰਿਆ ਹੈ, ਕਰਨੀ ਬਾਕੀ ਰਹਿ ਜਾਂਦੀ ਹੈ। ਪਰਾ ਵਿਦਾ ਦਾ ਕਾਰਜ ਵਾਕ, ਅਰਥ, ਗਿਆਨ ਉਸੀ ਸਮੇਂ ਹੀ ਸਮਾਪਤ ਹੋ ਜਾਂਦਾ ਹੈ ਅਰਥਾਤ ਬਚਨ ਸੁਣਕੇ, ਅਰਥ ਸਮਝਣ ਸਾਰ ਹੀ, ਉਸਦਾ ਫਲ ਸਮਾਪਤ ਹੋ ਜਾਂਦਾ ਹੈ ਕੇਵਲ ਬਦਾਂ ਦੇ ਯੋਗ ਨਾਲ ਪ੍ਰਕਾਿਤ ਹੋਣ ਵਾਲੇ ਅਰਥ ਗਿਆਨ ਵਿਚ ਇਸਥਿਤ ਕਰ ਦੇਣ ਤੋਂ ਬਿਨਾਂ ਪਰਾ ਵਿਦਾ ਦਾ ਹੋਰ ਕੋਈ ਪ੍ਰਯੋਜਨ ਨਹੀਂ ਹੈ। ਪਰਾ ਵਿਦਾ ਨਾਲ ਪ੍ਰਕਾਿਤ ਹੋਣ ਵਾਲੇ ਆਤਮਾ ਦੇ ਵਿੇਣ ਕਹਿੰਦੇ ਹਨ-

ਉਹ ਜੋ ਅਦਿ੍ਰ ਯਾਨੀ ਗਿਆਨ ਇੰਦ੍ਰੀਆਂ ਦਾ ਅਵਿਯ, ਕਰਮ ਇੰਦ੍ਰੀਆਂ ਦਾ ਅਵਿਯ, ਮੂਲ ਰਹਿਤ, ਵਰਣ ਰਹਿਤ, ਅੱਖਾਂ ਅਤੇ ਕੰਨ ਆਦਿ ਗਿਆਨ

ਇੰਦ੍ਰੀਆਂ ਤੋਂ ਰਹਿਤ, ਕਰਮ ਇੰਦ੍ਰੀਆਂ ਤੋਂ ਰਹਿਤ, ਨਿਤ, ਵਿਆਪਕ, ਵਿਭੂ ਯਾਨੀ ਅਨੇਕ ਪ੍ਰਕਾਰ ਦਾ, ਅਤੰਤ ਸੂਖਮ ਅਤੇ ਅੰਗਾਂ ਤੋਂ ਰਹਿਤ ਹੋਣ ਦੇ ਕਾਰਨ ਅਵਿਨਾ਼ੀ ਤਥਾ ਜੋ ਸੰਪੂਰਨ ਭੂਤਾਂ ਦਾ ਕਾਰਨ ਹੈ, ਉਸ ਨੂੰ ਵਿਵੇਕੀ ਲੋਕ ਸਭ ਪਾਸੇ ਦੇਖਦੇ ਹਨ। (ਮੁੰ: ਉ: ੧ ।੧।੬)

ਹੇ ੌਨਕ! ਜਿਸ ਬਾਰੇ ਤੂੰ ਪੁੱਛਦਾ ਹੈਂ, ਇਸ ਪ੍ਰਕਾਰ ਸਭ ਦੇ ਕਾਰਨ ਸੂਰੂਪ ਪ੍ਰਮਾਤਮਾ ਨੂੰ ਜਾਣ ਲੈਣ ਪਰ ਹੀ, ਇਹ ਜਾਨਣ ਵਿੱਚ ਆ ਜਾਂਦਾ ਹੈ ਕਿ ਇਹ ਸਾਰਾ ਸੰਸਾਰ ਆਤਮਾ ਹੀ ਹੈ, ਉਸ ਤੋਂ ਵੱਖਰਾ ਨਹੀਂ ਹੈ।

**ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥** (ਅੰਗ ੩੯)

**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥**
**ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥** (ਅੰਗ ੩੯)

**ਮਨ ਮੇਰੇ ਸਗਲ ਉਪਾਵ ਤਿਆਗੁ॥**
**ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ॥** (ਅੰਗ ੪੫)

**ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ॥**
**ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ॥** (ਅੰਗ ੬੦੮)

**ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ॥**
**ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ॥** (ਅੰਗ ੪੫)

ਸੈਂਕੜੇ ਗ੍ਰੰਥਾਂ ਦੇ ਪੜ੍ਹ ਲੈਣ ਪਰ ਭੀ ਆਤਮ-ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਜਦ ਤਕ ਕਿ ਸਤਿਗੁਰੂ ਆਤਮਾ ਸੰਬੰਧੀ ਰਮ ਨਾ ਸਮਝਾਉਣ। ਨਾਰਦ ਮੁਨੀ ਪੂਰਨ ਵਿਦ੍ਵਾਨ ਅਰਥਾਤ ੬੪ ਕਲਾ-ਵਿਦਾ ਸੰਪੰਨ ਸਨ-ਰਿਗ ਵੇਦ, ਯਜੁਰ ਵੇਦ, ਸਾਮ ਵੇਦ, ਅਥਰਵ ਵੇਦ, ਇਤਿਹਾਸ-ਪੁਰਾਣ, ਵਾਕਰਣ, ੍ਰਾਧ ਕਲਪ, ਗਣਿਤ, ਉਤਪਾਤ ਗਿਆਨ, ਨਿਧੀ ਾਸਤ੍ਰ, ਨਛੱਤ੍ਰ ਵਿਦਾ, ਸਰਪ ਵਿਦਾ (ਗਾਰੜੂ ਮੰਤ੍ਰ) ਨ੍ਰਿਤਯ-ਸੰਗੀਤ ਆਦਿ ਾਸਤ੍ਰਾਂ ਦੇ ਵਿਦ੍ਵਾਨ ਸਨ ਤਾਂ ਭੀ ਬ੍ਰਹਮ ਦਾ ਗਿਆਨ ਪ੍ਰਾਪਤ ਨਹੀਂ ਕਰ ਸਕੇ। ਆਖਿਰ ਵਿਆਕੁਲ ਚਿੱਤ, ਨਸ ਕੇ ਸਨਤ ਕੁਮਾਰ ਮੁਨੀ ਦੀ ਰਨ ਵਿੱਚ ਜਾਕੇ ਇਹ ਪ੍ਰਨ ਕੀਤਾ-

ਹੇ ਭਗਵਾਨ! ਮੈਂ ਸੁਣਿਆ ਹੈ ਕਿ ਆਤਮ-ਵੇਤਾ ੋਕ ਨੂੰ ਤਰ ਜਾਂਦਾ ਹੈ

ਪ੍ਰੰਤੂ ਮੈਂ ਕ ਸਹਿਤ ਹਾਂ ! ਇਸ ਪ੍ਰਕਾਰ ਆਪਣਾ ਅਗਿਆਨ ਪ੍ਰਗਟ ਕੀਤਾ ਤਾਂ ਸਨਤ ਕੁਮਾਰ ਜੀ ਨੇ ਤੱਤ੍ਵ-ਵਸਤੂ ਦਾ ਉਪਦੇ ਦਿਤਾ ਅਤੇ ਨਾਰਦ ਮੁਨੀ ਨੇ ਆਤਮ-ਇਸਥਿਤੀ ਪ੍ਰਾਪਤ ਕੀਤੀ।

ਇਸੀ ਤਰ੍ਹਾਂ ੍ਵੇਤਕੇਤੂ ਜੋ ਸਭ ਵੇਦਾਂ ਦਾ ਅਭਾਸ ਕਰਕੇ, ਆਪਣੇ ਪਿਤਾ ਦੇ ਪਾਸ ਆਇਆ। ਉਦਾਲਕ ਰਿਖੀ ਨੇ ਆਪਣੇ ਪੁਤ੍ਰ ਨੂੰ ਹਉਮੈਂ ਨਾਲ ਰਕ ਹੋਇਆ ਦੇਖਿਆ। ਵਿਦਾ ਅਭਿਮਾਨੀ ਪੁਤ੍ਰ ਦਾ ਅਗਿਆਨ ਨਿਵਿਰਤ ਕਰਨ ਖਾਤਰ, ਆਤਮ-ਤੱਤ੍ਵ ਦਾ ਉਪਦੇ ਕੀਤਾ ਤਾਂ ਉਸ ਅਨੰਦਮਈ, ਨਿੱਤ-ਪ੍ਰਕਾ ਵਸਤੂ ਦਾ ਗਿਆਨ ਪ੍ਰਾਪਤ ਕਰਕੇ ੍ਵੇਤਕੇਤੂ ਅਚਲ ਇਸਥਿਤੀ ਵਾਲਾ ਹੋਇਆ। ਇਹ ਪ੍ਰਸੰਗ ਅਤੇ ਨਾਰਦ-ਸਨਤ ਕੁਮਾਰ ਦਾ ਪ੍ਰਸੰਗ ਛਾਂਦੋਗਯ ਉਪਨਿਦ ਵਿੱਚ ਵਿਸਥਾਰ ਪੂਰਬਕ ਦੇਖੋ।

ਇਸ ਤੋਂ ਇਹ ਸਪਟ ਹੈ ਕਿ ਕੋਈ ਭੀ ਗ੍ਰੰਥ-ਸੰਸਕ੍ਰਿਤ, ਹਿੰਦੀ, ਪੰਜਾਬੀ, ਉਰਦੂ ਤੇ ਅੰਗਰੇਜ਼ੀ ਆਦਿ ਭਾ ਵਿਚ ਪ੍ਰਮੇ੍ਰ ਸੰਬੰਧੀ ਹੋਵੇ, ਉਹ ਕਿਸੇ ਕਾਮਲ ਮੁਰਦ (ਗੁਰੂ) ਦੀ ਸਹਾਇਤਾ ਬਿਨਾਂ, ਆਤਮ-ਗਿਆਨ ਨਹੀਂ ਕਰਾ ਸਕਦਾ ਕਿਉਂਕਿ ਮਹਾਂਪੁਰਾਂ ਬਿਨਾ, ਗ੍ਰੰਥਾਂ ਦੇ ਬਚਨਾਂ ਦੀ ਵਿਵਸਥਾ ਨਹੀਂ ਲਗਦੀ। ਵਿਦ੍ਵਾਨ ਸਤਿਗੁਰੂ ਤੋਂ ਬਿਨਾਂ, ਗ੍ਰੰਥਾਂ ਵਿੱਚੋਂ ਸਿੱਖ ਨੂੰ ਤੱਤ੍ਵ-ਵਸਤੂ ਸਮਝਾਕੇ ਗ੍ਰੰਥਾਂ ਦੀ ਨਿੰਲਤਾ ਦਿਖਾਉਣ ਵਾਲਾ, ਹੋਰ ਕੋਈ ਭੀ ਨਹੀਂ ਹੈ। ਸਾਰੇ ਹੀ ਅੱਖਰਾਂ ਵਿੱਚ ਫਸਾਉਣ ਵਾਲੇ ਹਨ ਕਿਉਂਕਿ ਜਦ ਮਨ ਅਦ੍ਵੈਤ ਸਿਧਾਂਤ ਨੂੰ ਪੂਰੀ ਤਰ੍ਹਾਂ ਗ੍ਰਹਿਣ ਹੀ ਨਹੀਂ ਕਰਦਾ ਤਾਂ ਬੁਧੀ ਨਿਰਸੰਯ ਕਿਸ ਤਰ੍ਹਾਂ ਹੋਵੇ? ਆਪ ਸੰਯ ਯੁਕਤ ਪੁਰ, ਦੂਜੇ ਨੂੰ ਨਿਰਸੰਯ ਨਹੀਂ ਕਰ ਸਕਦਾ। ਗ੍ਰੰਥਾਂ ਨੂੰ ਪੜ੍ਹਾਉਣ ਵਾਲਾ ਵਿਦ੍ਵਾਨ ਭੀ, ਜਗਾਸੂ ਨੂੰ ਨਿਰਸੰਯ ਨਹੀਂ ਕਰ ਸਕਦਾ ਕਿਉਂਕਿ ਖ਼ੁਦ ਆਪ ਹੀ ਵਿਚਾਰਿਆ ਹੋਇਆ ਉਹ ਗ੍ਰੰਥ, ਵਿਦਿਆਰਥੀ ਨੂੰ ਕ੍ਰਿਤਾਰਥ ਕਿਸ ਪ੍ਰਕਾਰ ਕਰ ਦੇਵੇਗਾ? ਕੋਈ ਤੱਤ੍ਵਵੇਤਾ ਵਿਦ੍ਵਾਨ ਹੀ ਪ੍ਰਮਾਤਮਾ ਨਾਲ ਅਭੇਦ ਕਰਦਾ ਹੈ, ਇਹ ਨਿਰਵਿਵਾਦ ਗੱਲ ਹੈ-

**ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ॥**

**(ਅੰਗ ੬੧੧)**

ਗ੍ਰੰਥ ਸਾਰੇ ਹੀ ਤਿੰਨਾਂ ਗੁਣਾਂ (ਤਮੋਂ, ਰਜੋ ਅਤੇ ਸਤੋ) ਦੇ ਅੰਤਰਗਤ ਹਨ।

ਮਨ, ਬਾਣੀ ਦਾ ਵਿ ਹੋਣ ਦੇ ਕਾਰਨ ਹੀ ਗੁਣਾਂ ਤੋਂ ਬਾਹਰ ਨਹੀਂ ਹੋ ਸਕਦੇ ਅਤੇ ਤਿੰਨਾਂ ਗੁਣਾਂ ਤੋਂ ਪਰੇ ਤੁਰੀਯ-ਪਦ ਜੋ ਆਤਮਾ ਹੈ, ਉਹ ਮਨ ਬਾਣੀ ਦਾ ਅਵਿਯ ਹੋਣ ਦੇ ਕਾਰਨ, ਬਦ ਦੀ ਪ੍ਰਵਿਰਤੀ ਤੋਂ ਬਾਹਰ ਹੈ ਅਰਥਾਤ ਉਸ ਬਾਰੇ ਇਕ ਲੰ ਭੀ ਕਥਨ ਨਹੀਂ ਕੀਤਾ ਜਾ ਸਕਦਾ। ਵੇਦ ਭੀ ਤਿੰਨ ਗੁਣਾਂ ਨੂੰ ਹੀ ਵਿ ਕਰਨ ਵਾਲੇ ਹਨ-

ਹੇ ਅਰਜਨ! ਸਭ ਵੇਦ, ਤਿੰਨ ਗੁਣਾਂ ਦੇ ਕਾਰਜ ਰੂਪ ਸੰਸਾਰ ਨੂੰ ਹੀ ਪ੍ਰਕਾ ਕਰਨ ਵਾਲੇ ਹਨ, ਇਸ ਲਈ ਤੂੰ ਅਸੰਸਾਰੀ ਯਾਨੀ ਨਿਕਾਮੀ ਹੋ।

**(ਗੀ: ਅ: ੨ ਸ: ੪੫)**

**ਜਨਮ ਮਰੈ ਤ੍ਰੈਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥**
**ਤੀਨਿ ਅਵਸਥਾ ਕਹਹਿ ਵਖਿਆਨੁ॥**
**ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥** **(ਅੰਗ ੧੫੪)**

ਇਨ੍ਹਾਂ ਬਚਨਾਂ ਦੁਆਰਾ ਇਹ ਗੱਲ ਸਪਟ ਹੋ ਜਾਂਦੀ ਹੈ ਕਿ ਵੇਦ ਤਿੰਨ ਗੁਣ ਮਈ, ਜੋ ਰੀਰ ਦੀਆਂ ਜਾਗ੍ਰਿਤ ਆਦਿ ਤਿੰਨ ਅਵਸਥਾਂ ਹਨ, ਦਾ ਹੀ ਵਰਨਣ ਕਰਦੇ ਹਨ ਅਰਥਾਤ ਤਿੰਨ ਅਵਸਥਾਂ ਦੀ ਪੂਰੀ ਵਿਆਖਿਆ ਕਰਕੇ ਭਲੀ ਪ੍ਰਕਾਰ ਦਿਖਾ ਦਿੰਦੇ ਹਨ ਕਿ ਉਪਰੋਕਤ ਤਿੰਨੇ ਅਵਸਥਾਂ ਤੁਰੀਯ ਅਵਸਥਾ ਯਾਨੀ ਆਤਮਾ ਵਿੱਚ ਨਹੀਂ ਹਨ ਅਰਥਾਤ ਰੱਸੀ ਵਿੱਚ ਸੱਪ ਦੀ ਭ੍ਰਾਂਤੀ ਵਾਂਗੂੰ ਕੇਵਲ ਪ੍ਰਤੀਤ ਹੀ ਹੁੰਦੀਆਂ ਹਨ।

ਜਿਸ ਤੁਰੀਯ ਆਤਮਾ ਵਿੱਚ ਇਨ੍ਹਾਂ ਦੀ ਪ੍ਰਤੀਤੀ ਹੁੰਦੀ ਹੈ, ਉਹ ਕਿਹੋ ਜਿਹਾ ਹੈ? ਉਸ ਬਾਰੇ ਾਤ੍ਰ ਪ੍ਰਮਾਣ-

ਉਸ ਆਤਮਾ ਨੂੰ ਨਾ ਪਹੁੰਚਕੇ ਮਨ ਤੇ ਬਾਣੀ ਵਾਪਸ ਮੁੜ ਆਉਂਦੇ ਹਨ।

**(ਤੈ: ਉ: ੨ ।੯ ।੧।)**

ਇਸ ਤਰ੍ਹਾਂ ਕਹਿ ਕੇ ਖਾਮੋ ਹੋ ਜਾਂਦੇ ਹਨ। ਕਿਉਂ? ਇਸ ਲਈ ਕਿ ਇਹ ਕਾਰਜ ਯਾਨੀ ਤੁਰੀਯ ਪਦ, ਆਤਮਾ ਦਾ ਗਿਆਨ, ਸਤਿਗੁਰੂ ਕਰਾਉਣਗੇ, ਕਿਉਂਕਿ-

**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥**
**ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥**

**ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥**

**(ਅੰਗ ੩੪੦)**

ਜੋ ਅਵਿਨਾਸੀ ਆਤਮਾ ਬਾਣੀ ਤੋਂ ਪਰੇ ਹੈ, ਉਸ ਜਗ੍ਹਾ ਮਨ ਹੀ ਨਹੀਂ ਠਹਿਰ ਸਕਦਾ ਯਾਨੀ ਜਦ ਮਨ ਦੀ ਉਸ ਤਕ ਪਹੁੰਚ ਹੀ ਨਹੀਂ ਯਾਨੀ ਚਿੰਤਨ ਦਾ ਵਿ ਹੀ ਨਹੀਂ ਬਣ ਸਕਿਆ ਤਾਂ ਬਾਣੀ ਦੁਆਰਾ ਬੋਲਕੇ ਕਿਸ ਤਰ੍ਹਾਂ ਆਖਿਆ ਜਾਵੇ?

ਜਦ ਕਿ ਇਹ ਬਾਤ ਇਸ ਤਰ੍ਹਾਂ ਦੀ ਹੈ ਤਾਂ ਉਹ ਸੰਸਾਰ ਵਿੱਚ ਕਿਹੜਾ ਗ੍ਰੰਥ ਹੈ ਜਿਸਦੇ ਅੱਖਰ ਵਿਨਾਸੀ ਨਹੀਂ ਅਤੇ ਮਨ, ਬਾਣੀ ਦਾ ਵਿ ਨਹੀਂ? ਭਾਵੇਂ ਅਦ੍ਵੈਤ ਗ੍ਰੰਥਾਂ ਦੇ ਬਚਨ ਕਤੀ ਬ੍ਰਿਤੀ ਦੁਆਰਾ ਆਤਮਾ ਦਾ ਬੋਧ ਨਹੀਂ ਕਰਾ ਸਕਦੇ, ਕਿੰਤੂ ਲੱਛਣਾਂ ਬ੍ਰਿਤੀ ਦੁਆਰਾ ਭੀ ਆਤਮਾ ਦਾ ਬੋਧ ਕਰਾਉਣ ਵਾਲੇ ਗ੍ਰੰਥ, ਸਤਿਗੁਰੂ ਦੀ ਸਹਾਇਤਾ ਮੰਗਦੇ ਹਨ। ਕਿਉਂ? ਇਸ ਲਈ ਕਿ ਜਿਸ ਆਤਮਾ ਦਾ ਆਵਰਣ ਭੰਗ ਹੋ ਚੁਕਾ ਹੈ, ਉਹੀ ਅਗਿਆਨ ਨਾਲ ਢਕੇ ਹੋਏ ਕਿਸੇ ਦੂਜੇ ਰੀਰ ਵਿੱਚ ਆਤਮਾ ਦਾ ਆਵਰਣ ਉਠਾਏਗਾ। ਚਾਹੇ ਸੁਤੰਤ੍ਰ ਆਪਣੇ ਅਨੁਭਵ ਦੁਆਰਾ ਹੀ ਤੇ ਭਾਵੇਂ ਗਿਆਨਵਾਨਾਂ ਦੇ ਬਚਨਾਂ ਦੁਆਰਾ ਯਾਨੀ ਗ੍ਰੰਥਾਂ ਦੇ ਰੀਏ ਕਿਉਂਕਿ ਆਪਣੇ ਆਤਮਾ ਵਿੱਚ ਇਸਥਿਤ ਹੋਕੇ ਗਿਆਨਵਾਨਾਂ ਦੁਆਰਾ ਗ੍ਰੰਥਾਂ ਵਿੱਚ ਲਿਖੇ ਹੋਏ ਬਚਨਾਂ ਨੂੰ, ਉਹੀ ਸਮਝਦਾ ਹੈ ਜੋ ਕਿ ਆਪ ਆਤਮਾ ਵਿੱਚ ਇਸਥਿਤ ਹੋਵੇ। ਇਸ ਲਈ ਗ੍ਰੰਥ ਰੂਪ ਵਿੱਚ, ਗਿਆਨਵਾਨਾਂ ਦੇ ਬਚਨ ਹੋਣ ਦੇ ਬਾਵਜੂਦ ਭੀ ਆਤਮ-ਅਨੁਭਵ ਵਾਸਤੇ ਕਿਸੇ ਗਿਆਨਵਾਨ ਦੀ ਲੋੜ ਪੈਂਦੀ ਹੈ।

ਆਪਣੇ-ਆਪਣੇ ਵਰਣ, ਆ੍ਰਮ, ਸੰਪ੍ਰਦਾਇ, ਭੇਖ, ਮ੍ਰਬ ਆਦਿ ਫਾਂਸੀਆਂ ਨਾਲ ਜਕੜੇ ਹੋਏ ਅਤੇ ਸੰਸਾਰੀ ਵਾਨਾਵਾਂ ਨਾਲ ਛੇਦੇ ਹੋਏ ਮਨ ਵਾਲੇ ਮਨੁਖ, ਵਰਣ-ਆ੍ਰਮ ਤੋਂ ਅਤੀਤ, ਭੇਖ ਜਾਂ ਦੇਹ ਅਧਾਸ ਤੋਂ ਪਰੇ, ਆਤਮ-ਸ੍ਵਰੂਪ ਵਿੱਚ ਇਸਥਿਤ ਤੱਤ੍ਵ-ਵੇਤਾ ਪੁਰਾਂ ਦੁਆਰਾ, ਗ੍ਰੰਥਾਂ ਅੰਦਰ ਵਰਨਣ ਕੀਤੇ ਅਜਿਹੇ ਬਚਨ-

**ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥** (ਦ. ਗ੍ਰੰ.)

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥**
**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥** (ਅੰਗ ੨੮੩)

**ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥**
**ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥**
(ਅੰਗ ੫੯੭)

**ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥**
**ਅਸਚਰਜ ਰੂਪੰ ਰਹੰਤ ਜਨਮੰ।** (ਅੰਗ ੧੩੫੯)

**ਤੂੰ ਵਰਨਾ ਚਿਹਨਾ ਬਾਹਰਾ॥ ਹਰਿ ਦਿਸਹਿ ਹਾਜਰੁ ਜਾਹਰਾ॥**
(ਅੰਗ ੭੪)

ਆਦਿ ਬਚਨਾਂ ਦੁਆਰਾ ਪ੍ਰਗਟ ਹੋਣ ਵਾਲਾ ਜੋ ਨਾਮ-ਰੂਪ (ਦੁਨਿਆਵੀ ਨਾਮ ਅਤੇ ਕਲ) ਰਹਿਤ ਆਤਮਾ ਹੈ ਨੂੰ, ਮਹਾਂਪੁਰਾਂ ਦੀ ਸਹਾਇਤਾ ਤੋਂ ਬਿਨਾ ਹੀ ਪ੍ਰਾਣੀ ਅਨੁਭਵ ਕਰਨ ਦੀ ਚੇਟਾ ਕਰਦੇ ਹਨ। ਆਤਮ-ਗਿਆਨ ਪ੍ਰਾਪਤ ਕਰਨ ਦੀ ਹਰਕਤ ਮਾਨੋ ਆਕਾ ਨੂੰ ਚਮੜੇ ਦੀ ਤਰ੍ਹਾਂ ਲਪੇਟ ਕੇ, ਮੁੱਠੀ ਵਿੱਚ ਪਕੜਨਾ ਚਾਹੁੰਦੇ ਹਨ ਅਥਵਾ ਉੱਡ ਚੁੱਕੇ ਪੰਛੀ ਦਾ ਆਕਾ ਵਿੱਚ ਮਾਰਗ ਢੂੰਡਦੇ ਹਨ ਯਾ ਇਉਂ ਸਮਝੋ ਕਿ ਅੰਧੇਰੀ ਰਾਤ ਵੇਲੇ ਜਲ ਵਿੱਚ ਵੜ ਚੁਕੇ ਸੱਪ ਦੇ, ਪੈਰਾਂ ਦੇ ਨਿਾਨ ਗਿਣਦੇ ਹਨ।

## *ਸਤਿਗੁਰੂ ਦੀ ਕਸਵੱਟੀ*

ਪਿਆਰੇ ਵਿਜੋਗੀ ! ਸਤਿਗੁਰੂ ਦੀ ਰਣ ਵਿੱਚ ਨਿਵਾਸ, ਬ੍ਰਹਮਚਰਯ ਅਤੇ ਤਪਸਿਆ ਆਦਿ ਸਾਧਨਾਂ ਦੇ ਯੁਕਤ ਹੋ ਕੇ, ਆਤਮ-ਵਸਤੂ ਜਾਣੀ ਜਾਂਦੀ ਹੈ। ਅਤੰਤ ਪ੍ਰੇਮ, ਰਧਾ ਤੇ ਵ੍ਿਾਸ ਤੋਂ ਬਿਨਾਂ, ਗੁਰੂ ਪਾਸੋਂ ਇਹ ਅਨੰਦਮਯੀ ਵਸਤੂ ਕੌਣ ਪ੍ਰਾਪਤ ਕਰ ਸਕਦਾ ਹੈ? ਗੁਰੂਦੇਵ ਦੀ ਕਸਵੱਟੀ ਬੜੀ ਅਸਚਰਜ ਹੈ, ਲੇ-ਮਾਤ੍ਰ ਭੀ ਨਕਲੀਪਨ ਨੂੰ ਨਹੀਂ ਰਦੀ। ਜੋ ਅਸਲੀ ਸੋਨਾ ਹੁੰਦਾ ਹੈ, ਉਹੀ ਖਾਨੇ ਵਿੱਚ ਪਾਇਆ ਜਾਂਦਾ ਹੈ। ਗੁਰੂ ਦੀ ਪਰਖ (ਕਸਵਟੀ) ਰੂਪੀ ਅਤੀ ਕਠਿਨ ਪਰਚਿਆਂ ਨੂੰ ਕੋਈ ਨਿਰਮਲ ਅਤੇ ਤੀਬਰ ਬੁੱਧੀ ਵਾਲਾ ਵਿਦਾਰਥੀ ਹੀ ਭਰਦਾ ਹੈ। ਦੇਖੀਏ ! ਤੂੰਾਨ ਭੀ ਆਪਣੇ ਪੂਰੇ ਰਾਂ ਉੱਤੇ ਹੈ ਅਤੇ ਕਿਤੀ ਭੀ ਆਪਣਾ ਮਾਰਗ ਛੱਡਦੀ ਨਹੀਂ ਦਿਖਦੀ।

**ਵਿਜੋਗੀ**-(ਹੈਰਾਨ ਹੋ ਕੇ) ਗੁਰੂਦੇਵ ! ਤੂੰਾਨ ਅਤੇ ਕਿਤੀ ਦਾ ਕੀ ਮਤਲਬ?

**ਗੁਰੂਦੇਵ**-(ਾਂਤ-ਚੁੱਪ)

**ਵਿਜੋਗੀ**-ਸੰਦੇਹ ਵਿਨਾਕ ਸਰਬਗ ਸਤਿਗੁਰੂ ! ਆਪ ਕਿਸ ਚੀਜ ਨੂੰ ਦੇਖਦੇ ਹੋਏ ਵਚਨ ਕਰਦੇ ਹੋ?

**ਗੁਰੂ**-ਵਿਜੋਗੀ ! ਪਿਪਲਾਦ ਰਿੀ ਦੇ ਪਾਸ੍ ੱਧ ਸੰਸਕਾਰਾਂ ਵਾਲੇ ਛੇ (6) ਜਗਾਸੂ ਪਹੁੰਚੇ-ਸੁਕੇਾ, ਸਤਕਾਮ, ਸੌਰਜਾਇਣੀ, ਕੌਸਲ, ਭਾਰਗਵ ਅਤੇ ਕਬੰਧੀ। ਸਰਗੁਣ ਬ੍ਹਮ ਦੀ ਉਪਾਸਨਾ ਯੁਕਤ ਹੋਏ, ਇਹ ਸੋਚਕੇ ਆਏ ਹਨ ਕਿ ਸਾਡੀ ਮਨੋਕਾਮਨਾ ਇਸ ਜਗ੍ਹਾ ਪੂਰੀ ਹੋ ਜਾਵੇਗੀ। ਇਸ ਲਈ ਹੱਥਾਂ ਵਿੱਚ ਭੇਟਾਵਾਂ ਲੈਕੇ ਨਮਕਾਰ ਕੀਤੀ। ਪਿਪਲਾਦ ਨੇ ਆਉਣ ਦਾ ਨਮਿੱਤ ਪੁੱਛਿਆ। ਜਦੋਂ ਉਨ੍ਹਾਂ ਨੇ ਹੱਥ ਜੋੜਕੇ ਕੁਝ ਪੁੱਛਣ ਦੀ ਆਗਾ ਮੰਗੀ ਤਾਂ ਉੱਤਰ ਵਿੱਚ ਪਿਪਲਾਦ ਨੇ ਕਿਹਾ ਕਿ-ਤੁਸੀਂ ਤਪਸਾ, ਬ੍ਹਮਚਰਯ ਤੇ ਰਧਾ ਯੁਕਤ ਹੋ ਕੇ, ਮੇਰੇ ਪਾਸ ਇੱਕ ਸਾਲ ਨਿਵਾਸ ਕਰੋ। ਫਿਰ ਆਪਣੀ-ਆਪਣੀ ਇੱਛਾ ਅਨੁਸਾਰ ਪ੍ਨ ਕਰਨੇ, ਜੇ ਮੈਂ ਜਾਣਦਾ ਹੋਵਾਂਗਾ ਤਾਂ ਤੁਹਾਨੂੰ ਦੱਸ ਦੇਵਾਂਗਾ, ਨਹੀਂ ਤਾਂ ਕਿਸੇ ਹੋਰ ਪਾਸੋਂ ਪੁੱਛ ਲਇਓ। ਬੜਾ ਅਨੋਖਾ ਉੱਤਰ ਹੈ ! ਇਕ ਸਾਲ ਠਹਿਰੋ ਉਹ ਭੀ ਪਤਾ ਨਹੀਂ ਕਿ ਸਾਡੇ ਪੱਲੈੇ ਰ ਪੈਣੀ ਹੈ ਯਾ ਨਹੀਂ।

ਹੁਣ ਦੇਖੋ ਨਿਸਚਾ ! ਠਹਿਰ ਗਏ ਹਨ ਤੇ ਨਿਰਣਯ ਕੋਈ ਭੀ ਨਹੀਂ ਹੈ। ਜਿਹੜੀ ਗੱਲ ਹੀ ਨਿਰਣਯ ਯੁਕਤ ਨਹੀਂ ਹੈ, ਉਸ ਵਲ ਹਰਕਤ ਕੀ? ਪਾਗਲ, ਦੀਵਾਨੇ ! ਪ੍ਰੇਮ ਵਿੱਚ ਝੱਲੇ ਹੋਏ ਮਹਿਖਾਨੇ ਚ ਪਈ ਦਾਰੂ ਦਾ ਰੰਗ ਦੇਖ ਕੇ ਹੀ ਹੋ ਭੁਲਾਈ ਬੈਠੇ ਹਨ। ਕਿਸੇ ਸੁੰਦਰ ਵਸਤੂ ਲਈ ਤਰਸਦੇ ਹਨ ਪ੍ਰੰਤੂ ਇਹ ਨਹੀਂ ਪਤਾ ਕਿ ਮਿਲਣੀ ਭੀ ਹੈ ਯਾ ਨਹੀਂ? ਜੇ ਮਿਲਣ ਦੀ ਆਸ ਮਾਲੂਮ ਨਹੀਂ ਦਿੰਦੀ ਤਾਂ ਅਟਕਣ ਦੀ ਕੀ ਲੋੜ ਹੈ? ਰਿੀ ਤੋਂ ਮਿਲੇ ਉੱਤਰ ਦੇ ਮੁਤਾਬਿਕ ਤਾਂ ਬੁੱਧੀਮਾਨ ਨੂੰ ਠਹਿਰਨਾ ਮੁਨਾਸਬ ਨਹੀਂ ਪ੍ਰੰਤੂ ਉਹ ਨਿਰਾਸ ਭੀ ਨਹੀਂ ਬੜੇ ਪ੍ਰਸੰਨ ਹਨ। ਇਸ ਮਹਿਫਲ ਦਾ ਕੋਈ ਰਾ ਸਮਝ ਵਿੱਚ ਆ ਗਿਆ ਹੈ ਕਿ ਸਾਕੀ (ਰਿੀ) ਬੇ-ਲਿਹਾ ਹੈ ਯਾਨੀ ਕਿਸੇ ਭੀ ਅਮੀਰ-ਗਰੀਬ, ਾਤ-ਪਾਤ ਅਤੇ ਵਰਣ-ਆ੍ਮ ਦੀ ਲਿਹਾ ਤੋਂ ਬਿਨਾਂ ਇਸ ਮਹਿਖਾਨੇ ਵਿੱਚ ਪਹੁੰਚੇ ਕਿਸੇ ਨੂੰ ਭੀ ਗਿਲਾਸ ਭਰਕੇ ਤਾਂ ਉਸਨੇ ਦੇ ਹੀ ਦੇਣਾ ਹੈ। ਹਾਂ ! ਉਸਦੀ ਕੀਮਤ ਵਿੱਚ ਸਿਰ ਅਦਾ ਕਰਨਾ ਪੈਂਦਾ ਹੈ, ਸੋ ਇਹ ਗ੍ਾਹਕ ਭੇਟਾ ਲੈਕੇ ਹਾ ਰ ਹੀ ਹਨ।

ਇਹ ਤਾਂ ਇਉਂ ਭਾਸਦਾ ਹੈ ਕਿ ਚਕੋਰ ਦੀਆਂ ਅੱਖੀਆਂ ਹੀ ਚੰਦ੍ਰਮਾ ਵਿੱਚ ਰਹਿ ਗਈਆਂ ਹਨ, ਕੁਝ ਸੋਚਣ ਦੀ ਸੁਧ ਹੀ ਨਹੀਂ ਰਹੀ। ਕਿਉਂ? ਲੋੜ ਹੀ ਸਰੋਵਰ ਦੀ ਸੀ, ਪਿਆਸ ਦੇ ਮਿਟਣ ਵਿੱਚ ਕੀ ਸੈ ਹੈ? ਜੋ ਭੀ ਲੰਗਰ ਦੇ ਦਰਵਾ ੇ ਤੇ ਆਇਆ ਹੈ, ਉਸ ਭੁੱਖੇ ਨੂੰ ਅੰਨ, ਹਰ ਹਾਲਤ ਵਿੱਚ ਮਿਲਣਾ ਹੀ ਹੈ। ਚੁੰਬਕ ਪੱਥਰ ਦੇ ਨਦੀਕ ਪਹੁੰਚਿਆ ਹੋਇਆ ਲੋਹਾ, ਚ ਲਿਆ ਭੀ ਕਿੱਥੇ ਜਾਵੇ? ਪਿਪਲਾਦ ਦਾ ਉਪ੍ਰੋਕਤ ਗੰਭੀਰ ਬਚਨ ਆਪਣੀ ਨਿਰਮਾਣਤਾ, ਜਗਾਸੂ ਦੇ ਚਿੱਤ ਦੀ ਵਿ‍ੇ _ੱਧੀ ਪਰਖਣ ਵਾਲਾ ਹੈ। ਕੱਚੇ-ਪਿੱਲੇ ਜਗਾਸੂ, ਭਲਾ ! ਇਸ ਪ੍ਰਕਾਰ ਦੇ ਬਚਨ ਨਾਲ ਠਹਿਰਨ ਵਾਲੇ ਸਨ? ਫੌਰਨ ਚਲੇ ਜਾਂਦੇ। ਪ੍ਰੰਤੂ ਨਹੀਂ, ਪਿੱਛੇ ਦਾ ਆਿਲ ਭੁਲਾ ਕੇ ਆਏ ਹਨ। ਨਾ ਇਹ ਕਿਸੇ ਦੇ ਹਨ ਤੇ ਨਾ ਹੀ ਇਨ੍ਹਾਂ ਦਾ ਕੋਈ ਹੈ। ਇਨ੍ਹਾਂ ਨੇ ਤਾਂ ਵਸਤੂ ਹੀ ਇੱਕ ਖੋਜਣੀ ਹੈ, ਜਿੱਥੇ ਭੀ ਉਹ ਮਿਲ ਜਾਏ ਕਿਉਂਕਿ ਰਹਿੰਦਾ ਜੀਵਨ, ਭੇਟਾ ਹੀ ਉਸ ਪਿਆਰੇ ਦੀ ਹੈ।

ਪਿਛਲੀ ਤਾਂਘ ਨਾ ਸੰਸਾਰ ਦਾ ਸੁਖ ਭੋਗਣ ਦਿੰਦੀ ਹੈ ਤੇ ਨਾਂ ਹੀ ਨਿੱਤ-ਆਨੰਦ, ਆਤਮ-ਰਸ ਵਿੱਚ ਮਗਨ ਹੋਣ ਦਿੰਦੀ ਹੈ। ਇਹੋ ਜਿਹਾ ਦੋ ਪਾਸੇ ਤੱਕਣ ਵਾਲਾ ਬੰਦਾ ਬਰਬਾਦ ਹੋ ਜਾਂਦਾ ਹੈ। ਦੋ ਆਿਲਾਂ ਵਾਲਾ ਮਨੁਖ , ਚਿੰਤਨ ਵਿੱਚ ਨਾ ਆਉਣ ਵਾਲੇ ਆਤਮਾ ਨੂੰ ਜਾਣ ਕਿਸ ਤਰ੍ਹਾਂ ਲਵੇਗਾ? ਇਥੇ ਤਾਂ ਮਨ ਹੀ ਗੁੰਮ ਹੈ ਅਤੇ ਆਿਲਾਂ ਦਾ ਕਿਰ ਹੀ ਕੀ? ਆਤਮ-ਦਰਨ ਦੀ ਚਿੱਤ ਵਿੱਚ ਤੜਪ, ਅਤੀ ਉੱਜੂਲ ਬੁਧੀ ਅਤੇ ਪੂਰਨ ਸਤਿਗੁਰੂ ਦਾ ਮਿਲਾਪ। ਬੱਸ, ਇਨ੍ਹਾਂ ਤਿੰਨਾਂ ਚੀਾਂ ਦੇ ਇਕੱਠੇ ਹੋਣ ਦੀ ਹੀ ਦੇਰੀ ਹੈ, ਆਤਮ-ਦਰਨ ਦੀ ਦੇਰੀ ਨਹੀਂ।

ਆਗਿਆ ਮੁਤਾਬਿਕ ਛੇ (6) ਜਗਾਸੂਆਂ ਨੇ ਇਕ ਸਾਲ ਗੁਰੂਦੇਵ ਦੇ ਚਰਨਾਂ ਵਿੱਚ ਨਿਵਾਸ ਕੀਤਾ ਉਪ੍ਰੰਤ ਆਪਣੀ-ਆਪਣੀ ਇੱਛਾ ਮੁਤਾਬਿਕ ਪ੍ਰਨ ਕੀਤੇ ਤੇ ਪਿਪਲਾਦ ਰਿ ਦੇ ਉੱਤਰ ਦੁਆਰਾ ਕ੍ਰਿਤਾਰਥ ਹੋ ਗਏ-ਕੁਝ ਭੀ ਕਰਨਾ ਬਾਕੀ ਨਾ ਰਿਹਾ ਕਿਉਂਕਿ ਉਪਰੋਕਤ ਤਿੰਨੇ ਗੱਲਾਂ ਇਕਠੀਆਂ ਹੋ ਚੁਕੀਆਂ ਸਨ। ਇੰਦ੍ਰੀਆਂ ਨੂੰ ਅੱਛੀ ਤਰ੍ਹਾਂ ਆਪਣੇ ਅਧੀਨ ਕਰਕੇ, ਸੰਸਾਰਿਕ ਵਿਿਆਂ ਤੋਂ ਸਦਾ ਵੈਰਾਗ ਯੁਕਤ ਰਹੋ। ਮਹਾਂਪੁਰਾਂ ਨੂੰ ਸਾਖਾਤ ਪ੍ਰਭੂ ਜਾਣ ਕੇ, ਅਤੀ ਨਿੰਮ੍ਰਤਾ ਪੂਰਬਕ ਸਭ ਕੁਝ ਅਰਪਣ ਕਰ ਦੇਵੋ ਅਤੇ ਆਪਣੀਆਂ ਚਤੁਰਾਈਆਂ ਨੂੰ ਛੱਡੋ। ਇਹ ਸੰਸਾਰੀ ਅਕਲਾਂ, ਅਸੰਸਾਰੀ ਮਾਰਗ ਵਿੱਚ ਕੰਮ ਨਹੀਂ ਆਉਂਦੀਆਂ ਹੁੰਦੀਆਂ।

## *ਇੰਦ੍ਰੀਆਂ ਦਾ ਸੰਜਮ*

ਇੰਦ੍ਰੀਆਂ ਦੇ ਸੰਜਮ ਬਿਨਾਂ ਅਗੀਰੀ ਆਤਮਾ ਦੀ ਪ੍ਰਾਪਤੀ ਲਈ ਸਭ ਯਤਨ ਨਿਫਲ ਹੋ ਜਾਂਦੇ ਹਨ। ਵਿ-ਵਾਨਾਂ ਨਾਲ ਪਰਚਿਆ ਹੋਇਆ ਮਨੁਖ, ਵਾਨਾ-ਹੀਨ ਆਤਮਾ ਦਾ ਕੀ ਵਿਚਾਰ ਕਰੇਗਾ? ਬ੍ਰਹਮਚਰਯ ਦਾ ਦ੍ਰਿੜ੍ਹਤਾ-ਪੂਰਬਕ ਪਾਲਣ ਕਰੋ। ਗੀਰ ਅਤੇ ਇੰਦ੍ਰੀਆਂ ਦੇ ਰਿਟ-ਪੁਟ ਹੋਣ ਪਰ ਭੀ, ਪਾਸ ਪਏ ਹੋਏ ਵਿਿਆਂ ਪਰ ਤੁਹਾਡਾ ਮਨ ਨਾ ਲਲਚਾਵੇ, ਇਹੋ ਜਿਹੀ ਮਨ ਦੀ ਉਪਰਾਮ ਅਵਸਥਾ ਬਣਾਉ। ਇਹ ਸੋਹਣੇ-ਸੋਹਣੇ ਦਿਖਣ ਵਾਲੇ ਪਦਾਰਥ, ਜਲ ਦੇ ਬੁਦਬੁਦੇ ਹਨ ਜੋ ਦੇਖਦੇ-ਦੇਖਦੇ ਹੀ ਨਟ ਹੁੰਦੇ ਜਾ ਰਹੇ ਹਨ। ਕੀ ਕਰੋਗੇ ਇਨ੍ਹਾਂ ਵਲ ਪ੍ਰੀਤੀ ਪੂਰਬਕ ਦੇਖਕੇ? ਸੁਪਨੇ ਵਿੱਚ ਪ੍ਰੀਤਮ ਨੂੰ ਕਿੰਨਾ ਘੁਟ-ਘੁਟ ਕੇ ਸੀਨੇ ਨਾਲ ਲਾਵੋ, ਰਹਿਣਾ ਤਾਂ ਤੁਹਾਡੇ ਪਾਸ ਉਹ ਹੈ ਹੀ ਨਹੀਂ। ਪਿਛੋਂ ਕ ਕਰੋਗੇ, ਕੀ ਫਾਇਦਾ ਹੋਏਗਾ? ਉਸਦੀ ਪਿਆਰੀ-ਪਿਆਰੀ ਸੂਰਤ, ਮਿੱਠੇ- ਮਿੱਠੇ ਬਚਨ ਅਤੇ ਮਨ ਨੂੰ ਪਿਆਰ ਵਿੱਚ ਰੰਗ ਦੇਣ ਵਾਲੀ ਹਰਕਤ ਯਾਦ ਕਰਕੇ ਐਵੇਂ ਝੂਰੋਗੇ। ਚਿੱਤੰ ਜੂਲ ਕਲਪਨਾ ਵਿੱਚ ਪਿਆ ਰਹਿਣ ਨਾਲ, ਕੀ ਸੁਖ ਦੇਖੋਗੇ? ਭਾਰੀ ਦੁੱਖ ਦਾ ਹੀ ਅਨੁਭਵ ਕਰੋਗੇ। ਨਿਤ ਸੁਖ ਵਲ ਆਉਣ ਦੀ ਹਿੰਮਤ ਕਰੋ। ਇਹੋ ਜਿਹਾ ਅਵਿਨਾਸੀ ਸਾਥੀ ਬਣਾਓ ਜੋ ਕਦੇ ਵਿਛੜੇ ਹੀ ਨਾ। ਜੋ ਮਿਲਦਾ ਤੇ ਵਿਛੁੜਦਾ ਹੈ, ਉਹ ਸੁਖ ਤੇ ਦੁੱਖ ਰੂਰ ਦੇਵੇਗਾ। ਉਸ ਵਿੱਚ ਨਿੱਤ ਰਹਿਣ ਵਾਲਾ ਸੁਖ ਹੈ ਕਿੱਥੇ? ਭਗਵਾਨ ਕਹਿੰਦੇ ਹਨ-

ਹੇ ਅਰਜਨ ! ਜੋ ਇਹ ਇੰਦ੍ਰੀਆਂ ਤਥਾ ਵਿਿਆਂ ਦੇ ਸੰਯੋਗ ਨਾਲ ਉਤਪੰਨ ਹੋਣ ਵਾਲੇ ਸਭ ਭੋਗ ਹਨ, ਉਹ ਭਾਵੇਂ ਵਿਈ ਪੁਰਾਂ ਨੂੰ ਸੁਖ ਰੂਪ ਭਾਸਦੇ ਹਨ ਤਾਂ ਭੀ ਨਿਰਸੰਦੇਹ ਦੁੱਖ ਦੇ ਹੀ ਹੇਤੂ ਹਨ ਅਤੇ ਆਦਿ ਅੰਤ ਵਾਲੇ ਅਰਥਾਤ ਅਨਿੱਤ ਹਨ। ਇਸ ਲਈ ਬੁੱਧੀਮਾਨ ਵਿਵੇਕੀ ਪੁਰ, ਉਨ੍ਹਾਂ ਵਿੱਚ ਨਹੀਂ ਰਮਦਾ।

**(ਗੀ: ਅ: ੫ ਸ: ੨੨)**

ਜੋ ਮਨੁ ਗੀਰ ਦੇ ਨਾ ਹੋਣ ਤੋਂ ਪਹਿਲਾਂ ਹੀ ਕਾਮ, ਕ੍ਰੋਧ ਆਦਿ ਵਿਕਾਰਾਂ ਨਾਲ ਉਤਪੰਨ ਹੋਏ ਵੇਗ ਨੂੰ ਸਹਿਣ ਕਰਨ ਵਿੱਚ ਸਮਰਥ ਹੈ ਅਰਥਾਤ ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ ਜਿਸਨੇ ਸਦਾ ਲਈ ਜਿੱਤ ਲਿਆ ਹੈ, ਉਹ ਮਨੁ ਇਸ ਲੋਕ ਵਿੱਚ ਜੋਗੀ ਹੈ ਅਤੇ ਉਹੀ ਸੁਖੀ ਹੈ। **(ਗੀ: ਅ: ੫ ਸ: ੨੩)**

ਹੇ ਕੁੰਤੀ ਪੁਤ੍ਰ! ਸਰਦੀ-ਗਰਮੀ ਅਤੇ ਸੁਖ-ਦੁੱਖ ਦੇਣ ਵਾਲੀਆਂ ਇੰਦ੍ਰੀਆਂ ਦੇ ਵਿਿਆਂ ਦੇ ਸੰਜੋਗ ਤਾਂ ਛਿੰਨ-ਭੰਗੁਰ ਅਤੇ ਅਨਿੱਤ ਹਨ। ਇਸ ਲਈ ਹੇ ਭਾਰਤ! ਉਨ੍ਹਾਂ ਨੂੰ ਤੂੰ ਸਹਿਣ ਕਰ। **(ਗੀ: ਅ: ੨ ਸ: ੧੪)**

ਹੇ ਪੁਰ੍ਰੇਟ! ਦੁੱਖ-ਸੁਖ ਆਦਿ ਨੂੰ ਸਮਾਨ ਸਮਝਣ ਵਾਲੇ, ਜਿਸ ਧੀਰਜ-ਵਾਨ ਪੁਰ ਨੂੰ ਇਹ ਇੰਦ੍ਰੀਆਂ ਦੇ ਵਿੇ ਵਿਆਕੁਲ ਨਹੀਂ ਕਰ ਸਕਦੇ, ਉਹ ਮੁਕਤੀ ਲਈ ਯੋਗ ਹੁੰਦਾ ਹੈ। **(ਗੀ: ਅ: ੨ ਸ: ੧੫)**

ਹੇ ਅਰਜਨ! ਤੂੰ ਇੰਦ੍ਰੀਆਂ ਨੂੰ ਵਸ ਕਰਕੇ, ਗਿਆਨ ਅਤੇ ਵਿਗਾਨ ਦੇ ਨਾ ਕਰਨ ਵਾਲੇ ਇਸ ਕਾਮ ਨੂੰ ਨਿਚੇ-ਪੂਰਬਕ ਮਾਰ। **(ਗੀ: ਅ: ੩ ਸ: ੪੧)**

ਮਨੁ ਨੂੰ ਚਾਹੀਦਾ ਹੈ ਕਿ ਸਭ ਇੰਦ੍ਰੀਆਂ ਦੇ ਭੋਗਾਂ ਵਿੱਚ ਇਸਥਿਤ ਜੋ ਰਾਗ-ਦ੍ਵੈ ਹੈ, ਉਨ੍ਹਾਂ ਦੋਹਾਂ ਦੇ ਵਸ ਵਿੱਚ ਨਾ ਹੋਵੇ ਕਿਉਂਕਿ ਦੋਨੋਂ ਹੀ ਕਲਾਣ ਮਾਰਗ ਵਿਚ ਵਿਘਨ ਪਾਉਣ ਵਾਲੇ, ਇਸਦੇ ਮਹਾਨ ਤ੍ਰੂ ਹਨ। **(ਗੀ: ਅ: ੩ ਸ: ੩੪)**

ਵਿਿਆਂ ਨੂੰ ਚਿੰਤਨ ਕਰਨ ਵਾਲੇ ਪੁਰ ਦੀ, ਉਨ੍ਹਾਂ ਵਿਿਆਂ ਵਿੱਚ ਆਸਕਤੀ ਹੋ ਜਾਂਦੀ ਹੈ। ਆਸਕਤੀ ਨਾਲ ਉਨ੍ਹਾਂ ਵਿਿਆਂ ਦੀ ਕਾਮਨਾ ਉਤਪੰਨ ਹੁੰਦੀ ਹੈ ਅਤੇ ਕਾਮਨਾ ਵਿੱਚ ਵਿਘਨ ਪੈਣ ਨਾਲ ਕ੍ਰੋਧ ਉਤਪੰਨ ਹੁੰਦਾ ਹੈ। ਕ੍ਰੋਧ ਤੋਂ ਮੂੜ੍ਹ ਭਾਵ ਉਤਪੰਨ ਹੁੰਦਾ ਹੈ ਅਤੇ ਮੂੜ੍ਹਤਾ ਨਾਲ, ਸਿਮਰਨ ਕਤੀ ਭ੍ਰਮਤ ਹੋ ਜਾਂਦੀ ਹੈ। ਸਿੰਮ੍ਰਤੀ ਦੇ ਭ੍ਰਮਤ ਹੋਣ ਨਾਲ, ਗਿਆਨ ਕਤੀ ਦਾ ਨਾ ਹੋ ਜਾਂਦਾ ਹੈ ਅਤੇ ਬੁੱਧੀ ਦੇ ਨਾ ਹੋਣ ਨਾਲ, ਪੁਰ ਆਪਣੇ੍ਰੇਯ (ਉੱਤਮ) ਸਾਧਨ ਤੋਂ ਗਿਰ ਜਾਂਦਾ ਹੈ। **(ਗੀ: ਅ: ੨ ਸ: ੬੨-੬੩)**

ਆਤਮ-ਦਰਨ ਦੀ ਕਾਮਨਾ ਵਾਲੇ ੀਘ੍ਰ ਹੀ ਇੰਦ੍ਰੀਆਂ ਕਾਬੂ ਕਰਨ ਕਿਉਂਕਿ ਜਿਨ੍ਹਾਂ ਦੇ ਮਨੋਂ ਕਾਮ, ਕ੍ਰੋਧ ਆਦਿ ਮਲ-ਦੋ ਨਾ ਹੋ ਗਏ ਹਨ, ਉਹ ਜੋਗੀ-ਜਨ ਆਤਮਾ ਦਾ ਦਰਨ ਕਰ ਸਕਦੇ ਹਨ-

ਇਹ ਆਤਮਾ ਸਰਬਦਾ-ਸਤ, ਤਪ, ਸੰਮਕ-ਗਿਆਨ ਅਤੇ ਬ੍ਰਹਮਚਰਯ ਦੇ ਦ੍ਵਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸਨੂੰ ਜੋਗੀ-ਜਨ ਦੋ-ਹੀਨ ਦੇਖਦੇ ਹਨ, ਉਹ ਜੋਤੀ-ਸ੍ਵਰੂਪ ੁੱਧ ਆਤਮਾ ਰੀਰ ਦੇ ਭੀਤਰ ਰਹਿੰਦਾ ਹੈ।

**(ਮੁੰ: ਉ: ੩ ।੧।੫।)**

ਸਭੀ ਮਨੁਾਂ ਨੂੰ ਆਪਣਾ ਜੀਵਨ ਦੈਵੀ ਗੁਣਾਂ ਯੁਕਤ ਬਣਾ ਕੇ ਆਤਮ-

ਅਨੁਭਵ ਕਰ ਲੈਣਾ ਚਾਹੀਏ। ਸਮਾਜ ਵਿੱਚ ਮਰਦਾਂ ਅਤੇ ਇਸਤ੍ਰੀਆਂ ਦੇ ਜੀਵਨ ਦਾ ਪ੍ਰਭਾਵ ਪ੍ਰਸਪਰ ਪੈਂਦਾ ਹੀ ਹੈ। ਇਸ ਲਈ ਗ੍ਰਹਿਸਥੀ ਲੋਕ, ਜਿਨ੍ਹਾਂ ਨੂੰ ਕਿਸੇ ਪੂਰੇ ਸਤਿਗੁਰੂ ਦਾ ਮਿਲਾਪ ਹੋ ਚੁਕਾ ਹੋਵੇ, ਉਹ, ਉਨ੍ਹਾਂ ਦੀ ਦੱਸੀ ਹੋਈ ਯੁਕਤੀ ਅਨੁਸਾਰ, ਆਪਣੇ ਚਿੱਤ ਨੂੰ ਇੱਕ ਪ੍ਰਮਾਤਮਾ ਦੇ ਨਾਮ ਵਿੱਚ ਲੀਨ ਰੱਖਣ। ਇਸ ਤਰ੍ਹਾਂ ਘਰ, ਪ੍ਰੀਵਾਰ ਅਤੇ ਧਨ ਆਦਿ ਪਦਾਰਥਾਂ ਵਿੱਚ ਰਹਿੰਦੇ ਹੋਏ ਭੀ ਨਿਰਲੇਪ, ਅਸੰਗ, ਪ੍ਰਭੂ ਨਾਲ ਅਭੇਦ ਹੋਇਆ ਜਾ ਸਕਦਾ ਹੈ। ਜੇ ਚਿੱਤ ਪ੍ਰਭੂ-ਪ੍ਰੇਮ ਵਿੱਚ ਮਗਨ ਹੈ ਤਾਂ ਉਹ ਕਦੇ ਭੀ, ਧਨ, ਪੁਤ੍ਰ ਆਦਿ ਸੰਬੰਧੀਆਂ ਵਿੱਚ ਖਚਤਾਈ ਵਾਲਾ ਨਹੀਂ ਹੋ ਸਕਦਾ-

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**
(ਅੰਗ ੫੨੨)

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ॥** (ਅੰਗ ੯੨੧)

ਇਸਦਾ ਮਤਲਬ ਇਹ ਨਹੀਂ ਕਿ ਇਸਤ੍ਰੀ, ਧਨ, ਪੁਰ ਆਦਿ ਮਾਇਕ ਪਦਾਰਥਾਂ ਵਿੱਚ ਮਨ ਖਚਿਤ ਭੀ ਰਹੇ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਭੀ ਹੋ ਜਾਵੇ। ਪ੍ਰਾਪਤ ਉਹੀ ਚੀ ਹੋਇਆ ਕਰਦੀ ਹੈ, ਜਿਸ ਵਿੱਚ ਚਿਤ ਲਗਿਆ ਹੁੰਦਾ ਹੈ। ਸੰਸਾਰਕ ਪਦਾਰਥਾਂ ਵਿਚੋਂ ਚਿੱਤ ਨੂੰ ਕੱਢਣ ਵਾਲੀ ਸਤਿਗੁਰੂ ਦੀ ਦੱਸੀ ਹੋਈ ਯੁਕਤੀ ਹੀ ਹੁੰਦੀ ਹੈ। ਜੋ ਚਿੱਤ ਵਿਥਿਆਂ ਵਿੱਚੋਂ ਨਿਕਲ ਰਿਹਾ ਹੋਵੇ ਪ੍ਰੰਤੂ ਅੱਗੇ ਕੋਈ ਠੋਸ ਆਧਾਰ ਨਾ ਪ੍ਰਾਪਤ ਹੋਇਆ ਹੋਵੇ ਤਾਂ ਉਹ ਬਿਨਾਂ ਆਧਾਰ ਤੋਂ ਡਾਵਾਂਡੋਲ ਇਸਥਿਤੀ ਵਾਲਾ ਕਿਹਾ ਜਾਵੇਗਾ। ਇਸ ਲਈ ਉਸਦਾ ਆਸਰਾ, ਅਤੰਤ ਪ੍ਰੇਮ ਪੂਰਬਕ ਪ੍ਰਭੂ ਸਿਮਰਨ ਕਰਨਾ ਹੁੰਦਾ ਹੈ। ਪ੍ਰਭੂ ਲਗਨ ਵਿੱਚ ਮਗਨ ਮਨ ਵਾਲਾ, ਸਭ ਪਦਾਰਥਾਂ ਵਿੱਚ ਰਹਿੰਦਾ ਹੋਇਆ ਹਸਦਾ, ਖੇਲ੍ਹਦਾ ਆਦਿ ਕ੍ਰਿਆਵਾਂ ਕਰਦਾ ਹੋਇਆ ਭੀ ਮੁਕਤ ਹੀ ਹੈ। ਉਸਦੀ ਮੁਕਤੀ ਵਿੱਚ ਰੁਕਾਵਟ ਕੀ ਹੈ? ਜੋ ਰੁਕਾਵਟਾਂ ਸਨ, ਉਹ ਤਾਂ ਵਿਨਾ ਹੋ ਚੁੱਕੀਆਂ ਯਾਨੀ ਉਪਰਾਮ ਚਿੱਤ ਨੂੰ ਪਕੜ ਨਹੀਂ ਸਕੀਆਂ। ਅਜਿਹੀ ਅਵਸਥਾ ਵਾਲਾ, ਸਭ ਵਿਵਹਾਰ ਕਰਦਾ ਹੋਇਆ ਭੀ ਸਦਾ ਨਿਰਲੇਪ ਹੀ ਰਹਿੰਦਾ ਹੈ।

**ਬਾਹਰਹੁ ਹਉਮੈ ਕਹੈ ਕਹਾਏ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ॥**

**(ਅੰਗ ੪੧੨)**

ਇਸ ਲਈ ਪੂਰੇ ਪ੍ਰਯਤਨ ਪੂਰਬਕ ਇਸਤ੍ਰੀ, ਪੁਤ੍ਰ, ਧਨ ਤੇ ਮਰਦ ਆਦਿ ਪਦਾਰਥਾਂ ਵਿੱਚੋਂ ਚਿੱਤ ਨੂੰ ਕੱਢੋ ਕਿਉਂਕਿ–

**ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਂਨੁ ਨ ਪਾਈਐ ਰਾਮ ਕੇ ਦਾਸਾ॥**

**(ਅੰਗ ੧੯੦)**

**ਪੁਤ੍ਰ ਕਲਤ੍ਰ ਲਛਮੀ ਮਾਇਆ॥ ਇਨ ਤੇ ਕਹੁ ਕਵਨੈ ਸੁਖੁ ਪਾਇਆ॥**

**(ਅੰਗ ੬੯੨)**

**ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥**
**ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥**
**ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ**
**ਤਜਿ ਪਿਆਸ ਆਸ ਰਾਮ ਲਿਵ ਲਾਵੈ॥**
**ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥**

**(ਅੰਗ ੧੪੧)**

## *ਪ੍ਰੀਤਮ ਆਤਮਾ ਲਈ ਹੀ ਸਭ ਕੁਝ ਪਿਆਰਾ ਲਗਦਾ ਹੈ*

ਸੰਸਾਰੀ ਪਦਾਰਥ ਯਾਨੀ ਵਿ, ਸੁਤਹ ਹੀ ਆਪਣੇ –ਆਪ ਵਿੱਚ ਪਿਆਰੇ ਨਹੀਂ ਅਰਥਾਤ ਇਨ੍ਹਾਂ ਦਾ ਪਿਆਰਾਪਨ, ਇਨ੍ਹਾਂ ਵਿਇਆਂ ਦਾ ਸੁਭਾ ਉ ਨਹੀਂ ਕਿੰਤੂ ਆਪਣੇ ਆਤਮਾ ਲਈ ਪਿਆਰੇ ਲਗਦੇ ਹਨ। ਸੁਤਹ–ਸਿੱਧ ਯਾਨੀ ਸੁਭਾਵਿਕ ਤਾਂ ਪਿਆਰਾ ਆਪਣਾ ਆਤਮਾ ਹੀ ਹੈ। ਸੰਸਾਰੀ ਪਦਾਰਥ ਨਹੀਂ। ਇਹੋ ਵਜ੍ਹਾ ਹੈ ਜੋ ਆਤਮਾ ਅਨੰਦ ਸ੍ਵਰੂਪ ਹੈ, ਕਿੰਤੂ ਵਿ ਅਨੰਦ ਸ੍ਵਰੂਪ ਨਹੀਂ ਹਨ। ਜੇ ਵਿ ਵੀ ਅਨੰਦ ਸ੍ਵਰੂਪ ਹੁੰਦੇ ਤਾਂ ਸੁਖੁਪਤੀ (ਗੂੜ੍ਹੀ ਨਿੰਦ੍ਰਾ) ਵਿੱਚ ਸੁਖ ਕਿਉਂ ਹੁੰਦਾ? ਯਾਨੀ ਸੁਖੁਪਤੀ ਵਿੱਚ ਤਾਂ ਕੋਈ ਸੰਸਾਰੀ ਪਦਾਰਥ ਹੁੰਦੇ ਹੀ ਨਹੀਂ, ਉਸ ਅਵਸਥਾ ਵਿੱਚ ਸਭ ਉਪਦ੍ਰਵਾਂ ਤੋਂ ਰਹਿਤ, ਅਨੰਦ ਕਿਸ ਵਸਤੂ ਦਾ ਹੈ? ਕਹਿਣਾ ਹੀ ਪਵੇਗਾ ਕਿ ਆਤਮਾ ਦਾ ਕਿਉਂਕਿ ਹੋਰ ਕੋਈ ਪਦਾਰਥ ਉਸ ਸਮੇਂ ਉੱਥੇ ਹੈ ਹੀ ਨਹੀਂ। ਇਸੀ ਵਾਸਤੇ ਨਿੰਦ੍ਰਾ ਸਭ ਨੂੰ ਪਿਆਰੀ ਲਗਦੀ ਹੈ। ਜੇ ਕਿਸੇ ਸੁਤੇ ਹੋਏ ਪ੍ਰਾਣੀ ਨੂੰ ਬੁਲਾਉ

ਜਾਂ ਖੜਕਾਕ ਆਦਿ ਕਰੋ ਤਾਂ ਉਹ ਦੁਖੀ ਹੁੰਦਾ ਹੈ ਤੇ ਤੌੌ ਨਾਲ ਆਖਦਾ ਹੈ ਕਿਉਂ ੋਰ ਪਾਇਆ ਹੋਇਆ ਹੈ? ਸੌਣ ਨਹੀਂ ਦਿੰਦੇ! ਮਤਲਬ ਕਿ ਉਸ ਨੂੰ ਆਤਮਾਨੰਦ ਵਿੱਚ ਬਾਹਰਲੇ ੋਰ ਦਾ ਵਿਘਨ ਹੁੰਦਾ ਹੈ।

**ਪ੍ਰ ਨ** -ਸੁਖੁਪਤੀ ਵਿੱਚ ਹੋਰ ਕੋਈ ਪਦਾਰਥ ਨਹੀਂ ਕੇਵਲ ਆਤਮਾ ਹੀ ਹੈ, ਇਸਦਾ ਕੀ ਸਬੂਤ ਹੈ?

**ਉੱਤਰ**-ਸੁਖੁਪਤੀ ਤੋਂ ਜਾਗ ਕੇ ਪੁਰ ਇਹ ਕਹਿੰਦਾ ਹੈ ਕਿ ਬਹੁਤ-ਸੁੱਖ ਨਾਲ ਸੁਤਾ, ਕੁਝ ਭੀ ਪਤਾ ਨਹੀਂ ਰਿਹਾ ਯਾਨੀ ਇਤਨੀ ਬੇਖਬਰੀ ਰਹੀ, ਨਾ ਆਪਣਾ ਗੀਰ ਭਾਸਿਆ ਤੇ ਨਾ ਹੀ ਕੋਈ ਸੰਸਾਰੀ ਪਦਾਰਥ। ਆਪਣਾ ਗੀਰ ਅਤੇ ਸੰਸਾਰੀ ਪਦਾਰਥ ਹੀ ਦੁੱਖਾਂ ਦੇ ਹੇਤੂ ਹਨ ਅਰਥਾਤ ਇੰਦ੍ਰੀਆਂ ਅਤੇ ਉਨ੍ਹਾਂ ਦੇ ਵਿ, ਬੱਸ ਇਤਨੀ ਹੀ ਦ੍ਵੈਤ ਹੈ, ਇਹੀ ਕਲਪਨਾ ਦਾ ਮੂਲ ਹੈ, ਇਹ ਤਾਂ ਦੋਨੋਂ ਹੀ ਨਹੀਂ ਭਾਸੇ। ਜੇ ਇਹ ਦੋਨੋਂ ਹੀ ਪ੍ਰਤੀਤ ਨਹੀਂ ਦਿੱਤੇ ਤਦ ਉੱਠਕੇ ਕਿਹਾ ਕਿ ਬਹੁਤ ਸੁੱਖ ਨਾਲ ਸੁਤਾ, ਕੁਝ ਭੀ ਖਬਰ ਨਹੀਂ ਰਹੀ ਮਤਲਬ ਕਿ ਉਸ ਅਵਸਥਾ ਵਿੱਚ ਕੁਝ ਹੈ ਹੀ ਨਹੀਂ ਸੀ। ਪ੍ਰੰਤੂ ਇਸ ਸੁਖ ਨੂੰ ਜਾਣਿਆਂ ਕਿਸਨੇ? ਜਾਨਣ ਵਾਲਾ, ਦੇਖਣ ਵਾਲਾ ਤੇ ਅਨੁਭਵ ਕਰਨ ਵਾਲਾ ਇੱਕ ਆਤਮਾ ਹੀ ਹੈ। ਉਸ ਆਤਮਾ ਨੇ ਉਸ ਵਕਤ ਯਾਨੀ ਸੁਖੁਪਤੀ (ਗੂੜ੍ਹ ਨਿੰਦ੍ਰਾ) ਵਿੱਚ ਕੁਝ ਭੀ ਨਹੀਂ ਦੇਖਿਆ। ਦੇਖਦਾ ਤਾਂ ਤਦ ਜੇ ਉਥੇ ਕੁਝ ਹੁੰਦਾ, ਜੈਸਾ ਕਿ ਸੁਪਨ ਵਿੱਚ ਨਾਨਾ ਪ੍ਰਕਾਰ ਦਾ ਸੰਸਾਰ ਭਾਸਦਾ ਹੈ ਤੇ ਉੱਠ ਕੇ ਭੀ ਕਹਿੰਦਾ ਹੈ ਕਿ ਇਸ-ਇਸ ਤਰ੍ਹਾਂ ਦਾ ਮੈਂ ਸੁਪਨਾ ਦੇਖਿਆ ਹੈ। ਸੁਪਨ ਵਿੱਚ ਭੀ ਸੁਪਨ ਦੇ ਪਦਾਰਥਾਂ ਨੂੰ ਦੇਖਣ ਵਾਲਾ-ਦ੍ਰਿਟਾ ਆਤਮਾ ਹੈ ਤੇ ਜਾਗ੍ਰਿਤ ਵਿੱਚ ਭੀ ਦ੍ਰਿਟਾ ਆਤਮਾ ਹੀ ਹੈ। ਇਸੀ ਪ੍ਰਕਾਰ ਸੁਖੁਪਤੀ ਵਿੱਚ ਭੀ ਦ੍ਰਿਟਾ ਉਹ ਆਤਮਾ ਹੀ ਹੈ। ਦ੍ਰਿਟਾਪਨਾ, ਸਿਵਾਏ ਆਤਮਾ ਤੋਂ ਹੋਰ ਕਿਸੇ ਮਨ, ਇੰਦ੍ਰੀਆਂ ਅਤੇ ਰੀਰ ਵਿੱਚ ਹੈ ਹੀ ਨਹੀਂ। ਜਦ ਸੁਖੁਪਤੀ ਵਿੱਚ ਕੋਈ ਪਦਾਰਥ ਹੀ ਨਹੀਂ ਸੀ ਤਾਂ ਦੇਖਦਾ ਕੀ? ਕੁਝ ਭੀ ਨਾ ਦਿਖਣ ਦੇ ਕਾਰਨ ਆਤਮਾ ਆਪਣੇ ਹੀ ਸ੍ਵਰੂਪ ਵਿੱਚ ਬਿਰਾਜਮਾਨ ਰਿਹਾ ਅਤੇ ਆਤਮਾ ਹੈ ਹੀ ਅਨੰਦ ਸ੍ਵਰੂਪ। ਇਸ ਲਈ ਸੁਖੁਪਤੀ ਵਿੱਚ ਜੋ ਅਨੰਦ ਹੈ , ਉਹ ਆਤਮਾ ਦਾ ਹੀ ਹੈ, ਕਿਸੇ ਹੋਰ ਪਦਾਰਥ ਦਾ ਨਹੀਂ। ਜੇ ਪਦਾਰਥਾਂ ਵਿੱਚੋਂ ਹੀ ਅਨੰਦ ਮਿਲਦਾ ਹੋਵੇ ਤਾਂ ਸੁਖੁਪਤੀ ਵਿੱਚ ਅਨੰਦ ਨਹੀਂ ਹੋਣਾ ਚਾਹੀਏ। ਇਸ ਲਈ

ਸਿੱਧ ਹੁੰਦਾ ਹੈ ਕਿ ਅਨੰਦ ਪਦਾਰਥਾਂ ਵਿੱਚ ਨਹੀਂ, ਆਤਮਾ ਹੀ ਅਨੰਦ ਸੂਰੂਪ ਹੈ। ਇਸ ਵਿੱਚ ਗੁਰਬਾਣੀ, ਵੇਦ ਅਤੇ ਾ ਤ੍ਰ ਆਦਿ ਦੇ ਸੈਂਕੜੇ ਪ੍ਰਮਾਣ ਹਨ। ਹਰ ਇੱਕ ਪੁਰ ਦਾ ਆਪਣਾ ਅਨੁਭਵੀ ਪ੍ਰਤੱਖ ਪ੍ਰਮਾਣ ਭੀ ਹੈ ਕਿ ਸੁਖੁਪਤੀ ਵਿੱਚ ਕੋਈ ਪਦਾਰਥ ਨਹੀਂ, ਤਦ ਭੀ ਅਨੰਦ ਹੈ। ਇਸ ਲਈ ਸੁਖੁਪਤੀ ਪਿਆਰੀ ਲਗਦੀ ਹੈ, ਕਿਉਂਕਿ ਪਿਆਰਾ ਤਾਂ ਇਕ ਆਪਣਾ ਆਤਮਾ ਹੀ ਹੈ। ਜੇ ਕੋਈ ਸੰਸਾਰੀ ਵਸਤੂ ਪਿਆਰੀ ਲਗਦੀ ਭੀ ਹੈ ਤਾਂ ਉਹ ਕੇਵਲ ਆਪਣੇ-ਆਪੇ, ਆਤਮਾ ਵਾਸਤੇ ਹੀ ਲਗਦੀ ਹੈ, ਉਹ ਪਿਆਰ ਉਸ ਵਸਤੂ ਵਿੱਚ ਨਹੀਂ ਕਿੰਤੂ ਆਪਣੇ ਸੂਰੂਪ ਆਤਮਾ ਵਿੱਚ ਹੀ ਹੈ।

ਸਮਾਧੀ ਅਵਸਥਾ ਵਿੱਚ ਭੀ ਏਹੀ ਗੱਲ ਹੈ, ਓਥੇ ਕਿਹੜਾ ਸੰਸਾਰੀ ਪਦਾਰਥ ਹੈ? ਮਨ, ਜੋ ਨਾਨਾ ਪ੍ਰਕਾਰ ਦੀ ਰਚਨਾ ਕਰਨ ਵਾਲਾ ਹੈ ਉਹ ਸੁਖੁਪਤੀ ਵਿੱਚ ਆਪਣੇ ਕਾਰਨ ਅਗਿਆਨ ਵਿੱਚ ਲੀਨ ਹੋ ਜਾਂਦਾ ਹੈ ਤੇ ਸਮਾਧੀ ਅਵਸਥਾ ਵਿੱਚ ਆਤਮਾ ਵਿੱਚ ਲੀਨ ਹੋ ਕੇ ਆਤਮ-ਸੂਰੂਪ ਹੀ ਹੋ ਜਾਂਦਾ ਹੈ, ਇਹੀ ਸੁਖੁਪਤੀ ਅਤੇ ਸਮਾਧੀ ਅਵਸਥਾ ਦਾ ਭੇਦ ਹੈ। ਸੰਸਾਰ ਦੀ ਅਪ੍ਰਤੀਤੀ ਦੋਹਾਂ ਅਵਸਥਾਵਾਂ ਵਿੱਚ ਤੁੱਲ ਹੈ ਕਿੰਤੂ ਸੁਖੁਪਤੀ ਵਿੱਚ ਸੰਸਾਰ ਦਾ ਬੀਜ ਅਗਿਆਨ ਰਹਿੰਦਾ ਹੈ ਅਤੇ ਸਮਾਧੀ ਵਿੱਚ ਨਹੀਂ। ਉੱਥੇ ਕੇਵਲ ਆਤਮਾ ਹੀ ਸ੍ਵਯੰ-ਪ੍ਰਕਾ ਹੋਣ ਕਰਕੇ ਬਿਰਾਜਮਾਨ ਰਹਿੰਦਾ ਹੈ। ਉਸ ਅਵਸਥਾ ਵਿੱਚ ਜਦ ਕਿ ਚਿੱਤ ਆਤਮਾ ਵਿੱਚ ਡੁੱਬ ਜਾਂਦਾ ਹੈ, ਕਿਤਨਾ ਆਨੰਦ ਹੈ ! ਉਹ, ਮਨ ਅਤੇ ਬਾਣੀ ਦਾ ਵਿਯ ਹੀ ਨਹੀਂ ਯਾਨੀ ਕਿਹਾ ਨਹੀਂ ਜਾ ਸਕਦਾ। ਸੰਸਾਰੀ ਵਿ ਤਾਂ ਉਥੇ ਹੈ ਹੀ ਨਹੀਂ ਫਿਰ ਇਤਨਾ ਅਕਹਿ ਅਨੰਦ ਕਿਸ ਵਸਤੂ ਦਾ ਹੈ? ਕਹਿਣਾ ਹੀ ਪਵੇਗਾ ਕਿ ਆਤਮਾ ਦਾ। ਸਾਧਕ, ਬਾਰੰਬਾਰ ਉਸ ਅਵਸਥਾ ਨੂੰ ਚਾਹੁੰਦਾ ਹੈ ਕਿਉਂਕਿ ਉਹ ਅਵਸਥਾ ਅਨੰਦ ਨਾਲ ਭਰਪੂਰ ਹੈ। ਇਸ ਲਈ ਹਰ ਪ੍ਰਕਾਰ ਆਪਣਾ ਆਤਮਾ ਹੀ ਪਿਆਰਾ ਹੈ। ਪਿਆਰਾ ਇਸ ਕਾਰਨ ਲਗਦਾ ਹੈ ਕਿ ਉਹ ਅਨੰਦ-ਸੂਰੂਪ ਹੈ।

ਹੁਣ ਦੇਖੋ ਸੰਸਾਰੀ ਪਦਾਰਥਾਂ ਦਾ ਪਿਆਰ ........

ਇਸਤ੍ਰੀ ਨੂੰ ਜਿਉਂ ਆਪਣਾ ਪਤੀ ਪਿਆਰਾ ਲਗਦਾ ਹੈ, ਉਹ ਪਤੀ ਦੇ ਸੁਖ ਵਾਸਤੇ ਨਹੀਂ ਕਿੰਤੂ ਆਪਣੇ ਸੁਖ ਵਾਸਤੇ ਪਤੀ ਨਾਲ ਪਿਆਰ ਕਰਦੀ ਹੈ। ਜੇ ਪਤੀ ਦੇ ਸੁਖ ਵਾਸਤੇ ਇਸਤ੍ਰੀ ਪਿਆਰ ਕਰਦੀ ਹੋਵੇ ਤਾਂ ਜਿਸਦਾ ਪਤੀ ਕਿਸੇ

ਬਿਮਾਰੀ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਇਸਤ੍ਰੀ ਦੀ ਮਨੋਕਾਮਨਾ ਪੂਰੀ ਨਾ ਕਰ ਸਕਦਾ ਹੋਵੇ, ਉਹ ਇਸਤ੍ਰੀ ਪਤੀ ਨਾਲ ਦਿਲੋਂ ਪਿਆਰ ਨਹੀਂ ਕਰਦੀ ਕਿਉਂਕਿ ਉਸ ਨੂੰ ਸੁੱਖ ਨਹੀਂ ਮਿਲਦਾ। ਜੇਕਰ ਪਤੀ ਕਿਸੇ ਹੋਰ ਇਸਤ੍ਰੀ ਨਾਲ ਪਿਆਰ ਕਰਦਾ ਹੈ, ਬਦਚਲਨ ਹੈ, ਕਮਾਈ ਨਹੀਂ ਕਰਦਾ, ਰਾਬ ਤੇ ਜੂਆ ਆਦਿ ਐਬਾਂ ਵਿੱਚ ਧਨ ਬਰਬਾਦ ਕਰਦਾ ਹੈ, ਉਸ ਨਾਲ ਵੀ ਇਸਤ੍ਰੀ ਪਿਆਰ ਨਹੀਂ ਕਰਦੀ ਕਿਉਂਕਿ ਉਸਨੂੰ ਪਤੀ ਪਾਸੋਂ ਸੁੱਖ ਨਹੀਂ ਮਿਲ ਰਿਹਾ। ਜੇ ਉਹ ਇਸਤ੍ਰੀ ਪਤੀ ਦੇ ਸੁੱਖ ਵਾਸਤੇ ਪਿਆਰ ਕਰਦੀ ਹੋਵੇ ਤਾਂ ਭਾਵੇਂ ਪਤੀ ਪਰਾਈ ਇਸਤ੍ਰੀ ਦੇ ਕੋਲ ਜਾਕੇ ਸੁਖੀ ਹੁੰਦਾ ਹੋਵੇ, ਰਾਬ ਤੇ ਜੂਆ ਆਦਿ ਐਬਾਂ ਵਿੱਚ ਆਨੰਦ ਮਾਣਦਾ ਹੋਵੇ ਤਾਂ ਉਸ ਨੂੰ ਖੁਲ੍ਹੇ ਤੌਰ ਤੇ ਜਾਣ ਦੇਵੇ, ਰੋਕਦੀ ਕਿਉਂ ਹੈ? ਬਲਕਿ ਉਸਦੀ ਪ੍ਰਸੰਨਤਾ ਵਾਸਤੇ ਉਸਦੀ ਮਦਦ ਕਰੇ ਤਾਂ ਕਿ ਪਤੀ ਪ੍ਰਸੰਨ ਰਹੇ ਪ੍ਰੰਤੂ ਕੋਈ ਭੀ ਇਸਤ੍ਰੀ ਐਸਾ ਨਹੀਂ ਕਰਦੀ ਭਾਵੇਂ ਉਸ ਇਸਤ੍ਰੀ ਦਾ ਖਿਆਲ ਪਤੀ ਦੇ ਐਬ ਹਟਾਉਣ ਦਾ ਹੈ। ਇਸ ਲਈ ਪ੍ਰੇਮ ਨਹੀਂ ਕਰਦੀ ਕਿਉਂਕਿ ਐਬੀ ਪੁਰ ਪ੍ਰੇਮ ਦੇ ਲਾਇਕ ਨਹੀਂ ਹੁੰਦਾ ਪ੍ਰੰਤੂ ਵਿੱਚ ਛੁਪਿਆ ਹੋਇਆ ਮਤਲਬ ਤਾਂ ਆਪਣੇ ਹੀ ਸੁੱਖ ਦਾ ਹੁੰਦਾ ਹੈ ਕਿਉਂਕਿ ਜੋ ਸ੍ਰੇਟ ਆਚਰਣ ਯੁਕਤ, ਸਭ ਐਬਾਂ ਤੋਂ ਰਹਿਤ ਪੁਰ ਹੈ, ਉਹ ਭੀ ਜੇ ਇਸਤ੍ਰੀ ਦੀ ਮਰੀ ਮੁਤਾਬਿਕ ਨਾ ਹੋਵੇ ਯਾਨੀ ਜੈਸਾ ਸੁੱਖ ਉਹ ਚਾਹੁੰਦੀ ਹੈ ਨਾ ਦਿੰਦਾ ਹੋਵੇ, ਕਦੇ ਭੀ ਪ੍ਰੇਮ ਨਹੀਂ ਕਰਦੀ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸਤ੍ਰੀ, ਪਤੀ ਨਾਲ ਪਿਆਰ ਕਰਦੀ ਹੈ ਤਾਂ ਆਪਣੇ ਸੁੱਖ ਵਾਸਤੇ ਯਾਨੀ ਆਪਣੇ ਆਪ ਦੀ ਪ੍ਰਸੰਨਤਾ ਲਈ, ਜੇ ਆਪਣਾ ਆਪ ਪ੍ਰਸੰਨ ਨਹੀਂ ਹੁੰਦਾ ਤਾਂ ਪਿਆਰ ਕਰਦੀ ਹੀ ਨਹੀਂ। ਇਸੀ ਤਰ੍ਹਾਂ ਪਤੀ ਦਾ, ਪਤਨੀ ਪ੍ਰਤੀ ਵਿਵਹਾਰ ਸਮਝੋ।

ਮਾਤਾ ਪਿਤਾ ਜੇ ਆਪਣੇ ਪੁੱਤ੍ਰ ਨਾਲ ਪਿਆਰ ਕਰਦੇ ਹਨ ਤਾਂ ਕੇਵਲ ਆਪਣੇ-ਸੁੱਖ ਵਾਸਤੇ ਕਿਉਂਕਿ ਜਿਸ ਦਾ ਪੁੱਤ੍ਰ ਨਾਲਾਇਕ ਹੈ, ਕਮਾਈ ਨਹੀਂ ਕਰਦਾ ਬਲਕਿ ਘਰੋਂ ਰੁਪਏ ਲਿਜਾਕੇ ਬਾਹਰ ਐ ਉਡਾਉਂਦਾ ਹੈ ਤੇ ਹੋਰ ਕਈ ਤਰ੍ਹਾਂ ਦੀਆਂ ਬਦਫੈਲੀਆਂ ਕਰਦਾ ਹੈ, ਉਸ ਪੁੱਤ੍ਰ ਨਾਲ ਮਾਤਾ ਪਿਤਾ ਪਿਆਰ ਨਹੀਂ ਕਰਦੇ। ਜੇ ਪੁੱਤ੍ਰ ਦੇ ਸੁੱਖ ਵਾਸਤੇ ਪਿਆਰ ਕਰਦੇ ਹੋਣ ਤਾਂ ਉਹ ਜਿਸ ਆਚਰਣ ਯੁਕਤ ਰਹਿ ਰਿਹਾ ਹੈ ਰਹਿਣ ਦੇਣ ਕਿਉਂਕਿ ਉਸ ਨੂੰ ਉਸ ਵਿੱਚ ਸੁੱਖ ਹੈ ਫਿਰ ਕਿਉਂ ਮਨ੍ਹਾਂ ਕਰਦੇ ਹਨ? ਉਸਦਾ ਸੁਖ ਪੂਰਾ ਹੋਣ ਦੇਣ। ਪ੍ਰੰਤੂ ਨਹੀਂ, ਕੋਈ

ਭੀ ਐਸਾ ਨਹੀਂ ਕਰਦਾ ਕਿਉਂਕਿ ਮਾਤਾ ਪਿਤਾ ਦਾ ਆਪਣਾ ਮਤਲਬ ਪੂਰਾ ਨਹੀਂ ਹੁੰਦਾ। ਬੇਕ ਮਾਤਾ ਪਿਤਾ ਦਾ ਆਿਲ ਪੁੱਤ੍ਰ ਦਾ ਗਿਰਿਆ ਹੋਇਆ ਜੀਵਨ ਉੱਚਾ ਕਰਨ ਦਾ ਹੈ, ਪਰ ਜੋ ਪੁੱਤ੍ਰ ਸ੍ਰੇਟ ਆਚਰਣ ਦੇ ਯੁਕਤ, ਆਪਣਾ ਜੀਵਨ ਬਤੀਤ ਕਰਦਾ ਹੈ ਪ੍ਰੰਤੂ ਮਾਤਾ ਪਿਤਾ ਦੀ ਇੱਛਾ ਮੁਤਾਬਿਕ ਜੇ ਉਸ ਪਾਸੋਂ ਸੁੱਖ ਨਹੀਂ ਮਿਲਦਾ ਤਾਂ ਉਸ ਪੁੱਤ੍ਰ ਨਾਲ ਭੀ ਮਾਤਾ ਪਿਤਾ ਪਿਆਰ ਨਹੀਂ ਕਰਦੇ। ਇਸ ਲਈ ਮਾਤਾ ਪਿਤਾ ਪਿਆਰ ਕਰਦੇ ਹਨ ਤਾਂ ਕੇਵਲ ਆਪਣੇ ਸੁੱਖ ਵਾਸਤੇ ਹੀ, ਪੁੱਤ੍ਰ ਲਈ ਨਹੀਂ। ਇਸੀ ਤਰ੍ਹਾਂ ਪੁੱਤ੍ਰ, ਮਿੱਤ੍ਰ ਅਤੇ ਸੰਬੰਧੀ ਆਦਿ ਜਿਤਨੇ ਭੀ ਹਨ, ਸਭ ਆਪਣੇ ਸੁੱਖ ਵਾਸਤੇ ਪ੍ਰੇਮ ਕਰਦੇ ਹਨ, ਕੋਈ ਭੀ ਦੂਜੇ ਦੇ ਸੁੱਖ ਵਾਸਤੇ ਨਹੀਂ ਕਰਦਾ। ਜਿਸ ਰੀਤੀ ਨਾਲ ਜਿਸਦਾ ਆਪਣਾ-ਆਪ ਪ੍ਰਸੰਨ ਹੋ ਸਕਦਾ ਹੋਵੇ, ਉਹ ਉਹੀ ਢੰਗ ਵਰਤਦਾ ਹੈ। ਕੋਈ ਭੀ ਕਿਸੇ ਦਾ ਨਹੀਂ, ਸਭ ਜੀਵ ਸ੍ਵਾਰਥ ਵੱਸ ਹੋਕੇ ਇੱਕ ਦੂਜੇ ਨਾਲ ਜੁੜੇ ਹੋਏ ਹਨ-

**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥** **(ਅੰਗ ੬੩੪)**

**ਜਗਤ ਮੈ ਝੂਠੀ ਦੇਖੀ ਪ੍ਰੀਤਿ॥**

**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥**

**(ਅੰਗ ੫੩੬)**

ਇਉਂ ਹੀ ਸਾਰੇ ਸੰਸਾਰੀ ਪਦਾਰਥਾਂ ਬਾਰੇ ਜਾਣ ਲੈਣਾ ਜੋ ਆਪਣੇ ਹੀ ਆਤਮਾ ਲਈ ਪਿਆਰੇ ਲਗਦੇ ਹਨ, ਵਿਿਆਂ ਵਿੱਚ ਸੁਭਾਵਿਕ ਪਿਆਰ ਨਹੀਂ ਹੁੰਦਾ। ਜੇ ਵਿਿਆਂ ਵਿੱਚ ਸੁੱਖ, ਵਿਿਆਂ ਦਾ ਆਪਣਾ ਧਰਮ (ਸੁਭਾਵ) ਹੋਵੇ ਜਿਵੇਂ ਅੱਗ ਦਾ ਧਰਮ ਹੈ-ਦਾਹ ਕਰਨਾ ਤੇ ਪ੍ਰਕਾ ਕਰਨਾ, ਜੋ ਸਭ ਲਈ ਇੱਕੋ ਜਿਹਾ ਹੀ ਹੈ ਕਿਉਂਕਿ ਅੱਗ ਹੈ ਹੀ ਇਸ ਤਰ੍ਹਾਂ ਦੀ ਭਾਵੇਂ ਕਿਸੇ ਦੇ ਵਿੱਚ ਹੋਵੇ, ਇਸਦਾ ਇਹੀ ਸੁਭਾਉ ਹੈ ਤਿਉਂ ਹੀ ਸੰਸਾਰੀ ਪਦਾਰਥਾਂ ਦਾ ਸੁਭਾਉ ਜੇ ਸੁੱਖ-ਸ੍ਵਰੂਪ ਹੋਵੇ ਤਾਂ ਪਦਾਰਥ ਸਾਰਿਆਂ ਨੂੰ ਹੀ ਸੁੱਖ-ਸ੍ਵਰੂਪ ਭਾਸਣ, ਪ੍ਰੰਤੂ ਐਸਾ ਹੈ ਨਹੀਂ, ਦੇਖੋ-

ਕਾਮੀ ਪੁਰ, ਇਸਤ੍ਰੀ ਨੂੰ ਮਹਾਨ ਸੁੱਖ ਦਾ ਸਾਧਨ ਮੰਨਦਾ ਹੈ ਪ੍ਰੰਤੂ ਪ੍ਰਭੂ ਭਗਤੀ ਵਿੱਚ ਲੱਗਿਆ ਹੋਇਆ ਤਿਆਗੀ ਪੁਰ, ਉਸ ਨੂੰ ਮਹਾਨ ਦੁਖਦਾਈ ਸਮਝਕੇ ਪ੍ਰਹੇ ਕਰਦਾ ਹੈ। ਧਨ, ਪੁੱਤ੍ਰ ਆਦਿ ਪਦਾਰਥਾਂ ਨੂੰ ਸੰਸਾਰੀ ਲੋਕ ਅਤੀ ਸੁਖਦਾਈ

ਅਤੇ ਆਪਣੇ ਪ੍ਰਾਣਾਂ ਤੋਂ ਭੀ ਵਧੀਕ ਪਿਆਰੇ ਸਮਝਦੇ ਹਨ ਪ੍ਰੰਤੂ ਪ੍ਰੀਤੀ ਵਿੱਚ ਡੁੱਬੇ ਹੋਏ ਮਨ ਵਾਲਾ ਉਨ੍ਹਾਂ ਨੂੰ ਕਾਂ ਦੀ ਬਿੱਠ ਤੁੱਲ, ਤੁੱਛ ਸਮਝਦਾ ਹੈ। ਧਨ, ਪਦਾਰਥ ਆਦਿ ਚੋਰੀ ਹੋ ਜਾਣ ਪਰ ਅਗਿਆਨੀ ਮਨੁੱ ਅਤੀ ਦੁਖੀ ਹੁੰਦੇ ਹਨ, ਪ੍ਰੰਤੂ ਪ੍ਰਭੂ ਦਾ ਪ੍ਰੇਮੀ ਗ੍ਰਿਹਸਥ ਵਿੱਚ ਰਹਿੰਦਾ ਹੋਇਆ ਭੀ ਪ੍ਰਭੂ ਦਾ ਹੁਕਮ ਮੰਨਕੇ, ਉਸੀ ਤਰ੍ਹਾਂ ਪਹਿਲਾਂ ਵਾਂਗੂੰ ਅਨੰਦ ਵਿੱਚ ਹੀ ਰਹਿੰਦਾ ਹੈ। ਇਸਤ੍ਰੀ, ਪੁੱਤ੍ਰ, ਪਤੀ ਤੇ ਹੋਰ ਸੰਬੰਧੀਆਂ ਦੇ ਮਰ ਜਾਣ ਪਰ, ਅਗਿਆਨੀ ਜੀਵ ਦੁੱਖ ਵਿੱਚ ਆਪਣੀ ਹਾਲਤ ਮਰਨ ਦੇ ਤੁੱਲ ਬਣਾ ਲੈਂਦੇ ਹਨ ਪ੍ਰੰਤੂ ਪ੍ਰਭੂ ਦਾ ਭਗਤ ਪ੍ਰਭੂ ਦਾ ਹੁਕਮ ਮਨਕੇ ਅਡੋਲ ਮਨ ਵਾਲਾ ਰਹਿੰਦਾ ਹੈ, ਸੁਪਨ ਤੁੱਲ ਸਮਝਕੇ ਰੱਤੀ ਭਰ ਵੀਂ ਕ ਨਹੀਂ ਕਰਦਾ। ਅਗਿਆਨੀ ਜੀਵ ਅੱਛੇ-ਅੱਛੇ ਬਸਤ੍ਰ ਤੇ ਜੇਵਰ ਆਦਿ ਪਹਿਨਣ ਵਿੱਚ ਅਤੀ ਸੁਖ ਮੰਨਦੇ ਹਨ ਪ੍ਰੰਤੂ ਪ੍ਰਭੂ ਲਗਨ ਵਾਲਾ ਸਿਵਾਏ ਰੀਰ ਢਕਣ ਤੋਂ ਹੋਰ ਕੋਈ ਭੀ ਸੁੱਖ ਨਹੀਂ ਸਮਝਦਾ। ਉਸ ਨੂੰ ਜੈਸਾ ਮਿਲ ਗਿਆ ਵੈਸਾ ਹੀ ਪ੍ਰਾਰੱਬਧ (ਪੂਰਬਲੇ ਕਰਮਾਂ ਦੇ ਫਲ) ਮੁਤਾਬਿਕ ਸਮਝ ਕੇ ਆਨੰਦ ਮਗਨ ਰਹਿੰਦਾ ਹੈ।

ਅੰਮਿ, ਭੰਗ, ਰਾਬ ਤੇ ਪੋਸਤ ਆਦਿ ਅਮਲਾਂ ਦਾ ਇਸਤੇਮਾਲ ਕਰਨ ਵਾਲੇ, ਇਨ੍ਹਾਂ ਤੋਂ ਬਿਨਾਂ ਪ੍ਰਾਣ ਦਿੰਦੇ ਹਨ ਪ੍ਰੰਤੂ ਦੂਜੇ ਵਿਚਾਰੀਲ ਪੁਰ ਇਨ੍ਹਾਂ ਅਮਲਾਂ ਤੋਂ ਸਤ ਪਰਹੇ ਕਰਦੇ ਹਨ। ਚਾਹ ਪੀਣ ਵਾਲਾ, ਚਾਹ ਬਿਨਾਂ ਰਹਿ ਨਹੀਂ ਸਕਦਾ ਤੇ ਦੂਜਾ ਪੁਰ ਲੱਸੀ ਨੂੰ ਹੀ ਅੱਛੀ ਸਮਝਦਾ ਹੈ, ਚਾਹ ਨੂੰ ਮੂੰਹ ਨਹੀਂ ਲਾਉਂਦਾ। ਇਸੀ ਪ੍ਰਕਾਰ ਚਾਹ ਪੀਣ ਵਾਲਾ, ਲੱਸੀ ਨੂੰ ਨੰਰਤ ਦੀ ਨਿਗਾਹ ਨਾਲ ਤੱਕਦਾ ਹੈ। ਇਉਂ ਸਾਰੇ ਹੀ ਸੰਸਾਰੀ ਪਦਾਰਥਾਂ ਵਿੱਚੋਂ ਜੋ ਪਦਾਰਥ ਇੱਕ ਨੂੰ ਸੁਖਦਾਈ ਭਾਸਦਾ ਹੈ, ਉਹੀ ਦੂਜੇ ਨੂੰ ਦੁਖਦਾਈ। ਜਿਸ ਪਦਾਰਥ ਨਾਲ ਜਿਸਦਾ ਆਪਣਾ ਚਿੱਤ ਪ੍ਰਸੰਨ ਹੁੰਦਾ ਹੈ, ਉਸੀ ਨਾਲ ਪ੍ਰੇਮ ਕਰਦਾ ਹੈ ਤੇ ਜਿਸ ਨਾਲ ਦੁੱਖ ਮਹਿਸੂਸ ਹੁੰਦਾ ਹੈ, ਉਸ ਨਾਲ ਦ੍ਵੈ ਕਰਦਾ ਹੈ। ਜੇ ਪਦਾਰਥ ਹੀ ਸੁੱਖ-ਸ੍ਵਰੂਪ ਹੁੰਦੇ ਤਾਂ ਸਾਰਿਆਂ ਨੂੰ ਸੁਖਦਾਈ ਭਾਸਦੇ। ਪਦਾਰਥਾਂ ਵਿੱਚ ਸੁੱਖ ਹੈ ਨਹੀਂ, ਇਹ ਸਿਰੰ ਮਨ ਦੀ ਮਨੌਤ ਹੈ। ਜਿਸ ਪਦਾਰਥ ਵਿੱਚ ਸੁੱਖ ਮੰਨਿਆ ਹੋਇਆ ਹੈ, ਉਹ ਸੁਖਦਾਈ ਭਾਸਦਾ ਹੈ ਤੇ ਦੂਜਾ ਦੁਖਦਾਈ। ਇਸ ਵਿੱਚ ਇਹ ਗੱਲ ਨਿਰਸੰਯ ਸਿੱਧ ਹੋ ਜਾਂਦੀ ਹੈ ਕਿ ਵਿ, ਸੁਤਹ (ਅਪਣੇ ਆਪ) ਪਿਆਰੇ ਨਹੀਂ ਆਪਣਾ ਆਤਮਾ ਹੀ ਪਿਆਰਾ ਹੈ ਕਿਉਂਕਿ ਆਤਮਾ ਨੂੰ ਖ਼ੁ ਕਰਨ ਵਾਸਤੇ

ਵਿਿਆਂ ਵਿੱਚ ਪ੍ਰੀਤੀ ਕੀਤੀ ਜਾਂਦੀ ਹੈ ਅਰਥਾਤ ਵਿਿਆਂ ਵਿੱਚ ਪ੍ਰੀਤੀ ਦਾ ਪ੍ਰਯੋਜਨ ਆਪਣੇ ਆਤਮਾ ਦੀ ਪ੍ਰਸੰਨਤਾ ਹੀ ਹੈ।

ਜਿਸਨੇ ਉਹ ਆਤਮਾ ਪੰਜ ਯਾ ਛੇ ਫੁੱਟ ਆਦਿ ਰੀਰ ਦੇ ਆਕਾਰ ਜਿੰਨਾ ਕੁ ਹੀ ਸਮਝਿਆ ਹੋਇਆ ਹੈ, ਉਹ ਮਨੁੱਖ ਇਤਨੇ ਕੁ ਹੀ ਆਤਮਾ ਦੇ ਪ੍ਰਸੰਨ ਕਰਨ ਾਤਰ, ਕਿਸੇ ਨਾਲ ਪਿਆਰ ਕਰਦਾ ਹੈ ਤੇ ਕਿਸੇ ਨਾਲ ਦ੍ਵੈ। ਜਿਸ ਗਿਆਨਵਾਨ ਨੇ ਆਪਣੇ ਆਤਮਾ ਨੂੰ ਬ੍ਰਹਮ ਸ੍ਵਰੂਪ ਜਾਣਿਆ ਹੈ, ਉਹ ਸਾਰਿਆਂ ਰੀਰਾਂ ਵਿੱਚ ਆਪਣੇ ਹੀ ਆਤਮਾ ਨੂੰ ਦੇਖਕੇ, ਬਿਨਾਂ ਮਤਲਬ ਪ੍ਰੀਤੀ ਕਰਦਾ ਹੈ। ਕੋਈ ਭੀ ਸ੍ਵਾਰਥ ਨਾ ਹੋਣ ਕਰਕੇ, ਉਸ ਦੀ ਪ੍ਰੀਤੀ ਨਿਕਾਮ ਹੁੰਦੀ ਹੈ। ਕਿਉਂਕਿ ਜਦ ਵਿਆਪਕ ਬ੍ਰਹਮ ਨੂੰ ਆਪਣਾ ਆਤਮਾ ਸਮਝਦਾ ਹੈ ਯਾਨੀ ਆਪਣੇ ਤੋਂ ਬਿਨਾਂ ਕੋਈ ਹੈ ਹੀ ਨਹੀਂ ਤਾਂ ਇੱਛਾ ਕਿਸ ਵਸਤੂ ਦੀ ਹੋਵੇ? ਕਿਸ ਦੀ ਪ੍ਰਾਪਤੀ ਨਾ ਹੋਣ ਕਾਰਨ ਤੜਪੇ ਤੇ ਕਿਸ ਦੀ ਪ੍ਰਾਪਤੀ ਨਾਲ ਖ਼ੁ ਹੋਵੇ? ਉਹ ਸਦਾ ਹੀ ਆਪਣੇ ਵਿਆਪਕ ਆਤਮਾ ਦੀ ਪ੍ਰੀਤੀ ਵਿੱਚ ਡੁੱਬ ਜਾਂਦਾ ਹੈ। ਜਿਨ੍ਹਾਂ ਵਿਿਆਂ ਨੂੰ ਆਪਣੇ ਆਤਮਾ ਤੋਂ ਜੁਦਾ ਜਾਣ ਕੇ, ਆਤਮਾ ਦੀ ਪ੍ਰਸੰਨਤਾ ਲਈ ਪ੍ਰੀਤੀ ਕਰਦਾ ਸੀ ਤੇ ਆਪਣੇ ਆਤਮਾ ਦੀ ਅਪ੍ਰਸੰਨਤਾ ਦਾ ਕਾਰਨ ਜਾਣ ਕੇ, ਪਰਹੇ ਕਰਦਾ ਸੀ, ਉਹ ਸਾਰੇ ਹੀ ਸੰਸਾਰਕ ਵਿ, ਆਤਮ-ਸ੍ਵਰੂਪ ਭਾਸਣ ਲੱਗ ਜਾਂਦੇ ਹਨ। ਇਸ ਲਈ ਉਨ੍ਹਾਂ ਵਿਿਆਂ ਦੀ ਪ੍ਰਾਪਤੀ ਤੇ ਅਪ੍ਰਾਪਤੀ, ਨਾ ਇੱਛਾ ਤੇ ਨਾ ਅਨਿੱਛਾ ਤਥਾ ਨਾ ਹੀ ਪ੍ਰਸੰਨਤਾ ਨਾ ਅਪ੍ਰਸੰਨਤਾ ਹੁੰਦੀ ਹੈ। ਸਭ ਕੁੱਝ ਆਤਮਾ ਹੋਣ ਦੇ ਕਾਰਨ ਪਿਆਰਾ-ਪਿਆਰਾ ਹੀ ਲੱਗਦਾ ਹੈ, ਕਿਉਂਕਿ ਆਪਣਾ ਆਤਮਾ ਤਾਂ ਹੈ ਹੀ ਪਿਆਰਾ, ਉਸ ਦੀ ਪ੍ਰਸੰਨਤਾ ਲਈ ਸਾਰੇ ਪ੍ਰਯਤਨ ਹਨ। ਉਹ ਆਤਮਾ ਸਦਾ ਪ੍ਰਸੰਨ ਰਹੇ, ਇਸ ਇੱਛਾ ਵਾਲੇ ਪ੍ਰਭੂ ਪ੍ਰੇਮੀ ਭਗਤ ਜਨ, ਸਭ ਸੰਸਾਰੀ ਇੱਛਾਵਾਂ ਨੂੰ ਛੱਡ ਕੇ, ਆਪਣੇ ਆਤਮਾ ਨੂੰ ਹੀ ਪ੍ਰੀਤੀ ਕਰਨ ਵਾਲੇ ਹੁੰਦੇ ਹਨ। ਆਪਣੇ ਆਤਮਾ ਦੀ ਪ੍ਰੀਤੀ ਕਰਦੇ-ਕਰਦੇ, ਆਪਣੇ ਪਿਆਰੇ ਆਤਮਾ ਨੂੰ ਸ੍ਰਬੱਤ੍ਰ ਦੇਖਣ ਲੱਗ ਜਾਂਦੇ ਹਨ। ਫਿਰ ਜਿਸ ਪਾਸੇ ਭੀ ਨਰ ਉਠਾਉਂਦੇ ਹਨ- ਸੱਜੇ-ਖੱਬੇ, ਸਾਮ੍ਹਣੇ-ਪਿੱਛੇ ਤੇ ਉੱਪਰ-ਨੀਚੇ ਆਦਿ ਆਪਣਾ ਹੀ ਆਤਮਾ ਦਿਖਾਈ ਦਿੰਦਾ ਹੈ, ਫਿਰ ਕਦ ਪ੍ਰੀਤੀ ਟੁੱਟਦੀ ਹੈ? ਗੁਰੂ ਮਹਾਰਾਜ ਕਹਿੰਦੇ ਹਨ-

**ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥**

**(ਅੰਗ ੧੦੫)**

ਇਹ ਹੈ ਅਚੱਲ ਤੇ ਸੱਚੀ ਪ੍ਰੀਤੀ। ਇਸ ਪ੍ਰਕਾਰ ਵਿ, ਸੁਤਹ (ਅਪਣੇ ਆਪ) ਪਿਆਰੇ ਨਹੀਂ ਕਿੰਤੂ ਆਪਣੇ ਆਤਮਾ ਲਈ ਪਿਆਰੇ ਲਗਦੇ ਹਨ।

ਕਿਸੇ ਦੇ ਮਕਾਨ ਨੂੰ ਅੱਗ ਲੱਗ ਜਾਏ ਤਾਂ ਉਹ ਕੋਂ ਕਰਦਾ ਹੈ ਕਿ ਅੱਛਾ-ਅੱਛਾ ਸਾਮਾਨ, ਧਨ-ਪਦਾਰਥ, ਆਦਿ ਪਹਿਲਾਂ ਕੱਢ ਲਿਆ ਜਾਏ। ਜੇ ਨਹੀਂ ਨਿਕਲਦਾ ਤਾਂ ਛੇਤੀ ਨਾਲ ਆਪਣੀ ਇਸਤ੍ਰੀ ਤੇ ਪੁੱਤ੍ਰ ਆਦਿ ਕੱਢਣ ਦੀ ਕੋਂ ਕਰਦਾ ਹੈ। ਜੇ ਅੱਗ ਜ਼ਿਆਦਾ ਭੜਕ ਕੇ ਕਾਬੂ ਤੋਂ ਬਾਹਰ ਹੋ ਜਾਵੇ ਤਾਂ ਫੌਰਨ ਛਾਲ ਮਾਰਕੇ ਸਭ ਕੁੱਝ ਵਿੱਚੇ ਛੱਡ ਕੇ, ਆਪ ਬਾਹਰ ਨਿਕਲ ਜਾਂਦਾ ਹੈ। ਇਸ ਵਿੱਚ ਸਪਟ ਹੋ ਜਾਂਦਾ ਹੈ ਕਿ ਆਪਣਾ ਹੀ ਆਤਮਾ ਸਭ ਨਾਲੋਂ ਪਿਆਰਾ ਹੈ। ਉਸ ਆਪਣੇ-ਆਪ ਯਾਨੀ ਆਤਮਾ ਲਈ ਹੀ ਸਭ ਕੁੱਝ ਪਿਆਰਾ ਲਗਦਾ ਹੈ।

ਆਪਣੇ ਅਤੀ ਪਿਆਰੇ ਆਤਮਾ ਵਿੱਚ ਸਦਾ ਟਿਕੇ ਰਹਿਣ ਖਾਤਰ ਵੱਡੇ-ਵੱਡੇ ਚਕ੍ਰਵਰਤੀ ਰਾਜੇ, ਆਪਣਾ ਰਾਜ-ਭਾਗ ਛੱਡਕੇ, ਬਨਾਂ ਵਿੱਚ ਰਹਿਣ ਲੱਗ ਗਏ। ਕਿਸੇ ਕਾਮਲ ਮੁਰਦ ਦੇ ਉਪਦੇ ਦੁਆਰਾ ਆਪਣੇ ਆਤਮਾ ਨੂੰ ਜਾਣ ਕੇ, ਉਸਦੀ ਅਤੀ ਗੂੜ੍ਹੀ ਪ੍ਰੀਤੀ ਵਿੱਚ ਡੁੱਬੇ ਰਹਿਣ ਾਤਰ ਹੀ ਸਭ ਕੁੱਝ ਛੱਡ ਕੇ ਚਲੇ ਗਏ।

ਜੋ ਇਸ ਗੱਲ ਨੂੰ ਸਮਝਦਾ ਹੈ ਕਿ ਕੋਈ ਭੀ ਵਸਤੂ ਸੁੱਖ-ਸ੍ਵਰੂਪ ਨਹੀਂ ਯਾਨੀ ਸੁੱਖ-ਸ੍ਵਰੂਪ ਤਾਂ ਆਪਣਾ ਹੀ ਆਤਮਾ ਹੈ, ਉਹ ਕਿਸੇ ਪੂਰੇ ਸਤਿਗੁਰੂ ਦੀ ਦੱਸੀ ਯੁਕਤੀ ਨੂੰ ਅੰਗੀਕਾਰ ਕਰਕੇ, ਘਰ ਵਿੱਚ ਰਹਿੰਦਾ ਹੋਇਆ ਵੀ ਸੰਸਾਰੀ ਵਿਆਂ ਤੋਂ ਐਸਾ ਨਿਰਲੇਪ ਹੋ ਜਾਂਦਾ ਹੈ ਜਿਉਂ ਕਮਲ ਦਾ ਫੁੱਲ ਜਲ ਵਿੱਚ ਰਹਿੰਦਾ ਹੋਇਆ ਭੀ ਸਦਾ ਨਿਰਲੇਪ ਹੈ। ਘਰ-ਬਾਰ ਨੂੰ ਛੱਡ ਕੇ ਪਦਾਰਥਾਂ ਦਾ ਮੋਹ ਛੱਡ ਦਿੱਤਾ ਜਾਏ ਅਥਵਾ ਘਰ ਵਿੱਚ ਰਹਿੰਦੇ ਹੋਏ ਹੀ, ਪਦਾਰਥਾਂ ਵਿੱਚ ਖਚਤਾਈ ਛੱਡ ਦਿੱਤੀ ਜਾਏ, ਇੱਕੋ ਹੀ ਗੱਲ ਹੈ, ਪ੍ਰੰਤੂ ਇਨ੍ਹਾਂ ਵਿਆਂ ਵਿੱਚ ਪ੍ਰੀਤੀ ਰੱਖਣ ਵਾਲਾ ਨਾ ਕੋਈ ਘਰ ਵਿੱਚ ਰਹਿੰਦਾ ਆਤਮਾਨੰਦ ਨੂੰ ਪ੍ਰਾਪਤ ਹੋ ਸਕਦਾ ਹੈ ਤੇ ਨਾ ਹੀ ਘਰ-ਬਾਰ ਛੱਡਕੇ ਬਨਾਂ ਵਿੱਚ ਰਹਿਣ ਵਾਲਾ। ਕਿਉਂਕਿ ਵਿ, ਮ੍ਰਿਗਤ੍ਰਿਨਾ ਦੇ ਜਲ ਵਾਂਗੂੰ ਕੇਵਲ ਪ੍ਰਤੀਤ ਹੀ ਹੁੰਦੇ ਹਨ, ਵਾਸਤਵ ਵਿੱਚ ਕੁੱਝ ਵਸਤੂ ਨਹੀਂ। ਅਣਹੋਏ ਵਿਆਂ ਦੀ ਪ੍ਰੀਤੀ ਦਾ ਫਲ ਭੀ ਅਣਹੋਇਆ ਹੀ ਹੈ

ਯਾਨੀ ਐਵੇਂ ਪ੍ਰਤੀਤੀ ਮਾਤ੍ਰ ਹੀ ਹੈ। ਜਿਉਂ ਸੁਪਨ ਦੇ ਪਦਾਰਥਾਂ ਨੂੰ ਕੋਈ ਕਿੰਨਾਂ ਹੀ ਘੁੱਟ-ਘੁੱਟ ਕੇ ਗਲ ਨਾਲ ਲਾਵੇ, ਅੱਖ ਖੁਲ੍ਹਣ ਦੀ ਦੇਰੀ ਹੈ ਨਾ ਕੋਈ ਪਦਾਰਥ ਤੇ ਨਾ ਹੀ ਘੁੱਟ ਕੇ ਗਲ ਨਾਲ ਲਾਉਣ ਵਾਲਾ ਗੀਰ ਹੈ, ਐਵੇਂ ਭਰਮ ਦੇ ਕਾਰਨ ਵਿ ਤੇ ਵਿਆਿਂ ਨੂੰ ਭੋਗਣ ਵਾਲੇ ਗੀਰ ਭਾਸਦੇ ਹਨ। ਤਿਉਂ ਹੀ ਇਹ ਸਾਮ੍ਹਣੇ ਦਿਖਾਈ ਦੇਣ ਵਾਲੇ ਵਿ ਭੀ ਹਨ ਯਾਨੀ ਜਾਗ੍ਰਿਤ ਦੇ ਵਿ ਭੀ ਸੁਪਨ ਨਾਲੋਂ ਕਿੰਚਤ ਬਿਲੱਛਣ (ਭਿੰਨ) ਨਹੀਂ।

ਜਿੰਨਾਂ-ਜਿੰਨਾਂ ਚਿੱਤ ਇਨ੍ਹਾਂ ਵਿਆਿਂ ਵਿੱਚੋਂ ਨਿੱਕਲਿਆ ਹੋਇਆ ਹੋਵੇਗਾ ਉਤਨਾ-ਉਤਨਾ ਹੀ ਪ੍ਰਭੂ ਪ੍ਰੀਤੀ ਵਿੱਚ ਲੀਨ ਹੋਵੇਗਾ। ਜਿਹੜਾ ਸਦਾ ਹੀ ਪ੍ਰਭੂ ਪ੍ਰੀਤੀ ਵਿੱਚ ਟਿਕਿਆ ਰਹਿਣਾ ਚਾਹੇ, ਉਹ ਸੰਸਾਰੀ ਪਦਾਰਥਾਂ ਦਾ ਮੋਹ ਯਾਨੀ ਆਸਕਤੀ ਛੱਡ ਦੇਵੇ। ਹਾਂ! ਵਿਵਹਾਰ ਚਲਾਉਣ ਾਤਰ ਐਕਟਰਾਂ (ਅਦਾਕਾਰਾਂ) ਦੀ ਤਰ੍ਹਾਂ ਆਪਣਾ ਜੋ ਪਾਰਟ ਹੋਵੇ ਉਸ ਨੂੰ ਪੂਰਾ ਅਦਾ ਕਰਦਾ ਰਹੇ। ਪ੍ਰੰਤੂ ਚਿੱਤ ਦੀ ਲਗਨ ਆਪਣੇ ਅਤੀ ਪਿਆਰੇ ਆਤਮਾ ਵਾਹਿਗੁਰੂ ਵਿੱਚ ਹੀ ਰੱਖੇ ਕਿਉਂਕਿ ਪ੍ਰੀਤੀ ਦੇ ਲਾਇਕ ਸਿਵਾਏ ਗੋਬਿੰਦ ਪ੍ਰਭੂ ਤੋਂ ਹੋਰ ਕੋਈ ਭੀ ਨਹੀਂ ਹੈ। ਜੇ ਸੰਸਾਰ ਵਿੱਚ ਕਿਸੇ ਇਸਤ੍ਰੀ ਜਾਂ ਪੁਰ ਨਾਲ ਪ੍ਰੀਤੀ ਕੀਤੀ ਭੀ ਜਾਏ ਤਾਂ ਉਹ ਪ੍ਰੀਤੀ ਹੁੰਦੀ ਹੈ ਆਪਣੀ ਪ੍ਰਸੰਨਤਾ ਾਤਰ ਪ੍ਰੰਤੂ ਆਪਣੇ ਪ੍ਰੇਮੀ ਨੂੰ ਪਿਆਰ ਕਰਦੇ ਸਮੇਂ ਇਉਂ ਕਿਹਾ ਜਾਂਦਾ ਹੈ ਕਿ-

ਮੈਂ ਤੇਰੇ ਬਿਨਾਂ ਰਹਿ ਨਹੀਂ ਸਕਦਾ, ਤੇਰੇ ਤੁੱਲ ਮੈਨੂੰ ਕੋਈ ਭੀ ਪਿਆਰੀ ਵਸਤੂ ਨਹੀਂ ਹੈ, ਤੇਰਾ ਵਿਯੋਗ ਤਾਂ ਮੇਰੇ ਪ੍ਰਾਣ ਹੀ ਤਮ ਕਰ ਦੇਣ ਵਾਲਾ ਹੈ, ਤੈਨੂੰ ਦੇਖੇ ਬਿਨਾਂ ਮੈਨੂੰ ਚੈਨ ਹੀ ਨਹੀਂ ਆਉਂਦੀ, ਤੂੰ ਬਹੁਤ ਹੀ ਪਿਆਰਾ ਹੈਂ ਤਥਾ ਤੂੰ ਮੇਰੇ ਪ੍ਰਾਣਾ ਦਾ ਸਹਾਰਾ ਹੈਂ, ਇਤਿਆਦਿਕ ਮਿੱਠੀਆਂ-ਮਿੱਠੀਆਂ ਗੱਲਾਂ ਪ੍ਰੇਮੀ ਆਪਣੇ ਪ੍ਰੀਤਮ ਨਾਲ ਕਰਦਾ ਹੈ। ਪ੍ਰੰਤੂ ਇਹ ਬਚਨ ਬਿਲਕੁਲ ਕਪਟ ਯੁਕਤ (ਧੋਖੇ ਭਰੇ) ਹਨ ਕਿਉਂਕਿ ਪ੍ਰੀਤੀ ਤਾਂ ਉਹ ਆਪਣੇ ਸੁੱਖ ਲਈ ਕਰਦਾ ਹੈ ਤੇ ਤਾਗੀ ਤਾਂ ਹੈ ਕਿ ਇਹ ਮੇਰੇ ਅਨੁਕੂਲ ਯਾਨੀ ਸੁੱਖ ਦੇਣ ਦਾ ਕਾਰਨ ਬਣਿਆ ਰਹੇ ਅਤੇ ਜਿਸ ਨਾਲ ਪ੍ਰੀਤੀ ਕੀਤੀ ਜਾਂਦੀ ਹੈ, ਉਸਦੇ ਮਨ ਵਿੱਚ ਵੀ ਛੁਪਿਆ ਹੋਇਆ ਇਹੀ ਰਾ ਹੈ ਕਿ ਇਹ ਮੇਰੀ ਮਰੀ ਮੁਤਾਬਿਕ ਬਣਿਆ ਰਹੇ। ਇਸ ਲਈ, ਉਹ ਭੀ ਖੂਬ ਪ੍ਰੀਤੀ ਕਰਦਾ ਹੈ। ਮਤਲਬ ਦੋਹਾਂ ਦੇ ਚਿੱਤਾਂ ਵਿੱਚ ਆਪਣੇ ਸੁੱਖ ਦਾ ਹੀ ਹੈ

ਪ੍ਰੰਤੂ ਉੱਪਰੋਂ ਬਾਤ-ਚੀਤ ਅਜਿਹੀ ਹੈ ਜੋ ਮਾਨੋਂ ਸਭ ਕੁੱਝ ਆਪਣੇ ਪ੍ਰੀਤਮ ਲਈ ਹੀ ਕਰਦਾ ਹੈ, ਸੋ ਇਹ ਹੈ ਸੰਸਾਰੀ ਪ੍ਰੀਤੀ। ਨਿਕਾਮ ਪ੍ਰੀਤੀ ਤਾਂ ਕੋਈ ਪ੍ਰਭੂ ਦਾ ਪ੍ਰੇਮੀ ਹੀ ਕਰ ਸਕਦਾ ਹੈ ਕਿਉਂਕਿ ਪ੍ਰਭੂ ਪ੍ਰੇਮੀ ਬਿਨਾਂ, ਨਿਕਾਮਤਾ ਸੰਭਵ ਨਹੀਂ। ਸੰਸਾਰੀ ਮਨੁੱਾਂ ਵਿੱਚ ਕੋਈ ਨਾ ਕੋਈ ਕਾਮਨਾ ਰਹਿੰਦੀ ਹੀ ਹੈ। ਗੋਬਿੰਦ ਦੇ ਪਿਆਰੇ, ਨਿਕਾਮ ਹੋਣ ਦੇ ਕਾਰਨ ਸਭ ਨਾਲ ਸੱਚੀ ਪ੍ਰੀਤੀ ਕਰਦੇ ਹਨ ਤੇ ਕੋਈ ਖ੍ਵਾਹਿ ਨਾ ਹੋਣ ਦੇ ਕਾਰਨ, ਉਹ ਪ੍ਰੀਤੀ ਟੁੱਟਦੀ ਨਹੀਂ। ਜਿਸ ਨੂੰ ਕੋਈ ਇੱਛਾ ਹੀ ਨਹੀਂ, ਉਹ ਕਿਸ ਇੱਛਾ ਦੀ ਪੂਰਤੀ ਵਿੱਚ ਕਮੀ ਰਹਿਣ ਨਾਲ, ਪ੍ਰੀਤੀ ਵਿੱਚ ਫਰਕ ਦੇਖੇਗਾ? ਉਸ ਦੀ ਪ੍ਰੀਤੀ ਤਾਂ ਆਪਣੇ ਹੀ ਆਤਮਾ ਨਾਲ ਹੈ। ਆਪਣਾ ਹੀ ਆਤਮਾ ਪੁਰ-ਇਸਤ੍ਰੀ, ਪ੍ਰ-ਪੰਛੀ ਤੇ ਬਨ-ਤ੍ਰਿਣ ਆਦਿ ਰੂਪਾਂ ਵਿੱਚ ਪਸਰਿਆ ਹੋਇਆ ਬ੍ਰਹਮ ਹੈ। ਜਿਸ ਨਾਲ ਭੀ ਪ੍ਰੀਤੀ ਹੈ, ਉਹ ਆਪਣੇ ਹੀ ਆਤਮਾ ਨਾਲ ਹੈ। ਇੱਕ ਹੀ ਆਤਮਾ ਸਭ ਦੇਹਾਂ ਵਿੱਚ ਹੋਣ ਦੇ ਕਾਰਨ, ਉਹ ਸਾਰੀਆਂ ਦੇਹਾਂ ਆਪਣੀਆਂ ਹੀ ਹਨ। ਆਪਣੀ ਦੇਹ ਦਾ ਕੋਈ ਭੀ ਅਨਿਟ ਨਹੀਂ ਚਾਹੁੰਦਾ ਯਾਨੀ ਬੁਰਾ ਨਹੀਂ ਤੱਕਦਾ। ਸਮ-ਦ੍ਰਿਟੀ ਨਾਲ ਪੂਰਨ ਗਿਆਨੀ ਪੁਰ, ਪਦਾਰਥਾਂ ਨੂੰ ਆਪਣੇ ਤੋਂ ਜੁਦਾ ਜਾਣ ਕੇ, ਆਪਣੇ ਹੀ ਆਤਮਾ ਲਈ ਪ੍ਰੀਤੀ ਨਹੀਂ ਕਰਦੇ, ਕਿੰਤੂ ਅਗਿਆਨੀ ਜੀਵ ਹੀ ਆਪਣੇ ਤੋਂ ਜੁਦਾ ਪਦਾਰਥਾਂ ਨੂੰ ਆਪਣੇ ਸਮਝਕੇ ਆਪਣੇ ਅਨੁਕੂਲ ਪਦਾਰਥ ਨਾਲ ਪ੍ਰੀਤੀ ਤੇ ਪ੍ਰਤੀਕੂਲ ਨਾਲ ਦ੍ਵੈ ਕਰਦੇ ਹਨ, ਇਸ ਲਈ ਦੁਖੀ-ਸੁਖੀ ਹੁੰਦੇ ਰਹਿੰਦੇ ਹਨ। ਵਿਚਲੀ ਛੁਪੀ ਹੋਈ ਵਾਸਤ੍ਵਿਕ ਬਾਤ ਨੂੰ ਨਾ ਜਾਨਣ ਦੇ ਕਾਰਨ ਪਦਾਰਥਾਂ ਵਿੱਚ ਸੁੱਖ ਦੀ ਭ੍ਰਾਂਤੀ ਹੁੰਦੀ ਹੈ। ਇਸ ਪ੍ਰਕਾਰ ਦੀ ਭ੍ਰਾਂਤੀ-ਯੁਕਤ ਸੁੱਖ, ਾਸਤ੍ਰ ਨੇ ਤਿੰਨ ਪ੍ਰਕਾਰ ਦਾ ਮੰਨਿਆ ਹੈ- ਪ੍ਰਿਯ, ਮੋਦ ਅਤੇ ਪ੍ਰਮੋਦ-

ਇਟ ਵਸਤੂ ਦੇ ਦਰਨ ਦਾ ਸੁੱਖ ਯਾਨੀ ਜਿਸ ਵਸਤੂ ਨੂੰ ਚਿੱਤ ਚਾਹੁੰਦਾ ਹੈ, ਉਸਦਾ ਕੇਵਲ ਦਰਨ ਹੀ ਹੋ ਜਾਣਾ ਪ੍ਰਿਯ ਸੁੱਖ ਹੈ। ਦਰਨ ਤੋਂ ਪਹਿਲਾਂ ਉਸ ਵਸਤੂ ਲਈ ਪ੍ਰਯਤਨੀਲ ਚਿੱਤ ਵਿਆਕੁਲ ਰਹਿੰਦਾ ਹੈ ਤੇ ਚਿੱਤ ਬ੍ਰਿਤੀ ਅਤੀ ਵਿਆਕੁਲ ਰਹਿਣ ਦੇ ਕਾਰਣ, ਦੁੱਖ ਦਾ ਅਨੁਭਵ ਹੁੰਦਾ ਹੈ। ਯਤਨ ਕਰਦੇ-ਕਰਦੇ ਜਦ ਉਹ ਵਸਤੂ ਕੇਵਲ ਦਿਖਾਈ ਹੀ ਦਿੰਦੀ ਹੈ ਤਾਂ ਉਹ ਵਿਆਕੁਲ ਤੇ ਚੰਚਲ ਬ੍ਰਿਤੀ ਟਿਕ ਜਾਂਦੀ ਹੈ ਕਿਉਂਕਿ ਉਸ ਵਸਤੂ ਲਈ ਹੀ ਬ੍ਰਿਤੀ ਵਿੱਚ

ਚੰਚਲਤਾ ਆਈ ਸੀ। ਉਸ ਟਿਕੀ ਹੋਈ ਅਵਸਥਾ ਅੰਦਰ ਆਤਮਾ ਸਪਟ ਹੋ ਜਾਂਦਾ ਹੈ ਅਰਥਾਤ ਆਤਮਾ ਦਾ ਪ੍ਰਤੀਬਿੰਬ ਜਿਉਂ ਦਾ ਤਿਉਂ ਸਾਂ-ਸਾਂ ਭਾਸਦਾ ਹੈ ਤੇ ਆਤਮਾ ਹੈ ਹੀ ਅਨੰਦ-ਸ੍ਵਰੂਪ, ਅਜਿਹਾ ਆਤਮਾ ਦਾ ਅਨੰਦ ਪ੍ਰਗਟ ਹੋ ਜਾਂਦਾ ਹੈ। ਬੜੇ ਸੁੱਖ ਦਾ ਅਨੁਭਵ ਹੁੰਦਾ ਹੈ ਪ੍ਰੰਤੂ ਅਗਿਆਨੀ ਜੀਵਾਂ ਨੂੰ ਭੁਲੇਖਾ ਲਗਦਾ ਹੈ ਕਿ ਇਸ ਵਸਤੂ ਦੇ ਦੇਖਣ ਮਾਤ੍ਰ ਤੋਂ ਮੈਨੂੰ ਅਨੰਦ ਆਇਆ ਹੈ ਅਰਥਾਤ ਇਹ ਵਸਤੂ ਹੀ ਸੁਖਦਾਈ ਹੈ।

ਪਰ ਇਹ ਸੁੱਖ ਕੁੱਝ ਕਾਲ ਹੀ ਰਹਿੰਦਾ ਹੈ, ਤਤਪਸਚਾਤ ਉਸ ਵਸਤੂ ਦੀ ਪ੍ਰਾਪਤੀ ਦੀ ਇੱਛਾ ਉਤਪੰਨ ਹੋ ਕੇ ਬ੍ਰਿਤੀ ਫਿਰ ਵਿਆਕੁਲ ਹੋ ਜਾਂਦੀ ਹੈ। ਇਸ ਬ੍ਰਿਤੀ ਦੀ ਚੰਚਲ ਅਵਸਥਾ ਵਿੱਚ ਭਾਵੇਂ ਉਹ ਵਸਤੂ ਸਾਮ੍ਹਣੇ ਦਿਖਾਈ ਦਿੰਦੀ ਰਹੇ, ਕੁੱਝ ਭੀ ਸੁੱਖ ਨਹੀਂ ਕਿਉਂਕਿ ਬ੍ਰਿਤੀ ਦਾ ਉਹ ਟਿਕਾਉ ਜਿਸ ਵਿੱਚ ਕਿ ਆਤਮਾ ਪ੍ਰਗਟ ਭਾਸਦਾ ਸੀ, ਜਾਂਦਾ ਰਹਿੰਦਾ ਹੈ, ਇਸ ਕਾਰਨ ਸੁੱਖ ਦਾ ਅਨੁਭਵ ਨਹੀਂ ਹੁੰਦਾ।

ਜਿਉਂ ਕਿਸੇ ਪਾਣੀ ਦੇ ਭਰੇ ਹੋਏ ਖੁਲ੍ਹੇ ਬਰਤਨ ਵਿਚ ਸੂਰਜ ਦਾ ਅਕਸ ਪੈਂਦਾ ਹੈ, ਜੇ ਉਹ ਪਾਣੀ ਹਵਾ ਦ੍ਵਾਰਾ ਹਿਲਦਾ ਹੋਵੇ ਤਾਂ ਅਕਸ ਸਪਟ ਨਹੀਂ ਭਾਸਦਾ ਤੇ ਜੇ ਪਾਣੀ ਟਿਕਿਆ ਹੋਇਆ ਹੋਵੇ ਤਾਂ ਸੂਰਜ ਦਾ ਪ੍ਰਤੀਬਿੰਬ ਸਾਂ-ਸਾਂ ਦਿਖਦਾ ਹੈ। ਤਿਉਂ ਹੀ ਗੀਰ ਬਰਤਨ ਹੈ, ਅੰਤਹਕਰਣ ਪਾਣੀ ਹੈ, ਇੱਛਾ ਹਵਾ ਹੈ ਤੇ ਆਤਮਾ ਦਾ ਸੂਰਜ ਦੀ ਨਿਆਈਂ ਅਕਸ ਪੈਂਦਾ ਹੈ। ਜਦ ਉਹ ਕਿਸੇ ਇੱਛਾ ਦੇ ਕਾਰਨ ਮਨ ਵਿਆਕੁਲ ਹੁੰਦਾ ਹੈ, ਉਸ ਚੰਚਲ ਅਵਸਥਾ ਅੰਦਰ ਆਤਮਾ ਦਾ ਪ੍ਰਤੀਬਿੰਬ ਸਪਟ ਨਾ ਭਾਸਣ ਦੇ ਕਾਰਨ, ਸੁੱਖ ਦਾ ਅਨੁਭਵ ਹੋਣ ਦੀ ਬਜਾਏ ਦੁੱਖ ਦਾ ਅਨੁਭਵ ਹੁੰਦਾ ਹੈ। ਉਹ ਇੱਛਾ ਜਿਸ ਲਈ ਚਿੱਤ ਚੰਚਲ ਹੈ ਜਦ ਪੂਰੀ ਹੁੰਦੀ ਹੈ ਤਾਂ ਚਿੱਤ ਟਿਕ ਜਾਂਦਾ ਹੈ ਅਤੇ ਆਤਮਾ ਸਪਟ ਦਿਖਾਈ ਦੇਣ ਲਗਦਾ ਹੈ ਯਾਨੀ ਆਵਰਣ ਤੋਂ ਰਹਿਤ ਹੋ ਜਾਂਦਾ ਹੈ (ਇਹ ਆਵਰਣ੍ਹ ਨ ਅਵਸਥਾ ਛਿੰਨ ਮਾਤ੍ਰ ਲਈ ਹੀ ਹੁੰਦੀ ਹੈ ਜਿਉਂ ਪਾਣੀ ਰਾ ਕੁ ਟਿਕ ਕੇ ਫਿਰ ਹਿੱਲਣ ਲੱਗ ਪਏ) ਉਸ ਸਪਟ ਅਵਸਥਾ ਵਿੱਚ ਆਨੰਦ ਦਾ ਅਨੁਭਵ ਹੁੰਦਾ ਹੈ ਕਿਉਂਕਿ ਆਤਮਾ ਅਨੰਦ ਸ੍ਵਰੂਪ ਹੈ ਪ੍ਰੰਤੂ ਮੂਰਖ ਜੀਵ ਨੂੰ ਇਹ ਪਦਾਰਥ ਹੀ ਸੁੱਖ ਸ੍ਵਰੂਪ ਹਨ ਭੁਲੇਖਾ ਲਗਦਾ ਹੈ। ਇਸ ਸੁੱਖ ਨੂੰ ਮੋਦ ਕਹਿੰਦੇ ਹਨ।

ਇਹ ਸੁੱਖ, ਕੁੱਝ ਕਾਲ ਅਨੁਭਵ ਹੁੰਦਾ ਰਹਿੰਦਾ ਹੈ ਫਿਰ ਉਸ ਵਸਤੂ ਦੇ ਇਸਤੇਮਾਲ ਕਰਨ ਦੀ ਇੱਛਾ ਜਾਗ ਪੈਂਦੀ ਹੈ, ਜਿਸ ਨਾਲ ਮਨ ਉਸ ਵਸਤੂ ਨੂੰ ਸੇਵਨ ਕਰਨ ਦੇ ਯਤਨ ਵਿੱਚ ਲੱਗ ਕੇ ਚੰਚਲ ਹੋ ਜਾਂਦਾ ਹੈ। ਉਹ ਵਸਤੂ ਜਿਸਦੀ ਪ੍ਰਾਪਤੀ ਹੋਣ ਨਾਲ ਬੜੀ ਪ੍ਰਸੰਨਤਾ ਹੋਈ ਸੀ ਭਾਵੇਂ ਪਾਸ ਹੀ ਪਈ ਹੈ ਕਿੰਤੂ ਸੁੱਖ ਨਟ ਹੋ ਜਾਂਦਾ ਹੈ, ਕਿਉਂਕਿ ਸੁੱਖ-ਸ੍ਵਰੂਪ ਆਤਮਾ ਤਾਂ ਬ੍ਰਿਤੀ ਦੇ ਟਿਕਾਉ ਕਾਲ ਵਿੱਚ ਹੀ ਸਪਟ ਭਾਸਦਾ ਹੈ ਤੇ ਆਨੰਦ ਪ੍ਰਗਟ ਹੁੰਦਾ ਹੈ। ਉਹ ਬ੍ਰਿਤੀ ਦਾ ਟਿਕਾਉ ਹੀ ਜਦ ਨਾ ਰਿਹਾ ਤੇ ਸੁੱਖ ਕਿੱਥੋਂ? ਕੋਂ ਕਰਦੇ-ਕਰਦੇ ਜਦ ਉਸ ਵਸਤੂ ਨੂੰ ਸੇਵਨ ਕਰਨ ਦਾ ਮੌਕਾ ਮਿਲਿਆ ਤਾਂ ਬ੍ਰਿਤੀ ਤੁਰੰਤ ਇਸਥਿਤ ਹੋ ਜਾਂਦੀ ਹੈ। ਉਸ ਇਸਥਿਤੀ ਕਾਲ ਵਿੱਚ ਆਨੰਦ-ਸ੍ਵਰੂਪ ਆਤਮਾ ਦਾ ਆਨੰਦ-ਪ੍ਰਗਟ ਹੋ ਜਾਂਦਾ ਹੈ ਤੇ ਮੂਰਖ ਮਨੁੱਖ ਨੂੰ ਭੁਲੇਖਾ ਲਗਦਾ ਹੈ ਕਿ ਇਸ ਵਸਤੂ ਦੇ ਸੇਵਨ ਨਾਲ ਮੈਨੂੰ ਬੜਾ ਆਨੰਦ ਆਇਆ ਯਾਨੀ ਵਸਤੂ ਹੀ ਆਨੰਦ ਸ੍ਵਰੂਪ ਹੈ। ਜੇ ਉਹ ਵਸਤੂ ਹੀ ਅਨੰਦ ਸ੍ਵਰੂਪ ਹੁੰਦੀ ਤਾਂ ਕਦੇ ਅਨੰਦ ਵਾਲੀ ਤੇ ਕਦੇ ਅਨੰਦ ਤੋਂ ਰਹਿਤ ਕਿਉਂ ਭਾਸਦੀ? ਅੱਗ ਸਦਾ ਹੀ ਹਰ ਜਗ੍ਹਾ ਦਾਹ ਕਰਨ ਵਾਲੀ ਤੇ ਪ੍ਰਕਾ ਕਰਨ ਵਾਲੀ ਰਹਿੰਦੀ ਹੈ ਅਰਥਾਤ ਇਹ ਅੱਗ ਦਾ ਸੁਭਾਉ ਦੂਰ ਨਹੀਂ ਹੁੰਦਾ। ਇਹ ਨਹੀਂ ਕਿ ਉਹ ਅੱਗ ਕਦੇ ਠੰਢੀ ਤੇ ਕਦੇ ਤੱਤੀ ਹੋ ਜਾਂਦੀ ਹੈ। ਵਸਤੂ ਦਾ ਸੁਭਾਉ ਵਸਤੂ ਦੇ ਨਾਲ ਹੀ ਰਹਿਣ ਵਾਲਾ ਹੈ। ਜੇ ਵਿ, ਅਨੰਦ-ਸ੍ਵਰੂਪ ਹੀ ਹੋਣ ਤਾਂ ਇਨ੍ਹਾਂ ਦਾ ਸੁਭਾਉ ਹੀ ਅਨੰਦ ਵਾਲਾ ਹੋਵੇ ਫਿਰ ਕਦੇ ਸੁੱਖਦਾਈ ਤੇ ਕਦੇ ਦੁੱਖਦਾਈ ਭਾਸਣ ਕਿਉਂ? ਉਹੀ ਵਸਤੂ ਜੋ ਇਸ ਛਿੰਨ ਵਿੱਚ ਅਨੰਦ ਵਾਲੀ ਮਾਲੂਮ ਦਿੰਦੀ ਹੈ, ਉਹ ਦੂਜੇ ਛਿੰਨ ਵਿੱਚ ਦੁਖ ਵਾਲੀ ਕਿਉਂ ਭਾਸਦੀ ਹੈ? ਉਹੀ ਪਿਆਰਾ-ਪਿਆਰਾ ਮਿੱਤ੍ਰ ਅਨੁਕੂਲ ਹੋਣ ਦੇ ਕਾਰਨ ਮਹਾਨ ਸੁਖਦਾਈ ਭਾਸਦਾ ਹੈ ਤੇ ਕਿਸੇ ਕਾਰਨ ਪ੍ਰਤੀਕੂਲ ਹੋ ਜਾਣ ਪਰ, ਤ੍ਰਹਿਰ ਦੇ ਤੁੱਲ ਕਿਉਂ ਭਾਸਦਾ ਹੈ? ਇਸ ਤਰ੍ਹਾਂ ਇਹ ਸਪਟ ਹੋ ਜਾਂਦਾ ਹੈ ਕਿ ਅਨੁਕੂਲ ਪਦਾਰਥਾਂ ਨਾਲ ਬ੍ਰਿਤੀ ਟਿਕ ਜਾਂਦੀ ਹੈ ਤੇ ਆਤਮਾ ਦਾ ਅਨੰਦ ਪ੍ਰਗਟ ਹੋ ਜਾਂਦਾ ਹੈ। ਪ੍ਰਤੀਕੂਲ ਨਾਲ ਬ੍ਰਿਤੀ ਚੰਚਲ ਹੋ ਜਾਂਦੀ ਹੈ ਤੇ ਸੁੱਖ-ਸ੍ਵਰੂਪ ਆਤਮਾ ਪਰ ਚੰਚਲਤਾਈ ਦਾ ਆਵਰਣ ਆ ਜਾਣ ਦੇ ਕਾਰਨ ਦੁੱਖ ਭਾਸਦਾ ਹੈ, ਇਸ ਲਈ ਪਦਾਰਥ ਸੁੱਖ-ਸ੍ਵਰੂਪ ਨਹੀਂ, ਸੁੱਖ-ਸ੍ਵਰੂਪ ਤਾਂ ਆਪਣਾ ਆਤਮਾ ਹੀ ਹੈ।

ਆਤਮਾਨੰਦ ਦਾ ਪ੍ਰਗਟ ਹੋਣਾ ਯਾ ਨਾ ਹੋਣਾ ਇਹ ਦੋਨੋਂ ਹੀ ਆਤਮਾ ਵਿੱਚ ਨਹੀਂ ਬਣਦੇ ਕਿੰਤੂ ਪ੍ਰਕਾਮਾਨ ਸੂਰਜ ਦੇ ਅੱਗੇ ਬੱਦਲਾਂ ਦੇ ਆ ਜਾਣ ਅਤੇ ਹਟ ਜਾਣ ਵਾਂਗੂੰ ਇੱਛਾ ਦੁਆਰਾ ਬ੍ਰਿਤੀ ਦੇ ਚੰਚਲ ਹੋ ਜਾਣ ਅਤੇ ਇੱਛਾ ਰਹਿਤ ਅਵਸਥਾ ਅੰਦਰ ਬ੍ਰਿਤੀ ਦੇ ਟਿੱਕ ਜਾਣ ਨਾਲ, ਆਤਮ ਅਨੰਦ ਦਾ ਪ੍ਰਗਟ ਹੋਣਾ ਯਾ ਨਾ ਹੋਣਾ ਭਾਸਦਾ ਹੈ। ਆਤਮਾ ਤਾਂ ਸਦਾ ਇੱਕ ਰਸ ਅਤੇ ਅਨੰਦ-ਸ੍ਵਰੂਪ ਹੀ ਹੈ। ਬੁੱਧੀਮਾਨ ਨੂੰ ਚਾਹੀਏ ਜੋ ਸਾਰੇ ਹੀ ਸੰਸਾਰੀ ਪਦਾਰਥਾਂ ਦਾ ਮੋਹ ਛੱਡਕੇ, ਆਪਣੇ ਆਤਮਾ ਨੂੰ ਵਾਹਿਗੁਰੂ ਨਾਲ ਅਭੇਦ ਜਾਣਕੇ ਪ੍ਰੀਤੀ ਕਰੇ। ਪ੍ਰੀਤੀ ਦੇ ਲਾਇਕ ਇੱਕ ਪ੍ਰਭੂ ਹੀ ਹੈ ਜੋ ਸਭ ਦਾ ਆਪਣਾ ਆਪ ਯਾਨੀ ਆਤਮਾ ਹੋ ਕੇ ਪ੍ਰਗਟ ਹੋ ਰਿਹਾ ਹੈ, ਹੋਰ ਕੋਈ ਭੀ ਪਦਾਰਥ ਨਹੀਂ।

## *ਨਿਰਮਾਣਤਾ ਆਦਿ ਸਾਧਨ*

ਸੰਸਾਰ ਨੂੰ ਹੀ ਬਾਰੰਬਾਰ ਦੇਣ ਵਾਲਿਆਂ ਦੁੱਖ ਰੂਪ ਵਸਤੂਆਂ ਤੋਂ ਉਪਰਾਮ ਹੋ ਕੇ ਨਿੱਤ-ਸੁੱਖ ਰੂਪ ਆਤਮ ਪ੍ਰਾਪਤੀ ਦੀ ਇੱਛਾ ਵਾਲੇ ਹੇਠ ਲਿਖੇ ਅਮਾਨਿਤ੍ਵ ਆਦਿ ਸਾਧਨਾਂ ਦੇ ਯੁਕਤ ਹੋਣ ਦਾ ਤੀਬਰ ਪ੍ਰਯਤਨ ਕਰਨ ਕਿਉਂਕਿ ਇਸ ਸਾਧਨ ਸਮੁਦਾਇ ਦੇ ਪਰਾਇਣ ਹੋਇਆ ਮਨੁੱ, ਆਤਮਾ ਨੂੰ ਜਾਨਣ ਯੋਗ ਬਣ ਜਾਂਦਾ ਹੈ। ਇਹ ਗਿਆਨ ਦਾ ਸਾਧਨ ਹੋਣ ਦੇ ਕਾਰਨ ਗਿਆਨ ਨਾਮ ਦੁਆਰਾ ਹੀ ਕਥਨ ਕੀਤਾ ਗਿਆ ਹੈ। ਉਹ ਸਾਧਨ ਇਹ ਹਨ-

੧. ਅਮਾਨਿਤ੍ਵ-ਆਪਣਾ ਵੱਡਾਪਨ ਪ੍ਰਗਟ ਨਾ ਕਰਨਾ।

੨. ਅਦੰਭਤ੍ਵ-ਪਾਖੰਡ ਪੂਰਬਕ ਕੋਈ ਆਚਰਣ ਨਾ ਕਰਨਾ।

੩. ਅਹਿੰਸਾ-ਕਿਸੇ ਭੀ ਪ੍ਰਾਣੀ ਨੂੰ ਮਨ, ਬਾਣੀ ਤੇ ਰੀਰ ਕਰਕੇ ਕਟ ਨਾ ਦੇਣਾ।

੪. ਖਿਮਾ-ਦੂਜਿਆਂ ਦੇ ਅਪਰਾਧ ਦੇਖਕੇ ਭੀ ਉਨ੍ਹਾਂ ਦਾ ਬੁਰਾ ਨਾ ਚਿਤਵਣਾ।

੫. ਆਰਜਵ-ਸਰਲਤਾ, ਕੁਟਲਤਾ ਰਹਿਤ ਹੋਣਾ।

੬. ਆਚਾਰਯ ਉਪਾਸਨਾ-ਮੁਕਤੀ ਦੇ ਸਾਧਨਾਂ ਦਾ ਉਪਦੇ ਕਰਨ ਵਾਲੇ ਗੁਰੂ ਦੀ ਹਰ ਪ੍ਰਕਾਰ ਨਾਲ ਸੇਵਾ ਕਰਨਾ।

੭. ੌਚ-ਰੀਰਕ ਮੈਲ ਨੂੰ ਮਿੱਟੀ ਤੇ ਜਲ ਆਦਿ ਨਾਲ ਸਾਫ ਕਰਨਾ ਅਤੇ ਅੰਤਹਕਰਣ ਦੇ ਰਾਗ-ਦ੍ਵੈ ਆਦਿ ਮੈਲ ਨੂੰ ਵਿਚਾਰ ਪੂਰਬਕ ਦੂਰ ਕਰਨਾ।

੮. ਅੰਤਹਕਰਣ ਦੀ ਇਸਥਿਤੀ ਬਣਾਈ ਰੱਖਣਾ।

੯. ਮਨ ਅਤੇ ਇੰਦ੍ਰੀਆਂ ਦੇ ਸਹਿਤ ਰੀਰ ਦਾ ਕਾਬੂ ਕਰਨਾ।

੧੦. ਇੰਦ੍ਰੀਆਂ ਦੇ ਬਦ, ਸਪਰ, ਰੂਪ, ਰਸ ਅਤੇ ਗੰਧ ਆਦਿ ਵਿਿਆਂ ਵਿੱਚ ਵੈਰਾਗ ਧਾਰਨ ਕਰਨਾ।

੧੧. ਅਹੰਕਾਰ ਦਾ ਅਭਾਵ ਕਰਨਾ।

੧੨. ਜਨਮ, ਮ੍ਰਿਤੂ, ਜਰਾ, ਰੋਗ ਅਤੇ ਦੁੱਖਾਂ ਵਿੱਚ ਅਰਥਾਤ ਜਨਮ ਤੋਂ ਲੈਕੇ ਮੌਤ ਦੇ ਦੁੱਖ ਪਰਯੰਤ, ਸਭਨਾਂ ਵਿੱਚ ਅਲਗ ਦੋਾਂ ਦਾ ਦੇਖਣਾ।

੧੩. ਅਨਾਸਕਤੀ-ਘਰ, ਪ੍ਰੀਵਾਰ ਅਤੇ ਧਨ ਆਦਿ ਵਿੱਚ ਲਗਾਉ ਨਾ ਹੋਣਾ।

੧੪. ਅਨਭ੍ਰਿੰਗਾ-ਮੋਹ-ਮਮਤਾ ਦਾ ਨਾ ਹੋਣਾ।

੧੫. ਪ੍ਰਿਯ, ਅਪ੍ਰਿਯ ਦੀ ਪ੍ਰਾਪਤੀ ਵਿੱਚ ਸਦਾ ਹੀ ਚਿੱਤ ਦਾ ਸਮ ਰਹਿਣਾ ਅਰਥਾਤ ਮਨ ਦੇ ਅਨੁਕੂਲ ਤਥਾ ਪ੍ਰੀਕੂਲ ਪ੍ਰਾਪਤ ਹੋਣ ਪਰ ਹਰਖ,ੋਕ ਆਦਿ ਵਿਕਾਰਾਂ ਦਾ ਨਾ ਹੋਣਾ।

੧੬. ਈ੍ਵਰ ਵਿੱਚ ਏਕੀ ਬ੍ਰਿਤੀ ਨਾਲ, ਇਸਥਿਤੀ ਰੂਪ ਧਿਆਨ-ਯੋਗ ਦੇ ਦ੍ਵਾਰਾ ਅਵਿਭਚਾਰੀ ਭਗਤੀ ਯਾਨੀ ਪਰਮੇਰ ਤੋਂ ਪਰੇ ਕੋਈ ਭੀ ਨਹੀਂ ਹੈ, ਉਹੀ ਸਾਡੀ ਪਰਮ-ਗਤੀ ਹੈ, ਇਸ ਪ੍ਰਕਾਰ ਦੀ ਜੋ ਨਿਸਚਿਤ ਅਵਿਚੱਲ ਬੁੱਧੀ ਹੈ, ਉਹੀ ਅਨੰਨ ਯੋਗ ਹੈ, ਉਸਦੇ ਯੁਕਤ ਹੋ ਕੇ ਭਜਨ ਕਰਨਾ ਹੀ ਅਵਿਭਚਾਰਨੀ ਭਗਤੀ ਹੈ।

੧੭. ਏਕਾਂਤ ਅਤੇੁੱਧ ਦੇ ਵਿੱਚ ਰਹਿਣ ਦਾ ਸੁਭਾਉ ਹੋਣਾ।

੧੮. ਵਿੇ ਆਸਕਤ ਮਨੁੱਾਂ ਦੇ ਸਮੁਦਾਇ ਵਿੱਚ ਪ੍ਰੇਮ ਨਾ ਹੋਣਾ।

੧੯. ਅਧਾਤਮ ਗਿਆਨ ਵਿੱਚ ਨਿੱਤ-ਇਸਥਿਤੀ ਯਾਨੀ ਜਿਸ ਗਿਆਨ ਦ੍ਵਾਰਾ ਆਤਮਾ ਦੇ ਅਨਾਤਮਾ ਦਾ ਪਤਾ ਲਗਦਾ ਹੈ, ਉਸ ਅਧਾਤਮ ਗਿਆਨ ਦੇ ਵਿੱਚ ਨਿੱਤ ਕਾਇਮ ਰਹਿਣਾ।

੨੦. ਤੱਤ੍ਵ-ਗਿਆਨ ਦੇ ਅਰਥ ਰੂਪ ਪ੍ਰਮਾਤਮਾ ਨੂੰ ਹੀ ਸਭ ਪਾਸੇ ਦੇਖਣਾ।

ਅਮਾਨਿਤ੍ਵ ਤੋਂ ਲੈਕੇ ਇੱਥੇ ਤੱਕ ਸਾਰਾ ਸਾਧਨ ਸਮੁਦਾਇ ਗਿਆਨ ਦਾ ਪਰਮ ਸਾਧਨ ਹੈ। ਇਸ ਤੋਂ ਵਿਪਰੀਤ ਯਾਨੀ ਉਲਟ ਮਾਨ, ਦੰਭ, ਹਿੰਸਾ ਤੇ

ਅਹੰਕਾਰ ਆਦਿ ਅਵਗੁਣ ਸਮੁਦਾਇ ਸੰਸਾਰ ਵਿੱਚ ਪ੍ਰਵਿਰਤ ਕਰਨ ਦਾ ਕਾਰਨ ਹੋਣ ਤੇ ਤਿਆਗ ਦੇਣਾ ਚਾਹੀਏ ਕਿਉਂਕਿ ਉਹ ਸਾਰਾ ਅਗਿਆਨ ਹੈ।

(ਗੀ: ਅ: ੧੩ ਸ: ੭ ਤੋਂ ੧੧)

ਇਸ ਪ੍ਰਕਾਰ ਉਪ੍ਰੋਕਤ ਸਾਧਨ ਸਮੁਦਾਇ ਦੇ ਯੁਕਤ ਹੋ ਕੇ, ਆਪਣੇ ਨਿੱਤ ਸੁੱਖ-ਰੂਪ ਆਤਮਾ ਦਾ ਅਨੁਭਵ ਕਰੋ, ਇਸ ਵਿੱਚ ਸੰਸਾ ਨਹੀਂ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਦ ਭੀ ਤੁਸੀਂ ਸਾਮ੍ਹਣੇ ਦਿਖਣ ਵਾਲੇ, ਅਨਿੱਤ ਸੰਸਾਰ ਨੂੰ ਚਿੱਤ ਵਿੱਚੋਂ ਕੱਢੋਗੇ ਤਦ ਹੀ ਆਪਣੇ ਆਤਮਾ-ਬ੍ਰਹਮ ਨੂੰ ਪਾਉਗੇ, ਨਹੀਂ ਤਾਂ ਜਿੰਨੀਆਂ ਜੀ ਚਾਹੁੰਦਾ ਹੈ ਅਗਿਆਨ ਪੂਰਬਕ ਟੱਕਰਾਂ ਮਾਰੀ ਜਾਵੋ, ਵਿਕਾਰ ਰਹਿਤ, ਅਸੰਗ ਤੇ ਅਨੰਦ ਰੂਪ ਆਤਮਾ ਨੂੰ ਨਹੀਂ ਪਾ ਸਕੋਗੇ, ਇਹ ਅੱਚਲ ਸਿਧਾਂਤ ਹੈ।

## *ਕਾਮਨਾਵਾਂ ਦਾ ਅਭਾਵ ਅਤੇ ਪਰਮ-ਗਤੀ*

ਜਿਸ ਸਮੇਂ ਸੰਪੂਰਨ ਕਾਮਨਾਵਾਂ ਜੋ ਕਿ ਇਸਦੇ ਹਿਰਦੇ ਵਿੱਚ ਆਸਰਾ ਬਣਾ ਕੇ ਰਹਿੰਦੀਆਂ ਹਨ, ਛੁੱਟ ਜਾਂਦੀਆਂ ਹਨ, ਉਸ ਸਮੇਂ ਉਹ ਮਰਨ-ਧਰਮਾ ਅਮਰ ਹੋ ਜਾਂਦਾ ਹੈ ਅਤੇ ਇਸ ਰੀਰ ਦੁਆਰਾ ਹੀ ਬ੍ਰਹਮ-ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ ਅਰਥਾਤ ਕਿਸੇ ਦੂਜੀ ਜਗ੍ਹਾ ਜਾਕੇ ਨਹੀਂ, ਇਸ ਲੋਕ ਵਿੱਚ ਹੀ ਦੀਵੇ ਦੇ ਬੁੱਝ ਜਾਣ ਵਾਂਗੂੰ, ਸਭ ਬੰਧਨ ਨਟ ਹੋ ਕੇ ਬ੍ਰਹਮ-ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ।

(ਕ: ਉ: ੨।੩।੧੪)

ਸੰਪੂਰਨ ਕਾਮਨਾਵਾਂ ਤਾਂ ਹੀ ਛੁੱਟ ਸਕਦੀਆਂ ਹਨ ਜੇ ਕਾਮਨਾ ਦੇ ਯੋਗ ਕੋਈ ਭੀ ਪਦਾਰਥ ਨਾ ਰਹੇ ਅਰਥਾਤ ਮ੍ਰਿਗਤ੍ਰਿਨਾ ਦੇ ਜਲ ਵਾਂਗੂੰ ਦ੍ਰਿ ਅਨਿੱਤ ਹੈ, ਇਹ ਸਿੱਧ ਹੋ ਜਾਵੇ। ਇਸ ਬੋਧ ਤੋਂ ਪਹਿਲਾਂ ਜੋ ਵਿੱਦ੍ਵਾਨ ਦੇ ਚਿੱਤ ਵਿੱਚ ਅਨੰਤ ਕਾਮਨਾਵਾਂ ਸਨ, ਛਿੰਨ-ਭਿੰਨ ਹੋ ਜਾਂਦੀਆਂ ਹਨ। ਦ੍ਰਿ ਦੇ ਅਭਾਵ ਹੋ ਜਾਣ ਨਾਲ ਇੰਦ੍ਰੀਆਂ ਕਿਸ ਪਦਾਰਥ ਨੂੰ ਗ੍ਰਹਿਣ ਕਰਨ? ਕਠੋਪਨਿਦ ਵਿੱਚ ਯਮਰਾਜ, ਨਚਿਕੇਤਾ ਨੂੰ ਕਹਿੰਦੇ ਹਨ-

ਜਿਸ ਸਮੇਂ ਪੰਜੇ ਗਿਆਨ ਇੰਦ੍ਰੀਆਂ ਮਨ ਸਹਿਤ ਆਤਮਾ ਵਿੱਚ ਇਸਥਿਤ ਹੋ ਜਾਂਦੀਆਂ ਹਨ ਅਤੇ ਬੁੱਧੀ ਭੀ ਚੇਟਾ ਨਹੀਂ ਕਰਦੀ, ਉਸ ਅਵਸਥਾ ਨੂੰ ਪਰਮਗਤੀ ਕਹਿੰਦੇ ਹਨ। (ਕ: ਉ: ੨।੩।੧੦)

ਇਸ ਅਵਸਥਾ ਵਿੱਚ ਆਤਮਾ ਆਪਣੇ ਅਵਿੱਦਾ ਆਦਿ ਅਰੋਪ ਤੋਂ ਰਹਿਤ ਸ੍ਵਰੂਪ ਵਿੱਚ ਇਸਥਿਤ ਰਹਿੰਦਾ ਹੈ। ਇਸ ਲਈ ਯਤਨ ਪੂਰਬਕ ਇੰਦ੍ਰੀਆਂ ਅਤੇ ਮਨ ਨੂੰ ਅਨਿੱਤ ਪ੍ਰਪੰਚ ਵੱਲੋਂ ਰੋਕਣਾ ਚਾਹੀਏ ਤਾਂ ਕਿ ਆਪਣੇ ਆਤਮਾ ਵਿੱਚ ਇਹ ਇਸਥਿਤੀ ਪਾਉਣ, ਇਹ ਆਰੀ ਸੰਸਾਰ-ਅਤੀਤ, ਪਰਮ ਾਂਤਮਈ ਅਵਸਥਾ ਹੈ। ਅਵਿੱਦਾ ਤੋਂ ਉਤਪੰਨ ਹੋਣ ਵਾਲੀਆਂ ਪ੍ਰਤੀਤੀਆਂ, ਜਿਸ ਵੇਲੇ ਨਟ ਹੋ ਜਾਂਦੀਆਂ ਹਨ, ਉਹੀ ਅਮਰ ਅਵਸਥਾ ਅਰਥਾਤ ਜਨਮ ਤੋਂ ਰਹਿਤ ਹੋਣ ਦੇ ਕਾਰਨ, ਸਭ ਵਿਕਾਰਾਂ ਤੋਂ ਰਹਿਤ ਨਿਰਵਿਕਾਰ ਪਦ ਹੈ, ਇਸ ਬਾਤ ਨੂੰ ਯਮਰਾਜ ਇਉਂ ਦਿਖਾਉਂਦੇ ਹਨ-

ਜਿਸ ਸਮੇਂ ਇਸ ਜੀਵਨ ਵਿੱਚ ਹੀ ਇਸਦੇ ਹਿਰਦੇ ਦੀਆਂ ਸੰਪੂਰਨ ਗ੍ਰੰਥੀਆਂ (ਗੰਢਾਂ) ਦਾ ਛੇਦਨ ਹੋ ਜਾਂਦਾ ਹੈ, ਉਸ ਸਮੇਂ ਵਿੱਚ ਮਰਨ-ਧਰਮਾ, ਅਮਰ ਹੋ ਜਾਂਦਾ ਹੈ। ਸੰਪੂਰਨ ਵੇਦਾਂਤਾਂ ਦਾ ਇਤਨਾ ਹੀ ਆਦੇ ਹੈ। (ਕ: ਉ: ੨। ੩। ੧੫)

ਕਿਹੋ ਜਿਹੀ ਬਚਿੱਤ੍ਰ ਗਤੀ ਹੈ, ਕੇਵਲ ਆਿਲਾਂ ਦੀ ਹੀ ਤਬਦੀਲੀ ! ਮਰਨ-ਧਰਮਾ-ਮੈਂ ਰੀਰ ਰੂਪ ਹਾਂ, ਜੰਮਦਾ ਹਾਂ, ਮਰਦਾ ਹਾਂ, ਦੁਖੀ ਹਾਂ ਤੇ ਸੁਖੀ ਹਾਂ ਆਦਿ ਅਵਿੱਦਾਰੋਪਤ ਆਿਲਾਂ ਨੂੰ ਛੱਡ ਕੇ ਮੈਂ ਅਸੰਸਾਰੀ ਬ੍ਰਹਮ ਹੀ ਹਾਂ ਇਸ ਬੋਧ ਦ੍ਵਾਰਾ ਅਵਿੱਦਾ ਰੂਪ ਗੰਢਾਂ ਦਾ ਨਾ ਹੋ ਜਾਂਦਾ ਹੈ। ਜੜ੍ਹ ਅਤੇ ਚੇਤਨ ਜੋ ਇੱਕ-ਮਿੱਕ ਹੋ ਕੇ ਰੇਤ ਤੇ ਖੰਡ ਵਾਂਗ ਰਲੇ ਮਿਲੇ ਹੋਏ ਸਨ, ਜੁਦਾ-ਜੁਦਾ ਹੋ ਜਾਂਦੇ ਹਨ। ਸੁੱਤੇ ਹੋਏ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ। ਰੱਸੀ ਦਾ ਗਿਆਨ ਹੋਣ ਨਾਲ, ਸੱਪ ਦਾ ਭੁਲੇਖਾ ਹਟ ਜਾਂਦਾ ਹੈ। ਆਪਣੇ-ਆਪ ਨੂੰ ਮਰਨ ਤੇ ਜੰਮਣ ਵਾਲਾ ਜੋ ਮੰਨਦਾ ਸੀ, ਉਹ ਮੰਨਣ ਤੋਂ ਹਟ ਕੇ, ਨਿਰਵਿਕਲਪ ਹੋ ਜਾਂਦਾ ਹੈ। ਬੱਸ, ਇਤਨਾ ਹੀ ਸੰਪੂਰਨ ਵੇਦਾਂਤਾਂ ਦਾ ਉਪਦੇ ਯਾਨੀ ਇਸਦੇ ਦ੍ਵਾਰਾ ਆਤਮ-ਬੋਧ ਦਾ ਪ੍ਰਯਤਨ ਹੈ, ਇਹੀ ਉਪਾਇ ਦ੍ਵਾਰਾ ਜਾਨਣ ਵਿੱਚ ਆਉਣ ਵਾਲੀ ਅਕਹਿ ਵਸਤੂ ਹੈ। ਇਸ ਤੋਂ ਆਿਦਾ ਕੁੱਝ ਹੋਰ ਭੀ ਹੋਵੇਗਾ, ਇਹ ਸੰਯ ਕਦੇ ਭੁੱਲ ਕੇ ਭੀ ਨਹੀਂ ਕਰਨਾ।

ਪਿਆਰੇ ਵਿਯੋਗੀ ! ਇਸ ਆਦੇ ਨੂੰ ਸਮਝ, ਦੂਜਾ ਦੇਖਣਾ ਹੀ ਤਾਂ ਸੰਸਾਰ ਹੈ। ਤੂੰ ਦੂਜੇ ਦੀ ਕਲਪਨਾ ਹੀ ਕਿਉਂ ਕਰਦਾ ਹੈਂ? ਜੇ ਕੋਈ ਕਲਪਨਾ ਕੀਤੀ ਹੀ ਹੈ ਤਾਂ ਇਸ ਅਨਿੱਤ ਸੰਸਾਰ ਦਾ ਅਨੰਦ ਮਾਣ, ਵਾਰ-ਵਾਰ ਮਰ ਅਤੇ ਜੰਮ। ਜਨਮ-ਮਰਨ ਤੋਂ ਰਹਿਤ ਉਹੀ ਹੋਵੇਗਾ ਜੋ ਇੱਕ ਆਪਣੇ ਆਪੇ-ਆਤਮਾ ਨੂੰ ਬ੍ਰਹਮ

ਰੂਪ ਦੇਖੇਗਾ। ਆਪਣੇ ਗਿਆਨ ਤੋਂ ਬਿਨਾਂ ਜੋ ਕੁੱਝ ਭੀ ਤੂੰ ਕਰਨਾ ਹੈ, ਉਹ ਕੋਈ ਅਨਾਤਮ ਪ੍ਰਾਪਤੀ ਦਾ ਸਾਧਨ ਹੀ ਹੋਵੇਗਾ ਅਥਵਾ ਸੰਸਾਰ ਵਿੱਚ ਕੋਈ ਡੁੱਬੇ ਰਹਿਣ ਦਾ ਉਪਾਇ ਹੀ ਹੋਵੇਗਾ, ਆਤਮਾ ਨਹੀਂ ਹੋ ਸਕਦਾ। ਆਤਮਾ ਵਿੱਚ ਕੋਈ ਕਿਸੇ ਪ੍ਰਕਾਰ ਦੀ ਭੀ ਕਲਪਨਾ ਨਹੀਂ ਹੈ। ਇੱਕ ਵਸਤੂ ਵਿੱਚ, ਕਿਸੇ ਕਲਪਨਾ ਦਾ ਮਤਲਬ ਹੀ ਕੀ?

ਇਸ ਪ੍ਰਕਾਰ ਦੇ ਆਪਣੇ ਆਤਮਾ ਨੂੰ ਸਮਝ ਕੇ ਯਾਨੀ ਸਾਖਾਤ ਅਨੁਭਵ ਕਰਕੇ, ਸਭ ਕਰਮ ਤੇ ਸਾਧਨਾਂ ਨੂੰ ਸਮੁੰਦਰ ਵਿੱਚ ਸੁੱਟ ਦੇਵੋ। ਇਹ ਸੰਸਾਰ, ਸਮੁੰਦਰ ਦਾ ਹੀ ਖਾਰਾ ਪਾਣੀ ਹੈ, ਮਿੱਠੇ ਚਸ਼ਮੇ (ਆਤਮਾ) ਦਾ ਨਹੀਂ। ਜਹਾ ਅਤੇ ਸਮੁੰਦਰ ਦੀ ਪ੍ਰੀਤੀ ਨੂੰ ਹੁਣ ਛੱਡੋ ਕਿਉਂਕਿ ਪਾਰਲੇ ਕਿਨਾਰੇ ਪਰ ਉਤਰ ਕੇ ਜਹਾ ਕੁੱਝ ਕੰਮ ਨਹੀਂ ਦਿਆ ਕਰਦਾ, ਇਹ ਪਾਣੀ ਪਰ ਚੱਲਣ ਵਾਲੀ ਹੀ ਸਵਾਰੀ ਹੈ, ਪ੍ਰਿਥਵੀ ਪਰ ਨਹੀਂ। ਬ੍ਰਹਮ ਸਾਖਾਤਕਾਰ ਦਾ ਫਲ, ਮੁੰਡਕ ਉਪਨਿਦ ਵਿੱਚ ਇਉਂ ਦੱਸਦੇ ਹਨ–

ਉਸ ਪਰਾਵਰ (ਕਾਰਨ–ਕਾਰਜ ਰੂਪ) ਬ੍ਰਹਮ ਦਾ ਸਾਖਾਤਕਾਰ ਲੈਣ ਪਰ, ਜੀਵ ਦੀ ਹਿਰਦੇ ਗ੍ਰੰਥੀ (ਗੰਢ) ਟੁੱਟ ਜਾਂਦੀ ਹੈ, ਸਾਰੇ ਸੰਯ ਨਟ ਹੋ ਜਾਂਦੇ ਹਨ ਅਤੇ ਇਸਦੇ ਕਰਮ ਖੀਣ ਹੋ ਜਾਂਦੇ ਹਨ। (ਮੁੰ: ਉ: ੨ ।੨ ।੮)

ਹਿਰਦੇ ਗ੍ਰੰਥੀ, ਬੁੱਧੀ ਵਿੱਚ ਇਸਥਿਤ ਅਵਿੱਦ, ਵਾਨਾਮਈ ਕਾਮ ਨੂੰ ਕਹਿੰਦੇ ਹਨ। ਉਹ ਸਾਰੀਆਂ ਕਾਮਨਾਵਾਂ ਆਤਮ–ਸਾਖਾਤ ਹੋ ਜਾਣ ਪਰ ਨਾ ਹੋ ਜਾਂਦੀਆਂ ਹਨ ਤੇ ਪ੍ਰਮਾਤਮਾ ਦੇ ਬਾਰੇ ਸਭ ਜੀਵਾਂ ਨੂੰ ਸੰਦੇਹ ਬਣਿਆ ਰਹਿੰਦਾ ਹੈ–ਨਿਰਣਯ ਨਹੀਂ ਕੀਤਾ ਜਾਂਦਾ, ਕੋਈ ਕੁੱਝ ਕਹਿੰਦਾ ਹੈ ਤੇ ਕੋਈ ਕੁੱਝ। ਇਨ੍ਹਾਂ ਰੌਲਿਆਂ ਵਿੱਚ ਪਏ ਹੀ, ਜੀਵਨ ਬਤੀਤ ਹੋ ਜਾਂਦਾ ਹੈ ਅਤੇ ਆਰ ਵਾਨਾ ਮੁਤਾਬਿਕ ਫਿਰ ਜਨਮ ਗ੍ਰਹਣ ਕਰ ਲੈਂਦੇ ਹਨ। ਉਨ੍ਹਾਂ ਦੇ ਪ੍ਰਮਾਤਮਾ ਸੰਬੰਧੀ ਸੰਯ ਨਟ ਹੋ ਜਾਂਦੇ ਹਨ। ਮੈਂ ਹੀ ਪਾਰਬ੍ਰਹਮ ਹਾਂ ਇਸ ਗਿਆਨ ਦ੍ਵਾਰਾ ਜਿਸ ਦੇ ਸੰਯ ਨਾ ਹੋ ਗਏ ਹੋਣ ਤੇ ਅਵਿੱਦਾ ਨਿਵਿਰਤ ਹੋ ਚੁੱਕੀ ਹੋਵੇ, ਉਸ ਦੇ ਗਿਆਨ ਉਤਪਤੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੀਤੇ ਹੋਏ ਸਾਰੇ ਹੀ ਕਰਮ ਨਟ ਹੋ ਜਾਂਦੇ ਹਨ ਅਤੇ ਵਰਤਮਾਨ ਵਿੱਚ ਪ੍ਰਾਰੱਬਧ ਰੂਪ ਕਰਮ ਜੋ ਆਰੰਭ ਹੋ ਚੁੱਕਾ ਹੈ, ਇਸਦਾ ਭੋਗ ਕੇ ਅੰਤ ਹੋ ਜਾਂਦਾ ਹੈ। ਇਸ ਪ੍ਰਕਾਰ ਸੰਸਾਰ ਦਾ ਕਾਰਨ ਹੀ ਨਾ ਰਹਿਣ ਤੇ ਜੀਵ, ਮੁਕਤ ਹੋ ਜਾਂਦਾ ਹੈ।

## *ਨਿਕ੍ਰਿਯ ਆਤਮਾ ਦੇ ਬੋਧ ਵਾਲੇ ਦੀ ਨਿਕਰਤੱਵ੍ਤਾ*

ਫਲ ਉਤਪਤੀ ਤੋਂ ਪਹਿਲਾਂ ਹੀ ਬ੍ਰਿਛ ਨੂੰ ਫੁੱਲ ਲੱਗਿਆ ਕਰਦੇ ਹਨ ਤੇ ਫਲ ਦੇ ਲੱਗ ਜਾਣ ਪਰ ਫੁੱਲ ਝੜ ਜਾਂਦੇ ਹਨ। ਜਿਸ ਤਰ੍ਹਾਂ ਇਹ ਗੱਲ ਹੈ ਤਿਉਂ ਹੀ ਗਿਆਨ ਉਤਪਤੀ ਤੋਂ ਪਹਿਲਾਂ ਕਰਮ ਤੇ ਉਪਾਸਨਾ ਆਦਿ ਕਰਮ ਕੀਤੇ ਜਾਂਦੇ ਹਨ, ਬਾਅਦ ਵਿੱਚ ਨਹੀਂ ਕਿਉਂਕਿ ਕਰਮ ਅੰਤਹਕਰਨ ਦੀ ੁੱਧੀ ਦੇ ਹੀ ਹੇਤੂ ਹਨ, ਆਤਮ ਪ੍ਰਾਪਤੀ ਦੇ ਨਹੀਂ। ਆਤਮ-ਬ੍ਰਹਮ ਪ੍ਰਾਪਤੀ ਤਾਂ ਗਿਆਨ ਦ੍ਵਾਰਾ ਹੀ ਹੁੰਦੀ ਹੈ-

**ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥**
**ਗਿਆਨੈ ਕਾਰਨ ਕਰਮ ਅਭਿਆਸੁ॥**
**ਗਿਆਨੁ ਭਇਆ ਤਹ ਕਰਮਹ ਨਾਸੁ॥** **(ਅੰਗ ੧੧੬੭)**

ਗਿਆਨ ਆਤਮਾ ਤੋਂ ਜੁਦਾ ਨਹੀਂ ਹੈ, ਇਸ ਨੂੰ ਮਾਂਡੂਕ ਉਪਨਿਦ ਵਿੱਚ ਇਉਂ ਦਿਖਾਉਂਦੇ ਹਨ-

ਉਸ ਸਰਬ ਕਲਪਨੂਨ, ਅਜਨਮਾ, ਗਿਆਨ ਨੂੰ ਵਿਵੇਕੀ ਲੋਕ ਗੇਯ ਬ੍ਰਹਮ ਤੋਂ ਅਭਿੰਨ ਆਖਦੇ ਹਨ। ਬ੍ਰਹਮ ਜਿਸਦਾ ਵਿਯ ਹੈ, ਉਹ ਗਿਆਨ, ਅਜਨਮਾ ਅਤੇ ਨਿੱਤ ਹੈ। ਉਸ ਅਜਨਮਾ ਗਿਆਨ ਨਾਲ, ਅਜਨਮਾ ਆਤਮ-ਤੱਤ੍ਵ, ਸ੍ਵਯੰ ਹੀ ਜਾਣਿਆ ਜਾਂਦਾ ਹੈ। (ਮਾਂ: ਉ: ਅ: ਕਾ: ੩੩)

ਇਸ ਪ੍ਰਕਾਰ ਦਾ ਆਤਮਾ, ਗਿਆਨਵਾਨ ਦਾ ਆਪਣਾ ਆਪਾ ਹੈ, ਉਸ ਨਿਰਵੈਵ (ਅਪ੍ਰੀਵਰਤਨੀਲ) ਆਤਮਾ ਵਿੱਚ ਕੋਈ ਕ੍ਰਿਆ ਨਹੀਂ। ਕ੍ਰਿਯਾ ਜੋ ਹੈ ਸੋ ਮਨ, ਬਾਣੀ ਅਤੇ ਰੀਰ ਵਿੱਚ ਹੈ ਪ੍ਰੰਤੂ ਅਗਿਆਨੀ ਜੀਵ ਕ੍ਰਿਯਾ ਨੂੰ ਆਤਮਾ ਵਿੱਚ ਮੰਨਕੇ ਕਲੇਾਂ ਦੇ ਭਾਗੀ ਬਣਦੇ ਹਨ। ਭਗਵਾਨ ਕ੍ਰਿਨ ਕਹਿੰਦੇ ਹਨ-

ਮਨੁੱ ਮਨ, ਬਾਣੀ ਅਤੇ ਰੀਰ ਨਾਲ ਾਸਤ੍ਰ ਅਨੁਸਾਰ ਅਥਵਾ ਾਸਤ੍ਰ ਵਿਪਰੀਤ ਜੋ ਕੁੱਝ ਭੀ ਕਰਮ ਅਰੰਭਦਾ ਹੈ, ਉਸਦੇ ਇਹ ਪੰਜ ਹੀ ਕਾਰਨ ਹਨ।

(ਗੀ: ਅ: ੧੮ : ੧੫)

ਪ੍ਰੰਤੂ ਅਜਿਹਾ ਹੋਣ ਪਰ ਭੀ ਜੋ ਮਨੁੱ ਅੁੱਧ ਬੁੱਧੀ ਹੋਣ ਦੇ ਕਾਰਣ, ਉਸ ਵਿ ਵਿੱਚ ਕੇਵਲ ੁੱਧ-ਸ੍ਵਰੂਪ ਆਤਮਾ ਨੂੰ ਕਰਤਾ ਦੇਖਦਾ ਹੈ, ਉਹ ਮਲਿਨ ਬੁੱਧੀ ਵਾਲਾ ਅਗਿਆਨੀ ਯਥਾਰਥ ਨਹੀਂ ਦੇਖਦਾ। (ਗੀ: ਅ: ੧੮ : ੧੬)

ਜਿਸ ਪੁਰ ਦੇ ਅੰਤਹਕਰਨ ਵਿੱਚ ਮੈਂ ਕਰਦਾ ਹਾਂ ਇਸ ਤਰ੍ਹਾਂ ਦਾ ਭਾਵ ਨਹੀਂ ਹੈ ਤਥਾ ਜਿਸਦੀ ਬੁੱਧੀ ਸੰਸਾਰਕ ਪਦਾਰਥਾਂ ਅਤੇ ਸੰਪੂਰਨ ਕਰਮਾਂ ਵਿੱਚ ਲਿਪਾਇਮਾਨ ਨਹੀਂ ਹੁੰਦੀ, ਉਹ ਪੁਰ ਇਨ੍ਹਾਂ ਸਭ ਲੋਕਾਂ ਨੂੰ ਮਾਰ ਕੇ ਭੀ ਨਾ ਤਾਂ ਮਾਰਦਾ ਹੈ ਅਤੇ ਨਾ ਹੀ ਪਾਪ ਨਾਲ ਬੱਝਦਾ ਹੈ। (ਗੀ: ਅ: ੧੮ : ੧੭)

ਸਿੱਪੀ ਦੇ ਵਿੱਚ ਜੋ ਚਾਂਦੀ ਪ੍ਰਤੀਤ ਦਿੰਦੀ ਹੈ, ਉਹ ਸਿੱਪੀ ਦਾ ਧਰਮ (ਸੁਭਾਉ) ਨਹੀਂ ਹੈ, ਤਿਉਂ ਹੀ ਆਤਮਾ ਵਿੱਚ ਜੋ ਆਰੋਪਿਤ ਕਰਤਾਪਨ ਹੈ, ਉਹ ਉਸ ਆਤਮਾ ਦਾ ਧਰਮ ਨਹੀਂ ਹੈ। ਆਤਮ-ਗਿਆਨ ਦੁਆਰਾ ਮੈਂ ਕਰਦਾ ਹਾਂ ਐਸੀ ਭਾਵਨਾ ਦਾ ਅਤੇ ਬੁੱਧੀ ਦੇ ਲੇਪ ਦਾ ਅਭਾਵ ਹੋਣ ਦੇ ਕਾਰਨ, ਪੂਰਨ ਗਿਆਨੀ ਨਾ ਮਰਦਾ ਹੈ ਅਤੇ ਨਾ ਹੀ ਬੰਧਨ ਵਾਲਾ ਹੁੰਦਾ ਹੈ ਕਿਉਂਕਿ ਵਿੱਦ੍ਵਾਨ ਵਿੱਚ ਦੇਹਧਾਰੀਪਨੇ ਦਾ ਅਭਿਮਾਨ ਨਾ ਹੋਣ ਦੇ ਕਾਰਨ ਉਸਦੇ ਅਵਿੱਦਾ ਕਰਤ੍ਰਿਕ (ਅਵਿੱਦਿਆ ਕਰਕੇ ਕੀਤੇ ਗਏ) ਸਭ ਕਰਮਾਂ ਦਾ ਸੰਨਾਸ ਹੋ ਜਾਂਦਾ ਹੈ, ਇਸ ਲਈ ਸੰਨਿਾਸੀਆਂ ਨੂੰ ਅਨਿਟ ਆਦਿ ਤਿੰਨ ਪ੍ਰਕਾਰ ਦੇ ਕਰਮ ਫਲ* ਨਹੀਂ ਮਿਲਦੇ। ਇਹ ਭੀ ਨਾਲ ਹੀ ਗੱਲ ਰੂਰੀ ਹੈ ਕਿ ਕਰਮ ਅਧਿਕਾਰੀ, ਅਗਿਆਨੀ ਮਨੁੱਾਂ ਨੂੰ ਇਹ ਕਰਤਾ-ਬੁੱਧੀ ਹੋਣ ਦੇ ਕਾਰਨ ਕਰਮ ਫਲ ਅਵੱ ਪ੍ਰਾਪਤ ਹੁੰਦੇ ਹਨ। ਅਵਿੱਦਾ ਦੁਆਰਾ ਉਤਪੰਨ ਹੋਈ ਜੋ ਕਰਤਾ ਬੁੱਧੀ ਹੈ, ਉਸਦਾ ਗਿਆਨ ਦੁਆਰਾ ਨਾ ਹੋਣ ਦੇ ਬਾਅਦ ਜੋ ਪਹਿਲਾਂ ਤੋਂ ਹੀ ਨਿਰਵਿਕਾਰ ਅਕ੍ਰਿਯ ਆਤਮਾ ਹੈ, ਨੂੰ ਕੁੱਝ ਭੀ ਕਰਨਾ ਕਰਤੱਵਯ ਨਹੀਂ ਕਿਉਂਕਿ ਆਤਮਾ ੁੱਧ, ਅਸੰਗ ਤੇ ਨਿਰਵੈਵ (ਨਾ ਬਦਲਨਹਾਰ) ਹੈ।

ਪਿਆਰੇ ਵਿਯੋਗੀ ! ਡਰ ਨਾ, ਕੋਈ ਅਜਿਹੀ ਗੱਲ ਤੈਨੂੰ ਨਹੀਂ ਕਹੀ ਜਾ ਰਹੀ ਜੋ ਤੈਨੂੰ ਤੇਰੇ ਨਿਾਨੇ ਤੋਂ ਹਟਾ ਕੇ ਸੰਸਾਰ ਵਿੱਚ ਸੁੱਟ ਦੇਣ ਵਾਲੀ ਹੋਵੇ। ਸਾਡੀ ਬਾਣੀ ਤੇਰੇ ਕਲਿਆਣ ਲਈ ਪ੍ਰਵਾਹਿਤ ਹੋਈ ਹੈ, ਅਨਿਟ ਵਾਸਤੇ ਨਹੀਂ। ਤੂੰ ਆਪ ਹੀ ਸੋਚ, ਕੈਸਟਰ ਆਇਲ ਯਾ ਕੋਈ ਹੋਰ ਜੁਲਾਬ ਦੀ ਔਧੀ ਸੇਵਨ ਨਾਲ ਪੇਟ ਸਾਂ ਹੋਏ ਪਿੱਛੋਂ, ਰੋਗ ਨਿਵਿਰਤੀ ਦੀ ਦਵਾਈ ਦੁਆਰਾ ਨਿਰੋਗਤਾ ਪ੍ਰਾਪਤ ਕਰ ਕੇ ਫਿਰ ਭੀ ਕੁੱਝ ਕਰਨਾ ਪੈਂਦਾ ਹੈ? ਜੇ ਕਰਨਾ ਹੀ ਪੈਂਦਾ ਹੋਵੇ ਤਾਂ

---

* ਨਰਕ ਤੇ ਪੁ-ਪੰਖੀ ਆਦਿ ਰੂਪ ਅਨਿਟ ਕਰਮ ਦਾ ਫਲ ਹੈ। ਦੇਵ ਜੂੰਨੀ ਇਟ ਕਰਮ ਦਾ ਫਲ ਹੈ। ਇਟ ਤੇ ਅਨਿਟ ਮਿ੍ਰਤ ਕਰਮਾਂ ਦਾ ਫਲ ਮਨੁੱਖ ਜੂੰਨੀ ਹੈ।

ਪਹਿਲਾਂ ਕਸਰ ਰਹੀ ਹੈ, ਪੇਟ ਠੀਕ-ਠੀਕ ਸਾਫ ਹੋਇਆ ਨਹੀਂ। ਦਵਾਈ ਖਾਣ ਦੇ ਯੋਗ ਬਨਾਉਣ ਖਾਤਰ, ਰੋਗੀ ਨੂੰ ਪਹਿਲਾਂ ਜੁਲਾਬ ਦਿੰਦੇ ਹਨ। ਰੋਗ, ਔਧੀ ਨਾਲ ਹੀ ਹਟਦਾ ਹੈ। ਕਰਮ, ਉਪਾਸਨਾ ਨੇ ਅੰਤਹਕਰਨ ਨੂੰ ਸਾਫ ਕੀਤਾ ਤੇ ਗਿਆਨ ਰੂਪੀ ਔਧੀ ਨਾਲ ਆਤਮ-ਪਦ ਵਿੱਚ ਇਸਥਿਤੀ ਹੋ ਚੁੱਕੀ ਤਾਂ ਫਿਰ ਉਪਾਸਨਾ ਤੇ ਕਰਮ ਨਾਲ ਤੁਅੱਲਕ ਕੀ? ਅੰਧੇਰੇ ਵਿੱਚ ਪਈ ਰੱਸੀ ਦਾ ਗਿਆਨ ਹੋ ਜਾਣ ਤੋਂ ਬਾਅਦ, ਸੱਪ ਦੇ ਭੈ ਆਦਿ ਨਾਲ ਕੀ ਸੰਬੰਧ ਰਹਿੰਦਾ ਹੈ?

ਉਹ (ਅ+ਖਰ) ਬ੍ਰਹਮ ਨਿਸਚੇ ਹੀ ਦਿਵ (ਸ੍ਵਯੰ-ਪ੍ਰਕਾ) ਅਮੂਰਤਿ, ਪੁਰ, ਬਾਹਰ-ਭੀਤਰ ਵਿੱਦਮਾਨ, ਅਜਨਮਾ, ਅਪ੍ਰਾਣ, ਮਨੋਹੀਨ, ਵ੍ਰਿੱਧ ਤੇ ਇਸੀ ਪ੍ਰਕਾਰ ਸ੍ਰੇਟ ਅੱਖਰ ਤੋਂ ਭੀ ਉਤਕ੍ਰਿਟ* ਹੈ। (ਮੁੰ: ਉ: ੨ ।੧ ।੨)

ਇਸ ਤਰ੍ਹਾਂ ਮੁੰਡਕ ਉਪਨਿਦ ਵਿੱਚ ਕਹੇ ਵਿਣਾ ਅਨੁਸਾਰ ਪ੍ਰਾਣ ਆਦਿ ਤੋਂ ਰਹਿਤ ਆਤਮਾ ਆਪਣਾ ਰੂਪ ਸਮਝਕੇ ਭੀ ਕਿਸ ਪ੍ਰਕਾਰ ਦੀ ਕੋਈ ਕ੍ਰਿਆ ਹੋ ਸਕਦੀ ਹੈ? ਜਦ ਕਿ ਨਿਰਉਪਾਧਿਕ ਪੁਰ ਸ੍ਵਯੰ ਆਪ ਹੈ। ਜੋ ਕੁੱਝ ਵੀ ਕ੍ਰਿਆ ਕੀਤੀ ਜਾਵੇ ਚਾਹੇ ਕਿਸੇ ਢੰਗ ਅਤੇ ਕਿਸੇ ਮਤਲਬ ਲਈ ਹੋਵੇ, ਧਰਮ ਤਾਂ ਉਹ ਰੀਰ, ਇੰਦ੍ਰੀਆਂ ਤੇ ਮਨ ਦਾ ਹੀ ਹੋਵੇਗਾ। ਜਿਸ ਆਤਮਾ ਦਾ ਜਨਮ ਨਹੀਂ ਹੈ, ਉਸ ਨਿਰਾਕਾਰ ਵਿੱਚ ਪ੍ਰਾਣ, ਇੰਦ੍ਰੀਆਂ ਤੇ ਮਨ ਰੂਪੀ ਆਕਾਰ, ਕੇਵਲ ਅਧਯਾਰੋਪ ਹੀ ਹਨ। ਇਸ ਪ੍ਰਕਾਰ ਦੇ ਅਰੀਰੀ ਆਤਮਾ ਵਿੱਚ ਭੀ ਕੋਈ ਕਰਤੱਵ ਹੈ, ਇਹ ਗੱਲ ਤਾਂ ਇਉਂ ਹੈ ਜਿਉਂ ਕੋਈ ਕਹੇ ਕਿ ਅਕਾ, ਮੀਂਹ ਤੇ ਅੰਧੇਰੀ ਨਾਲ ਗਿੱਲਾ ਤੇ ਮੈਲਾ ਹੋ ਗਿਆ, ਹੁਣ ਇਨਾਨ ਕਰਨ ਖਾਤਰ ਕਿਸੇ ਖ਼ੂਹ ਯਾ ਦਰਿਆ ਵੱਲ ਚੱਲਿਆ ਹੋਵੇ। ਬ੍ਰਿਹਦਾਰਣਯਕ ਉਪਨਿਦ ਵਿੱਚ ਕਿਹਾ ਹੈ-

ਇਹ ਜੋ ਪ੍ਰਸਿੱਧ ਆਤਮਾ ਹੈ ਉਸਨੂੰ ਜਾਣਕੇ ਜਿਨ੍ਹਾਂ ਦਾ ਮਿੱਥਾ-ਗਿਆਨ ਨਿਵਿਰਤ ਹੋ ਚੁੱਕਾ ਹੈ, ਇਸ ਤਰ੍ਹਾਂ ਦੇ ਮਹਾਤਮਾ, ਗਿਆਨੀ ਜਨ, ਅਗਿਆਨੀਆਂ ਦ੍ਵਾਰਾ ਅਵੱ ਕੀਤੀਆਂ ਜਾਣ ਵਾਲੀਆਂ ਪੁੱਤ੍ਰ ਆਦਿ ਇੱਛਾਵਾਂ ਤੋਂ ਰਹਿਤ ਹੋ ਕੇ, ਕੇਵਲ ਰੀਰ ਨਿਰਵਾਹ ਲਈ ਭਿੱਛਿਆ ਦਾ ਆਚਰਣ ਕਰਦੇ ਹਨ, ਉਨ੍ਹਾਂ ਦਾ ਆਤਮ-ਗਿਆਨ ਨਿਠਾ ਤੋਂ ਬਿਨਾਂ, ਹੋਰ ਕੁਝ ਭੀ ਕਰਤੱਵ ਨਹੀਂ ਰਹਿੰਦਾ। (ਬ੍ਰਿਹ: ਉ: ੩।੫।੧)

---

* ਅਨੰਤ ਨਾਮ-ਰੂਪ ਉਪਾਧੀਆਂ ਵਾਲੇ ਸ੍ਰੇਟ ਅੱਖਰ ਤੋਂ ਭੀ ਨਿਰੋਪਾਧਿਕ (ਉਪਾਧੀ ਰਹਿਤ) ਪੁਰਖ ਅਤੀ ਉੱਤਮ ਹੈ।

ਜੋ ਮਨੁੱ ਆਤਮਾ ਵਿੱਚ ਹੀ ਪ੍ਰੀਤੀ ਵਾਲਾ ਅਤੇ ਆਤਮਾ ਵਿੱਚ ਹੀ ਤ੍ਰਿਪਤ ਤਥਾ ਆਤਮਾ ਵਿੱਚ ਹੀ ਸੰਤੁਟ ਹੋਵੇ, ਉਸ ਲਈ ਕੋਈ ਕਰਤੱਵ ਨਹੀਂ। (ਗੀ: ਅ: ੩ : ੧੭)

ਇਹ ਸੰਸਾਰ ਵਿਚ ਉਸ ਪੁਰ ਦਾ ਕੀਤੇ ਜਾਣ ਨਾਲ ਭੀ ਕੋਈ ਪ੍ਰਯੋਜਨ ਨਹੀਂ ਹੈ ਅਤੇ ਨਾ ਕੀਤੇ ਜਾਣ ਨਾਲ ਭੀ ਕੋਈ ਸ੍ਵਾਰਥ ਦਾ ਸੰਬੰਧ ਨਹੀਂ ਹੈ। (ਗੀ: ਅ: ੩ : ੧੮)

ਲੋਕ ਸੰਗ੍ਰਹਿ ਵਾਸਤੇ ਜੋ ਗਿਆਨਵਾਨ ਕੋਈ ਕਰਮ ਕਰੇ ਭੀ ਤਾਂ ਉਹ ਕਰਮ ਗਿਆਨਵਾਨ ਦਾ ਕਰਤੱਵ ਹੈ, ਇਹ ਨਹੀਂ ਸਮਝਣਾ ਚਾਹੀਦਾ ਕਿਉਂਕਿ ਗਿਆਨੀ ਕ੍ਰਿਤ-ਕ੍ਰਿਤ, ਗੁਣਾਂ ਤੋਂ ਅਤੀਤ ਅਤੇ ਨਿਕਰਤੱਵ ਹੈ। ਕਰਮਾਂ ਦਾ ਕਰਤੱਵ, ਮੂੜ੍ਹ ਅਗਿਆਨੀ ਮਨੁੱਾਂ ਦਾ ਹੁੰਦਾ ਹੈ ਜੋ ਵਾਸਤਵ ਗੱਲ ਨੂੰ ਨਾ ਸਮਝਕੇ, ਗੁਣਾਂ ਦੀ ਕ੍ਰਿਆ ਨੂੰ ਆਤਮਾ ਵਿੱਚ ਮੰਨਕੇ, ਦੁਖੀ ਤੇ ਸੁਖੀ ਹੁੰਦੇ ਹਨ।

ਸੰਪੂਰਨ ਕਰਮ ਪ੍ਰਕ੍ਰਿਤੀ ਦੇ ਗੁਣਾਂ ਦ੍ਵਾਰਾ ਕੀਤੇ ਹੋਏ ਹਨ ਤਾਂ ਭੀ ਅਹੰਕਾਰ ਨਾਲ ਮੋਹਿਤ ਹੋਏ ਅੰਤਹਕਰਣ ਵਾਲਾ ਪੁਰ ਮੈਂ ਕਰਦਾ ਹਾਂ ਇਉਂ ਮੰਨ ਲੈਂਦਾ ਹੈ। (ਗੀ: ਅ: ੩ : ੨੭)

ਪ੍ਰੰਤੂ ਹੇ ਮਹਾਂਬਾਹੋ (ਅਰਜਨ)! ਗੁਣ-ਵਿਭਾਗ* ਅਤੇ ਕਰਮ-ਵਿਭਾਗ* ਦੇ ਤੱਤ੍ਵ ਨੂੰ ਜਾਨਣ ਵਾਲਾ ਗਿਆਨੀ ਪੁਰ ਸੰਪੂਰਨ ਗੁਣ, ਗੁਣਾਂ ਵਿੱਚ ਵਰਤਦੇ ਹਨ ਇਉਂ ਮੰਨ ਕੇ, ਖਚਿਤ ਨਹੀਂ ਹੁੰਦਾ। (ਗੀ: ਅ: ੩ : ੨੮)

ਗਿਆਨਵਾਨ, ਅਗਿਆਨੀਆਂ ਨੂੰ ਹਰਕਤ ਕਰਦਾ ਮਾਲੂਮ ਦਿੰਦਾ ਹੈ, ਵਾਸਤਵ ਵਿੱਚ ਕਰਦਾ ਕੁੱਝ ਭੀ ਨਹੀਂ, ਇਸ ਗੱਲ ਨੂੰ ਭਗਵਾਨ ਦਸਦੇ ਹਨ-

ਆਤਮਾ ਦੇ ਯਥਾਰਥ ਸ੍ਵਰੂਪ ਨੂੰ ਜਾਨਣ ਵਾਲਾ ਤੱਤ੍ਵਵੇਤਾ ਦੇਖਦਾ, ਸੁਣਦਾ, ਸਪਰ ਕਰਦਾ, ਸੁੰਘਦਾ, ਖਾਂਦਾ, ਚਲਦਾ, ਸੌਂਦਾ, ਸ੍ਵਾਸ ਲੈਂਦਾ, ਬੋਲਦਾ, ਤਿਆਗਦਾ, ਗ੍ਰਹਣ ਕਰਦਾ ਤਥਾ ਅੱਖਾਂ ਨੂੰ ਖੋਲ੍ਹਦਾ-ਮੀਚਦਾ ਹੋਇਆ ਭੀ ਸਭ ਇੰਦ੍ਰੀਆਂ ਆਪਣੇ-ਆਪਣੇ ਵਿਿਆਂ ਵਿੱਚ ਵਰਤ ਰਹੀਆਂ ਹਨ, ਇਸ ਪ੍ਰਕਾਰ

---

* ਤਿੰਨ ਗੁਣ ਮਈ ਮਾਇਆ ਦੇ ਕਾਰਜ ਰੂਪ ਪੰਜ ਮਹਾਂ ਭੂਤ ਅਤੇ ਮਨ, ਬੁੱਧੀ, ਅਹੰਕਾਰ, ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ ਤੇ ਬਦ ਆਦਿ ਪੰਜ ਵਿਯ, ਇਨ੍ਹਾਂ ਸਾਰਿਆਂ ਨੂੰ ਗੁਣ-ਵਿਭਾਗ ਕਹਿੰਦੇ ਹਨ ਤੇ ਇਨ੍ਹਾਂ ਦੀ ਪਰਸਪਰ ਚੇਟਾ ਦਾ ਨਾਮ ਕਰਮ-ਵਿਭਾਗ ਹੈ।

ਸਮਝਦਾ ਹੋਇਆ ਨਿਰਸੰਦੇਹ ਇਉਂ ਮੰਨੇ ਜੋ ਮੈਂ ਕੁੱਝ ਭੀ ਨਹੀਂ ਕਰਦਾ।

(ਗੀ: ਅ: ੫ : ੮-੯)

ਇਸ ਪ੍ਰਕਾਰ ਜੋ ਤੱਤ੍ਵ-ਗਿਆਨੀ ਸਭ ਇੰਦ੍ਰੀਆਂ ਅਤੇ ਅੰਤਹਕਰਣ ਦੀ ਚੇਟਾ ਰੂਪ ਕਰਮਾਂ ਵਿੱਚ ਅਕਰਮ ਦੇਖਣ ਵਾਲਾ ਹੈ, ਉਹ ਆਪਣੇ ਵਿੱਚ ਕਰਮਾਂ ਦਾ ਅਭਾਵ ਦੇਖਦਾ ਹੈ, ਇਸ ਲਈ ਉਸ ਯਥਾਰਥ ਗਿਆਨੀ ਦਾ, ਸਭ ਕਰਮਾਂ ਨੂੰ ਤਿਆਗ ਦੇਣ ਦਾ ਹੀ ਅਧਿਕਾਰ ਹੈ ਕਿਉਂਕਿ ਮ੍ਰਿਗਤ੍ਰਿਨਾ ਦੇ ਜਲ ਨੂੰ ਪੀਣ ਵਾਸਤੇ ਪ੍ਰਵਿਰਤ ਹੋਇਆ ਮਨੁੱਖ, ਜਲ ਦੇ ਅਭਾਵ ਨੂੰ ਜਾਣ ਕੇ, ਫਿਰ ਉਸ ਜਗ੍ਹਾ ਪਾਣੀ ਪੀਣ ਲਈ ਪ੍ਰਵਿਰਤ ਕਿਵੇਂ ਹੋ ਸਕਦਾ ਹੈ? ਗਿਆਨਵਾਨ ਰੀਰ ਵਿੱਚ ਰਹਿੰਦਾ ਹੋਇਆ, ਨਾ ਆਪ ਕੁੱਝ ਕਰਦਾ ਹੈ ਤੇ ਨਾ ਹੀ ਰੀਰ ਅਤੇ ਇੰਦ੍ਰੀਆਂ ਤੋਂ ਕੁੱਝ ਕਰਵਾਉਂਦਾ ਹੈ, ਇਹ ਦਿਖਾਉਂਦੇ ਹਨ-

ਵੱ ਵਿੱਚ ਹੈ ਅੰ ਤਹਕਰਣ ਜਿਸਦੇ, ਅਜਿਹਾ ਗਿਆਨੀ ਪੁਰ ਤਾਂ ਨਿਰਸੰਦੇਹ ਨਾ ਕਰਦਾ ਅਤੇ ਨਾ ਕਰਵਾਉਂਦਾ ਹੋਇਆ, ਨੌਂ ਦਰਵਾਜੇ ਵਾਲੇ ਰੀਰ ਰੂਪੀ ਘਰ ਵਿੱਚ ਕਰਮਾਂ ਨੂੰ ਮਨੋਂ ਤਿਆਗ ਕੇ ਅਰਥਾਤ ਇੰਦ੍ਰੀਆਂ ਆਪਣੇ-ਆਪਣੇ ਵਿਿਆਂ ਵਿਚ ਵਰਤ ਰਹੀਆਂ ਹਨ, ਇਉਂ ਮੰਨਦਾ ਹੋਇਆ ਅਨੰਦ ਪੂਰਬਕ, ਸਚਿਦਾਨੰਦਘਨ ਪ੍ਰਮਾਤਮਾ ਦੇ ਸ੍ਰੂਪ ਵਿੱਚ ਇਸਥਿਤ ਰਹਿੰਦਾ ਹੈ।

(ਗੀ: ਅ: ੫ : ੧੩)

ਦੇਹ ਆਦਿ ਦਾ ਸ੍ਵਾਮੀ ਆਤਮਾ ਨਾ ਤਾਂ ਲੋਕਾਂ ਦੇ ਕਰਤਾਪਨ ਨੂੰ ਉਤਪੰਨ ਕਰਦਾ ਹੈ ਅਤੇ ਨਾ ਘਰ, ਰਥ, ਮਹਲ ਆਦਿ ਜੋ ਅਤਯੰਤ ਲੋੜ ਵਾਲੇ ਹਨ, ਉਨ੍ਹਾਂ ਨੂੰ ਰਚਦਾ ਹੈ ਤਥਾ ਨਾ ਘਰ ਆਦਿ ਬਣਾਉਣ ਵਾਲੇ ਉਸਦੇ ਕਰਮ-ਫਲ ਨਾਲ ਸੰਜੋਗ ਹੀ ਕਰਦਾ ਹੈ।

**ਂ ਕਾ** - ਜੇ ਦੇਹ ਦਾ ਸ੍ਵਾਮੀ ਆਤਮਾ ਆਪ ਕੁੱਝ ਭੀ ਨਹੀਂ ਕਰਦਾ ਤੇ ਨਾ ਹੀ ਰੀਰ ਆਦਿ ਪਾਸੋਂ ਕਰਵਾਉਂਦਾ ਹੈ ਤਾਂ ਫਿਰ ਇਹ ਸਭ ਕੁੱਝ ਕੌਣ ਕਰ ਰਿਹਾ ਹੈ ਤੇ ਕੌਣ ਕਰਵਾ ਰਿਹਾ ਹੈ?

ਇਸ ਤੇ ਕਹਿੰਦੇ ਹਨ ਕਿ ਸ੍ਵਭਾਵ ਯਾਨੀ ਪ੍ਰਕ੍ਰਿਤੀ ਹੀ ਵਰਤਦੀ ਹੈ ਯਾਨੀ ਗੁਣ ਹੀ ਗੁਣਾਂ ਵਿੱਚ ਵਰਤਦੇ ਹਨ ਆਤਮਾ ਨਿਰਲੇਪ ਹੈ।

(ਗੀ: ਅ: ੫ : ੧੪)

ਅਸਲ ਵਿੱਚ ਗੱਲ ਤਾਂ ਇਹ ਹੈ ਕਿ ਸਰਬ ਵਿਆਪੀ ਪ੍ਰਮਾਤਮਾ ਕਿਸੇ ਮਨੁੱਖ ਦੇ ਪਾਪ ਨੂੰ ਗ੍ਰਹਣ ਨਹੀਂ ਕਰਦਾ ਅਤੇ ਭਗਤਾਂ ਦੁਆਰਾ ਅਰਪਣ ਕੀਤੇ ਹੋਏ ਸ਼ੁੱਭ-ਕਰਮਾਂ ਨੂੰ ਭੀ ਗ੍ਰਹਣ ਨਹੀਂ ਕਰਦਾ। ਇਸ ਪਰ ਸੰਸ਼ਯ ਹੁੰਦਾ ਹੈ ਕਿ ਤਾਂ ਫਿਰ ਭਗਤਾਂ ਦੁਆਰਾ ਪੂਜਾ ਆਦਿ ਅੱਛੇ ਕਰਮ ਕਿਉਂ ਕੀਤੇ ਜਾਂਦੇ ਹਨ? ਇਸਦੀ ਨਿਵਿਰਤੀ ਲਈ ਕਹਿੰਦੇ ਹਨ-

ਜੀਵਾਂ ਦਾ ਵਿਵੇਕ-ਵਿਗਾਨ ਅਗਿਆਨ ਨਾਲ ਢਕਿਆ ਹੋਇਆ ਹੈ ਇਸ ਕਾਰਨ ਸੰਸਾਰੀ ਜੀਵ ਯਾਨੀ ਅਗਿਆਨੀ ਹੀ ਮੈਂ ਕਰਦਾ ਹਾਂ, ਕਰਾਉਂਦਾ ਹਾਂ, ਖਾਂਦਾ ਹਾਂ, ਖਿਲਾਉਂਦਾ ਹਾਂ ਆਦਿ ਇਉਂ ਮੋਹ ਨੂੰ ਪ੍ਰਾਪਤ ਹੋ ਰਹੇ ਹਨ।

(ਗੀ: ਅ: ੫ : ੧੫)

ਮਤਲਬ ਕਿ ਅਗਿਆਨ ਨਿੰਦ੍ਰਾ ਵਿੱਚ ਸੁੱਤੇ ਹੋਏ ਜੀਵ, ਸੁਪਨ ਵਿੱਚ ਅਨੰਤ ਪ੍ਰਕਾਰ ਦੀ ਚੇਟਾ ਕਰ ਰਹੇ ਹਨ, ਆਤਮਾ ਤਾਂ ਨਿਰਵਿਕਾਰ ਹੀ ਹੈ। ਹੁਣ ਇਹ ਦਿਖਾਉਂਦੇ ਹਨ ਕਿ ਇਸ ਨਿੰਦ੍ਰਾ ਤੋਂ ਜੀਵ ਜਾਗਦੇ ਕਦੋਂ ਹਨ-

ਜਿਨ੍ਹਾਂ ਜੀਵਾਂ ਦੇ ਅੰਤਹਕਰਣ ਅਗਿਆਨ ਨਾਲ ਢੱਕੇ ਹੋਏ ਹਨ ਆਤਮ-ਗਿਆਨ ਦੁਆਰਾ ਨਾ ਹੋ ਜਾਂਦਾ ਹੈ, ਉਨ੍ਹਾਂ ਦਾ ਉਹ ਗਿਆਨ, ਸੂਰਜ ਵਾਂਗੂੰ ਉਸ ਪ੍ਰਮਾਰਥ ਤੱਤੂ ਨੂੰ ਪ੍ਰਕਾਤਿ ਕਰ ਦਿੰਦਾ ਹੈ ਯਾਨੀ ਪ੍ਰਮਾਤਮਾ ਦੇ ਸ੍ਵਰੂਪ ਨੂੰ ਸਾਖਾਤ ਕਰਵਾ ਦਿੰਦਾ ਹੈ। (ਗੀ: ਅ: ੫ : ੧੬)

ਆਤਮਾ ਗਿਆਨ ਦੁਆਰਾ ਪ੍ਰਕਾਤਿ ਹੁੰਦਾ ਹੈ, ਕ੍ਰੋੜਾਂ ਕਰਮਾਂ ਦੇ ਕਰਨ ਪਰ ਭੀ ਨਹੀਂ। ਉਸ ਪ੍ਰਤੱਖ ਹੋਏ ਨਿਰ-ਆਵਰਣ ਆਤਮਾ ਨੂੰ ਕਿਸੇ ਪ੍ਰਕਾਰ ਦਾ ਕੋਈ ਭੀ ਕਰਤੱਵ ਨਹੀਂ ਹੈ। ਜਿਸਨੂੰ ਜਿਸ ਰੀਤੀ ਨਾਲ ਆਪਣੇ ਵਿੱਚ ਜੋ ਕਰਤੱਵ ਭਾਸਦਾ ਹੈ ਭਾਵੇਂ ਉਹ ਕਿੰਨਾ ਵੀ ਉੱਚਾ ਤੇ ਮਨੋਕਾਮਨਾ ਨੂੰ ਪੂਰਾ ਕਰਨ ਵਾਲਾ ਹੋਵੇ, ਉਹ ਅਗਿਆਨ ਦਾ ਹੀ ਚਿੰਨ੍ਹ ਹੈ-

ਯੇਹੀ ਚਿੰਨ੍ਹ ਅਗਿਆਨ ਕੋ ਜੋ ਮਾਨੈ ਕਰਤੱਵ।<br>ਸੋਈ ਗਿਆਨੀ ਸੁਘਰ ਨਰ ਨਹਿਂ ਜਾ ਕੂੰ ਭਵਿਤਵ।। (ਵਿ: ਸਾ: ੫।੧੬)

ਆਪਣੇ ਵਿੱਚ ਕੋਈ ਸੰਕਲਪ ਉੱਠਦਾ ਭਾਸਣਾ, ਉਹ ਆਪਣੀ ਇਸਥਿਤੀ ਤੋਂ ਹਿੱਲੇ ਹੋਏ ਦਾ ਲੱਛਣ ਹੈ, ਉਹ ਆਪਣੇ ਸ੍ਵਰੂਪ ਵਿੱਚ ਕਾਇਮ ਨਹੀਂ। ਉਹ, ਆਪਣੇ-ਆਪ ਨੂੰ ਹੋਰ ਅਤੇ ਬ੍ਰਹਮ ਨੂੰ ਹੋਰ ਜਾਨਣ ਵਾਲਾ ਹੈ। ਜੇ ਬ੍ਰਹਮ ਭਾਵ

ਵਿੱਚ ਪੂਰੀ ਇਸਥਿਤੀ ਹੈ ਤਾਂ ਕਰਤੱਵ ਕਿਉਂ ਦਿਖਦਾ ਹੈ? ਲੋਕ-ਸੰਗ੍ਰਹਿ ਵਾਸਤੇ ਕੁੱਝ ਹਰਕਤ ਕਰਨੀ, ਕਰਤੱਵ ਨਹੀਂ ਹੈ। ਗੀਰਕ ਕ੍ਰਿਆ ਭੀ ਕਰਤੱਵ ਨਹੀਂ ਮੰਨੀ ਜਾ ਸਕਦੀ। ਤੱਤ੍ਵੇਤਾ ਅਸੰਗ ਅਤੇ ਅਕ੍ਰਿਯ ਸੁਭਾਵ ਵਿੱਚ ਬਿਰਾਜਮਾਨ ਹੈ। ਪ੍ਰਾਰੱਬਧ ਮੁਤਾਬਿਕ ਉਹ ਸਰੀਰ ਦ੍ਵਾਰਾ ਲੋਕਾਂ ਉੱਪਰ ਉਪਕਾਰ ਕਰਦਾ ਹੋਇਆ ਦਿਖਦਾ ਹੈ ਤੇ ਜੇ ਉਸ ਤੱਤ੍ਵੇਤਾ ਪਾਸੋਂ ਾਇਦਾ ਪਹੁੰਚਣਾ, ਸੰਪਰਕ ਚ ਆਏ ਜੀਵਾਂ ਨੂੰ ਨਹੀਂ ਹੁੰਦਾ ਤਾਂ ਉਹ ਮਹਾਂਪੁਰ ਅਤੰਤ ਨਿਵਿਰਤੀ ਪੂਰਬਕ ਆਪਣੇ ਮਹਾਨ ਅਨੰਦ ਵਿੱਚ ਅਜਿਹਾ ਬੇਖਬਰ ਰਹਿੰਦਾ ਹੈ ਜਿਉਂ ਕਿਸੇ ਨੇ ਗਾੜ੍ਹੀ ਭੰਗ ਪਿਲਾਈ ਹੋਈ ਹੁੰਦੀ ਹੈ। ਅਮਲੀ (ਨਈ) ਸਾਵਧਾਨ ਅਤੇ ਵਾਨਾ ਰਹਿਤ, ਗਿਆਨ-ੂਨ ਨਹੀਂ ਹੁੰਦਾ ਕਿੰਤੂ ਤੱਤਵੇਤਾ ਅੰਦਰੋਂ ਸਾਵਧਾਨ ਅਤੇ ਵਾਨਾ ਰਹਿਤ, ਗਿਆਨ ਦੇ ਯੁਕਤ ਰਹਿੰਦਾ ਹੈ। ਮਨ, ਬ੍ਰਿਤੀ ਰਹਿਤ ਹੋਣ ਕਰਕੇ, ਉਹ ਜਾਗ੍ਰਿਤ ਹੁੰਦਾ ਹੋਇਆ ਭੀ ਸੁਖੁਪਤੀ ਵਿੱਚ ਹੈ। ਬ੍ਰਹਮਵਿਤਪਨ ਦੇ ਅਭਿਮਾਨ ਤੋਂ ਰਹਿਤ ਤੇ ਵਾਨਾ ਤੋਂ ਰਹਿਤ ਹੋਇਆ ਗਿਆਨਵਾਨ, ਨਿਰਵਿਕਾਰ ਬ੍ਰਹਮ ਹੀ ਹੈ। ਇਸ ਪ੍ਰਕਾਰ ਦੇ ਪਾਰਬ੍ਰਹਮ ਨੂੰ ਭੀ ਕੁੱਝ ਕਰਨਾ ਕਰਤੱਵ ਹੈ, ਇਹ ਗੱਲ ਕੇਵਲ ਅਗਿਆਨੀ ਹੀ ਕਰਿ ਸਕਦੇ ਹਨ। ਰਾ ਭਗਵਾਨ ਦੇ ਕਥਨ ਕੀਤੇ ਅਨੁਸਾਰ ਕਰਮ ਅਤੇ ਅਕਰਮ ਨੂੰ ਸਮਝੋ। ਇਸ ਦ੍ਵਾਰਾ ਪਤਾ ਲੱਗ ਸਕਦਾ ਹੈ ਕਿ ਗਿਆਨਵਾਨ ਪਰ ਭੀ ਕੋਈ ਾਸਤ੍ਰੀਯ ਕਾਨੂੰਨ ਲਾਗੂ ਹੁੰਦਾ ਹੈ ਯਾ ਨਹੀਂ-

## *ਕਰਮ ਅਤੇ ਅਕਰਮ*

ਕਰਮ ਕੀ ਹੈ ਅਤੇ ਅਕਰਮ ਕੀ ਹੈ? ਇਸ ਕਰਮ ਆਦਿ ਵਿ ੇ ਵਿੱਚ ਵੱਡੇ-ਵੱਡੇ ਬੁੱਧੀਮਾਨ ਭੀ ਮੋਹਿਤ ਹੋ ਚੁੱਕੇ ਹਨ, ਇਸ ਲਈ ਮੈਂ ਤੈਨੂੰ ਉਹ ਕਰਮ-ਅਕਰਮ ਦੱਸਾਂਗਾ ਜਿਸ ਨੂੰ ਜਾਣ ਕੇ, ਤੂੰ ਸੰਸਾਰ ਤੋਂ ਮੁਕਤ ਹੋ ਜਾਵੇਂ।

(ਗੀ: ਅ : ੪ : ੧੬)

ਕਰਮ ਦਾ ਰੂਪ ਭੀ ਜਾਨਣਾ ਚਾਹੀਏ ਅਤੇ ਅਕਰਮ ਦਾ ਰੂਪ ਭੀ ਜਾਨਣਾ ਚਾਹੀਏ ਤਥਾ ਨਿਿੱਧ ਕਰਮ ਦਾ ਰੂਪ ਭੀ ਜਾਨਣਾ ਚਾਹੀਏ ਕਿਉਂਕਿ ਕਰਮ ਦੀ ਗਤੀ ਗਹਿਨ ਹੈ। (ਗੀ: ਅ : ੪ : ੧੭)

ਜੋ ਪੁਰ ਕਰਮ ਵਿੱਚ ਅਰਥਾਤ ਅਹੰਕਾਰ ਰਹਿਤ ਕੀਤੀਆਂ ਹੋਈਆਂ ਸੰਪੂਰਨ ਚੇਟਾਵਾਂ ਵਿੱਚ ਅਕਰਮ ਅਰਥਾਤ ਵਾਸਤਵ ਵਿੱਚ ਉਨ੍ਹਾਂ ਦਾ ਨਾ-

ਹੋਣਾਪਨਾ ਦੇਖੇ ਅਤੇ ਜੋ ਪੁਰ ਅਕਰਮ ਵਿੱਚ ਅਰਥਾਤ ਅਗਿਆਨੀ ਪੁਰ ਦੁਆਰਾ ਕੀਤੇ ਹੋਏ ਸੰਪੂਰਨ ਕ੍ਰਿਆਵਾਂ ਦੇ ਤਿਆਗ ਵਿੱਚ ਭੀ ਕਰਮ ਅਰਥਾਤ ਤਿਆਗ ਰੂਪ ਕ੍ਰਿਆ ਨੂੰ ਦੇਖੇ, ਉਹ ਪੁਰ ਮਨੁੱਾਂ ਵਿੱਚ ਬੁੱਧੀਮਾਨ ਹੈ ਅਤੇ ਉਹੀ ਜੋਗੀ ਸੰਪੂਰਨ ਕਰਮਾਂ ਦੇ ਕਰਨ ਵਾਲਾ ਹੈ। (ਗੀ: ਅ : ੪ : ੧੮)

ਕਰਮ ਅਤੇ ਅਕਰਮ ਇਨ੍ਹਾਂ ਦੋਹਾਂ ਨੂੰ ਬੁੱਧੀਮਾਨ ਪੁਰਾਂ ਨੇ ਭੀ ਵਿਪਰੀਤ ਮੰਨ ਰੱਖਿਆ ਹੈ ਤੇ ਬੇਸਮਝਾਂ ਬਾਰੇ ਤਾਂ ਕਹਿਣਾ ਹੀ ਕੀ! ਇਸ ਉਲਟ ਸਮਝ ਰੱਖੇ ਗਿਆਨ ਨੂੰ ਹਟਾਉਣ ਲਈ ਭਗਵਾਨ ਦੇ ਇਹ ਬਚਨ ਹਨ ਕਿਉਂਕਿ ਜਿਸ ਆਤਮਾ ਵਿੱਚ ਕ੍ਰਿਆ ਨਹੀਂ ਹੈ ਅਗਿਆਨੀ ਜੀਵ ਉਸ ਵਿੱਚ ਮੈਂ ਕਰਤਾ ਹਾਂ ਇਹ ਕਰਮ ਮੰਨਦੇ ਹਨ ਤੇ ਮੈਂ ਕੁੱਝ ਭੀ ਨਹੀਂ ਕਰਦਾ ਇਸ ਤਿਆਗ ਰੂਪ ਕਰਮ ਵਿੱਚ ਅਕਰਮ ਨੂੰ ਦੇਖਦੇ ਹਨ।ੀਂ ਕਰਾਚਾਰਯ ਇਸ ਵਿਚਾਰ ਦੀ ਵਿਆਖਾ ਇਉਂ ਕਰਦੇ ਹਨ-

ਦੇਹ, ਇੰਦ੍ਰੀਆਂ ਆਦਿ ਦੁਆਰਾ ਹੋਣ ਵਾਲੇ ਕਰਮਾਂ ਦਾ ਆਤਮਾ ਵਿੱਚ ਅਧਾਰੋਪ ਕਰਕੇ ਮੈਂ ਕਰਦਾ ਹਾਂ, ਇਹ ਮੇਰਾ ਕਰਮ ਹੈ ਤੇ ਮੈਂ ਇਸਦਾ ਫਲ ਭੋਗਣਾ ਹੈ ਇਸ ਪ੍ਰਕਾਰ ਲੋਕ ਮੰਨਦੇ ਹਨ ਤਥਾ ਮੈਂ ਚੁੱਪ ਹੋ ਕੇ ਬੈਠਦਾ ਹਾਂ ਜਿਸ ਨਾਲ ਕਟ-ਰਹਿਤ ਅਤੇ ਕਰਮ-ਰਹਿਤ ਹੋ ਕੇ ਸੁਖੀ ਹੋ ਜਾਵਾਂ ਇਸ ਪ੍ਰਕਾਰ ਦੇਹ ਇੰਦ੍ਰੀਆਂ ਦੁਆਰਾ ਹੋਣ ਵਾਲੀ ਕ੍ਰਿਆ ਦੀ ਉਪਰਾਮਤਾ ਨਾਲ ਹੋਣ ਵਾਲੇ ਸੁਖੀਪਨ ਦਾ ਆਤਮਾ ਵਿੱਚ ਅਧਾਰੋਪ ਕਰਕੇ ਮੈਂ ਕੁੱਝ ਭੀ ਨਹੀਂ ਕਰਦਾ, ਚੁਪ-ਚਾਪ ਸੁੱਖ ਨਾਲ ਬੈਠਾ ਹਾਂ ਇਸ ਪ੍ਰਕਾਰ ਲੋਕ ਮੰਨਦੇ ਹਨ।

ਦੇਹ, ਇੰਦ੍ਰੀਆਂ ਦੁਆਰਾ ਹੋਣ ਵਾਲੇ ਕਰਮ ਭਾਵੇਂ ਕ੍ਰਿਆ ਰੂਪ ਹਨ ਤਾਂ ਭੀ ਲੋਕਾਂ ਨੇ ਉਸਦਾ ਕਰਮ ਰਹਿਤ ਅਕ੍ਰਿਯ ਆਤਮਾ ਵਿੱਚ ਆਰੋਪ ਕਰ ਰੱਖਿਆ ਹੈ ਕਿਉਂਕਿ ਾਸਤ੍ਰ ਵਿਗਾਤਾ ਵਿੱਦਵਾਨ ਭੀ ਮੈਂ ਕਰਦਾ ਹਾਂ ਇਉਂ ਮੰਨ ਬੈਠਦਾ ਹੈ।

ਨੌਕਾ (ਕਿਤੀ) ਦੇ ਚਲਦੇ ਸਮੇਂ, ਵਿੱਚ ਬੈਠੇ ਹੋਏ ਪੁਰ ਨੂੰ ਨਦੀ ਦੇ ਕਿਨਾਰੇ ਤੇ ਖੜ੍ਹੇ ਬ੍ਰਿੱਛ, ਉਲਟ ਚਲਦੇ ਦਿਖਾਈ ਦਿੰਦੇ ਹਨ, ਉਸੀ ਤਰ੍ਹਾਂ ਅਗਿਆਨ ਪੂਰਬਕ ਅਕ੍ਰਿਯ ਆਤਮਾ ਵਿੱਚ ਦੇਹ ਇੰਦ੍ਰੀਆਂ ਆਦਿ ਦਾ ਕਲਪਤਿ ਤਾਦਾਤਮ ਸੰਬੰਧ ਹੋਣ ਦੇ ਕਾਰਨ ਦੇਹ ਦੀ ਕ੍ਰਿਆ ਦਾ ਅਭਾਵ ਹੈ ਤਿਉਂ ਹੀ ਆਤਮਾ ਵਿੱਚ ਜੋ ਕ੍ਰਿਆ ਦਾ ਅਭਾਵ ਯਾਨੀ ਅਕਰਮ ਦੇਖਦਾ ਹੈ ਤਥਾ ਜੋ ਆਕਾ

ਵਿੱਚ ਤਾਰੇ ਆਦਿ ਪਦਾਰਥ ਵਿੱਚ ਭੀ ਲੋਕ, ਗਤੀ ਦਾ ਅਭਾਵ ਦੇਖਦੇ ਹਨ, ਪ੍ਰੰਤੂ ਹਨ ਉਹ ਚੱਲਣ ਵਾਲੇ ਯਾਨੀ ਕ੍ਰਿਆ ਦੇ ਸਹਿਤ। ਇਸ ਪ੍ਰਕਾਰ ਕ੍ਰਿਆ ਦੇ ਤਿਆਗ ਵਿੱਚ ਮੈਂ ਕੁੱਝ ਨਾ ਕਰਦਾ ਹੋਇਆ, ਚੁੱਪ-ਚਾਪ ਬੈਠਾ ਹਾਂ ਇਹ ਆਤਮਾ ਵਿੱਚ ਅਗਿਆਨ ਨਾਲ ਆਰੋਪਿਤ ਕੀਤੇ ਹੋਏ ਰੀਰ ਇੰਦ੍ਰੀਆਂ ਆਦਿ ਦੀ ਉਪਰਾਮਤਾ ਰੂਪ ਅਕਰਮ ਵਿੱਚ ਹੰਕਾਰ ਦਾ ਸੰਬੰਧ ਹੈ। ਇਹ ਸੰਬੰਧ ਹੋਣ ਦੇ ਕਾਰਨ ਕਰਮ ਦੇਖਦਾ ਹੈ। ਕਿਉਂਕਿ ਕੁੱਝ ਕਰਨਾ ਜਾਂ ਨਾ ਕਰਨਾ ਇਹ ਦੋਨੋਂ ਗੱਲਾਂ ਕਰਤਾ ਦੇ ਹੀ ਅਧੀਨ ਹੁੰਦੀਆਂ ਹਨ-ਜੋ ਕਦੇ ਕਰਦਾ ਹੈ, ਉਹ ਕਿਸੇ ਵੇਲੇ ਨਹੀਂ ਭੀ ਕਰਦਾ, ਇਨ੍ਹਾਂ ਦੋਹਾਂ ਅਵਸਥਾਂ ਦਾ ਕਰਤਾ ਇੱਕੋ ਹੀ ਹੁੰਦਾ ਹੈ। ਇਸ ਪ੍ਰਕਾਰ ਜੋ ਅਕਰਮ ਅਤੇ ਕਰਮ ਦੇ ਵਿਭਾਗ ਨੂੰ ਤੱਤ੍ਵ ਪੂਰਬਕ ਜਾਨਣ ਵਾਲਾ ਹੈ, ਉਹੀਂ ਮਨੁੱਾਂ ਵਿੱਚ ਬੁੱਧੀਮਾਨ ਯਾਨੀ ਪੰਡਿਤ ਹੈ, ਉਹੀ ਜੋਗੀ ਹੈ ਅਤੇ ਸਭ ਕਰਮਾਂ ਦੇ ਕਰਨ ਵਾਲਾ ਭੀ ਉਹੀ ਹੈ ਅਰਥਾਤ ਉਹ ਪਾਪ-ਪੁੰਨ ਰੂਪ੍ਰੁੱਭ-ਅੁੱਭ ਤੋਂ ਮੁਕਤ ਹੋਇਆ ਕ੍ਰਿਤ-ਕ੍ਰਿਤ ਹੈ-

ਜਿਸ ਦੇ ਸੰਪੂਰਨ ਕਾਰਜ, ਕਾਮਨਾ ਅਤੇ ਸੰਕਲਪ ਤੋਂ ਰਹਿਤ ਹਨ ਅਜਿਹੇ ਉਸ ਗਿਆਨ ਰੂਪੀ ਅਗਨੀ ਦੁਆਰਾ ਭਸਮ ਹੋਏ ਕਰਮਾਂ ਵਾਲੇ ਪੁਰ ਨੂੰ, ਗਿਆਨੀ ਜਨ ਪੰਡਿਤ ਭੀ ਕਹਿੰਦੇ ਹਨ। (ਗੀ: ਅ: ੪ : ੧੯)

ਉਪਯੁਕਤ ਕਰਮ ਵਿੱਚ ਅਕਰਮ ਅਤੇ ਅਕਰਮ ਵਿੱਚ ਕਰਮ ਦੇਖਣ ਵਾਲੇ ਪੁਰ ਦੇ ਸਭ ਆਰੰਭ, ਕਾਮਨਾ ਦੇ ਕਾਰਨ ਰੂਪ ਸੰਕਲਪਾਂ ਤੋਂ ਭੀ ਰਹਿਤ ਹੋ ਜਾਂਦੇ ਹਨ। ਉਸ ਦੁਆਰਾ ਬਿਨਾਂ ਹੀ ਸ੍ਵੈ ਪ੍ਰਯੋਜਨ ਦੇ-ਜੇ ਪ੍ਰਵਿਰਤੀ ਮਾਰਗ ਵਾਲਾ ਹੈ ਤਾਂ ਲੋਕ-ਸੰਗ੍ਰਹਿ ਲਈ ਅਤੇ ਨਿਵਿਰਤੀ ਮਾਰਗ ਵਾਲਾ ਹੈ ਤਾਂ ਜੀਵਨ ਨਿਰਬਾਹ ਲਈ ਕੇਵਲ ਚੇਟਾ ਮਾਤ੍ਰ ਹੀ ਕ੍ਰਿਆ ਹੁੰਦੀ ਹੈ, ਕੁੱਝ ਕਰਤੱਵ ਰੂਪ ਨਾਲ ਨਹੀਂ।

ਇਸ ਪ੍ਰਕਾਰ ਨਿਕ੍ਰਿਯ ਆਤਮਾ ਵਿੱਚ ਇਸਥਿਤ ਪੁਰ ਜੋ ਨਦੀ ਕਿਨਾਰੇ ਬ੍ਰਿਛ ਰੂਪ ਆਤਮਾ ਨੂੰ ਅਚੱਲ ਜਾਣਦਾ ਹੈ ਅਤੇ ਆਕਾ ਵਿੱਚ ਤਾਰੇ ਆਦਿ ਪਦਾਰਥ ਰੂਪ ਵਿੱਚ ਦੇਹ ਇੰਦ੍ਰੀਆਂ ਨੂੰ ਕ੍ਰਿਆ ਵਾਲਾ ਦੇਖਦਾ ਹੈ, ਉਹ ਦੇਹ ਆਦਿ ਇੰਦ੍ਰੀਆਂ ਦੀ ਕ੍ਰਿਆ ਨੂੰ ਅਗਿਆਨ ਅਵਸਥਾ ਵਿੱਚ ਜੋ ਵਿਪਰੀਤ ਸਮਝਦਾ ਰਿਹਾ ਹੈ ਤਾਂ ਗਿਆਨ ਰੂਪ ਸੂਰਜ ਦੇ ਚੜ੍ਹ ਜਾਣ ਨਾਲ ਭੀ ਰੱਸੀ ਵਿੱਚ ਭ੍ਰਾਂਤੀ ਕਾਰਨ ਭਾਸਦੇ ਸੱਪ ਨੂੰ ਕਿਸ ਤਰ੍ਹਾਂ ਦੇਖੇਗਾ? ਇਸ ਪ੍ਰਕਾਰ ਦਾ ਗਿਆਨਵਾਨ

ਪੁਰ ਨਿਧੜਕ, ਨਿਕਰਤੱਵ ਰਹੇ। ਕਰਮ ਤੇ ਕਰਮਾਂ ਨੂੰ ਕਰਨ ਦਾ ਸੰਕਲਪ, ਨਿਰਵਿਕਲਪ ਆਤਮਾ ਵਿੱਚ ਹੈ ਹੀ ਨਹੀਂ। ਅਦ੍ਵੈਤ ਰੂਪੀ ਅੱਗ ਨੇ ਦ੍ਵੈਤ ਨੂੰ (ਦੇਹ, ਇੰਦ੍ਰੀਆਂ ਆਦਿ ਜਿਨ੍ਹਾਂ ਦੁਆਰਾ ਕਰਮ ਕੀਤੇ ਜਾਂਦੇ ਹਨ) ਸਾੜ ਕੇ ਭਸਮ ਕਰ ਦਿੱਤਾ ਹੈ। ਜਿਆ ਹੋਇਆ ਕੱਪੜਾ ਜਿੰਨਾ ਚਿਰ ਹਵਾ ਦੁਆਰਾ ਉੱਡਿਆ ਨਹੀਂ, ਉਹ ਉਸੀ ਤਰ੍ਹਾਂ ਹੀ ਤਹਿ ਯੁਕਤ ਪਿਆ ਦਿਖਦਾ ਹੈ, ਕੁੱਝ ਕਾਰਜ ਦੇ ਯੋਗ ਨਹੀਂ ਹੁੰਦਾ। ਗਿਆਨਵਾਨ ਦਾ ਦੇਹ ਰੂਪੀ ਕੱਪੜਾ, ਗਿਆਨ ਅੱਗ ਨਾਲ ਭਸਮ ਹੋਇਆ, ਉਤਨਾ ਚਿਰ ਹੀ ਅਗਿਆਨੀ ਮਨੁੱਾਂ ਨੂੰ ਦਿਖਦਾ ਹੈ ਜਦ ਤਾਈਂ ਪ੍ਰਾਰੱਬਧ ਨੂੰ ਨਾ ਕਰਨ ਰੂਪ ਵਾਯੂ ਨਹੀਂ ਚੱਲੀ।

ਕਰਤਾਪਨਾ ਯਾਨੀ ਮੈਂ ਕਰਦਾ ਹਾਂ ਇਸਦਾ ਅਵਿਦਾ ਦੇ ਰਾਜ ਵਿੱਚ ਹੀ ਅਧਿਕਾਰ ਹੈ, ਵਿੱਦਾ (ਗਿਆਨ) ਅਵਸਥਾ ਵਿੱਚ ਨਹੀਂ। ਇਸੇ ਵਾਸਤੇ ਸਭ ਪ੍ਰਕਾਰ ਨਾਲ ਅਸੰਗ, ਨਿਰਲੇਪ ਤੇ ਅਕ੍ਰਿਯਮਯ ਹੋਣ ਪਰ ਭੀ ਮੈਂ ਦੁਖੀ ਹਾਂ ਸੁਖੀ ਹਾਂ ਇਤਿਆਦਿ ਵਿਕਲਪਾਂ ਨਾਲ ਅਤੀ ਦੀਨ ਹੋ ਜਾਂਦਾ ਹੈ, ਇਹੀ ਮਾਇਆ ਹੈ, ਹੋਣਾ ਕੁੱਝ ਤੇ ਭਰਮ ਨਾਲ ਪ੍ਰਤੀਤ ਕੁੱਝ ਹੋਰ ਹੀ ਹੋਣਾ–

**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥**
**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥** **(ਅੰਗ ੬੭)**

ਇਹ ਇਸ ਪ੍ਰਕਾਰ ਦੀ ਮਾਇਆ, ਗਿਆਨ ਦੁਆਰਾ ਵਿਨਾ ਹੋ ਜਾਂਦੀ ਹੈ, ਇਸੀ ਵਾਸਤੇ ਗਿਆਨੀ ਦਾ ਕਰਤਾਪਨਾ ਉੱਡ ਜਾਂਦਾ ਹੈ ਕਿਉਂਕਿ ਆਤਮਾ ਵਿੱਚ ਕੋਈ ਕ੍ਰਿਆ ਹੈ ਹੀ ਨਹੀਂ। ਕਰਤਾ, ਕ੍ਰਿਆ ਅਤੇ ਫਲ ਦੀ ਪ੍ਰਤੀਤੀ ਦਾ ਕਾਰਨ ਮਾਇਆ ਹੀ ਹੈ।

**ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥**
**ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥** **(ਅੰਗ ੨੩੧)**

ਜਦ ਗਿਆਨ ਦੁਆਰਾ ਤਿੰਨ ਗੁਣ ਮਈ ਅਵਿੱਦਾ ਵਿਨਾ ਹੋ ਜਾਂਦੀ ਹੈ ਤਾਂ ਚਿੱਤ ਗੁਣਾਤੀਤ, ਨਿਰਵਿਕਾਰ, ਤੁਰੀਯ ਅਵਸਥਾ ਵਿੱਚ ਲੱਗ ਜਾਂਦਾ ਹੈ ਯਾਨੀ ਬ੍ਰਿਤੀ ਇੱਕ ਰਸ ਬ੍ਰਹਮਾਕਾਰ ਹੋ ਜਾਂਦੀ ਹੈ। ਅਜਿਹੀ ਸੰਸਾਰ ਤੋਂ ਅਤੀਤ ਅਵਸਥਾ ਵਿੱਚ ਹਉਮੈ ਕਿਸ ਤਰ੍ਹਾਂ ਰਹਿ ਸਕਦੀ ਹੈ? ਇਸ ਤੋਂ ਪਹਿਲਾਂ ਜੋ ਅਵਿੱਦਾ ਦੁਆਰਾ ਨਿਰਵਿਕਲਪ ਵਸਤੂ ਵਿੱਚ ਕਈ ਤਰ੍ਹਾਂ ਦਾ ਆਰੋਪ ਕਰਦਾ ਸੀ,

ਉਹ ਕਰਤਾ-ਬੁੱਧੀ ਵਾਲਾ ਆਪਣੇ-ਆਪ ਨੂੰ ਪ੍ਰਮਾਤਮਾ ਤੋਂ ਜੁਦਾ ਜਾਨਣ ਵਾਲਾ ਜੀਵ, ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ ਅਰਥਾਤ ਬ੍ਰਹਮ ਰੂਪ ਨਿਠਾ ਤੇ ਇਸਥਿਤ ਹੋ ਜਾਂਦਾ ਹੈ। ਤਿੰਨ ਗੁਣ ਮਈ ਹੀ ਇਹ ਦੇਹ ਆਦਿ ਸਾਰਾ ਸੰਸਾਰ ਹੈ ਅਤੇ ਆਤਮਾ ਇਸ ਤੋਂ ਪਰੇ ਦੀ ਅਵਸਥਾ ਹੈ ਕਿਉਂਕਿ ਉਹ ਚੌਥਾ ਤੁਰੀਯ ਪਦ ਹੈ। ਤਮਾਮ ਕਰਮ ਤੇ ਕਰਮਾਂ ਦੇ ਸੰਕਲਪ ਜਿਸ ਤੁਰੀਯ-ਆਤਮਾ ਵਿੱਚ ਨਹੀਂ ਹਨ, ਉਸ ਵਿੱਚ ਇਸਥਿਤ ਗਿਆਨੀ ਪੁਰ ਸੁਭਾਵਿਕ ਹੀ ਪ੍ਰਸੰਨ ਇੰਦ੍ਰੀਯ, ਮੁਸਕ੍ਰਾਂਦੇ ਹੋਏ ਮੁੱਖ ਵਾਲਾ ਅਤੋਂ ਕ ਰਹਿਤੋ ਭਾ ਪਾਉਂਦਾ ਹੈ ਭਾਵ ਕਿ ਕੋਈ ਭੀ ਕਰਤੱਵ ਨਾ ਹੋਣ ਦੇ ਕਾਰਨ ਅਤੀ ਅਨੰਦਿਤ ਅਗਿਆਨੀ ਜੀਵਾਂ ਨੂੰ ਦਿਖਦਾ ਹੈ।

**ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ॥**

**(ਅੰਗ ੧੦੭੫)**

ਜਿਸਦੀ ਤਿੰਨ ਗੁਣ ਮਈ ਅਵਿੱਦਾ, ਵਿੱਦਾ (ਗਿਆਨ) ਦੁਆਰਾ ਨਾ ਹੋ ਚੁੱਕੀ ਹੈ, ਉਹ ਆਤਮਾ ਰੂਪੀ ਸਮੁੰਦਰ ਵਿੱਚ ਹੀ ਕ੍ਰੀੜਾ ਕਰਨ ਵਾਲਾ ਹੁੰਦਾ ਹੈ। ਉਸਦੀ ਜਿਤਨੀ ਭੀ ਹਰਕਤ ਅਗਿਆਨੀ ਜੀਵਾਂ ਦੀ ਦ੍ਰਿਟੀ ਗੋਚਰ ਹੁੰਦੀ ਹੈ, ਸਭ ਆਤਮ-ਮਯ ਹੀ ਹੈ ਕਿਉਂਕਿ ਸਿਵਾਏ ਆਤਮਾ ਤੋਂ ਉਸਦੇ ਸਮੀਪ ਹੋਰ ਕੋਈ ਵਸਤੂ ਹੈ ਹੀ ਨਹੀਂ। ਇਹੋ ਜਿਹੀ ਭਗਤੀ, ਚਿੱਤ ਦੀ ਲਗਨ, ਚਿੱਤ ਦਾ ਤੁਰੀਯ ਪਦ ਆਤਮਾ ਵਿੱਚ ਪ੍ਰਵੇ, ਤਿੰਨ ਗੁਣਮਯ ਸੰਸਾਰ ਤੋਂ ਨਿਰਾਲਾ ਹੀ ਹੈ। ਭਲਾ, ਸੰਸਾਰ ਤੋਂ ਨਿਰਾਲੀ ਅਵਸਥਾ ਵਿੱਚ ਇਸਥਿਤ ਗਿਆਨੀ ਪੁਰ, ਸੰਸਾਰੀ ਲੋਕਾਂ ਵਾਂਗੂੰ ਹੀ ਕਰਮ ਕਿਸ ਤਰ੍ਹਾਂ ਕਰੇ? ਉਹ ਕੋਈ ਫਲ ਦੀ ਵਾਨਾ ਵਾਲਾ ਤਾਂ ਹੈ ਨਹੀਂ। ਸੰਸਾਰ ਨੂੰ ਉਲੰਘਨ (ਪਾਰ) ਕਰ ਚੁੱਕੇ ਮਹਾਂਪੁਰ ਦੀ ਰੀਰਕ ਕ੍ਰਿਆ, ਆਪਣੀ ਮੌਜ ਯਾਨੀ ਸੁਤੰਤ੍ਰਤਾ ਪੂਰਬਕ ਹੁੰਦੀ ਹੈ, ਇਸੀ ਵਾਸਤੇ ਉਹ ਲਗਨ ਭੀ ਨਿਰਾਲੀ ਹੈ ਅਤੇ ਕ੍ਰਿਆ ਭੀ ਨਿਰਾਲੀ ਹੈ-

**ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥** **(ਅੰਗ ੯੦੮)**

ਸੰਸਾਰੀ ਲੋਕ ਕਹਿੰਦੇ ਹਨ ਕਿ ਸਾਡੇ ਵਾਂਗੂੰ ਗਿਆਨਵਾਨ ਭੀ ਕਰਮ ਕਿਉਂ ਨਹੀਂ ਕਰਦਾ? ਨਾਦਾਨ ਲੋਕ, ਇਹ ਨਹੀਂ ਸਮਝਦੇ ਕਿ ਅਸੀਂ ਤਿੰਨਾਂ ਗੁਣਾਂ ਵਿੱਚ ਫਸੇ ਹੋਏ ਹਾਂ, ਉਨ੍ਹਾਂ ਗੁਣਾਂ ਮੁਤਾਬਿਕ ਹੀ ਸਾਡੇ ਸੰਕਲਪ ਹਨ ਤੇ ਸੰਕਲਪਾਂ ਅਨੁਸਾਰ ਹੀ ਸਾਡੀ ਸਭ ਕ੍ਰਿਆ ਹੈ ਤਥਾ ਹਉਮੈ ਦੁਆਰਾ ਜਿਸ ਪ੍ਰਕਾਰ ਦੇ ਕਰਮ

ਕਰਦੇ ਹਾਂ ਉਸੇ ਮੁਤਾਬਿਕ ਅਸੀਂ ਨਰਕ ਅਤੇ ਸੁਰਗ ਦੇ ਭਾਗੀ ਬਾਰੰਬਾਰ ਹੋਣਾ ਹੈ। ਗਿਆਨਵਾਨ ਤਾਂ ਗੁਣਾਂ ਤੋਂ ਪਰੇ ਹੋ ਕੇ ਤੁਰੀਯ ਪਦ ਵਿੱਚ ਬੈਠਾ ਹੈ, ਸਾਡੇ ਵਰਗੀ ਉਹ ਕ੍ਰਿਆ ਕਿਸ ਤਰ੍ਹਾਂ ਕਰੇ?

**ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ॥**

**(ਅੰਗ ੩੮੯)**

**ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ॥**

**(ਅੰਗ ੧੦੨੯)**

ਤਿੰਨਾਂ ਗੁਣਾਂ ਦਾ ਇਹੀ ਸਾਰਾ ਜਗਤ ਬਣਿਆ ਹੋਇਆ ਹੈ ਜੋ ਸਤੋ, ਰਜੋ, ਤਮੋ ਇਨ੍ਹਾਂ ਗੁਣਾਂ ਨੂੰ ਆਪਣਾ ਰੂਪ ਮੰਨਦਾ ਹੈ, ਉਸਦੀ ਉਹ ਚੱਲ ਰੂਪ ਕਰਤਾ-ਬੁੱਧੀ ਕਦੇ ਮਨ ਨੂੰ ਟਿਕਣ ਦੇਣ ਲੱਗੀ ਹੈ? ਅਰਥਾਤ ਮੈਂ ਕਰਦਾ ਹਾਂ ਇਸ ਅਭਿਮਾਨ ਦੇ ਦੁਆਰਾ ਕਦੇ ਨਰਕ ਵਿੱਚ ਕਦੇ ਸੁਰਗ ਵਿੱਚ ਜਾਂਦਾ ਹੈ। ਇਸੇ ਤਰ੍ਹਾਂ ਭਟਕਦਾ ਫਿਰਦਾ ਅਤੰਤ ਕਟਾਂ ਨੂੰ ਭੋਗਦਾ ਹੈ-

**ਤ੍ਰੈ ਗੁਣ ਕੀਆ ਪਸਾਰਾ॥ ਨਰਕ ਸੁਰਗ ਅਵਤਾਰਾ॥**
**ਹਉਮੈ ਆਵੈ ਜਾਈ॥ ਮਨੁ ਟਿਕਣੁ ਨ ਪਾਵੈ ਰਾਈ॥**

**(ਅੰਗ ੧੦੦੩-੦੪)**

ਜੋ ਕਰਤਾ ਬਣਿਆ ਹੈ, ਉਹ ਭੋਗਤਾ ਅਵੱਸ਼ ਹੀ ਬਣੇਗਾ। ਕਰਤਾ-ਬੁੱਧੀ ਅਗਿਆਨੀ ਦੀ ਹੁੰਦੀ ਹੈ, ਇਸ ਲਈ ਅਗਿਆਨ ਰੂਪੀ ਅਹੰਕਾਰ ਨੂੰ ਵਿਨਾ ਕਰਨ ਦੇ ਲਾਇਕ ਬਣਨ ਵਾਸਤੇ ਸੈਂਕੜੇ ਕਰਤੱਵ ਹਨ। ਜਿਸ ਪੁਰ ਦੇ ਹਿਰਦੇ ਵਿੱਚ ਗਿਆਨ ਰੂਪੀ ਸੂਰਜ ਚੜ੍ਹ ਚੁੱਕਿਆ ਹੈ, ਉਸਨੇ ਅੰਧਕਾਰ ਨੂੰ ਮਿਟਾਉਣ ੀਤਰ ਕੀ ਕਰਨਾ ਹੈ? ਅਰਥਾਤ ਉਸ ਨੂੰ ਕੁੱਝ ਭੀ ਕਰਤੱਵ ਨਹੀਂ ਹੈ।

**ਪ੍ਰ ਨ** -ਆਪ ਨਿਕਰਤੱਵਤਾ ਬਾਰੇ ਇਤਨਾ ੋਰ ਕਿਉਂ ਦਿੰਦੇ ਹੋ?

**ਉੱਤਰ**- ਕਰਤਾ-ਬੁੱਧੀ ਨੇ ਇਸ ਬ੍ਰਹਮ ਨੂੰ ਜੀਵ ਬਣਾ ਛੱਡਿਆ ਹੈ। ਹੈ ਇਹ ਸਿਰਫ ਮਨ ਦੀ ਮਨੌਤ ਹੀ। ਇਸ ਲਈ ਬਾਰੰਬਾਰ ਕੋ ਿਕੀਤੀ ਜਾ ਰਹੀ ਹੈ ਕਿ ਵਿਗੜਿਆ ਤਾਂ ਕੁੱਝ ਹੈ ਹੀ ਨਹੀਂ ਯਾਨੀ ਇਹ ਬ੍ਰਹਮ ਹੀ ਹੈ। ਦੁੱਖ ਦੇ ਕਾਰਨ ਮਿਥਾ ਮਨੌਤ ਕਰਤਾ-ਬੁੱਧੀ ਨੂੰ ਛੱਡ ਦੇਵੇ ਤਾਂ ਕਿ ਆਪਣੇ ਵਾਸਤਵ

ਸ੍ਰੂਪ ਵਿੱਚ ਇਸਥਿਤ ਹੋ ਜਾਵੇ ਕਿਉਂਕਿ ਇਸ ਵਿੱਚ ਕੋਈ ਕਰਤੱਵ ਨਹੀਂ ਹੈ। ਆਪਣੇ-ਆਪ ਨੂੰ ਭੁੱਲ ਕੇ ਚਕ੍ਰਵਰਤੀ ਰਾਜੇ ਤੋਂ ਕੰਗਾਲ ਬਣ ਗਿਆ ਹੈ। ਆਤਮਵੇਤਾ ਕਿਸੇ ਭੀ ਕਰਮ ਦੇ ਕਰਨ ਵਾਲਾ ਨਹੀਂ ਕਿਉਂਕਿ ਨਿਰਵਿਕਾਰ ਹੈ। ਇਸ ਪ੍ਰਕਾਰ ਦਾ ਹੋਣ ਪਰ ਭੀ ਅਨੰਤ ਪ੍ਰਕਾਰ ਦੀਆਂ ਕ੍ਰਿਆਵਾਂ, ਅਗਿਆਨੀਆਂ ਦ੍ਵਾਰਾ ਜੋਆਤਮਾ ਵਿੱਚ ਆਰੋਪਿਤ ਕੀਤੀਆਂ ਜਾਂਦੀਆਂ ਹਨ, ਉਸ ਮਿਥਾ ਅਗਿਆਨ ਤੋਂ ਰਹਿਤ, ਗਿਆਨੀ ਪੁਰ ਦਾ ਨਿਸਚਾ ਭਗਵਾਨ ਇਉਂ ਦਿਖਾਉਂਦੇ ਹਨ-

ਜੋ ਆਤਮਾ ਨੂੰ ਮਾਰਨ ਵਾਲਾ ਸਮਝਦਾ ਹੈ ਅਰਥਾਤ ਮੈਂ ਮਾਰਦਾ ਹਾਂ ਤਥਾ ਜੋ ਕੋਈ ਦੂਜਾ ਇਸ ਆਤਮਾ ਨੂੰ, ਦੇਹ ਨਾ ਹੋਣ ਪਰ ਮੈਂ ਮਰ ਗਿਆ ਹਾਂ ਇਉਂ ਨਾ ਹੋਇਆ ਮੰਨਦਾ ਹੈ ਯਾਨੀ ਇਸ ਕ੍ਰਿਆ ਦਾ ਕਰਮ ਮੰਨਦਾ ਹੈ, ਉਹ ਦੋਨੋਂ ਹੀ ਅਸਲੀਅਤ ਨੂੰ ਨਹੀਂ ਜਾਣਦੇ ਕਿਉਂਕਿ ਆਤਮਾ ਵਿਕਾਰ-ਰਹਿਤ ਹੋਣ ਕਾਰਨ ਨਾ ਤਾਂ ਕਿਸੇ ਨੂੰ ਮਾਰਦਾ ਹੈ ਅਤੇ ਨਾ ਹੀ ਮਾਰਿਆ ਜਾਂਦਾ ਹੈ ਅਰਥਾਤ ਨਾ ਤਾਂ ਮਾਰਨ ਵਿੱਚ ਕਰਤਾ-ਬੁੱਧੀ ਹੈ ਅਤੇ ਨਾ ਮਰਨ ਰੂਪ ਕਰਮ ਹੀ ਹੈ। (ਗੀ: ਅ : ੨ : ੧੯)

ਇਸ ਪ੍ਰਕਾਰ ਦਾ ਨਿਰਵਿਕਾਰ ਆਤਮਾ ਗਿਆਨਵਾਨ ਦਾ ਸ੍ਰੂਪ ਹੈ। ਇਸ ਲਈ ਆਤਮਵੇਤਾ ਵਿੱਚ ਕੋਈ ਕ੍ਰਿਆ ਨਹੀਂ ਹੈ-

ਹੇ ਅਰਜਨ! ਜੋ ਪੁਰ ਇਸ ਆਤਮਾ ਨੂੰ ਨਾ ਰਹਿਤ, ਨਿੱਤ, ਅਜਨਮਾ ਤੇ ਵਿਕਾਰਹੀਨ ਜਾਣਦਾ ਹੈ, ਉਹ ਪੁਰ ਕਿਸ ਪ੍ਰਕਾਰ ਕਿਸੇ ਨੂੰ ਮਰਵਾਉਂਦਾ ਹੈ ਅਤੇ ਕਿਸ ਤਰ੍ਹਾਂ ਕਿਸੇ ਨੂੰ ਮਾਰਦਾ ਹੈ? (ਗੀ: ਅ : ੨ : ੨੧)

ਮਤਲਬ ਇਹ ਕਿ ਗਿਆਨਵਾਨ ਸਿਰਫ ਮਾਰਨ ਰੂਪ ਕ੍ਰਿਆ ਦਾ ਕਰਤਾ ਅਤੇ ਮਰਨ ਰੂਪ ਕਰਮ ਹੀ ਨਹੀਂ ਹੈ, ਉਹ ਕਿਸੇ ਪ੍ਰਕਾਰ ਦੀ ਭੀ ਕ੍ਰਿਆ ਦਾ ਕਰਤਾ ਅਤੇ ਕਰਮ ਹੋ ਹੀ ਨਹੀਂ ਸਕਦਾ ਕਿਉਂਕਿ ਗਿਆਨੀ ਦਾ ਆਪਣਾ ਰੂਪ ਯਾਨੀ ਆਤਮਾ ਨਿਰਵਿਕਾਰ ਦੇ ਨਿੱਤ (ਸਦੈਵ) ਹੈ। ਭਗਵਾਨ ਦੇ ਇਨ੍ਹਾਂ ਉੱਪਰ ਕਹੇ ਬਚਨਾਂ ਅੰਦਰ ਹਨਨ ਕ੍ਰਿਆ ਦਾ ਹੀ ਨਿੰਧ ਕੀਤਾ ਗਿਆ ਹੈ, ਉਹ ਕੇਵਲ ਉਦਾਹਰਣ ਰੂਪ ਤੇ ਹੀ ਸਮਝਣਾ ਕਿਉਂਕਿ ਆਤਮਾ ਦੀ ਜੋ ਨਿਰਵਿਕਾਰਤਾ ਹੈ, ਉਹ ਗਿਆਨੀ ਵਿੱਚ ਸਭ ਕਰਮਾਂ ਦੇ ਨਾ ਹੋਣ ਦਾ ਖਾਸ ਕਾਰਨ ਹੈ। ਗਿਆਨੀ

ਵਾਸਤੇ ਸਭ ਕਰਮ ਅਸੰਭਵ ਹਨ, ਭਗਵਾਨ ਦਾ ਇਹ ਹੀ ਨਿਸਚਾ ਹੈ। ਜਿੱਥੇ ਕਰਮਾਂ ਦਾ ਵਿਧਾਨ, ਾਸਤ੍ਰ ਵਿੱਚ ਕੀਤਾ ਗਿਆ ਹੈ, ਉਹ ਅਗਿਆਨੀ ਜੀਵਾਂ ਲਈ ਹੈ। ਕਰਤੱਵ ਤਥਾ ਅਕਰਤੱਵ ਦਾ ਵਿਭਾਗ (ਵੰਡ) ੍ਰੀ ਕਰਾਚਾਰ ਭਾਯ ਅੰਦਰ ਇਉਂ ਦਿਖਾਉਂਦੇ ਹਨ-

## *ਕਰਤੱਵ ਤੇ ਅਕਰਤੱਵ ਦੀ ਵੰਡ*

ਅਗਨੀ ਹੋਤ੍ਰ ਆਦਿ ਕਰਮਾਂ ਦਾ ਵਿਧਾਨ ਕਰਨ ਵਾਲੇ ਵਿਧੀ ਵਾਕਾਂ ਦੇ ਅਰਥ ਨੂੰ ਜਾਣ ਲੈਣ ਬਾਅਦ, ਅਮੁਕ ਕਰਮ ਅਨੁਠਾਨ ਕਰਨ ਯੋਗ ਹੈ ਮੈਂ ਇਸ ਕਰਮ ਦੇ ਕਰਨ ਵਾਲਾ ਹਾਂ, ਮੇਰਾ ਅਮੁਕ ਕਰਤੱਵ ਹੈ ਇਸ ਪ੍ਰਕਾਰ ਜਾਨਣ ਵਾਲੇ ਅਗਿਆਨੀ ਲਈ ਕਰਤੱਵ ਬਣਿਆ ਰਹਿੰਦਾ ਹੈ। ਉਸੀ ਪ੍ਰਕਾਰ ਇਹ ਆਤਮਾ ਕਿਸੇ ਕਾਲ ਵਿੱਚ ਭੀ ਨਾ ਜੰਮਦਾ ਹੈ ਤੇ ਨਾ ਮਰਦਾ ਹੈ ਅਥਵਾ ਨਾ ਇਹ ਆਤਮਾ ਹੋਣ ਕਰਕੇ ਹੀ ਫਿਰ ਹੋਣ ਵਾਲਾ ਹੈ ਕਿਉਂਕਿ ਇਹ ਅਜਨਮਾ, ਨਿੱਤ, ਾਵਤ (ਸਦਾ ਰਹਿਣ ਵਾਲਾ) ਅਤੇ ਪੁਰਾਤਨ (ਸਨਾਤਨ) ਹੈ। ਰੀਰ ਦੇ ਨਾ ਹੋਣ ਪਰ ਭੀ ਇਹ ਨਾ ਨਹੀਂ ਹੁੰਦਾ। ਇਹੋ ਜਿਹੇ ਆਤਮ ਸੂਰੂਪ ਦਾ ਵਿਧਾਨ ਵਾਲੇ ਵਾਕਾਂ ਦੇ ਅਰਥ ਨੂੰ ਜਾਣ ਲੈਣ ਬਾਅਦ, ਉਸ ਗਿਆਨੀ ਲਈ ਕੁੱਝ ਭੀ ਕਰਤੱਵ ਬਾਕੀ ਨਹੀਂ ਰਹਿ ਜਾਂਦਾ। ਗਿਆਨੀ ਨੂੰ ਨਾ ਮੈਂ ਕਿਸੇ ਕਰਮ ਦੇ ਕਰਨ ਵਾਲਾ ਹਾਂ ਤੇ ਨਾ ਭੋਗਨ ਵਾਲਾ ਹੀ ਇਤਿਆਦਿ ਜੋ ਆਤਮਾ ਦੇ ਬਾਰੇ ਵਿੱਚ ਗਿਆਨ ਹੈ, ਇਸ ਤੋਂ ਜੁਦਾ ਹੋਰ ਕਿਸੇ ਤਰ੍ਹਾਂ ਦਾ ਭੀ ਗਿਆਨ ਨਹੀਂ ਹੁੰਦਾ। ਇਸ ਪ੍ਰਕਾਰ ਗਿਆਨੀ ਅਤੇ ਅਗਿਆਨੀ ਦੇ ਕਰਤੱਵ ਦੀ ਵੰਡ ਦਾ ਨਿਰਣਯ ਸਿੱਧ ਹੁੰਦਾ ਹੈ।

ਜੋ ਆਪਣੇ-ਆਪ ਨੂੰ ਇਸ ਤਰ੍ਹਾਂ ਸਮਝਦਾ ਹੈ ਕਿ ਮੈਂ ਕਰਨ ਵਾਲਾ ਹਾਂ ਤਾਂ ਉਸਦੀ ਇਹ ਬੁੱਧੀ ਭੀ ਰੂਰ ਹੀ ਰਹੇਗੀ ਕਿ ਅਮੁਕ-ਫਲਾਨਾ ਮੇਰਾ ਕਰਤੱਵ ਹੈ ਇਹੀ ਵਜ੍ਹਾ ਹੈ ਕਿ ਅਗਿਆਨੀ, ਕਰਮਾਂ ਦਾ ਅਧਿਕਾਰੀ ਬਣ ਜਾਂਦਾ ਹੈ। ਇਸ ਲਈ ਕਰਮ, ਅਗਿਆਨੀ ਵਾਸਤੇ ਹੀ ਹਨ, ਗਿਆਨੀ ਪੁਰ ਲਈ ਨਹੀਂ।

ਆਤਮਾ ਨੂੰ ਨਿਰਵਿਕਾਰ ਜਾਨਣ ਵਾਲੇ ਵਿੱਦ੍ਵਾਨ ਦਾ ਸਭ ਕਰਮਾਂ ਨੂੰ ਛੱਡ ਦੇਣਾ ਹੀ ਅਧਿਕਾਰ ਹੈ। ਭਗਵਾਨ ਆਪ ਹੀ ਕਥਨ ਕਰ ਚੁੱਕੇ ਹਨ ਕਿ ਅਹੰਕਾਰ ਨਾਲ ਮੋਹਿਤ ਹੋਇਆ ਅਗਿਆਨੀ ਮੈਂ ਕਰਦਾ ਹਾਂ ਇਉਂ ਮੰਨਦਾ ਹੈ

ਅਤੇ ਤੱਤ੍ਵੇਤਾ ਮੈਂ ਕੁੱਝ ਭੀ ਨਹੀਂ ਕਰਦਾ ਇਸ ਪ੍ਰਕਾਰ ਮੰਨਦਾ ਹੈ, ਇਸ ਲਈ ਕਰਤੱਵ ਤਥਾ ਅਕਰਤੱਵ ਤਾਂ ਸਪਟ ਹੀ ਹੈ, ਕੋਈ ਲੁਕਵੀਂ ਗੱਲ ਨਹੀਂ।

ਅਹੰਕਾਰ ਰਹਿਤ ਅੰਤਹਕਰਣ ਵਾਲਾ ਕੋਈ ਭੀ ਪੁਰ, ਸੈਂਕੜੇ ਕਰਮ ਕਰਨ ਪਰ ਭੀ ਲਿਪਤ ਨਹੀਂ ਹੁੰਦਾ। ਇਸ ਵਿੱਚ ਭਗਵਾਨ ਆਪਣਾ ਹੀ ਨਿਸਚਾ ਦਿਖਾਉਂਦੇ ਹਨ-

ਮੇਰੇ ਵਿੱਚ ਅਹੰਕਾਰ ਦਾ ਅਭਾਵ ਹੈ, ਇਸ ਲਈ ਕੋਈ ਭੀ ਕਰਮ ਦੇਹ ਆਦਿ ਦੀ ਉਤਪਤੀ ਦੇ ਕਾਰਨ ਨਹੀਂ ਬਣਦੇ। ਉਨ੍ਹਾਂ ਕਰਮਾਂ ਵਿੱਚ ਮੇਰੀ ਤ੍ਰਿਨਾ ਭੀ ਨਹੀਂ ਹੈ। ਇਸੀ ਪ੍ਰਕਾਰ ਮੈਂ ਹੀ ਨਹੀਂ, ਕੋਈ ਦੂਜਾ ਪੁਰ ਭੀ ਜੋ ਮੈਨੂੰ ਆਤਮ-ਰੂਪ ਤੇ ਜਾਣ ਲੈਂਦਾ ਹੈ ਕਿ ਮੈਂ ਕਰਮਾਂ ਦੇ ਕਰਨ ਵਾਲਾ ਨਹੀਂ ਹਾਂ ਅਤੇ ਮੇਰੀ ਕਰਮਾਂ ਵਿੱਚ ਤ੍ਰਿਨਾ ਭੀ ਨਹੀਂ ਹੈ ਉਸਦੇ ਕਰਮ ਭੀ, ਦੇਹ ਆਦਿ ਉਤਪਤੀ ਦੇ ਕਾਰਨ ਨਹੀਂ ਬਣਦੇ। (ਗੀ: ਅ : ੪ : ੧੪)

ਇਸ ਪ੍ਰਕਾਰ ਗਿਆਨ ਦੇ ਪ੍ਰਭਾਵ ਨਾਲ, ਕਰਮਾਂ ਵਿੱਚ ਅਭਿਮਾਨ ਅਤੇ ਫਲ ਦੀ ਤ੍ਰਿਨਾ ਨਾ ਹੋਣ ਕਰਕੇ ਜੋ ਨਿੱਤ-ਤ੍ਰਿਪਤ ਯਾਨੀ ਵਿ ਵਾਨਾ ਤੋਂ ਰਹਿਤ ਹੋ ਗਿਆ ਹੈ, ਉਸ ਗਿਆਨੀ ਦੁਆਰਾ ਕੀਤੇ ਹੋਏ ਕਰਮ, ਅਸਲ ਵਿੱਚ ਅਕਰਮ ਹੀ ਹਨ ਕਿਉਂਕਿ ਉਹ ਨਿਕ੍ਰਿਯ ਆਤਮ-ਗਿਆਨ ਦੇ ਯੁਕਤ ਹੈ।

(ਗੀ: ਅ : ੪ : ੨੦)

ਜਿਸਨੇ ਅੰਤਹਕਰਣ ਅਤੇ ਰੀਰ ਇੰਦ੍ਰੀਆਂਦਿ ਨੂੰ ਜਿੱਤ ਲਿਆ ਹੈ ਤਥਾ ਭੋਗਾਂ ਦੀ ਸੰਪੂਰਨ ਸਾਮੱਗ੍ਰੀ ਜਿਸਨੇ ਤਿਆਗ ਦਿੱਤੀ ਹੈ, ਅਜਿਹਾ ਆ-ਮਨਸਾ ਰਹਿਤ ਪੁਰ ਕੇਵਲ ਰੀਰ ਸੰਬੰਧੀ ਕੀਤੇ ਜਾਣ ਵਾਲੇ ਅਤੇ ਅਭਿਮਾਨ ਰਹਿਤ ਕਰਮਾਂ ਨੂੰ ਕਰਦਾ ਹੋਇਆ ਭੀ, ਪੁੰਨ ਤੇ ਪਾਪ ਦੋਹਾਂ ਨੂੰ ਹੀ ਪ੍ਰਾਪਤ ਨਹੀਂ ਹੁੰਦਾ।

(ਗੀ: ਅ : ੪ : ੨੧)

ਮੁਕਤੀ ਦੀ ਇੱਛਾ ਵਾਲੇ ਲਈ ਅਹੰਸਹਿਤ ਬੰਧਨ ਹੋਣ ਦੇ ਕਾਰਨ, ਧਰਮ (ੁੱਭ) ਕਰਮ ਭੀ ਪਾਪ ਹੀ ਹੈ। ਇਸ ਲਈ ਜਗਯਾਸੂ ਨੂੰ ਚਾਹੀਦਾ ਹੈ ਜੋ ਸਾਰੇ ਹੀ ੁੱਭ-ਅੁੱਭ ਕਰਮਾਂ ਦੀ ਸੱਤਾ ਨੂੰ ਛੱਡਕੇ ਇੱਕ ਨਿਕ੍ਰਿਯ ਆਤਮ ਸੁਭਾਵ ਵਿੱਚ ਸਦਾ ਇਸਥਿਤ ਰਹੇ। ਇਸ ਤੋਂ ਅਗਲੇ ੨੨ਵੇਂ ਲੋਕ ਦੀ ਵਿਆਖਿਆ ਇਉਂ ਕਰਦੇ ਹਨ-

ਜੋ ਆਪਣੇ ਆਪ ਸਹਜੇ, ਬਿਨਾਂ ਮੰਗੇ ਮਿਲੇ ਹੋਏ ਪਦਾਰਥਾਂ ਵਿੱਚ ਸੰਤੁਟ

ਹੈ, ਜੋ ਦ੍ਵੰਦਾਂ ਤੋਂ ਅਤੀਤ ਹੈ ਅਰਥਾਤ ਸਰਦੀ-ਗਰਮੀ ਆਦਿ ਦ੍ਵੰਦਾਂ ਦੁਆਰਾ (ਅਨੁਕੂਲਤਾ ਵਿੱਚ ਪ੍ਰਤਿਕੂਲਤਾ ਦੇ ਵਰਤਣ ਨਾਲ) ਦੁੱਖ ਪਹੁੰਚਣ ਪਰ ਭੀ ਜਿਸਦੇ ਮਨ ਵਿੱਚ ਹਰਖ (ਖ਼ੁਸ਼ੀ) ਜਾਂ ਸ਼ੋਕ ਨਹੀਂ ਹੁੰਦਾ, ਜੋ ਈਰਖਾ ਰਹਿਤ, ਨਿਰਵੈਰ ਬੁੱਧੀ ਵਾਲਾ ਹੈ ਤੇ ਜੋ ਸ਼ਰੀਰ ਇਸਥਿਤੀ ਦੇ ਕਾਰਨ ਸਹਜੇ ਹੀ ਅੰਨ ਆਦਿ ਦੇ ਪ੍ਰਾਪਤ ਹੋਣ ਯਾ ਨਾ ਹੋਣ ਵਿੱਚ ਹਰਖ-ਸ਼ੋਕ ਤੋਂ ਰਹਿਤ ਹੈ, ਜੋ ਸਮਦਰਸ਼ੀ ਅਤੇ ਕਰਮ ਵਿੱਚ ਅਕਰਮ ਦੇਖਣ ਵਾਲਾ ਆਤਮ-ਨਿਸ਼ਠ ਹੈ, ਸ਼ਰੀਰ ਇਸਥਿਤੀ ਕਰਕੇ, ਸ਼ਰੀਰ ਦੁਆਰਾ ਭਿੱਛਿਆ ਆਦਿ ਕਰਮਾਂ ਵਿੱਚ ਭੀ ਮੈਂ ਕੁੱਝ ਨਹੀਂ ਕਰਦਾ ਬਲਕਿ ਗੁਣ ਹੀ ਗੁਣਾਂ ਵਿੱਚ ਵਰਤ ਰਹੇ ਹਨ, ਇਸ ਪ੍ਰਕਾਰ ਸਦਾ ਦੇਖਣ ਵਾਲਾ ਹੈ, ਉਹ ਸੰਨਾਸੀ, ਆਤਮਾ ਨੂੰ ਅਕਰਤਾ ਸਮਝ ਲੈਣ ਦੇ ਕਾਰਨ, ਵਾਸਤਵ ਵਿੱਚ ਕੁੱਝ ਭੀ ਕਰਮ ਨਹੀਂ ਕਰਦਾ। ਲੋਕਾਂ ਦੀ ਦ੍ਰਿਸ਼ਟੀ ਵਿੱਚ ਇਸ ਤਰ੍ਹਾਂ ਦਾ ਪੁਰਸ਼ ਵਿਵਹਾਰ ਕਰਦਾ ਹੋਇਆ ਨਜ਼ਰ ਆਉਂਦਾ ਹੈ ਪ੍ਰੰਤੂ ਸ਼ਾਸਤ੍ਰ ਪ੍ਰਮਾਣ ਅਤੇ ਆਪਣੇ ਅਨੁਭਵ ਅਤੇ ਅਸਲੀਅਤ ਵਿੱਚ ਉਹ ਅਕਰਤਾ ਹੀ ਰਹਿੰਦਾ ਹੈ। ਕੇਵਲ ਲੋਕਾਂ ਦੁਆਰਾ ਹੀ ਕਰਤਾਪਨ ਦਾ ਅਧਾਰੋਪ ਕੀਤਾ ਗਿਆ ਹੋਣ ਦੇ ਕਾਰਨ, ਉਹ ਪੁਰਸ਼ ਸ਼ਰੀਰ ਨਿਰਬਾਹ ਮਾਤ੍ਰ ਲਈ ਕੀਤੇ ਜਾਣ ਵਾਲੇ ਭਿੱਛਿਆ ਆਦਿ ਕਰਮਾਂ ਨੂੰ ਕਰਦਾ ਹੋਇਆ ਭੀ ਉਨ੍ਹਾਂ ਵਿੱਚ ਨਹੀਂ ਬੱਝਦਾ ਕਿਉਂਕਿ ਗਿਆਨ ਰੂਪ ਅੱਗ ਦੁਆਰਾ ਸਾਰੇ ਹੀ ਸਾਧਨ ਸਹਿਤ ਕਰਮ, ਭਸਮ ਹੋ ਚੁੱਕੇ ਹਨ। (ਗੀ: ਅ : ੪ : ੨੨)

ਜਿਸ ਗਿਆਨੀ ਦੀ ਬੁੱਧੀ, ਇਹ ਸਭ ਕੁੱਝ ਬ੍ਰਹਮ ਹੀ ਹੈ ਇਉਂ ਇਸਥਿਤ ਹੋ ਗਈ ਹੈ, ਉਸ ਲਈ ਵਾਸਤਵ ਵਿੱਚ ਸਭ ਕਰਮਾਂ ਦਾ ਅਭਾਵ ਹੀ ਹੋ ਜਾਂਦਾ ਹੈ ਕਿਉਂਕਿ ਕ੍ਰਿਆ, ਕਾਰਕ ਅਤੇ ਫਲ ਸੰਬੰਧੀ ਭੇਦ-ਬੁੱਧੀ ਇਸ ਏਕੱਤ੍ਰ ਅਵਸਥਾ ਵਿੱਚ ਰਹਿ ਨਹੀਂ ਸਕਦੀ। ਜੋ ਕਰਤਾਪਨ ਦੇ ਅਭਿਮਾਨ ਅਤੇ ਫਲ ਦੀ ਇੱਛਾ ਤੋਂ ਰਹਿਤ ਹੈ, ਉਹ ਕਿਸ ਕਰਮ ਦੇ ਕਰਨ ਵਾਲਾ ਹੈ? ਅਰਥਾਤ ਕੁੱਝ ਕਰਦਾ ਹੀ ਨਹੀਂ। ਉਹ ਨਿੱਤ, ਅਕ੍ਰਿਯ ਸੁਭਾਵ ਵਿੱਚ ਇਸਥਿਤ ਰਹਿੰਦਾ ਹੋਇਆ ਨਿਰਵਿਕਾਰ ਹੈ। ਅਜਿਹੇ ਗਿਆਨੀ ਦੇ ਸ਼ਰੀਰ ਨਿਰਬਾਹ ਲਈ ਕੀਤੇ ਹੋਏ ਕਰਮ ਵੀ ਅਕਰਮ ਹੋ ਜਾਂਦੇ ਹਨ ਕਿਉਂਕਿ-

ਗਿਆਨ ਦੁਆਰਾ ਨਸ਼ਟ ਹੋ ਗਏ ਹਨ ਸਭ ਸੰਸ਼ਯ ਜਿਸਦੇ, ਅਜਿਹੇ ਪ੍ਰਮਾਤਮ ਪਰਾਯਣ ਇੱਕ ਆਤਮ-ਦ੍ਰਿਸ਼ਟੀ ਵਾਲੇ ਪੁਰਸ਼ ਨੂੰ ਕਰਮ ਬੰਨ੍ਹ ਨਹੀਂ ਸਕਦੇ।

(ਗੀ: ਅ : ੪ : ੪੧)

ਇਸ ਪ੍ਰਕਾਰ ਤੱਤ੍ਵੇਤਾ ਪੁਰ ਦੁਆਰਾ ਯਥਾਰਥ ਦਰਨ ਤੋਂ ਵਿਰੁੱਧ ਤਥਾ ਮਿੱਥਯਾ ਗਿਆਨ ਦੇ ਕਾਰਨ ਹੋਣ ਵਾਲੇ ਕਰਮ, ਸੁਪਨ ਵਿੱਚ ਭੀ ਸੰਭਵ ਨਹੀਂ ਮੰਨੇ ਜਾ ਸਕਦੇ। ਸਭ ਭੂਤਾਂ ਵਿੱਚ ਆਤਮਾ ਇੱਕ, ਸਮ ਅਤੇ ਨਿਰਦੋ ਹੈ, ਇਉਂ ਸੰਯ ਰਹਿਤ ਬੁੱਧੀ ਜਿਸਦੀ ਸਥਿਰ ਹੋ ਗਈ ਹੈ ਅਤੇ ਜੋ ਮੋਹ-ਅਗਿਆਨ ਤੋਂ ਰਹਿਤ ਹੈ, ਉਹ ਅਚੱਲ ਬੁੱਧੀ ਵਾਲਾ ਗਿਆਨੀ, ਬ੍ਰਹਮ ਵਿੱਚ ਹੀ ਇਸਥਿਤ ਹੈ ਅਰਥਾਤ ਅਕ੍ਰਿਯ ਹੋਣ ਦੇ ਕਾਰਨ, ਕਿਸੇ ਭੀ ਕਰਮ ਦੇ ਕਰਨ ਵਾਲਾ ਨਹੀਂ ਹੈ। ਬ੍ਰਹਮ ਵਿੱਚ ਕਾਮਨਾਵਾਂ ਅਤੇ ਕਰਮ ਹੈ ਹੀ ਨਹੀਂ, ਸਭ ਕਾਮਨਾਵਾਂ ਦਾ ਮੂਲ ਸੰਕਲਪ ਹੀ ਹੈ। ਸੰਕਲਪ-ਵਿਕਲਪ, ਮਨ ਦੀ ਬ੍ਰਿਤੀ ਹੈ। ਜਿਸ ਆਤਮਾ ਵਿੱਚ ਅੰਤਹਕਰਣ ਹੀ ਨਹੀਂ, ਉਸ ਵਿੱਚ ਸੰਕਲਪਾਂ ਦਾ ਹੋਣਾ ਤਾਂ ਅਕਾ ਦੇ ਫੁੱਲਾਂ ਵਾਂਗੂੰ ਹੀ ਸਮਝੋ। ਬ੍ਰਿਹਦਾਰਣਯਕ ਉਪਨਿਦ ਵਿੱਚ ਕਿਹਾ ਹੈ-

ਉਹ, ਜਿਸ ਕਾਮਨਾ ਵਾਲਾ ਹੁੰਦਾ ਹੈ, ਉਹੋ ਜਿਹੇ ਹੀ ਨਿਸਚੇ ਵਾਲਾ ਹੁੰਦਾ ਹੈ। ਜਿਸ ਪ੍ਰਕਾਰ ਦੇ ਨਿਸਚੇ ਵਾਲਾ ਹੁੰਦਾ ਹੈ, ਉਹੀ ਕਰਮ ਕਰਦਾ ਹੈ ਤੇ ਜੈਸਾ ਕਰਮ ਕਰਦਾ ਹੈ ਵੈਸਾ ਹੀ ਫਲ ਪ੍ਰਾਪਤ ਕਰਦਾ ਹੈ। (ਬ੍ਰਿਹ : ਉ : ੪।੪।੫)

ਜੀਵ ਜੋ ਵੀ ਕਰਮ ਕਰਦਾ ਹੈ, ਉਹ ਸਭ ਕਾਮ (ਕਾਮਨਾ) ਦੀ ਹੀ ਚੇਟਾ ਹੈ।

(ਮਨੁ : ੨।੪)

ਅੰਤਹਕਰਣ ਰਹਿਤ ਆਤਮਾ ਵਿੱਚ ਇਹ ਸਭ ਕੁੱਝ ਬਣ ਹੀ ਨਹੀਂ ਸਕਦਾ। ਯੁਕਤੀ ਨਾਲ ਭੀ ਇਹੀ ਬਾਤ ਸਿੱਧ ਹੁੰਦੀ ਹੈ ਕਿ ਜਦ ਸਭ ਸੰਕਲਪਾਂ ਦਾ ਤਿਆਗ ਕਰ ਦਿੱਤਾ ਜਾਂਦਾ ਹੈ, ਉਸ ਵਕਤ ਕੋਈ ਰਾ ਮਾਤ੍ਰ ਭੀ ਹਿੱਲ ਨਹੀਂ ਸਕਦਾ। ਇਸ ਪ੍ਰਕਾਰ ਸਭ ਸੰਕਲਪਾਂ ਤੋਂ ਰਹਿਤ ਆਤਮਾ ਵਿੱਚ ਜੋ ਗਿਆਨੀ ਪੁਰ ਇਸਥਿਤ ਹੈ, ਉਹ ਕਿਸ ਤਰ੍ਹਾਂ ਕਿਸੇ ਕਰਮ ਲਈ ਚੇਟਾ ਕਰੇਗਾ? ਕਿਉਂਕਿ ਉਸਨੇ ਆਤਮਾ ਨੂੰ ਨਿਰਵਿਕਾਰ ਅਤੇ ਅਕ੍ਰਿਯ ਸਮਝਿਆ ਹੋਇਆ ਹੈ। ਜੋ ਪਰਾਧੀਨਤਾ ਤੋਂ ਛੁੱਟੇ ਹੋਏ, ਾ ਸਤ੍ਰ-ਪ੍ਰਮਾਣ ਤਥਾ ਗੁਰੂ-ਉਪਦੇ ਨਾਲ ਆਪਣੇ ਹੀ ਆਤਮਾ ਨੂੰ ਸਾਖਾਤ ਬ੍ਰਹਮ ਰੂਪ ਸਮਝ ਚੁੱਕੇ ਹਨ, ਉਹ ਕਿਸ ਗੱਲ ਦਾ ਭੈ ਮੰਨਕੇ, ਕਰਮਾਂ ਦਾ ਕਰਤੱਵ ਰੂਪੀ ਬੋਝ (ਭਾਰ) ਆਪਣੇ ਸਿਰ ਪਰ ਚੁੱਕੀ ਰੱਖਣਗੇ?

ਵਿੱਦ੍ਵਾਨ ਕਿਸੇ ਤੋਂ ਭੀ ਭੈਮਾਨ ਨਹੀਂ ਹੁੰਦਾ। (ਤੈ: ਉ: ੨।੪।੧)

ਤੇ ਅਗਿਆਨੀ ਬਾਰੇ ਕਿਹਾ ਹੈ-

ਉਸਨੂੰ ਭੈ ਹੁੰਦਾ ਹੈ। (ਤੈ: ਉ: ੨।੭।੧)

ੀਂ ਕਰਾਚਾਰਯ ਜੀ ਕਹਿੰਦੇ ਹਨ–

ਜੇ ਮਨੁ ਆਤਮਾ ਨੂੰ ਨਿਰਵਿਕਾਰ ਜਾਣ ਲਵੇ ਤਾਂ ਫਿਰ ਮੈਨੂੰ ਅਮੁਕ ਭੋਗ ਮਿਲੇ ਯਾ ਮੈਂ ਅਮੁਕ ਕਰਮ ਕਰਾਂ, ਇਸ ਤਰ੍ਹਾਂ ਦੀ ਇੱਛਾ ਨਹੀਂ ਕਰ ਸਕਦਾ ਕਿਉਂਕਿ ਭੋਗ ਅਤੇ ਕਰਮ ਦੋਨੋਂ ਵਿਕਾਰ ਹਨ। ਫਲ ਦੀ ਇੱਛਾ ਵਾਲਾ ਹੋਣ ਦੇ ਕਾਰਨ ਅਗਿਆਨੀ, ਕਰਮਾਂ ਵਿੱਚ ਪ੍ਰਵਿਰਤ ਹੋ ਜਾਂਦਾ ਹੈ ਪ੍ਰੰਤੂ ਵਿਕਾਰ ਰਹਿਤ ਆਤਮਾ ਨੂੰ ਸਾਖਾਤਕਾਰ ਕਰ ਲੈਣ ਵਾਲੇ ਗਿਆਨੀ ਵਿੱਚ, ਫਲ ਦੀ ਇੱਛਾ ਦਾ ਅਭਾਵ ਹੋਣ ਦੇ ਕਾਰਨ, ਉਸਦੀ ਪ੍ਰਵਿਰਤੀ ਨਹੀਂ ਹੁੰਦੀ।

ਆਤਮਾ ਵਿੱਚ ਸੁਭਾਵ ਤੋਂ ਹੀ ਕ੍ਰਿਆ, ਕਾਰਕ ਤੇ ਫਲ ਦਾ ਅਭਾਵ ਹੈ। ਇਹ ਸਭ ਅਵਿੱਦਾ ਦੁਆਰਾ ਆਤਮਾ ਵਿੱਚ ਆਰੋਪਿਤ ਹੀ ਹੈ। ਇਸ ਲਈ ਅਵਿੱਦਾ ਵਿੱਚ ਫਸੇ ਹੋਏ ਅਗਿਆਨੀ ਜੀਵਾਂ ਲਈ ਹੀ ਕਰਮਾਂ ਦਾ ਕਰਤੱਵ ਹੈ, ਗਿਆਨੀ ਦਾ ਨਹੀਂ ਕਿਉਂਕਿ ਜੋ ਕਰਤਾ ਹੁੰਦਾ ਹੈ, ਉਹੀ ਕਰਮਾਂ ਦੇ ਕਰਨ ਨਾਲ ਲਿਪਤ ਭੀ ਹੁੰਦਾ ਹੈ ਪ੍ਰੰਤੂ ਗਿਆਨੀ ਅਕਰਤਾ ਹੈ, ਇਸ ਲਈ ਕਰਮ-ਫਲ ਨਾਲ ਲਿਪਤ ਨਹੀਂ ਹੁੰਦਾ–

**ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥**

**(ਅੰਗ ੨੭੨)**

ਹੇ ਅਰਜਨ ! ਅਨਾਦੀ ਅਤੇ ਗੁਣਾਂ ਅਤੀਤ ਹੋਣ ਦੇ ਕਾਰਨ ਇਹ ਅਵਿਨਾਸ਼ੀ ਪ੍ਰਮਾਤਮਾ, ਰੀਰ ਵਿੱਚ ਇਸਥਿਤ ਹੋਇਆ ਭੀ ਅਸਲ ਵਿੱਚ ਨਾ ਕਰਦਾ ਹੈ ਅਤੇ ਨਾ ਲਿਪਾਇਮਾਨ ਹੁੰਦਾ ਹੈ। (ਗੀ: ਅ: ੧੩ : ੩੧)

ਆਤਮਾ ਕੁੱਝ ਨਹੀਂ ਕਰਦਾ ਇਸੀ ਕਾਰਨ ਫਲ ਨਾਲ ਲਿਪਤ ਭੀ ਨਹੀਂ ਹੁੰਦਾ। ਜੋ ਆਪਣੇ-ਆਪ ਨੂੰ ਇਸ ਪ੍ਰਕਾਰ ਦਾ ਆਤਮਾ ਜਾਣਦਾ ਹੈ, ਉਹ ਕਿਸੇ ਭੀ ਕਰਮ ਦਾ ਕਰਤਾ ਕਿਸ ਤਰ੍ਹਾਂ ਬਣੇਗਾ ਅਤੇ ਫਲ ਨਾਲ ਲਿਪਤ ਕਿਸ ਪ੍ਰਕਾਰ ਹੋਵੇਗਾ? ਜੇ ਗਿਆਨ ਹੋ ਚੁੱਕਣ ਤੋਂ ਬਾਅਦ ਭੀ ਕਿਸੇ ਨੂੰ ਕਰਤੱਵ ਭਾਸਦਾ ਹੈ ਤਾਂ ਉਹ ਨਿਸਚੇ ਹੀ ਅਗਿਆਨੀ ਹੈ, ਇਸ ਵਿੱਚ ਕੋਈ ਸੰਯ ਨਹੀਂ। ਉਸ ਵਿੱਚ ਜੀਵ ਦੇ ਧਰਮ (ਸੁਭਾਉ) ਵਰਤਦੇ ਹਨ ਅਤੇ ਗ੍ਰੰਥਾਂ ਦੇ ਉੱਚ ਸਿਧਾਂਤ ਪੜ੍ਹਕੇ ਅਥਵਾ ਸੁਣਕੇ ਆਪਣੇ-ਆਪ ਨੂੰ ਕਹਿਣ ਮਾਤ੍ਰ ਹੀ ਬ੍ਰਹਮ ਕਹਿੰਦਾ ਹੈ, ਪਰ ਬ੍ਰਹਮ (ਨਿਠ) ਨਹੀਂ। ਬ੍ਰਹਮ ਵਿੱਚ ਮਨ, ਬਾਣੀ ਤੇ ਰੀਰ ਆਦਿ ਸੰਘਾਤ

(ਸਮੂਹ) ਰੱਸੀ ਵਿੱਚ ਸੱਪ ਦੀ ਤਰ੍ਹਾਂ ਭਾਸਦੇ ਹਨ। ਜਿਨ੍ਹਾਂ ਦ੍ਵਾਰਾ ਕਰਮ ਕੀਤੇ ਜਾਂਦੇ ਹਨ, ਉਨ੍ਹਾਂ ਬੰਧਿਆਂ (ਬਾਂਝ ਇਸਤ੍ਰੀਆਂ) ਦੇ ਪੁੱਤ੍ਰਾਂ ਪਾਸੋਂ ਯੁੱਧ ਕਰਵਾਕੇ, ਰਾਜ ਤਤ ਪਰ ਬੈਠਣਾ ਚਾਹੁੰਦਾ ਹੈ ਅਤੇ ਨਾਲ ਆਪਣੇ-ਆਪ ਨੂੰ ਬਾਦਾਹ ਭੀ ਕਹਾਉਂਦਾ ਹੈ। ਜੇ ਉਹ ਬਾਦਾਹ ਹੈ ਤਾਂ ਰਾਜ ਦੀ ਪ੍ਰਾਪਤੀ ਲਈ ਸੰਕਲਪ ਕਿਸ ਾਤਰ ਉੱਠ ਰਹੇ ਹਨ? ਇਸ ਵਿੱਚ ਸਪਟ ਹੀ ਹੈ ਕਿ ਉਹ ਰਾਜ-ਗੱਦੀ ਦਾ ਮਾਲਕ ਨਹੀਂ। ਕਿਸ ਵਸਤੂ ਦੀ ਪ੍ਰਾਪਤੀ ਵਿੱਚ ਵਿਘਨ ਪੈਣ ਦਾ ਡਰ ਸਮਝਕੇ, ਕਰਤੱਵ ਦਾ ਸੰਕਲਪ ਉਠਾਉਂਦਾ ਹੈ?

**ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥ ਡਰੁ ਚੂਕਾ ਦੇਖਿਆ ਭਰਪੂਰਿ॥**

**(ਅੰਗ ੧੮੬)**

ਆਪਣੇ ਤੋਂ ਜੁਦਾ ਵਸਤੂ ਦੀ ਪ੍ਰਾਪਤੀ ਲਈ, ਵਸਤੂ ਅਨੁਸਾਰ ਅਨੰਤ ਪ੍ਰਕਾਰ ਦੇ ਪ੍ਰਯਤਨ ਹੁੰਦੇ ਹਨ। ਜੋ ਵਸਤੂ ਜਿਸ ਉਪਾਇ ਦ੍ਵਾਰਾ ਮਿਲਦੀ ਹੈ, ਉਸੀ ਤਰ੍ਹਾਂ ਦਾ ਹੀ ਉਪਦੇ ਹੁੰਦਾ ਹੈ। ਮਨ ਵਿੱਚ ਵੱਸੀ ਹੋਈ ਵਸਤੂ ਅਤੇ ਸਮਝੇ ਹੋਏ ਉਪਾਇ ਵਿੱਚ ਲੱਗਣ ਾਤਰ ਸੰਕਲਪ ਉੱਠਦਾ ਹੈ ਅਤੇ ਉਸੀ ਮੁਤਾਬਿਕ ਕ੍ਰਿਆ ਵਿੱਚ ਜੁਟ ਪੈਂਦਾ ਹੈ ਪ੍ਰੰਤੂ ਜਿਸ ਨੂੰ ਵਾਂਛਿਤ ਵਸਤੂ ਸਭ ਜਗ੍ਹ ਦਿਖ ਰਹੀ ਹੋਵੇ, ਉਸ ਭਰਪੂਰ ਵਸਤੂ ਦੀ ਪ੍ਰਾਪਤੀ ਵਾਸਤੇ ਕਰਤੱਵ ਲਈ, ਕੋਈ ਸੰਕਲਪ ਉੱਠ ਸਕਦਾ ਹੈ? ਜੋ ਪੁਰ ਬਾਹਰ-ਭੀਤਰ ਹਰ ਅਵਸਥਾ ਅਤੇ ਹਰੇਕ ਜਗ੍ਹਾ ਆਪਣੇ ਆਤਮਾ ਪ੍ਰਭੂ ਨੂੰ ਹੀ ਦੇਖਦਾ ਹੈ, ਉਸ (ਇਸ ਪ੍ਰਕਾਰ ਦੇ ਬ੍ਰਹਮ ਵਿੱਚ ਇੱਕ ਰਸ ਮਿਲੇ ਹੋਏ) ਜੋਗੀ ਨੂੰ ਭਲਾ ਕਿਸ ਕਮੋਰੀ ਦੇ ਕਾਰਨ ਡਰ ਲਗਦਾ ਹੈ? ਉਸ ਤੋਂ ਭਿੰਨ ਭੀ ਕੋਈ ਹੋਰ ਹੈ ਜੋ ਉਸਦੇ ਭੈ ਦਾ ਕਾਰਣ ਬਣੇ?

**ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥**

**(ਅੰਗ ੨੨੩)**

**ਜਹ ਜਹ ਦੇਖਾ ਤਹ ਤਹ ਸੁਆਮੀ॥**
**ਤੂ ਘਟਿ ਘਟਿ ਰਵਿਆ ਅੰਤਰਜਾਮੀ॥** **(ਅੰਗ ੯੬)**

ਇਸ ਪ੍ਰਕਾਰ ਦੀ ਇੱਕ ਵਿਆਪਕ ਵਸਤੂ ਨੂੰ ਆਪਣਾ-ਆਪ ਜਾਣ ਕੇ, ਉਸ ਪ੍ਰਾਪਤ ਵਸਤੂ ਲਈ ਭੀ ਕੋਈ ਸੰਕਲਪ ਕਿਸ ਤਰ੍ਹਾਂ ਉੱਠ ਸਕਦਾ ਹੈ? ਉਸ ਸੰਕਲਪ-ੂਨ ਵਸਤੂ ਲਈ ਕਿਸ ਨੂੰ ਕਰਤੱਵ ਹੋਣਾ ਹੈ, ਹੋਣਾ ਕਿਸ ਵਾਸਤੇ ਅਤੇ ਹੋਣਾ ਕਿਉਂ ਹੈ? ਕਰਤੱਵ ਦਾ ਸੰਕਲਪ ਹੀ ਛੱਡੋ। ਆਪਣੇ-ਆਪ ਨੂੰ

ਅਕਰਤੱਵ ਸਮਝ ਕੇ, ਅਨੰਦ ਪੂਰਬਕ ਬਾਕੀ ਰਹਿੰਦੀ ਪ੍ਰਾਰੱਬਧ (ਪੂਰਬਲੇ ਕਰਮਾਂ ਦਾ ਫਲ) ਅਨੁਸਾਰ ਰੀਰ ਦੀ ਚੇਟਾ ਨੂੰ ਦੇਖੋ, ਸਾਖੀ (ਦ੍ਰਿਟਾ) ਸਦਾ ਹੀ ਨਿਰਲੇਪ ਹੈ।

**ਵਿਜੋਗੀ**-ਅਲੌਕਿਕ ਕਤੀ ਪ੍ਰਦਾਤਾ ਗੁਰੂਦੇਵ! ਵਰਣ, ਆ੍ਰਮ ਦੇ ਚਿੰਨ੍ਹ ਜੋ ਰੂਰੀ ਸਮਝ ਕੇ ਰੀਰ ਪਰ ਧਾਰਨ ਕੀਤੇ ਜਾਂਦੇ ਹਨ, ਉਨ੍ਹਾਂ ਨੀਯਤ ਚਿੰਨ੍ਹਾਂ ਵਿੱਚੋਂ ਜੇ ਕੋਈ ਇੱਕ ਗਲਤੀ ਨਾਲ ਭੰਗ ਹੋ ਜਾਂਦੀ ਸੀ ਯਾਨੀ ਕਿਸੇ ਵਕਤ ਨਹੀਂ ਰਹਿੰਦਾ ਸੀ ਤਾਂ ਇਸ ਭੁੱਲ ਤੋਂ ਬੜਾ ਹੀ ਭੈ ਲੱਗਦਾ ਹੁੰਦਾ ਸੀ ਪ੍ਰੰਤੂ ਹੁਣ ਮੇਰਾ ਮਨ ਇਸ ਬਾਰੇ ਬੜਾ ਨਿਰਭੈ ਹੈ ਅਤੇ ਚਾਹੁੰਦਾ ਹੈ ਕਿ ਹੁਣੇ ਹੀ ਸਭ ਚਿੰਨ੍ਹ ਉਤਾਰ ਕੇ ਸੁੱਟ ਦੇਵਾਂ, ਇਹ ਬਣਾਉਂਦੇ ਕੀ ਹਨ? ਇਨ੍ਹਾਂ ਦਾ ਹੋਣਾ ਅਥਵਾ ਨਾ ਹੋਣਾ, ਇੱਕੋ ਜਿਹਾ ਹੀ ਭਾਸਦਾ ਹੈ ਫਿਰ ਉਸ ਵਿੱਚ ਹਰਖ-ੋਕ ਕੀ ਹੋਣਾ ਹੈ? ਜੇ ਆਗਿਆ ਕਰੋ ਤਾਂ ਇਨ੍ਹਾਂ ਬਾਰੇ ਜੋ ਖਾਹਮਖਾਹ ਚਿੱਤ ਨੂੰ ਆਿਲ ਦੇਣਾ ਪੈਂਦਾ ਹੈ, ਉਸ ਸੰਕਲਪ ਦੇ ਨਿਮਿੱਤ ਨੂੰ ਤਿਆਗ ਹੀ ਦਿੱਤਾ ਜਾਵੇ।

**ਸਤਿਗੁਰੂ**-ਵਿਜੋਗੀ! ਇਹ ਤੇਰੀ ਮਰੀ ਹੈ। ਇਨ੍ਹਾਂ ਦਾ ਨਿਰਣਯ ਨਿਕਰਤੱਵਤਾ ਦੇ ਅੰਦਰ ਹੋ ਚੁੱਕਾ ਹੈ। ਇਹ ਬਾਹਰੀ ਚਿੰਨ੍ਹ ਕੇਵਲ ਰੀਰ ਦੇ ਹੀ ਧਰਮ (ਧਾਰਣ ਯੋਗ) ਹਨ, ਆਤਮਾ ਦੇ ਨਹੀਂ। ਗਿਆਨਵਾਨ ਇਸ ਦੇਹ ਅਧਾਸ (ਲਗਾਉ) ਤੋਂ ਬਾਹਰ ਨਿਕਲਿਆ ਹੋਇਆ ਹੁੰਦਾ ਹੈ ਯਾਨੀ ਇੰਨ੍ਹਾਂ ਚਿਨ੍ਹਾਂ ਨੂੰ ਰੀਰ ਵਾਂਗ ਹੀ ਅਨਿੱਤ ਜਾਣਦਾ ਹੈ।

**ਵਰਨ ਚਿਹਨ ਸਗਲਹ ਤੇ ਰਹਤਾ॥**
**ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ॥** **(ਅੰਗ ੨੫੯-੬੦)**

ਇਹ ਬਾਹਰੀ ਚਿੰਨ੍ਹ ਸੁਭਾਵਿਕ ਹੀ ਰੀਰ ਪਰ ਰਹੀ ਜਾਣ ਤਾਂ ਭੀ ਕੋਈ ਲਾਭ ਨਹੀਂ ਅਤੇ ਨਾ ਰਹਿਣ ਤਾਂ ਭੀ ਕੋਈ ਹਾਨੀ ਨਹੀਂ ਹੈ। ਗਿਆਨਵਾਨ ਦੇ ਚਿੱਤ ਵਿੱਚ ਇਨ੍ਹਾਂ ਦੇ ਰੱਖਣ ਯਾ ਨਾ ਰੱਖਣ ਦੀ ਬ੍ਰਿਤੀ ਹੀ ਉਦੇ (ਉਦਯ) ਨਹੀਂ ਹੁੰਦੀ। ਇਕ-ਰਸ ਬ੍ਰਹਮਾਕਾਰ ਬ੍ਰਿਤੀ, ਇਨ੍ਹਾਂ ਕਲਪਿਤ ਕੀਤੀਆਂ ਹੋਈਆਂ ਵਸਤੂਆਂ ਵਲ ਧਿਆਨ ਹੀ ਕਦੋਂ ਦਿੰਦੀ ਹੈ। ਅਨਿੱਤ ਵਸਤੂਆਂ ਵੱਲੋਂ ਟੁੱਟਿਆ ਹੋਇਆ ਸੰਕਲਪ, ਇਨ੍ਹਾਂ ਚਿੰਨ੍ਹਾਂ ਦੀ ਨਿਯਤ ਅਵਸਥਾ ਨੂੰ ਕਾਇਮ ਹੀ ਕਦ ਰਹਿਣ ਦਿੰਦਾ ਹੈ? ਕਿਉਂਕਿ ਗਿਆਨੀ ਦੇ ਨਿਸਚੇ ਵਿੱਚ ਇਨ੍ਹਾਂ ਦੀ ਕੋਈ ਕਦਰ ਨਹੀਂ

ਰਹਿੰਦੀ। ਸਹਜ ਸੁਭਾਅ ਰਹਿ ਗਏ ਤਾਂ ਭੀ ਵਾਹ ! ਵਾਹ !! ਅਤੇ ਨਾ ਰਹੇ ਤਾਂ ਭੀ ਵਾਹ ! ਵਾਹ !! ਹਰ ਤਰ੍ਹਾਂ ਅਨੰਦ ਹੀ ਅਨੰਦ ਹੈ। ਜੇ ਗਿਆਨਵਾਨ ਜਗਤ ਵਿੱਚ ਉਪਕਾਰ ਕਰਨ ਦੀ ਪ੍ਰਵਿਰਤੀ ਵਾਲਾ ਹੋਵੇ ਤਾਂ ਲੋਕਾਂ ਦੀ ਰਧਾ ਉਪਜਾਉਣ ਾਤਰ ਵਰਣ, ਆ੍ਰਮ ਦੇ ਚਿੰਨ੍ਹ ਕਾਇਮ ਰੱਖੇ ਅਤੇ ਜੇ ਇਸ ਲੋਕ-ਹਿਤਕਾਰਕ ਇੱਛਾ ਤੋਂ ਭੀ ਉੱਪਰ ਅਵਸਥਾ ਵਾਲਾ ਹੋਵੇ ਤਾਂ ਉਸ ਬਾਰੇ ਤਾਂ ਕਹਿਣਾ ਹੀ ਕੀ? ਉਹ ਜਿਸ ਹਾਲਤ ਵਿੱਚ ਮਰੀ ਰਹੇ। ਸੂਤ ਸੰਹਿਤਾ (ਗ੍ਰੰਥ) ਦੇ ਮੁਕਤੀ ਖੰਡ ਵਿੱਚ ਇਉਂ ਕਿਹਾ ਹੈ-

ਵਰਣ, ਆ੍ਰਮ ਆਦਿ ਦੇਹ ਦੇ ਵਿਯ ਹਨ। ਆਤਮਾ ਵਿੱਚ ਦੇਹ ਰੂਪੀ ਉਪਾਧੀ ਸੰਬੰਧ ਦੇ ਕਾਰਨ ਅਵਿੱਦਾ ਦੁਆਰਾ ਕਲਪਿਤ ਹੈ। ਮੈਂ ਜੋ ਬੋਧ ਰੂਪ ਹਾਂ, ਉਸਦਾ ਕਿਸੇ ਕਾਲ ਵਿੱਚ ਭੀ ਵਰਣ, ਆ੍ਰਮ ਆਦਿ ਧਰਮ ਨਹੀਂ। ਇਉਂ ਜੋ ਵੇ ਦਾਂਤ ਵਾਕਾਂ ਦੁਆਰਾ ਜਾਣਦਾ ਹੈ, ਉਹ ਅਤੀ (ਪਰੇ) ਵਰਣ-ਆ੍ਰਮੀ ਹੈ।

(ਸੂਤ: ਮੁ: ਅ: ੫)

ਆਤਮ-ਸਾਖਾਤ ਹੋਣ ਤੋਂ ਬਾਅਦ, ਜਿਸਦਾ ਵਰਣ ਅਤੇ ਆ੍ਰਮ ਦਾ ਆਚਾਰ (ਆਚਰਣ) ਨਿਵਿਰਤ ਹੋ ਗਿਆ ਹੈ, ਉਹ ਪੁਰ ਸਭ ਵਰਣ, ਆ੍ਰਮਾਂ ਨੂੰ ਉਲੰਘਣ (ਪਾਰ) ਕਰਕੇ, ਆਪਣੇ ਆਤਮਾ ਵਿੱਚ ਇਸਥਿੱਤ ਹੈ। ਆਤਮਾ ਦੇ ਸਾਖਾਤ ਦੁਆਰਾ, ਦੇਹ ਆਦਿ ਅਭਿਮਾਨ ਨਿਵਿਰਤ ਹੋਣ ਦੇ ਕਾਰਨ, ਦੇਹ ਦੇ ਨਾਲ ਹੀ ਉਸਦਾ ਵਰਣ, ਆ੍ਰਮ ਦੇ ਧਰਮਾਂ (ਨਿਯਮਾਂ) ਦਾ ਭੀ ਉਲੰਘਣ ਹੋ ਜਾਂਦਾ ਹੈ। ਅਜਿਹਾ ਮੁਕਤ ਪੁਰ ਅਤੀ ਵਰਣ-ਆ੍ਰਮੀ ਹੁੰਦਾ ਹੈ (ਵਰਣ-ਆ੍ਰਮ ਦੇ ਨਿਯਮਾਂ ਤੋਂ ਪਰੇ ਹੁੰਦਾ ਹੈ)। (ਸੂਤ: ਮੁ: ਅ: ੫)

ਜੋ ਆਪਣੇ ਵਰਣ, ਆ੍ਰਮ ਦੇ ਅਭਿਮਾਨ ਨੂੰ ਛੱਡਕੇ ਕੇਵਲ ਸੂਰੂਪ ਵਿੱਚ ਹੀ ਇਸਥਿਤ ਹੈ, ਉਸ ਨੂੰ ਵੇਦਾਂਤ-ਵੇਤਾ ਪੁਰ ਅਤੀ ਵਰਣ-ਆ੍ਰਮੀ ਕਹਿੰਦੇ ਹਨ। (ਸੂਤ: ਮੁ: ਅ: ੫)

ਵਰਣ-ਆ੍ਰਮ ਆਦਿ ਸੰਸਾਰ ਨੂੰ ਉਲੰਘਣ ਕਰਕੇ (ਲੰਘ ਕੇ) ਨਿਰਵਿਕਾਰ ਆਤਮਾ ਵਿੱਚ ਇਸਥਿਤ ਪੁਰ ਨੂੰ ਅਤੀ ਵਰਣ-ਆ੍ਰਮੀ ਕਹਿੰਦੇ ਹਨ। ਪ੍ਰੰਤੂ ਇਸ ਇੰਦ੍ਰੀਯ ਰਹਿਤ ਅਵਸਥਾ ਨੂੰ ਪ੍ਰਾਪਤ ਹੋਏ ਬਿਨਾਂ ਹੀ, ਜੋ ਵਰਣ-ਆ੍ਰਮ ਦੇ ਧਰਮਾਂ ਨੂੰ ਤਿਆਗ ਕੇ, ਮਨ ਮਰੀ ਦੀ ਚੇਟਾ ਕਰਨ ਵਾਲਾ ਹੈ, ਉਹ ਪਤਿਤ ਹੋ

ਜਾਂਦਾ ਹੈ ਕਿਉਂਕਿ ਉਹ ਅਗਿਆਨੀ ਹੈ। ਇਸ ਪ੍ਰਕਾਰ ਦੇ ਮੋਹ ਵਿੱਚ ਗ੍ਰਸੇ ਹੋਏ ਪ੍ਰਾਣੀ ਨੂੰ ਵਰਣ-ਆ੍ਰਮ ਦੇ ਧਰਮਾਂ ਯੁਕਤ ਰਹਿਣਾ ਹੀ ਉਚਿਤ ਹੈ।

ਜੀਵ ਕਰਮ ਨਾਲ ਬੱਝਦਾ ਹੈ ਅਤੇ ਗਿਆਨ ਨਾਲ ਮੁਕਤ ਹੋ ਜਾਂਦਾ ਹੈ, ਇਸ ਲਈ ਅਵਿੱਦਾ ਤੋਂ ਪਰੇ ਦੀ ਅਵਸਥਾ ਨੂੰ ਦੇਖਣ ਵਾਲੇ ਮੁਨੀ ਜਨ ਕਰਮ ਨਹੀਂ ਕਰਦੇ। ਕਰਮ, ਵਰਣ-ਆ੍ਰਮ ਦੇ ਅਨੁਸਾਰ ਕੀਤੇ ਜਾਂਦੇ ਹਨ। ਆਤਮਾ ਦਾ ਕੋਈ ਵਰਣ-ਆ੍ਰਮ ਹੈ ਹੀ ਨਹੀਂ ਤਾਂ ਆਤਮਾ ਨੂੰ ਕਿਸ ਵਰਣ-ਆ੍ਰਮ ਦਾ ਮੰਨਿਆ ਜਾਵੇਗਾ ਜਦ ਕਿ ਉਸਦੀ ਉਤਪਤੀ ਹੀ ਨਹੀਂ ਹੋਈ? ਇਸ ਪ੍ਰਕਾਰ ਦਾ ਅਜਨਮਾ-ਰੀਰ ਰਹਿਤ ਆਤਮਾ ਗਿਆਨਵਾਨ ਦਾ ਆਪਣਾ ਸ੍ਵਰੂਪ ਹੈ।

**ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥**
**ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥**
**ਇਆ ਮੰਦਰ ਮਹਿ ਕੌਨ ਬਸਾਈ॥ ਤਾ ਕਾ ਅੰਤੁ ਨ ਕੋਊ ਪਾਈ॥ ਰਹਾਉ॥**
**ਨਾ ਇਹੁ ਗਿਰਹੀ ਨਾ ਓਦਾਸੀ॥ ਨਾ ਇਹੁ ਰਾਜ ਨ ਭੀਖ ਮੰਗਾਸੀ॥**
**ਨਾ ਇਸੁ ਪਿੰਡੁ ਨ ਰਕਤੂ ਰਾਤੀ॥ ਨਾ ਇਹੁ ਬ੍ਰਹਮਨ ਨਾ ਇਹੁ ਖਾਤੀ॥**
**ਨਾ ਇਹੁ ਤਪਾ ਕਹਾਵੈ ਸੇਖੁ। ਨਾ ਇਹੁ ਜੀਵੈ ਨ ਮਰਤਾ ਦੇਖੁ॥**
**ਇਸੁ ਮਰਤੇ ਕਉ ਜੇ ਕੋਊ ਰੋਵੈ॥ ਜੋ ਰੋਵੈ ਸੋਈ ਪਤਿ ਖੋਵੈ॥** (ਅੰਗ ੮੭੧)

ਨਾ ਇਹ ਮਨੁੱਖ ਤੇ ਨਾ ਹੀ ਇਹ ਦੇਵਤਾ ਆਦਿ ਉੱਪਰ ਕਹੀਆਂ ਹੋਈਆਂ ਕਲਪਨਾਵਾਂ ਵਿੱਚੋਂ ਕੋਈ ਇੱਕ ਹੈ, ਕਿਉਂ? ਇਸ ਲਈ ਕਿ ਆਤਮਾ ਦਾ ਰੀਰ, ਇੰਦ੍ਰੀਆਂ ਅਤੇ ਮਨ ਨਹੀਂ ਹੈ। ਉਪ੍ਰੋਕਤ ਵਿਣ ਰੀਰ ਵਿੱਚ ਹਨ, ਇਸ ਪ੍ਰਕਾਰ ਦੇ ਅਰੀਰੀ ਆਤਮਾ ਵਿੱਚ ਇਹ ਸਭ ਕੁੱਝ ਨਾ ਹੋਣ ਦੇ ਕਾਰਨ ਹੀ ਕੋਈ ਕਰਤੱਵ ਨਹੀਂ ਹੈ। ਸਭ ਵਿਣਾਂ ਤੋਂ ਰਹਿਤ ਆਤਮਾ ਬਾਰੇ ਯਾਗਵਲਕ ਮੁਨੀ ਨੇ ਗਾਰਗੀ ਪ੍ਰਤੀ ਭੀ ਇਸ ਪ੍ਰਕਾਰ ਕਥਨ ਕੀਤਾ ਸੀ-

ਯਾਗਵਲਕ ਨੇ ਕਿਹਾ-ਹੇ ਗਾਰਗੀ! ਉਸ ਤੱਤ੍ਵ ਨੂੰ ਤਾਂ ਬ੍ਰਹਮਵੇਤਾ (ਅ+ਰ) ਅਰ (ਨਾ ਰਨ ਵਾਲਾ) ਕਹਿੰਦੇ ਹਨ, ਉਹ ਨਾ ਮੋਟਾ ਹੈ, ਨਾ ਪਤਲਾ, ਨਾ ਛੋਟਾ ਹੈ, ਨਾ ਵੱਡਾ, ਨਾ ਲਾਲ ਹੈ, ਨਾ ਦ੍ਰਵ, ਨਾ ਛਾਯਾ ਹੈ, ਨਾ ਤਮ (ਅੰਧਕਾਰ), ਨਾ ਵਾਯੂ ਹੈ, ਨਾ ਆਕਾ, ਨਾ ਸੰਗ ਹੈ, ਨਾ ਰਸ, ਨਾ ਗੰਧ ਹੈ, ਨਾ ਨੇਤ੍ਰ, ਨਾ ਕੰਨ ਹੈ, ਨਾ ਬਾਣੀ, ਨਾ ਮਨ ਹੈ, ਨਾ ਤੇਜ, ਨਾ ਪ੍ਰਾਣ ਹੈ, ਨਾ ਮੁੱਖ, ਨਾ ਮਾਪ ਹੈ, ਉਹ

ਨਾ ਅੰਤਰਿ (ਅੰਦਰ) ਹੈ, ਨਾ ਬਾਹਰ, ਉਹ ਕੁੱਝ ਭੀ ਨਹੀਂ ਖਾਂਦਾ, ਉਸਨੂੰ ਕੋਈ ਭੀ ਨਹੀਂ ਖਾਂਦਾ। (ਬ੍ਰਿਹ: ਉ: ੩।੮।੮)

ਇਸ ਪ੍ਰਕਾਰ ਦਾ ਅਦੁੱਤੀਯ ਆਤਮਾ, ਬਾਣੀ ਦੇ ਕਥਨ ਤੋਂ ਬਾਹਰ ਹੈ। ਜੋ ਇਹੋ ਜਿਹੇ ਅਕਥਨੀਯ ਗੀਰ ਰਹਿਤ ਆਤਮਾ ਵਿੱਚ ਗਿਆਨੀ ਲੋਕ ਇਸਥਿਤ ਹਨ ਯਾਨੀ ਗਿਆਨੀ ਪੁਰਾਂ ਦਾ ਆਪਣਾ-ਆਪ ਹੈ, ਉਹ ਕਿਸ ਕਰਮ ਦੇ ਕਰਨ ਵਾਲੇ ਹਨ ਅਤੇ ਕਿਸ ਕਰਮ ਨੂੰ, ਕਿਸ ਪਾਸੋਂ ਕਰਾਉਣ ਵਾਲੇ ਹਨ? ਸਭ ਵਿਕਾਰਾਂ ਦਾ ਮੂਲ ਜਨਮ ਹੈ ਅਤੇ ਆਤਮਾ ਜਨਮ ਰਹਿਤ ਹੋਣ ਦੇ ਕਾਰਨ ਹੀ ਨਿਰਵਿਕਾਰ ਹੈ।

ਇਹ ਪੁਰ ਅਵਿੱਦਾ ਅਵਸਥਾ ਵਿੱਚ ਕਾਰਕ, ਕ੍ਰਿਆ ਅਤੇ ਫਲ ਵਾਲਾ ਹੁੰਦਾ ਹੈ। ਵਾਸਤ੍ਵਿਕ ਆਤਮਾ ਵਿੱਚ ਅਵਿੱਦਾ ਹੈ ਹੀ ਨਹੀਂ। ਵਿੱਦਵਾਨ-ਗਿਆਨ ਦ੍ਵਾਰਾ ਫਲ, ਕ੍ਰਿਆ ਅਤੇ ਕਾਰਕ ਤੋਂ ਰਹਿਤ ਸਰਬਾਤਮ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ। ਰੱਸੀ ਦਾ ਨਿਸਚੇ ਹੋ ਜਾਣ ਨਾਲ ਜਿਉਂ ਸੱਪ ਅਤੇ ਸੱਪ ਦਾ ਗਿਆਨ ਨਿਵਿਰਤ ਹੋ ਜਾਂਦਾ ਹੈ ਤਿਉਂ ਹੀ ਆਤਮ-ਗਿਆਨ ਨਾਲ ਆਤਮਾ ਵਿੱਚ ਅਵਿੱਦਾ ਦ੍ਵਾਰਾ ਪ੍ਰਤੀਤ ਹੋਣ ਵਾਲੇ ਕਾਰਕ, ਕ੍ਰਿਆ ਅਤੇ ਫਲ ਦੀ ਨਿਵਿਰਤੀ ਹੋ ਜਾਂਦੀ ਹੈ। ਇਸ ਪ੍ਰਕਾਰ ਦਾ ਮੁਕਤ ਸ੍ਵਰੂਪ ਦਿਖਾਉਣ ਵਾਸਤੇ, ਇਸਤ੍ਰੀ ਨਾਲ ਮਿਲੇ ਹੋਏ ਪੁਰ ਦਾ ਦ੍ਰਿਟਾਂਤ ਦੇ ਕੇ ਸ੍ਰੁਤੀ ਇਉਂ ਕਥਨ ਕਰਦੀ ਹੈ-

## *ਮੁਕਤੀ ਦਾ ਸ੍ਵਰੂਪ*

ਉਹ ਇਸ ਦਾ ਕਾਮ ਰਹਿਤ, ਪਾਪ ਰਹਿਤ ਅਤੇ ਅਭੈ ਰੂਪ ਹੈ। ਵਿਵਹਾਰ ਵਿੱਚ ਜਿਸ ਪ੍ਰਕਾਰ ਆਪਣੀ ਇਸਤ੍ਰੀ ਦੇ ਆਲਿੰਗਨ ਕਰਨ ਵਾਲੇ ਪੁਰ ਨੂੰ ਨਾ ਕੁੱਝ ਬਾਹਰ ਦਾ ਗਿਆਨ ਰਹਿੰਦਾ ਹੈ ਤੇ ਨਾ ਹੀ ਭੀਤਰ ਦਾ ਹੀ। ਇਸੀ ਪ੍ਰਕਾਰ ਉਹ ਗਿਆਨੀ ਪੁਰ, ਪ੍ਰਗ੍ਯਾਤਮਾ ਨਾਲ ਆਲਿੰਗਤ ਹੋਣ ਪਰ ਨਾ ਕੁੱਝ ਬਾਹਰ ਦਾ ਵਿਯ ਜਾਣਦਾ ਹੈ ਤੇ ਨਾ ਕੁੱਝ ਅੰਦਰ ਦਾ ਹੀ, ਇਹ ਇਸਦਾ ਆਪਤ ਕਾਮ, ਆਤਮ ਕਾਮ, ਅਕਾਮ ਅਤੇ ਕ-ਨ ਰੂਪ ਹੈ। (ਬ੍ਰਿਹ: ਉ: ੪। ੩।੨੧)

ਸਭ ਕਾਮਨਾਵਾਂ ਤੋਂ ਰਹਿਤ ਅਤੇ ਧਰਮ-ਅਧਰਮ ਤੋਂ ਭੀ ਰਹਿਤ ਹੈ। ਭੈ ਤਾਂ ਅਵਿੱਦਾ ਦਾ ਕਾਰਜ ਹੈ ਜੋ ਭੈ ਤੋਂ ਰਹਿਤ ਹੈ, ਉਸ ਵਿੱਚ ਨਿਸਚੇ ਹੀ ਅਵਿੱਦਾ

ਨਹੀਂ ਕਿਉਂਕਿ ਕਾਰਜ ਦਾ ਨਿੰਧ ਕਰਨ ਨਾਲ, ਕਾਰਨ ਦਾ ਭੀ ਨਿੰਧ ਕੀ ਤਾ ਜਾਣ ਲੈਣਾ ਚਾਹੀਦਾ ਹੈ। ਇਸ ਪ੍ਰਕਾਰ ਇਹ ਜੋ ਵਿੱਦਾ (ਗਿਆਨ) ਦਾ ਫਲ ਸਰਬਾਤਮ ਭਾਵ ਹੈ ਉਹ ਕਾਮ ਰਹਿਤ, ਪੁੰਨ-ਪਾਪ ਰਹਿਤ ਅਤੇ ਅਭੈ ਰੂਪ ਹੈ। ਸੰਪੂਰਨ ਸੰਸਾਰਕ ਧਰਮਾਂ ਤੋਂ ਰਹਿਤ ਹੈ, ਇਸ ਲਈ ਨਿਰਭੈ ਹੈ।ਆਤਮ-ਇਸਥਿਤੀ ਨੂੰ ਪ੍ਰਾਪਤ ਹੋਏ ਦੀ ਅਵਸਥਾ ਦਿਖਾਉਣ ਵਾਸਤੇ ਪੁਰ-ਇਸਤ੍ਰੀ ਦੇ ਮਿਲਣ ਦਾ ਦ੍ਰਿਟਾਂਤ ਦਿੱਤਾ ਹੈ। ਉਸ ਸਮੇਂ ਇੱਕ-ਰਸ ਅਨੁਭਵ ਕਰ ਰਹੀ ਬ੍ਰਿਤੀ ਵਿੱਚ ਵਿ - ਆਨੰਦ ਤੋਂ ਬਿਨਾਂ ਜਿਉਂ ਪੁਰ ਨੂੰ ਸੰਸਾਰ ਤੋਂ ਬੇਖਬਰੀ ਹੁੰਦੀ ਹੈ ਯਾਨੀ ਮੇਰੇ ਤੋਂ ਜੁਦਾ ਭੀ ਕੋਈ ਵਸਤੂ ਹੈ ਇਹ ਸੋਝੀ ਨਹੀਂ ਰਹਿੰਦੀ ਅਤੇ ਨਾ ਹੀ ਚਿੱਤ ਦੇ ਅੰਦਰ ਜੋ ਅਨੰਤ ਪ੍ਰਕਾਰ ਦੀ ਚਿੰਤਾ ਹੈ ਅਥਵਾ ਖ਼ੁ ਆਦਿ ਜੋ ਉਸ ਵਕਤ ਤੋਂ ਪਹਿਲਾਂ (ਦੁੱਖ-ਸੁੱਖ ਆਦਿ) ਕੰਡੇ ਦੀ ਤਰ੍ਹਾਂ ਰੜਕਦੇ ਰਹਿਣ ਵਾਲੇ ਸਨ, ਕਿਸੇ ਨੂੰ ਭੀ ਨਹੀਂ ਜਾਣਦਾ-ਇਸਤ੍ਰੀ ਦੀ ਇੱਛਾ ਪੂਰਤੀ ਲਈ ਤਥਾ ਆਪ ਭੀ ਕਾਮੁਕ ਹੋ ਕੇ, ਉਸ ਰਸ ਵਿੱਚ ਮਗਨ ਹੋ ਜਾਂਦਾ ਹੈ। ਜਿਉਂ ਇਹ ਦ੍ਰਿਟਾਂਤ ਹੈ, ਤਿਉਂ ਹੀ ਦੇਹ ਅਤੇ ਇੰਦ੍ਰੀਆਂ ਆਦਿ ਸੰਘਾਤ ਰੂਪ (ਸਮੂਹ ਰੂਪ) ਜਲ ਵਿੱਚ ਆਤਮਾ ਰੂਪੀ ਚੰਦ੍ਰਮਾਂ ਦੇ ਪ੍ਰਤੀਬਿੰਬ ਦੀ ਤਰ੍ਹਾਂ, ਆਪਣੇ ਆਪ ਨੂੰ ਅਗਿਆਨ ਵੱਸ ਜੁਦਾ ਸਮਝਦਾ ਹੋਇਆ, ਗਿਆਨ ਅਵਸਥਾ ਵਿੱਚ ਆਪਣੇ ਵਾਸਤ੍ਵਿਕ ਬਿੰਬ ਸ੍ਵਰੂਪ ਆਤਮਾ ਯਾਨੀ ਪ੍ਰਭੂ ਨਾਲ ਇੱਕ ਮਿੱਕ ਹੋ ਜਾਂਦਾ ਹੈ। ਆਪਣੇ ਮਹਾਨ ਆਨੰਦ ਸ੍ਵਰੂਪ ਵਿੱਚ ਇਸਥਿਤ ਹੋ ਕੇ ਬਾਹਰਲੀਆਂ ਵਸਤੂਆਂ ਨੂੰ ਨਹੀਂ ਜਾਣਦਾ ਅਤੇ ਨਾ ਹੀ ਆਪਣੇ ਵਿੱਚ ਅਵਿੱਦਾ ਦ੍ਵਾਰਾ ਆਰੋਪਿਤ ਮਨ, ਇੰਦ੍ਰੀਆਂ ਅਤੇ ਦੇਹ ਤੋਂ ਉਤਪੰਨ ਹੋਣ ਵਾਲੇ ਦੁੱਖ-ਸੁੱਖ ਨੂੰ ਹੀ ਜਾਣਦਾ ਹੈ। ਸਰਬਾਤਮ ਭਾਵ ਨਾਲ ਬ੍ਰਹਮ ਰੂਪ ਹੋਇਆ, ਆਪਣੇ ਤੋਂ ਭਿੰਨ ਕਿਸੇ ਵਸਤੂ ਨੂੰ ਸੁਪਨ ਅੰਦਰ ਭੀ ਨਹੀਂ ਦੇਖਦਾ, ਜਿਉਂ ਏਕਾਂਤ ਅਤੇ ਨਿਰਭੈ ਅਸਥਾਨ ਵਿੱਚ ਮਿਲਕੇ ਇਸਤ੍ਰੀ ਪੁਰ ਦਾ ਭੇਦ ਮਿਟ ਜਾਂਦਾ ਹੈ। ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਵਿ ਕਰਕੇ ਦ੍ਵੈਤ ਹੀ ਅਨੰਤ ਪ੍ਰਕਾਰ ਦੀ ਕਲਪਨਾ ਕਰਾਉਂਦੀ ਹੈ।ਆਤਮਾ ਤੋਂ ਭਿੰਨ ਵਸਤੂ ਨੂੰ ਕਾਇਮ ਕਰਾ ਕੇ ਦਿਖਾਉਣ ਵਾਲੀ ਕੇਵਲ ਅਵਿੱਦਾ ਹੀ ਹੈ। ਸੋ ਜਿਸ ਸਮੇਂ ਇਸ ਅਵਿੱਦਾ ਤੋਂ ਇਹ ਆਪਣੇ-ਆਪ ਨੂੰ ਜੁਦਾ ਜਾਣ ਲੈਂਦਾ ਹੈ, ਉਸ ਵਕਤ ਇਸਦੀ ਸਭ ਨਾਲ ਏਕਤਾ ਹੀ ਹੋ ਜਾਂਦੀ ਹੈ ਤਦ ਆਤਮਾ ਸ੍ਵਯੰ ਜੋਤੀ ਸ੍ਵਰੂਪ ਆਪਣੇ ਵਾਸਤ੍ਵਿਕ ਭਾਵ ਵਿੱਚ, ਇਸਥਿਤ ਹੋ ਜਾਂਦਾ ਹੈ। ਉਸ ਪ੍ਰਕਾਰ ਦੀ ਸੁਭਾਵਿਕ ਸ੍ਵਰੂਪ ਇਸਥਿਤੀ ਵਿੱਚ

ਗਿਆਤਾ, ਗਿਆਨ ਅਤੇ ਗੇਯ ਆਦਿ ਤ੍ਰਿਪੁਟੀਆਂ* ਦੇ ਨਾ ਰਹਿਣ ਕਾਰਨ, ਕੋਈ ਕਾਮਨਾ ਕਿਸ ਪ੍ਰਕਾਰ ਦੀ ਹੋ ਸਕਦੀ ਹੈ?

ਸਭ ਨਾਲ ਏਕਤਾ ਹੀ ਇਸ ਦਾ ਸੂਰੂਪ ਹੈ ਇਸ ਲਈ ਸ੍ਵਯੰ ਜੋਤੀ ਸੂਰੂਪ ਆਤਮਾ ਦਾ ਇਹ ਰੂਪ ਆਪਤ ਕਾਮ ਹੈ। ਆਪਣੇ ਤੋਂ ਜੁਦਾ ਜਿਸ ਵਸਤੂ ਨੂੰ ਸਮਝਿਆ ਜਾਂਦਾ ਹੈ, ਉਸ ਵਿੱਚ ਹੀ ਇੱਛਾ ਹੁੰਦੀ ਹੈ। ਅਜਿਹੀ ਹਾਲਤ ਵਿੱਚ ਉਹ ਅਨਾਤਮ ਕਾਮ ਹੁੰਦਾ ਹੈ ਪ੍ਰੰਤੂ ਜਦ ਇਸਦੀ ਸਭ ਨਾਲ ਏਕਤਾ ਹੋ ਜਾਂਦੀ ਹੈ, ਉਸ ਸਮੇਂ ਸਭ ਕਾਮਨਾ ਇਸ ਨੂੰ ਪ੍ਰਾਪਤ ਹੀ ਰਹਿੰਦੀਆਂ ਹਨ, ਇਸ ਲਈ ਆਪਤ ਕਾਮ ਹੈ।

੍ਤੀ ਕਹਿੰਦੀ ਹੈ ਕਿ ਆਤਮਾ ਤੋਂ ਜੁਦਾ ਕੋਈ ਵਸਤੂ ਨਹੀਂ ਹੈ। ਜਿਸ ਪ੍ਰਕਾਰ ਜਾਗ੍ਰਿਤ ਅਤੇ ਸੁਪਨ ਵਿੱਚ ਅਵਿੱਦਾ ਦੇ ਕਾਰਨ, ਅਨੰਤ ਰੂਪ ਦਿਖਦੇ ਹਨ ਅਤੇ ਉਨ੍ਹਾਂ ਦੀ ਕਾਮਨਾ ਭੀ ਹੁੰਦੀ ਹੈ, ਪ੍ਰੰਤੂ ਅਵਿੱਦਾ ਰੂਪ ਹੇਤੂ ਦਾ ਅਭਾਵ ਹੋ ਜਾਣ ਪਰ ਆਤਮਾ ਤੋਂ ਭਿੰਨ ਸਭ ਵਿਖਿਆਂ ਦਾ ਅਭਾਵ ਹੈ। ਇਹ ਇਸ ਪ੍ਰਕਾਰ ਦਾ ਰੂਪ, ਹਰ ਹਾਲਤ ਵਿੱਚ ਹੀਂ ਕ ਤੋਂ ਰਹਿਤ ਹੈ।

ਇਸ ਪ੍ਰਕਰਣ ਵਿੱਚ੍ਤੀ ਨੇ ਸੁਖੁਪਤੀ ਅਵਸਥਾ ਵਿੱਚ ਆਤਮਾ ਦਾ ਆਪਤਕਾਮ, ਆਤਮਕਾਮ, ਅਕਾਮ ਅਤੋਂ ਕ੍ਰ ਨ ਰੂਪ ਦਿਖਾਇਆ ਹੈ ਕਿ ਕੋਈ ਭੀ ਅਵਸਥਾ ਹੋਵੇ, ਵਸਤੂ ਦਾ ਸ੍ਵਭਾਵ ਨਹੀਂ ਬਦਲਦਾ। ਆਤਮਾ ਹੈ ਹੀ ਇਸ ਪ੍ਰਕਾਰ ਦਾ ਯਾਨੀ ਇਹ ਆਤਮਾ ਦਾ ਸੁਭਾਵਿਕ ਸੂਰੂਪ ਹੈ। ਇਸ ਤੋਂ ਵਿਪਰੀਤ ਜੋ ਅਗਿਆਨੀਆਂ ਨੂੰ ਭਾਸਦਾ ਹੈ, ਉਹ ਅਵਿੱਦਾ ਦਾ ਪ੍ਰਭਾਵ ਹੈ।

ਸੁਖੁਪਤੀ ਅਵਸਥਾ ਵਿੱਚ, ਆਤਮਾ ਤੋਂ ਭਿੰਨ ਕੋਈ ਦੂਜੀ ਵਸਤੂ ਨਹੀਂ ਹੈ, ਇਸ ਲਈ ਆਤਮਾ ਆਪਣੇ ਤੋਂ ਜੁਦਾ ਕੁੱਝ ਭੀ ਅਨੁਭਵ ਨਹੀਂ ਕਰਦਾ। ਦ੍ਰਿਟਾ ਆਤਮਾ ਦੀ ਦ੍ਰਿਟੀ ਤਾਂ ਉਸ ਵੇਲੇ ਭੀ ਅਬਿਨਾਸ਼ੀ ਯਾਨੀ ਮੌਜੂਦ ਹੈ ਜਿਉਂ ਅੱਗ ਦੀ ਗਰਮਾਈ ਤੇ ਪ੍ਰਕਾ, ਅੱਗ ਦੇ ਨਾਲ ਹੀ ਰਹਿਣ ਵਾਲੇ ਹਨ–

ਦ੍ਰਿਟਾ ਦੀ ਦ੍ਰਿਟੀ ਦਾ ਕਦੇ ਲੋਪ ਨਹੀਂ ਹੁੰਦਾ। (ਬ੍ਰਿਹ: ਉ: ੪।੩।੨੩)

ਇਉਂ੍ਤੀ ਕਹਿੰਦੀ ਹੈ ਪ੍ਰੰਤੂ ਉਸ ਵਕਤ ਕੋਈ ਦੂਜੀ ਵਸਤੂ ਨਹੀਂ ਹੈ। ਜਿਸ ਨੂੰ ਕਿ ਦ੍ਰਿਟਾ ਦੇਖੇ। ਇਹ ਠੀਕ ਹੈ, ਉਸ ਸਮੇਂ ਅਨੇਕ ਵਾਨਾਵਾਂ ਬੀਜ ਰੂਪ ਹੋ

---

* ਤ੍ਰਿਪੁਟੀ : ਗਿਆਤਾ, ਗਿਆਨ, ਗੇਯ; ਧਿਆਤਾ, ਧਿਆਨ, ਧਯੇਯ; ਪ੍ਰਮਾਤਾ, ਪ੍ਰਮਾਣ, ਪ੍ਰਮੇਯ, ਦ੍ਰਿਟਾ, ਦ੍ਰਿਟੀ ਅਤੇ ਦ੍ਰਿ ਆਦਿ ਹੋਰ ਵੀ ਤ੍ਰਿਪੁਟੀਆਂ ਾਸਤ੍ਰ ਪ੍ਰਕਿਰਿਆ ਵਿੱਚ ਮਿਲਦੀਆਂ ਹਨ।

ਕੇ ਸਾਖੀ ਦੇ ਆਤ੍ਰਿ ਅਵਿੱਦਾ ਵਿੱਚ ਪਈਆਂ ਹਨ, ਉਹ ਪ੍ਰਤੱਖ ਨਾ ਹੋਣ ਦੇ ਕਾਰਨ ਹੀ ਸਾਖੀ ਦੇ ਦ੍ਰਿਟੀ ਗੋਚਰ ਨਹੀਂ ਹੁੰਦੀਆਂ। ਇਹ ਅਵਿੱਦਾ ਦੀ ਾਂਤ ਅਵਸਥਾ ਵਿੱਚ ਕਿਸ ਇੰਦ੍ਰੀਯ ਨਾਲ ਕਿਸ ਵਸਤੂ ਨੂੰ ਦੇਖੇ? ਪ੍ਰੰਤੂ ਗਿਆਨ ਦੁਆਰਾ ਉਸ ਬੀਜ ਸਹਿਤ ਅਵਿੱਦਾ ਦਾ ਵਿਨਾ ਹੋ ਜਾਣ ਪਰ, ਉਹ ਆਪਣੇ ਤੋਂ ਭਿੰਨ ਕਿਸੇ ਵਸਤੂ ਨੂੰ ਨਹੀਂ ਦੇਖਦਾ। ਅਜਿਹਾ ਆਪਤ-ਕਾਮ, ਆਤਮ-ਕਾਮ, ਅਕਾਮ ਅਤੇ ੋ ਕੂ ਨ ਜੋ ਗਿਆਨਵਾਨ ਦਾ ਆਪਣਾ ਸ੍ਵਰੂਪ ਹੈ, ਉਸ ਵਿੱਚ ਕੋਈ ਕਰਤੱਵ ਨਹੀਂ। ਨਿਕਰਤੱਵਤਾ ਦੇ ਕਾਰਨ, ਉਹ ੋ ਕ੍ਰ ਨ ਰੂਪ ਹੈ। ਇਹ ਪ੍ਰਸਿੱਧ ਹੀ ਹੈ ਕਿ ਜਿਸ ਨੂੰ ਕੋਈ ਕਾਮਨਾ ਨਹੀਂ ਹੁੰਦੀ, ਉਹ ੋ ਕ ਤੋਂ ਰਹਿਤ ਹੁੰਦਾ ਹੈ, ਮਨ-ਮਰੀ ਮੁਤਾਬਿਕ ਜੋ ਵਿਿਆਂ ਦੀ ਇੱਛਾ ਹੁੰਦੀ ਹੈ, ਉਸਦਾ ਪ੍ਰਾਪਤ ਹੀ ਨਾ ਹੋਣਾ ੋ ਕ ਦਾ ਨਿਮਿੱਤ ਬਣਦਾ ਹੈ। ਪ੍ਰ ਜਿਸ ਵਸਤੂ ਨੂੰ ਚਾਹੁੰਦਾ ਹੈ, ਉਸਦੇ ਨਾ ਮਿਲਣ ਪਰ ਜਾਂ ਮਿਲੇ ਹੋਏ ਪਦਾਰਥ ਦੇ ਵਿਯੋਗ ਨਾਲ, ਚਿੱਤ ਵਿੱਚ ਉਸਦੇ ਗੁਣਾਂ ਦਾ ਚਿੰਤਨ ਰਹਿਣ ਕਰਕੇ ਦੁਖੀ ਹੁੰਦਾ ਹੈ, ਇਹ ੋ ਕ ਹੈ ਪ੍ਰੰਤੂ ਆਤਮਾ ਅਕਾਮ ਹੈ ਯਾਨੀ ਸਭ ਕਾਮਨਾਵਾਂ ਤੋਂ ਰਹਿਤ ਹੈ। ਕਾਮਨਾਵਾਂ ਤਾਂ ਅਵਿੱਦਾ ਦੁਆਰਾ ਆਪਣੇ ਵਾਸਤਵ ਸ੍ਵਰੂਪ ਨੂੰ ਭੁੱਲ ਕੇ ਹੀ ਹੁੰਦੀਆਂ ਸਨ। ਵਿੱਦਾ ਅਵਸਥਾ ਵਿੱਚ ਸਭ ਕਾਮਨਾਵਾਂ ਨੂੰ ਉਲੰਘਣ ਕਰ ਗਿਆ, ਯਾਨੀ ਅਵਿੱਦਾ ਤੋਂ ਪਰੇ ਦੀ ਅਵਸਥਾ ਆਤਮਾ ਵਿੱਚ ਇਸਥਿਤ ਹੈ, ਇਸ ਲਈ ੋ ਕ ਰਹਿਤ ਹੈ। ਦ੍ਵੈਤ ਨਾ ਰਹਿਣ ਦੇ ਕਾਰਨ ਤੱਤ੍ਵਵੇਤਾ ਆਪਣੇ ਆਤਮਾ ਵਿੱਚ ਹੀ ਮਗਨ ਹੋ ਜਾਂਦਾ ਹੈ-

ਜੋ ਮਨੁੱਖ ਆਤਮਾ ਵਿੱਚ ਹੀ ਪ੍ਰੀਤੀ ਵਾਲਾ, ਆਤਮਾ ਵਿੱਚ ਹੀ ਤ੍ਰਿਪਤ ਅਤੇ ਆਤਮਾ ਵਿੱਚ ਹੀ ਸੰਤੁਟ ਹੋਵੇ, ਉਸ ਨੂੰ ਕੋਈ ਕਰਤੱਵ ਨਹੀਂ ਹੈ।

(ਗੀ: ਅ: ੩ : ੧੭)

## *ਕਾਮਨਾ ਅਨੁਸਾਰ ਅੱਛੀ ਬੁਰੀ ਗਤੀ ਤੇ ਨਿਕਾਮ ਬ੍ਰਹਮਵੇਤਾ ਦੀ ਮੁਕਤੀ*

ਇਸ ਜੀਵ ਦਾ ਮਨ, ਜਿਸ ਪਦਾਰਥ ਵਿੱਚ ਅਤੰਤ ਖਚਿੱਤ ਹੁੰਦਾ ਹੈ, ਉਸੀ ਦੇ ਫਲ ਨੂੰ ਇਹ ਅਭਿਲਾਾ ਯੁਕਤ ਹੋ ਕੇ, ਕਰਮ ਸਹਿਤ ਪ੍ਰਾਪਤ ਕਰਦਾ ਹੈ। ਇਸ ਲੋਕ (ਮਾਤ-ਲੋਕ) ਵਿੱਚ ਇਹ ਜੋ ਕੁੱਝ ਕਰਦਾ ਹੈ, ਉਸ ਕਰਮ ਦਾ ਫਲ

ਪ੍ਰਾਪਤ ਕਰਕੇ, ਉਸ ਲੋਕ ਤੋਂ ਕਰਮ ਕਰਨ ਲਈ ਫਿਰ ਇਸ ਲੋਕ ਵਿੱਚ ਆ ਜਾਂਦਾ ਹੈ, ਕਾਮਨਾ ਕਰਨ ਵਾਲਾ ਮਨੁੱਖ ਅਵੱ ਹੀ ਇਸ ਤਰ੍ਹਾਂ ਕਰਦਾ ਹੈ। (ਕਾਮਨਾ ਨਾ ਕਰਨ ਵਾਲੇ ਪੁਰ ਦੇ ਵਿ ਵਿੱਚ ਕਹਿੰਦੇ ਹਨ) ਜੋ ਅਕਾਮ, ਨਿਕਾਮ, ਆਪਤ-ਕਾਮ ਅਤੇ ਆਤਮ-ਕਾਮ ਹੁੰਦਾ ਹੈ, ਉਸਦੇ ਪ੍ਰਾਣਾਂ ਦਾ ਉਤਕ੍ਰਮਣ* ਨਹੀਂ ਹੁੰਦਾ, ਉਹ ਬ੍ਰਹਮ ਹੁੰਦਾ ਹੋਇਆ ਹੀ ਬ੍ਰਹਮ ਨੂੰ ਪ੍ਰਾਪਤ ਹੋ ਜਾਂਦਾ ਹੈ। (ਬ੍ਰਿਹ: ਉ: ੪।੪।੬)

ਇਹ ਨਿਸਚਿਤ ਗੱਲ ਹੈ ਕਿ ਕਾਮਨਾ ਹੀ ਸੰਸਾਰ ਦਾ ਰੂਪ ਹੈ। ਇਸ ਲਈ ਜਿਸਦੀ ਕਾਮਨਾ ਨਿਵਿਰਤ ਹੋ ਗਈ ਹੈ, ਉਸ ਨਿਕਾਮ ਗਿਆਨਵਾਨ ਦੇ ਦ੍ਵਾਰਾ ਕੀਤੇ ਜਾ ਰਹੇ ਸਾਰੇ ਹੀ ਕਰਮ, ਬੰਧਿਆ (ਬਾਂਝ) ਇਸਤ੍ਰੀ ਦੇ ਪੁਤ੍ਰ ਤੁੱਲ ਹੋ ਜਾਂਦੇ ਹਨ। ਭੁੱਜੇ ਹੋਏ ਬੀਜ ਦੀ ਤਰ੍ਹਾਂ ਉਹ ਅਭਿਲਾਾ ਅਤੇ ਕਰਤਾ ਬੁੱਧੀ ਤੋਂ ਹੀਨ ਕੀਤੇ ਹੋਏ ਕਰਮ, ਅੰਕੁਰ ਉਤਪੱਤੀ ਦੇ ਯੋਗ ਨਹੀਂ ਰਹਿੰਦੇ। ਇਸ ਲਈ ਉਸ ਤੱਤ੍ਵਵੇਤਾ ਪੁਰ ਦੇ ਪ੍ਰਾਣ ਕਿਸੇ ਦੂਜੀ ਜਗ੍ਹਾ ਨਹੀਂ ਜਾਂਦੇ ਯਾਨੀ ਹੋਰ ਰੀਰ ਧਾਰਨ ਨਹੀਂ ਕਰਦੇ। ਪ੍ਰਾਣ ਅਤੇ ਰੀਰ ਦਾ ਵਿਜੋਗ ਹੁੰਦੇ ਹੀ ਆਪਣੇ-ਆਪਣੇ ਕਾਰਨ ਵਿੱਚ ਸਭ ਅਵੈਵ (ਪ੍ਰੀਵਰਤਨੀਲ) ਲੀਨ ਹੋ ਜਾਂਦੇ ਹਨ। ਆਤਮਾ ਵਿੱਚ ਇਸਥਿਤ ਪੁਰ ਬ੍ਰਹਮ ਰੂਪ ਹੀ ਹੈ ਯਾਨੀ ਬ੍ਰਹਮ ਨੂੰ ਪ੍ਰਾਪਤ ਹੋ ਜਾਂਦਾ ਹੈ। ਆਪਣੇ ਆਤਮਾ ਤੋਂ ਕਿਸੇ ਬਿਲੱਛਣ ਬ੍ਰਹਮ ਨੂੰ ਨਹੀਂ ਕਿਉਂਕਿ ਆਤਮਾ ਤੋਂ ਜੁਦਾ ਕੋਈ ਬ੍ਰਹਮ ਨਹੀਂ ਹੈ, ਜਿਸ ਨੂੰ ਕਿਸੇ ਦੂਜੀ ਜਗ੍ਹਾ ਜਾਕੇ ਪ੍ਰਾਪਤ ਕਰੇ। ਅਗਿਆਨ ਅਵਸਥਾ ਤੇ ਗਿਆਨ ਅਵਸਥਾ ਇਨ੍ਹਾਂ ਦੋਹਾਂ ਅੰਦਰ, ਬ੍ਰਹਮ ਦਾ ਰੂਪ ਇੱਕੋ ਜਿਹਾ ਹੀ ਹੈ। ਅਜਿਹਾ ਨਹੀਂ ਕਿ ਗਿਆਨ ਹੋ ਜਾਣ ਨਾਲ ਪਹਿਲੀ ਅਵਸਥਾ ਤੋਂ ਬਿਲੱਛਣ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ।

**ਪ੍ਰ ਨ** -ਜੇ ਇਹ ਗੱਲ ਹੈ ਤਾਂ ਗਿਆਨੀ ਅਤੇ ਅਗਿਆਨੀ ਦੋਨੋਂ ਮੁਕਤ ਹੀ ਹਨ, ਬ੍ਰਹਮ ਦੋਹਾਂ ਨੂੰ ਹੀ ਨਿੱਤ-ਪ੍ਰਾਪਤ ਹੈ ਤਾਂ ਫਿਰ ਗਿਆਨੀ ਮੁਕਤ ਹੈ ਅਤੇ ਅਗਿਆਨੀ ਜੰਮਦਾ-ਮਰਦਾ ਹੈ, ਇਸ ਪ੍ਰਕਾਰ ਕਿਉਂ ਕਿਹਾ ਜਾਂਦਾ ਹੈ ਤਥਾ ਨਿੱਤ-ਪ੍ਰਾਪਤ ਵਸਤੂ ਲਈ ਪੁਰਾਰਥ ਦੀ ਭੀ ਕੀ ਲੋੜ ਹੈ?

---

* ਪ੍ਰਾਣ ਦੇਹ ਤੋਂ ਉੱਪਰ ਵੱਲ ਯਾਨੀ ਬਾਹਰ ਨਹੀਂ ਜਾਂਦੇ।

**ਉੱਤਰ**–ਜੋ ਕਾਮਨਾ ਵਾਲਾ ਹੁੰਦਾ ਹੈ, ਉਹੀ ਸੰਸਾਰ ਦੇ ਬੰਧਨ ਨੂੰ ਪ੍ਰਾਪਤ ਹੁੰਦਾ ਹੈ ਅਤੇ ਜੋ ਕਾਮਨਾ ਕਰਨ ਵਾਲਾ ਨਹੀਂ ਹੈ, ਉਹ ਸੰਸਾਰ ਦੇ ਬੰਧਨ ਵਿੱਚ ਨਹੀਂ ਪੈ ਸਕਦਾ। ਬ੍ਰਹਮ ਦੇ ਵਿੱਦਮਾਨ ਹੁੰਦੇ ਹੋਏ ਭੀ, ਅਵਿੱਦਾ ਦੇ ਕਾਰਨ ਆਪਣੇ–ਆਪ ਨੂੰ ਅਪੂਰਨ ਜਾਣ ਕੇ, ਆਪਣੇ ਤੋਂ ਭਿੰਨ ਵਸਤੂ ਨੂੰ ਦੇਖ ਅਗਿਆਨੀ ਕਾਮਨਾ ਕਰਦਾ ਹੈ ਅਤੇ ਉਸ ਕਾਮਨਾ ਦੇ ਅਨੁਸਾਰ ਕ੍ਰਿਆ ਦੁਆਰਾ ਫਲ ਪਾਉਂਦਾ ਅਰਥਾਤ ਮਰਕੇ ਫਿਰ ਜਨਮ ਗ੍ਰਹਣ ਕਰਦਾ ਹੈ। ਉਸ ਜਨਮ ਵਿੱਚ ਫਿਰ ਕਾਮਨਾ ਕਰਦਾ ਹੈ ਅਤੇ ਫਲ ਖਾਤਰ ਮਰਕੇ ਕਿਸੇ ਰੀਰ ਵਾਲੇ ਆਪਣੇ–ਆਪ ਨੂੰ ਜੰਮਿਆ ਹੋਇਆ ਦੇਖਦਾ ਹੈ, ਇਹੋ ਹੀ ਹਾਲਤ ਹਲਟ (ਹਰਹਟ) ਦੀਆਂ ਟਿੰਡਾਂ* ਵਾਂਗੂੰ ਹੁੰਦੀ ਰਹਿ ਕੇ, ਜਨਮ ਤੇ ਮਰਨ ਦਾ ਅੰਤ ਨਹੀਂ ਹੁੰਦਾ। ਪ੍ਰੰਤੂ ਗਿਆਨ ਦੁਆਰਾ ਜਿਸਦੀ ਉਹ ਅਵਿੱਦਾ ਅਰਥਾਤ ਨਾਨਾ ਪ੍ਰਕਾਰ ਦੀ ਪ੍ਰਤੀਤੀ ਦੇ ਕਾਰਨ ਅਭਾਵ ਹੋ ਜਾਂਦਾ ਹੈ, ਜੋ ਪਹਿਲਾਂ ਹੀ ਪੂਰਨ ਸੀ ਕੇਵਲ ਅਵਿੱਦਾ ਦੁਆਰਾ ਅਪੂਰਨ ਜਿਹਾ ਜਾਨਣ ਲੱਗ ਗਿਆ ਸੀ, ਉਹ ਪੁਰ ਆਪਣੇ–ਆਪ ਨੂੰ ਪੂਰਨ ਜਾਣ ਕੇ, ਆਪਣੇ ਤੋਂ ਭਿੰਨ ਵਸਤੂ ਨਾ ਉੱਪਰ, ਨਾ ਨੀਚੇ, ਨਾ ਸੱਜੇ, ਨਾ ਖੱਬੇ, ਨਾ ਸਾਮ੍ਹਣੇ, ਨਾ ਪਿੱਛੇ ਦੇਖਦਾ ਹੈ ਤਾਂ ਕਾਮਨਾ ਕਿਸ ਦੀ ਕਰੇ? ਜਿਸ ਲਈ ਸਭ ਕੁੱਝ ਆਤਮਾ–ਬ੍ਰਹਮ (ਭਰਪੂਰ) ਹੀ ਹੋ ਗਿਆ ਹੈ, ਉਹ ਕਿਸ ਇੰਦ੍ਰੀਯ ਦੁਆਰਾ, ਕਿਸ ਵਸਤੂ ਨੂੰ ਦੇਖੇ, ਸੁਣੇ ਅਥਵਾ ਜਾਣੇ? ਜਿਸ ਬ੍ਰਹਮਵੇਤਾ ਦੀ ਦ੍ਰਿਟੀ ਵਿੱਚ ਆਪਣੇ ਆਤਮਾ ਤੋਂ ਭਿੰਨ ਕੋਈ ਪਦਾਰਥ ਹੀ ਨਹੀਂ, ਉਹ ਕਾਮਨਾ ਤੋਂ ੍ਰ ਨ ਹੋਣ ਦੇ ਕਾਰਨ ਹੀ ਮੁਕਤ ਹੈ। ਜਿਸਦੀ ਦ੍ਰਿਟੀ ਵਿੱਚ ਇੱਕ ਆਤਮਾ ਹੀ ਰਹਿ ਗਿਆ ਹੈ, ਉਸ ਵਿੱਚ ਭੀ ਜੇ ਕੋਈ ਕਾਮਨਾ ਦੀ ਕਲਪਨਾ ਕਰੇ ਤਾਂ ਨਿਸਚੇ ਹੀ ਉਹ ਕਾਮਨਾ ਆਤਮਾ ਦੀ ਹੀ ਹੋ ਸਕਦੀ ਹੈ, ਹੋਰ ਕਿਸ ਵਸਤੂ ਦੀ ਹੋਵੇਗੀ? ਇਸੀ ਵਾਸਤੇ ੍ਰਤੀ ਨੇ ਉਸ ਨੂੰ ਆਤਮ ਕਾਮ ਆਖਿਆ ਹੈ ਕਿਉਂਕਿ ਜਦ ਕੋਈ ਪੁੱਛਦਾ ਹੈ ਤਦ ਉਸਦਾ ਉੱਤਰ ਭੀ ਉਸਦੇ ਮੁਤਾਬਿਕ ਹੀ ਦੇਣਾ ਹੁੰਦਾ ਹੈ। ਜੋ ਕੁੱਝ ਜਿਸ ਕਲ ਵਿੱਚ ਭੀ ਉਸਦੇ ਬਾਰੇ ਕਿਹਾ ਜਾਵੇਗਾ, ਉਹ ਕਲਪਨਾ ਹੀ ਹੋਵੇਗੀ। ਉਸ ਕਲਪਨਾ

* ਪੁਰਾਣੇ ਮਾਨੇ ਵਿੱਚ ਖੂਹ ਚੋਂ ਪਾਣੀ ਕੱਢਣ ਦਾ ਸਾਧਨ ਹਲਟ (ਹਰਹਟ) ਹੁੰਦਾ ਸੀ ਜੋ ਟਿੰਡਾਂ ਯਾਨੀ ਪਾਣੀ ਦੇ ਭਰੇ ਡੱਬਿਆਂ ਨੂੰ ਘੁੰਮਾਉਂਦਾ ਸੀ। ਖੂਹ ਵਿੱਚੋਂ ਪਾਣੀ ਭਰਨਾ, ਉੱਪਰ ਆਕੇ ਖਾਲੀ ਹੋਣਾ ਅਤੇ ਫਿਰ ਨੀਚੇ ਜਾਣਾ, ਭਰਕੇ ਉੱਪਰ ਆਉਣਾ ਰੂਪ ਚੱਕਰ ਕੱਟਦੇ ਰਹਿੰਦੇ ਸਨ।

ੂਨ ਵਿੱਚ, ਕਿਸੇ ਕਲਪਨਾ ਨੂੰ ਮਿਟਾਉਣ ਖਾਤਰ ਹੀ ਕੋਈ ਕਲਪਨਾ ਕੀਤੀ ਜਾਂਦੀ ਹੈ, ਉਸਦਾ ਕੋਈ ਹੋਰ ਮਤਲਬ ਨਹੀਂ ਸਮਝਣਾ। ਆਤਮਾ ਤੋਂ ਭਿੰਨ ਕੁੱਝ ਰਹਿੰਦੇ ਹੋਏ ਭੀ, ਕਲਪਨਾ ਕਿਸ ਤਰ੍ਹਾਂ ਮਿਟ ਜਾਵੇਗੀ? ਅਰਥਾਤ ਆਪਣੇ ਤੋਂ ਭਿੰਨ ਪ੍ਰਮਾਤਮਾ ਨੂੰ ਦੇਖਣ ਵਾਲਾ ਨਿਰਵਿਕਲਪ ਂਤ-ਪਦ ਨੂੰ ਪ੍ਰਾਪਤ ਕਿਸ ਤਰ੍ਹਾਂ ਹੋਵੇਗਾ? ਦੂਜਾ ਦਿਖਦਾ ਭੀ ਹੈ ਤੇ ਕਲਪਨਾ ਭੀ ਕੋਈ ਨਹੀਂ, ਇਹ ਕਲਪਨਾ ਤਾਂ ਨਿਰੀ ਝੂਠੀ ਹੈ। ਇਸ ਮਿਥਾ ਕਲਪਨਾ ਦੇ ਮਿਟਾਉਣ ਖਾਤਰ–

ਆਤਮਾ ਨੂੰ ਨਾ ਪਹੁੰਚ ਕੇ ਮਨ ਸਹਿਤ ਬਾਣੀ ਵਾਪਸ ਮੁੜ ਆਉਂਦੀ ਹੈ।

(ਤੈ: ਉ: ੨।੯।੧)

ਇਸ ਪ੍ਰਕਾਰ੍ਤੀ ਨੇ ਕਥਨ ਕੀਤਾ ਹੈ ਕਿ ਉਹ ਮਨ ਅਤੇ ਬਾਣੀ ਦਾ ਵਿਯ ਨਹੀਂ ਹੈ। ਅੰਤਹਕਰਣ ਤੋਂ ਰਹਿਤ ਹੋਣ ਦੇ ਕਾਰਨ, ਆਤਮਾ ਨੂੰ ਸੰਕਲਪ–ੂਨ ਕਹਿਣਾ ਪੈਂਦਾ ਹੈ। ਅਦ੍ਵੈਤ ਇਹ ਬਦ ਭੀ ਦ੍ਵੈਤ ਦੇ ਉਡਾਉਣ ਂਤਰ ਕਲਪਿਆ ਗਿਆ ਹੈ ਕਿਉਂਕਿ ਪ੍ਰਕਾ ਹੀ ਅੰਧਕਾਰ ਦਾ ਵਿਰੋਧੀ ਹੈ। ਅਨਾਤਮਾ ਦੇ ਰਹਿੰਦੇ ਹੋਏ ਸਰਬਾਤਮਾ ਹੋ ਭੀ ਨਹੀਂ ਸਕਦਾ, ਇਹ ਦੋਨੋਂ ਬਾਤਾਂ ਪ੍ਰਕਾ ਅਤੇ ਅੰਧਕਾਰ ਦੇ ਸਮਾਨ ਇਕੱਠੀਆਂ ਨਹੀਂ ਰਹਿ ਸਕਦੀਆਂ। ਸਰਬਾਤਮ ਦ੍ਰਿਟੀ ਵਾਲੇ ਲਈ, ਕਾਮਨਾ ਦੇ ਯੋਗ ਕੋਈ ਵਸਤੂ ਨਾ ਰਹਿਣ ਦੇ ਕਾਰਨ, ਕਰਮ ਨਹੀਂ ਕੀਤੇ ਜਾ ਸਕਦੇ।੍ਰੀ ਆਦਿੰ ਕਰਾਚਾਰਯ ਇਉਂ ਕਹਿੰਦੇ ਹਨ–

ਬ੍ਰਹਮਵੇਤਾ ਤਾਂ ਅਸੀਂ ਉਸ ਨੂੰ ਕਹਿੰਦੇ ਹਾਂ ਜਿਸਨੇ ਆਤਮਾ ਨੂੰ ਭੁੱਖ-ਪਿਆਸ ਆਦਿ ਤੋਂ ਅਤੀਤ ਅਤੇ ਪਾਪ ਤੋਂ ਨਿਰਲੇਪ ਜਾਣਿਆ ਹੈ, ਉਸ ਸਦਾ ਹੀ ਭੁੱਖ ਆਦਿ ਤੋਂ ਅਤੀਤ ਆਤਮਾ ਨੂੰ ਦੇਖਦਾ ਹੈ, ਕਿਉਂਕਿ ਜੋ ਆਤਮਾ ਤੋਂ ਜੁਦਾ, ਗ੍ਰਹਣ ਅਤੇ ਤਿਆਗ ਕਰਨ ਯੋਗ ਵਸਤੂ ਨੂੰ ਨਹੀਂ ਦੇਖਦਾ, ਉਸ ਪਾਸੋਂ ਕਰਮ ਕੀਤੇ ਜਾਣੇ ਸੰਭਵ ਨਹੀਂ ਹਨ।

ਕਰਮ, ਅਗਿਆਨੀਆਂ ਦ੍ਵਾਰਾ ਕੀਤੇ ਜਾਣ ਵਾਲੇ ਹਨ ਕਿਉਂਕਿ ਉਹ ਬ੍ਰਹਮ ਗਿਆਨ ਦੇ ਯੁਕਤ ਨਹੀਂ ਹਨ। ਇਸ ਲਈ ਕਰਤਾ ਬੁੱਧੀ ਹੋਣ ਦੇ ਕਾਰਨ, ਉਨ੍ਹਾਂ ਨੂੰ ਪਾਪ ਲਗਦਾ ਹੈ ਅਤੇ ਪਾਪ ਦੀ ਨਿਵਿਰਤੀ ਲਈ ਕਰਮ ਕਰਨੇ ਭੀ ਅਤੀ ਰੂਰੀ ਹਨ। ਜਿਸ ਨੂੰ ਕਾਮਨਾ ਦੇ ਯੋਗ ਕੋਈ ਪਦਾਰਥ ਹੀ ਨਹੀਂ, ਉਸ ਵਿੱਚ ਕਾਮਨਾ ਦੇ ਨਾ ਹੋਣ ਕਾਰਨ, ਜਨਮ ਨਹੀਂ ਹੁੰਦਾ ਤੇ ਇਸ

ਵਾਸਤੇ ਹੀ ਉਹ ਮੁਕਤ ਹੈ।

ਕਾਮਨਾ ਨਾ ਕਰਨ ਵਾਲੇ ਪੁਰ ਦੇ ਕਰਮਾਂ ਦਾ ਅਭਾਵ ਹੋਣ ਦੇ ਕਾਰਣ ਹੀ, ਉਸਦੇ ਪ੍ਰਾਣ ਕਿਸੇ ਦੂਜੇ ਰੀਰ ਨੂੰ ਧਾਰਨ ਖਾਤਰ ਬਾਹਰ ਨਹੀਂ ਜਾਂਦੇ। ਜਿਸ ਵਕਤ ਭੀ ਉਸਦੀ ਦ੍ਵੈਤ ਦ੍ਰਿਟੀ ਦਾ ਕਾਰਣ ਅਵਿੱਦਾ, ਵਿੱਦਾ ਦੁਆਰਾ ਨਾ ਹੋ ਜਾਂਦੀ ਹੈ, ਉਸੀ ਵੇਲੇ ਉਹ ਪੁਰ ਸਰਬਾਤਮ ਦ੍ਰਿਟੀ ਹੋਣ ਦੇ ਕਾਰਣ ਮੁਕਤ ਹੈ, ਭਾਵੇਂ ਉਹ ਦੇਹ ਵਾਲਾ ਪ੍ਰਤੀਤ ਦਿੰਦਾ ਹੈ ਕਿੰਤੂ ਉਹ ਬ੍ਰਹਮ ਹੀ ਹੈ। ਜੋ ਅਗਿਆਨ ਵੱਸ ਅਨੰਤ ਕਾਮਨਾਵਾਂ ਰਹਿੰਦੀਆਂ ਸਨ, ਉਨ੍ਹਾਂ ਦੇ ਅਭਾਵ ਹੋਣ ਪਰ ਬ੍ਰਹਮ ਹੁੰਦਾ ਹੋਇਆ ਭੀ ਉਹ ਬ੍ਰਹਮ ਹੀ ਹੋ ਜਾਂਦਾ ਹੈ। ਰੀਰ ਨਾ ਦੇ ਬਾਅਦ ਨਹੀਂ ਅਰਥਾਤ ਇਸ ਰੀਰ ਦੇ ਰਹਿੰਦੇ ਹੋਏ ਹੀ ਕਾਮਨਾਵਾਂ ਦੇ ਟੁੱਟ ਜਾਣ ਨਾਲ, ਉਸੀ ਵੇਲੇ ਬ੍ਰਹਮ ਵਿੱਚ ਪ੍ਰਵੇ ਕਰ ਜਾਂਦਾ ਹੈ। ਰੱਸੀ ਵਿੱਚ ਸੱਪ ਦਾ ਅਭਾਵ ਹੁੰਦੇ ਹੀ, ਜਿਉਂ ਰੱਸੀ ਪਹਿਲਾਂ ਭੀ ਰੱਸੀ ਹੀ ਸੀ, ਤਦ ਵੀ ਆਪਣੇ ਸ੍ਵਰੂਪ ਵਿੱਚ ਇਸਥਿਤ ਹੋ ਜਾਂਦੀ ਹੈ।

ਅਜਿਹਾ ਨਹੀਂ ਕਿ ਮਰਨ ਤੋਂ ਬਾਅਦ ਉਸਦੀ ਗਤੀ ਕੋਈ ਹੋਰ ਹੋ ਜਾਂਦੀ ਹੈ। ਜੋ ਭਾਵ, ਜੀਵਤ ਅਵਸਥਾ ਵਿੱਚ ਸੀ, ਉਸੀ ਭਾਵ ਯੁਕਤ ਹੋਇਆ ਗਿਆਨੀ, ਬ੍ਰਹਮ ਰੂਪ ਹੋ ਜਾਂਦਾ ਹੈ। ਅੱਗ ਦਾ ਪ੍ਰਕਾ ਅਤੇ ਗਰਮ ਸੁਭਾਉ (ਧਰਮ) ਅੱਗ ਦੇ ਨਾਲ ਹੀ ਰਹਿਣ ਵਾਲਾ ਹੈ, ਅਜਿਹਾ ਨਹੀਂ ਕਿ ਅੱਗ ਹੋਰ ਹੈ ਤਥਾ ਉਸਦਾ ਧਰਮ ਪ੍ਰਕਾ ਤੇ ਉਣਤਾ (ਗਰਮੀ) ਹੋਰ ਚੀ ਹੈ। ਜਦ ਕਿ ਜੀਵਤ ਅਵਸਥਾ ਵਿੱਚ ਭੁੱਖ-ਪਿਆਸ ਆਦਿ ਧਰਮਾਂ ਤੋਂ ਅਤੀਤ, ਨਿਰਵਿਕਾਰ ਯਾਨੀ ਅਜਨਮਾ ਆਤਮਾ ਨੂੰ ਆਪਣਾ ਰੂਪ ਜਾਣਿਆ ਹੈ ਤਦ ਰੀਰ ਦੇ ਮਰਨ ਬਾਅਦ ਇਸ ਪ੍ਰਕਾਰ ਦੇ ਕਾਮਨਾ੍ਰ ਨ ਆਤਮਾ ਵਿੱਚ ਕਿਹੜੀ ਤਬਦੀਲੀ ਆ ਜਾਣੀ ਹੈ? ਰੀਰ ਦਾ ਸੰਬੰਧ ਤਾਂ ਉਸ ਵੇਲੇ ਹੀ ਟੁੱਟ ਜਾਂਦਾ ਹੈ ਜਦ ਆਤਮਾ ਨੂੰ ਅਰੀਰੀ ਸਮਝ ਲਿਆ ਜਾਂਦਾ ਹੈ। ਉਸ ਅਰੀਰੀ ਭਾਵ ਵਿੱਚ ਇਸਥਿਤ ਹੋਏ ਪੁਰ ਦਾ, ਉਹ ਕਿਹੜਾ ਰੀਰ ਹੈ ਜਿਸਦੇ ਮਰਨ ਨਾਲ, ਉਸ ਵਿੱਚ ਕੋਈ ਤਬਦੀਲੀ ਆ ਜਾਣ ਦਾ ਡਰ ਹੈ? ਅਗਿਆਨੀਆਂ ਦੁਆਰਾ ਕਲਪਿਆ ਹੋਇਆ ਮ੍ਰਿਗਤ੍ਰਿਨਾ ਦਾ ਜਲ, ਨਾ ਪਿਆਸ ਬੁਝਾ ਸਕਦਾ ਹੈ ਅਤੇ ਨਾ ਹੀ ਪ੍ਰਿਥਵੀ ਨੂੰ ਗਿੱਲਾ ਕਰਦਾ ਹੈ। ਜੋ ਅਗਿਆਨੀ, ਗਿਆਨਵਾਨ ਨੂੰ ਦੇਹ ਵਾਲਾ ਦੇਖਦੇ ਹਨ ਤਾਂ ਕੀ ਗਿਆਨਵਾਨ

ਦੇਹ ਵਾਲਾ ਹੀ ਹੈ? ਇਉਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਦੇਹ ਤੋਂ ਰਹਿਤ ਆਤਮਾ ਹੀ ਹੈ। ਦੇਹ ਤੋਂ ਰਹਿਤ ਹੋਏ ਪੁਰ ਦਾ ਪ੍ਰਾਰੱਬਧ ਦੇ ਕਾਰਨ ਜੋ ਗੀਰ ਅਗਿਆਨੀਆਂ ਨੂੰ ਦਿਸਦਾ ਹੈ ਤਾਂ ਉਹ ਪ੍ਰਾਰੱਬਧ ਦੇ ਤਮ ਹੋਣ ਪਰ ਦਿਖਣ ਤੋਂ ਹਟ ਜਾਵੇਗਾ। ਇਸ ਵਿੱਚ ਅਗੀਰੀ ਆਤਮਾ ਦੇ ਗਿਆਨ ਯੁਕਤ ਪੁਰ ਨੂੰ ਕੀ ਲੇਪ ਹੈ?

ਪ੍ਰਮਾਤਮਾ ਤੋਂ ਜੁਦਾ ਨਾ ਕੋਈ ਸੰਸਾਰੀ ਹੈ ਅਤੇ ਨਾ ਹੀ ਕੋਈ ਮੁਕਤ ਹੈ, ਇੱਕ ਪ੍ਰਮਾਤਮਾ ਹੀ ਹੈ। ਜਦ ਇਹ ਅਵਿੱਦਾ ਵਾਲਾ ਹੁੰਦਾ ਹੈ ਤਦ ਸੰਸਾਰੀ ਬਣ ਜਾਂਦਾ ਹੈ ਅਤੇ ਜਦ ਅਵਿੱਦਾ ਤੋਂ ਰਹਿਤ ਨਿਰਵਿਕਾਰ ਸ੍ਵਰੂਪ ਵਿੱਚ ਇਸਥਿਤ ਹੋ ਜਾਂਦਾ ਹੈ ਤਦ ਮੁਕਤ ਕਹਾਉਂਦਾ ਹੈ, ਇਸ ਲਈ ਅਵਿੱਦਾ ਦੀ ਨਿਵਿਰਤੀ ਹੀ ਮੁਕਤੀ ਹੈ। ਇੱਕ ਪ੍ਰਮਾਤਮਾ ਹੀ ਸੰਸਾਰੀ ਤਥਾ ਅਸੰਸਾਰੀ ਹੈ, ਇਹੋ ਵਜ੍ਹਾ ਹੈ ਮੁਕਤੀ ਕਿਸੇ ਦੂਜੀ ਜਗ੍ਹਾ ਜਾਕੇ ਪ੍ਰਾਪਤ ਨਹੀਂ ਹੋਣੀ ਹੁੰਦੀ। ਜਦ ਕਿ ਇਸ ਤੋਂ ਭਿੰਨ ਹੋਰ ਕੋਈ ਭੀ ਪ੍ਰਮਾਤਮਾ ਨਹੀਂ ਹੈ ਤਾਂ ਕਿਸ ਬ੍ਰਹਮ ਦੇ ਦਰਨ ਨਾਲ ਇਹ ਪੁਰ ਕ੍ਰਿਤ-ਕ੍ਰਿਤ ਯਾਨੀ ਮੁਕਤ ਹੋਵੇਗਾ? ਇੱਕ ਹੀ ਪੁਰ ਰਾਜਾ ਅਤੇ ਭਿਖਾਰੀ, ਜਾਗ੍ਰਿਤ ਅਤੇ ਸੁਪਨ ਵਿੱਚ ਬਣਿਆ ਹੋਇਆ ਹੈ। ਜੋ ਨਿੰਦ੍ਰਾ ਦੋ ਦੇ ਕਾਰਨ, ਸੁਪਨ ਵਿੱਚ ਆਪਣੇ-ਆਪ ਨੂੰ ਭਿਖਾਰੀ ਮੰਨਦਾ ਹੈ ਤਾਂ ਇਸ ਦੀਨਤਾ ਤੋਂ ਛੁੱਟਣ ਵਾਸਤੇ, ਉਸ ਨੂੰ ਕਿਸ ਜਗ੍ਹਾ ਜਾਣਾ ਪਵੇਗਾ? ਪਲੰਘ ਉੱਤੇ ਪਿਆ ਹੋਇਆ ਹੀ ਉਹ ਪੁਰ, ਨਿੰਦ੍ਰਾ ਦੇ ਟੁੱਟ ਜਾਣ ਨਾਲ ਰਾਜਾ ਹੀ ਹੈ, ਕਿਉਂਕਿ ਇੱਕੋ ਪੁਰ, ਜਾਗ੍ਰਿਤ ਅਤੇ ਨਿੰਦ੍ਰਾ ਦੇ ਕਾਰਨ, ਰਾਜਾ ਅਤੇ ਭਿਖਾਰੀ ਹੈ-

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥**
**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥**
**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥**
**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥**(ਅੰਗ ੬੫੭-੬੫੮)

ਪਿਆਰੇ ਵਿਜੋਗੀ ! ਸਰਬਾਤਮ ਭਾਵ ਹੀ ਤੇਰਾ ਵਾਸਤ੍ਵਿਕ ਸ੍ਵਰੂਪ ਹੈ। ਉਸ ਵਿਆਪਕ, ੱਧ, ਅਜਨਮਾ ਵਸਤੂ ਵਿੱਚ ਜੋ ਅਵਿੱਦਾ ਦ੍ਵਾਰਾ ਅਨੰਤ ਪ੍ਰਕ ਾਰ

ਦੀ ਭ੍ਰਾਂਤੀ ਹੋ ਰਹੀ ਹੈ, ਪ੍ਰਮਾਤਮ ਪ੍ਰਾਪਤੀ ਲਈ ਉਸਦੀ ਨਿਵਿਰਤੀ ਤੋਂ ਬਿਨਾਂ ਭੀ ਕੁੱਝ ਕਰਨਾ ਪੈਂਦਾ ਹੈ। ਇਹ ਗੱਲ ਤਾਂ ਇਉਂ ਹੈ ਜਿਉਂ ਕੋਈ ਕਹੇ ਕਿ ਰੱਸੀ ਦੀ ਪ੍ਰਾਪਤੀ ਵਾਸਤੇ ਸੱਪ ਅਤੇ ਸੱਪ-ਗਿਆਨ ਦੀ ਨਿਵਿਰਤੀ ਬਿਨਾਂ ਭੀ ਹੋਰ ਕੋਈ ਕਰਤੱਵ ਹੈ। ਯਾ ਇਉਂ ਸਮਝੋ ਕਿ ਕੜਾ, ਕੁੰਡਲ ਆਦਿ ਨਾਮ-ਰੂਪ ਨੂੰ ਛੱਡ ਕੇ ਭੀ ਸੂਰਨ (ਸੋਨੇ) ਦੀ ਪ੍ਰਾਪਤੀ ਲਈ ਕੁੱਝ ਹੋਰ ਪ੍ਰਯਤਨ ਦੀ ਰੂਰਤ ਹੈ। ਜਿਉਂ ਸੱਪ ਅਤੇ ਸੱਪ-ਗਿਆਨ ਦੀ ਨਿਵਿਰਤੀ ਹੀ ਰੱਸੀ ਦੀ ਪ੍ਰਾਪਤੀ ਹੈ ਅਤੇ ਨਾਮ, ਰੂਪ ਦੀ ਕਲਪਨਾ ਨੂੰ ਛੱਡ ਦੇਣਾ ਹੀ ਸੂਰਨ ਦਾ ਲੱਭ ਜਾਣਾ ਹੈ, ਤਿਉਂ ਹੀ ਅਵਿੱਦਾ ਦੀ ਨਿਵਿਰਤੀ ਹੀ ਸਰਬਾਤਮ ਭਾਵ ਦੀ ਪ੍ਰਾਪਤੀ ਹੈ।

ਗਹਿਣਿਆਂ ਦੇ ਅਨੰਤ ਨਾਮ ਅਤੇ ਰੂਪ, ਸੂਰਨ (ਸੋਨਾ) ਨੂੰ ਨਿੱਤ ਹੀ ਪ੍ਰਾਪਤ ਹਨ। ਉਹ ਕਿਹੜਾ ਭੂਨ ਹੈ, ਜੋ ਸੂਰਨ ਤੋਂ ਜੁਦਾ ਹੈ? ਇਹੋ ਵਜ੍ਹਾ ਹੈ ਕਿ ਤੱਤਵੇਤਾ ਆਪਤ-ਕਾਮ ਹੈ ਕਿਉਂਕਿ ਪੂਰਨ ਬ੍ਰਹਮ ਵਿੱਚ ਉਹ ਕਿਹੜੀ ਵਸਤੂ ਹੈ, ਜਿਸਦੀ ਰੱਸੀ ਵਿੱਚ ਸੱਪ ਦੀ ਤਰ੍ਹਾਂ ਪ੍ਰਤੀਤੀ ਨਹੀਂ ਹੈ? ਸੁਪਨ ਅਵਸਥਾ ਵਿੱਚ ਉਹ ਕਿਹੜਾ ਰੂਪ ਹੈ, ਜਿਸ ਵਿੱਚ ਸੁਪਨਾਵੀ (ਸੁਪਨਾ ਲੈਣ ਵਾਲਾ) ਮੌਜੂਦ ਨਹੀਂ ਹੈ? ਆਤਮਵੇਤਾ ਨੂੰ ਸਭ ਕੁੱਝ ਪ੍ਰਾਪਤ ਹੀ ਹੈ, ਇਸੀ ਵਾਸਤੇ ਉਹ ਅਕਾਮ ਹੈ। ਜੋ ਕਾਮਨਾ ਤੋਂ ਰਹਿਤ ਹੁੰਦਾ ਹੈ, ਉਸੀ ਨੂੰ ਨਿਕਾਮ ਕਹਿੰਦੇ ਹਨ। ਇਸ ਪ੍ਰਕਾਰ ਦੇ ਲੱਛਣਾਂ ਵਾਲਾ ਇੱਕ ਬ੍ਰਹਮ ਹੀ ਹੈ, ਉਸ ਤੋਂ ਵਿਪਰੀਤ ਭ੍ਰਾਂਤੀ ਦੇ ਨਿਵਿਰਤ ਹੋਣ ਪਰ ਤੱਤ੍ਵੇਤਾ ਬ੍ਰਹਮ ਹੀ ਹੋ ਜਾਂਦਾ ਹੈ।

ਵਾਸਤਵ ਸ੍ਵਰੂਪ ਤੋਂ ਉਲਟ ਜੋ ਕੁੱਝ ਭੀ ਭ੍ਰਾਂਤੀ ਦੇ ਕਾਰਨ ਭਾਸਦਾ ਹੈ, ਉਸਦਾ ਵਿਨਾ, ਕ੍ਰੋੜਾਂ ਕਰਮ ਭੀ ਨਹੀਂ ਕਰ ਸਕਦੇ ਕਿਉਂਕਿ ਕਰਮ ਤਾਂ ਸ੍ਵਯੰ ਭ੍ਰਾਂਤੀ ਰੂਪ ਅਵਿੱਦਾ ਹੀ ਹੈ। ਅਵਿੱਦਾ ਦਾ ਵਿਨਾ, ਅਵਿੱਦਾ ਨਹੀਂ ਕਰ ਸਕਦੀ। ਇਸ ਲਈ ਵਿੱਦਾ ਯਾਨੀ ਗਿਆਨ ਦ੍ਵਾਰਾ ਭ੍ਰਾਂਤੀ ਨਿਵਿਰਤ ਹੋ ਕੇ ਨਿੱਤ ਪ੍ਰਾਪਤ ਸ੍ਵਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਉਂ ਰੱਸੀ ਵਿਚਲੇ ਸੱਪ ਦੀ ਨਿਵਿਰਤੀ ਕਿਸੇ ਵੀ ਕਰਮ ਦ੍ਵਾਰਾ ਨਹੀਂ ਹੋ ਸਕਦੀ ਸਿਵਾਏ ਪ੍ਰਕਾ ਤੋਂ, ਤਿਉਂ ਹੀ ਪ੍ਰਾਪਤ ਬ੍ਰਹਮ ਦੀ ਪ੍ਰਾਪਤੀ ਸਿਵਾਏ ਗਿਆਨ ਤੋਂ ਕਦੇ ਭੀ ਨਹੀਂ ਹੋ ਸਕਦੀ। ਅਵਿੱਦਾ ਦੀ ਨਿਵਿਰਤੀ ਹੀ ਮੁਕਤੀ ਹੈ, ਇਸੀ ਵਾਸਤੇ ਕਿਸੇ ਦੂਜੀ ਜਗ੍ਹਾ ਗਮਨ ਦੇ ਅਭਾਵ ਕਾਰਨ ਸਿੰਮ੍ਰਿਤੀ ਦਾ ਕਥਨ ਹੈ-

ਜਿਸ ਤਰ੍ਹਾਂ ਆਕਾ ਵਿੱਚ ਪੰਛੀਆਂ ਦੇ ਅਤੇ ਜਲ ਵਿੱਚ ਜਲਚਰ ਜੀਵਾਂ

ਦੇ ਪੈਰਾਂ ਦੇ ਨਿਾਨ ਦਿਖਾਈ ਨਹੀਂ ਦਿੰਦੇ, ਉਸੀ ਪ੍ਰਕਾਰ ਗਿਆਨੀਆਂ ਦੀ ਗਤੀ ਜਾਣੀ ਨਹੀਂ ਜਾਂਦੀ। (ਮਹਾ: ਾਂ: ੨੩੯।੧੪)

ਜਲ ਵਾਲਾ ਬਰਤਨ ਚੁੱਕ ਲੈਣ ਪਰ ਸੂਰਜ ਦਾ ਪ੍ਰਤੀਬਿੰਬ ਸੂਰਜ ਦੇ ਹੀ ਨਾਲ ਮਿਲ ਜਾਂਦਾ ਹੈ ਤਥਾ ਘੜੇ ਦੇ ਨਾ ਹੋ ਜਾਣ ਪਰ (ਘਟ+ਆਕਾ) ਘਟਾਕਾ (ਮਹਾਂ+ਆਕਾ) ਮਹਾਂਕਾ ਵਿੱਚ ਲੀਨ ਹੋ ਜਾਂਦਾ ਹੈ। ਇਸੀ ਤਰ੍ਹਾਂ ਉਪਾਧੀ ਦੇ ਨਿਵਿਰਤ ਹੋਣ ਪਰ ਕਰਤਾ-ਭੋਗਤਾ ਜੀਵ, ਅਨੰਤ, ਅਮਰ, ਨਿਕ੍ਰਿਯ ਅਤੇ ਨਿਰਭੈ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ।

ਇਸ ਆਤਮਾ ਨੂੰ ਪ੍ਰਾਪਤ ਕਰਕੇ ਰਿੀਗਣ, ਗਿਆਨ ਤ੍ਰਿਪਤ, ਕ੍ਰਿਤ-ਕ੍ਰਿਤ, ਵਿਰੱਕਤ ਅਤੇ ਪ੍ਰਾਂਤ ਹੋ ਜਾਂਦੇ ਹਨ। ਉਹ ਧੀਰਜ ਵਾਲੇ ਪੁਰ, ਉਸ ਸਰਬ-ਗਤ ਬ੍ਰਹਮ ਨੂੰ ਸਭ ਪਾਸੇ ਪ੍ਰਾਪਤ ਕਰਕੇ, ਮਰਨ ਦੇ ਸਮੇਂ ਸਮਾਹਿਤ ਯਾਨੀ ਸ੍ਵਰੂਪ ਵਿੱਚ ਇਕਾਗ੍ਰ ਚਿੱਤ ਹੋਕੇ, ਸਰਬ ਰੂਪ ਬ੍ਰਹਮ ਵਿੱਚ ਹੀ ਪ੍ਰਵੇ ਕਰ ਜਾਂਦ ੇ ਹਨ। (ਮੁੰ: ਉ: ੩।੨।੫)

ਤੱਤ੍ਵਵੇਤਾ ਵਿੱਚ ਕਾਮਨਾ ਨਹੀਂ ਹੈ, ਇਸੀ ਵਾਸਤੇ ਉਸਦੀ ਕੋਈ ਹੋਰ ਗਤੀ ਨਹੀਂ ਹੈ-

ਜੋ ਪੁਰ ਭੋਗਾਂ ਦੀ ਇੱਛਾ ਕਰਦਾ ਹੈ, ਉਹ ਕਾਮਨਾਵਾਂ ਦੀ ਪ੍ਰਾਪਤੀ ਦੀ ਜਗ੍ਹਾ ਵਿੱਚ ਜਾਕੇ ਉਤਪੰਨ ਹੁੰਦਾ ਰਹਿੰਦਾ ਹੈ ਪ੍ਰੰਤੂ ਜਿਸ ਦੀਆਂ ਕਾਮਨਾਵਾਂ ਪੂਰਨ ਹੋ ਗਈਆਂ ਹਨ, ਉਸ ਕ੍ਰਿਤ-ਕ੍ਰਿਤ ਪੁਰ ਦੀਆਂ ਤਾਂ ਸਾਰੀਆਂ ਕਾਮਨਾਵਾਂ, ਇਸ ਲੋਕ ਵਿੱਚ ਹੀ ਲੀਨ ਹੋ ਜਾਂਦੀਆਂ ਹਨ। (ਮੁੰ: ਉ: ੩।੨।੨)

ਆਤਮਾ ਨੂੰ ਨਾ ਜਾਨਣ ਵਾਲੇ ਅਗਿਆਨੀ ਜੀਵਾਂ ਲਈ, ਪ੍ਰਮਾਤਮਾ ਬਹੁਤ ਦੂਰ ਹੈ ਅਤੇ ਗਿਆਨੀ ਪੁਰਾਂ ਦਾ ਆਤਮਾ ਹੀ ਹੋਣ ਕਰਕੇ ਉਹ ਹਰੀ ਅਤੀ ਸਮੀਪ ਹੈ। ਇਸ ਲਈ ਅਗਿਆਨੀ ਮਰ ਕੇ ਕਿਸੇ ਦੂਜੀ ਜਗ੍ਹਾ ਜਾਂਦੇ ਹਨ ਪ੍ਰੰਤੂ ਗਿਆਨਵਾਨਾਂ ਦਾ ਆਤਮਾ ਹੀ ਬ੍ਰਹਮ ਹੋਣ ਦੇ ਕਾਰਨ ਕਿਤੇ ਭੀ ਨਹੀਂ ਜਾਂਦੇ। ਉਹ ਬ੍ਰਹਮ ਸਾਰੇ ਹੀ ਜੀਵਾਂ ਦੀ ਬੁੱਧੀ ਵਿੱਚ ਰਹਿੰਦਾ ਹੈ ਪ੍ਰੰਤੂ ਅਗਿਆਨੀ ਜੀਵ ਇਹ ਨਹੀਂ ਜਾਣਦੇ, ਇਸੇ ਕਾਰਨ ਉਸ ਨੂੰ ਆਪਣੇ ਤੋਂ ਕਿਤੇ ਦੂਰ ਮੰਨਦੇ ਹਨ। ਉਸ ਬ੍ਰਹਮ ਦਾ ਸ੍ਵਰੂਪ ੍ਰ ਤੀ ਇਉਂ ਕਥਨ ਕਰਦੀ ਹੈ-

ਉਹ ਬ੍ਰਹਮ ਮਹਾਨ ਦਿੱਵ ਤੇ ਅਚਿੰਤ ਰੂਪ ਹੈ। ਉਹ ਸੂਖਮ ਤੋਂ ਭੀ ਸੂਖਮਤਰ

ਭਾਸਮਾਨ ਹੁੰਦਾ ਹੈ ਤਥਾ ਦੂਰ ਤੋਂ ਭੀ ਦੂਰ ਪ੍ਰੰਤੂ ਇਸ ਰੀਰ ਵਿੱਚ ਅਤੰਤ ਨੇੜੇ ਭੀ ਹੈ। ਉਹ ਚੇਤਨ (ਪ੍ਰਭੂ) ਪ੍ਰਾਣੀਆਂ ਦੇ ਇਸ ਰੀਰ ਭੀਤਰ, ਉਨ੍ਹਾਂ ਦੀ ਬੁੱਧੀ ਰੂਪ ਗੁਫਾ ਅੰਦਰ ਛੁਪਿਆ ਹੋਇਆ ਹੈ। (ਮੁੰ: ਉ: ੩।੧।੭)

ਹਰ ਇੱਕ ਪ੍ਰਾਣੀ ਦੀ ਬੁੱਧੀ ਰੂਪ ਗੁਫਾ ਅੰਦਰ ਵਸਦਾ ਹੈ, ਮਤਲਬ ਕਿ ਉਹ ਪ੍ਰਭੂ ਹੈ ਤਾਂ ਵਿਆਪਕ, ਇਹ ਨਹੀਂ ਕਿ ਬੁੱਧੀ ਵਿੱਚ ਹੀ ਰਹਿੰਦਾ ਹੈ ਬਾਕੀ ਰੀਰ ਅਥਵਾ ਹੋਰ ਜਗ੍ਹਾ ਨਹੀਂ ਹੈ। ਬੁੱਧੀ, ਸਤੋ ਗੁਣ ਦਾ ਕਾਰਜ ਹੋਣ ਦੇ ਕਾਰਨ ਸੂੱਛ ਹੈ, ਇਸ ਲਈ ਉਸ ਦਾ ਪ੍ਰਤੱਖ ਦਰਨ ਬੁੱਧੀ ਵਿੱਚ ਹੀ ਹੁੰਦਾ ਹੈ, ਜਿਉਂ ਸੂਰਜ ਦਾ ਪ੍ਰਤੀਬਿੰਬ ਪ੍ਰਿਥਵੀ ਅਤੇ ਦੀਵਾਰ ਆਦਿ ਸਭ ਜਗ੍ਹਾ ਹੀ ਪੈਂਦਾ ਹੈ ਪ੍ਰੰਤੂ ਜਲ, ੀਾ ਯਾ ਹੋਰ ਕਿਸੀ ਉੱਜਲ ਅਤੇ ਚਮਕੀਲੀ ਵਸਤੂ ਵਿੱਚ ਹੀ ਨਰ ਆਉਂਦਾ ਹੈ ਜਦ ਕਿ ਉਹ ਪ੍ਰਮਾਤਮਾ ਰੀਰ ਦੇ ਵਿੱਚ ਹੀ ਰਹਿੰਦਾ ਹੈ ਤਾਂ ਉਸਦੀ ਪ੍ਰਾਪਤੀ ਵਾਸਤੇ ਕਿਸੇ ਹੋਰ ਅਸਥਾਨ ਵਿੱਚ ਕਿਉਂ ਜਾਣਾ ਪਵੇਗਾ? ਵਿਆਪਕ ਵਸਤੂ ਤੋਂ ਕੋਈ ਭੀ ਜਗ੍ਹਾ ਬਚੀ ਹੋਈ ਨਹੀਂ ਹੁੰਦੀ, ਜਿਉਂ ਸੰਸਾਰ ਅੰਦਰ, ਉਹ ਕਿਹੜੀ ਥਾਂ ਹੈ ਜਿਸ ਵਿੱਚ ਆਕਾ ਨਹੀਂ? ਉਹ ਬੁੱਧੀ ਵਿੱਚ ਵੱਸਣ ਵਾਲਾ ਹੋਣ ਦੇ ਕਾਰਨ, ਅਤਯੰਤ ਨਦੀਕ ਹੈ ਅਤੇ ਵਿਆਪਕ ਵੀ ਹੈ–

**ਜਹ ਜਹ ਦੇਖਾ ਤਹ ਤਹ ਸੁਆਮੀ॥**
**ਤੂ ਘਟਿ ਘਟਿ ਰਵਿਆ ਅੰਤਰਜਾਮੀ॥** (ਅੰਗ ੯੬)

**ਇਸੁ ਗੁਫਾ ਮਹਿ ਅਖੁਟ ਭੰਡਾਰਾ॥**
**ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥** (ਅੰਗ ੧੨੪)

**ਮਨੁ ਮੰਦਰੁ ਤਨੁ ਸਾਜੀ ਬਾਰਿ॥ ਇਸ ਹੀ ਮਧੇ ਬਸਤੁ ਅਪਾਰ॥**
**ਇਸ ਹੀ ਭੀਤਰਿ ਸੁਨੀਅਤ ਸਾਹੁ॥**
**ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ॥** (ਅੰਗ ੧੮੦-੮੧)

**ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥** (ਅੰਗ ੧੦੨)

**ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥** (ਅੰਗ ੧੧੭)

**ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥**

**ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥**

(ਅੰਗ ੧੫੨)

**ਐਸਾ ਮੇਰਾ ਰਾਮੁ ਰਹਿਆ ਭਰਪੂਰਿ॥ ਨਿਕਟਿ ਵਸੈ ਨਾਹੀ ਹਰਿ ਦੂਰਿ॥**

(ਅੰਗ ੧੬੫)

**ਪੇਖੈ ਬੋਲੈ ਸੁਣੈ ਸਭੁ ਆਪਿ॥ ਸਦਾ ਸੰਗਿ ਤਾ ਕਉ ਮਨ ਜਾਪਿ॥**

(ਅੰਗ ੧੮੩)

**ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ ਹਿਰਦੇ ਨਾਲਿ ਦਿਖਾਇਆ॥**

(ਅੰਗ ੧੭੨)

**ਮੋਹਿ ਮੋਹਿਆ ਜਾਨੈ ਦੂਰਿ ਹੈ॥ ਕਹੁ ਨਾਨਕ ਸਦਾ ਹਦੂਰਿ ਹੈ॥**

(ਅੰਗ ੨੧੦)

**ਦੂਰਿ ਨ ਨੇਰੈ ਸਭ ਕੈ ਸੰਗਾ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ॥**

(ਅੰਗ ੨੩੬)

**ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ॥**
**ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ॥** (ਅੰਗ ੨੫੬)

**ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥**
**ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥** (ਅੰਗ ੨੫੯)

**ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ॥**
**ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ॥** (ਅੰਗ ੨੬੦)

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥** (ਅੰਗ ੬੮੪)

ਇਸ ਪ੍ਰਕਾਰ ਦਾ ਵਿਆਪਕ ਪ੍ਰਮਾਤਮਾ ਜੋ ਹਿਰਦੇ ਅੰਦਰ ਉਪਲੱਬਧ ਹੋਣ ਵਾਲਾ ਹੈ, ਉਸ ਪ੍ਰਾਪਤ ਵਸਤੂ ਦੀ ਪ੍ਰਾਪਤੀ ਦਾ ਅਸਥਾਨ ਕੋਈ ਹੋਰ ਕਲਪਨਾ ਕਰਨਾ ਤਾਂ ਇਉਂ ਸਮਝੋ ਜਿਉਂ ਆਕਾ ਨੂੰ ਮੁੱਠੀ ਵਿੱਚ ਪਕੜਨ ਦਾ ਯਤਨ ਕਰਨਾ। ਬ੍ਰਹਮ ਨਿੱਤ ਹੀ ਪ੍ਰਾਪਤ ਹੈ ਕੇਵਲ ਅਵਿੱਦਾ ਦੇ ਕਾਰਨ, ਅਬ੍ਰਹਮ ਜਿਹਾ ਪ੍ਰਤੀਤ ਦੇਣ ਲੱਗ ਜਾਂਦਾ ਹੈ ਯਾਨੀ ਜੀਵਪਨਾ ਭਾਸਦਾ ਹੈ। ਜਿੰਨਾਂ ਭੀ ਗੁਰੂ ਅਤੇ ਾਸਤ੍ਰ ਦੁਆਰਾ ਪੁਰਾਰਥ ਹੈ, ਉਹ ਸਭ ਇਸ ਅਵਿੱਦਾ ਦੇ ਵਿਨਾ

ਖਾਤਰ ਹੀ ਹੈ। ਇਸ ਪ੍ਰਕਾਰ ਹੋਣ ਪਰ ਨਿੱਤ ਪ੍ਰਾਪਤ ਬ੍ਰਹਮ ਦੀ ਪ੍ਰਾਪਤੀ ਲਈ ਪੁਰਾਰਥ ਭੀ ਸਫਲ ਹੈ। ਇਹੋ ਵਜ੍ਹਾ ਹੈ ਕਿ ਅਵਿੱਦਾ ਦੀ ਨਿਵਿਰਤੀ ਤੋਂ ਬਿਨਾਂ, ਕੋਈ ਹੋਰ ਮੁਕਤੀ ਨਹੀਂ ਹੈ। ਬ੍ਰਹਮ ਦੀ ਪ੍ਰਾਪਤੀ, ਦਰਨ ਅਥਵਾ ਸਾਖਾਤਕਾਰ ਕੁੱਝ ਭੀ ਕਹੋ, ਇਸ ਤੋਂ ਉੱਪਰ ਮੁਕਤੀ ਦੇ ਬਾਰੇ ਵਿੱਚ ਜੋ ਕੁੱਝ ਭੀ ਹੈ, ਉਹ ਕੋਈ ਅਵਿੱਦਾ ਦੀ ਹੀ ਅਵਸਥਾ ਹੋਵੇਗੀ, ਬ੍ਰਹਮ ਨਹੀਂ ਹੈ–

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥** **(ਅੰਗ ੩੫੪)**

ਇਤਿਆਦਿ ਗੁਰੂਦੇਵ ਦੇ ਮਹਾਂਵਾਕਾਂ ਤੋਂ ਸਪਟ ਹੋ ਜਾਂਦਾ ਹੈ ਕਿ ਜੇ ਪ੍ਰਮਾਤਮਾ ਦੇ ਦਰਨ ਦੀ ਅਭਿਲਾਾ ਕਰਨ ਵਾਲੇ ਪੁਰ ਤੋਂ ਪ੍ਰਮਾਤਮਾ ਕਿਤੇ ਹੋਰ ਵੱਖਰੀ ਥਾਂ ਹੁੰਦਾ ਤਾਂ ਇਹ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਪ੍ਰਭੂ ਤੂੰ ਹੈ? ਜੇਕਰ ਇਸ ਤਰ੍ਹਾਂ ਹੈ ਤਾਂ ਇਹ ਸੂਯੰ ਪ੍ਰਭੂ ਹੁੰਦਾ ਹੋਇਆ ਭੀ ਕਿਸ ਪ੍ਰਮਾਤਮਾ ਦਾ ਕਿਹੜੀ ਜਗ੍ਹਾ ਦਰਨ ਪਾ ਕੇ, ਮੁਕਤ ਹੋਵੇਗਾ? ਵਿੱਦ੍ਵਾਨ ਦਾ ਕਿਸੇ ਜਗ੍ਹਾ ਭੀ ਗਮਨ ਨਹੀਂ ਹੁੰਦਾ, ਇਸ ਰੀਰ ਵਿੱਚ ਹੀ ਬ੍ਰਹਮ ਨੂੰ ਪ੍ਰਾਪਤ ਹੋ ਜਾਂਦਾ ਹੈ, ਇਹ ਦਿਖਾਉਂਦੇ ਹਨ–

ਜਿਸ ਸਮੇਂ ਇਸਦੇ ਹਿਰਦੇ ਵਿੱਚ ਰਹਿਣ ਵਾਲੀਆਂ ਸੰਪੂਰਨ ਕਾਮਨਾਵਾਂ ਦਾ ਨਾ ਹੋ ਜਾਂਦਾ ਹੈ ਤਾਂ ਫਿਰ ਉਹ ਮਰਨ-ਧਰਮਾ ਅੰਮ੍ਰਿਤ ਹੋ ਜਾਂਦਾ ਹੈ ਅਤੇ ਇਸ ਜਗ੍ਹਾ (ਇਸ ਰੀਰ ਵਿੱਚ ਹੀ) ਉਸ ਨੂੰ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਵਿੱਚ ਦ੍ਰਿਟਾਂਤ ਦਿੰਦੇ ਹਨ–

ਜਿਸ ਪ੍ਰਕਾਰ ਸੱਪ ਦੀ ਕੰਜ, ਬਰਮੀ ਉੱਪਰ ਮੋਈ ਅਤੇ ਸੱਪ ਦੁਾਰਾ ਤਿਆਗੀ ਹੋਈ ਪਈ ਰਹਿੰਦੀ ਹੈ, ਉਸੀ ਪ੍ਰਕਾਰ ਇਹ ਰੀਰ ਪਿਆ ਰਹਿੰਦਾ ਹੈ ਅਤੇ ਅਰੀਰ ਅੰਮ੍ਰਿਤ ਪ੍ਰਾਣ (ਆਤਮਾ) ਤਾਂ ਬ੍ਰਹਮ ਹੀ ਹੈ-ਤੇਜ ਹੀ ਹੈ (ਬ੍ਰਿਹ: ਉ: ੪।੪।੭)

ਆਪਣੇ ਤੋਂ ਵੱਖਰਾ ਜੋ ਅਨਾਤਮਾ ਦਿਖਦਾ ਹੈ, ਉਨ੍ਹਾਂ ਦਿੱਖ ਰਹੇ ਪਦਾਰਥਾਂ ਦੀਆਂ ਕਾਮਨਾਵਾਂ ਹੀ ਅਵਿੱਦਾ ਰੂਪੀ ਮੌਤ ਹੈ। ਇਸ ਮੌਤ ਦਾ ਅਭਾਵ ਹੁੰਦੇ ਹੀ, ਗਿਆਨਵਾਨ ਇਸੇ ਰੀਰ ਵਿੱਚ ਮੌਤ ਤੋਂ ਰਹਿਤ ਹੋ ਜਾਂਦਾ ਹੈ ਕਿਉਂਕਿ ਅਵਿੱਦਾ ਵਾਲਾ ਹੀ ਮਰਦਾ ਤੇ ਜੰਮਦਾ ਸੀ, ਉਸ ਅਵਿੱਦਾ ਤੋਂ ਰਹਿਤ ਹੋਇਆ ਅਮਰ ਹੋ ਜਾਂਦਾ ਹੈ।

ਸੱਪ ਦੁਾਰਾ ਤਿਆਗੀ ਹੋਈ ਕੰਜ, ਜਿਉਂ ਬਰਮੀ ਉੱਤੇ ਪਈ ਰਹਿੰਦੀ ਹੈ, ਉਸ

ਨਾਲ ਸੱਪ ਦਾ ਕੋਈ ਸੰਬੰਧ ਨਹੀਂ ਰਹਿੰਦਾ, ਤਿਉਂ ਹੀ ਆਤਮਾ ਦੁਾਰਾ ਅਨਾਤਮ ਭਾਵ ਨਾਲ ਤਿਆਗਿਆ ਹੋਇਆ ਰੀਰ, ਸੱਪ ਦੀ ਤਿਆਗੀ ਹੋਈ ਕੰਜ ਦੀ ਤਰ੍ਹਾਂ ਪਿਆ ਰਹਿੰਦਾ ਹੈ ਅਤੇ ਫਿਰ ਉਸ ਰੀਰ ਦੇ ਯੁਕਤ ਅਰੀਰੀ ਆਤਮਾ ਨਹੀਂ ਹੁੰਦਾ ਕਿਉਂਕਿ ਉਹ ਮੁਕਤ ਹੁੰਦਾ ਹੋਇਆ ਹੀ, ਮੁਕਤ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਕਾਮਨਾ ਦੇ ਹੋਣ ਕਾਰਨ ਹੀ ਰੀਰ ਵਿੱਚ ਆਤਮਬੁੱਧੀ ਨਾਲ ਰੀਰ ਵਾਲਾ ਅਤੇ ਮਰਨ-ਧਰਮਾ ਸੀ, ਉਸਦੇ ਨਾ ਰਹਿਣ ਦੇ ਕਾਰਨ ਨਾ ਉਹ ਰੀਰ ਵਾਲਾ ਹੈ ਅਤੇ ਨਾ ਮਰਨ-ਧਰਮਾ ਹੀ, ਇਸ ਵਾਸਤੇ ਅੰਮ੍ਰਿਤ ਹੈ। ਹਵਾ ਨਾਲ ਜਿਉਂ ਉਹ ਕੰਜ ਇੱਧਰ-ਉੱਧਰ ਹੁੰਦੀ ਤੇ ਹਿਲਦੀ ਹੋਈ ਨਰ ਪੈਂਦੀ ਹੈ ਤਿਉਂ ਹੀ ਗਿਆਨਵਾਨ ਦਾ ਅਨਾਤਮਾ ਜਾਣਕੇ ਤਿਆਗਿਆ ਹੋਇਆ ਰੀਰ ਭੀ ਪ੍ਰਾਰਬਧ ਦੁਾਰਾ ਉੱਠਦਾ, ਬੈਠਦਾ, ਖਾਂਦਾ, ਪੀਂਦਾ ਤੇ ਚਲਦਾ ਆਦਿ ਕ੍ਰਿਆ ਕਰਦਾ ਦਿਖਾਈ ਦਿੰਦਾ ਹੈ। ਇਸੀ ਵਾਸਤੇ ਰੀਰ ਦੀ ਕ੍ਰਿਆ, ਗਿਆਨਵਾਨ ਨੂੰ ਸਪਰ ਨਹੀਂ ਕਰਦੀ ਕਿਉਂਕਿ ਉਹ ਅਰੀਰੀ ਆਤਮਾ ਹੈ। ਅਗਿਆਨ ਦੇ ਕਾਰਨ ਰੀਰ ਵਿੱਚ ਜੋ ਆਤਮਾ-ਬੁੱਧੀ ਸੀ, ਉਹ ਗਿਆਨ ਦੁਾਰਾ ਨਿਵਿਰਤ ਹੋ ਕੇ ਇੰਦ੍ਰੀਆਂ ਤੇ ਮਨ ਤੋਂ ਅਤੀਤ ਅਜਨਮਾ, ਨਿਰਵਿਕਾਰ ਜੋ ਵਾਸਤਵ ਸੂਰੂਪ ਆਤਮਾ ਹੈ ਯਾਨੀ ਨਿਰਵਿ ਆਤਮਾ ਵਿੱਚ ਅਚੱਲ ਹੋ ਜਾਂਦੀ ਹੈ। ਉਹ ਅਚੱਲ ਬੁਧੀ, ਰੀਰ ਦੀ ਕਿਸੇ ਪ੍ਰਕਾਰ ਦੀ ਭੀ ਹਰਕਤ ਨਾਲ ਚਲਾਇਮਾਨ ਨਹੀਂ ਹੁੰਦੀ, ਜਿਸ ਤਰ੍ਹਾਂ ਕ੍ਰੋੜਾਂ ਬਾਰਾਂ ਅਤੇ ਹਨੇਰੀਆਂ, ਆਕਾ ਨੂੰ ਆਪਣੇ ਨਿਰਲੇਪ ਸੂਭਾਵ ਤੋਂ ਕਦੇ ਭੀ ਵਿਕਾਰੀ ਨਹੀਂ ਕਰ ਸਕਦੀਆਂ।

## *ਗਿਆਨਵਾਨ ਦੀ ਨਿਸਚਿੰਤਤ-ਨਿਰਭੈ ਇਸਥਿਤੀ*

ਉਸ ਨਿਰਵਿਕਾਰ ਆਤਮਾ ਦੇ ਗਿਆਨ ਵਾਲੇ-ਆਤਮਵੇਤਾ ਦੀ ਨਿਸਚਿੰਤ ਇਸਥਿਤੀ ਨੂੰ ੍ਤੀ ਇਉਂ ਦਿਖਾਉਂਦੀ ਹੈ-

ਜੇ ਪੁਰ ਆਤਮਾ ਨੂੰ ਮੈਂ ਇਹ ਹਾਂ ਇਸ ਪ੍ਰਕਾਰ ਵਿ ਰੂਪ ਤੇ ਜਾਣ ਜਾਵੇ ਤਾਂ ਫਿਰ ਉਹ ਕਿਹੜੀ ਇੱਛਾ ਕਰਦਾ ਹੋਇਆ ਅਤੇ ਕਿਹੜੀ ਕਾਮਨਾ ਦੇ ਹੋਣ ਨਾਲ ਰੀਰ ਪਿੱਛੇ ਦੁਖੀ ਹੋਵੇ? (ਬ੍ਰਿਹ: ਉ: ੪।੪।੧੨)

ਭੁੱਖ, ਪਿਆਸ ਤੋਂ ਅਤੀਤ, ਸਭ ਰੀਰਾਂ ਵਿੱਚ ਰਹਿਣ ਵਾਲਾ, ਪੰਜ ਗਿਆਨ ਇੰਦ੍ਰੀਆਂ ਤਥਾ ਛੇਵਾਂ ਮਨ, ਜਿਸਦੇ ਕਰਣ ਦੀ ਤਰ੍ਹਾਂ ਕਰਣ ਯਾਨੀ ਹਥਿਆਰ

ਵਾਂਗੂੰ ਹਨ, ਇਨ੍ਹਾਂ ਦੁਆਰਾ ਜੋ ਕੁੱਝ ਭੀ ਦੇਖਦਾ, ਸੁਣਦਾ, ਸੁੰਘਦਾ, ਸੁਆਦ ਲੈਂਦਾ ਅਤੇ ਸਪਰ ਕਰਦਾ ਹੈ ਤਥਾ ਚਿੰਤਨ ਵਿੱਚ ਆਉਣ ਵਾਲਾ ਹੈ, ਉਹ ਸਭ ਮ੍ਰਿਗਤ੍ਰਿਨਾ ਦੇ ਜਲ ਵਾਂਗੂੰ ਐਵੇਂ ਪ੍ਰਤੀਤ ਹੀ ਹੁੰਦਾ ਹੈ। ਇਸ ਤੋਂ ਵਿਪਰੀਤ ਨਿੱਤ, ਸ਼ੁੱਧ, ਬੁੱਧ ਤੇ ਮੁਕਤ ਸੁਰੂਪ ਸਾਖੀ-ਆਤਮਾ ਮੈਂ ਹੀ ਹਾਂ ਜੋ ਇਉਂ ਜਾਣਦਾ ਹੈ, ਉਹ ਕਿਸ ਵਸਤੂ ਦੀ ਇੱਛਾ ਕਰੇ? ਆਤਮਾ ਤੋਂ ਭਿੰਨ ਕੁੱਝ ਹੈ ਹੀ ਨਹੀਂ, ਇਸ ਪ੍ਰਤੀਤ ਦੇ ਰਹੇ ਮ੍ਰਿਗ-ਜਲ ਵਿੱਚ ਜਲ ਦਾ ਅਭਾਵ ਸਮਝਕੇ ਅਤੇ ਆਤਮਾ ਨੂੰ ਪੂਰਨ ਜਾਣ ਕੇ, ਕੀ ਕਾਮਨਾ ਕਰੇ? ਜਦੋਂ ਕਿ ਕੋਈ ਕਾਮਨਾ ਯੋਗ ਪਦਾਰਥ ਹੀ ਨਹੀਂ ਹੈ ਕਿਉਂਕਿ ਇਸ ਹਾਲਤ ਵਿੱਚ ਤਾਂ ਸਭ ਕੁੱਝ ਆਤਮਾ-ਸੁਰੂਪ ਹੀ ਹੋ ਜਾਂਦਾ ਹੈ, ਇਸ ਲਈ ਕਿਸ ਪਦਾਰਥ ਲਈ, ਕਿਹੜੀ ਇੱਛਾ ਕਰਦਾ ਹੋਇਆ ਰੀਰ ਪਿੱਛੇ ਦੁਖੀ ਹੋਵੇ?

ਜੋ ਰੀਰ ਵਿੱਚ ਆਤਮ-ਬੁੱਧੀ ਰੱਖਣ ਵਾਲਾ ਹੁੰਦਾ ਹੈ, ਉਹੀ ਰੀਰ ਰੂਪ ਉਪਾਧੀ ਦੇ ਦੁਖੀ ਹੋਣ ਨਾਲ ਦੁਖੀ ਅਤੇ ਸੁਖੀ ਹੋਣ ਨਾਲ ਸੁਖੀ ਹੁੰਦਾ ਹੈ। ਉਹ ਆਤਮਾ ਤੋਂ ਭਿੰਨ ਪਦਾਰਥ ਜਾਣ ਕੇ ਹੀ ਕਾਮਨਾ ਕਰਦਾ ਹੈ ਕਿੰਤੂ ਜੋ ਰੀਰ ਰੂਪ ਹੀ ਨਹੀਂ, ਉਸ ਨਿਰਉਪਾਧਿਕ ਆਤਮਾ ਨੂੰ ਦੇਖਣ ਵਾਲੇ ਪੁਰ ਪਾਸੋਂ ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ? ਅਰਥਾਤ ਉਹ ਸੁਪਨ ਦੇ ਰੀਰ ਵਾਸਤੇ ਸੁਪਨ ਪਦਾਰਥਾਂ ਲਈ, ਕਿਸ ਪ੍ਰਕਾਰ ਕਾਮਨਾ ਕਰਕੇ ਦੁਖੀ ਹੋਵੇਗਾ? ਇਸ ਪ੍ਰਕਾਰ ਦੇ ਨਿਰਉਪਾਧਿਕ ਆਤਮਾ ਨੂੰ ਸਾਰੇ ਹੀ ਪ੍ਰਾਣੀਆਂ ਵਿੱਚ ਪੂਰਨ ਜਾਣ ਕੇ, ਅਭੇਦਤਾ ਨੂੰ ਪ੍ਰਾਪਤ ਹੋਏ ਤੱਤੂਵੇਤਾ ਦੀ ਨਿਰਭੈਤਾ ਦਿਖਾਉਂਦੇ ਹਨ-

ਜਦ ਭੂਤ ਅਤੇ ਭਵਿੱਤ ਦੇ ਸੁਆਮੀ, ਇਸ ਪ੍ਰਕਾਮਾਨ ਅਥਵਾ ਕਰਮ ਫਲ ਦਾਤਾ ਆਤਮਾ ਨੂੰ ਮਨੁੱ ਸਾਖਾਤ ਜਾਣ ਲੈਂਦਾ ਹੈ ਤਾਂ ਫਿਰ ਉਸ ਪਾਸੋਂ ਆਪਣੀ ਰੱਛਿਆ ਦੀ ਇੱਛਾ ਨਹੀਂ ਕਰਦਾ। (ਬ੍ਰਿਹ: ਉ: ੪।੪।੧੫)

ਗੁਰੂ ਕ੍ਰਿਪਾ ਨਾਲ ਜਦ ਆਪਣੇ ਆਤਮਾ ਨੂੰ ਜਾਣ ਲੈਂਦਾ ਹੈ, ਕਿਸ ਪ੍ਰਕਾਰ ਦੇ ਆਤਮਾ ਨੂੰ? ਸ਼ੁੱਭ-ਅਸ਼ੁੱਭ ਕਰਮਾਂ ਮੁਤਾਬਿਕ, ਸਭ ਪ੍ਰਾਣੀਆਂ ਨੂੰ ਜੋ ਫਲ ਦੇਣ ਵਾਲਾ ਹੈ ਤਥਾ ਜੋ ਸਮਾਂ ਬੀਤ ਗਿਆ ਹੈ ਅਤੇ ਜੋ ਅੱਗੇ ਨੂੰ ਆਵੇਗਾ ਆਦਿ ਤਿਹਾਂ ਕਾਲਾਂ ਦੇ ਗਿਆਤਾ ਨੂੰ ਸਾਖਾਤ ਆਪਣਾ ਰੂਪ ਜਾਣ ਲੈਂਦਾ ਯਾਨੀ ਮੈਂ ਹੀ ਹਾਂ ਉਸ ਵਕਤ ਉਹ ਪੁਰ ਕਿਸੇ ਪਾਸੋਂ ਭੀ ਨਹੀਂ ਡਰਦਾ। ਕਿਉਂ ਨਹੀਂ

ਡਰਦਾ? ਇਸ ਲਈ ਕਿ ਜਿਤਨਾ ਭੀ ਚਰਾਚਰ ਜਗਤ ਹੈ ਇਸੀ ਆਤਮਾ-ਬ੍ਰਹਮ ਦੇ ਭੈ ਅੰਦਰ ਇਸਥਿਤ ਹੈ। ਇਸ ਤੋਂ ਵੱਡੀ ਤਾਕਤ ਕੋਈ ਭੀ ਨਹੀਂ, ਜਿਸ ਦੀ ਹਕੂਮਤ ਇਸ ਪਰ ਹੋ ਸਕੇ। ਕਠੋਪਨਿਦ ਵਿੱਚ ਲਿਖਿਆ ਹੈ-

ਇਸ ਪ੍ਰਮੇਰ ਦੇ ਭੈ ਨਾਲ ਅਗਨੀ ਤਪਦੀ ਹੈ, ਇਸ ਦੇ ਭੈ ਨਾਲ ਸੂਰਜ ਤਪਦਾ ਹੈ ਤਥਾ ਇਸ ਦੇ ਭੈ ਨਾਲ ਇੰਦ੍ਰ, ਵਾਯੂ ਅਤੇ ਪੰਜਵਾਂ ਮ੍ਰਿਤ (ਯਮਰਾਜ) ਦੌੜਦਾ ਹੈ। (ਕ: ਉ: ੨।੩।੩)

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥**

**(ਅੰਗ ੪੬੪)**

ਆਪਣੇ ਤੋਂ ਜੁਦਾ ਸਮਝਣ ਵਾਲੇ ਅਗਿਆਨੀ ਲੋਕ, ਆਪਣੀ ਰੱਛਿਆ ਲਈ ਈ੍ਰਰ ਅੱਗੇ ਨਾਨਾ ਪ੍ਰਕਾਰ ਦੀ ਦੀਨਤਾ ਪੂਰਬਕ ਪ੍ਰਾਰਥਨਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣਾ ਨਾ ਹੁੰਦਾ ਦਿਖਾਈ ਦਿੰਦਾ ਹੈ। ਆਪਣਾ ਨਾ ਕਿਸੇ ਨੂੰ ਭੀ ਇਟ (ਭਾਉਂਦਾ) ਨਹੀਂ, ਇਸ ਲਈ ਆਪਣਾ ਬਚਾਉ ਪ੍ਰਮਾਤਮਾ ਪਾਸੋਂ ਚਾਹੁੰਦੇ ਹਨ ਪ੍ਰੰਤੂ ਜੋ ਅਭੇਦ-ਦਰੀ ਅਰਥਾਤ ਆਪਣੇ ਆਤਮਾ ਨੂੰ ਹੀ ਵਿਆਪਕ ਪ੍ਰਮਾਤਮਾ ਸਮਝਣ ਵਾਲਾ ਹੈ, ਉਹ ਨਾ ਤੋਂ ਰਹਿਤ, ਪ੍ਰਭੂ-ਸ੍ਰਰੂਪ ਗਿਆਨੀ ਨਾ ਆਪਣਾ ਨਾ ਹੁੰਦਾ ਦੇਖਦਾ ਹੈ ਅਤੇ ਨਾ ਹੀ ਬ੍ਰਹਮ ਨੂੰ ਆਪਣੇ ਤੋਂ ਜੁਦਾ ਜਾਣ ਕੇ, ਉਸ ਪਾਸੋਂ ਕਦੇ ਰੱਛਿਆ ਹੀ ਚਾਹੁੰਦਾ ਹੈ। ਇਹ ਰੱਸੀ ਵਿੱਚ ਸੱਪ ਦੀ ਤਰ੍ਹਾਂ ਪ੍ਰਤੀਤ ਦੇਣ ਵਾਲਾ ਰੀਰ, ਗਿਆਨਵਾਨ ਦਾ ਸ੍ਰਰੂਪ ਨਹੀਂ ਹੈ, ਜਿਸ ਛਿੰਨ-ਛਿੰਨ ਬਾਅਦ ਤਬਦੀਲ ਹੋਣ ਵਾਲੇ ਰੀਰ ਦਾ ਨਾ ਹੁੰਦਾ ਦੇਖਕੇ, ਉਸਦੇ ਬਚਾਉ ਖਾਤਰ ਈਰ੍ਰ ਅੱਗੇ ਦੀਨਤਾ ਪ੍ਰਗਟ ਕਰੇ।

ਦ੍ਵੈਤ, ਜੋ ਵਾਸਤਵ ਵਿੱਚ ਨਹੀਂ, ਇਹ ਅਨੰਤ ਪ੍ਰਕਾਰ ਦੀ ਪ੍ਰਤੀਤੀ, ਅਵਿੱਦਾ ਤੋਂ ਉਤਪੰਨ ਹੋਈ ਹੈ। ਇਸ ਅਵਸਥਾ ਵਿੱਚ ਦ੍ਵੈਤ ਨੂੰ ਦੇਖਣ ਵਾਲਾ ਯਾਨੀ ਅਦ੍ਵੈਤ ਵਸਤੂ ਵਿੱਚ ਜੋ ਦ੍ਵੈਤ ਨੂੰ ਆਰੋਪਨ ਕਰਨ ਵਾਲਾ ਹੈ, ਉਹ ਮਰ ਕੇ ਫਿਰ ਮਰਦਾ ਹੈ। ਇਹ ਮ੍ਰਿਤ-ਚੱਕ੍ਰ ਵਿੱਚੋਂ ਨਿਕਲ ਨਹੀਂ ਸਕਦਾ। ਉਸ ਭੇਦ-ਦਰੀ ਮਨੁੱਖ ਦੀ ਦੁਰਗਤੀ ੍ਰਤੀ ਇਸ ਪ੍ਰਕਾਰ ਦਸਦੀ ਹੈ-

ਬ੍ਰਹਮ ਨੂੰ ਗੁਰੂ ਉਪੇਦ ਮੁਤਾਬਿਕ ਅਰਥਾਤ ਪ੍ਰਮਾਰਥ ਗਿਆਨ ਦੇ ਸੰਸਕਾਰ ਯੁਕਤ ਮਨ ਨਾਲ ਹੀ ਦੇਖਣਾ ਚਾਹੀਦਾ ਹੈ। ਇਸ ਵਿੱਚ ਨਾਨਾ (ਅਨੇਕਤਾ)

ਨਹੀਂ ਹੈ। ਜੋ ਇਸ ਵਿੱਚ ਨਾਨਾ ਦੇ ਸਾਮਾਨ ਦੇਖਦਾ ਹੈ, ਉਹ ਮ੍ਰਿਤੂ ਤੋਂ ਮ੍ਰਿਤੂ ਨੂੰ ਪ੍ਰਾਪਤ ਹੁੰਦਾ ਹੈ ਭਾਵ ਮਰਦਾ ਅਤੇ ਜੰਮਦਾ ਰਹਿੰਦਾ ਹੈ। (ਕ: ਉ: ੨।੧।੧੧)

ਜਿਸ ਵਿੱਚ ਨਾਨਾਤ੍ਵ (ਅਨੇਕਤਾ) ਕੁੱਝ ਨਹੀਂ ਹੈ, ਉਸ ਵਿੱਚ ਭੀ ਨਾਨਾ ਦੀ ਕਲਪਨਾ ਕਰਨੀ, ਇਹੋ ਹੀ ਦ੍ਵੈਤ ਹੈ। ਇਹੀ ਕਲਪਨਾ ਜੀਵ ਨੂੰ ਪ੍ਰਮੇਰ ਤੋਂ ਜੁਦਾ ਕਾਇਮ ਜਿਹਾ ਕਰਕੇ, ਆਪਣੇ ਨਾ ਦਾ ਅਗਿਆਨ ਦਿਖਾ ਕੇ, ਆਪਣੇ ਰੱਛਿਆ ਲਈ ਦੀਨ ਬਣਾਉਂਦੀ ਹੈ। ਇਸ ਭ੍ਰਮ ਦ੍ਵਾਰਾ ਅਣਹੋਈ ਪ੍ਰਾਪਤ ਦੀਨਤਾ ਤੋਂ, ਕਲਪਨਾ ਹੀਨ ਅਦ੍ਵੈਤ ਵਸਤੂ ਦੇ ਗਿਆਨ ਬਿਨਾਂ, ਛੁਟਕਾਰਾ ਕਦ ਮਿਲ ਸਕਦਾ ਹੈ? ਰੱਸੀ ਨੂੰ ਜਾਣ ਲੈਣ ਵਾਲਾ ਭੀ ਕਦੇ ਸੱਪ ਤੋਂ ਡਰਦਾ ਹੈ? ਇਹੀ ਕਾਰਨ ਹੈ ਕਿ ਆਪਣੇ ਹੀ ਆਤਮਾ ਨੂੰ ਸਭ ਪਾਣੀਆਂ ਵਿੱਚ ਵੇਖਣ ਵਾਲਾ, ਕਿਸੇ ਤੋਂ ਭੀ ਭੈ ਨਹੀਂ ਖਾਂਦਾ ਕਿਉਂਕਿ ਆਪਣੇ-ਆਪ ਤੋਂ ਤਾਂ ਭੈ ਹੁੰਦਾ ਹੀ ਨਹੀਂ। ਇਸ ਪ੍ਰਕਾਰ ਜੋ ਆਪਣਾ ਆਤਮਾ ਨੂੰ ਹੀ ਪੂਰਨ ਦੇਖਣ ਵਾਲਾ ਹੈ, ਉਹ ਨਿਸਚੇ ਹੀ ਪ੍ਰਮਾਤਮਾ ਤੋਂ ਜੁਦਾ ਕੁੱਝ ਵਸਤੂ ਨਹੀਂ ਦੇਖਦਾ ਅਰਥਾਤ ਸਭ ਕੁੱਝ ਪ੍ਰਮਾਤਮਾ ਸ੍ਵਰੂਪ ਹੀ ਹੈ, ਐਸਾ ਨਿਸਚੇ ਕਰਦਾ ਹੈ। ਫਿਰ ਕਿਸ ਪ੍ਰਮਾਤਮਾ ਪਾਸੋਂ, ਕਿਸ ਭੈ ਦਾ ਮਾਰਿਆ ਹੋਇਆ, ਕੌਣ ਆਪਣੀ ਰੱਛਾ ਚਾਹਵੇਗਾ?

**ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥ ਡਰੁ ਚੂਕਾ ਦੇਖਿਆ ਭਰਪੂਰਿ॥**

**(ਅੰਗ ੧੯੬)**

**ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਿਰ ਸੋਇ॥**

**(ਅੰਗ ੨੨੩)**

ਆਤਮ ਗਿਆਨੀ ਕਿਸੇ ਪਾਸੋਂ ਭੀ ਭੈ ਨਹੀਂ ਮੰਨਦਾ। (ਤੈ: ਉ: ੨।੪।੧)

ਆਪਣੇ ਆਪ ਨੂੰ ਅਵਿਨਾਸੀ ਜਾਣ ਲੈਣ ਵਾਲੇ ਨੂੰ, ਭੈ ਦਾ ਕੋਈ ਨਮਿੱਤ ਹੀ ਨਹੀਂ ਰਹਿੰਦਾ, ਇਸ ਲਈ ਉਹ ਆਪਣੀ ਹਿਫ਼ਾਜ਼ਤ ਨਹੀਂ ਚਾਹੁੰਦਾ-

ਜੋ ਪੁਰ ਇਸ ਕਰਮ ਫਲ ਭੋਗਤਾ ਅਤੇ ਪ੍ਰਾਣ ਆਦਿ ਨੂੰ ਧਾਰਨ ਕਰਨ ਵਾਲੇ ਆਤਮਾ ਨੂੰ ਉਸਦੇ ਸਮੀਪ (ਕੋਲ) ਰਹਿ ਕੇ ਭੂਤ, ਭਵਿੱਤ ਅਤੇ ਵਰਤਮਾਨ ਦੇ ਸਕ ਰੂਪ ਤੇ ਜਾਣਦਾ ਹੈ, ਉਹ ਅਜਿਹਾ ਵਿਗਾਨ ਹੋ ਜਾਣ ਦੇ ਬਾਅਦ, ਉਸਦੀ ਰੱਛਿਆ ਕਰਨ ਦੀ ਇੱਛਾ ਨਹੀਂ ਕਰਦਾ, ਨਿਸਚੇ ਇਹੀ ਉਹ ਆਤਮ-ਤੱਤ੍ਵ ਹੈ। (ਕ: ਉ: ੨।੧।੫)

ਜੋ ਅੰਗੁਟ* ਪਰਿਮਾਣ (ਅੰਗੂਠੇ ਮਾਤ੍ਰ) ਪੁਰ ਰ ੀਰ ਦੇ ਵਿਚਕਾਰ ਇਸਥਿਤ ਹੈ, ਉਸ ਨੂੰ ਭੂਤ, ਭਵਿੱਤ ਦਾ ਾਸਕ (ਕੰਟਰੋਲ ਕਰਨ ਵਾਲਾ) ਜਾਣ ਕੇ, ਉਹ ਉਸ ਆਤਮ-ਗਿਆਨ ਦੇ ਕਾਰਨ, ਆਪਣੇ ਰੀਰ ਦੀ ਰੱਛਿਆ ਨਹੀਂ ਚਾਹੁੰਦਾ, ਨਿਸਚੇ ਹੀ ਇਹ ਉਹੀ ਆਤਮ-ਤੱਤ੍ਹ ਹੈ। (ਕ: ਉ: ੨।੧।੧੨)

ਇਸ ਪ੍ਰਕਾਰ ਭੂਤ, ਭਵਿੱਤ ਅਤੇ ਵਰਤਮਾਨ ਦੇ ਾਸਕ (ਕੰਟਰੋਲ ਕਰਨ ਵਾਲਾ) ਅਵਿਨਾ ੀ ਬ੍ਰਹਮ ਤੱਤ੍ਹ ਨੂੰ ਗੁਰੂ ਦੁਆਰਾ ਜਾਣ ਕੇ ਨਿਸਚਿੰਤ ਤਥਾ ਨਿਰਭੈ ਇਸਥਿਤੀ ਹੋ ਜਾਂਦੀ ਹੈ। ਇਸ ਨਿਕੰਟਕ, ਅਚੱਲ, ਸ੍ਵਰਾਜ ਪਰ ਆਰੂੜ੍ਹ (ਇਸਥਿਤ) ਕਰ ਦੇਣ ਵਾਲੇ ਸਤਿਗੁਰੂ ਦੇ ਤੁੱਲ ਹੋਰ ਕੌਣ ਹੋ ਸਕਦਾ ਹੈ ਜੋ ਕੰਗਾਲ ਤੋਂ ਹਿਨਾਹ ਬਣਾ ਦੇਣ ਵਾਲੇ ਹਨ? ਤਨ, ਮਨ ਅਤੇ ਧਨ ਉਸ ਗੁਰੂਦੇਵ ਉੱਤੇ ਕੁਰਬਾਨ ਕਰਨਾ ਬਹੁਤ ਥੋੜ੍ਹਾ ਹੈ ਕਿਉਂਕਿ ਅਵਿਨਾ ੀ ਵਸਤੂ ਦੀ ਕੀਮਤ ਵਿਨਾ ੀ ਪਦਾਰਥ ਨਹੀਂ ਹੋ ਸਕਦਾ ਤਾਂ ਭੀ ਜਿਸਨੂੰ ਆਪਣਾ ਸਮਝਿਆ ਹੋਇਆ ਹੁੰਦਾ ਹੈ, ਉਸਦਾ ਦੇ ਦੇਣਾ ਹੀ ਸ੍ਵੀਕਾਰ ਕਰ ਲਿਆ ਜਾਂਦਾ ਹੈ। ਜਦ ਰਾਜਾ ਜਨਕ ਨੇ ਸਾਰਾ ਹੀ ਰਾਜ ਤਥਾ ਆਪਣਾ-ਆਪ, ਅਟਾਵੱਕ੍ਰ ਮੁਨੀ ਦੇ ਅਰਪਣ ਕਰ ਦਿੱਤਾ ਤਦ ਯਾਕਵਲਕ ਨੇ ਬ੍ਰਹਮਵੇਤਾ ਦੀ ਅਵਿਰਲ ਇਸਥਿਤੀ ਦਾ ਉਪਦੇ ਇਉਂ ਕੀਤਾ-

## *ਨੇਤਿ ਨੇਤਿ ਨਿਰਦੇ ਦੁਆਰਾ ਪ੍ਰਕਾ ਿਤ ਹੋਣ ਵਾਲਾ ਨਿਰਭੈ ਆਤਮਾ ਬ੍ਰਹਮ*

ਇਹੀ ਬਾਤ ਰਿਚਾ ਦੁਆਰਾ ਕਹੀ ਗਈ ਹੈ-ਇਹ ਬ੍ਰਹਮਵੇਤਾ ਦੀ ਨਿੱਤ ਮਹਿਮਾ ਹੈ, ਜੋ ਕਰਮ ਨਾਲ ਨਾ ਤਾਂ ਵਧਦੀ ਹੈ ਅਤੇ ਨਾ ਹੀ ਘਟਦੀ ਹੈ। ਉਸ ਮਹਿਮਾ ਦੇ ਹੀ ਸ੍ਵਰੂਪ ਨੂੰ ਜਾਨਣ ਵਾਲੇ ਹੋਣਾ ਚਾਹੀਦਾ ਹੈ, ਉਸ ਨੂੰ ਜਾਣ ਕੇ ਪਾਪ ਕਰਮ ਨਾਲ ਲਿਪਤ ਨਹੀਂ ਹੁੰਦਾ। ਇਸ ਲਈ, ਇਸ ਪ੍ਰਕਾਰ ਜਾਨਣ ਵਾਲਾ ਾਂਤ, ਦਾਂਤ (ਅੰਤਹਕਰਣ ਦੀ ਤ੍ਰਿਨਾ ਤੋਂ ਰਹਿਤ), ਉਪਰਤੀ (ਸੰਪੂਰਨ ਇੱਛਾਵਾਂ ਦਾ ਤਿਆਗੀ) ਅਤੇ ਤਿਤਿੱਛੂ (ਪ੍ਰਤੀਕੂਲਤਾ ਨੂੰ ਸਹਿਣ ਵਾਲਾ)

* ਇਸ ਜਗ੍ਹਾ ਅੰਗੁਟ ਪਰਿਮਾਣ ਪੁਰ (ਬ੍ਰਹਮ) ਦਾ ਆਕਾਰ ਨਹੀਂ ਸਮਝਣਾ ਕਿਉਂਕਿ ਆਤਮਾ ਅੰਦਾਜ਼ੇ ਤੋਂ ਬਾਹਰ ਹੈ। ਹਿਰਦਾ ਕਮਲ ਅੰਗੂਠੇ ਸਮਾਨ ਅਕਾਰ ਵਾਲਾ ਹੈ, ਉਸ ਹਿਰਦੇ-ਅੰਤਹਕਰਣ ਉਪਾਧੀ ਵਿੱਚ ਪੂਰਨ ਪ੍ਰਮਾਤਮਾ ਦੇ ਰਹਿਣ ਕਾਰਨ ਅੰਗੁਟ ਪਰਿਮਾਣ ਇਸ ਤਰ੍ਹਾਂ ਆਖਿਆ ਹੈ।

ਸਮਾਹਿਤ ਹੋ ਕੇ, ਆਤਮਾ ਵਿੱਚ ਹੀ ਆਤਮਾ ਨੂੰ ਦੇਖਦਾ ਹੈ ਯਾਨੀ ਸਭ ਨੂੰ ਆਤਮਾ ਹੀ ਦੇਖਦਾ ਹੈ। ਉਸ ਨੂੰ ਪਾਪ-ਪੁੰਨ ਦੀ ਪ੍ਰਾਪਤੀ ਨਹੀਂ ਹੁੰਦੀ, ਇਹ ਸੰਪੂਰਨ ਪਾਪਾਂ ਨੂੰ ਪਾਰ ਕਰ ਜਾਂਦਾ ਹੈ। ਇਸ ਨੂੰ ਪਾਪ, ਤਾਪ (ਕਣ) ਨਹੀਂ ਪੁਜਾਉਂਦਾ ਬਲਕਿ ਇਹ ਸਾਰੇ ਪਾਪਾਂ ਨੂੰ ਭਸਮ ਕਰਦਾ ਹੈ। ਇਹ ਪਾਪ ਰਹਿਤ, ਨਿਕਾਮ, ਸੰਯਹੀਨ, ਬ੍ਰਹਮਵੇਤਾ ਹੋ ਜਾਂਦਾ ਹੈ। ਹੇ ਸਮ੍ਰਾਟ! ਇਹ ਬ੍ਰਹਮ ਲੋਕ ਹੈ, ਤੈਨੂੰ ਇਸ ਲੋਕ ਵਿੱਚ ਪੁਚਾ ਦਿੱਤਾ ਗਿਆ ਹੈ ਇਸ ਤਰ੍ਹਾਂ ਯਾਗਵਲਕ ਨੇ ਕਿਹਾ। ਤਦ ਜਨਕ ਨੇ ਆਖਿਆ-ਮੈਂ ੍ਰੀਮਾਨ ਨੂੰ ਵਿਦੇਹ ਦੇ (ਆਪਣਾ ਸਾਰਾ ਰਾਜ) ਦਿੰਦਾ ਹਾਂ, ਸਾਥ ਹੀ ਆਪ ਦੀ ਸੇਵਾ ਕਰਨ ਲਈ, ਆਪਣੇ ਆਪ ਨੂੰ ਭੀ ਅਰਪਣ ਕਰਦਾ ਹਾਂ। (ਬ੍ਰਿਹ: ਉ: ੪।੪।੨੩)

**ਪ੍ਰ ਨ** -ਬ੍ਰਹਮਵੇਤਾ ਦੀ ਉਹ ਨਿੱਤ ਇੱਕ-ਰਸ ਰਹਿਣ ਵਾਲੀ ਮਹਿਮਾ ਕਿਹੜੀ ਹੈ, ਜਿਸ ਨੂੰ ਜਾਣ ਕੇ ਪੁਰ, ਪਾਪ ਨਾਲ ਲਿਪਤ ਨਹੀਂ ਹੁੰਦਾ?

**ਉੱਤਰ**-ਨਿਰਉਪਾਧਿਕ ਆਤਮਾ।

**ਪ੍ਰ ਨ** -ਉਪਾਧੀ ਤੋਂ ਰਹਿਤ ਉਸ ਮਹਿਮਾ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ? ਕਿਉਂਕਿ ਜਦ ਉਹ ਨਾਮ-ਰੂਪ ਤੋਂ ਰਹਿਤ ਵਸਤੂ ਨਾ ਕਿਸੇ ਬਦ ਦੁਆਰਾ ਕਥਨ ਕੀਤੀ ਜਾਂਦੀ ਹੈ ਨਾ ਹੀ ਕੋਈ ਇੰਦ੍ਰੀਯ ਉਸ ਨੂੰ ਦੇਖ ਸਕਦੀ ਹੈ ਤਥਾ ਇਸੀ ਪ੍ਰਕਾਰ ਮਨ ਦੁਆਰਾ ਭੀ ਜਾਨਣ ਵਿੱਚ ਨਹੀਂ ਆਉਂਦੀ?

**ਉੱਤਰ**-ਸੰਪੂਰਨ ਇੱਛਾਵਾਂ ਨੂੰ ਤਿਆਗ ਦੇਣ ਵਾਲਾ ਬ੍ਰਹਮਵੇਤਾ ਜਿਸ ਮਹਿਮਾ ਨੂੰ ਜਾਣ ਕੇ ਸੰਕਲਪੂ ਨ ਹੋ ਜਾਂਦਾ ਹੈ, ਉਹ ਨੇਤਿ, ਨੇਤਿ ਯਾਨੀ ਇਹ ਨਹੀਂ ਹੈ, ਇਹ ਨਹੀਂ ਹੈ, ਇਨ੍ਹਾਂ ਦੋ ਬਦਾਂ ਤੋਂ ਵੱਖਰਾ ਹੋਰ ਕੋਈ ਉਪਾਇ ਹੀ ਨਹੀਂ ਨਿਸਚੇ ਕਰਦਾ ਅਰਥਾਤ ਉਸ ਮਹਿਮਾ ਨੂੰ ਜਾਨਣ ਲਈ੍ਰਤੀ ਦਾ ਇਹੋ ਹੀ ਨਿਰਦੇ ਹੈ। ਕਿਉਂਕਿ ਇਸ ਤੋਂ ਭਿੰਨ ਜਿਤਨਾ ਭੀ ਉਪਾਧੀ ਰੂਪ ਵਿ ਹੈ, ਉਹ ਸਾਰਾ ਹੀ ਅਨਿੱਤ ਮਹਿਮਾ ਹੈ ਜੋ ਕਰਮ ਦੁਆਰਾ ਪ੍ਰਾਪਤ ਹੋਣ ਦੇ ਯੋਗ ਯਾਨੀ ਕਰਮ ਨਾਲ ਪ੍ਰਾਪਤ ਕੀਤੀ ਨਹੀਂ ਜਾ ਸਕਦੀ ਕਿਉਂਕਿ ਨਾਮ, ਰੂਪ, ਕਰਮ , ਭੇਦ, ਜਾਤੀ ਅਤੇ ਗੁਣ ਆਦਿ ਵਿ ੇਤਾ, ਉਸ ਵਿੱਚ ਹੈ ਨਹੀਂ। ਬਦ ਦੀ ਪ੍ਰਵਿਰਤੀ ਇਨ੍ਹਾਂ ਦੁਆਰਾ ਹੀ ਹੁੰਦੀ ਹੈ, ਇਨ੍ਹਾਂ ਵਿੱਚੋਂ ਕੋਈ ਭੀ ਨਾ ਹੋਣ ਦੇ ਕਾਰਨ, ਉਹ ਕਿਸੇ ਭੀ ਬਦ ਨਾਲ, ਪ੍ਰਕਾਤਿ ਨਹੀਂ ਹੁੰਦੀ। ਆਰੋਪਿਤ ਨਾਮ, ਰੂਪ ਅਤੇ

ਕਰਮ ਦੁਆਰਾ ਹੀ ਕੁੱਝ ਉਸਦੇ ਬਾਰੇ ਕਿਹਾ ਜਾਂਦਾ ਹੈ ਕਿੰਤੂ ਜਿਸ ਵਕਤ ਸੰਪੂਰਨ ਉਪਾਧੀ ਰੂਪ ਵਿ ਤੋਂ ਰਹਿਤ, ਸ੍ਵਰੂਪ ਦਾ ਨਿਰਦੇ ਕਰਨ ਦੀ ਇੱਛਾ ਹੁੰਦੀ ਹੈ ਤਾਂ ਉਸ ਸਮੇਂ ਕਿਸੇ ਭੀ ਤਰ੍ਹਾਂ ਉਸ ਨਿਰਉਪਾਧਿਕ (ਆਤਮਾ) ਦਾ ਨਿਰਦੇ ਨਹੀਂ ਕੀਤਾ ਜਾ ਸਕਦਾ। ਕੇਵਲ ਇੱਕੋ ਹੀ ਉਪਾਇ ਰਹਿ ਜਾਂਦਾ ਹੈ। ਉਹ ਇਹ ਕਿ, ਜੋ ਕੁੱਝ ਭੀ ਉਸ ਵਿੱਚ ਆਰੋਪਨ ਕਰ ਕੇ ਕਥਨ ਕੀਤਾ ਗਿਆ ਹੈ, ਉਸ ਸਭ ਦੇ ਨਿੇਧ ਦੁਆਰਾ ਨੇਤਿ ਨੇਤਿ ਇਸ ਤਰ੍ਹਾਂ ਨਿਰੂਪਣ ਕੀਤਾ ਜਾਏ ਅਰਥਾਤ ਜੋ ਕੁੱਝ ਭੀ ਵਿਯ ਰੂਪ ਵਿੱਚ ਪ੍ਰਾਪਤ ਹੁੰਦਾ ਹੈ, ਇਸਦੇ ਦੁਆਰਾ ਸਭ ਦਾ ਹੀ ਨਿੇਧ ਕਰ ਦਿੱਤਾ ਜਾਵੇ। ਜਿੰਨੀ ਭੀ ਨਾਮ-ਰੂਪ ਵਸਤੂ ਹੈ, ਉਸਦੇ ਨਿੇਧ ਦੁਆਰਾ ਨਾਮ-ਰੂਪ ਰਹਿਤ (ਨਿੱਤ ਮਹਿਮਾ) ਸੁਭਾਵਿਕ ਬਾਕੀ ਬਚ ਰਹਿੰਦੀ ਹੈ। ਇਸ ਲਈ ਉਸ ਨਿਰਉਪਾਧਿਕ (ਆਤਮਾ) ਦੇ ਦਰਨ ਦਾ ਇਹ ਇੱਕੋ ਹੀ ਨਿਰਦੇ ਹੈ, ਜਿਸ ਨਾਲ ਉਹ ਮਹਿਮਾ ਪ੍ਰਕਾਿਤ ਹੋ ਜਾਂਦੀ ਹੈ।

ਇਸ ਨਿੇਧ ਵਿਧੀ ਦੁਆਰਾ ਜਦੋਂ ਸਾਰੇ ਨਾਮ-ਰੂਪ ਦੀ ਜਗਯਾਸਾ ਨਿਵਿਰਤ ਹੋ ਜਾਂਦੀ ਹੈ ਉਦੋਂ ਹੀ ਸਾਰੀਆਂ ਉਪਾਧੀਆਂ ਦੇ ਖੰਡਨ ਦੁਆਰਾ ਮੈਂ ਇੱਕ-ਰਸ, ਅੰਦਰ-ਬਾਹਰੂ ਨ, ਨਿਰਵਿਕਾਰ ਅਤੇ ਸੱਤ ਬ੍ਰਹਮ ਹਾਂ ਇਸ ਤਰ੍ਹਾਂ ਦਾ ਗਿਆਨ ਹੋ ਜਾਂਦਾ ਹੈ। ਇਉਂ ਸਭ ਪ੍ਰਕਾਰ ਦੀ ਜਗਾਸਾ ਤਮ ਹੋ ਕੇ ਆਤਮਾ ਵਿੱਚ ਹੀ ਬੁੱਧੀ ਅਚੱਲ ਹੋ ਜਾਂਦੀ ਹੈ ਕਿਉਂਕਿ ਜੋ ਕੁੱਝ ਇੰਦ੍ਰੀਆਂ ਦੁਆਰਾ ਦੇਖਿਆ ਜਾਂਦਾ, ਮਨ ਦੁਆਰਾ ਚਿੰਤਨ ਵਿੱਚ ਆਉਂਦਾ ਅਤੇ ਜੋ ਕੁੱਝ ਭੀ ਬਾਣੀ ਦੁਆਰਾ ਕਿਹਾ ਹੋਇਆ ਹੁੰਦਾ ਹੈ, ਉਸਦਾ ਨਿਰਾਕਰਣ ਕਰ ਦਿੱਤੇ ਜਾਣ ਨਾਲ ਸ੍ਵਯੰ ਪ੍ਰਕਾ ਆਤਮਾ ਆਪਣੇ ਆਪ ਹੀ ਪ੍ਰਕਾਿਤ ਹੋ ਜਾਂਦਾ ਹੈ। ਜਿਸ ਆਤਮਾ ਦੁਆਰਾ ਸਭ ਕੁੱਝ ਪ੍ਰਕਾਿਤ ਹੁੰਦਾ ਹੈ, ਉਸ ਆਤਮਾ ਨੂੰ ਪ੍ਰਕਾਿਤ ਕਰਨ ਵਾਲਾ ਹੋਰ ਹੈ ਕੌਣ?

ਕਰਮ ਦੁਆਰਾ ਜੋ ਪ੍ਰਾਪਤ ਹੋਣ ਵਾਲੀ ਅਨਿੱਤ (ਨਾਵੰਤ) ਮਹਿਮਾ ਹੈ, ਉਸਦਾ ਇਸ ਉਪਾਇ ਦੁਆਰਾ ਖੰਡਨ ਕਰ ਦੇਣ ਨਾਲ ਹੀ ਨਿੱਤ (ਸਦੈਵੀ) ਮਹਿਮਾ ਦਾ ਦਰਨ ਹੁੰਦਾ ਹੈ। ਇਹੀ ਨਿੱਤ ਮਹਿਮਾ ਯਾਨੀ ਆਤਮਾ, ਤੱਤ੍ਵੇਤਾ ਦੀ ਮਹਿਮਾ ਹੈ। ਇਹ ਅੱਛੇ ਕਰਮ ਕਰਨ ਨਾਲ ਵਧਦੀ ਨਹੀਂ ਅਤੇ ਬੁਰੇ ਕਰਮਾਂ ਨਾਲ ਘਟਦੀ ਨਹੀਂ। ੱਭ-ਅੁੱਭ ਕਰਮ ਨਾਲ ਜੋ ਵਧਣ ਅਤੇ ਘਟਣ ਦਾ ਡਰ ਸੀ, ਇਨ੍ਹਾਂ ਦੋ ਵਿਕਾਰਾਂ ਦਾ ਨਿੇਧ ਹੀ ਕਰ ਦਿੱਤਾ ਗਿਆ ਹੈ ਕਿਉਂਕਿ ਨਿਰਵਿਕਾ ਰ ਆਤਮਾ

ਦਾ ਬੋਧ ਹੀ ਤਾਂ ਹੁੰਦਾ ਹੈ ਜੇ ਨੇਤਿ ਨੇਤਿ ਆਦੇ ਨੂੰ ਵਰਤਿਆ ਜਾਵੇ। ਇਹ ਨਹੀਂ ਹੈ, ਇਹ ਨਹੀਂ ਹੈ ਇਸ ਨਿਰਦੇ ਨਾਲ ਆਤਮਾ ਤੋਂ ਬਿਨਾਂ ਕੁੱਝ ਰਹਿੰਦਾ ਹੀ ਨਹੀਂ ਤਾਂ ਪਾਪ ਅਤੇ ਪੁੰਨ ਦਾ ਲੇਪ ਤੱਤ੍ਵੇਤਾ ਨੂੰ ਕਿਸ ਪ੍ਰਕਾਰ ਲੱਗ ਸਕਦਾ ਹੈ? ਜੋ ਆਪਣੇ ਸੱਤ-ਸ੍ਵਰੂਪ ਤੋਂ ਕਦੇ ਭੀ ਤਬਦੀਲ ਹੋਣ ਵਾਲਾ ਨਹੀਂ, ਉਹ ਆਤਮਾ ਹੀ ਗਿਆਨਵਾਨ ਦੀ ਨਿੱਤ ਮਹਿਮਾ ਹੈ। ਇਸ ਮਹਿਮਾ ਨੂੰ ਜਾਣ ਕੇ ਹੀ ਪੁਰ, ਪਾਪ ਨਾਲ ਲੇਪ ਨਹੀਂ ਹੁੰਦਾ। ਇਹ ਨਿੱਤ ਮਹਿਮਾ ਕਰਮ ਨਾਲ ਸੰਬੰਧ ਰੱਖਣ ਵਾਲੀ ਨਹੀਂ ਅਰਥਾਤ ਮੁਕਤੀ ਅਤੇ ਬੰਧਨ ਤੋਂ ਪਰੇ ਹੈ॥ ਕਰਮ ਨਾਲ ਸੰਬੰਧ ਰੱਖਣ ਵਾਲੀ ਤਾਂ ਅਨਿੱਤ ਮਹਿਮਾ ਹੀ ਹੈ, ਜੋ ਬੰਧਨ ਰੂਪ ਹੈ-

**ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥**
**ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥**
**ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥**

**(ਅੰਗ ੨੧੪)**

**ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ ਬਾਹੁਰਿ ਐਬੋ॥**

**(ਅੰਗ ੬੯੨)**

**ਜੀਅ ਕਾ ਬੰਧਨੁ ਕਰਮੁ ਬਿਆਪੈ॥** **(ਅੰਗ ੧੩੫੧)**
**ਕੋਟਿ ਕਰਮ ਬੰਧਨ ਕਾ ਮੂਲੁ॥** **(ਅੰਗ ੧੧੪੯)**

ਇਸ ਅਨਿੱਤ ਮਹਿਮ ਾ ਦੇ ਤਿਆਗ ਦ੍ਵਾਰਾ ਨਿੱਤ ਮਹਿਮਾ ਨੂੰ ਜਾਨਣ ਵਾਲਾ ਤੱਤ੍ਵੇਤਾ, ਹਰ ਪ੍ਰਕਾਰ ਨਾਲ ਾਂਤ ਹੈ ਕਿਉਂਕਿ ਉਹ ਸਿਵਾਏ ਆਤਮਾ ਤੋਂ ਹੋਰ ਕਿਸੀ ਭੀ ਦੂਜੀ ਵਸਤੂ ਨੂੰ ਵਾਲ ਦੀ ਨੋਕ ਬਰਾਬਰ ਭੀ ਨਹੀਂ ਦੇਖਦਾ। ਇਸ ਪ੍ਰਕਾਰ ਦੇਖਣ ਵਾਲੇ ਬ੍ਰਹਮਵੇਤਾ ਨੂੰ ਕੋਈ ਭੀ ਪਾਪ ਅਤੇ ਪੁੰਨ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਇਸ ਸਰਬਾਤਮ ਦ੍ਰਿਟੀ ਰੂਪੀ ਅੱਗ ਨਾਲ, ਪਾਪਾਂ ਨੂੰ ਭਸਮ ਕਰ ਦਿੰਦਾ ਹੈ। ਮੈਂ ਸਰਬਾਤਮ ਪਾਰਬ੍ਰਹਮ ਹਾਂ ਇਸ ਦ੍ਰਿੜ ਅਚੱਲ ਇਸਥਿਤੀ ਵਿੱਚ ਰਹਿਣ ਵਾਲਾ ਬ੍ਰਹਮਵੇਤਾ ਮੁੱਖ ਬ੍ਰਾਹਮਣ ਹੈ ਯਾਨੀ ਬ੍ਰਹਮ ਸ੍ਵਰੂਪ ਵਿੱਚ ਇਸਥਿਤ ਹੋਣ ਤੋਂ ਪਹਿਲਾਂ, ਇਸਦਾ ਬ੍ਰਾਹਮਣਪਣਾ ਗੌਣ ਹੀ ਹੈ ਮੁੱਖ ਨਹੀਂ, ਇਉਂ ੍ਰਤੀ ਨੇ ਕਿਹਾ ਹੈ। ਤਥਾ-

**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ** **(ਅੰਗ ੫੧੨)**

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥**

**(ਅੰਗ ੩੨੪)**

ਇਹੋ ਹੀ ਬ੍ਰਹਮਲੋਕ ਸਰਬਾਤਮ ਰੂਪ ਬ੍ਰਹਮਲੋਕ ਹੈ। ਯਾਗਵਲਕ ਨੇ ਕਿਹਾ-

ਹੇ ਜਨਕ ! ਨੇਤਿ-ਨੇਤਿ ਨਿਰਦੇ ਦੁਆਰਾ ਜਾਨਣ ਵਿੱਚ ਆਉਣ ਵਾਲਾ ਜੋ ਨਿਰਭੈ ਬ੍ਰਹਮ ਲੋਕ ਹੈ, ਉਸ ਵਿੱਚ ਤੈਨੂੰ ਪਹੁੰਚਾ ਦਿੱਤਾ ਗਿਆ ਹੈ।

ਉਹੀ ਇਹ ਮਹਾਨ ਅਜਨਮਾ, ਆਤਮਾ, ਅਜਰ, ਅਮਰ, ਅੰਮ੍ਰਿਤ ਅਤੇ ਨਿਰਭੈ ਬ੍ਰਹਮ ਹੈ। ਅਭੈ ਹੀ ਬ੍ਰਹਮ ਹੈ ਜੋ ਇਸ ਤਰ੍ਹਾਂ ਜਾਣਦਾ ਹੈ, ਉਹ ਨਿਰਭੈ ਬ੍ਰਹਮ ਹੀ ਹੋ ਜਾਂਦਾ ਹੈ। (ਬ੍ਰਿਹ: ਉ: ੪।੪।੨੫)

ਅਵਿੱਦਾ ਅਵਸਥਾ ਵਿੱਚ ਪੁਰ ਕਦੇ ਭੀ ਨਿਰਭੈ ਨਹੀਂ ਹੋ ਸਕਦਾ। ਆਤਮ-ਗਿਆਨ ਦੁਆਰਾ ਅਵਿੱਦਾ ਦੇ ਵਿਨਾ ਨਾਲ ਅਵਿੱਦਾ ਦਾ ਸਾਰਾ ਕਾਰਜ ਭੀ ਨਿਵਿਰਤ ਹੋ ਜਾਂਦਾ ਹੈ ਤਦ ਦ੍ਵੈਤ ਦੇ ਅਭਾਵ ਹੋਣ ਨਾਲ ਨਿਰਭੈ ਹੋ ਜਾਂਦਾ ਹੈ ਕਿਉਂਕਿ ਭੈ ਦਾ ਕਾਰਨ ਦ੍ਵੈਤ ਹੀ ਹੈ। ਉਸ ਨਿਰਵਿਕਾਰ ਆਤਮਾ ਦਾ ਬੋਧ ਨੇਤਿ-ਨੇਤਿ ਨਿਰਦੇ ਦੁਆਰਾ ਹੀ ਹੋ ਸਕਦਾ ਹੈ। ਯਾਗਵਲਕ ਮੁਨੀ ਨੇ ਭੀ ਮੈਤ੍ਰੇਈ ਨੂੰ ਇਹੋ ਉਪਦੇ ਦਿੱਤਾ ਸੀ-

ਜਿੱਥੇ ਅਵਿੱਦਾ ਅਵਸਥਾ ਵਿੱਚ ਦ੍ਵੈਤ ਜਿਹਾ ਹੁੰਦਾ ਹੈ, ਉਥੇ ਹੀ ਦੂਜਾ ਦੂਜੇ ਨੂੰ ਦੇਖਦਾ ਹੈ, ਕਿੰਤੂ ਜਿੱਥੇ ਇਸਦੇ ਲਈ ਸਭ ਕੁੱਝ ਆਤਮਾ ਹੀ ਹੋ ਗਿਆ ਹੈ, ਉਥੇ ਕਿਸ ਦੇ ਦੁਆਰਾ, ਕਿਸ ਨੂੰ ਦੇਖੇ? ਜਿਸ ਦੁਆਰਾ ਪੁਰ ਇਸ ਸਭ ਨੂੰ ਜਾਣਦਾ ਹੈ, ਉਸ ਨੂੰ ਕਿਸ ਸਾਧਨ ਨਾਲ ਜਾਣੇ? ਉਹ ਇਹ ਨੇਤਿ-ਨੇਤਿ ਇਸ ਪ੍ਰਕਾਰ ਨਿਰਦੇ ਕੀਤਾ ਗਿਆ ਆਤਮਾ ਗ੍ਰਹਣ ਹੋਣ ਤੋਂ ਰਹਿਤ ਹੈ। (ਬ੍ਰਿਹ: ਉ: ੪।੫।੧੫)

ਆਤਮਾ ਗ੍ਰਹਣ ਤੋਂ ਰਹਿਤ ਹੈ ਯਾਨੀ ਕਿਸੇ ਭੀ ਇੰਦ੍ਰੀਯ ਦੁਆਰਾ ਜਾਣਿਆ ਨਹੀਂ ਜਾ ਸਕਦਾ ਕਿਉਂਕਿ ਸਭ ਨੂੰ ਜਾਨਣ ਵਾਲਾ ਤਾਂ ਆਤਮਾ ਸ੍ਵਯੰ ਆਪ ਹੈ। ਇਸ ਦ੍ਰਿਟਾ ਦਾ ਹੋਰ ਕੋਈ ਭੀ ਦ੍ਰਿਟਾ ਨਹੀਂ-ਇਸ ਤੋਂ ਭਿੰਨ ਸਭ ਦ੍ਰਿ ਹੀ ਹੈ-ਇਸ ਪ੍ਰਕਾਰ ਦਾ ਦ੍ਰਿਟਾ ਜੋ ਨਿੱਤ-ਪ੍ਰਤੱਖ ਹੈ, ਉਹ ਨੇਤਿ-ਨੇਤਿ ਨਿਰਦੇ ਬਿਨਾਂ, ਹੋਰ ਕਿਸੇ ਭੀ ਉਪਾਇ ਨਾਲ ਆਪਣਾ ਸ੍ਵਰੂਪ ਹੋ ਕੇ ਪ੍ਰਗਟ ਹੋਣ ਵਾਲਾ ਨਹੀਂ ਹੈ। ਇਹ ਨੇਤਿ-ਨੇਤਿ ਨਿਰਦੇ ਹੀ ਸਾਰੇ ਦ੍ਰਿ ਨੂੰ ਉਠਾਉਂਦਾ ਹੈ, ਤਦ ਆਤਮਾ ਸਾਖਾਤਕਾਰ ਹੁੰਦਾ ਹੈ। ਇਸ ਲਈ ਆਤਮਾ ਦੇ ਸਾਖਾਤ ਹੋਣ

ਨਾਲ ਸਭ ਕਰਮਾਂ ਦਾ ਤਿਆਗ ਹੋ ਜਾਂਦਾ ਹੈ। ਯਸਤ੍ਰ ਅਥਵਾ ਯੁਕਤੀ ਨਾਲ, ਜਿੱਥੇ ਕਿਤੇ ਭੀ ਸੈਂਕੜੇ ਬਾਰ ਆਤਮਾ ਦਾ ਬੋਧ ਕਰਾਇਆ ਗਿਆ ਹੈ, ਉਸ ਸਭ ਦਾ ਇਸੀ ਨਿਰਦੇ ਨਾਲ ਸੰਬੰਧ ਹੈ ਅਰਥਾਤ ਇਹੀ ਉਪਾਇ ਵਰਤਿਆ ਗਿਆ ਹੈ ਕਿਉਂਕਿ ਇਸ ਉਪਾਇ ਬਿਨਾਂ, ਉਸ ਨਾਮ-ਰੂਪ ਰਹਿਤ ਆਤਮਾ ਵਿੱਚ ਇਸਥਿਤੀ ਹੋ ਹੀ ਨਹੀਂ ਸਕਦੀ। ਇਸ ਵਾਸਤੇ, ਸਭ ਦ੍ਰਿਟਮਾਨ ਦਾ ਖੰਡਨ ਹੋ ਜਾਣ ਪਰ ਤੱਤ੍ਵੇਤਾ ਦਾ ਕਰਤੱਵ ਸਮਾਪਤ ਹੋ ਜਾਂਦਾ ਹੈ ਕਿਉਂਕਿ ਦੂਜੀ ਕੋਈ ਵਸਤੂ ਰਹਿੰਦੀ ਹੀ ਨਹੀਂ। ਜੇ ਦੂਜਾ ਕੁੱਝ ਰਹਿੰਦਾ ਹੈ ਤਾਂ ਆਤਮਾ ਦਾ ਬੋਧ ਹੋ ਨਹੀਂ ਸਕਦਾ ਅਤੇ ਜੇ ਆਤਮ ਬੋਧ ਹੁੰਦਾ ਹੈ ਤਾਂ ਦੂਜੀ ਵਸਤੂ ਦਾ ਅਭਾਵ ਹੋ ਜਾਂਦਾ ਹੈ। ਫਿਰ ਇਸ ਅਜਿਹੀ ਅਵਸਥਾ ਵਿੱਚ ਭੈ ਦਾ ਕੀ ਮਤਲਬ? ਇਹ ਨਿਰਭੈ ਅਵਸਥਾ ਗਿਆਨਵਾਨ ਦਾ ਸ੍ਵਰੂਪ ਹੈ, ਇਸ ਲਈ ਉਹ ਨਿਰਭੈ ਹੈ।

ਜਦੋਂ ਨੇਤਿ-ਨੇਤਿ ਨਿਰਦੇ ਦ੍ਵਾਰਾ ਆਤਮਾ ਸਾਖਾਤ ਹੋ ਜਾਂਦਾ ਹੈ , ਉਦੋਂ ਗ੍ਰੰਥਾਂ ਦੇ ਕ੍ਰੋੜਾਂ ਉਪਦੇ ਇੱਕ ਛਿੰਨ ਵਿੱਚ ਉੱਡ ਜਾਂਦੇ ਹਨ, ਉਸ ਅਵਸਥਾ ਵਿੱਚ ਉਪਦੇ ਦਾ ਅਧਿਕਾਰੀ ਕੋਈ ਸਿੱਖ ਨਾ ਰਹਿਣ ਦੇ ਕਾਰਨ ਗੁਰੂ ਦੀ ਭੀ ਆਤਮਾ ਤੋਂ ਭਿੰਨ ਪ੍ਰਤੀਤੀ ਹਟ ਜਾਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਤਾ ਗੁਰੂ, ਯ ਸਤ੍ਰ ਅਤੇ ਸਿੱਖ ਦਾ ਭੇਦ ਰਹਿੰਦਾ ਹੀ ਹੈ। ਨੇਤਿ-ਨੇਤਿ ਨਿਰਦੇ ਨਾ ਲ ਕੋਈ ਭੇਦ ਦਾ ਵਿਯ ਨਹੀਂ ਰਹਿ ਸਕਦਾ। ਇਸ ਲਈ ਇੱਕ ਅਦ੍ਵੈਤ ਆਤਮਾ ਬ੍ਰਹਮ ਹੀ ਰਹਿ ਜਾਂਦਾ ਹੈ ਤੇ ਉਹ ਅਦ੍ਵੈਤ ਵਸਤੂ ਸੁਭਾਵਿਕ ਹੀ ਨਿਰਭੈ ਹੈ। ਇਸ ਪ੍ਰਕਾਰ, ਜਿਸ ਨਿਰਦੇ ਦਾ ਸਰਬ-ਦ੍ਰਿਯ ਦੇ ਤਿਆਗ ਵਿੱਚ ਹੀ ਮਤਲਬ ਹੈ, ਇਹੀ ਵੇਦ ਦੀ ਆਗਿਆ ਰੂਪ ਉਪਦੇ ਹੈ। ਇਹੀ ਪਰਮਨਿਠਾ ਹੈ ਅਤੇ ਇਹੀ ਕਰਤੱਵ ਦਾ ਅੰਤ ਹੈ, ਇਸਦੇ ਉੱਪਰ ਹੋਰ ਕੁੱਝ ਭੀ ਨਹੀਂ ਹੈ।

ਅਰੰਭ ਵਿੱਚ ਬੱਚੇ ਨੂੰ ਪੜ੍ਹਾਉਣ ਸਮੇਂ ਪੁਰ, ਕਾਗ, ਕਲਮ ਤੇ ਸਿਆਹੀ ਰੂਪ ਉਪਾਇ ਦਾ ਸਹਾਰਾ ਲੈਕੇ ੳ, ਅ, ੲ, ਆਦਿ ਅੱਖਰਾਂ ਦੇ ਸ੍ਵਰੂਪ ਸਮਝਾ ਦਿੰਦਾ ਹੈ। ਕਾਗ ਅਤੇ ਸਿਆਹੀ ਅੱਖਰਾਂ ਦੇ ਸ੍ਵਰੂਪ ਹਨ, ਇਉਂ ਨਹੀਂ ਸਮਝਾਉਂਦਾ। ਅੱਖਰਾਂ ਦੇ ਆਕਾਰ ਚਿੱਤ ਵਿੱਚ ਬਿਠਾਉਣ ਦੀ ਹੀ ਉਸਦੀ ਇੱਛਾ ਹੁੰਦੀ ਹੈ। ਉਸੀ ਪ੍ਰਕਾਰ ਯਸਤ੍ਰਾਂ ਵਿੱਚ ਅਨੇਕਾਂ ਉਪਾਇਆਂ ਦਾ ਸਹਾਰਾ ਲੈਕੇ, ਇੱਕ ਆਤਮਤੱਤ੍ਵ ਦਾ ਬੋਧ ਕਰਾਇਆ ਜਾਂਦਾ ਹੈ। ਉਹ ਕਲਪਨਾ ਕੀਤੇ

ਹੋਏ ਉਪਾਇ ਕਿਤੇ ਵਿ ਰੂਪ ਨਾਲ ਹੀ ਜਗਾਸੂ ਜਨ ਗ੍ਰਹਣ ਨਾ ਕਰ ਬੈਠਣ (ਕਿਉਂਕਿ ਉਪਾਇ ਤਾਂ ਉਪੇਯ ਵਸਤੂ ਨੂੰ ਸਮਝਾਉਣ ਾਤਰ ਹੀ ਕਲਪਨਾ ਕੀਤੇ ਹੋਏ ਹੁੰਦੇ ਹਨ) ਇਸੀ ਲਈ ਉਨ੍ਹਾਂ ਉਪਾਇਆਂ ਦੀ ਵਿਤਾ ਨੂੰ ਖੰਡਨ ਕਰਨ ਾਤਰ ਨੇਤਿ-ਨੇਤਿ ਨਿਰਦੇ ਦਾ ਨਿਰੂਪਣ ਕਰ ਦਿੱਤਾ ਜਾਂਦਾ ਹੈ। ਇਸ ਨਿਰਦੇ ਨਾਲ ਨਿਰਵਿਕਾਰ, ਪਰਮ–ੁੱਧ, ਨਿਰਵੈਵ ਅਤੇ ਅਚੱਲ ਵਸਤੂ ਸ੍ਵਰੂਪ ਉਪੇਯ ਹੀ ਬਾਕੀ ਬਚ ਰਹਿੰਦਾ ਹੈ। ਉਸ ਕਲਪਨਾ–ੂਨ, ਅਦ੍ਵੈਤ-ਬ੍ਰਹਮ ਨੂੰ ਆਪਣਾ ਆਤਮਾ ਅਨੁਭਵ ਕਰਕੇ, ਤੱਤ੍ਵੇਤਾ ਮਹਾਨ ਅਨੰਦ ਵਿੱਚ ਮਗਨ ਹੋ ਜਾਂਦਾ ਹੈ। ਆਤਮਾ ਹੀ ਬ੍ਰਹਮ ਯਾਨੀ ਵਿਆਪਕ ਹੈ, ਇੱਕ ਵਿਆਪਕ ਵਸਤੂ ਵਿੱਚ ਕੋਈ ਦੂਜੀ ਵਸਤੂ ਹੁੰਦੀ ਹੀ ਨਹੀਂ, ਇਸ ਲਈ ਇਸ ਬੋਧ ਵਾਲਾ ਨਿਰਭੈ ਹੋ ਜਾਂਦਾ ਹੈ।੍ਰਤੀ ਨੇ ਬ੍ਰਹਮਵੇਤਾ ਦੀ ਇਸਥਿਤੀ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ ਤਥਾ ਇਸੇ ਨਿਸਚਲ ਇਸਥਿਤੀ ਨੂੰ ਗੌਡਪਾਦਾਚਾਰਯ ਇਉਂ ਦਿਖਾਉਂਦੇ ਹਨ-

ਇਸ ਪੂਰਨ ਸਰਬੱਗਤਾ ਆਦਿ, ਮੱਧ, ਅੰਤ ਅਰਥਾਤ ਉਤਪੱਤੀ, ਇਸਥਿਤੀ ਅਤੇ ਪਰਲੈ ਤੋਂ ਰਹਿਤ ਅਦੁੱਤੀਯ ਬ੍ਰਹਮ ਪਦ ਨੂੰ ਪਾ ਕੇ ਭੀ ਉਹ ਵਿਵੇਕੀ ਪੁਰ, ਫਿਰ ਕੋਈ ਚੇਟਾ ਕਰਦਾ ਹੈ? (ਮਾਂ: ਉ: ਅ: ਕ: ੮੫)

## *ਸੁਭਾਵਿਕ ਾਂਤ ਪਦ ਅਤੇ ਜੀਵਨ ਮੁਕਤ ਦੇ ਲੱਛਣ*

ਤੱਤ੍ਵੇਤਾ ਪੁਰ ਦਾ ਜੋ, ਆਤਮ ਸ੍ਵਰੂਪ ਵਿੱਚ ਇਸਥਿਤ ਹੋਣਾ ਹੈ, ਇਹੀ ਸੁਭਾਵਿਕ ਾਂਤ ਪਦ ਹੈ-

ਆਤਮਾ ਵਿੱਚ ਕਾਇਮ ਰਹਿਣਾ, ਇਹ ਉਨ੍ਹਾਂ ਗਿਆਨੀਆਂ ਦਾ ਵਿਯ-ਉਪਰਾਮਤਾ, ਇਹੀ ਉਨ੍ਹਾਂ ਦਾ ਸੁਭਾਵਿਕ-ਮ ਹੈ ਤਥਾ ਸੁਭਾਵ ਤੋਂ ਹੀ ਦਾਂਤ ਯਾਨੀ ਇੰਦ੍ਰੀਯ-ਜਿੱਤ ਹੋਣ ਦੇ ਕਾਰਨ, ਇਹੀ ਉਨ੍ਹਾਂ ਦਾ ਦਮ ਹੈ। ਇਸ ਪ੍ਰਕਾਰ ਵਿੱਦ੍ਵਾਨ ਾਂਤੀ ਨੂੰ ਪ੍ਰਾਪਤ ਹੋ ਜਾਂਦੇ ਹਨ। (ਮਾਂ: ਉ: ਅ: ਕਾ: ੮੬)

ਜੋ ਕੋਈ ਉਸ ਅਜ (ਅਜਨਮਾ) ਸਾਮਰੂਪ ਪ੍ਰਮਾਰਥ ਤੱਤ੍ਵ ਵਿੱਚ ਅਤੰਤ ਇਸਥਿਤ ਹੋਣਗੇ, ਉਹੀ ਸੰਸਾਰ ਵਿੱਚ ਪਰਮ ਗਿਆਨੀ ਹਨ। ਉਸ ਤੱਤ੍ਵ ਦਾ ਸਾਮਾਨਯ ਲੋਕ ਵਿ ਨਹੀਂ ਕਰ ਸਕਦੇ। (ਮਾਂ: ਉ: ਅ: ਕਾ: ੯੫)

ਜੋ ਸੰਪੂਰਨ ਭੂਤਾਂ ਦਾ ਆਤਮ-ਭੂਤ ਅਤੇ ਸਭ ਪ੍ਰਾਣੀਆਂ ਦਾ ਹਿਤਕਾਰੀ ਹੈ, ਉਸ ਪਦ ਰਹਿਤ ਮਹਾਤਮਾ ਦੇ ਪਦ ਨੂੰ ਜਾਨਣ ਦੀ ਇੱਛਾ ਵਾਲੇ ਦੇਵਤਾ ਭੀ,

ਉਸ ਮਾਰਗ ਵਿੱਚ ਮੋਹ ਨੂੰ ਪ੍ਰਾਪਤ ਹੋ ਜਾਂਦੇ ਹਨ ਤਥਾ ਆਕਾ ਵਿੱਚ ਜਿਉਂ ਪੰਛੀਆਂ ਦਾ ਮਾਰਗ ਨਹੀਂ ਮਿਲਦਾ, ਤਿਉਂ ਹੀ ਉਸਦੀ ਗਤੀ ਦਾ ਪਤਾ ਨਹੀਂ ਚਲਦਾ। (ਮਹਾ: ਾਂ: ੨੩੯।੨੩।੨੪)

ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਅਵੱਕਤ ਆਤਮਾ ਵਿੱਚ ਅਤੰਤ ਇਸਥਿਤ ਜੀਵਨ-ਮੁਕਤ ਪੁਰ ਦਾ ਲੱਛਣ-

ਵਟਿ ਜੀ ਬੋਲੇ-ਦੇਹ ਇੰਦ੍ਰੀਆਂ ਦੁਆਰਾ ਵਿਵਹਾਰ ਕਰਦੇ ਹੋਏ, ਜਿਸ ਜੀਵਨ-ਮੁਕਤ ਪੁਰ ਨੂੰ ਇਹ ਨਾਮ-ਰੂਪ ਜਗਤ ਜਿਉਂ ਦਾ ਤਿਉਂ ਹੋਣ ਪਰ ਭੀ ਨਾ ਹੋ ਜਾਣ ਦੇ ਸਮਾਨ, ਕੇਵਲ ਚਿਦਾਕਾ ਹੀ ਭਾਸਦਾ ਹੈ, ਜਗਤ ਦੀ ਪ੍ਰਤੀਤੀ ਨਹੀਂ ਹੁੰਦੀ ਉਸ ਨੂੰ ਜੀਵਨ-ਮੁਕਤ ਕਹਿੰਦੇ ਹਨ। (ਯੋ: ਵਾ:)

ਮਤਲਬ ਇਹ ਕਿ ਇਹ ਸਾਰਾ ਜਗਤ ਪਰਲੈ ਕਾਲ ਵਿੱਚ ਜਿਵੇਂ ਨਾ ਹੋ ਜਾਂਦਾ ਹੈ ਤਿਉਂ ਜੀਵਨ-ਮੁਕਤ ਅਵਸਥਾ ਵਿੱਚ ਉਵੇਂ ਨਹੀਂ ਹੁੰਦਾ। ਈਰ ਦੁਆਰਾ ਰਚਿਤ ਜਗਤ, ਅਗਿਆਨੀ ਮਨੁੱਾਂ ਦੀ ਦ੍ਰਿਟੀ ਵਿੱਚ, ਉਸੀ ਪ੍ਰਕਾਰ ਹੀ ਰਹਿੰਦਾ ਹੈ ਕਿੰਤੂ ਜੀਵਨ-ਮੁਕਤ ਪੁਰ ਨੂੰ ਜਗਤ ਦੀ ਪ੍ਰਤੀਤੀ ਕਰਾਉਣ ਵਾਲੀਆਂ ਬ੍ਰਿਤੀਆਂ ਦਾ ਅਭਾਵ ਹੋਣ ਕਰਕੇ ਸੁਪਤੀ (ਗੂੜ੍ਹੀ ਨਿੰਦ੍ਰਾ) ਦੇ ਸੰਸਾਰ ਤੁੱਲ ਭਾਸਦਾ ਹੈ। ਸੁਪਤੀ ਵਿੱਚ ਅਗਿਆਨੀਆਂ ਨੂੰ ਭੀ ਜਗਤ ਦਾ ਅਭਾਵ ਹੋ ਹੀ ਜਾਂਦਾ ਹੈ ਪ੍ਰੰਤੂ ਜਾਗ੍ਰਿਤ ਯਾ ਸੁਪਨ ਵਿੱਚ ਜਗਤ ਦੀ ਪ੍ਰਤੀਤੀ ਕਰਾਉਣ ਵਾਲੀਆਂ ਬ੍ਰਿਤੀਆਂ ਦਾ ਬੀਜ ਸੁਪਤੀ ਵਿੱਚ ਮੌਜੂਦ ਰਹਿੰਦਾ ਹੈ ਅਤੇ ਜੀਵਨ-ਮੁਕਤ ਅਵਸਥਾ ਵਿੱਚ ਉਹ ਬੀਜ, ਸੜ ਜਾਣ ਦੇ ਕਾਰਨ ਜਾਗ੍ਰਿਤ, ਸੁਪਨ ਤੇ ਸੁਪਤੀ ਤੋਂ ਅਤੀਤ ਆਤਮਾ ਹੀ ਸਰਬੱਤ੍ਰ ਭਾਸਦਾ ਹੈ।

ਸੁੱਖ-ਦੁੱਖ ਦੇ ਕਾਰਨ ਜਿਸਦੇ ਮੁੱਖ ਉੱਤੇ ਖੁ਼ੀ ਤੇ ਮੀ ਦੇ ਚਿੰਨ੍ਹ ਪ੍ਰਤੀਤ ਨਾ ਹੋਣ ਅਤੇ ਆਪਣੇ ਆਪ ਪ੍ਰਾਰੱਬਧ ਦੁਆਰਾ ਮਿਲੇ ਹੋਏ ਪਦਾਰਥਾਂ ਉੱਪਰ, ਜਿਸਦੇ ਰੀਰ ਦੀ ਇਸਥਿਤੀ ਹੁੰਦੀ ਹੈ, ਉਸਦਾ ਨਾਮ ਜੀਵਨ-ਮੁਕਤ ਹੈ। (ਯੋ: ਵਾ:)

ਜੋ ਜਾਗ੍ਰਿਤ ਅਵਸਥਾ ਵਿੱਚ ਰਹਿੰਦਾ ਹੋਇਆ, ਸੁਪਤੀ ਵਿੱਚ ਇਸਥਿਤ ਅਰਥਾਤ ਇੰਦ੍ਰੀਆਂ ਦੁਆਰਾ ਜਾਗ੍ਰਿਤ ਅਵਸਥਾ ਨੂੰ ਅਨੁਭਵ ਕਰਦਾ ਹੈ ਤਦ ਭੀ ਮਨ, ਬ੍ਰਿਤੀ ਤੋਂ ਰਹਿਤ ਹੋਣ ਦੇ ਕਾਰਨ, ਸੁਪਤੀ ਵਿੱਚ ਇਸਥਿਤ ਦੀ ਤਰ੍ਹਾਂ, ਜਾਗ੍ਰਿਤ ਵਿਿਆਂ ਦਾ ਗਿਆਨ ਨਹੀਂ ਹੈ। ਇਸ ਲਈ ਜਾਗ੍ਰਿਤ ਅਵਸਥਾ ਤੋਂ ਰਹਿਤ ਹੈ ਤਥਾ ਵਾਨਾ ਰਹਿਤ ਗਿਆਨ ਵਾਲਾ ਹੈ ਅਰਥਾਤ ਵਿ ਭੋਗਾਂ ਦੀ

ਵਾਨਾ ਜੋ ਪ੍ਰਾਰੱਬਧ ਮੁਤਾਬਿਕ ਅੰਤਹਕਰਣ ਵਿੱਚ ਹੁੰਦੀ ਹੈ, ਤੋਂ ਅਸੰਗ ਹੋਣ ਦੇ ਕਾਰਨ ਜਿਸ ਨੂੰ ਵਾਨਾ ਰਹਿਤ ਗਿਆਨ ਹੈ, ਉਹ ਜੀਵਨ-ਮੁਕਤ ਹੈ। (ਯੋ: ਵਾ:)

ਕੋਈ ਭੀ ਪ੍ਰਾਣੀ ਜਿਸ ਬ੍ਰਹਮਵੇਤਾ ਪਾਸੋਂ ਦੁੱਖ ਨੂੰ ਪ੍ਰਾਪਤ ਨਹੀਂ ਹੁੰਦਾ ਅਤੇ ਬਿਨਾਂ ਹੀ ਅਪਰਾਧ ਤੋਂ ਦੁੱਖ ਦੇਣ ਵਾਲੇ ਪ੍ਰਾਣੀਆਂ ਪਾਸੋਂ ਜੋ ਆਪ ਦੁਖੀ ਨਹੀਂ ਹੁੰਦਾ ਤਥਾ ਖ਼ੁੀ, ਗਮੀ, ਭੈ ਅਤੇ ਘਬਰਾਹਟ ਇਨ੍ਹਾਂ ਚੌਹਾਂ ਨੂੰ ਜਿਸ ਨੇ ਤਿਆਗ ਦਿੱਤਾ ਹੈ, ਉਹ ਜੀਵਨ-ਮੁਕਤ ਹੈ। (ਯੋ: ਵਾ:)

ਜਿਸਦੇ ਚਿੱਤ ਵਿੱਚੋਂ ਮਾਨ, ਅਪਮਾਨ, ਮਿੱਤ੍ਰ ਤੇ ੱਤ੍ਰੂ ਆਦਿ ਵਿਕਲਪ ਾਂਤ ਹੋ ਚੁੱਕੇ ਹਨ, ਜੋ ਵਿੱਦਯਾ ਗੁਣ ਆਦਿ ਵਿੱਚ ਚਤੁਰ ਹੋਣ ਪਰ ਭੀ ਨਾ ਹੰਕਾਰ ਯੁਕਤ ਹੈ ਅਤੇ ਨਾ ਹੀ ਵਰਤਾਉ ਵਿੱਚ ਲਿਆਉਣ ਦੇ ਕਾਰਨ ਵਿੱਦਾ ਗੁਣ ਆਦਿ ਦੇ ਗਿਆਨ ਵਾਲਾ ਪ੍ਰਤੀਤ ਦਿੰਦਾ ਹੈ ਅਰਥਾਤ ਗਿਆਨ ਰਹਿਤ ਵਾਂਗੂੰ ਅਤੇ ਚਿੱਤ ਦੇ ਕਾਇਮ ਰਹਿਣ ਪਰ ਭੀ ਜਿਸਦਾ ਚਿੱਤ, ਬ੍ਰਿਤੀ ਰਹਿਤ ਹੈ, ਉਹ ਜੀਵਨ-ਮੁਕਤ ਹੈ। (ਯੋ: ਵਾ:)

ਾਸਤ੍ਰ ਵਿਹਿਤ (ਕਰਤੱਵ) ਾਸਤ੍ਰ ਵਰਜਿਤ (ਅਕਰਤੱਵ) ਕਰਮਾਂ ਦੇ ਕਰਨ ਪਰ ਭੀ ਹੰਕਾਰ ਤੋਂ ਰਹਿਤ ਹੈ, ਹਰਖ-ੋਕ ਆਦਿ ਦੇ ਲੇਪ ਤੋਂ ਰਹਿਤ ਜਿਸਦੀ ਬੁੱਧੀ ਹੈ ਉਸ ਨੂੰਜੀਵਨ-ਮੁਕਤ ਕਹਿੰਦੇ ਹਨ। (ਯੋ: ਵਾ:)

ਅਰਜਨ ਦ੍ਵਾਰਾ ਭੀ ਇਸਥਿਤ ਬੁੱਧੀ (ਜੀਵਨ-ਮੁਕਤ) ਦੇ ਲੱਛਣ ਪੁੱਛਣ ਪਰ, ਭਗਵਾਨ ਇਉਂ ਬੋਲੇ-

ਹੇ ਅਰਜਨ! ਜਿਸ ਸਮੇਂ ਇਹ ਪੁਰ ਮਨ ਵਿੱਚੋਂ ਸੰਪੂਰਨ ਕਾਮਨਾਵਾਂ ਨੂੰ ਤਿਆਗ ਦਿੰਦਾ ਹੈ, ਉਸ ਕਾਲ ਵਿੱਚ ਆਤਮਾ ਦ੍ਵਾਰਾ ਹੀ ਆਤਮਾ ਵਿੱਚ ਸੰਤੁਟ ਹੋਇਆ, ਇਸਥਿਤ ਬੁੱਧੀ ਵਾਲਾ ਕਿਹਾ ਜਾਂਦਾ ਹੈ।

(ਗੀ: ਅ: ੨ : ੫੫)

ਦੁੱਖਾਂ ਦੀ ਪ੍ਰਾਪਤੀ ਹੋਣ ਪਰ, ਜਿਸਦਾ ਮਨ ਵਿਆਕੁਲ ਨਹੀਂ ਹੁੰਦਾ, ਸੁੱਖਾਂ ਦੀ ਪ੍ਰਾਪਤੀ ਲਈ ਜਿਸਦੀ ਤ੍ਰਿਨਾ ਨਟ ਹੋ ਗਈ ਹੈ, ਖਚਤਾਈ, ਭੈ ਅਤੇ ਕ੍ਰੋਧ ਜਿਸਦੇ ਨਾ ਹੋ ਗਏ ਹਨ, ਜਦ ਕੋਈ ਇਨ੍ਹਾਂ ਗੁਣਾਂ ਸੰਯੁਕਤ ਹੋ ਜਾਂਦਾ ਹੈ ਤਦ ਉਹ ਇਸਥਿਤ ਬੁੱਧੀ ਵਾਲਾ ਕਿਹਾ ਜਾਂਦਾ ਹੈ। (ਗੀ: ਅ: ੨ : ੫੬)

ਜੋ ਪੁਰ ਰੀਰ, ਜੀਵਨ ਆਦਿ ਤਾਈਂ ਭੀ ਸਨੇਹ ਤੋਂ ਰਹਿਤ ਹੋ ਚੁੱਕਾ ਹੈ ਤਥਾ

ਉਸੁ ੱਭ ਜਾਂ ਅੁੱਭ ਵਸਤੂਆਂ ਨੂੰ ਪਾ ਕੇ ਪ੍ਰਸੰਨ ਯਾ ਅਪ੍ਰਸੰਨ ਨਹੀਂ ਹੁੰਦਾ ਅਤੇ ਜੋ ਇਸ ਪ੍ਰਕਾਰ ਦੀ ਖ਼ੁੀ–ਗਮੀ ਤੋਂ ਰਹਿਤ ਹੈ, ਉਸਦੀ ਬੁੱਧੀ ਇਸਥਿਤ ਹੈ।

(ਗੀ: ਅ: ੨ : ੫੭)

ਦੇਹ ਅਭਿਮਾਨੀ, ਅਗਿਆਨੀ ਪੁਰ ਦੇ ਭੀ, ਕਿਸੇ ਸਾਧਨਾ ਕਾਰਨ ਭਾਵੇਂ ਵਿਿਆਂ ਨੂੰ ਗ੍ਰਹਣ ਨਾ ਕਰਨ ਕਰਕੇ ਵਿੇ ਤਾਂ ਨਿਵਿਰਤ ਹੋ ਜਾਂਦੇ ਹਨ ਪ੍ਰੰਤੂ ਉਨ੍ਹਾਂ ਵਿਿਆਂ ਵਿੱਚ ਰਾਗ ਯਾਨੀ ਆਸਕਤੀ ਨਿਵਿਰਤ ਨਹੀਂ ਹੁੰਦੀ। ਗਿਆਨੀ ਦੀ ਉਹ ਸੂਖਮ ਖਚਤਾਈ ਪ੍ਰਮਾਰਥ ਤੱਤੂ ਰੂਪ ਬ੍ਰਹਮ ਦਾ ਸਾਖਾਤ ਹੋਣ ਪਰ, ਨਿਵਿਰਤ ਹੋ ਜਾਂਦੀ ਹੈ। (ਗੀ: ਅ: ੨ : ੫੯)

ਮਤਲਬ ਇਹ ਕਿ ਅਨਾਤਮਾ ਦਾ ਗਲਿਆਨ ਹੋਏ ਬਿਨਾਂ, ਰਾਗ ਦੀ ਜੜ੍ਹ ਨਹੀਂ ਪੁੱਟੀ ਜਾ ਸਕਦੀ, ਇਸ ਲਈ ਯਥਾਰਥ ਗਿਆਨ–ਰੂਪ ਬੁੱਧੀ ਦੀ ਇਸਥਿਤੀ ਕਰ ਲੈਣੀ ਚਾਹੀਏ।

ਸੰਪੂਰਨ ਭੂਤ ਪ੍ਰਾਣੀਆਂ ਲਈ ਜੋ ਰਾਤ੍ਰੀ ਹੈ ਉਸ ਨਿੱਤ, ੱਧ, ਬੋਧ–ਸ੍ਵਰੂਪ ਪਰਮਾਨੰਦ ਵਿੱਚ ਪ੍ਰਮੇਰ ਨੂੰ ਪ੍ਰਾਪਤ ਹੋਇਆ ਜੋਗੀ ਜਾਗਦਾ ਹੈ ਅਤੇ ਜਿਸ ਨਾਵਾਨ ਛਿੰਨ–ਭੰਗਰ ਸੰਸਾਰਕ ਸੁੱਖ ਵਿੱਚ ਸਭ ਪ੍ਰਾਣੀ ਜਾਗਦੇ ਹਨ, ਤੱਤ੍ਵ ਨੂੰ ਜਾਨਣ ਵਾਲੇ ਮੁਨੀ ਲਈ, ਉਹ ਰਾਤ੍ਰੀ ਹੈ। (ਗੀ: ਅ: ੨ : ੬੯)

ਜਿਸ ਤਰ੍ਹਾਂ ਜਲ ਨਾਲ ਪਰੀਪੂਰਨ, ਅਚੱਲ ਪ੍ਰਤਿਠਾ ਵਾਲੇ ਸਮੁੰਦਰ ਵਿੱਚ ਹਰ ਪਾਸੇ ਤੋਂ ਗਏ ਹੋਏ ਜਲ, ਉਸ ਨੂੰ ਚਲਾਇਮਾਨ ਨਾ ਕਰਕੇ ਸਮਾ ਜਾਂਦੇ ਹਨ, ਉਸੀ ਪ੍ਰਕਾਰ ਵਿਿਆਂ ਦਾ ਸੰਗ ਹੋਣ ਪਰ ਭੀ, ਜਿਸ ਪੁਰ ਵਿੱਚ ਸਾਰੀਆਂ ਇੱਛਾਵਾਂ, ਸਮੁੰਦਰ ਵਿੱਚ ਜਲ ਵਾਂਗੂੰ ਕੋਈ ਵਿਕਾਰ ਉਤਪੰਨ ਨਾ ਕਰਦੀਆਂ ਹੋਈਆਂ, ਆਤਮਾ ਵਿੱਚ ਲੀਨ ਹੋ ਜਾਂਦੀਆਂ ਹਨ ਯਾਨੀ ਉਸ ਨੂੰ ਵੱਸ ਨਹੀਂ ਕਰ ਸਕਦੀਆਂ, ਅਜਿਹਾ ਪੁਰ ਪਰਮ–ਾਂਤੀ ਨੂੰ ਪ੍ਰਾਪਤ ਹੁੰਦਾ ਹੈ ਪ੍ਰੰਤੂ ਭੋਗਾਂ ਦੀ ਕਾਮਨਾ ਵਾਲਾ ਨਹੀਂ ਹੁੰਦਾ। (ਗੀ: ਅ: ੨ : ੭੦)

ਜੋ ਪੁਰ ਕੇਵਲ ਜੀਵਨ ਨਿਰਵਾਹ ਮਾਤ੍ਰ ਹੀ ਹਰਕਤ ਕਰਨ ਵਾਲਾ ਹੋ ਕੇ ਵਿਚਰਦਾ ਹੈ, ਰੀਰ ਅਤੇ ਜੀਵਨ ਮਾਤ੍ਰ ਵਿੱਚ ਭੀ, ਜਿਸਦੀ ਲਾਲਸਾ ਨਹੀਂ ਹੈ, ਮਮਤਾ ਅਤੇ ਹੰਕਾਰ ਤੋਂ ਰਹਿਤ ਹੈ, ਇਸ ਤਰ੍ਹਾਂ ਦਾ ਬ੍ਰਹਮਵੇਤਾ ਸੰਸਾਰ ਦੇ ਸਭ ਦੁੱਖਾਂ ਦੀ ਨਿਵਿਰਤੀ ਰੂਪ ਾਂਤੀ ਯਾਨੀ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ।

(ਗੀ: ਅ: ੨ : ੭੧)

ਹੇ ਅਰਜਨ! ਇਹ ਬ੍ਰਹਮ ਨੂੰ ਪ੍ਰਾਪਤ ਹੋਏ ਪੁਰ ਦੀ ਇਸਥਿਤੀ ਹੈ, ਇਸਨੂੰ ਪ੍ਰਾਪਤ ਹੋ ਕੇ, ਉਹ ਫਿਰ ਮੋਹਿਤ ਨਹੀਂ ਹੁੰਦਾ ਅਤੇ ਅੰਤਕਾਲ ਵਿੱਚ ਭੀ ਇਸੀ ਨਿਠਾ ਵਿੱਚ ਕਾਇਮ ਹੋ ਕੇ ਬ੍ਰਹਮਾਨੰਦ ਨੂੰ ਪ੍ਰਾਪਤ ਹੋ ਜਾਂਦਾ ਹੈ।

(ਗੀ: ਅ: ੨ : ੭੨)

ਬੀਤੀ ਹੋਈ ਗੱਲ ਨੂੰ ਯਾਦ ਨਾ ਕਰਨਾ, ਅੱਗੇ ਦੀ ਚਿੰਤਾ ਨਾ ਕਰਨਾ ਅਤੇ ਵਰਤਮਾਨ ਵਿੱਚ ਪ੍ਰਾਰੱਬਧ ਦੁਆਰਾ ਪ੍ਰਾਪਤ ਹੋਏ ਦੁੱਖ-ਸੁੱਖ ਵਿੱਚ ਉਦਾਸੀਨਤਾ ਪੂਰਬਕ ਨਿਰਲੇਪ ਰਹਿਣਾ ਹੀ ਜੀਵਨ-ਮੁਕਤ ਪੁਰ ਦਾ ਲੱਛਣ ਹੈ।

ਜੀਵਨ-ਮੁਕਤ ਦੇ ਲੱਛਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਉਂ ਵਰਨਣ ਕੀਤੇ ਹਨ-

**ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥**
**ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ॥**
**ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥**
**ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ॥**
**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥**

**(ਅੰਗ ੨੨੦)**

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

**(ਅੰਗ ੬੩੩)**

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥**

ਕਹੁ ਨਾਨਕ ਇਹਿ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥

(ਅੰਗ ੯੩੧)

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀਂ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥

(ਅੰਗ ੨੭੫)

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥
ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ॥

(ਅੰਗ ੬੮੫)

ਸਲੋਕੁ॥
ਮਨਿ ਸਾਚਾ ਮੁਖਿ ਸਾਖਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥
ਅਸਟਪਦੀ॥
ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ (ਅੰਗ ੨੭੨)

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ॥

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥**
**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**
**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥**
**ਕਹੁ ਨਾਨਕ ਸੁਨ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥** **(ਅੰਗ ੧੪੨੭)**

ਗੁਣਾਂ ਤੋਂ ਅਤੀਤ ਹੋਏ ਪੁਰ ਦੇ ਲੱਛਣ, ਅਰਜਨ ਦੇ ਪੁੱਛਣ ਪਰ ਭਗਵਾਨ ਨੇ ਇਉਂ ਕਥਨ ਕੀਤੇ-

ਸਤੋ ਗੁਣ ਦਾ ਕਾਰਜ ਪ੍ਰਕਾ, ਰਜੋ ਗੁਣ ਦਾ ਕਾਰਜ ਪ੍ਰਵਿਰਤੀ, ਤਮੋ ਗੁਣ ਦਾ ਕਾਰਜ ਮੋਹ ਹੈ। ਜਦੋਂ ਇਨ੍ਹਾਂ ਗੁਣਾਂ ਤੋਂ ਅਤੀਤ ਹੋ ਜਾਂਦਾ ਹੈ ਤਾਂ ਦ੍ਵੈ ਨਹੀਂ ਕਰਦਾ, ਤਿਉਂ ਹੀ ਇਨ੍ਹਾਂ ਗੁਣਾਂ ਤੋਂ ਨਿਵਿਰਤ ਹੋਏ ਕਾਰਜ ਨੂੰ, ਫਿਰ ਚਾਹੁੰਦਾ ਨਹੀਂ। (ਗੀ: ਅ: ੧੪ : ੨੨)

ਮਲਤਬ ਇਹ ਕਿ ਜੋ ਪੁਰ, ਬ੍ਰਹਮ ਵਿੱਚ ਨਿੱਤ ਇਸਥਿਤ ਰਹਿੰਦਾ ਹੋਇਆ ਇਸ ਤਿੰਨ ਗੁਣ ਮਈ ਕਾਇਆ ਰੂਪ ਸੰਸਾਰ ਤੋਂ ਬਿਲਕੁੱਲ ਅਤੀਤ ਹੋ ਚੁੱਕਾ ਹੈ, ਉਸ ਗੁਣਾਂ ਤੋਂ ਅਤੀਤ ਪੁਰ ਦੇ ਅੰਤਹਕਰਣ ਵਿੱਚ ਪ੍ਰਕਾ, ਪ੍ਰਵਿਰਤੀ ਅਤੇ ਮੋਹ ਆਦਿ ਬ੍ਰਿਤੀਆਂ ਦੇ ਪ੍ਰਗਟ ਹੋਣ ਯਾ ਨਾ ਹੋਣ ਪਰ ਕਿਸੇ ਵਕਤ ਭੀ ਇੱਛਾ, ਦ੍ਵੈ ਆਦਿ ਵਿਕਾਰ ਉਤਪੰਨ ਹੁੰਦੇ ਹੀ ਨਹੀਂ। ਇਹੀ ਉਸਦੇ ਗੁਣਾਂ ਤੋਂ ਅਤੀਤ ਹੋਣ ਦਾ ਪ੍ਰਧਾਨ ਲੱਛਣ ਹੈ।

ਜੋ ਉਦਾਸੀਨ (ਸਾਖੀ) ਦੇ ਵਾਂਗੂੰ ਇਸਥਿਤ ਹੋਇਆ, ਗੁਣਾਂ ਦ੍ਵਾਰਾ ਚਲਾਇਮਾਨ ਨਹੀਂ ਕੀਤਾ ਜਾ ਸਕਦਾ ਅਤੇ ਗੁਣ ਹੀ ਗੁਣਾਂ ਵਿੱਚ ਵਰਤਦੇ ਹਨ ਯਾਨੀ ਇੰਦ੍ਰੀਆਂ ਆਪਣੇ-ਆਪਣੇ ਵਿਿਆਂ ਵਿੱਚ ਵਰਤ ਰਹੀਆਂ ਹਨ, ਅਜਿਹਾ ਸਮਝਦਾ ਹੋਇਆ ਜੋ ਅਚੱਲ ਭਾਵ ਨਾਲ ਸ੍ਵਰੂਪ ਵਿੱਚ ਇਸਥਿਤ ਰਹਿੰਦਾ ਹੈ।

(ਗੀ: ਅ: ੧੪ : ੨੩)

ਜੋ ਸੁੱਖ-ਦੁੱਖ ਵਿੱਚ ਸਮਾਨ ਹੈ, ਆਪਣੇ ਸ੍ਵਰੂਪ ਵਿੱਚ ਇਸਥਿਤ ਹੈ। ਜਿਸਦੀ ਦ੍ਰਿਟੀ ਵਿੱਚ ਮਿੱਟੀ, ਪੱਥਰ ਅਤੇ ਸੋਨਾ ਇੱਕੋ ਜਿਹੇ ਹੀ ਹੋ ਗਏ ਹਨ। ਪ੍ਰਿਯ ਅਤੇ ਅਪ੍ਰਿਯ ਦੋਹਾਂ ਨੂੰ ਜੋ ਇੱਕ ਸਮਾਨ ਸਮਝਦਾ ਹੈ, ਜੋ ਧੀਰਜ ਵਾਲਾ ਹੈ ਅਤੇ

ਜੋ ਆਪਣੀ ਨਿੰਦਾ ਅਤੇ ਉਸਤਤੀ ਵਿੱਚ ਸਮਾਨ ਭਾਵ ਵਾਲਾ ਹੈ, ਉਹ ਗੁਣਾਤੀਤ ਜੀਵਨ ਮੁਕਤ ਹੈ। (ਗੀ: ਅ: ੧੪ : ੨੪)

ਪ੍ਰਾਰਬਧ ਦੇ ਖਤਮ ਹੋਣ ਤੱਕ ਛਾਂ ਵਾਂਗੂੰ ਹਰ ਵਕਤ ਨਾਲ ਰਹਿਣ ਵਾਲੇ ਰੀਰ ਦੇ ਕਾਇਮ ਰਹਿੰਦੇ ਹੋਏ ਵੀ, ਇਸ ਵਿੱਚ ਮੈਂ-ਮੇਰਾਪਨ ਦਾ ਅਭਾਵ ਹੋ ਜਾਣਾ, ਜੀਵਨ-ਮੁਕਤ ਦਾ ਲੱਛਣ ਹੈ। (ਵਿ: ਚੂ: : ੪੩੨)

ਬਿਆਸ ਜੀ ਦੁਆਰਾ ਭੀ ਭਾਗਵਤ ਵਿੱਚ ਜੀਵਨ-ਮੁਕਤ ਦੇ ਲੱਛਣ ਇਉਂ ਕਹੇ ਹਨ-

ਜੋ ਕੁੱਝ ਭੀ ਪ੍ਰਾਰਬੱਧ ਅਨੁਸਾਰ ਅੰਨ, ਬਸਤ੍ਰ ਆਦਿ ਮਿਲ ਜਾਵੇ, ਉਸੀ ਉੱਤੇ ਨਿਰਬਾਹ ਕਰਨ ਵਾਲਾ ਅਤੇ ਜਿੱਥੇ ਕਿਤੇ ਰਾਤ੍ਰੀ ਪੈ ਜਾਣ ਪਰ, ਸੌਂ ਜਾਣ ਵਾਲਾ ਜੋ ਪੁਰ ਹੈ, ਉਸ ਨੂੰ ਦੇਵਤਾ ਗਣ ਭੀ ਬ੍ਰਹਮਵੇਤਾ ਯਾਨੀ ਜੀਵਨ-ਮੁਕਤ ਕਹਿੰਦੇ ਹਨ। (ਭਾਗ: ਸ:)

ਗੁਣ ਤੇ ਦੋ ਦੇ ਲੱਛਣਾਂ ਨੂੰ ਬਹੁਤਾ ਕਹਿਣ ਨਾਲ ਕੀ ਫਲ ਅਰਥਾਤ ਇਹ ਅੱਛਾ ਹੈ, ਇਹ ਬੁਰਾ ਹੈ ਇਸ ਪ੍ਰਕਾਰ ਗੁਣ ਦ੍ਰਿਟੀ ਕਰਨੀ, ਇਹ ਦੋ ਰੂਪ ਹੈ ਅਤੇ ਇਸ ਪ੍ਰਮਾਣ ਤੋਂ ਗੁਣ-ਦੋ ਦ੍ਰਿਟੀ ਦਾ ਤਿਆਗ, ਇਹ ਗੁਣ ਰੂਪ ਹੈ। ਮਤਲਬ ਇਹ ਕਿ ਜੀਵਨ-ਮੁਕਤ ਨੂੰ ਗੁਣ-ਦੋ ਮਈ ਬੁੱਧੀ, ਉਤਪੰਨ ਹੀ ਨਹੀਂ ਹੁੰਦੀ। (ਭਾਗ: ਸ: ੧੧)

ਜੀਵਨ-ਮੁਕਤ ਪੁਰ ਦਾ ਜੋ ਸੁਭਾਵਿਕ ਲੱਛਣ ਹੁੰਦਾ ਹੈ, ਉਹ ਜਗਾਸੂਆਂ ਲਈ ਸਾਧਨ ਰੂਪ ਹੋਇਆ ਕਰਦਾ ਹੈ। ਾਸਤ੍ਰ ਵਿੱਚ ਉਹ ਅਚੱਲ ਅਵਸਥਾ ਦਿਖਾ ਦਿੱਤੀ ਜਾਂਦੀ ਹੈ ਜੋ ਕਿ ਸਾਧਕ ਦੀ ਆਖਰੀ ਇਸਥਿਤੀ ਹੈ ਯਾਨੀ ਜਿਸ ਅਵਸਥਾ ਵਿੱਚ ਪਹੁੰਚ ਕੇ ਅਨੰਤ ਸੰਸਾਰਿਕ ਸੁੱਖਾਂ ਅਤੇ ਦੁੱਖਾਂ ਦੁਆਰਾ ਹਿਲਾਇਆ ਨਹੀਂ ਜਾ ਸਕਦਾ।

## *ਸੰਯ ਵਿਪਰਯੇ ਦੇ ਨਾ ਲਈ ਦ੍ਰਿੜ ਆਤਮ ਅਭਿਆਸ*

ਤੱਤ੍ਵ-ਗਿਆਨ ਹੋਣ ਪਰ ਭੀ ਜਿੰਨਾਂ ਚਿਰ ਚਿੱਤ ਾਂਤ ਨਹੀਂ ਹੁੰਦਾ ਓਨਾਂ ਚਿਰ ਸੰਯ ਵਿਪਰਯੇ ਹੋਣਾ ਸੰਭਵ ਹੈ, ਇਸ ਲਈ ਅਤੰਤ ਦ੍ਰਿੜ ਅਭਿਆਸ ਦੁਆਰਾ ਚਿੱਤ ਨੂੰ ਆਤਮਾ ਵਿੱਚ ਡੁਬੋ ਦੇਣਾ ਚਾਹੀਦਾ ਹੈ ਤਾਂ ਕਿ ਸੰਯ ਵਿਪਰਯੇ ਨੂੰ ਗੁੰਜਾਇ ਹੀ ਨਾ ਰਹੇ। ਲਿਵ ਦੁਆਰਾ ਹੀ ਚਿੱਤ ਨਿਰੰਕਾਰ ਵਿੱਚ

ਡੁੱਬ ਕੇ ਾਂਤ ਹੁੰਦਾ ਹੈ। ੍ਰੀ ਰਾਮ ਜੀ ਨੂੰ ਤੱਤ੍ਵ-ਗਿਆਨ ਹੋਣ ਪਰ ਭੀ ਚਿੱਤ-ਵ੍ਿਾਂਤੀ ਤੋਂ ਪਹਿਲਾਂ ਸੰਯ ਉਤਪੰਨ ਹੋਇਆ ਹੀ ਸੀ, ਇਹ ਯੋਗ ਵਾਿਟ ਵਿੱਚ ਸਪਟ ਹੈ-

ਹੇ ਰਾਮ ਜੀ! ਹੁਣ ਆਪ ਨੂੰ ਕੁੱਝ ਜਾਨਣਾ ਤਾਂ ਬਾਕੀ ਰਿਹਾ ਨਹੀਂ ਹੈ, ਆਪਣੀ ਉੱਜਲ ਤੇ ਸੂਖਮ ਬੁੱਧੀ ਦ੍ਵਾਰਾ ਸਭ ਕੁੱਝ ਜਾਣ ਹੀ ਚੁੱਕੇ ਹੋ ਪ੍ਰੰਤੂ ਹੁਣ ਭਗਵਾਨ ਬਿਆਸ ਜੀ ਦੇ ਪੁੱਤ੍ਰ ਸੁਕਦੇਵ ਵਾਂਗੂੰ, ਆਪ ਦੀ ਚਿੱਤ-ਬ੍ਰਿਤੀ ਨੂੰ ਵ੍ਿਾਂਤੀ ਮਾਤ੍ਰ ਹੋਣ ਦੀ ਰੂਰਤ ਹੈ। (ਯੋ: ਵਾ:)

ਸੰਯ ਨੂੰ ਹੀ ਅਸੰਭਾਵਨਾ* ਕਹਿੰਦੇ ਹਨ ਅਤੇ ਵਿਪਰਯੇ ਨੂੰ ਵਿਪਰੀਤ ਭਾਵਨਾ** ਕਹਿੰਦੇ ਹਨ। ਇਹ ਦੋਨੋਂ ਮੁਕਤੀ ਵਿੱਚ ਪ੍ਰਤੀਬੰਧਕ ਯਾਨੀ ਰੁਕਾਵਟ ਹਨ। ਸੰਯ ਤਾਂ ਭੋਗ ਅਤੇ ਮੋਖ ਦੋਹਾਂ ਦਾ ਹੀ ਵਿਰੋਧੀ ਹੈ ਕਿਉਂਕਿ ਜਦ ਸੰਯ ਵਾਲਾ ਪੁਰ, ਸੰਸਾਰ ਦੇ ਸੁੱਖ ਵਿੱਚ ਪ੍ਰਵਿਰਤ ਹੁੰਦਾ ਹੈ ਤਦ ਮੁਕਤੀ ਸੰਬੰਧੀ ਬੁੱਧੀ, ਉਸ ਸੰਸਾਰਿਕ ਸੁੱਖ ਵਿੱਚ ਹੋਈ ਪ੍ਰਵਿਰਤੀ ਨੂੰ ਰੋਕਦੀ ਹੈ ਅਤੇ ਜਦ ਮੁਕਤੀ ਮਾਰਗ ਵਿੱਚ ਪ੍ਰਵਿਰਤੀ ਕਰਦਾ ਹੈ ਤਦ ਉਸ ਨੂੰ ਸੰਸਾਰਿਕ ਸੁੱਖ ਵਾਲੀ ਬੁੱਧੀ ਰੁਕਾਵਟ ਬਣਕੇ ਸਾਮ੍ਹਣੇ ਖੜ੍ਹੀ ਹੋ ਜਾਂਦੀ ਹੈ। ਭੋਗ ਅਤੇ ਮੋਖ ਦੋਹਾਂ ਸੁੱਖਾਂ ਤੋਂ ਖਾਲੀ ਰਹਿਣ ਵਾਲਾ ਸੰਯ ਯੁਕਤ ਪੁਰ ਹੈ। ਜਿਸ ਦਾ ਚਿੱਤ, ਤੱਤ੍ਵ-ਵਸਤੂ ਨੂੰ ਸਮਝਕੇ ਭੀ ਵ੍ਿਾਂਤੀ ਨੂੰ ਪ੍ਰਾਪਤ ਨਾ ਹੋਵੇ, ਉਹ ਦ੍ਰਿੜਤਾ ਨਾ ਹੋਣ ਦੇਣ ਵਾਲੇ ਇਹ ਦੋਨੋਂ ਹੀ ਹਨ। ਜਿਸਦਾ ਚਿੱਤ ਾਂਤ ਹੋ ਚੁੱਕਾ ਹੈ। ਉਸ ਨੂੰ ਜਗਤ ਦੀ ਪ੍ਰਤੀਤੀ ਹੀ ਨਹੀਂ ਹੁੰਦੀ ਯਾਨੀ ਜਗਤ, ਬ੍ਰਹਮ ਰੂਪ ਹੀ ਦ੍ਰਿਟੀ ਆਉਂਦਾ ਹੈ ਤਾਂ ਸੰਯ-ਵਿਪਰਯੇ ਦੀ ਰੁਕਾਵੜ ਕੀ? ਇਹ ਰੁਕਾਵਟ ਹੁੰਦੀ ਹੈ ਮੰਦ ਗਿਆਨ ਵਾਲੇ ਨੂੰ।

ਅਪਰੋਖ ਅਨੁਭੂਤੀ ਗ੍ਰੰਥ ਵਿੱਚ ੍ਰੀ ਕਰਾਚਾਰਯ ਨੇ ਗਿਆਨ ਨਿਠਾ ਦੀ ਪ੍ਰਾਪਤੀ ਲਈ ੧੫ (ਪੰਦਰਾਂ) ਅੰਗ ਦੱਸੇ ਹਨ। ਆਪ ਲਿਖਦੇ ਹਨ ਕਿ ਨਿਰੰਤਰ ਅਭਿਆਸ ਕੀਤੇ ਬਿਨਾਂ ਸਤਿ, ਚਿੱਤ, ਅਨੰਦ ਸ੍ਵਰੂਪ ਆਤ ਮਾ ਦੀ

---

* ਾਸਤ੍ਰ ਵਿੱਚ ਜੀਵ ਅਤੇ ਬ੍ਰਹਮ ਦਾ ਭੇਦ ਕਥਨ ਕੀਤਾ ਹੈ ਯਾ ਅਭੇਦ? ਇਹ ਪ੍ਰਮਾਣਗਤ ਸੰਯ ਹੈ। ਜੀਵ ਅਤੇ ਬ੍ਰਹਮ ਦਾ ਭੇਦ ਸਤਿ ਹੈ ਯਾ ਅਭੇਦ? ਇਹ ਪ੍ਰਮੇਯਗਤ ਸੰਯ ਹੈ। ਇਹ ਦੋਨੋਂ ਪ੍ਰਕਾਰ ਦਾ ਸੰਯ ਹੈ-ਅਸੰਭਾਵਨਾ।

** ਦੇਹ ਆਦਿ ਸਤਿ ਹਨ ਅਤੇ ਜੀਵ-ਬ੍ਰਹਮ ਦਾ ਭੇਦ ਸਤਿ ਹੈ। ਇਹ ਵਿਪਰੀਤ ਭਾਵਨਾ ਦਾ ਰੂਪ ਹੈ।

ਪ੍ਰਾਪਤੀ ਹੀ ਨਹੀਂ ਹੋ ਸਕਦੀ, ਇਸ ਲਈ ਜਗਯਾਸੂ ਨੂੰ ਚਾਹੀਏ ਕਿ ਚਿਰ ਕਾਲ ਤੱਕ ਬ੍ਰਹਮ ਚਿੰਤਨ ਕਰੇ ਅਰਥਾਤ ਆਪਣੇ ਸ੍ਵਰੂਪ ਨੂੰ ਸਮਝਕੇ ਪ੍ਰਮਾਤਮਾ ਨਾਲ ਲਿਵ ਲਾਵੇ।

ਯਮ, ਨਿਯਮ, ਤਿਆਗ, ਮੌਨ, ਦੇ, ਕਾਲ, ਆਸਨ, ਮੂਲ, ਬੰਧ, ਦੇਹ ਦੀ ਸਮਤਾ, ਨੇਤ੍ਰਾਂ ਦੀ ਇਸਥਿਤੀ, ਪ੍ਰਾਣਾਯਾਮ, ਪ੍ਰਤਾਹਾਰ, ਧਾਰਨਾ, ਧਿਆਨ ਅਤੇ ਸਮਾਧੀ ਇਹ ਪੰਦਰਾਂ (੧੫) ਅੰਗ ਹਨ।

1 – ਸਭ ਬ੍ਰਹਮ ਹੀ ਹੈ ਅਜਿਹੇ ਗਿਆਨ ਨਾਲ ਇੰਦ੍ਰੀਆਂ ਦਾ ਵੀਭੂਤ ਹੋ ਜਾਣਾ ਯਮ ਕਹਾਉਂਦਾ ਹੈ। ਇਸ ਦਾ ਬਾਰੰਬਾਰ ਅਭਿਆਸ ਕਰਨਾ ਚਾਹੀਏ।

2 – ਸਜਾਤੀਯ ਬ੍ਰਿਤੀ ਦਾ ਪ੍ਰਵਾਹ ਅਤੇ ਵਿਜਾਤੀਯ ਦਾ ਤ੍ਰਿਸਕਾਰ ਇਹੀ ਪਰਮਾਨੰਦ ਰੂਪ ਨਿ+ਯਮ ਹੈ। ਬੁੱਧੀਮਾਨ ਲੋਕ ਇਸ ਨਿਯਮ ਦਾ ਨਿਯਮ ਪੂਰਬਕ ਪਾਲਣ ਕਰਦੇ ਹਨ।

3 – ਪ੍ਰਪੰਚ ਨੂੰ ਚੇਤਨ ਰੂਪ ਦੇਖਣ ਨਾਲ, ਉਸਦੇ ਸ੍ਵਰੂਪ ਦਾ ਤਿਆਗ ਕਰਨਾ ਹੀ ਮਹਾਂਪੁਰਾਂ ਦਾ ਵੰਦਨੀਯ ਤਿਆਗ ਹੈ ਕਿਉਂਕਿ ਉਹ ਛੇਤੀ ਹੀ ਮੁਕਤੀ ਦੇਣ ਵਾਲਾ ਹੈ।

4 – ਜਿਸ ਨੂੰ ਨਾ ਪਾ ਕੇ ਮਨ ਸਹਿਤ ਬਾਣੀ ਵਾਪਸ ਮੁੜ ਆਉਂਦੀ ਹੈ ਅਤੇ ਜਿਸ ਮੌਨ ਤੱਕ ਜੋਗੀਆਂ ਦੀ ਹੀ ਗਤੀ ਹੈ, ਵਿੱਦ੍ਵਾਨ ਸਦਾ ਉਸ ਨੂੰ ਧਾਰਨ ਕਰੇ। ਜਿੱਥੋਂ ਬਾਣੀ ਮੁੜ ਆਉਂਦੀ ਹੈ, ਉਸ ਬ੍ਰਹਮ ਦਾ ਭਲਾ ਕੌਣ ਵਰਨਣ ਕਰ ਸਕਦਾ ਹੈ? ਅਤੇ ਜੋ ਪ੍ਰਪੰਚ ਨੂੰ ਹੀ ਬਦ ਦਾ ਵਿ ਮੰਨ ਲਿਆ ਜਾਵੇ ਤਾਂ ਉਹ ਭੀ ਬਦ ਰਹਿਤ ਹੈ ਕਿਉਂਕਿ ਜੋ ਨਾ ਸੱਤ ਹੋਵੇ ਨਾ ਅਸੱਤ ਹੀ, ਉਹ ਅਨਿਰਵਚਨੀਯ ਵਸਤੂ ਬਦ ਦਾ ਵਿਯ ਨਹੀਂ ਹੋਇਆ ਕਰਦੀ।

ਇਸ ਪ੍ਰਕਾਰ ਸਤਿਪੁਰਾਂ ਦਾ ਦੂਜਾ ਸੁਭਾਵਿਕ ਮੌਨ ਇਹ ਪ੍ਰਪੰਚ ਦਾ ਅਬਦਪਣਾ ਭੀ ਹੋ ਸਕਦਾ ਹੈ। ਬ੍ਰਹਮਵੇਤਾ ਸਤਿਵਾਦੀਆਂ ਨੇ ਬਾਣੀ ਦਾ ਮੌਨ ਤਾਂ ਮੂਰਖਾਂ ਲਈ ਆਖਿਆ ਹੈ।

5 – ਜਿਸ ਦੇ ਵਿੱਚ ਆਦਿ, ਅੰਤ ਤੇ ਮੱਧ ਵਿੱਚ ਕੋਈ ਭੀ ਜਨ ਨਹੀਂ ਹੈ ਤਥਾ ਜਿਸ ਨਾਲ ਇਹ ਜਗਤ ਨਿਰੰਤਰ ਵਿਆਪਕ ਹੈ, ਉਹੀ ਦੇ ਜਨ੍ਹ ਕਿਹਾ ਗਿਆ ਹੈ।

6 – ਬ੍ਰਹਮਾ ਆਦਿ ਸਾਰੇ ਹੀ ਭੂਤਾਂ ਦੀ ਇੱਕ ਪਲ ਵਿੱਚ ਹੀ ਕਲਪਨਾ ਕਰਨ ਦੇ ਕਾਰਨ ਅਦੁਤੀਯ, ਅਖੰਡਾਨੰਦ ਰੂਪ ਬ੍ਰਹਮ ਹੀ ਕਾਲ ਬਦ ਨਾਲ ਕਿਹਾ ਜਾਂਦਾ ਹੈ।

7 – ਜਿਸ ਅਵਸਥਾ ਵਿੱਚ ਸੁੱਖ ਪੂਰਬਕ, ਨਿਰੰਤਰ ਬ੍ਰਹਮ–ਚਿੰਤਨ ਹੋ ਸਕੇ , ਉਸ ਨੂੰ ਹੀ ਆਸਣ ਜਾਨਣਾ ਚਾਹੀਦਾ ਹੈ, ਦੂਜਾ ਸੁੱਖ ਦੇ ਨਾ ਕਰਨ ਵਾਲਾ ਆਸਣ, ਆਸਣ ਨਹੀਂ ਹੈ। ਜੋ ਸਾਰੇ ਹੀ ਭੂਤਾਂ ਦਾ ਆਦਿ ਕਾਰਨ ਹੈ, ਸੰਸਾਰ ਦਾ ਅਵਿਨਾਸੀ ਅਧਿਠਾਨ ਹੈ ਅਤੇ ਜਿਸ ਵਿੱਚ ਸਿੱਧ–ਜਨ ਯਾਨੀ ਜੀਵਨ–ਮੁਕਤ ਇਸਥਿਤ ਰਹਿੰਦੇ ਹਨ, ਉਸ ਨੂੰ ਹੀ ਸਿੱਧ ਆਸਣ ਸਮਝਣਾ ਚਾਹੀਦਾ ਹੈ।

8 – ਜੋ ਸਾਰੇ ਹੀ ਭੂਤਾਂ ਦਾ ਮੂਲ ਹੈ ਅਤੇ ਜਿਸਦੇ ਆਸਰੇ ਨਾਲ ਚਿੱਤ ਸਥਿਰ ਕੀਤਾ ਜਾਂਦਾ ਹੈ, ਉਸ ਮੂਲ–ਬੰਧ ਦਾ ਸਦਾ ਸੇਵਨ ਕਰਨਾ ਚਾਹੀਏ। ਇਹੀ ਰਾਜ–ਜੋਗੀਆਂ ਦਾ ਜੋਗ ਹੈ।

9 – ਜਿਸ ਸਮੇਂ ਚਿੱਤ ਸਮ ਯਾਨੀ ਬ੍ਰਹਮ ਵਿੱਚ ਲੀਨ ਹੋ ਜਾਵੇ, ਉਸ ਸਮੇ ਂ ਅੰਗਾਂ ਦੀ ਸਮਤਾ ਸਮਝਣੀ ਚਾਹੀਦੀ ਹੈ। ਇਸ ਤੋਂ ਉਲਟ ਸੁੱਕੇ ਬ੍ਰਿੱਛ ਦੇ ਸਮਾਨ ਅੰਗਾਂ ਦੀ ਨਿਸਚਲਤਾ ਦਾ ਨਾਮ ਸਮਤਾ ਨਹੀਂ ਹੈ।

1● – ਦ੍ਰਿਟੀ ਨੂੰ ਗਿਆਨਮਈ ਕਰਕੇ, ਸੰਸਾਰ ਨੂੰ ਬ੍ਰਹਮ ਰੂਪ ਦੇਖੇ। ਇਹੀ ਦ੍ਰਿਟੀ ਅਤੀ ਉੱਤਮ ਹੈ, ਨਾਸਾਂ ਦੇ ਅਗਲੇ ਪਾਸੇ ਦੇਖਣ ਵਾਲੀ ਨਹੀਂ। ਜਿੱਥੇ ਦ੍ਰਿਟਾ, ਦਰਨ ਅਤੇ ਦ੍ਰਿਯ ਦਾ ਅਭਾਵ ਹੋ ਜਾਂਦਾ ਹੈ, ਉਹੀ ਦ੍ਰਿਟੀ ਕਰਨੀ ਚਾਹੀਏ, ਨਾਸਾਂ ਦੇ ਅਗਲੇ ਪਾਸੇ ਪਰ ਨਹੀਂ।

11– ਚਿੱਤ ਆਦਿ ਸਾਰੇ ਹੀ ਭਾਵਾਂ ਵਿੱਚ ਬ੍ਰਹਮ ਰੂਪ ਨਾਲ ਭਾਵਨਾ ਕਰਨ ਦੇ ਕਾਰਨ, ਸੰਪੂਰਨ ਬ੍ਰਿਤੀਆਂ ਦਾ ਨਿਰੋਧ ਹੋ ਜਾਂਦਾ ਹੈ। ਉਹੀ ਪ੍ਰਾਣਾਯਾਮ ਕਹਾਉਂਦਾ ਹੈ। ਪ੍ਰਪੰਚ ਦਾ ਨਿੇਧ ਕਰਨਾ ਰੇਚਕ ਪ੍ਰਾਣਾਯਾਮ ਹੈ ਅਤੇ ਮੈਂ ਬ੍ਰਹਮ ਹੀ ਹਾਂ ਅਜਿਹੀ ਜੋ ਬ੍ਰਿਤੀ ਹੈ ਉਹ ਪੂਰਕ ਪ੍ਰਾਣਾਯਾਮ ਹੈ।

ਫਿਰ ਉਸ ਬ੍ਰਹਮਾਕਾਰ ਬ੍ਰਿਤੀ ਦੀ ਨਿਸਚਲਤਾ ਹੀ ਕੁੰਭਕ ਪ੍ਰਾਣਾਯਾਮ ਹੈ। ਜਾਗ੍ਰਿਤ ਪੁਰਾਂ ਲਈ ਤਾਂ ਇਹੀ ਤਰੀਕਾ ਹੈ, ਅਗਿਆਨੀਆਂ ਲਈ ਨਾਸਾਂ ਨੂੰ ਪੀੜਾ ਪੁਜਾਉਣਾ ਹੀ ਪ੍ਰਾਣਾਯਾਮ ਹੈ।

12 – ਵਿਿਆਂ ਵਿੱਚ ਆਤਮ ਭਾਵ ਕਰਕੇ, ਮਨ ਨੂੰ ਚੈਤਨ-ਪ੍ਰਮਾਤਮਾ ਵਿੱਚ ਡੁਬੋ ਦੇਣ ਨੂੰ ਹੀ ਪ੍ਰਤਾਹਾਰ ਜਾਨਣਾ ਚਾਹੀਦਾ ਹੈ।ਮੁਕਤੀ ਦੀ ਇੱਛਾ ਵਾਲੇ, ਇਸੀ ਦਾ ਅਭਿਆਸ ਕਰਨ।

13 – ਮਨ ਜਿੱਥੇ ਵੀ ਜਾਵੇ ਉੱਥੇ ਬ੍ਰਹਮ ਦਾ ਸਾਖਾਤਕਾਰ ਕਰਦੇ ਹੋਏ, ਮਨ ਨੂੰ ਸਥਿਰ ਕਰਨਾ ਹੀ, ਉੱਤਮ ਧਾਰਨਾ ਮੰਨੀ ਗਈ ਹੈ।

14 – ਮੈਂ ਬ੍ਰਹਮ ਹੀ ਹਾਂ ਇਸ ਸਤਿ ਬ੍ਰਿਤੀ ਨਾਲ ਜੋ ਪਰਮਾਨੰਦ ਦੇਣ ਵਾਲੀ ਨਿਰਾਲੰਬ ਇਸਥਿਤੀ ਹੁੰਦੀ ਹੈ, ਉਹੀ ਧਿਆਨ ਬਦ ਨਾਲ ਪ੍ਰਸਿੱਧ ਹੈ।

15 – ਨਿਰਵਿਕਾਰ ਤਥਾ ਬ੍ਰਹਮਾਕਾਰ ਬ੍ਰਿਤੀ ਨਾਲ ਜੋ ਪੂਰਨ ਰੂਪ ਤੇ ਬ੍ਰਿਤੀ-ਹੀਣਤਾ ਹੋ ਜਾਂਦੀ ਹੈ, ਉਹੀ ਗਿਆਨ ਸਮਾਧੀ ਹੈ। (ਅਪ: ਅਨੁ: ੧੨੪)

ਇਸ ਪ੍ਰਕਾਰ ਇਸ ਸੁਭਾਵਿਕ ਆਨੰਦ ਦਾ ਤਦ ਤਾਈਂ ਅੱਛੀ ਪ੍ਰਕਾਰ ਅਭਿਆਸ ਕਰੇ ਜਦ ਤਾਈਂ ਕਿ ਚਿੱਤ ਨੂੰ ਲਗਾਉਣ ਪਰ ਇੱਕ ਛਿੰਨ ਵਿੱਚ ਹੀ ਉਹ ਆਪਣੇ ਵੀਭੂਤ ਨਾ ਹੋ ਜਾਵੇ ਯਾਨੀ ਝੱਟ ਹੀ ਆਪਣੇ ਸੂਰੂਪ ਵਿੱਚ ਲੀਨ ਹੋ ਜਾਵੇ। ਫਿਰ ਉਹ ਜੋਗੀ-ਰਾਜ ਸਭ ਸਾਧਨਾਂ ਤੋਂ ਛੁੱਟ ਕੇ ਸਿੱਧ ਹੋ ਜਾਂਦਾ ਹੈ ਯਾਨੀ ਕੁੱਝ ਭੀ ਕਰਨਾ ਬਾਕੀ ਨਹੀਂ ਰਹਿ ਜਾਂਦਾ, ਉਹੀ ਉਸਦਾ ਸੂਰੂਪ ਹੈ। ਉਹ ਕਿਸੀ ਇੱਕ ਦੇ ਮਨ ਜਾਂ ਬਾਣੀ ਦਾ ਵਿ ਨਹੀਂ ਹੈ।

ਇਹ ਉੱਪਰ ਕਹੇ ਪੰਦਰਾਂ ਅੰਗ ਰਾਜ-ਜੋਗੀਆਂ ਦਾ ਚਿੱਤ-ਬ੍ਰਿਤੀ ਦੇ ਨਿਰੋਧ ਯਾਨੀ ਰੋਕਣ ਲਈ ਜੋਗ ਅਭਿਆਸ ਹੈ। ਇਸ ਤੋਂ ਵਿਪਰੀਤ (ਉਲਟ) ਹਠ-ਜੋਗੀਆਂ ਦਾ ਅਭਿਆਸ ਦੂਜਾ ਹੋਰ ਪ੍ਰਕਾਰ ਦਾ ਹੁੰਦਾ ਹੈ।

ਜਿਸਦੀ ਬ੍ਰਿਤੀ ਵਿਚੋਂ ਜਗਤ ਦਾ ਅਭਾਵ ਹੋ ਚੁੱਕਾ ਹੈ ਯਾਨੀ ਉਸ ਭਗਤ ਦੀ ਬ੍ਰਹਮ ਤੋਂ ਭਿੰਨ ਪ੍ਰਤੀਤੀ ਹਟ ਚੁੱਕੀ ਹੈ ਯਾਨੀ ਉਹ ਬ੍ਰਹਮ ਸੂਰੂਪ ਹੀ ਹੋ ਗਿਆ ਹੈ, ਉਸ ਬ੍ਰਹਮਵੇਤਾ ਪੁਰ ਦਾ ਰੀਰਕ ਵਿਵਹਾਰ, ਬਿਨਾਂ ਯਤਨ ਤੋਂ ਹੀ ਪ੍ਰਾਰੱਬਧ ਅਨੁਸਾਰ ਹੁੰਦਾ ਹੈ-

ਗਿਆਨੀ ਪੁਰ ਨੂੰ ਮਨੁੱਾਂ ਦੇ ਕੋਲ ਰਹਿਣ ਨਾਲ ਭੀ, ਆਪਣੇ ਰੀਰ ਦੀ ਪ੍ਰਤੀਤੀ ਨਹੀਂ ਹੁੰਦੀ। ਪਾਸ ਰਹਿਣ ਵਾਲੇ ਮਨੁੱਖ ਹੀ, ਉਸ ਦੇ ਰੀਰ ਨੂੰ ਦੇਖਦੇ ਹਨ। ਖੁਦ ਆਪ ਤਾਂ (ਅ+ਮਨ) ਅਮਨ ਭਾਵ ਨੂੰ ਪ੍ਰਾਪਤ ਹੋਣ ਤੇ ਇਹ ਮੇਰਾ ਰੀਰ ਹੈ ਇਉਂ ਉਸ ਨੂੰ ਨਹੀਂ ਸੁੱਝਦਾ। (ਛਾਂ: ਉ:)

ਮਤਲਬ ਇਹ ਕਿ ਜਿਉਂ ਗੱਡੀ ਜਾਂ ਰਥ ਨੂੰ ਜੁੜੇ ਹੋਏ ਬੈਲ ਜਾਂ ਘੋੜੇ ਅੱਛੀ ਤਰ੍ਹਾਂ ਸਿਖਲਾਏ ਹੋਣ ਦੇ ਕਾਰਨ, ਸਾਰਥੀ ਦੁਆਰਾ ਇੱਕ ਵਾਰੀ ਰਸਤੇ ਪਾ ਦੇਣ ਨਾਲ, ਆਪਣੇ-ਆਪ ਹੀ ਤੁਰੇ ਜਾਂਦੇ ਹਨ ਅਤੇ ਜਿੱਥੇ ਜਾਣਾ ਹੁੰਦਾ ਹੈ, ਉੱਥੇ ਹੀ ਪੁਜਾ ਦਿੰਦੇ ਹਨ, ਉਸੀ ਤਰ੍ਹਾਂ ਪ੍ਰਾਣ ਵਾਯੂ ਭੀ ਪਰਮੇਸ਼੍ਵਰ ਰੂਪ ਸਾਰਥੀ ਦੁਆਰਾ (ਗਿਆਨੀ ਦੇ ਯਤਨ ਬਿਨਾਂ ਹੀ) ਆਪਣੇ-ਆਪ ਸਾਰਾ ਵਿਵਹਾਰ ਕਰਦਾ ਹੈ ਯਾਨੀ ਸੁਭਾਵਿਕ ਹੀ ਚੇਟਾ ਹੁੰਦੀ ਰਹਿੰਦੀ ਹੈ।

ਜਿਉਂ ਰਾਬ ਦੇ ਨੇ ਵਿੱਚ ਅੰਧੇ ਹੋਏ ਮਨੁੱਖ ਨੂੰ, ਆਪਣੇ ਪਿੱਛੇ ਜਾਂ ਪਾਸ ਰੱਖੇ ਹੋਏ ਬਸਤ੍ਰ ਆਦਿਕ ਨੂੰ ਇਥੇ ਹੀ ਹੈ ਯਾ ਕਿਤੇ ਭੁੱਲ ਗਿਆ ਹੈ ਬਰ ਨਹੀਂ ਹੁੰਦੀ, ਤਿਉਂ ਹੀ ਗਿਆਨੀ ਪੁਰ ਭੀ ਪ੍ਰਾਰੱਬਧ ਦੁਆਰਾ ਆਪਣੇ ਰੀਰ ਨੂੰ, ਆਸਣ ਤੋਂ ਉਠਿਆ ਹੈ, ਉੱਥੇ ਹੀ ਬੈਠਾ ਹੈ, ਕਿਤੇ ਦੂਜੀ ਜਗ੍ਹਾ ਗਿਆ ਹੈ ਜਾਂ ਫਿਰ ਵਾਪਸ ਅਸਥਾਨ ਪਰ ਆ ਗਿਆ ਹੈ ਇਉਂ ਜਾਣਦਾ ਹੀ ਨਹੀਂ ਕਿਉਂਕਿ ਉਹ ਦੇਹ ਤੋਂ ਜੁਦਾ ਆਪਣੇ ਅਰੀਰੀ ਆਤਮਾ ਨੂੰ ਪ੍ਰਾਪਤ ਹੋ ਚੁੱਕਾ ਹੈ।

(ਭਾਗ: ਸ:)

ਇਨ੍ਹਾਂ ਉੱਪਰ ਕਹੇ ਦੋ ਲੋਕਾਂ ਵਿੱਚ ਬ੍ਰਹਮਵੇਤਾ ਦੀ ਅਤੰਤ ਗੂੜ੍ਹ ਆਤਮ-ਇਸਥਿਤੀ ਦਾ ਵਰਨਣ ਹੈ, ਇਸ ਤੋਂ ਘੱਟ ਇਸਥਿਤੀ ਦਾ ਲੱਛਣ ਵਟਿ ਜੀ ਦੇ ਬਚਨਾਂ ਦੁਆਰਾ ਦੇਖੋ-

ਜਿਉਂ ਨਿੰਦ੍ਰਾ ਤੋਂ ਜਾਗਿਆ ਹੋਇਆ ਪੁਰ, ਆਪਣਾ ਵਿਵਹਾਰ ਪਹਿਲਾਂ ਵਾਂਗੂੰ ਕਰਨ ਲੱਗ ਜਾਂਦਾ ਹੈ, ਤਿਉਂ ਹੀ ਪਾਸ ਰਹਿਣ ਵਾਲੇ ਮਨੁੱਾਂ ਦੁਆਰਾ ਸਮਾਧੀ ਤੋਂ ਜਗਾਉਣ ਪਰ ਜੋਗੀ ਆਪਣੇ ਵਿਵਹਾਰਾਂ ਨੂੰ ਯਥਾ-ਯੋਗ ਕਰਦਾ ਹੈ। (ਯੋ: ਵਾ:)

ਪਹਿਲਾਂ ਇਹ ਕਿਹਾ ਕਿ ਯੋਗੀ ਨੂੰ ਆਪਣੇ ਰੀਰ ਦਾ ਭੀ ਨਹੀਂ ਪਤਾ ਅਤੇ ਹੁਣ ਇਸ ਉੱਪਰਲੇ ਕਥਨ ਵਿੱਚ ਜੋਗੀ ਸਮਾਧੀ ਤੋਂ ਜਾਗ ਕੇ ਵਿਵਹਾਰਾਂ ਨੂੰ ਕਰਦਾ ਹੈ, ਭੇਦ ਸਿੱਧ ਹੁੰਦਾ ਹੈ। ਇਹ ਭੇਦ ਸਿਰੰ ਚਿੱਤ ਦੀ ਵ੍ਰਿਤੀ ਦੇ ਵੱਧ-ਘੱਟ ਹੋਣ ਦੇ ਕਾਰਨ ਹੈ, ਗਿਆਨ ਦ੍ਰਿਟੀ ਨਾਲ ਨਹੀਂ ਅਰਥਾਤ ਆਤਮ-ਗਿਆਨ ਵਿੱਚ ਕੋਈਂ ਰਕ ਨਹੀਂ ਹੈ ਕਿੰਤੂ ਚਿੱਤ ਵ੍ਰਿਤੀ ਦੀ ਵੱਧ-ਘੱਟ ਅਵਸਥਾ ਦੇ ਕਾਰਨ ਸੰਸਾਰ ਦੀ ਅਪ੍ਰਤੀਤੀ ਤੇ ਪ੍ਰਤੀਤੀ ਵਿੱਚ ਅੰਤਰ ਹੈ।

## *ਜੋਗੀ ਦੇ ਚਿੱਤ ਦੀਆਂ ਸੱਤ (7) ਭੂਮਿਕਾਂ*

ਕਲਾਣ ਮਾਰਗ ਵਿੱਚ ਪ੍ਰਵਿਰਤ ਹੋਏ ਜੋਗੀ ਦੇ ਚਿੱਤ ਦੀਆਂ ਸੱਤ ਭੂਮਿਕਾਂ (ਅਵਸਥਾਵਾਂ) ਹਨ ਜਿਨ੍ਹਾਂ ਦਾ ਕਥਨ ਵਿ ਟ ਜੀ ਨੇ ਇਉਂ ਕੀਤਾ ਹੈ–

1. ੱਭ ਇੱਛਾ 2. ਵਿਚਾਰਨਾ 3. ਤਨੁ–ਮਾਨਸਾ 4. ਯੱਤ੍ਵਾਂਪੱਤੀ 5. ਅਸੰਸਕਤੀ 6. ਪਦਾਰਥਾਭਾਵਨੀ 7. ਤੁਰੀਯ।

ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਅਵਸਥਾਂ ਜਗਾਸੂ ਦੀਆਂ ਹਨ, ਚੌਥੀ ਗਿਆਨਵਾਨ ਦੀ ਅਤੇ ਬਾਕੀ ਤਿੰਨ ਜੀਵਨ–ਮੁਕਤ ਪੁਰ ਦੀਆਂ ਹਨ।

ਚੌਥੀ ਭੂਮਿਕਾ ਵਿੱਚ ਇਸਥਿਤ ਜੋਗੀ ਦਾ ਨਾਮ ਬ੍ਰਹਮਵਿਤ, ਪੰਜਵੀਂ ਵਿੱਚ ਇਸਥਿਤ ਦਾ ਨਾਮ ਬ੍ਰਹਮਵਿਦਵਰ, ਛੇਵੀਂ ਵਿੱਚ ਇਸਥਿਤ ਦਾ ਨਾਮ ਬ੍ਰਹਮਵਿਦ ਵਰੀਯਾਨ ਅਤੇ ਸੱਤਵੀਂ ਭੂਮਿਕਾ ਵਿੱਚ ਇਸਥਿਤ ਦਾ ਨਾਮ ਬ੍ਰਹਮਵਿਦਵਰਿਠ ਹੈ।

ਇਸ ਤਰ੍ਹਾਂ ਚੌਥੀ ਭੂਮਿਕਾ (ਸੱਤ੍ਵਾਪੱਤੀ) ਤੋਂ ਲੈ ਕੇ ਸੱਤਵੀਂ (ਤੁਰੀਯ) ਤੱਕ ਜਿੰਨੀ–ਜਿੰਨੀ ਚਿੱਤ ਦੀ ਆਪਣੇ ਸ੍ਵਰੂਪ ਵਿੱਚ ਇਸਥਿਤੀ ਹੈ, ਓਨੀ–ਓਨੀ ਹੀ ਆਪਣੇ ਰੀਰ ਤੋਂ ਬੇਖਬਰੀ ਹੈ। ਜਿਸ ਨੂੰ ਆਪਣਾ ਰੀਰ ਭੀ ਠੀਕ–ਠੀਕ ਪ੍ਰਤੀਤ ਨਹੀਂ ਦਿੰਦਾ, ਉਸ ਨੂੰ ਸੰਸਾਰਿਕ ਵਿਵਹਾਰਾਂ ਦੀ ਪ੍ਰਤੀਤੀ ਕਿੱਥੇ? ਇਸ ਲਈ, ਉਹ ਸੰਸਾਰ ਤੋਂ ਬਿਲਕੁੱਲ ਬੇਬਰ ਰਹਿੰਦਾ ਹੈ ਤੇ ਜੀਵਨ–ਮੁਕਤੀ ਦੇ ਬਿਲੱਛਣ ਅਨੰਦ ਨੂੰ ਭੋਗਦਾ ਹੈ। ਉਸਦਾ ਚਿੱਤ ਵੈਰਾਗ, ਗਿਆਨ ਅਤੇ ਉਪਰਾਮਤਾ ਦੀ ਆਖਰੀ ਹੱਦ ਤੱਕ ਪੁੱਜ ਜਾਂਦਾ ਹੈ।

ਕਿਸੇ ਭੀ ਪਦਾਰਥ ਵਿੱਚ ਵਾਨਾ ਦਾ ਨਾ ਜਾਗਣਾ ਵੈਰਾਗ ਦੀ ਆਖਰੀ ਹੱਦ ਹੈ। ਕਿਸੇ ਹਾਲਤ ਵਿੱਚ ਭੀ ਅਹੰਕਾਰ ਦਾ ਉਤਪੰਨ ਨਾ ਹੋਣਾ, ਗਿਆਨ ਦੀ ਆਖਰੀ ਹੱਦ ਹੈ ਅਤੇ ਲੀਨ ਹੋਈਆਂ ਬ੍ਰਿਤੀਆਂ ਯਾਨੀ ਬੀਤ ਚੁੱਕੀਆਂ ਗੱਲਾਂ ਦੇ ਸੰਸਕਾਰ ਮਨ ਵਿੱਚ ਫੇਰ ਉਤਪੰਨ ਨਾ ਹੋਣੇ, ਉਪਰਾਮਤਾ ਦੀ ਹੱਦ ਹੈ।

(ਵਿਵੇਕ ਚੂ: : ੪੨੫)

ਗ੍ਰਿਹਸਥ ਆ੍ਮ ਵਿੱਚ ਚੌਥੀ ਭੂਮਿਕਾ ਵਿੱਚ ਗਿਆਨ ਦੀ ਪ੍ਰਾਪਤੀ ਹੋ ਹੀ ਜਾਂਦੀ ਹੈ ਪ੍ਰੰਤੂ ਇਸ ਤੋਂ ਉੱਪਰ ਤਿੰਨ ਭੂਮਿਕਾਂ ਵਿੱਚ ਜੀਵਨ–ਮੁਕਤੀ ਦੇ ਬਿਲੱਛਣ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਇਨ੍ਹਾਂ ਵਿੱਚ ਚਿੱਤ

ਸੰਕਲਪ-੍ਨ ਹੁੰਦਾ ਚਲਿਆ ਜਾਂਦਾ ਹੈ ਯਾਨੀ ਸੁਭਾਵਿਕ ਹੀ ਵਿਵਹਾਰ ਛੁੱਟ ਜਾਂਦਾ ਹੈ* ਯਾਨੀ ਰੀਰ ਨਿਰਵਾਹ ਤੋਂ ਅਧਿਕ ਪ੍ਰਵਿਰਤੀ ਦਾ ਅਭਾਵ ਹੋ ਜਾਂਦਾ ਹੈ। ਇਹ ਗ੍ਰਿਹਸਥੀ ਲਈ ਸੰਭਵ ਨਹੀਂ ਕਿਉਂਕਿ ਗ੍ਰਿਹਸਥੀ ਭੀ ਜੇ ਹਰ ਸਮੇਂ ਨਿਰਵਿਕਲਪ ਅਵਸਥਾ ਵਿੱਚ ਇਸਥਿਤ ਹੈ ਤਾਂ ਉਹ ਗਿਆਨ ਸਹਿਤ ਸੰਨਯਾਸੀ ਹੀ ਹੈ ਫਿਰ ਉਸ ਨੂੰ ਗ੍ਰਿਹਯਥ ਬਦ ਦੁਆਰਾ ਕਿਸ ਤਰ੍ਹਾਂ ਕਥਨ ਕੀਤਾ ਜਾ ਸਕਦਾ ਹੈ? ਇਸ ਲਈ, ਇਸ ਜੀਵਨ-ਮੁਕਤੀ ਦੇ ਬਿਲੱਛਣ ਅਨੰਦ ਵਾਸਤੇ ਸੰਨਯਾਸ ਹੈ। ਇਸ ਬਿਲੱਛਣ ਅਨੰਦ ਤੋਂ ਬਿਨਾਂ ਭਾਵੀ ਦੇਹਾਂ ਦਾ ਅਭਾਵ ਹੋ ਜਾਣ ਦੇ ਕਾਰਨ, ਜੀਵਨ-ਮੁਕਤ ਬਦ ਚੌਥੀ ਭੂਮਿਕਾ ਵਾਲੇ ਲਈ ਭੀ ਵਰਤਿਆ ਜਾਂਦਾ ਹੈ ਉਹ ਭੀ ਜੀਵਨ-ਮੁਕਤ ਹੀ ਹੈ।

ਯਾਗਵਲਕ ਮੁਨੀ ਨੂੰ ਤੱਤ੍ਵ-ਗਿਆਨ ਹੋ ਹੀ ਗਿਆ ਸੀ ਤਾਂ ਭੀ ਆਪਣੀਆਂ ਦੋ ਇਸਤ੍ਰੀਆਂ ਅਤੇ ਘਰ ਨੂੰ ਤਿਆਗ ਕੇ ਜੀਵਨ-ਮੁਕਤੀ ਦੇ ਬਿਲੱਛਣ ਅਨੰਦ ਾਤਰ ਸੰਨਾਸ ਗ੍ਰਹਣ ਕੀਤਾ, ਇਹ ਪ੍ਰਸੰਗ ਬ੍ਰਿਹਦਾਰਣਯਕ ਉਪਨਿਦ ਵਿੱਚ ਦੇਖੋ। ਸੰਨਾਸ ਦਾ ਪ੍ਰਯੋਜਨ ਕੇਵਲ ਆਤਮ-ਗਿਆਨ ਦੀ ਪ੍ਰਾਪਤੀ ਨਹੀਂ, ਇਹ ਗਿਆਨ ਤਾਂ ਗ੍ਰਿਹਸਥ ਆ੍ਮ ਵਿੱਚ ਭੀ ਹੋ ਜਾਂਦਾ ਹੈ ਪ੍ਰੰਤੂ ਜੀਵਨ-ਮੁਕਤੀ ਦੇ ਬਿਲੱਛਣ ਅਨੰਦ ਵਾਸਤੇ ਸੰਨਾਸ ਹੈ ਤੇ ਇਹੀ ਕੰਮ ਗ੍ਰਿਹਸਥ ਆ੍ਮ ਵਿੱਚ ਭੀ ਸਭ ਵਿਵਹਾਰਾਂ ਨੂੰ ਭੁੱਲ ਕੇ ਪੂਰਾ ਹੋ ਜਾਂਦਾ ਹੈ**। ਮੁਕਤੀ ਵਿੱਚ ਕੋਈ ਭੇਦ ਨਹੀਂ ਅਰਥਾਤ ਚੌਥੀ ਤੋਂ ਲੈਕੇ ਸੱਤਵੀਂ ਭੂਮਿਕਾ ਤੱਕ ਮੁਕਤੀ ਇੱਕੋ ਜਿਹੀ ਹੀ ਹੈ, ਕੇਵਲ ਸੰਕਲਪ-੍ਨ ਅਵਸਥਾ ਜੋ ਕਿ ਬਿਲੱਛਣ ਅਨੰਦ ਨਾਲ ਪੂਰਨ ਹੈ, ਉਸਦਾ ਹੀਂ ਰਕ ਹੈ।

ਪੰਜਵੀਂ ਭੂਮਿਕਾ ਵਿੱਚ ਇਸਥਿਤ ਜੋਗੀ, ਨਿਰਵਿਕਲਪ ਸਮਾਧੀ ਵਿੱਚੋਂ

---

* ਸੱਚਾ ਸੰਨਯਾਸੀ ਉਹੀ ਹੈ ਜਿਸ ਵਿੱਚ ਕਿ ਪੁਰ ਜਾਣ ਬੁੱਝ ਕੇ ਕਿਸੇ ਭੀ ਵਸਤੂ ਦਾ ਤਿਆਗ ਨਹੀਂ ਕਰਦਾ, ਪੱਕਿਆ ਹੋਇਆ ਫਲ ਬ੍ਰਿੱਛ ਨਾਲੋਂ ਆਪੇ ਹੀ ਟੁੱਟ ਕੇ ਗਿਰ ਜਾਂਦਾ ਹੈ-ਸੰਸਾਰ ਤੋਂ ਉਹ ਬਿਲਕੁਲ ਨਿਰਲੇਪ ਹੋ ਜਾਂਦਾ ਹੈ। ਸੜਦੇ ਲੋਹੇ ਨੂੰ ਹੱਥੋਂ ਛੱਡ ਦੇਣ ਲਈ, ਕਿਸ ਦੇ ਉਪਦੇ ਦੀ ਲੋੜ ਰਹਿੰਦੀ ਹੈ?

** ਅਤੰਤ ਗੂੜ੍ਹੀ ਲਗਨ ਕਰਕੇ ਚਿੱਤ ਬਾਹਰ-ਸੰਸਾਰ ਚ ਆਉਂਦਾ ਹੀ ਨਹੀਂ ਹੈ, ਇਸ ਲਈ ਵਿਹਾਰ ਸੁਭਾਵਿਕ ਛੁੱਟ ਜਾਂਦਾ ਹੈ। ਉਸ ਅਵਸਥਾ ਵਿੱਚ ਨਾ ਉਹ ਸੰਨਾਸੀ ਹੈ ਤੇ ਨਾ ਹੀ ਗ੍ਰਿਹਸਥੀ। ਇਸ ਤੋਂ ਘੱਟ ਲਗਨ ਵਾਲੇ ਗਿਆਨੀ ਪੁਰ, ਘਰ ਵਿੱਚ ਰਹਿੰਦੇ ਹੋਏ ਸਭ ਵਿਹਾਰ ਕਰਦੇ ਹਨ।

ਖ਼ੁਦ ਹੀ ਜਾਗਦਾ ਹੈ, ਇਹ ਅਵਸਥਾ ਸੁਪਤੀ ਰੂਪ ਹੈ। ਛੇਵੀਂ ਭੂਮਿਕਾ ਵਿੱਚ ਇਸਥਿਤ ਜੋਗੀ, ਪਾਸ ਰਹਿਣ ਵਾਲਿਆਂ ਦੇ ਜਗਾਉਣ ਪਰ ਜਾਗਦਾ ਹੈ, ਇਹ ਗੂੜ੍ਹ ਸੁਪਤੀ ਹੈ। ਸੱਤਵੀਂ ਭੂਮਿਕਾ (ਤੁਰੀਯ) ਵਿੱਚ ਪੁੱਜਾ ਹੋਇਆ ਜੋਗੀ ਨਾ ਆਪ ਜਾਗਦਾ ਹੈ ਅਤੇ ਨਾ ਕਿਸੇ ਦੇ ਜਗਾਉਣ ਪਰ ਹੀ ਜਾਗਦਾ ਹੈ।

ਇਸ ਪ੍ਰਕਾਰ ਦੀਆਂ ਇਹ ਆਖਰੀ ਤਿੰਨ ਅਵਸਥਾਂ ਗ੍ਰਿਹਸਥੀ ਲਈ ਸੰਭਵ ਨਹੀਂ ਕਿਉਂਕਿ ਗ੍ਰਿਹਸਥ ਆਸ੍ਰਮ, ਅਨੰਤ ਵਿਵਹਾਰਕ ਸੰਕਲਪਾਂ ਨਾਲ ਪੂਰਨ ਹੈ। ਜਿੱਥੇ ਸੰਕਲਪ ਹਨ, ਉੱਥੇ ਸੰਕਲਪ-ਸੁਨਤਾ ਦਾ ਕੀ ਮਤਲਬ? ਹਾਂ! ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਤਮਾ ਦੀ ਅਸੰਗਤਾ ਦੇ ਬੋਧ ਵਾਲੇ ਗ੍ਰਿਹਸਥੀ ਨੂੰ ਭੀ ਸਭ ਅਵਸਥਾਵਾਂ ਤੁੱਲ ਹੋ ਜਾਣ ਦੇ ਕਾਰਨ, ਜੀਵਨ-ਮੁਕਤੀ ਤਾਂ ਪ੍ਰਾਪਤ ਹੀ ਹੈ ਕਿੰਤੂ ਵਿਵਹਾਰਕ ਸੰਕਲਪਾਂ ਦੇ ਕਾਰਨ ਬਿਲੱਛਣ ਅਨੰਦ ਦੀ ਅਪ੍ਰਾਪਤੀ ਰਹਿੰਦੀ ਹੈ। ਜੀਵਨ ਮੁਕਤੀ ਬਿਬੇਕ ਗ੍ਰੰਥ ਵਿੱਚ ਕਿਹਾ ਹੈ-

ਪੰਜਵੀਂ ਭੂਮਿਕਾ ਨੂੰ ਪਾ ਕੇ ਜਿਸਦੇ ਸਭ ਭੇਦ ਰੂਪ ਅੰਸ਼ ਨਿਵਿਰਤ ਹੋਏ ਹਨ, ਇਸ ਤਰ੍ਹਾਂ ਦਾ ਪੁਰਸ਼ ਕੇਵਲ ਅਦ੍ਵੈਤ ਸ੍ਵਰੂਪ ਵਿੱਚ ਇਸਥਿਤੀ ਕਰਕੇ ਰਹਿੰਦਾ ਹੈ। ਉਹ ਬਾਹਰਲੀਆਂ ਬ੍ਰਿਤੀਆਂ ਦ੍ਵਾਰਾ ਵਿਵਹਾਰ ਕਰਦਾ ਹੋਇਆ ਯਾਨੀ ਸ਼ਰੀਰਕ ਨਿਰਬਾਹ ਮਾਤ੍ਰ ਹੀ-ਅੰਤਰਮੁਖ ਹੋਣ ਦੇ ਕਾਰਨ ਜਿਉਂ ਕੋਈ ਥੱਕ ਗਿਆ ਹੁੰਦਾ ਹੈ, ਅਜਿਹਾ ਨਿੰਦ੍ਰਾਲੂ ਦੇ ਸਮਾਨ ਮਾਲੂਮ ਦਿੰਦਾ ਹੈ। ਇਸ ਭੂਮਿਕਾ ਦੇ ਅਭਿਆਸ ਨਾਲ ਵਾਸ਼ਨਾ ਰਹਿਤ ਹੋਇਆ ਜੋਗੀ, ਅਗਲੀ ਗੂੜ੍ਹ ਸੁਪਤੀ ਨਾਮ ਵਾਲੀ ਭੂਮਿਕਾ ਨੂੰ ਪਾਉਂਦਾ ਹੈ। ਜਿਸ ਵਿੱਚ ਉਹ ਸੱਤ ਰੂਪ ਨਹੀਂ, ਅਸੱਤ ਰੂਪ ਨਹੀਂ, ਹੰਕਾਰ ਯੁਕਤ ਨਹੀਂ, ਤਿਉਂ ਹੀ ਅਹੰਕਾਰ ਰਹਿਤ ਭੀ ਨਹੀਂ ਹੈ। ਕੇਵਲ ਮੰਨਣ ਰਹਿਤ ਅਜਿਹਾ ਉਹ ਪੁਰਸ਼, ਦ੍ਵੈਤ ਅਤੇ ਅਦ੍ਵੈਤ ਤੋਂ ਅਲੱਗ ਹੀ ਰਹਿੰਦਾ ਹੈ। ਕਈ ਦ੍ਵੈਤ ਦੀ ਇੱਛਾ ਕਰਦੇ ਹਨ ਅਤੇ ਕਈ ਅਦ੍ਵੈਤ ਦੀ ਇੱਛਾ ਕਰਨ ਵਾਲੇ ਹਨ ਪ੍ਰੰਤੂ ਸਰਬੱਤ੍ਰ, ਸਮ-ਬ੍ਰਹਮ ਜੋ ਅਦ੍ਵੈਤ ਅਤੇ ਦ੍ਵੈਤ ਦੋਹਾਂ ਤੋਂ ਰਹਿਤ ਹੈ, ਉਸ ਨੂੰ ਨਹੀਂ ਜਾਣਦੇ। ਅਕਾਸ਼ ਵਿੱਚ ਸ਼ਾਲੀ ਘੜੇ ਦੇ ਸਮਾਨ, ਉਹ ਜੀਵਨ-ਮੁਕਤ ਪੁਰਸ਼ ਅੰਦਰੋਂ ਅਤੇ ਬਾਹਰੋਂ ਸ਼ਾਲੀ (ਸੰਕਲਪ ਸ਼ੂਨ) ਹੈ।

ਗੂੜ੍ਹ ਨਿਰਵਿਕਲਪ ਸਮਾਧੀ ਨੂੰ ਪ੍ਰਾਪਤ ਹੋਇਆ ਜੋਗੀ, ਚਿੱਤ ਵਿੱਚ ਕੋਈ ਸੰਕਲਪ ਕਰਨ ਜਾਂ ਬਾਹਰਲੇ ਪਦਾਰਥ ਗ੍ਰਹਣ ਕਰਨ ਦੇ ਲਈ ਸਮਰੱਥ ਹੀ ਨਹੀਂ

ਹੁੰਦਾ। ਉਹ ਅਕਾ ਵਿੱਚ ਰੱਖੇ ਹੋਏ ਘੜੇ ਦੇ ਸਮਾਨ ਬਾਹਰੋਂ ਤੇ ਅੰਦਰੋਂ ੂਨ ਹੈ। ਸ੍ਵਯੰ-ਪ੍ਰਕਾ, ਸਚਿਦਾਨੰਦ ਸ੍ਵਰੂਪ, ਬ੍ਰਹਮ ਵਿੱਚ ਮਨ-ਮਗਨ ਹੋਣ ਨਾਲ ਬਾਹਰ-ਭੀਤਰ ਸਰਬੱਤ੍ਰ ਸਮਦ੍ਰਿਟੀ ਦ੍ਵਾਰਾ ਸਮੁੰਦਰ ਵਿੱਚ ਪਏ ਪਾਣੀ ਨਾਲ ਭਰੇ ਹੋਏ ਘੜੇ ਦੇ ਸਮਾਨ, ਉਸਦੇ ਮਨ ਦੀ ਬਾਹਰੋਂ ਤੇ ਅੰਦਰੋਂ ਪੂਰਨਤਾਈ ਹੈ।

ਤੁਰੀਯ ਨੂੰ ਪਹੁੰਚਿਆ ਹੋਇਆ ਜੋਗੀ ਤਾਂ ਜਾਗਦਾ ਹੀ ਨਹੀਂ ਹੈ। ਜਿਸ ਗਿਆਨਵਾਨ ਦੀ ਨਿਵਿਰਤੀ ਦੀ ਪ੍ਰਾਰੱਬਧ ਹੈ, ਉਸ ਨੂੰ ਹੀ ਜੀਵਨ-ਮੁਕਤੀ ਦਾ ਬਿਲੱਛਣ ਅਨੰਦ ਪ੍ਰਾਪਤ ਹੁੰਦਾ ਹੈ, ਪ੍ਰਵਿਰਤੀ ਦੀ ਪ੍ਰਾਰੱਬਧ ਵਾਲੇ ਨੂੰ ਨਹੀਂ। ਪ੍ਰਵਿਰਤੀ ਅਤੇ ਨਿਵਿਰਤੀ ਪ੍ਰਾਰੱਬਧ ਦੇ ਅਧੀਨ ਹੈ ਤਾਂ ਭੀ ਆਤਮ-ਗਿਆਨ ਦੋਹਾਂ ਨੂੰ ਸਮਾਨ ਹੋਣ ਦੇ ਕਾਰਨ, ਮੁਕਤੀ ਵਿੱਚ ਕੋਈ ਭੇਦ ਨਹੀਂ ਕੇਵਲ ਬਿਲੱਛਣ ਅਨੰਦ ਹੋਣ ਜਾਂ ਨਾ ਹੋਣ ਦਾ ਹੀ ਫਰਕ ਰਹਿੰਦਾ ਹੈ। ਇਸ ਬਾਰੇ ਅਨੁਭਵੀ ਮਹਾਂਪੁਰਾਂ ਦਾ ਕਥਨ ਭੀ ਹੈ-

ਪੇਟ ਦੀ ਖਰਾਬੀ ਵਾਲੇ ਦੋ ਮਰੀ ਕਿਸੇ ਵੈਦ ਪਾਸ ਗਏ। ਉਸਨੇ ਦੋਹਾਂ ਨੂੰ ਪੇਟ ਦੀ ਸੰਾਈ ਖਾਤਰ ਜਲਾਬ ਦੀ ਦਵਾਈ ਦਿੱਤੀ। ਵੈਦ ਦੇ ਕਹੇ ਮੁਤਾਬਿਕ ਜਦ ਪੰਜ ਸੱਤ ਦਸਤ ਆ ਚੁੱਕੇ ਤਦ ਜੋ ਪੁਰਾਰਥੀ ਪੁਰ ਸੀ ਉਹ ੁੱਧੀ ਲਈ ਇਨਾਨ ਕਰਕੇ ਅਤੇ ਬਸਤ੍ਰ ਆਦਿ ਤਬਦੀਲ ਕਰਕੇ, ਆਪਣੇ ਆਸਣ ਪਰ ਅਨੰਦ ਪੂਰਬਕ ਆ ਬੈਠਾ। ਦੂਜਾ ਆਲਸੀ ਉਸੇ ਤਰ੍ਹਾਂ ਇਨਾਨ ਆਦਿ ਕ੍ਰਿਆ ਤੋਂ ਬਿਨਾਂ ਮੱਖੀਆਂ ਦੀ ਭਿਨਭਿਨਾਹਟ ਅਤੇ ਦੁਰਗੰਧੀ ਨੂੰ ਸਹਿਣ ਕਰਦਾ ਹੋਇਆ ਬੈਠਾ ਰਿਹਾ। ਜਿਵੇਂ ਇਹ ਦ੍ਰਿਟਾਂਤ ਹੈ ਤਿਉਂ ਹੀ ਪ੍ਰਵਿਰਤੀ ਅਤੇ ਨਿਵਿਰਤੀ ਵਾਲੇ ਦਾ ਭੇਦ ਹੈ। ਪ੍ਰਵਿਰਤੀ ਮਾਰਗ ਵਾਲਾ ਗ੍ਰਿਹਸਥੀ ਘਰ ਵਿੱਚ ਬੈਠਾ ਪੁੱਤ੍ਰ, ਇਸਤ੍ਰੀ ਅਤੇ ਸੰਬੰਧੀਆਂ ਦੇ ਨਾਨਾ ਪ੍ਰਕਾਰ ਦੇ ਦੁੱਖਾਂ ਨੂੰ ਸੁਣਦਾ ਹੈ। ਨਿਵਿਰਤੀ ਮਾਰਗ ਵਾਲਾ ਸੰਨਾਸੀ ਨਹੀਂ ਬਲਕਿ ਜੀਵਨ-ਮੁਕਤੀ ਦਾ ਮਹਾਨ ਅਨੰਦ ਲੈਂਦਾ ਹੋਇਆ, ਦੁੱਖ ਰੂਪ ਜੋ ਸੰਸਾਰ ਹੈ, ਉਸ ਤੋਂ ਬਿਲਕੁੱਲ ਬੇਬਰ ਯਾਨੀ ਸੰਕਲਪ ੂਨ ਰਹਿੰਦਾ ਹੈ।

ਜੋ ਭੁੱਖ, ਪਿਆਸ, ੋਕ, ਮੋਹ, ਜਰਾ ਅਤੇ ਮ੍ਰਿਤੂ ਤੋਂ ਪਰੇ ਹੈ, ਉਹ ਇਸ ਆਤਮਾ ਨੂੰ ਜਾਣ ਕੇ ਹੀ ਬ੍ਰਾਹਮਣ, ਪੁੱਤ੍ਰ, ਧਨ ਅਤੇ ਲੋਕ ਇੱਛਾ ਤੋਂ ਅਲਗ ਹਟ ਕੇ ਭਿੱਛਿਆ ਬ੍ਰਿਤੀ ਕਰਦੇ ਵਿਚਰਦੇ ਹਨ। (ਬ੍ਰਿਹ: ਉ: ੩।੫।੧)

ਉਸ ਇਸ ਪ੍ਰਕਾਰ ਦੇ ਆਤਮਾ ਨੂੰ ਬ੍ਰਾਹਮਣ, ਵੇਦ-ਪਾਠ ਦ੍ਵਾਰਾ, ਯੱਗ,

ਦਾਨ ਅਤੇ ਨਿਕਾਮ-ਤਪ ਦੇ ਦੁਆਰਾ ਜਾਨਣ ਦੀ ਇੱਛਾ ਕਰਦੇ ਹਨ। ਇਸੀ ਨੂੰ ਜਾਣ ਕੇ ਮੁਨੀ ਹੁੰਦਾ ਹੈ। ਇਸ ਆਤਮ-ਲੋਕ ਦੀ ਹੀ ਇੱਛਾ ਕਰਦੇ ਹੋਏ ਤਿਆਗੀ ਪੁਰ, ਸਭ ਕੁੱਝ ਤਿਆਗ ਕੇ ਚਲੇ ਜਾਂਦੇ ਯਾਨੀ ਸੰਨਯਾਸੀ (ਸਾਧੂ) ਹੋ ਜਾਂਦੇ ਹਨ*। (ਬ੍ਰਿਹ: ਉ: ੪।੪।੨੨)

ਵੇਦਾਂਤ ਵਿੱਚ ਪ੍ਰਮਾਤਮਾ ਦਾ ਜੋ ਨਿਰਵਿਕਲਪ ਸ੍ਵਰੂਪ ਕਥਨ ਕੀਤਾ ਗਿਆ ਹੈ, ਉਹ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਸੱਚਿਦਾਨੰਦਘਨ ਬ੍ਰਹਮ ਮੈਂ ਹਾਂ ਇਸ ਪ੍ਰਕਾਰ ਇੱਕ-ਰਸ ਅਨੁਭਵ ਕਰ ਰਹੇ ਜੀਵਨ-ਮੁਕਤ ਪੁਰ ਨੂੰ ਕੁੱਝ ਭੀ ਕਰਨਾ ਬਾਕੀ ਨਹੀਂ ਰਹਿੰਦਾ।

ਬ੍ਰਹਮ-ਤੱਤ੍ਵ ਨੂੰ ਜਾਣ ਲੈਣ ਪਰ ਗਿਆਨਵਾਨ ਨੂੰ ਪਹਿਲਾਂ ਵਾਂਗੂੰ ਸੰਸਾਰ ਦੀ ਪ੍ਰਤੀਤੀ ਨਹੀਂ ਰਹਿੰਦੀ ਅਤੇ ਜੇ ਫੇਰ ਭੀ ਸੰਸਾਰ ਦੀ ਸੱਤਤਾ ਬਣੀ ਰਹੀ ਤਾਂ ਸਮਝ ਲੈਣਾ ਚਾਹੀਏ ਕਿ ਹਾਲਾਂ ਉਹ ਸੰਸਾਰੀ ਹੀ ਹੈ, ਉਸ ਨੂੰ ਬ੍ਰਹਮ-ਤੱਤ੍ਵ ਦਾ ਗਿਆਨ ਹੋਇਆ ਹੀ ਨਹੀਂ ਹੈ। (ਵਿ: ਚੂ: : ੪੪੩)

ਸਿੰਮ੍ਰਿਤੀ ਵਿੱਚ ਭੀ ਕਿਹਾ ਹੈ-

ਗਿਆਨ ਰੂਪ ਅੰਮ੍ਰਿਤ ਦੁਆਰਾ ਤ੍ਰਿਪਤੀ ਨੂੰ ਪ੍ਰਾਪਤ ਹੋਏ ਕ੍ਰਿਤ-ਕ੍ਰਿਤ ਜੋਗੀ ਨੂੰ ਕੁੱਝ ਭੀ ਕਰਤੱਵ ਨਹੀਂ ਅਤੇ ਜੇ ਉਸ ਨੂੰ ਕੁੱਝ ਕਰਤੱਵ ਭਾਸਦਾ ਹੈ ਤਾਂ ਉਹ ਤੱਤ੍ਵਵਿਤ ਹੀ ਨਹੀਂ ਹੈ।

ਇਸ ਪ੍ਰਕਾਰ ਦਾ ਕ੍ਰਿਤ-ਕ੍ਰਿਤ ਗਿਆਨੀ ਪੁਰ, ਮਹਾਂ-ਅਨੰਦ ਵਿੱਚ ਮਗਨ ਹੋਇਆ, ਵੱਡੇ ਭਾਰੀ ਦੁੱਖ ਨਾਲ ਭੀ ਚਲਾਇਮਾਨ ਨਹੀਂ ਹੁੰਦਾ ਯਾਨੀ ਆਪਣੀ ਅਚੱਲ ਇਸਥਿਤੀ ਤੋਂ ਹਿੱਲ ਨਹੀਂ ਸਕਦਾ। ਭਗਵਾਨ ਕ੍ਰਿਨ ਜੀ ਕਹਿੰਦੇ ਹਨ-

ਇੰਦ੍ਰੀਆਂ ਤੋਂ ਅਤੀਤ ਕੇਵਲ ੁੱਧ ਹੋਈ ਸੂਖਮ ਬੁੱਧੀ ਦੁਆਰਾ ਗ੍ਰਹਣ ਕਰਨ ਯੋਗ ਜੋ ਅਨੰਤ ਅਨੰਦ ਹੈ, ਉਸ ਨੂੰ ਜਿਸ ਅਵਸਥਾ ਵਿੱਚ ਅਨੁਭਵ ਕਰਦਾ ਹੈ ਅਤੇ ਜਿਸ ਅਵਸਥਾ ਵਿੱਚ ਇਸਥਿਤ ਹੋਇਆ, ਇਹ ਜੋਗੀ ਭਗਵਤ ਸ੍ਵਰੂਪ ਤੋਂ ਚਲਾਇਮਾਨ ਨਹੀਂ ਹੁੰਦਾ। (ਗੀ: ਅ: ੬ : ੨੧)

---

* ਇਸ ਦਾ ਇਹ ਮਤਲਬ ਨਹੀਂ ਜੋ ਆਤਮ ਇਸਥਿਤੀ ਤਦ ਹੀ ਹੁੰਦੀ ਹੈ ਜੇ ਸਭ ਕੁੱਝ ਤਿਆਗ ਕੇ ਸੰਨਾਸੀ ਬਣ ਜਾਵੇ। ਮਨ ਵਿੱਚੋਂ ਸੰਸਾਰ ਦੀ ਸੱਤਤਾ ਕੱਢਣੀ ਹੈ ਚਾਹੇ ਸਾਧੂ ਬਣ ਕੇ ਕੱਢ ਦੇਵੇ ਤੇ ਚਾਹੇ ਗ੍ਰਿਹਸਥ ਵਿੱਚ ਰਹਿੰਦਾ ਹੀ। ਚਿੱਤੋਂ ਸੰਸਾਰ ਦਾ ਮੋਹ ਛੱਡੇ ਬਿਨਾਂ ਆਤਮਾ ਦੀ ਪ੍ਰਾਪਤੀ ਨਹੀਂ ਹੁੰਦੀ ਚਾਹੇ ਸੰਨਾਸੀ ਹੋਵੇ, ਚਾਹੇ ਗ੍ਰਿਹਸਥੀ।

ਪ੍ਰਮੇਰ ਦੀ ਪ੍ਰਾਪਤੀ ਰੂਪ ਜਿਸ ਲਾਭ ਨੂੰ ਪ੍ਰਾਪਤ ਹੋ ਕੇ, ਉਸਤੋਂ ਅਧਿਕ ਦੂਜਾ ਕੁੱਝ ਭੀ ਲਾਭ ਨਹੀਂ ਮੰਨਦਾ ਅਤੇ ਪ੍ਰਮਾਤਮ ਪ੍ਰਾਪਤੀ ਰੂਪ ਜਿਸ ਅਵਸਥਾ ਵਿੱਚ ਇਸਥਿਤ ਹੋਇਆ, ਵੱਡੇ ਭਾਰੀ ਦੁੱਖ ਨਾਲ ਭੀ ਚਲਾਇਮਾਨ ਨਹੀਂ ਹੁੰਦਾ। (ਗੀ: ਅ: ੬ : ੨੨)

## *ਅਲੌਕਿਕ ਮਸਤੀ*

ਜਿਸ ਅਚੱਲ ਪਰਮਾਨੰਦ ਇਸਥਿਤੀ ਵਿੱਚ ਦੁੱਖ ਦਾ ਨਾਮ-ਨਿਾਨ ਵੀ ਨਹੀਂ ਹੈ, ਉਸ ਅਲੌਕਿਕ ਅਨੰਦ ਦਾ ਰਸਿਕ ਤੱਤ੍ਵੇਤਾ ਅਜਿਹਾ ਮਤਵਾਲਾ ਹੋ ਜਾਂਦਾ ਹੈ ਕਿ ਜੋ ਉਤਰਾਅ-ਚੜ੍ਹਾ ਵਾਲੇ ਸੰਸਾਰੀ ਰਸ ਹਨ, ਉਨ੍ਹਾਂ ਨੂੰ ਚੱਖਣ ਦੀ ਗੁੰਜਾਇ ਹੀ ਨਹੀਂ ਰਹਿੰਦੀ ਕਿਉਂਕਿ ਉਹ ਇੱਕ-ਰਸ ਰਹਿਣ ਵਾਲਾ ਅਮਲ (ਨਾ) ਉਤਰਦਾ ਹੀ ਨਹੀਂ ਹੈ-

**ਹਰਿ ਰਸੁ ਪੀਵਤ ਸਦ ਹੀ ਰਾਤਾ॥ ਆਨ ਰਸਾ ਖਿਨ ਮਹਿ ਲਹਿ ਜਾਤਾ॥**
**ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ॥ ਆਨ ਰਸਾ ਮਹਿ ਵਿਆਪੈ ਚਿੰਦ॥**
**ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥ ਆਨ ਰਸਾ ਸਭਿ ਹੋਛੇ ਰੇ॥ ਰਹਾਉ॥**
**ਹਰਿ ਰਸ ਕੀ ਕੀਮਤਿ ਕਹੀ ਨ ਜਾਇ॥ ਹਰਿ ਰਸੁ ਸਾਧੂ ਹਾਟਿ ਸਮਾਇ॥**
**ਲਾਖ ਕਰੋਰੀ ਮਿਲੈ ਨ ਕੇਹ॥ ਜਿਸਹਿ ਪਰਾਪਤਿ ਤਿਸ ਹੀ ਦੇਹਿ॥**
**ਨਾਨਕ ਚਾਖਿ ਭਏ ਬਿਸਮਾਦੁ॥ ਨਾਨਕ ਗੁਰ ਤੇ ਆਇਆ ਸਾਦੁ॥**
**ਈਤ ਊਤ ਕਤ ਛੋਡਿ ਨ ਜਾਇ॥ ਨਾਨਕ ਗੀਧਾ ਹਰਿ ਰਸ ਮਾਹਿ॥**

**(ਅੰਗ ੩੭੭)**

**ਮਾਈ ਰੀ ਮਨੁ ਮੇਰੋ ਮਤਵਾਰੋ॥**
**ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ॥ ਰਹਾਉ॥**
**ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ॥**

**(ਅੰਗ ੧੨੨੫)**

**ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥**
**ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥**
**ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥**

**(ਅੰਗ ੧੪੧੪)**

ਗੁਣਾਂ ਤੋਂ ਅਤੀਤ ਜੀਵਨ-ਮੁਕਤ ਪੁਰ ਦੀ ਰੀਰਕ ਕ੍ਰਿਆ ਸੁਭਾਵਿਕ ਹੀ ਸਮਤਾ ਪੂਰਬਕ ਹੁੰਦੀ ਰਹਿੰਦੀ ਹੈ, ਇਹ ਦਿਖਾਉਂਦੇ ਹਨ-

**ਸਾਜਨੁ ਦੁਸਟੁ ਜਾਕੈ ਏਕ ਸਮਾਨੈ॥ ਜੇਤਾ ਬੋਲਣੁ ਤੇਤਾ ਗਿਆਨੈ॥**
**ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨ॥**
**ਸਹਜੇ ਜਾਗਣੁ ਸਹਜੇ ਸੋਇ॥ ਸਹਜੇ ਹੋਤਾ ਜਾਇ ਸੁ ਹੋਇ॥**
**ਸਹਜਿ ਬੈਰਾਗ ਸਹਜੇ ਹੀ ਹਸਨਾ॥ ਸਹਜੇ ਚੂਪ ਸਹਜੇ ਹੀ ਜਪਨਾ॥**
**ਸਹਜੇ ਭੋਜਨੁ ਸਹਜੇ ਭਾਉ॥ ਸਹਜੇ ਮਿਟਿਓ ਸਗਲੁ ਦੁਰਾਉ॥**
**ਸਹਜੇ ਹੋਆ ਸਾਧੂ ਸੰਗੁ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥**

**(ਅੰਗ ੨੩੬)**

ਇਸ ਪ੍ਰਕਾਰ ਜਿਸਦੀ ਹਰ ਅਵਸਥਾ ਵਿੱਚ ਬ੍ਰਹਮਦ੍ਰਿਟੀ ਹੀ ਹੈ, ਉਹ ਕਿਸ ਕ੍ਰਿਆ ਦੇ ਕਰਨ ਵਾਲਾ ਹੈ? ਅਰਥਾਤ ਉਹ ਕੁੱਝ ਕਰਦਾ ਹੀ ਨਹੀਂ* ਕਿਉਂਕਿ ਬ੍ਰਹਮ ਅਸੰਗ ਹੈ, ਇਸ ਲਈ ਉਹ ਵਸਤੂ ਹੀ ਤੱਤ੍ਵੇਤਾ ਦਾ ਆਪਣਾ ਸ੍ਵਰੂਪ ਹੈ। ਇਹ ਵਸਤੂ ਕਿਸੇ ਅਵਸਥਾ ਵਿੱਚ ਭੀ ਵੱਧ ਘੱਟ ਹੋ ਜਾਣ ਵਾਲੀ ਨਹੀਂ ਹੈ, ਸਦਾ ਨਿਰੰਤਰ ਇੱਕ-ਰਸ ਹੀ ਬਣੀ ਰਹਿੰਦੀ ਹੈ। ਇਸ ਮਹਾਂ-ਰਸ ਦੇ ਸ੍ਵਾਦ ਵਿੱਚ ਪਿਆ ਹੋਇਆ ਮਨ, ਕਿਸੇ ਕਾਲ ਵਿੱਚ ਭੀ ਇਸ ਤੋਂ ਭਿੰਨ ਕਿਸੇ ਹੋਰ ਸ੍ਵਾਦ ਨੂੰ ਨਹੀਂ ਚਿਤਵਦਾ ਕਿਉਂਕਿ ਬਾਕੀ ਸਭ ਵਿਨਾੀ ਰਸ (ਛੂਛੇ ਮਦ) ਹਨ। ਇਸ ਅਲੌਕਿਕ ਰਾਬ ਨਾਲ ਮਤਵਾਲਾ ਹੋਇਆ ਗਿਆਨੀ, ਸੰਸਾਰ ਦੀਆਂ ਥੋਥੀਆਂ (ਬੇ-ਰਸੀਆਂ) ਰਾਬਾਂ ਦੀ ਇੱਛਾ ਕਦ ਕਰਦਾ ਹੈ? ਕਹਿੰਦੇ ਹਨ-

**ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ॥**
**ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ॥**

**(ਅੰਗ ੯੬੯)**

ਕਬੀਰ ਜੀ ਜੋਗੀ ਪ੍ਰਤੀ ਇਸ ਨਿਰਮਲ ਯਾਨੀ ੁੱਧ ਅਤੇ ਸਦੈਵੀ ਮਦ (ਨਾ) ਦੀ ਮਸਤੀ ਦਾ ਵਰਨਣ ਕਰਦੇ ਹਨ ਕਿ ਜਦ ਤੋਂ ਮੇਰੇ ਮਨ ਨੇ ਇਹ ਰਾਬ ਪੀਤੀ ਹੈ ਤਦ ਤੋਂ ਅਜਿਹਾ ਮਸਤ ਹੋ ਰਿਹਾ ਹੈ ਜੋ ਕਦੇ ਭੀ ਹੋਰ ਤੁੱਛ ਮਦਾਂ

---

* ਇਸ ਦਾ ਮਤਲਬ ਇਹ ਨਹੀਂ ਕਿ ਮਨ ਇੰਦ੍ਰੀਆਂ ਤੇ ਰੀਰ ਦ੍ਵਾਰਾ ਵਿਵਹਾਰ ਨਹੀਂ ਕਰਦਾ। ਜੋ ਉਸ ਦਾ ਆਪਣਾ ਵਿਵਹਾਰ ਹੈ, ਉਸ ਨੂੰ ਕਰਦਾ ਹੋਇਆ ਮੈਂ ਕਰਦਾ ਹਾਂ ਇਸ ਅਭਿਮਾਨ ਤੋਂ ਰਹਿਤ ਰਹਿੰਦਾ ਹੈ ਕਿਉਂਕਿ ਆਤਮ ਸ੍ਵਰੂਪ ਗਿਆਨਵਾਨ ਵਿੱਚ ਕੋਈ ਕ੍ਰਿਆ ਸੰਭਵ ਨਹੀਂ ਹੈ।

ਦੇ ਰਸ ਚੱਖਣ ਲਈ ਸੰਕਲਪ ਹੀ ਨਹੀਂ ਉਠਾਉਂਦਾ ਕਿਉਂਕਿ ਇਹ ਮਦ ਚੜ੍ਹਿਆ ਹੋਇਆ ਉੱਤਰਦਾ ਨਹੀਂ ਹੈ। ਇਹ ਪ੍ਰਸਿੱਧ ਹੀ ਹੈ ਕਿ ਰੂਰਤ ਪੈਂਦੀ ਹੈ ਪ੍ਰੰਤੂ ਇਹ ਇੱਕ ਰਸ ਚੜ੍ਹੀ ਰਹਿਣ ਵਾਲੀ ਰਾਬ ਦਾ ਪਿਆਲਾ ਜਦ ਤੋਂ ਮੇਰੇ ਸਤਿਗੁਰੂ ਨੇ ਮੈਨੂੰ ਦਿੱਤਾ ਹੈ, ਉਸ ਵਕਤ ਤੋਂ ਮੈਂ ਅਜਿਹਾ ਮਤਵਾਲਾ ਹੋਇਆ ਰਹਿੰਦਾ ਹਾਂ ਕਿ ਸੰਸਾਰ ਦੀ ਕੋਈ ਵਸਤੂ ਸੁੱਝਦੀ ਹੀ ਨਹੀਂ ਯਾਨੀ ਬਿਲਕੁਲ ਬੇਬਰੀ ਰਹਿੰਦੀ ਹੈ ਅਰਥਾਤ ਆਤਮਾ ਵਿੱਚੋਂ ਮਨ ਨਿਕਲਦਾ ਹੀ ਨਹੀਂ ਹੈ–

**ਅਉਧੂ ਮੇਰਾ ਮਨੁ ਮਤਵਾਰਾ॥**
**ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ॥**
**ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ॥**
**ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ॥**

**(ਅੰਗ ੯੬੯)**

ਕਿਸੇ ਕਾਲ ਵਿੱਚ ਭੀ ਆਪਣੇ ਆਤਮਾ ਤੋਂ ਭਿੰਨ ਕੋਈ ਵਸਤੂ ਨਹੀਂ ਸੁੱਝਦੀ। ਇੱਕ ਆਤਮਾ ਬ੍ਰਹਮ ਹੀ ਹਰ ਤਰਫ ਪੂਰਨ ਹੋ ਰਿਹਾ ਹੈ। ਇਹ ਅਵਸਥਾ ਜਦ ਕਿਸੇ ਦੀ ਨਿਰੰਤਰ ਰਹਿਣ ਲੱਗ ਜਾਂਦੀ ਹੈ ਤਦ ਉਹ ਪੁਰ ਕ੍ਰਿਤ-ਕ੍ਰਿਤ ਹੋ ਜਾਂਦਾ ਹੈ। ਉਸ ਮਹਾਂ-ਅਨੰਦ ਵਿੱਚ ਡੁੱਬੇ ਹੋਏ ਤੱਤ੍ਵੇਤਾ ਦੀ ਮਹਿਮਾ, ਕਿਸ ਬਾਣੀ ਦੁਾਰਾ ਕਥਨ ਕੀਤੀ ਜਾਵੇ? ਕਿਉਂਕਿ ਉਹ ਅਵਾਚ (ਅਨਿਰਵਚਨੀਯ ਯਾਨੀ ਨਾ ਕਥਨ ਯੋਗ) ਪਦ ਹੈ, ਉਹ ਤੱਤ੍ਵੇਤਾ ਦਾ ਆਪਣਾ ਸ੍ਵਰੂਪ ਹੈ। ਉਸ ਵਿੱਚ ਇਹ ਪ੍ਰਤੀਤ ਦੇ ਰਿਹਾ ਜਿਤਨਾ ਚਰਾਚਰ ਜਗਤ ਹੈ, ਸੁਪਨ ਪ੍ਰਪੰਚ ਅਥਵਾ ਰੱਸੀ ਵਿੱਚ ਸੱਪ ਦੀ ਵਾਂਗੂੰ ਭ੍ਰਾਂਤੀ ਹੀ ਹੈ। ਕਲਪਿਤ ਵਸਤੂ, ਅਧਿਠਾਨ ਤੋਂ ਜੁਦਾ ਹੁੰਦੀ ਹੀ ਨਹੀਂ ਸੋ ਇਹ ਜਗਤ ਬ੍ਰਹਮ ਹੀ ਹੈ।

ਪਿਆਰੇ ਵਿਜੋਗੀ! ਇਹ ਬ੍ਰਹਮਵੇਤਾ ਦੀ ਅਚੱਲ ਇਸਥਿਤੀ ਹੈ। ਜੋ ਕੁੱਝ ਤੂੰ ਜਾਨਣਾ ਸੀ ਅਤੇ ਜੋ ਕੁੱਝ ਭੀ ਸਾਡੇ ਦੁਾਰਾ ਤੈਨੂੰ ਉਪਦੇ ਦਿੱਤਾ ਜਾਣਾ ਸੀ, ਉਹ ਸਭ ਕੁੱਝ ਹੋ ਚੁੱਕਾ ਹੈ। ਹੁਣ ਕੇਵਲ ਤੂੰ ਹੀ ਇਸ ਅਚੱਲ ਇਸਥਿਤੀ ਵਾਲਾ ਹੋਣਾ ਹੈ।

**ਪ੍ ਨ** –ਜੋ ਜਾਨਣ ਯੋਗ ਵਸਤੂ ਸੀ, ਉਸ ਨੂੰ ਜਾਣ ਕੇ ਅਤੇ ਜਿਤਨਾ ਲਾਮੀ ਉਪਦੇ ਸੀ ਉਸ ਨੂੰ ੍ਵਣ ਕਰਕੇ ਭੀ, ਕੀ ਅ ਚੱਲ ਇਸਥਿਤੀ ਹੋਣੀ,

ਇਸ ਤੋਂ ਵੱਖਰੀ ਕੋਈ ਹੋਰ ਅਵਸਥਾ ਹੈ? ਅਥਵਾ ਕੁੱਝ ਹੋਰ ਕਰਨਾ ਬਾਕੀ ਰਹਿੰਦਾ ਹੈ, ਜਿਸ ਕਾਰਨ ਉਪ੍ਰੋਕਤ ਬਚਨ ਕਹੇ ਗਏ ਹਨ?

**ਉੱਤਰ**–ਨਹੀਂ! ਕੁੱਝ ਭੀ ਕਰਨਾ ਬਾਕੀ ਨਹੀਂ ਰਿਹਾ ਅਤੇ ਨਾ ਹੀ ਇਸ ਤੋਂ ਬਿਲੱਛਣ ਕੋਈ ਹੋਰ ਅਵਸਥਾ ਹੀ ਹੈ। ਗੁਰੂਦੇਵ ਦੇ ਉਪ੍ਰੋਕਤ ਬਚਨ, ਵਿਜੋਗੀ ਦੀ ਬ੍ਰਹਮ ਵਿੱਦਾ ੍ਵਣ ਦੀ ਜਗਾਸਾ ਸਮਾਪਤ ਕਰਨ ਾਤਰ ਤਥਾ ਜੋ ਕੁੱਝ ਭੀ, ਜਿਸ ਰੂਪ ਵਿੱਚ ਆਤਮਾ ਨੂੰ ਜਾਣਿਆ ਹੈ, ਉਹੀ ਰੂਪ ਹੋ ਜਾਣ ਬਾਰੇ ਵਿੱਚ ਹਨ ਯਾਨੀ ਚਿੱਤ ਨੂੰ ਅਚੱਲ ਆਪਣੇ ਆਤਮਾ–ਬ੍ਰਹਮ ਵਿੱਚ ਠਹਿਰਾ ਦੇਣ ਦੇ ਮਤਲਬ ਰੱਖਣ ਵਾਲੇ ਹਨ ਕਿਉਂਕਿ ਬ੍ਰਹਮ ਜੋ ਆਪਣਾ ਹੀ ਆਤਮਾ ਹੈ, ਉਸਦੇ ਗਿਆਨ ਸੰਬੰਧੀ ਬਚਨ, ਜਿਤਨੇ ਭੀ ਹੋਰ ਕਥਨ ਕੀਤੇ ਜਾਣਗੇ, ਉਹ ਇਸ ਤੋਂ ਬਿਲੱਛਣ ਬੋਧ ਉਤਪੰਨ ਕਰਨ ਵਾਲੇ ਨਹੀਂ ਹੋ ਸਕਦੇ। ਇਸ ਅਭੇਦ–ਗਿਆਨ ਦੀ ਦ੍ਰਿੜ੍ਹਤਾ ਾਤਰ ਹੀ ਹੋਣਗੇ, ਇਸ ਲਈ ਆਿਾਦਾ ਕਥਨ ਤੋਂ ਕੀ ਮਤਲਬ? ਆਪਣੇ ਹੀ ਆਤਮਾ ਨੂੰ ਬ੍ਰਹਮ ਰੂਪ ਜੋ ਵਿਜੋਗੀ ਨੇ ਜਾਣਿਆ ਹੈ, ਉਸ ਵਿੱਚ ਸਭ ਪ੍ਰਕਾਰ ਦੀ ਜਗਾਸਾ ਨੂੰ ਮਿਟਾ ਕੇ ਅੰਤਹਕਰਣ, ਇੰਦ੍ਰੀਆਂ ਅਤੇ ਗੀਰ ਤੋਂ ਰਹਿਤ ਜੋ ਨਿਰਵਿਕਾਰ ਪਦ ਹੈ, ਉਸ ਵਿੱਚ ਅਚੱਲ ਇਸਥਿਤ ਹੋ ਜਾਵੇ, ਇਹੀ ਇਸ ਦਾ ਤਾਤਪਰਯ ਹੈ।

ਜਿਸਦੀ ਚਿੱਤ ਬ੍ਰਿਤੀ, ਬ੍ਰਹਮ ਵਿੱਦਾ ਨੂੰ ੍ਵਣ ਕਰਦੇ ਵਕਤ ਬਦੋਬਦੀ ਆਪਣੇ ਸ੍ਵਰੂਪ ਵਿੱਚ ਟਿਕਦੀ ਜਾ ਰਹੀ ਹੈ ਉਹ ਵਿਜੋਗੀ, ਗੁਰੂਦੇਵ ਦੇ ਉਪ੍ਰੋਕਤ ਬਚਨਾਂ ਨੂੰ ਸ੍ਵਣ ਕਰਕੇ (ਜਿਸ ਨੂੰ ਜਾਨਣਾ ਕੁੱਝ ਭੀ ਬਾਕੀ ਨਹੀਂ ਰਿਹਾ) ਨਿਰਵਿਕਲਪ ਸਮਾਧੀ ਵਿੱਚ ਇਸਥਿਤ ਹੋ ਗਿਆ।

ਗੁਰੂ ਉਪਦੇ ਦ੍ਵਾਰਾ ਅਧਾਰੋਪ ਦੀ ਨਿਵਿਰਤੀ ਹੋਣ ਨਾਲ ਅਤਯੰਤ ਨਿਰਮਲ ਆਪਣੇ ਆਤਮਾ ਵਿੱਚ ਵਿਜੋਗੀ ਤਾਂ ਟਿਕਿਆ ਹੀ ਹੋਇਆ ਸੀ ਤਦ ਭੀ ਅਨੇਕ ਯੁਕਤੀ ਪੂਰਬਕ ਮਹਾਂਵਾਕਾਂ ਦਾ ਉਪਦੇ ਹਾਲਾਂ ਜਾਰੀ ਸੀ। ਇਸ ਲਈ ਚਿੱਤ–ਬ੍ਰਿਤੀ, ਗੁਰੂ ਬਚਨਾਂ ਵਿੱਚ ਲੱਗੀ ਰਹਿਣ ਦੇ ਕਾਰਨ ਚਿੱਤ ਸੰਕਲਪ–੍ਨ ਨਹੀਂ ਹੋਇਆ ਸੀ। ਜਿਸ ਬ੍ਰਹਮ ਵਿੱਚ ਦ੍ਵੈਤ ਅਤੇ ਅਦ੍ਵੈਤ ਆਦਿ ਕੋਈ ਭੀ ਬਦ ਪ੍ਰਵਿਰਤ ਨਹੀਂ ਹੋ ਸਕਦੇ। ਵਿਧੀ–ਨਿਂਧ ਦਾ ਭੀ ਜਿਸ ਵਿੱਚ ਕੋਈ ਦਲ ਨਹੀਂ ਹੈ, ਉਸ ਨਿਰਵਿਕਲਪ ਅਤੇ ਨਿਰਵੈਵ (ਨਿਰਵਿਕਾਰ) ਸ੍ਵਰੂਪ ਬ੍ਰਹਮ

ਵਿੱਚ ਹੁਣ ਵਿਜੋਗੀ ਟਿਕਿਆ ਹੋਇਆ ਹੈ। ਉਹ ਬਾਹਰਲੀਆਂ ਸੰਸਾਰਿਕ ਬ੍ਰਿਤੀਆਂ ਦੇ ਅਭਾਵ ਹੋਣ ਨਾਲ ਅਜਿਹਾ ਬੇ-ਬਰ ਹੈ ਜਿਉਂ ਸੂਰਜ ਦੇ ਉਦੇ ਹੋਣ ਪਰ, ਰਾਤ੍ਰੀ ਦਾ ਰਾ ਜਿੰਨਾਂ ਭੀ ਵਿਕਾਰ ਨਹੀਂ ਰਹਿੰਦਾ ਅਰਥਾਤ ਬ੍ਰਹਮ ਦੇ ਪ੍ਰਕਾ ਨਾਲ ਅਗਿਆਨ ਰਾਤ੍ਰੀ ਦੀ ਕੋਈ ਅੰ ਬਾਕੀ ਰਹੀ ਹੀ ਨਹੀਂ। ਹੁਣ ਕੇਵਲ ਪ੍ਰਕਾ ਹੀ ਪ੍ਰਕਾ ਰਹਿ ਗਿਆ ਯਾਨੀ ਕੋਈ ਸੰਸਾਰੀ ਵਸਤੂ ਬਾਕੀ ਨਹੀਂ ਹੈ। ਕਈ ਵਾਰ ਬੁਲਾਉਣ ਪਰ ਭੀ ਵਿਜੋਗੀ ਦਾ ਚਿੱਤ, ਅਥਾਹ ਅਨੰਦ ਸਮੁੰਦਰ ਵਿੱਚੋਂ ਨਿਕਲ ਨਹੀਂ ਸਕਿਆ, ਆਰਿ ਸਤਿਗੁਰੂ ਨੇ ਯਤਨ ਪੂਰਬਕ ਸੰਸਾਰ ਵੱਲੋਂ ਸੁੱਤੇ ਹੋਏ ਨੂੰ ਜਗਾਇਆ ਅਤੇ ਨੇਤ੍ਰਾਂ ਨੂੰ ਖੋਲ੍ਹਦੇ ਸਾਰ ਹੀ ਗੁਰੂਦੇਵ ਦੇ ਪਵਿੱਤ੍ਰ ਚਰਨਾਂ ਵਿੱਚ ਡਿੱਗ ਪਿਆ ਅਤੇ ਇਉਂ ਬੋਲਿਆ-

## *ਵਿਜੋਗੀ ਦਾ ਅਨੁਭਵ*

ਗੁਰੂਦੇਵ! ਆਪ ਜੀ ਦੇ ਅਲੌਕਿਕ ਸ੍ਵਰੂਪ ਨੂੰ ਕ੍ਰੋੜਾਂ ਬਾਰ ਪ੍ਰਣਾਮ! ਆਪ ਜੀ ਦੇ ਮਹਾਂਵਾਕ ਰੂਪ ਮੰਤ੍ਰਾਂ ਨੇ ਮੈਨੂੰ ਦ੍ਵੈਤ ਰੂਪੀ ਸੱਪ ਦੇ ਡੰਗ ਨਾਲ ਤੜਪਦੇ ਹੋਏ ਨੂੰ ਅਜਿਹੀ ਾਂਤੀ ਬਖੀ ਹੈ, ਜੋ ਮਰਨ ਆਦਿ ਦੇ ਭੈ ਦੀਆਂ ਲਹਿਰਾਂ ਪੈ ਰਹੀਆਂ ਸਨ, ਕਿਤੇ ਮਾਲੂਮ ਹੀ ਨਹੀਂ ਦਿੰਦੀਆਂ ਯਾਨੀ ਹੁਣ ਮੈਂ ਇਹ ਸਮਝਦਾ ਹਾਂ ਕਿ ਮੈਨੂੰ ਦ੍ਵੈਤ ਰੂਪੀ ਸੱਪ ਨੇ ਡੰਗਿਆ ਹੀ ਨਹੀਂ ਹੈ, ਮੈਂ ਬਿਲਕੁਲ ਸ੍ਵਸਥ ਹਾਂ। ਜੋ ਕੁੱਝ ਭੀ ਮੈਂ ਦੇਖਿਆ, ਉਹ ਅਗਿਆਨ ਨਿੰਦ੍ਰਾ ਵਿੱਚ ਸੁੱਤੇ ਹੋਏ ਨੂੰ ਅਣਹੋਇਆ ਹੀ ਭਾਸਿਆ ਹੈ। ਆਪ ਜੀ ਨੇ ਪਵਿੱਤ੍ਰ ਮਹਾਂਵਾਕ ਰੂਪ ਆਵਾ ਮਾਰ ਕੇ , ਉਸ ਅਗਿਆਨਮਈ ਗੂੜ੍ਹ ਨਿੰਦ੍ਰਾ ਤੋਂ ਜਗਾਅ ਦਿੱਤਾ ਹੈ। ਇਸ ਲਈ, ਮੈਂ ਜਾਗ੍ਰਿਤ ਯਾਨੀ ਪਹਿਲੀ ਅਵਸਥਾ ਨੂੰ ਪ੍ਰਾਪਤ ਹੋ ਗਿਆ ਹਾਂ, ਮੈਂ ਅਤੀ ਸੁਖੀ ਹਾਂ।

ਗੁਰੂਦੇਵ! ਮੈਨੂੰ (ਚਕ੍ਰਵਰਤੀ ਰਾਜੇ ਨੂੰ) ਸੁਪਨ ਵਿੱਚ ਕਾਮ, ਕ੍ਰੋਧ ਆਦਿ ਚੋਰਾਂ ਨੇ ਲੁੱਟ ਲਿਆ ਸੀ ਅਤੇ ਅਦ੍ਵੈਤ ਰੂਪੀ ਮੇਰੀਆਂ ਅੱਖਾਂ ਬੰਨ੍ਹ ਕੇ, ਅਤੀ ਭੰਕਰ ਦ੍ਵੈਤ ਰੂਪੀ ਿਰ ਆਦਿ ਜੀਵਾਂ ਨਾਲ ਪੂਰਨ, ਸੰਸਾਰ ਰੂਪੀ ਜੰਗਲ ਵਿੱਚ ਸੁੱਟ ਦਿੱਤਾ ਸੀ। ਮੈਂ ਅਤੀ ਦੀਨ ਅਵਸਥਾ ਨੂੰ ਪ੍ਰਾਪਤ ਹੋਇਆ, ਕਈ ਤਰ੍ਹਾਂ ਨਾਲ ਵਿਲਕਦਾ ਸੀ। ਉਸ ਅਜਿਹੀ ਵਿਆਕੁਲਤਾ ਤੇ ਤੜਪਦੀ ਹਾਲਤ ਪਰ, ਆਪ ਜੀ ਨੇ ਤਰਸ ਖਾ ਕੇ, ਮੈਨੂੰ ਆਪਣੀ ਪਵਿੱਤ੍ਰ ਬਾਣੀ ਦੁਆਰਾ ਅਵਾ ਮਾਰ ਦਿੱਤੀ ਹੈ। ਸਤਿਗੁਰੂ ਦੇਵ! ਮੈਂ ਆਪਣੇ ਵਾਸਤ੍ਵਿਕ ਭਾਵ ਨੂੰ ਯਾਨੀ ਜੋ ਕੁੱਝ ਮੈਂ ਹਾਂ ਹੀ

(ਰਾਜਾ ਭਾਵ) ਨੂੰ ਪਲੰਘ ਪਰ ਬਿਰਾਜਿਆ ਹੋਇਆ (ਇਸ ਰੀਰ ਵਿੱਚ) ਹੀ ਪ੍ਰਾਪਤ ਹੋ ਗਿਆ ਹਾਂ, ਆਪ ਦਾ ਕ੍ਰੋੜਾਂ ਬਾਰ੍ਹ ਕਰ ਹੈ! ਕਰ ਹੈ!! ਸਤਿਗੁਰੂ ਦੇਵ! ਮੈਂ ਜੋ ਅਗਿਆਨ ਅੰਧਕਾਰ ਵਿੱਚ, ਆਪਣੇ ਹੀ ਪਰਛਾਵੇਂ ਨੂੰ ਦ੍ਵੈਤ ਰੂਪੀ ਭੂਤ ਸਮਝ ਕੇ, ਉਸ ਤੋਂ ਭੈ ਭੀਤ ਹੋ ਰਿਹਾ ਸੀ, ਆਪ ਜੀ ਨੇ ਗਿਆਨ ਰੂਪੀ ਦੀਪਕ ਦਿਖਾ ਕੇ, ਉਸ ਕਾਲਪਨਿਕ ਭੂਤ ਨੂੰ ਉਡਾ ਦਿੱਤਾ ਹੈ, ਇਸ ਲਈ ਮੈਂ ਅਦ੍ਵੈਤ ਰੂਪ ਹੀ ਬਾਕੀ ਰਹਿ ਜਾਣ ਦੇ ਕਾਰਨ ਅਤੀ ਨਿਰਭੈ ਹੋ ਗਿਆ ਹਾਂ!

**ਕਹੁ ਕਬੀਰ ਸੁਖਿ ਸਹਜਿ ਸਮਾਵਉ॥**
**ਆਪਿ ਨ ਡਰਉ ਨ ਅਵਰ ਡਰਾਵਉ॥** **(ਅੰਗ ੩੨੭)**

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** **(ਅੰਗ ੧੪੨੭)**

ਮੇਰੀ ਕਲਪੀ ਹੋਈ ਦ੍ਵੈਤ ਦੇ ਵਿਨਾਕ ਸਤਿਗੁਰੂ! ਨਾ ਮੇਰਾ ਕੁੱਛ ਬਿਗੜਿਆ ਅਤੇ ਨਾ ਹੀ ਕੁੱਛ ਸਵਰਿਆ ਹੈ। ਹਰ ਕਲ ਵਿੱਚ ਸਰਬੱਤ੍ਰ ਪੂਰਨ, ਅਦੁਤੀਯ ਚੇਤਨ ਸ੍ਵਰੂਪ ਆਤਮਾ ਮੈਂ ਹੀ ਹਾਂ, ਮੇਰੀ ਸੱਤਾ ਤੋਂ ਭਿੰਨ ਕੋਈ ਦੂਜੀ ਵਸਤੂ ਨਹੀਂ ਹੈ। ਮੈਂ ਅਵਿੱਦਯਾ ਅਵਸਥਾ ਵਿੱਚ, ਆਪਣੇ ਹੀ ਸੰਕਲਪ ਦ੍ਵਾਰਾ ਬੰਧਨ ਵਿੱਚ ਪਿਆ ਹੋਇਆ ਸੀ ਅਤੇ ਉਸ ਸੰਕਲਪ ਤੋਂ ਰਹਿਤ ਹੋ ਕੇ, ਮੈਂ ਮੁਕਤ ਹੋ ਗਿਆ ਹਾਂ ਅਰਥਾਤ ਸੰਕਲਪ ਕਰ ਕੇ ਬੰਧਨ ਤੇ ਸੰਕਲਪ ਰਹਿਤ ਹੋਇਆ ਮੁਕਤ ਇਸ ਪ੍ਰਕਾਰ ਵਿਵਹਾਰ ਹੁੰਦਾ ਹੈ। ਵਾਸਤਵ ਵਿੱਚ ਜਦ ਕਿ ਮੇਰੇ ਸ੍ਵਰੂਪ ਵਿੱਚ ਸੰਕਲਪਾਂ ਦਾ ਕਾਰਨ ਮਨ ਹੀ ਨਹੀਂ ਹੈ ਤਾਂ ਬੰਧਨ ਅਤੇ ਮੁਕਤੀ ਦੋਹਾਂ ਪਦਾਂ ਦੀ ਮੇਰੇ ਵਿੱਚ ਪ੍ਰਵਿਰਤੀ ਕਿਸ ਤਰ੍ਹਾਂ ਹੋ ਸਕਦੀ ਹੈ? ਕਿਉਂਕਿ ਮੈਂ ਮਨ ਅਤੇ ਬਾਣੀ ਤੋਂ ਅਤੀਤ, ਨਿਰਵਿਕਾਰ ਅਚੱਲ ਵਸਤੂ ਹਾਂ। ਅਜ (ਅਜਨਮਾ) ਅਤੇ ਅਮਰ ਆਦਿ ਬਦ ਇਨ੍ਹਾਂ ਦੋ ਵਿਪਰੀਤ ਯਾਨੀ ਜਨਮ ਤੇ ਮਰਨ ਆਦਿ ਪ੍ਰਤੀਤੀਆਂ ਦੇ ਖੰਡਨ ਖਾਤਰ, ਾਸਤ੍ਰ ਨੇ ਕਲਪਨਾ ਕੀਤੇ ਹਨ। ਮੈਂ ਜੋ ਅਕਹਿ ਵਸਤੂ ਹਾਂ, ਉਸ ਵਿੱਚ ਕਿਸੇ ਪ੍ਰਕਾਰ ਦੀ ਭੀ ਕਲਪਨਾ ਨਹੀਂ ਬਣ ਸਕਦੀ। ਮੈਂ ਨਾ ਕਿਸੇ ਕਲਪਨਾ ਦਾ ਵਿਯ ਅਤੇ ਨਾ ਹੀ ਅਵਿਯ ਹਾਂ। ਵੇਦ, ਵੇਦਾਂਤ ਆਦਿ ਾਸਤ੍ਰ, ਪੁਰਾਣ, ਗੀਤਾ ਆਦਿ ਸਿੰਮ੍ਰਿਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਕੁਰਾਨ ਤੇ ਅੰਜੀਲ ਆਦਿ ਗ੍ਰੰਥਾਂ ਦ੍ਵਾਰਾ, ਜਿਸ ਪ੍ਰਮਾਤਮਾ ਦਾ ਨਾਨਾ ਪ੍ਰਕਾਰ ਨਾਲ ਜਸ ਕੀਤਾ ਗਿਆ ਹੈ, ਉਹ ਨਿਰਵਿਕਾਰ ਅਤੇ ਨਿਰਵਿਕਲਪ ਪ੍ਰਮਾਤਮਾ

ਮੈਂ (ਧ ਮੈਂ ਯਾਨੀ ਆਤਮਾ) ਹੀ ਹਾਂ, ਇਸ ਵਿੱਚ ਕਿੰਚਤ ਸੰਦੇਹ ਨਹੀਂ। ਮੈਂ ਉਪ੍ਰੋਕਤ ਗ੍ਰੰਥਾਂ ਦੇ ਸਿਧਾਂਤ ਦੀ ਉਤਪਤੀ ਤੋਂ ਭੀ ਪਹਿਲਾਂ ਮੌਜੂਦ ਹਾਂ। ਜੇ ਮੈਂ (ਆਤਮਾ-ਪ੍ਰਮਾਤਮਾ) ਨਾ ਹੁੰਦਾ ਤਾਂ ਇਨ੍ਹਾਂ ਨੂੰ ਰਚਦਾ ਕੌਣ ਤੇ ਰਧਾ ਪੂਰਬਕ ਪੜ੍ਹਦਾ, ਸੁਣਦਾ ਅਤੇ ਮੰਨਦਾ ਕੌਣ? ਹੇ ਅਨੰਦ! ਦਾਤਾ ਸਤਿਗੁਰੂ! ਇਹ ਸੂਸੰਵੇਦ ਵਸਤੂ ਦੇ ਅਲੌਕਿਕ ਅਨੰਦ ਨੂੰ, ਮੈਂ ਬਾਣੀ (ਭਾਾ) ਦੁਆਰਾ ਕਿਸ ਤਰ੍ਹਾਂ ਆਖਾਂ? ਇਹ ਪ੍ਰਤੀਤੀ ਮਾਤ੍ਰ ਬਾਣੀ (ਭਾਾ) ਕੁੱਝ ਕਹਿਣ ਲਈ ਸਮਰੱਥ ਨਹੀਂ ਹੋ ਸਕਦੀ। ਸਿਵਾਏ ਗੂੰਗੇ ਦੀ ਮਠਿਆਈ ਖਾਣ ਵਾਲੇ ਦ੍ਰਿਟਾਂਤ ਤੋਂ, ਮੈਂ ਹੋਰ ਕਿਹੜੀ ਤੁਲਨਾ ਦੇਵਾਂ?

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ।।**

**(ਅੰਗ ੩੩੭)**

ਇਸ ਪ੍ਰਕਾਰ ਬਚਨ ਕਰਦਾ ਹੋਇਆ ਵਿਜੋਗੀ ਕਿਸੇ ਅਨੰਦਘਨ, ਨਿਰਵਿਕਲਪ, ਪੂਰਨ ਵਸਤੂ ਵਿੱਚ ਲੀਨ ਹੋ ਗਿਆ। ਜਿਸ ਵਿੱਚ ਰੀਰ, ਇੰਦ੍ਰੀਆਂ ਤੇ ਮਨ ਨਹੀਂ ਹਨ, ਉਹ ਨਿਰਵਿਕਾਰ ਬ੍ਰਹਮ ਰੂਪ ਵਿਜੋਗੀ, ਸੰਸਾਰ ਵੱਲੋਂ ਬਿਲਕੁਲ ਬੇਬਰ ਹੋ ਗਿਆ ਯਾਨੀ ਆਪਣੇ-ਆਪ ਤੋਂ ਜੁਦਾ, ਸੰਸਾਰ ਦੀ ਪ੍ਰਤੀਤੀ ਹਟ ਗਈ ਯਾਨੀ ਦ੍ਰਿਯ ਤੇ ਦ੍ਰਿਟਾ ਦੇ ਰੂਪ ਵਿੱਚ, ਮੈਂ ਹੀ ਸਭ ਲੀਲ੍ਹਾ ਕਰ ਰਿਹਾ ਹਾਂ, ਮੇਰੇ ਬਿਨਾਂ ਹੋਰ ਕੁੱਝ ਭੀ ਨਹੀਂ ਹੈ, ਇਸ ਅਚਲ ਇਸਥਿਤੀ ਵਾਲਾ ਹੋ ਗਿਆ। ਉਸ ਰੀਰ ਤੋਂ ਰਹਿਤ ਦੀ ਭੀ, ਰੀਰ ਯੁਕਤ ਜਿਹੀ ਦੂਜਿਆਂ ਨੂੰ ਜੋ ਪ੍ਰਤੀਤੀ ਹੁੰਦੀ ਹੈ, ਉਸ ਦੀ ਇਸਥਿਤੀ ਪ੍ਰਾਰੱਬਧ ਦੀ ਸਮਾਪਤੀ ਤੱਕ ਹੀ ਹੈ। ਵਾਸਤਵ ਵਿੱਚ ਤਾਂ ਗਿਆਨੀ ਦੀ ਪ੍ਰਾਰੱਬਧ ਭੀ ਨਹੀਂ ਬਣ ਸਕਦੀ ਕਿਉਂਕਿ ਪ੍ਰਾਰੱਬਧ ਭੀ ਕਿਸੇ ਰੀਰ ਦੀ ਮੰਨਣੀ ਪਵੇਗੀ। ਜੋ ਰੀਰ ਆਪ ਹੀ ਸੁਪਨ ਪ੍ਰਪੰਚ ਤਥਾ ਰੱਸੀ ਵਿੱਚ ਸੱਪ ਦੇ ਵਾਂਗੂੰ ਕਲਪਿਤ ਹੈ, ਉਸਦੀ ਪ੍ਰਾਰੱਬਧ ਕੀ? ਤਾਂ ਭੀ ਅਗਿਆਨੀ ਮਨੁੱਾਂ ਨੂੰ ਪ੍ਰਤੀਤ ਦਿੰਦਾ ਹੈ। ਇਸ ਲਈ ੍ਰਤੀ ਭੀ ਉਨ੍ਹਾਂ ਦੇ ਸੰਤੋਖ ਲਈ ਇਉਂ ਕਹਿ ਦਿੰਦੀ ਹੈ ਕਿ ਗਿਆਨਵਾਨ ਦਾ ਰੀਰ ਪ੍ਰਾਰੱਬਧ ਦੁਆਰਾ ਹਰਕਤ ਕਰਦਾ ਹੈ। ਆਤਮਾ ਕਿਸੇ ਬਦ ਦਾ ਵਿ ਨਹੀਂ ਹੈ, ਉਸ ਸੰਕਲਪ ੂਨ ਅਮਰ ਵਸਤੂ ਵਿੱਚ ਸੰਸਾਰ ਦੀ ਇਸਥਿਤੀ ਕਿੱਥੇ? ਯਾਨੀ ਆਤਮਾ ਤੋਂ ਭਿੰਨ ਸੰਸਾਰ ਕੁੱਝ ਭੀ ਨਹੀਂ ਹੈ। ਉਸ ਅਕਹਿ ਵਸਤੂ ਨੂੰ ਹੀ

ਬ੍ਰਹਮ ਅਤੇ ਸੰਸਾਰ ਇਨ੍ਹਾਂ ਦੋ ਬਦਾਂ ਵਿੱਚ ਕਹਿ ਦੇਂਦੇ ਹਨ–ਇੱਕ ਹੀ ਵਸਤੂ ਦੇ ਦੋ ਨਾਮ ਹਨ। ਉਸ ਕਥਨ ਵਿੱਚ ਨਾ ਆਉਣ ਵਾਲੇ ਅਨੰਦਘਨ ਸ੍ਵਰੂਪ ਵਿੱਚ ਮਤਵਾਲਾ ਹੋਇਆ ਵਿਜੋਗੀ, ਆਪ ਪੂਰਨ ਹੁੰਦਾ ਹੋਇਆ ਹੀ ਪੂਰਨ ਪਦ ਨੂੰ ਪ੍ਰਾਪਤ ਹੋ ਗਿਆ ਯਾਨੀ ਇਸਥਿਤ ਹੋ ਗਿਆ–

**ਸਭ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ॥** (ਅੰਗ ੩੯)

**ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥**
**ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥**(ਅੰਗ ੫੧)

**ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥** (ਅੰਗ ੨੫੧)

**ਪ੍ਰਗਟ ਕਰੇ ਜੋ ਗੁਪਤ ਰਹਿ ਸ੍ਵ ਸਕਤੀ ਨਾਮ ਰੂਪ॥**
**ਕਰਤਾ ਹੋਇ ਵਿਪਰੀਤ ਨ ਅਚਲ ਸ੍ਵਭਾਵ ਅਨੂਪ॥੧॥**
**ਅਭੂਲ ਹੋਤ ਭੀ ਅਪਨੀ ਭੂਲ ਖੋਜ ਸੀ ਕਰੇ॥**
**ਗੋਚਰ ਮਨ ਇੰਦ੍ਰੀਯ ਤਥਾ ਅਗੋਚਰ ਉਭੈ ਪਰੇ॥੨॥**
**ਅਸ ਨਿਰਵਿਕਾਰ ਸ੍ਵ ਆਤਮ ਬ੍ਰਹਮ ਅਨਿਰਵਚਨੀਯ॥**
**ਕਰੂੰ ਪ੍ਰਣਾਮ ਬਿਲਾਸ ਜਿਮ ਨਹੀਂ ਰੀਤ ਕੋ ਬੀਯ॥੩॥**

# ੫

# ਭਗਤੀ ਪ੍ਰਕਰਣ

## ✺ ਮੰਗਲਾਚਰਣ ✺

ਪ੍ਰੇਮ ਹੀਨ ਕਬ ਮਿਲ ਸਕੇ, ਪ੍ਰੀਤਮ ਪ੍ਰੇਮ ਜੁ ਰੂਪ।
ਤਜ ਇੱਛਾ ਜਬ ਲਗਨ ਏਕ, ਹੋਇ ਛਿਨ ਪ੍ਰਭੁ ਸਰੂਪ॥੧॥

ਸੋਚਤ ਕਿਆ ਮਨ ਪਗਲੇ, ਉਸ ਰੀਝਨ ਕਾ ਨਿਮਿੱਤ।
ਪ੍ਰੇਮ ਅਗਨ ਮੇਂ ਕੂਦ ਝੱਟ, ਜਿਉਂ ਦੀਪ ਪਤੰਗ ਮਿੱਤ॥੨॥

ਪ੍ਰੇਮੀ ਚਿੱਤ ਜੁ ਬਚਨ ਚਹੇ, ਕਈ ਰੀਤ ਸੇ ਯਾਰ।
ਏਕ ਫੁਰੇ ਨ ਨਮਸਕਾਰ, ਦੇਖਤ ਰਹੇ ਪਿਆਰ॥੩॥

ਅਚਰਜ ਰੀਤੀ ਪ੍ਰੇਮ ਕੀ, ਮਨ ਬਾਣੀ ਨ ਸਰੀਰ।
ਰਹੇ ਸੁ ਪ੍ਰੀਤਮ ਏਕ ਹੀ, ਥਿਰ ਸੁਭਾਵ ਗੰਭੀਰ॥੪॥

ਪਿਆਰੇ ਹਰਿਸਿਮਰਨ! ਸੁਣ ਲਿਆ ਹੈ ਵਿਜੋਗੀ ਦਾ ਆਪਣੇ ਪ੍ਰੀਤਮ ਆਤਮਾ-ਬ੍ਰਹਮ ਦੀ ਲਗਨ ਵਿੱਚ ਮਗਨ ਹੋ ਕੇ ਸੰਸਾਰ ਤੋਂ ਬੇਬਰ ਹੋ ਜਾਣ ਦਾ ਕਾਰਨ? ਇਸ ਪ੍ਰਕਾਰ ਸਤਿਗੁਰੂ ਦੁਆਰਾ ਮਹਾਵਾਕਾਂ ਦਾ ਉਪਦੇ ਪਾ ਕੇ, ਉਹ ਮਤਵਾਲਾ ਹੋ ਗਿਆ!!

## *ਬਿਰਹ*

ਪ੍ਰੰਤੂ ਹਰਿਸਿਮਰਨ! ਤੇਰੀ ਇਹ ਕਿਹੋ ਜਿਹੀ ਦਾ ਹੁੰਦੀ ਜਾ ਰਹੀ ਹੈ? ਤੂੰ ਕਿਸੇ ਚਿੰਤਾ ਦਾ ਕਿਾਰ ਬਣ ਗਿਆ ਹੈਂ? ਤੂੰ ਠੰਢੇ-ਠੰਢੇ ਸਾਹ ਭਰਦਾ ਹੈਂ। ਤੇਰੇ ਚਿਹਰੇ ਦਾ ਰੰਗ ਪੀਲਾ ਹੋ ਗਿਆ ਹੈ। ਕਦੇ ਨੇਤ੍ਰਾਂ ਵਿੱਚੋਂ ਪਾਣੀ ਸੁੱਕਿਆ ਹੋਇਆ ਅਸੀਂ ਦੇਖਿਆ ਨਹੀਂ। ਬੋਲਦਾ ਤੂੰ ਬਹੁਤ ਘੱਟ ਹੈਂ। ਖਾਂਦਾ ਬਿਲਕੁਲ ਥੋੜ੍ਹਾ ਜਿਹਾ ਹੀ ਹੈਂ ਅਤੇ ਰਾਤ ਨੂੰ ਤੂੰ ਸੌਂਦਾ ਵੀ ਨਹੀਂ। ਤੇਰੀ ਬੇਚੈਨੀ ਇਸ ਤਰ੍ਹਾਂ ਮਾਲੂਮ ਦਿੰਦੀ ਹੈ ਜਿਉਂ ਕੋਈ ਕਿਸੇ ਦੀ ਉਡੀਕ ਵਿੱਚ ਬੇਚੈਨ ਰਹਿੰਦਾ ਹੈ। ਮੱਛੀ ਦੀ ਤਰ੍ਹਾਂ ਤੂੰ ਤੜਫਦਾ ਹੈਂ ਅਤੇ ਮੱਥੇ ਉੱਤੇ ਹੱਥ ਰੱਖ ਨੀਵੀਂ ਪਾ ਕੇ, ਤੂੰ ਬੈਠਾ ਰਹਿੰਦਾ ਹੈਂ। ਇਹ ਲੱਛਣ ਰੀਰਕ ਬੀਮਾਰੀ ਦੇ ਨਹੀਂ ਹਨ, ਇਹ ਤਾਂ ਜਿਉਂ ਕੋਈ ਕਿਸੇ ਦੂਜੇ ਨੂੰ ਦਿਲ ਦੇ ਚੁੱਕਿਆ ਹੋਇਆ ਹੁੰਦਾ ਹੈ, ਉਸ ਬੇਦਿਲ ਦੀ ਨਿਾਨੀ ਹੈ। ਇਹ ਬਰਬਾਦ ਕਰ ਦੇਣ ਵਾਲੀ ਮਰ ਤੂੰ ਕਿੱਥੋਂ ਖਰੀਦ ਲਈ ਹੈ? ਤੂੰ ਕਿਸ ਦੇ ਤੀਰ ਦਾ ਨਿਾਨਾ ਬਣ ਗਿਆ ਹੈਂ?

**ਹਰਿਸਿਮਰਨ** - (ਠੰਢਾ ਸਾਹ ਭਰ ਕੇ) ਵਾਹਿਗੁਰੂ! ਗੋਵਿੰਦ!! ਨਾਰਾਇਣ!!!

ਇਹ ਕਹਿੰਦੇ ਹੀ ਨੇਤ੍ਰਾਂ ਵਿੱਚੋਂ ਪਾਣੀ ਪਰਲ-ਪਰਲ ਵਗਣ ਲੱਗ ਪਿਆ ਜੋ ਇਉਂ ਸਮਝੋ ਕਿ ਦਿਲ ਦੇ ਭਰੇ ਹੋਏ ਛਾਲੇ ਨੂੰ ਕਿਸੇ ਵੈਦ ਨੇ ਨਤਰ (ਤਿੱਖੇ ਔਾਰ) ਨਾਲ ਛੇੜ ਦਿੱਤਾ ਹੋਵੇ।

**ਸੰਤ** - (ਪਿਆਰ ਨਾਲ ਬਗਲ ਵਿੱਚ ਲੈਕੇ) ਹਰਿਸਿਮਰਨ! ਦੱਸ, ਤੈਨੂੰ ਕੀ ਦੁੱਖ ਹੈ? ਜਿਸ ਭੀ ਚੀ ਨੂੰ ਤੇਰਾ ਚਿੱਤ ਚਾਹੁੰਦਾ ਹੈਂ ਮੈਨੂੰ ਉਹ ਦੱਸ! ਮੈਂ ਪ੍ਰਣ ਕਰਦਾ ਹਾਂ ਕਿ ਤੇਰੀ ਉਸ ਚਾਹ ਨੂੰ ਪੂਰਾ ਕਰਨ ਾਤਰ, ਹਰ ਪ੍ਰਕਾਰ ਦੀ ਕੋਿ ਕਰਾਂਗਾ।

**ਹਰਿਸਿਮਰਨ-**

**ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨਾ ਪਾਈ॥**

**(ਅੰਗ ੭੯੩)**

**ਸੰਤ**–ਪਿਆਰੇ ! ਇਹ ਠੀਕ ਹੈ, ਪ੍ਰੰਤੂ ਮੈਂ ਸਮਝਦਾ ਹਾਂ ਕਿ ਇਹ ਪੀੜਾ ਕਦੇ ਮੈਨੂੰ ਭੀ ਹੋ ਚੁੱਕੀ ਹੈ। ਤੇਰੇ ਸਾਰੇ ਹੀ ਲੱਛਣ, ਮੇਰੇ ਖਮ ਦੇ ਦਰਦ ਵਾਂਗੂੰ ਮਾਲੂਮ ਦਿੰਦੇ ਹਨ, ਉਹ ਆਪਣੀ ਵਰਤੀ ਹੋਈ ਦਵਾਈ, ਮੈਂ ਤੈਨੂੰ ਦੱਸ ਦੇਵਾਂ ਤਾਂ ਹੋ ਸਕਦਾ ਹੈ ਕਿ ਤੂੰ ਰਾਜ਼ੀ ਹੋ ਜਾਵੇਂ !

ਹਰਿਸਿਮਰਨ ਆਪਣੇ ਨੇਤ੍ਰਾਂ ਨੂੰ ਉੱਚਾ ਉਠਾ ਕੇ ਸੰਤਾਂ ਵੱਲ ਤੱਕ ਕੇ ਮੁਸਕ੍ਰਾਇਆ ਅਤੇ ਫਿਰ ਥੱਲੇ ਨੂੰ ਗਰਦਨ ਝੁਕਾ, ਮੱਥੇ ਪਰ ਹੱਥ ਰੱਖ ਕੇ ਕਿਸੇ ਚਿੰਤਾ ਵਿੱਚ ਡੁੱਬ ਗਿਆ। ਇਉਂ ਮਾਲੂਮ ਦਿੰਦਾ ਹੈ ਕਿ ਚਿੰਤਾ ਰੂਪੀ ਪਾਣੀ ਵਿੱਚ ਰੁੜ੍ਹੇ ਜਾਂਦੇ ਨੂੰ, ਕੁੱਝ ਧੀਰਜ ਰੂਪੀ ਉੱਚੀ ਬਰੇਤੀ ਆ ਗਈ ਸੀ, ਜਿਸ ਲਈ ਥੋੜ੍ਹਾ ਜਿਹਾ ਸਮਾਂ ਪੈਰਾਂ ਪਰ ਖਲੋ ਕੇ, ਇੱਧਰ-ਉੱਧਰ ਤੱਕਦੇ ਨੂੰ ਕਿਨਾਰਾ ਦਿਖਣ ਨਾਲ ਖ਼ੁਸ਼ੀ ਤਾਂ ਹੋਈ ਪ੍ਰੰਤੂ ਜ਼ੋਰ ਨਾਲ ਵਗਦੇ ਪਾਣੀ ਨੇ ਫਿਰ ਪੈਰ ਉਖਾੜ ਕੇ ਰੋੜ੍ਹ ਲਿਆ ਹੈ।

**ਸੰਤ**–ਪਿਆਰੇ ਹਰਿਸਿਮਰਨ ! ਮੈਂ ਸਮਝ ਗਿਆ ਹਾਂ। ਹੁਣ ਤੂੰ ਆਸ ਰੱਖ ਕਿ ਤੈਨੂੰ ਮਨ ਵਾਂਛਤ ਵਸਤੂ ਜ਼ਰੂਰ ਹੀ ਮਿਲੇਗੀ, ਪ੍ਰੰਤੂ ਪਿਆਰੇ ਦੱਸ ਤਾਂ ਸਹੀ ਤੂੰ ਕਿਹੜੀ ਵਸਤੂ ਨੂੰ ਇਸ ਸੰਸਾਰ ਵਿੱਚੋਂ ਚੁਣਿਆ ਹੈ? ਮੈਂ ਤੈਨੂੰ ਉਸ ਦੀ ਅਸਲੀਅਤ ਸਮਝਾ ਦਿੰਦਾ ਹਾਂ, ਜਿਸ ਨਾਲ ਤੇਰੀ ਉਹ ਖ਼੍ਵਾਹਿਸ਼ ਹੀ ਮਿਟ ਜਾਵੇਗੀ ਅਤੇ ਪਰਮ ਸੁਖੀ ਹੋ ਜਾਵੇਂਗਾ ਅਥਵਾ ਕੋਈ ਨਿੱਤ (ਸਦਾ) ਰਹਿਣ ਵਾਲੀ ਵਸਤੂ ਤੇਰਾ ਮਨ ਚੁਰਾ ਕੇ ਲੈ ਗਈ ਹੈ ਤਾਂ ਉਸਦੀ ਪ੍ਰਾਪਤੀ ਦਾ ਉਪਾਇ ਮੈਂ ਦਸਦਾ ਹਾਂ, ਜਿਸਨੂੰ ਪ੍ਰਾਪਤ ਕਰਕੇ, ਤੂੰ ਚਿੰਤਾ ਰਹਿਤ ਅਤੇ ਅਤੀ ਆਨੰਦਿਤ ਹੋ ਜਾਵੇਂਗਾ। ਪਿਆਰੇ ਹਰਿਸਿਮਰਨ ! ਕੁੱਝ ਆਖ ਤਾਂ ਸਹੀ, ਤੇਰੇ ਬੋਲੇ ਬਿਨਾਂ ਮੇਰੀ ਜ਼ੁਬਾਨ ਕੁੱਝ ਕਹਿਣ ਲਈ ਪ੍ਰਵਿਰਤ ਨਹੀਂ ਹੁੰਦੀ।

**ਹਰਿਸਿਮਰਨ**–ਮਹਾਰਾਜ ! ਮੇਰਾ ਮਿੱਤ੍ਰ ਵਿਜੋਗੀ ਜੋ ਮਨੁੱਖਾ ਜਨਮ ਦਾ ਸਭ ਤੋਂ ਪਹਿਲਾ ਨਿਸ਼ਾਨਾ ਪਰਮਪਦ ਦੀ ਪ੍ਰਾਪਤੀ ਕਰਨਾ ਸੀ, ਸੋ ਕਰ ਚੁੱਕਿਆ ਹੈ। ਉਸਦੇ ਬਚਨ ਕਿਤਨੇ ਮਧੁਰ ਹਨ ਜੋ ਸੁਣਦੇ ਸਾਰ ਹੀ ਚਿੱਤ ਸ਼ਾਂਤ ਹੋ ਜਾਂਦਾ ਹੈ। ਉਹ ਅਲੌਕਿਕ ਰੰਗ ਵਿੱਚ ਅਜਿਹਾ ਰੰਗਿਆ ਰਹਿੰਦਾ ਹੈ ਜੋ ਕੋਈ ਭੀ ਦੁਨਿਆਵੀ ਰੰਗ, ਉਸ ਉੱਤੇ ਅਸਰ ਨਹੀਂ ਕਰਦਾ। ਉਹ ਨਿਰੰਕਾਰ ਦੀ ਲਿਵ ਵਾਲਾ, ਨਿਰੰਕਾਰ ਹੀ ਬਣ ਚੁੱਕਿਆ ਹੈ। ਅਫਸੋਸ ! ਮੈਂ ਅਭਾਗਾ, ਉਸੀ ਤਰ੍ਹਾਂ

ਸੰਸਾਰ ਸਮੁੰਦਰ ਵਿੱਚ ਗੋਤੇ ਖਾ ਰਿਹਾ ਹਾਂ। ਉਹ ਪਰਬਤ ਦੀ ਤਰ੍ਹਾਂ ਅਡੋਲ ਹੈ ਅਤੇ ਕਮਲ ਵਾਂਗੂੰ ਪਾਣੀ ਵਿੱਚ ਬੈਠਾ ਹੀ ਨਿਰਲੇਪ ਰਹਿਕੇ, ਸੰਸਾਰ ਰਚਨਾ ਦਾ ਤਮਾਾ ਦੇਖ ਰਿਹਾ ਹੈ। ਉਸ ਨੂੰ ਕੋਈ ਵਿਵਿਹਾਰਕ ਅਨੁਕੂਲਤਾ-ਪ੍ਰਤੀਕੂਲਤਾ ਸਪਰ ਹੀ ਨਹੀਂ ਕਰਦੀ। ਜਿਨ੍ਹਾਂ ਦਰਨਾਂ ਨਾਲ ਉਹ ਮਤਵਾਲਾ ਹੋ ਗਿਆ ਹੈ ਕੀ ਉਸ ਅਜਿਹੇ ਪ੍ਰਭੂ ਦੇ ਦਰਨ ਮੈਨੂੰ ਹੋ ਜਾਣਗੇ? ਉਸ ਨੂੰ ਪ੍ਰਭੂ ਦਰਨ ਹੋਏ ਜਾਣ ਕੇ, ਮੇਰੀ ਤੜਪ ਵਧਣ ਦਾ ਨਤੀਜਾ ਹੀ ਹੈ ਜੋ ਕਿ ਆਪ ਮੇਰੀ ਹਾਲਤ ਦੇ ਖ ਰਹੇ ਹੋ। ਮੈਂ ਬਿਰਹਾ ਦੀ ਅੱਗ ਨਾਲ ਸੜਦਾ ਜਾ ਰਿਹਾ ਹਾਂ। ਕ੍ਰਿਪਾਲੂ ਮਹਾਰਾਜ! ਂਤੀ ਲਈ ਮਿਲਾਪ ਰੂਪੀ ਜਲ ਬਰਸਾਉ। ਮੈਨੂੰ ਬਚਾਉ! ਮੈਂ ਆਪ ਜੀ ਦੀ ਰਣ ਵਿੱਚ ਆਇਆ ਹਾਂ।

**ਸੰਤ**-ਹਰਿਸਿਮਰਨ! ਇਹ ਬਿਰਹ ਅਗਨੀ ਅਤੀ ਉੱਤਮ ਅਤੇ ਉਸਤਤੀ ਦੇ ਜੋਗ ਹੈ। ਅਣਜਾਣ ਲੋਕ ਹੀ ਇਸ ਬਿਰਹ ਨੂੰ ਬੁਰਾ ਕਹਿੰਦੇ ਹਨ। ਇਹ ਅਗਨੀ ਕਿਸੇ ਸ੍ਰੇਟ ਕਰਮਾਂ ਵਾਲੇ ਦੇ ਹਿਰਦੇ ਵਿੱਚ ਹੀ ਪ੍ਰਜ੍ਵਲਿਤ ਹੋ ਸਕਦੀ ਹੈ। ਇਹ ਤਾਂ ਚੱਕ੍ਰਵਰਤੀ ਰਾਜੇ ਦੇ ਤੁੱਲ ਹੈ ਯਾਨੀ ਇਸਦੇ ਹੋਣ ਨਾਲ ਹੀ ਅਚੱਲ ਸੁੱਖ ਦੀ ਨਿਧੀ ਮਿਲਦੀ ਹੈ। ਜੋ ਇਸ ਵਿਜੋਗ ਨਾਲ ਕਦੇ ਤੜਫਿਆ ਹੀ ਨਹੀਂ, ਉਸ ਹਿਰਦੇ ਵਿੱਚ ਪਿਆਰੇ ਦਾ ਨਿਵਾਸ ਕਿਸ ਤਰ੍ਹਾਂ ਹੋ ਸਕਦਾ ਹੈ? ਉਹ ਅੰਤਹਕਰਣ ਆਬਾਦ ਕੀ ਹੋਣਾ ਹੈ, ਸਮਝੋ ਬੇ-ਰੌਣਕੀ ਮਸਾਣ ਭੂਮੀ ਹੈ-

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥**

**(ਅੰਗ ੧੩੭੯)**

ਇਹ ਬਿਰਹ, ਪ੍ਰੇਮ ਰੂਪੀ ਦੀਪਕ ਨੂੰ ਹੋਰ ਭੀ ਉੱਚਾ ਕਰ ਦੇਣ ਵਾਲੀ ਹੈ। ਜਿਸ ਤਰ੍ਹਾਂ ਕਿਸੇ ਤੀਲੇ ਨਾਲ ਅਥਵਾ ਲੈਂਪ ਵਿੱਚ ਲੱਗੀ ਹੋਈ ਬੱਤੀ ਸੀਖਣ (ਚੁੱਕਣ) ਵਾਲੀ ਫਿਰਕੀ ਨਾਲ ਬੱਤੀ ਨੂੰ ਉੱਚਾ ਕਰ ਦੇਈਦਾ ਹੈ ਤੇ ਪ੍ਰਕਾ ਵਧ ਜਾਂਦਾ ਹੈ, ਇਸੀ ਤਰ੍ਹਾਂ ਇਹ ਬਿਰਹ ਆਪਣੇ ਪ੍ਰੀਤਮ ਵਿੱਚ ਪ੍ਰੇਮ ਨੂੰ ਵਧਾਉਣ ਦਾ ਰੀਆ ਹੈ। ਇਸ ਤੋਂ ਬਿਨਾਂ ਪ੍ਰੇਮ ਦੀ ਇਸਥਿਤੀ ਨਹੀਂ ਅਤੇ ਪ੍ਰੇਮ ਤੋਂ ਬਗੈਰ, ਬਿਰਹ ਉਤਪੰਨ ਨਹੀਂ ਹੁੰਦਾ। ਇਹ ਪੂਰਬਲੇ ਅਤੀ ਉੱਤਮ ਕਰਮਾਂ ਦਾ ਫਲ ਹੁੰਦਾ ਹੈ ਜੋ ਯੁਵਾ ਅਵਸਥਾ, ਸੁੰਦਰ, ਨਿਰੋਗ ਦੇਹ, ਵਿੱਦਯਾ ਸੰਪੰਨ, ਚਤੁਰ, ਗੁਣੀਲ ਅਤੇ ਧਨ-ਪਦਾਰਥ ਦੇ ਸੰਯੁਕਤ-ਇਸ ਕਾਮ ਆਦਿ ਵਿਕਾਰਾਂ ਨਾਲ ਅੰਧ ਰਹਿਣ

ਵਾਲੀ ਅਵਸਥਾ ਵਿੱਚ ਭੀ ਕੋਈ ਆਪਣੇ ਪ੍ਰੀਤਮ ਪ੍ਰਭੂ ਦੇ ਬਿਰਹ ਨਾਲ ਵਿਆਕੁਲ ਰਹੇ। ਇਸ ਤੜਪ ਵਾਲਾ ਕੋਈ ਵਿਰਲਾ ਹੀ ਸੰਸਾਰ ਵਿੱਚ ਮਿਲਦਾ ਹੈ–

**ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ।।**
**ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ।।** **(ਅੰਗ ੧੩੭੨)**

ਪ੍ਰੰਤੂ ਇਹ ਕਿਸੇ ਦੇ ਆਪਣੇ ਵੱਸ ਭੀ ਨਹੀਂ ਕਿ ਮੈਂ ਪ੍ਰਭੂ ਨਾਲ ਪ੍ਰੇਮ ਕਰਾਂ, ਭਾਵੇਂ ਕੋਈ ਕ੍ਰੋੜਾਂ ਯਤਨ ਕਰੇ, ਸਭ ਨਿਸਫਲ ਹੋਣਗੇ। ਇਹ ਪ੍ਰੇਮ-ਪਿਆਲਾ ਪ੍ਰਭੂ ਦੇ ਪਾਸ ਹੀ ਹੈ, ਉਹ ਜਿਸ ਨੂੰ ਵੀ ਚਾਹੇ ਦੇਕੇ ਮਸਤਾਨਾ ਬਣਾ ਦੇਵੇ। ਭਾਵੇਂ ਬੱਚਾ, ਯੁਵਾ ਅਤੇ ਬਿਰਧ ਅਥਵਾ ਇਸਤ੍ਰੀ ਆਦਿ ਕੋਈ ਭੀ ਹੋਵੇ, ਜਿਸਨੇ ਭੀ ਇਹ ਸੰਸਾਰ ਤੋਂ ਬੇਹੋ ਕਰਨ ਵਾਲਾ ਪਿਆਲਾ ਮੂੰਹ ਨਾਲ ਲਾਇਆ, ਉਹ ਆਪਣੇ ਪ੍ਰੀਤਮ ਦੀ ਯਾਦ ਵਿੱਚ ਅਜਿਹਾ ਰੰਗਿਆ ਜਾਂਦਾ ਹੈ ਕਿ ਉਸ ਉੱਤੇ ਕੋਈ ਭੀ ਦੁਨਿਆਵੀ ਰੰਗ ਨਹੀਂ ਚੜ੍ਹ ਸਕਦਾ। ਪ੍ਰੰਤੂ ਜਿਸਨੂੰ ਪ੍ਰਮੇਰ ਇਹ ਪਿਆਲਾ ਦੇ ਦੇਵੇ–

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।।**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।।**

**(ਅੰਗ ੧੩੭੮)**

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।।**
**ਰਾਮ ਬਿਓਗੀ ਨ ਜੀਐ ਜੀਐ ਤ ਬਉਰਾ ਹੋਇ।।** **(ਅੰਗ ੧੩੬੮)**

ਮਤਲਬ ਇਹ ਹੈ ਕਿ ਇਹ ਬਿਰਹ ਰੂਪੀ ਸੱਪ, ਜਿਸ ਮਨ ਵਿੱਚ ਰਹਿਣ ਲੱਗ ਜਾਂਦਾ ਹੈ, ਉਸ ਨੂੰ ਤੜਪਾ ਦਿੰਦਾ ਹੈ। ਇਹ ਬਿਰਹ ਕਿਸੇ ਭੀ ਮੰਤ੍ਰ ਨਾਲ ਨਹੀਂ ਨਿਕਲਦਾ ਅਰਥਾਤ ਸੰਸਾਰ ਦੀ ਕੋਈ ਭੀ ਵਸਤੂ ਅਜਿਹੀ ਨਹੀਂ ਜੋ ਇਸ ਨੂੰ ਚਿੱਤ ਵਿੱਚੋਂ ਕੱਢ ਕੇ, ਆਪ ਨਿਵਾਸ ਕਰਨ ਲੱਗ ਜਾਵੇ ਯਾਨੀ ਇਸ ਨੂੰ ਹਟਾ ਕੇ, ਬਿਰਹੀ ਨੂੰ ਸੁਖੀ ਕਰ ਸਕੇ। ਆਪਣੇ ਪਿਆਰੇ ਰਾਮ ਦੇ ਵਿਯੋਗ ਵਾਲਾ ਵੀ ਕਦੇ ਜੀ ਸਕਦਾ ਹੈ? ਅਰਥਾਤ ਉਹ ਸੰਸਾਰਿਕ ਬ੍ਰਿਤੀ ਵਾਲਾ ਕਦੇ ਨਹੀਂ ਹੋ ਸਕਦਾ, ਉਹ ਤਾਂ ਇੱਕ ਰਸ ਆਪਣੇ ਪ੍ਰੀਤਮ ਦੀ ਤੜਪ ਵਾਲਾ ਹੀ ਰਹੇਗਾ। ਸੰਸਾਰਕ ਰੰਗ ਤਾਂ ਇਸ ਪਰ ਚੜ੍ਹ ਹੀ ਨਹੀਂ ਸਕਦਾ, ਜਿਸ ਨਾਲ ਕਿ ਇਹ ਅਲੌਕਿਕ ਰੰਗ ਫਿੱਕਾ ਪੈ ਜਾਵੇ। ਇਸ ਬਿਰਹ ਦਾ ਅਭਾਵ ਤਾਂ ਹੀ ਹੋ ਸਕਦਾ ਹੈ, ਜੇ ਆਪਣੇ ਪ੍ਰੀਤਮ ਦਾ ਮਿਲਾਪ ਹੋ ਜਾਵੇ। ਫਿਰ ਅਜਿਹੀ ਹਾਲਤ ਵਿੱਚ ਉਹ

ਸਦਾ ਹੀ ਜੀਉਂਦਾ ਰਹਿਣ ਵਾਲਾ ਹੁੰਦਾ ਹੈ ਕਿਉਂਕਿ ਪ੍ਰੀਤਮ ਪ੍ਰਭੂ ਸਦਾ ਅਮਰ ਹੈ। ਅਜਿਹੇ ਪ੍ਰਭੂ ਨਾਲ ਮਿਲਿਆ ਰਹਿਣ ਵਾਲਾ ਪ੍ਰੇਮੀ, ਸੰਸਾਰ ਵੱਲੋਂ ਨਿਸਚੇ ਹੀ ਬਉਲਾ (ਪਾਗਲ) ਹੋ ਜਾਂਦਾ ਹੈ ਅਰਥਾਤ ਇੱਕ ਰਸ ਲਗਨ ਵਾਲਾ ਚਿੱਤ, ਵਿਵਿਹਾਰ ਵਿੱਚ ਭੀ ਸਮਾਧੀ ਤੋਂ (ਬਾਹਰ) ਨਹੀਂ ਆਉਂਦਾ।

ਪਿਆਰੇ ਹਰਿਸਿਮਰਨ ! ਇਹ ਜੋ ਬਿਰਹ ਰੂਪੀ ਸੱਪ, ਤੈਨੂੰ ਕੱਟ-ਕੱਟ ਖਾਂਦਾ ਅਤੇ ਛਿੰਨ ਭਰ ਭੀ ਚੈਨ ਨਾਲ ਨਹੀਂ ਟਿਕਣ ਦਿੰਦਾ, ਤੇਰਾ ਭਲਾ ਹੀ ਕਰਦਾ ਹੈ ਯਾਨੀ ਤੇਰੇ ਪਰ ਇਤਨਾ ਉਪਕਾਰ ਕਰ ਰਿਹਾ ਹੈ ਜੋ ਬਾਣੀ ਦੁਆਰਾ ਕਥਨ ਨਹੀਂ ਕੀਤਾ ਜਾ ਸਕਦਾ। ਇਸ ਬਿਰਹਾ ਦਾ ਮਤਲਬ ਹੈ ਕਿ ਤੇਰਾ ਮਨ ਕਿਸੇ ਸੰਸਾਰਕ ਵਸਤੂ ਵਿੱਚ ਨਾ ਅਟਕ ਜਾਵੇ। ਤੂੰ ਛੇਤੀ ਤੋਂ ਛੇਤੀ ਆਪਣੇ ਪਿਆਰੇ ਨੂੰ ਮਿਲੇਂ, ਇਸ ਲਈ ਬਾਰੰਬਾਰ ਤੜਫਾਉਂਦਾ ਹੈ ਕਿ ਅੱਗੇ ਨੂੰ ਤੁਰਿਆ ਜਾਵੇਂ ਤਾਂ ਕਿ ਪਿਆਰੇ ਪ੍ਰਭੂ ਦੇ ਕੋਲ ਜਲਦੀ ਪਹੁੰਚੇਂ। ਇਸ ਬਿਰਹ ਤੋਂ ਬਿਨਾਂ, ਕਦੇ ਭੀ ਪ੍ਰੀਤਮ ਦਾ ਮਿਲਾਪ ਨਹੀਂ ਹੋ ਸਕਦਾ, ਇਸ ਲਈ ਪ੍ਰੀਤਮ ਦਾ ਮਿਲਾਪ, ਜਿਸ੍ ੱਭ ਕਰਮਾਂ ਵਾਲੇ ਨੂੰ ਹੋਣਾ ਹੈ, ਉਸਦੇ ਹਿਰਦੇ ਵਿੱਚ ਤਾਂ ਬਿਰਹ ਹੈ ਹੀ। ਗੁਰੂ ਮਹਾਰਾਜ ਕਹਿੰਦੇ ਹਨ, ਜੋ ਮਨ ਆਪਣੇ ਪਿਆਰੇ ਦੇ ਮਿਲਾਪ ਲਈ ਤੜਪਿਆ ਨਹੀਂ, ਉਸ ਦੁਰਭਾਗੇ ਗੀਰ ਨੂੰ ਅੱਗ ਨਾਲ ਜਲਾ ਦੇਣਾ ਚਾਹੀਦਾ ਹੈ-

**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥**

**(ਅੰਗ ੮੯)**

ਪਿਆਰੇ ਹਰਿਸਿਮਰਨ ! ਇਸਨੇ ਤੈਨੂੰ ਸੰਸਾਰ ਵੱਲੋਂ ਉਖਾੜ ਤਾਂ ਦਿੱਤਾ ਪਰ ਮਿਲਾਪ ਦਾ ਮਾਰਗ ਨਹੀਂ ਦਿਖਾ ਸਕਦਾ ਕਿਉਂਕਿ ਇਹ ਆਪ ਅੰਧਾ ਹੈ। ਜੋ ਕੋਈ ਇਸਦੇ ਪਿੱਛੇ ਲੱਗਦਾ ਹੈ, ਉਹ ਟੋਏ ਟਿੱਬਿਆਂ ਵਿੱਚ ਹੀ ਗਿਰਦਾ ਹੈ। ਉਤਾਹ ਇਸ ਵਿੱਚ ਬਹੁਤ ਵੱਡਾ ਹੈ, ਬਾਰੰਬਾਰ ਪ੍ਰੀਤਮ ਵੱਲ ਹੀ ਦੌੜਦਾ ਹੈ ਪ੍ਰੰਤੂ ਵਿਚਾਰਾ ਕੀ ਕਰੇ ਜਦ ਕਿ ਇਹ ਆਪ ਹੀ ਨੇਤ੍ਰਾਂ ਤੋਂ ਹੀਨ ਹੈ।

ੰ **ਕਾ** -ਕੀ ਇਸਦਾ ਕੋਈ ਭੀ ਉਪਾਇ ਨਹੀਂ ਯਾਨੀ ਨੇਤ੍ਰ ਬਿਲਕੁਲ ਅੰਧੇ ਤਾਂ ਨਹੀਂ ਹਨ, ਕੇਵਲ ਦ੍ਰਿਟੀ ਦੀ ਹੀ ਕੁੱਝ ਕਮੀ ਹੈ, ਉਹ ਵਧ ਨਹੀਂ ਸਕਦੀ?

**ਉੱਤਰ**-ਕਿਉਂ ਨਹੀਂ ਵਧ ਸਕਦੀ, ਇਸਦਾ ਇਲਾਜ ਭੀ ਹੈ। ਇਹ ਬਿਰਹ ਜਿਸਨੇ ਲਾਇਆ ਹੈ, ਉਹੀ ਗੁਰੂ ਰੂਪ ਵਿੱਚ ਆਕੇ, ਆਪਣਾ ਮਾਰਗ ਦਿਖਾਉਂਦਾ ਹੈ। ਉਹ ਉਪਦੇ ਰੂਪੀ ਸੁਰਮਾ ਇਸਦੇ ਨੇਤ੍ਰੀਂ ਪੈਂਦਾ ਹੈ ਤਦ ਇੱਧਰ-ਉੱਧਰ

ਯਾਨੀ ਸੰਸਾਰਿਕ ਵਿਿਆਂ ਨੂੰ ਨਾ ਤੱਕਦਾ ਹੋਇਆ ਸਿੱਧਾ, ਆਪਣੇ ਪ੍ਰੀਤਮ ਵੱਲ ਹੀ ਤੁਰ ਪੈਂਦਾ ਹੈ। ਬੱਸ ! ਫਿਰ ਕੀ ਦੇਰੀ ਹੈ? ਕਾਮਲ ਮੁਰਦ (ਗੁਰੂ) ਰੂਪ ਮਲਾਹ, ਨੌਕਾ (ਬੇੜੀ) ਨੂੰ ਪਾਰ ਲਾ ਹੀ ਦਿੰਦਾ ਹੈ–

**ਬਲਤੋ ਜਲਤੌ ਤਉਕਿਆ ਗੁਰ ਚੰਦਨੁ ਸੀਤਲਾਇਓ॥**
**ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥**
**ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ॥** **(ਅੰਗ ੨੪੧)**

**ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥**
**ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ॥**
**(ਅੰਗ ੧੭੨)**

**ਬਾਝੁ ਗੁਰੂ ਹੈ ਅੰਧ ਗੁਬਾਰਾ॥** **(ਅੰਗ ੧੧੬)**

## *ਪ੍ਰਭੂ ਹੁਕਮ ਅੰਦਰ ਸਭ ਜੀਵਾਂ ਦੀ ਹਰਕਤ*

ਪਿਆਰੇ ਹਰਿਸਿਮਰਨ !ਜਿਸਨੇ ਤੇਰਾ ਦਿਲ ਖੋਹਿਆ ਹੈ, ਉਹ ਕੋਈ ਮਨੁੱਖ ਨਹੀਂ, ਕਿਤੇ ਇਹ ਨਾ ਸਮਝ ਲਈਂ ਕਿ ਜੇ ਉਹ ਮੈਨੂੰ ਨਾ ਮਿਲਿਆ ਤਾਂ ਮੈਂ ਆਪਣਾ ਮਨ ਵਾਪਸ ਲੈ ਲਵਾਂਗਾ ਯਾਨੀ ਇਸ ਨਿਤ ਤੜਪਦੀ ਰਹਿਣ ਵਾਲੀ ਹਾਲਤ ਤੋਂ ਛੁਟਕਾਰਾ ਪਾ ਜਾਵਾਂਗਾ। ਉਹ ਕ੍ਰੋੜਾਂ ਬ੍ਰਹਮੰਡਾਂ ਦਾ ਮਾਲਕ ਅਤੇ ਸਰਬ ਕਤੀਮਾਨ ਹੈ। ਉਸਦੀ ਆਗਿਆ ਬਿਨਾਂ, ਕੋਈ ਰਾ ਜਿੰਨੀ ਭੀ ਹਰਕਤ ਨਹੀਂ ਕਰ ਸਕਦਾ। ਇਹ ਪ੍ਰਤੱਖ ਦਿਖਾਈ ਦੇਣ ਵਾਲੇ ਸੂਰਜ, ਚੰਦ੍ਰਮਾ, ਤਾਰੇ, ਬਿਜਲੀ, ਮੇਘ, ਬ੍ਰਹਮਾ, ਵਿਨੂੰ, ਵਿ, ਯਮ ਆਦਿ ਦੇਵਤੇ, ਮਨੁੱ ਤਥਾ ਪੂ-ਪੰਛੀ ਆਦਿ ਸਭ ਉਸਦੀ ਆਗਿਆ ਅਨੁਸਾਰ ਆਪਣੇ-ਆਪਣੇ ਕੰਮਾਂ ਵਿੱਚ ਨਿਯਮ ਪੂਰਬਕ ਲੱਗੇ ਹੋਏ ਹਨ। ਕੋਈ ਭੀ ਚਰਾਚਰ (ਚਰ+ਅਚਰ) ਯਾਨੀ ਚੱਲ-ਅਚੱਲ ਵਸਤੂ ਨਹੀਂ ਹੈ ਜੋ ਉਸਦੀ ਹੁਕਮ ਦੀ ਉਲੰਘਣਾ ਕਰ ਸਕੇ–

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥** **(ਅੰਗ ੧)**

ਜਦ ਕਿ ਉਹ ਇਸ ਤਰ੍ਹਾਂ ਦਾ ਮਹਾਨ ਈ੍ਰ ਹੈ ਤਾਂ ਤੇਰੀ ਕੀ ਤਾਕਤ ਹੈ ਕਿ ਤੂੰ ਆਪਣਾ ਤੜਪਦਾ ਹੋਇਆ ਚਿੱਤ, ਉਸ ਵੱਲੋਂ ਮੋੜ ਕੇ ਸੁਖੀ ਹੋ ਜਾਵੇਂ। ਨਾ ਤੂੰ ਆਪਣੇ ਚਿੱਤ ਨੂੰ ਉਸ ਵੱਲ ਲਗਾ ਸਕਦਾ ਹੈਂ ਅਤੇ ਨਾ ਹੀ ਮੋੜ ਸਕਦਾ ਹੈਂ। ਇਹ ਤੇਰੇ ਉੱਪਰ ਉਸਦੀ ਮਹਾਨ ਅਨੁਗ੍ਰਹ (ਕ੍ਰਿਪਾ) ਹੈ ਜੋ ਤੇਰੇ ਚਿੱਤ ਨੂੰ, ਉਸਨੇ

ਆਪਣੇ ਵੱਲ ਖਿੱਚ ਲਿਆ ਹੈ। ਤੂੰ ਇਹ ਸਮਝ ਕਿ ਮੈਂ ਉਸਦੀ ਆਗਿਆ ਬਿਨਾਂ ਕੁੱਝ ਭੀ ਨਹੀਂ ਕਰ ਸਕਦਾ। ਤੂੰ ਇਕੱਲਾ ਕੀ, ਕੋਈ ਭੀ ਪ੍ਰਾਣੀ ਆਪਣੀ ਮਰੀ ਨਾਲ ਰਾ ਭੀ ਹਰਕਤ ਨਹੀਂ ਕਰ ਸਕਦਾ। ਕਿਸੇ ਦੀ ਚਤੁਰਾਈ ਕੁੱਝ ਸਵਾਰਦੀ ਨਹੀਂ ਅਤੇ ਮੂਰਖਤਾਈ ਕੁੱਝ ਵਿਗਾੜ ਨਹੀਂ ਸਕਦੀ-

**ਨਾ ਕੋ ਚਤੁਰੁ ਨਾਹੀ ਕੋ ਮੂੜਾ॥ ਨਾ ਕੋ ਹੀਣੁ ਨਾਹੀ ਕੋ ਸੂਰਾ॥**
**ਜਿਤੁ ਕੋ ਲਾਇਆ ਤਿਤ ਹੀ ਲਾਗਾ॥** **(ਅੰਗ ੨੩੮)**

**ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥**
**(ਅੰਗ ੯੮)**

**ਜੋ ਤਿਸੁ ਭਾਣਾ ਸੋਈ ਹੂਆ॥ ਅਵਰੁ ਨ ਕਰਣੈ ਵਾਲਾ ਦੂਆ॥**
**(ਅੰਗ ੧੫੪)**

**ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥**
**(ਅੰਗ ੨੨੩)**

ਦਵਾਈ, ਬੂਟੀ, ਮੰਤ੍ਰ, ਜੰਤ੍ਰ ਅਤੇ ਤੰਤ੍ਰ ਆਦਿ ਕੋਈ ਭੀ ਉਪਾਇ, ਉਸਦੇ ਹੁਕਮ ਬਿਨਾਂ ਕੁੱਝ ਨਹੀਂ ਕਰ ਸਕਦੇ। ਜਿਸਨੇ ਆਪਣੇ ਚਿੱਤ ਵਿੱਚ ਇਹ ਪੂਰਾ ਵ੍ਿਾਸ ਕਰ ਲਿਆ ਕਿ ਉਸਦੇ ਹੁਕਮ ਬਿਨਾਂ ਅੱਖ ਦਾ ਖੋਲ੍ਹਣਾ ਤੇ ਮੀਚਣਾ ਤੱਕ ਭੀ ਨਹੀਂ ਹੋ ਸਕਦਾ, ਉਹ ਪੁਰ ਇਸ ਵ੍ਿਾਸ ਦੀ ਤਾਕਤ ਨਾਲ ਹੀ ਮੰਤ੍ਰ, ਜੰਤ੍ਰ ਅਤੇ ਤੰਤ੍ਰ ਆਦਿ ਨੂੰ ਤੁੱਛ ਸਮਝਦਾ ਹੈ-

**ਅਉਖਧ ਮੰਤ੍ਰ ਤੰਤ ਸਭਿ ਛਾਰੁ॥ ਕਰਣੈਹਾਰ ਰਿਦੇ ਮਹਿ ਧਾਰੁ॥**
**(ਅੰਗ ੧੯੬)**

ਤਮਾਾ ਕਰਨ ਵਾਲਾ, ਕਾਠ ਦੀਆਂ ਪੁਤਲੀਆਂ ਨੂੰ ਰੰਗ-ਬ-ਰੰਗੇ ਬਸਤ੍ਰ ਪਹਿਨਾ ਕੇ ਕਈ ਕਲਾਂ ਵਿੱਚ ਆਪਣੀ ਮਰੀ ਮੁਤਾਬਿਕ ਹਰਕਤ ਕਰਾਉਂਦਾ ਹੈ। ਉਹ ਨਿਰਜੀਵ ਪੁਤਲੀਆਂ ਕੀ ਅਭਿਮਾਨ ਕਰ ਸਕਦੀਆਂ ਹਨ ਕਿ ਅਸੀਂ ਇਉਂ ਕਰਨਾ ਹੈ ਤੇ ਇਉਂ ਨਹੀਂ ਕਰਨਾ। ਇਹੀ ਹਾਲਤ ਸਭ ਚਰਾਚਰ (ਚੱਲ-ਅਚੱਲ) ਸੰਸਾਰੀ ਦੇਹਾਂ ਦੀ ਹੈ। ਇਹ ਸਭ ਦੇਹਾਂ ਕਾਠ ਦੀਆਂ ਪੁਤਲੀਆਂ ਵਾਂਗੂੰ ਹਨ ਅਤੇ ਸਭ ਦੀ ਡੋਰ ਤੇਰੇ ਪਿਆਰੇ ਵਾਹਿਗੁਰੂ ਦੇ ਹੱਥ ਵਿੱਚ ਹੈ, ਜਿਸ ਨੂੰ ਜਿਵੇਂ ਮਰੀ ਕ੍ਰਿਆ ਕਰਾਵੇ-

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥**
**ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥**

**(ਅੰਗ ੨੦੬)**

ਜੇ ਇਹ ਜੀਵ ਆਪ ਸੁਤੰਤ੍ਰ ਰੂਪ ਚ ਕੁੱਝ ਕਰਨ ਵਿੱਚ ਸਮਰੱਥ ਹੋਣ ਤਾਂ ਕੌਣ ਅਜਿਹਾ ਹੈ ਜੋ ਸੁੱਖ ਨਹੀਂ ਚਾਹੁੰਦਾ? ਸਾਰੇ ਹੀ ਪ੍ਰਾਣੀ ਅਪਣੇ ਸੁੱਖ ਨੂੰ ਮੁੱਖ ਰੱਖ ਕੇ ਹਰਕਤ ਵਿੱਚ ਆਉਂਦੇ ਹਨ। ਦੁੱਖ ਵਾਸਤੇ ਚੇਟਾ ਕਰਨੀ ਤਾਂ ਵੱਖਰੀ ਰਹੀ, ਕੋਈ ਜੀਵ ਮਨ ਵਿੱਚ ਚਿਤਵਦਾ ਭੀ ਨਹੀਂ ਪ੍ਰੰਤੂ ਕਦੇ ਭੀ ਕਿਸੇ ਦੀ ਮਰੀ ਅਨੁਸਾਰ ਨਤੀਜਾ ਨਹੀਂ ਨਿਕਲਦਾ। ਸੈਂਕੜੇ ਯਤਨ ਕਰਨ ਪਰ ਭੀ, ਹੁੰਦਾ ਉਹੀ ਹੈ ਜੋ ਪਿਆਰੇ ਹਰਿਸਿਮਰਨ ! ਤੇਰੇ ਪ੍ਰੀਤਮ ਨੂੰ ਭਾਉਂਦਾ ਹੈ–

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥**
**ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥**
**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥**
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥** **(ਅੰਗ ੧੪੨੮)**

ਉਹ ਪਰੀਪੂਰਨ ਪ੍ਰਮਾਤਮਾ ਹੀ ਕਿਸੇ ਵਿ ਕੰਮ ਦੇ ਕਰਨ ਲਈ, ਇਸ ਜਗਤ ਅੰਦਰ ਗੀਰ ਵਾਲਾ ਹੋਕੇ ਪ੍ਰਗਟ ਹੁੰਦਾ ਹੈ। ਭਾਵੇਂ ਉਸ ਨੂੰ ਗੀਰ ਯੁਕਤ ਹੋ ਕੇ ਪ੍ਰਗਟ ਹੋਣ ਦੀ ਲੋੜ ਨਹੀਂ ਕਿਉਂਕਿ ਗੀਰ ਵਾਲਾ ਹੋ ਕੇ ਉਸ ਨੇ ਪਾਪੀਆਂ ਨੂੰ ਦੰਡ ਤੇ ਧਰਮੀਆਂ ਦੀ ਸਹਾਇਤਾ ਨਹੀਂ ਕਰਨੀ, ਉਹ ਤਾਂ ਵਿਆਪਕ ਰੂਪ ਵਿੱਚ ਹਰ ਇੱਕ ਦੇ ਹਿਰਦੇ ਅੰਦਰ ਰਹਿ ਕੇ ਸਭ ਤੋਂ ਕ੍ਰਿਆ ਕਰਵਾ ਰਿਹਾ ਹੈ। ਪ੍ਰੰਤੂ ਜੋ ਉਸਦੇ ਪ੍ਰੇਮੀ–ਭਗਤ ਆਪਣੀਆਂ ਪੰਜ ਭੌਤਿਕ ਅੱਖਾਂ ਨਾਲ ਕਿਸੇ ਰੂਪ ਵਿੱਚ ਦੇਖਣਾ ਹੀ ਚਾਹੁੰਦੇ ਹਨ, ਉਨ੍ਹਾਂ ਦੀ ਇੱਛਾ ਪੂਰਤੀ ਲਈ ਅਤੇ ਨਾਸਤਕ ਜੋ ਉਸ ਦੀ ਹੋਂਦ ਨੂੰ ਮੰਨਦੇ ਹੀ ਨਹੀਂ, ਉਨ੍ਹਾਂ ਨੂੰ ਆਪਣੀ ਸੱਤਾ ਦਾ ਯਕੀਨ ਦਿਵਾਉਣ ਖਾਤਰ, ਗੀਰ ਵਾਲਾ ਹੋ ਕੇ ਪ੍ਰਗਟ ਹੋ ਜਾਂਦਾ ਹੈ। ਉਹੀ ਨਿਰਵਿਕਾਰ ਪ੍ਰਭੂ ਸਤਜੁਗ ਵਿੱਚ ਬਾਵਨ, ਤ੍ਰੇਤੇ ਵਿੱਚ ਰਾਮ, ਦੁਆਪਰ ਵਿੱਚ ਕ੍ਰਿਨ ਅਤੇ ਕਲਜੁਗ ਵਿੱਚ ਗੁਰੂ ਨਾਨਕ ਅਤੇ ਇਸ ਤੋਂ ਅੱਗੇ ਦਸ ਰੂਪਾਂ ਵਿੱਚ ਪ੍ਰਗਟ ਹੋਇਆ। ਭਵਿੱਖਤ ਕਾਲ ਵਿੱਚ ਕਲਕੀ ਅਵਤਾਰ ਭੀ ਹਾਲਾਂ ਹੋਣਾ ਹੈ। ਉਸਦੀ ਗਤੀ ਕੁੱਝ ਜਾਣੀ ਨਹੀਂ ਜਾ ਸਕਦੀ ਕਿ ਉਸ ਨੇ ਅੱਗੇ ਨੂੰ ਕੀ ਕਰਨਾ ਹੈ, ਪਿੱਛੇ ਕ੍ਰੋੜਾਂ ਅਰਬਾਂ ਕਲਪਾਂ ਵਿੱਚ ਕੀ ਕਰ ਚੁੱਕਾ ਹੈ ਅਤੇ ਹੁਣ ਕੀ ਕਰ ਰਿਹਾ ਹੈ। ਕੋਈ ਜਾਣੇ ਭੀ

ਕਿਸ ਤਰ੍ਹਾਂ? ਕਾਠ ਦੀ ਪੁਤਲੀ ਨੂੰ ਕੀ ਬਰ ਹੈ ਕਿ ਮੈਨੂੰ ਬਾਜੀਗਰ ਨੇ ਕਿਹੋ ਜਿਹੀ ਹਰਕਤ ਕਰਾਉਣੀ ਹੈ? ਮੋਟਰ, ਗੱਡੀ ਅਥਵਾ ਰਥ ਆਦਿ ਜੜ੍ਹ ਪਦਾਰਥਾਂ ਨੂੰ ਕੀ ਪਤਾ ਹੈ ਜੋ ਡਰਾਈਵਰ ਨੇ ਅੱਜ ਕਿੱਥੇ ਨੂੰ ਲੈ ਕੇ ਤੁਰ ਪੈਣਾ ਹੈ?

ਅੱਜ, ਅੱਠ (8) ਮਹੀਨੇ ਬੀਤੇ ਹਨ, ਜਿਸਨੇ ਭੀ ਪਾਕਿਸਤਾਨ ਬਨਣ ਦਾ ਦ੍ਰਿਯ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਉਹ ਉਸ ਨਿਰਭੈ, ਸੁਤੰਤ੍ਰ ਅਤੇ ਬੇਪਰਵਾਹ ਦੀ ਮਰੀ ਨੂੰ ਅੱਛੀ ਤਰ੍ਹਾਂ ਜਾਣ ਸਕਦਾ ਹੈ–

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥** (ਅੰਗ ੫੩੭)

**ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ॥**
**ਤੇਰੇ ਸੰਤਨ ਕੀ ਹਉ ਚੇਰੀ॥ ਰਹਾਉ॥**
**ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥**
**ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ॥**
**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥**
**ਧਰਤੀ ਤੇ ਆਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ॥**
**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥**
**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥**
**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥**
**ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥** (ਅੰਗ ੧੨੫੨)

**ਸਿਆਨਪ ਕਾਹੂ ਕਾਮਿ ਨ ਆਤ॥**
**ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥** (ਅੰਗ ੪੯੬)

**ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥**
(ਅੰਗ ੨੭੭)

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥**
**ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥**
(ਅੰਗ ੪੯੬)

**ਜਿਉ ਪ੍ਰਭ ਭਾਵੈ ਤਿਵੈ ਨਚਾਵੈ॥** (ਅੰਗ ੨੭੮)

ਇਸ ਲਈ ਪਿਆਰੇ ਹਰਿਸਿਮਰਨ! ਇਸ ਭੁਲੇਖੇ ਨੂੰ ਛੇਤੀ ਤੋਂ ਛੇਤੀ ਦੂਰ ਕਰ ਦੇਣ

ਦੀ ਰੂਰਤ ਹੈ ਕਿ ਮੈਂ ਕੁੱਝ ਕਰ ਸਕਦਾ ਹਾਂ-

**ਜੋ ਕਛੁ ਕਰੈ ਸੋਈ ਸੁਖੁ ਮਾਨੁ॥ ਭੂਲਾ ਕਾਹੇ ਫਿਰਹਿ ਅਜਾਨ॥**

**(ਅੰਗ ੨੮੩)**

**ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥**

**(ਅੰਗ ੧੦੮)**

ਸਿਆਣਪ ਇਸੇ ਵਿੱਚ ਹੈ ਕਿ ਆਪਣੇ ਮਾਲਕ ਦੀ ਮਰੀ ਤੋਂ ਉਲਟ ਨਾ ਹੋ ਸਕੀਏ ਯਾਨੀ ਉਹੀ ਕੰਮ ਕਰੀਏ ਜਿਸਦੇ ਕਰਨ ਨਾਲ ਪ੍ਰਭੂ ਰਾੀ ਰਹੇ। ਰਾੀ ਉਹ ਤਦੇ ਰਹਿੰਦਾ ਹੈ ਜੇ ਉਸ ਦਾ ਹੁਕਮ ਮਿੱਠਾ ਕਰਕੇ ਮੰਨੀਏਂ-

**ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥**

**(ਅੰਗ ੪੭੪)**

ਮਨੁੱਖ ਬਥੇਰੀਆਂ ਮਨ ਮਰੀ ਦੀਆਂ ਤਜਵੀਾਂ ਬਣਾਉਂਦਾ ਰਹਿੰਦਾ ਹੈ ਪ੍ਰੰਤੂ ਸਾਰੀਆਂ ਹੀ ਬੇਕਾਰ ਹੋ ਜਾਂਦੀਆਂ ਹਨ।ਸੁਤੰਤ੍ਰ, ਸਰਬੱਗਯ ਪ੍ਰਭੂ, ਉਹ ਕੰਮ ਕਰਦਾ ਹੈ ਜੋ ਇਸਦੇ ਕਦੇ ਯਾਦ-ਚੇਤੇ ਵਿੱਚ ਭੀ ਨਾ ਹੋਵੇ-

**ਕਬੀਰ ਜੋ ਮੈ ਚਿਤਵਉ ਨ ਕਰੈ ਕਿਆ ਮੇਰੇ ਚਿਤਵੇ ਹੋਇ॥**
**ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤ ਨ ਹੋਇ॥**

**(ਅੰਗ ੧੩੭੬)**

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ॥**
**ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ॥** **(ਅੰਗ ੧੩੬੬)**

## *ਪ੍ਰਭੂ ਰਣ*

ਇਸ ਲਈ ਪਿਆਰੇ ਹਰਿਸਿਮਰਨ! ਸਭ ਪ੍ਰਕਾਰ ਦੀਆਂ ਚਤੁਰਾਈਆਂ ਨੂੰ ਛੱਡਕੇ, ਇੱਕ ਸਰਬ-ਕਤੀਮਾਨ ਪ੍ਰਭੂ ਦੀ ਰਣ ਪ੍ਰਾਪਤ ਕਰ-

**ਉਪਾਵ ਛੋਡਿ ਗਹੁ ਤਿਸੁ ਕੀ ਓਟ॥ ਨਿਮਖ ਮਾਹਿ ਹੋਵੈ ਤੇਰੀ ਛੋਟਿ॥**

**(ਅੰਗ ੧੭੭)**

**ਪਾਰਬ੍ਰਹਮ ਕੀ ਸਰਣੀ ਪਾਹਿ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ॥**

**(ਅੰਗ ੧੮੪)**

ਚੱਕੀ ਦੇ ਦੋ ਪੁੜਾਂ (ਪੱਥਰਾਂ) ਵਿੱਚ ਆਇਆ ਅਨਾਜ ਦਾ ਦਾਣਾ ਕਦੇ ਸਾਬਤ ਬਚਦਾ ਹੈ? ਘ੍ਹ ਹੀ ਆਟਾ ਬਣ ਜਾਂਦਾ ਹੈ। ਪ੍ਰੰਤੂ ਜਿਸ ਵਿਚਕਾਰਲੀ

ਕਿੱਲੀ ਦੇ ਆਸਰੇ ਚੱਕੀ ਦਾ ਉੱਪਰਲਾ ਪੁੜ (ਪੱਥਰ) ਘੁੰਮਦਾ ਹੈ, ਉਸ ਕਿੱਲੀ ਨਾਲ ਜੋ ਦਾਣੇ ਲੱਗ ਜਾਂਦੇ ਹਨ, ਉਹੀ ਸਾਬਤ ਬਚ ਰਹਿੰਦੇ ਹਨ ਅਤੇ ਬਾਕੀ ਸਾਰੇ ਆਟਾ ਬਣ ਜਾਂਦੇ ਹਨ। ਤਿਉਂ ਹੀ ਜੋ ਪ੍ਰਭੂ ਦੀ ਰਣ ਵਿੱਚ ਜਾ ਪਏ, ਉਨ੍ਹਾਂ ਨੂੰ ਕਾਲ ਆਪਣੀ ਦਾੜ੍ਹ ਹੇਠਾਂ ਲੈਕੇ ਚਬਾ ਨਹੀਂ ਸਕਦਾ ਕਿਉਂਕਿ ਉਹ ਪ੍ਰਭੂ, ਕਾਲ ਦਾ ਭੀ ਕਾਲ ਹੈ–

**ਦੁਇ ਪੁੜ ਚਕੀ ਜੋੜਿ ਕੈ ਪੀਸਣੁ ਆਇ ਬਹਿਠੁ॥**
**ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥** (ਅੰਗ ੧੪੨)

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥** (ਅੰਗ ੧੪੨੭)

**ੰਕਾ** –ਜਿਸ ਪ੍ਰਭੂ ਦੀ ਰਣ ਗ੍ਰਹਣ ਕਰਕੇ ਕ੍ਰੋੜਾਂ ਹੀ ਕਲੰਕ ਇੱਕ ਛਿੰਨ ਵਿੱਚ ਨਟ ਹੋ ਜਾਂਦੇ ਹਨ, ਉਹ ਪ੍ਰਭੂ–ਰਣ ਕਿਹੋ ਜੇਹੀ ਹੈ?

**ਉੱਤਰ**–ਉਹ ਰਣ ਹਉਂਮੈ ਦੇ ਅਭਾਵ ਵਾਲੀ ਅਵਸਥਾ ਹੈ ਅਰਥਾਤ ਪ੍ਰਭੂ ਹੀ ਸਭ ਕੁੱਝ ਕਰਦਾ ਹੈ, ਮੈਂ ਕੁੱਝ ਭੀ ਨਹੀਂ ਕਰਦਾ ਯਾਨੀ ਜਦੋਂ ਕਰਤਾਪਣੇ ਦਾ ਹੰਕਾਰ ਮਿਟ ਜਾਵੇ। ਜਿਸ ਕਾਲ ਵਿੱਚ ਇਹ ਅਨੰਤ ਕਰਮਾਂ ਦਾ ਕਰਤਾ, ਭੋਗਤਾ ਬਣਿਆਂ ਜੀਵਪਣਾ ਮਿਟ ਜਾਂਦਾ ਹੈ, ਉਸੀ ਕਾਲ ਵਿੱਚ ਅਨੰਤ ਪਾਪ–ਪੁੰਨ ਰੂਪੀ ਕਲੰਕ ਭੀ ਮਿਟ ਜਾਂਦੇ ਹਨ ਕਿਉਂਕਿ ਜਦ ਕੋਈ ਕਰਤਾ ਹੀ ਨਹੀਂ ਰਿਹਾ ਤਾਂ ਭੋਗਤਾ ਬਨਣਾ ਹੀ ਸੰਭਵ ਨਹੀਂ।

ਆਹ! ਇਹ ਅਤੀ ਅਨੰਦਮਈ ਅਵਸਥਾ ਹੈ, ਜਿਸ ਵਿੱਚ ਸਿਵਾਏ ਪ੍ਰਭੂ ਤੋਂ ਹੋਰ ਕੁੱਝ ਹੈ ਹੀ ਨਹੀਂ। ਦੂਜੀ ਕੋਈ ਵਸਤੂ ਨਾ ਹੋਣ ਦੇ ਕਾਰਨ, ਜਿੰਨੇ ਭੀ ਰੀਰ ਆਦਿ ਆਕਾਰ ਭਾਸਦੇ ਹਨ, ਉਹ ਭੀ ਪ੍ਰਭੂ ਹੀ ਹਨ। ਉਨ੍ਹਾਂ ਆਕਾਰਾਂ ਦੁਆਰਾ ਹੋਣ ਵਾਲੀ ਨਾਨਾ ਪ੍ਰਕਾਰ ਦੀ ਕ੍ਰਿਆ ਭੀ ਪ੍ਰਭੂ ਹੀ ਹੈ ਅਤੇ ਕ੍ਰਿਆ ਨੂੰ ਕਰਾਉਣ ਵਾਲਾ ਭੀ ਪ੍ਰਭੂ ਹੀ ਹੈ। ਨਿਸਚੇ ਹੀ ਇਸ ਅਵਸਥਾ ਵਿੱਚ ਰਨਾਰਥੀ ਭੀ ਗੁੰਮ ਹੋ ਜਾਂਦਾ ਹੈ, ਇੱਕ ਉਹੀ ਬਚਦਾ ਹੈ, ਜਿਸਦੀ ਕਿ ਰਣ ਗ੍ਰਹਣ ਕੀਤੀ ਗਈ ਹੈ।

ਜਿਉਂ ਸੂਰਜ ਉਦੇ ਹੁੰਦੇ ਹੀ ਰਾਤ੍ਰੀ ਵਿੱਚ ਪ੍ਰਤੀਤ ਹੋਣ ਵਾਲੇ ਸਾਰੇ ਵਿਕਾਰ ਨਟ ਹੋ ਜਾਂਦੇ ਹਨ ਤਿਉਂ ਪ੍ਰਭੂ ਦਰਨ ਹੁੰਦੇ ਹੀ ਜੀਵ ਅਤੇ ਉਸ ਦੁਆਰਾ ਕੀਤੇ ਹੋਏ ਸਾਰੇ ਕਰਮ ਨਟ ਹੋ ਜਾਂਦੇ ਹਨ। ਇਸ ਤੋਂ ਭਿੰਨ ਕੋਈ ਹੋਰ ਰਣ ਮੰਨ ਲੈਣ ਨਾਲ, ਇੱਕ ਛਿੰਨ ਵਿੱਚ ਅਨੰਤ ਕਲੰਕਾਂ ਦਾ ਅਭਾਵ ਨਹੀਂ ਹੋ ਸਕਦਾ। ਇਸ ਲਈ ਗੁਰੂਦੇਵ ਦੁਆਰਾ ਵਰਣਿਤ ਪ੍ਰਭੂ–ਰਣ ਇਹੋ ਹੀ ਹੈ ਜਿਸ ਵਿੱਚ ਪਾਪ–ਪੁੰਨ

ਰੂਪੀ ਕਲੰਕਾਂ ਦਾ ਆਸਰਾ ਹਉਮੈ ਮੂਲ ਤੋਂ ਹੀ ਉੱਖੜ ਜਾਂਦੀ ਹੈ। ਜੜ੍ਹੋਂ ਪੁੱਟਿਆ ਹੋਇਆ ਬ੍ਰਿਛ, ਟਾਹਣੀਆਂ ਅਤੇ ਪੱਤਿਆਂ ਨੂੰ ਨਾਲ ਲੈ ਕੇ ਹੀ ਡਿਗ ਜਾਂਦਾ ਹੈ।

ਕੋਟ ਕਲੰਕ ਜੋ ਇੱਕ ਛਿੰਨ ਵਿੱਚ ਮਿਟ ਜਾਂਦੇ ਹਨ ਤਾਂ ਨਿਸਚੇ ਹੀ ਕਲੰਕਾਂ ਦਾ ਕਾਰਨ ਹਉਮੈ ਛਿੰਨ ਤੋਂ ਭੀ ਪਹਿਲਾਂ ਮਿਟ ਜਾਂਦੀ ਮੰਨ ਲੈਣਾ ਪੈਂਦਾ ਹੈ ਕਿਉਂਕਿ ਕਾਰਨ ਦੇ ਰਹਿੰਦੇ ਕਾਰਜ ਦਾ ਪ੍ਰਵਾਹ ਰੁਕ ਨਹੀਂ ਸਕਦਾ। ਇਸ ਲਈ ਕਿ ਜਿਸ ਛਿੰਨ ਵਿੱਚ ਕ੍ਰੋੜਾਂ ਕਲੰਕ ਮਿਟ ਜਾਂਦੇ ਹਨ, ਉਸ ਤੋਂ ਦੂਜੇ ਛਿੰਨ ਵਿੱਚ ਹੋਰ ਅਨੰਤ ਉਤਪੰਨ ਹੋ ਜਾਣਗੇ। ਕਾਰਣ ਦੇ ਅਭਾਵ ਹੋਣ ਪਰ ਹੀ ਕਲੰਕਾਂ ਦਾ ਅਤੰਤਾਭਾਵ (ਸਦਾ ਲਈ ਮਿਟ ਜਾਣਾ) ਸਿੱਧ ਹੋ ਸਕਦਾ ਹੈ। ਇਹ ਉਸ ਪ੍ਰਭੂ ਦੀ ਪ੍ਰਤਿੱਗਾ ਹੈ ਕਿ ਜੋ ਕੋਈ ਵੀ ਸ਼ਰਣ ਗ੍ਰਹਣ ਕਰਦਾ ਹੈ, ਚਾਹੇ ਉਹ ਕਿਹੋ ਜਿਹਾ ਪਾਪੀ ਵੀ ਕਿਉਂ ਨਾ ਹੋਵੇ, ਪ੍ਰਭੂ ਉਸ ਨੂੰ ਆਪਣੇ ਗਲ ਨਾਲ ਲਾ ਲੈਂਦਾ ਯਾਨੀ ਅਭੇਦ ਕਰ ਲੈਂਦਾ ਹੈ। ਅਜਿਹੀ ਅਵਸਥਾ ਵਿੱਚ ਉਸ ਨੂੰ ਕੀ ਭੈ ਹੋ ਸਕਦਾ ਹੈ?

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

**(ਅੰਗ ੫੪੪)**

ਉਸ ਦੀ ਸ਼ਰਣ ਗ੍ਰਹਣ ਕੀਤੇ ਬਿਨਾਂ ਭਾਵੇਂ ਕ੍ਰੋੜਾਂ ਜਪ, ਤਪ, ਸੰਜਮ ਆਦਿ ਸਾਧਨ ਕਰ ਲਏ ਜਾਣ, ਸਭ ਨਿਫਲ ਹਨ ਯਾਨੀ ਦ੍ਵੈਤ ਰੂਪੀ ਤਪਤ ਨਹੀਂ ਬੁਝ ਸਕਦੀ। ਇਸ ਤਪਤ ਦੇ ਬੁੱਝੇ ਬਿਨਾਂ, ਭਲਾ ਅਦ੍ਵੈਤ ਰੂਪ ਪ੍ਰਭੂ ਦਾ ਦਰਸ਼ਨ ਕਿਸ ਤਰ੍ਹਾਂ ਹੋ ਸਕਦਾ ਹੈ?

**ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ॥**
**ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ॥** **(ਅੰਗ ੫੪੫)**

ਪਿਆਰੇ ਹਰਿਸਿਮਰਨ! ਜੇ ਤੈਨੂੰ ਸੰਸਾਰ ਵਿੱਚ ਕੋਈ ਆਪਣਾ ਆਸਰਾ ਨਜ਼ਰ ਆਉਂਦਾ ਹੈ ਤਾਂ ਉਹ ਤੇਰੇ ਵਾਂਗੂੰ ਕਾਠ ਦੀ ਪੁਤਲੀ ਹੀ ਹੋਵੇਗਾ, ਤੇਰਾ ਕੀ ਸਵਾਰੇਗਾ? ਇਸ ਲਈ ਸਭ ਪਾਸਿਆਂ ਤੋਂ ਚਿੱਤ ਨੂੰ ਖਿੱਚ ਕੇ, ਇੱਕ ਆਪਣੇ ਪਿਆਰੇ ਪ੍ਰਭੂ ਦੀ ਸ਼ਰਣ ਗ੍ਰਹਣ ਕਰ ਤਾਂ ਕਿ ਤੂੰ ਸਭ ਉਪੱਦ੍ਰਵਾਂ ਤੋਂ ਬਚ ਕੇ, ਸੁੱਖ ਪੂਰਬਕ ਆਪਣੇ ਪ੍ਰੀਤਮ ਪਾਸ ਰਹਿ ਸਕੇਂ। ਪ੍ਰੀਤਮ ਦੀ ਸ਼ਰਣ ਤੈਨੂੰ ਨਿਰਭੈ ਕਰ ਦੇਵੇਗੀ ਕਿਉਂਕਿ ਉਸ ਤੋਂ ਭਿੰਨ ਤਾਂ ਸਭ ਕਾਠ ਦੀਆਂ ਪੁਤਲੀਆਂ ਹੀ ਹਨ, ਇਹ ਤੇਰਾ ਕੀ ਵਿਗਾੜਨਗੀਆਂ? ਇਨ੍ਹਾਂ ਪਾਸੋਂ ਭੈ ਤਾਂ ਤੈਨੂੰ ਉਸ ਅਵਸਥਾ ਵਿੱਚ ਹੀ ਆਉਂਦਾ ਹੈ, ਜਿਸ ਵਿੱਚ ਕਿ ਇਨ੍ਹਾਂ ਦੇ ਪ੍ਰੇਰਕ ਅੰਤਰਜਾਮੀ ਪ੍ਰਭੂ ਦਾ

ਵਾਕੰ ਨਹੀਂ ਹੈਂ। ਇਸ ਉੱਤਮ ਸਿਧਾਂਤ ਨੂੰ ਗ੍ਰਹਣ ਕਰਨ ਨਾਲ, ਤੈਨੂੰ ਪਤਾ ਲੱਗ ਜਾਵੇਗਾ ਕਿ ਮੈਂ ਕੁੱਝ ਭੀ ਕਰਨ ਵਿੱਚ ਸਮਰੱਥ ਨਹੀਂ ਹਾਂ। ਜਦ ਤੂੰ ਕੁੱਝ ਕਰਨ ਵਿੱਚ ਸਮਰੱਥ ਨਹੀਂ ਤਾਂ ਬਾਕੀ ਜਗਤ ਭੀ ਤੇਰੇ ਵਰਗਾ ਹੀ ਹੈ ਅਤੇ ਕੋਈ ਭੀ ਸਮਰੱਥ ਨਹੀਂ–

**ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥**

**(ਅੰਗ ੨੭੭)**

ਇਸ ਸਿਧਾਂਤ ਨੂੰ ਜਦੋਂ ਪੁਰ ਸਮਝ ਲੈਂਦਾ ਹੈ ਤਦ ਉਹ ਮੈਂ ਕਰਦਾ ਹਾਂ ਅਜਿਹਾ ਕਦੇ ਭੀ ਨਹੀਂ ਮੰਨਦਾ–

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥** **(ਅੰਗ ੧)**

## *ਉੱਦਮ ਅਤੇ ਪ੍ਰਭੂ ਰਣ*

ਂ **ਕਾ** –ਜੇ ਇਹ ਗੱਲ ਹੈ ਯਾਨੀ ਮਨੁੱ ਕੁੱਝ ਕਰ ਹੀ ਨਹੀਂ ਸਕਦਾ, ਜਿਤਨੀ ਭੀ ਇਸਦੀ ਹਰਕਤ ਹੈ, ਸਾਰੀ ਅੰਤਰਜਾਮੀ ਪ੍ਰਭੂ ਹੀ ਕਰਾਉਂਦਾ ਹੈ ਤਾਂ ਉੱਦਮ ਬਿਲਕੁੱਲ ਨਿਸਫਲ ਹੈ। ਪੁਰਾਰਥ (ਉੱਦਮ) ਸੰਬੰਧੀ ਜਿੰਨੇ ਭੀ ਾਸਤ੍ਰ ਦੇ ਵਿਧੀ–ਨਿਧ ਬਚਨ ਹਨ, ਉਹ ਪ੍ਰਯੋਜਨਹੀਨ ਸਿੱਧ ਹੋਣਗੇ। ਮਰਯਾਦਾ ਭੰਗ ਹੋਣ ਨਾਲ ਸੁਭਾਵਿਕ ਹੀ ਜਿਹੋ ਜਿਹੀ ਕ੍ਰਿਆ ਹੋਵੇਗੀ, ਹੁੰਦੀ ਰਹੇਗੀ। ਪਾਪ–ਪੁੰਨ ਦਾ ਵਿਚਾਰ ਰਹੇਗਾ ਹੀ ਨਹੀਂ। ਫਿਰ ਉਹ ਪੂ ਤੁੱਲ ਕੀਤੀ ਹਰਕਤ, ਮਨੁੱਖ–ਜੀਵਨ ਦੀ ਉੱਚਤਾਈ ਦਾ ਕੋਈ ਸਬੂਤ ਨਹੀਂ ਦੇਵੇਗੀ? ਉਪ੍ਰੋਕਤ ਸਿਧਾਂਤ ਬਾਰੇ ਬਾਣੀ ਅੰਦਰ ਇੱਥੋਂ ਤੱਕ ਗੱਲ ਕਹੀ ਗਈ ਹੈ ਕਿ–

**ਨਾ ਕੋ ਚਤੁਰੁ ਨਾਹੀ ਕੋ ਮੂੜਾ॥ ਨਾ ਕੋ ਹੀਣੁ ਨਾਹੀ ਕੋ ਸੂਰਾ॥**
**ਜਿਤੁ ਕੋ ਲਾਇਆ ਤਿਤ ਹੀ ਲਾਗਾ॥** **(ਅੰਗ ੨੩੮-੩੯)**

**ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥**

**(ਅੰਗ ੯੮)**

ਇਤਿਆਦਿਕ ਬਚਨ ਪੁਰਾਰਥ ਦਾ ਨਾਮ ਨਿਾਨ ਨਹੀਂ ਰਹਿਣ ਦਿੰਦੇ ਤਥਾ ਉਸ ਨਿਰਦੋ ਈ੍ਵਰ ਉਤੇ ਇਹ ਭੀ ਦੋ ਲਾਗੂ ਹੋ ਸਕੇਗਾ ਕਿ ਮੂਰਖ, ਚਤੁਰ, ਅਮੀਰ, ਗਰੀਬ, ਸੁਖੀ ਅਤੇ ਦੁਖੀ ਆਦਿ ਜਗਤ ਦੀ ਬਿਖਮ ਰਚਨਾ ਦਾ ਕਰਤਾ ਪ੍ਰਮ੍ਵੇਰ, ਰਾਗ–ਦ੍ਵੈ ਯੁਕਤ ਸਾਧਾਰਣ ਜੀਵ ਦੇ ਤੁੱਲ ਹਨ। ਇਸ ਲਈ

ਪੁਰ ਨੂੰ ਾਸਤ੍ ਅਨਸਾਰ ਬੁਰੇ ਕਰਮਾਂ ਤੋਂ ਨਿਵਿਰਤ ਅਤੇ ਅੱਛੇ ਕਰਮਾਂ ਵਿੱਚ ਪ੍ਰਵਿਰਤ ਹੋਣਾ ਚਾਹੀਏ, ਕਿਉਂਕਿ੍ ੱਭ-ਅੁੱਭ ਦੀ ਪ੍ਰਵਿਰਤੀ ਬਾਰੇ ਵਿਚਾਰ ਕਰਨ ਵਿੱਚ ਮਨੁੱ ਦੀ ਬੁੱਧੀ ਸਮਰੱਥ ਹੈ। ਇਸ ਜੀਵ ਨੂੰ ਬੁੱਧੀਮਾਨ ਬਣਕੇ, ਆਪਣਾ ਜੀਵਨ ਉੱਚਾ ਕਰਨਾ ਚਾਹੀਏ ਤਾਂ ਕਿ ਚੁਰਾਸੀ ਲੱਖ ਜੂੰਨਾਂ ਦੇ ਗੇੜ ਵਿੱਚੋਂ ਨਿੱਕਲ ਕੇ ਪ੍ਰਭੂ ਨਾਲ ਅਭੇਦ ਹੋ ਸਕੇ। ਇਹ ਸਭ ਕੁੱਝ ਪੁਰਾਰਥ ਕੀਤੇ ਬਿਨਾਂ, ਕਿਸ ਤਰ੍ਹਾਂ ਹੋ ਸਕੇਗਾ? ਆਪ ਦੇ ਸਿਧਾਂਤ ਨੇ ਤਾਂ ਉੱਦਮ ਨੂੰ ਸਮੁੰਦਰ ਵਿੱਚ ਹੀ ਸੁੱਟ ਦਿੱਤਾ ਹੈ। ਵਟਿ ਜੀ ਨੇ ਰਾਮ ਨੂੰ ਆਖਿਆ ਕਿ ਹੇ ਰਾਮ! ਮੂਰਖਾਂ ਨੇ ਇਹ ਕਲਪਨਾ ਕੀਤੀ ਹੈ ਕਿ ਸਾਡੇ ਸਾਰੇ ਕੰਮ, ਪ੍ਰਮੂੇਰ ਆਪ ਹੀ ਕਰ ਦੇਵੇਗਾ। ਜੋ ਆਪ ਪੁਰਾਰਥ ਨੂੰ ਛੱਡ ਬੈਠੇ ਹਨ, ਅਜਿਹੇ ਪੁਰਾਂ ਦਾ ਵਿਨਾ ਹੋ ਚੁੱਕਾ ਹੈ ਪ੍ਰੰਤੂ ਜੋ ਬੁੱਧੀਮਾਨ ਹਨ, ਉਨ੍ਹਾਂ ਨੇ ਪੁਰਾਰਥ ਦੁਆਰਾ ਪਰਮਪਦ ਦੀ ਪ੍ਰਾਪਤੀ ਕਰ ਲਈ ਹੈ।

**ਪ੍ ਨ** -ਇਸ ਵਿੱਚ ਸਾਨੂੰ ਸਮਝ ਨਹੀਂ ਆਉਂਦੀ ਕਿ ਸਭ ਪੁਰਾਰਥਾਂ ਦਾ ਤਿਆਗ ਕਰ ਕੇ ਪ੍ਰਭੂ ਰਣ ਗ੍ਰਹਣ ਕੀਤਿਆਂ, ਉਸਦੀ ਪ੍ਰਾਪਤੀ ਹੁੰਦੀ ਹੈ ਅਥਵਾ ਪੁਰਾਰਥ ਦੁਆਰਾ ਹੀ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ?

**ਉੱਤਰ**-ਇਹ ਬਹੁਤ ਥੋੜ੍ਹਾ ਕਿਹਾ ਹੈ, ਤੁਹਾਨੂੰ ਇਹ ਭੀ ਕਹਿ ਦੇਣਾ ਚਾਹੀਏ ਕਿ ਮਨੁੱਖ ਨੂੰ ਰੋਟੀ ਭੀ ਨਹੀਂ ਪਕਾਉਣੀ ਚਾਹੀਏ, ਸਾਮ੍ਹਣੇ ਪਏ ਥਾਲ ਵੱਲ ਰੋਟੀ ਖਾਣ ਖਾਤਰ, ਹੱਥ ਭੀ ਅੱਗੇ ਨਹੀਂ ਵਧਾਉਣਾ ਅਤੇ ਰੋਟੀ ਖਾਣ ਖਾਤਰ ਮੂੰਹ ਭੀ ਨਹੀਂ ਹਿਲਾਉਣਾ ਚਾਹੀਏ, ਉਹ ਪ੍ਰਮਾਤਮਾ ਆਪ ਹੀ ਰੋਟੀ ਪਕਾ ਜਾਵੇਗਾ ਅਤੇ ਆਕੇ ਆਪ ਹੀ ਖੁਆ ਦੇਵੇਗਾ ਕਿਉਂਕਿ ਇਨਸਾਨ ਤਾਂ ਕੁੱਝ ਕਰ ਹੀ ਨਹੀਂ ਸਕਦਾ, ਕਦੇ ਕਾਠ ਦੀ ਨਿਰਜੀਵ ਪੁਤਲੀ ਭੀ ਆਪਣੇ ਆਪ ਹਿੱਲਿਆ ਕਰਦੀ ਹੈ?

ਅਸਲੀਅਤ ਤੋਂ ਅਣਜਾਣ ਅਗਿਆਨੀ ਲੋਕ ਇਹੋ ਜਿਹੇ ਅਗਿਆਨ ਭਰੇ ਖਿਆਲ ਪ੍ਰਗਟ ਕਰਿਆ ਕਰਦੇ ਹਨ ਅਤੇ ਇਸ ਬੇਸਮਝੀ ਦੇ ਕਾਰਨ ਹੀ ਆਪਣੇ-ਆਪ ਨੂੰ ਕੁੱਝ ਮੰਨ ਕੇ ਕਿ ਮੈਂ ਕਰਦਾ ਹਾਂ ਇਉਂ ਅਭਿਮਾਨ ਯੁਕਤ ਹੋ ਕੇ ਹੰਕਾਰ ਦੁਆਰਾ ਕੀਤੀ ਹੋਈ, ਅੱਛੀ-ਬੁਰੀ ਚੇਟਾ ਦਾ ਫਲ ਭੋਗਣ ਾਤਰ, ਕਦੇ ਮਰਦੇ ਅਤੇ ਕਦੇ ਜੰਮਦੇ ਹਨ। ਹਲਟ (ਖੂਹ ਵਿੱਚੋਂ ਪਾਣੀ ਕੱਢਣ ਦਾ ਸਾਧਨ) ਦੀਆਂ ਟਿੰਡਾਂ (ਪਾਣੀ ਭਰ ਕੇ ਲਿਆਉਣ ਵਾਲੇ ਡੱਬੇ) ਵਾਂਗੂੰ ਮਰਨ ਤੇ ਜੰਮਣ ਦੇ ਗੇੜ

ਵਿੱਚੋਂ ਕਦੇ ਨਿੱਕਲ ਹੀ ਨਹੀਂ ਸਕਦੇ ਕਿਉਂਕਿ ਹੰਕਾਰ ਯੁਕਤ ਕੀਤਾ ਹੋਇਆ ਕਰਮ, ਕਦੇ ਭੀ ਫਲ ਦਿੱਤੇ ਬਿਨਾਂ ਆਪਣਾ ਪ੍ਰਭਾਵ ਨਹੀਂ ਛੱਡਦਾ। ਜਿਸ ਅਜਿਹੀ ਹਾਲਤ ਵਿੱਚ ਜੀਵ ਕਰਮ ਕਰਦੇ ਹਨ ਤੇ ਫਲ ਪ੍ਰਦਾਤਾ ਈਸ਼੍ਵਰ, ਉਨ੍ਹਾਂ ਕਰਮਾਂ ਦਾ ਫਲ ਦਿੰਦਾ ਹੈ, ਇਸ ਲਈ-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** (ਅੰਗ ੯੩੭)

ਇਸ ਅਟੱਲ ਹੁਕਮ ਦੇ ਕਿੰਜੇ ਨਾਲ ਖੂਬ ਕਾਬੂ ਕਰ ਲਏ ਜਾਂਦੇ ਹਨ। ਨਾ ਇਨ੍ਹਾਂ ਜੀਵਾਂ ਦੁਆਰਾ ਕੀਤੇ ਹੋਏ ਪਾਪ ਤੇ ਪੁੰਨ ਦਾ ਅੰਤ ਹੁੰਦਾ ਹੈ ਤੇ ਨਾ ਹੀ ਮਰਨ-ਜੰਮਣ ਰੂਪੀ ਕੈਦ ਵਿੱਚੋਂ ਨਿਕਲ ਸਕਦੇ ਹਨ ਕਿਉਂਕਿ ਜੋ ਮਨੁੱਖ ਚੋਰੀਆਂ ਤੇ ਡਾਕੇ ਆਦਿ ਬਦਮਾਸ਼ੀਆਂ ਕਰਨ ਤੋਂ ਨਹੀਂ ਹਟਦਾ, ਉਸ ਨੂੰ ਸਜ਼ਾ ਦੇਣ ਖਾਤਰ ਸਰਕਾਰ ਕਦ ਪਿੱਛਾ ਛੱਡਦੀ ਹੈ? ਉਸਦੀ ਖੋਜ ਲਈ ਤਾਂ ਰਾਤ ਦਿਨ ਸਿਪਾਹੀ ਫਿਰਦੇ ਹਨ ਅਤੇ ਫੜ ਕੇ ਜੇਲ੍ਹ ਵਿੱਚ ਦੇ ਦਿੰਦੇ ਹਨ। ਸਜ਼ਾ ਭੋਗ ਕੇ ਜੇਲ੍ਹ ਵਿੱਚੋਂ ਨਿਕਲਦਾ ਹੈ ਤੇ ਫਿਰ ਆਪਣੇ ਸੁਭਾਉ ਮੁਤਾਬਿਕ ਲਾਚਾਰ ਹੋਇਆ ਚੋਰੀਆਂ ਆਦਿ ਕਰਦਾ ਹੈ ਤੇ ਫਿਰ ਫੜ ਕੇ ਜੇਲ੍ਹ ਵਿੱਚ ਦੇ ਦਿੱਤਾ ਜਾਂਦਾ ਹੈ। ਜਿੰਨਾ ਚਿਰ ਉਹ ਸਰਕਾਰ ਦੇ ਕਾਨੂੰਨ ਮੁਤਾਬਿਕ ਆਪਣਾ ਸੁਭਾਉ ਨਹੀਂ ਬਣਾਉਂਦਾ, ਉਨ੍ਹਾਂ ਚਿਰ ਕਦੇ ਭੀ ਜੇਲ੍ਹ ਵਿੱਚ ਆਉਣਾ-ਜਾਣਾ ਬੰਦ ਨਹੀਂ ਹੋ ਸਕਦਾ। ਇਸ ਵਿੱਚ ਸਰਕਾਰ ਦਾ ਕੀ ਦੋਸ਼? ਉਸ ਨਿਰਦੋਸ਼ ਸਰਕਾਰ ਪਰ ਕੌਣ ਇਹ ਦੋਸ਼ ਆਰੋਪਨ ਕਰ ਸਕਦਾ ਹੈ ਕਿ ਬਾਕੀ ਲੋਕ ਘਰਾਂ ਵਿੱਚ ਬੈਠੇ ਸੁੱਖ ਨਾਲ ਐਸ਼ ਉਡਾ ਰਹੇ ਹਨ ਅਤੇ ਇਸ ਵਿਚਾਰੇ ਨੂੰ ਜੇਲ੍ਹ ਵਿੱਚ ਨਾਨਾ ਪ੍ਰਕਾਰ ਦੇ ਦੁੱਖ ਦਿੱਤੇ ਜਾ ਰਹੇ ਹਨ। ਜਿਉਂ ਇਸ ਦ੍ਰਿਸ਼ਟਾਂਤ ਵਿੱਚ ਸਰਕਾਰ ਨਿਰਦੋਸ਼ ਹੈ, ਉਹ ਕੇਵਲ ਮਨੁੱਖ ਦੀ ਕੀਤੀ ਗਈ ਬੁਰੀ ਕ੍ਰਿਆ ਦਾ ਹੀ ਫਲ ਦਿੰਦੀ ਹੈ, ਤਿਉਂ ਹੀ ਸਭ ਤੋਂ ਵੱਡੀ ਸਰਕਾਰ (ਪ੍ਰਮਾਤਮਾ) ਭੀ ਬਿਲਕੁਲ ਨਿਰਦੋਸ਼ ਹੈ। ਅਮੀਰੀ, ਗਰੀਬੀ, ਸੁੱਖ ਅਤੇ ਦੁੱਖ ਆਦਿ ਜੀਵਾਂ ਦੀ ਅਹੰਕਾਰ ਪੂਰਬਕ ਕੀਤੀ ਹੋਈ ਭਲੀ ਅਤੇ ਬੁਰੀ ਚੇਸ਼ਟਾ ਦਾ ਹੀ ਫਲ ਹੈ, ਪ੍ਰਮਾਤਮਾ ਤਾਂ ਸਮਦ੍ਰਿਸ਼ਟੀ ਹੈ-

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥** (ਅੰਗ ੧੩੪)

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

(ਅੰਗ ੪੩੩)

ਇਸੇ ਵਾਸਤੇ ਕਬੀਰ ਜੀ ਕਹਿੰਦੇ ਹਨ ਕਿ ਹੇ ਮੂਰਖ ਮਨ! ਐਵੇਂ ਕਿਉਂ ਉੱਚੀਆਂ ਨੀਵੀਆਂ ਵਿਅਰਥ ਦਲੀਲਾਂ ਪਿਆ ਕਰਦਾ ਹੈਂ ਅਤੇ ਵਿਅਰਥ ਬਕਵਾਦ (ਫੂਲ ਬੋਲਣਾ) ਕਰ ਰਿਹਾ ਹੈਂ? ਤੇਰੇ ਪੂਰਬਲੇ ਕੀਤੇ ਕਰਮਾਂ ਦਾ ਫਲ, ਕਦੇ ਵੀ ਨਹੀਂ ਟ ਸਕਦਾ। ਤੇਰੇ ਕਰਮ ਅਤੇ ਤੇਰੇ ਕਰਮਾਂ ਮੁਤਾਬਿਕ ਫਲ ਦੇਣ ਵਾਲਾ ਪ੍ਰਮਾਤਮਾ, ਦੋਨੋਂ ਜੋ ਕੁੱਝ ਕਰ ਰਹੇ ਹਨ, ਉਸ ਨੂੰ ਮੇਟਣ ਵਿੱਚ ਕੋਈ ਭੀ ਸਮਰੱਥ ਨਹੀਂ-

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ॥**
**ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ॥** (ਅੰਗ ੧੩੬੬)

ਇਸ ਲਈ ਜਦ ਤੱਕ ਇਹ ਜੀਵ ਅਹੰਕਾਰ ਤੋਂ ਰਹਿਤ ਨਹੀਂ ਹੁੰਦਾ ਤਦ ਤੱਕ ਇਸ ਨੂੰ ਾਂਤੀ ਕਿੱਥੇ? ਮੈਂ ਕਰਦਾ ਹਾਂ ਇਸਦੇ ਯੁਕਤ ਹੋ ਕੇ ਕਰ ਲਵੇ ਜਿੰਨੇ ਪੁਰਾਰਥ ਕਰਨੇ ਹਨ, ਕੋਈ ਵੀ ਪੁਰਾਰਥ ਜੰਮਣ-ਮਰਨ ਦੇ ਗੇੜ ਵਿੱਚੋਂ ਕੱਢਕੇ ਸੁਖੀ ਨਹੀਂ ਕਰ ਸਕਦਾ। ਹਉਮੈਂ ਨਾਲ ਗ੍ਰਸਿਆ ਹੋਇਆ ਭਾਵੇਂ ਕੋਈ ਕਿੰਨਾ ਉੱਚਾ (ਚੰਗਾ) ਕਰਮ ਕਰੇ, ਉਸ ਦਾ ਫਲ ਭੋਗਣ ਲਈ ਜੰਮਣ ਤੇ ਮਰਨ ਦਾ ਰਸਤਾ ਅਵੱ ਹੀ ਅਖਤਿਆਰ ਕਰਨਾ ਪਵੇਗਾ।

ਸਾਰੇ ਕੀਤੇ ਹੋਏ ਕਰਮਾਂ ਦੇ ਫਲ ਭੋਗ ਕੇ ਇਸ ਦਾ ਛੁਟਕਾਰਾ ਹੋ ਜਾਵੇਗਾ ਇਹ ਭੀ ਨਹੀਂ ਹੋ ਸਕਦਾ ਕਿਉਂਕਿ ਨਵਾਂ ਕਰਾ ਲੈ ਕੇ ਜੋ ਪਿਛਲਾ ਕਰਾ ਉਤਾਰਿਆ ਜਾਂਦਾ ਹੈ, ਉਹ ਮਨੁੱਖ ਕਰੇ ਥੱਲੇ ਆਇਆ ਕਿਸ ਤਰ੍ਹਾਂ ਨਿਕਲ ਸਕਦਾ ਹੈ? ਅਰਥਾਤ ਪਿਛਲੇ ਕਰਮਾਂ ਦਾ ਫਲ ਭੋਗਣ ਲਈ, ਜਿਸ ਨਵੀਂ ਦੇਹ ਵਿੱਚ ਆਉਂਦਾ ਹੈ, ਉਸ ਵਿੱਚ ਕੀਤੇ ਕਰਮਾਂ ਦਾ ਫਲ ਭੋਗਦਾ ਹੋਇਆ, ਹੋਰ ਨਵੇਂ ਕਰਮ ਜਿਨ੍ਹਾਂ ਨੂੰ ਕ੍ਰਿਆਮਾਨ ਕਹਿੰਦੇ ਹਨ, ਹੰਕਾਰ ਯੁਕਤ ਹੋਇਆ ਕਰਦਾ ਰਹਿੰਦਾ ਹੈ। ਜੇ ਨਹਿਰ ਹੈੱਡ (ਮੁੱਢ) ਤੋਂ ਹੀ ਬੰਦ ਨਹੀਂ ਕੀਤੀ ਗਈ, ਉਸ ਆ ਰਹੇ ਪਾਣੀ ਦੇ ਬੰਦ ਕਰਨ ਾਤਰ ਭਾਵੇਂ ਕ੍ਰੋੜਾਂ ਯਤਨ ਕੀਤੇ ਜਾਣ, ਉਹ ਕਦ ਰੁਕਦਾ ਹੈ? ਜਿਉਂ ਇਹ ਦ੍ਰਿਟਾਂਤ ਹੈ ਤਿਉਂ ਹੀ ਜਦ ਸੱਚਮੁੱਚ ਹੀ ਉੱਤਮ ਸਿਧਾਂਤ ਨੂੰ ਸਮਝ ਕੇ ਅੰਤਰਜਾਮੀ ਈ੍ਰਰ ਦੀ ਰਣ ਲੈ ਲੈਂਦਾ ਹੈ ਯਾਨੀ ਅਹੰਕਾਰ ਤੋਂ ਰਹਿਤ ਹੋ ਜਾਂਦਾ ਹੈ ਅਤੇ ਆਪਣੇ ਆਪ ਨੂੰ ਕਿਸੇ ਭੀ ਕ੍ਰਿਆ ਦਾ ਕਰਤਾ ਨਹੀਂ ਮੰਨਦਾ, ਉਸਦੀ ਆਗਿਆ ਵਿੱਚ ਕਾਠ ਦੀ ਪੁਤਲੀ ਵਾਂਗੂੰ ਰਹਿਣ ਲੱਗ ਜਾਂਦਾ ਹੈ, ਉਸ ਵਕਤ ਜੰਮਣ-ਮਰਨ ਰੂਪ ਦਰਿਆ ਹੈੱਡ ਉੱਤੋਂ ਰੁਕ ਜਾਂਦਾ ਹੈ। ਫਿਰ

ਉਸ ਜੀਵ ਰੂਪ ਨਹਿਰ ਦਾ ਪਾਣੀ ਪ੍ਰਮਾਤਮਾ ਰੂਪ ਦਰਿਆ ਹੋ ਕੇ ਵਹਿੰਦਾ ਹੈ ਯਾਨੀ ਪ੍ਰਮਾਤਮ ਸ੍ਵਰੂਪ ਹੁੰਦਾ ਹੋਇਆ ਹੀ ਪ੍ਰਮਾਤਮ ਸ੍ਵਰੂਪ ਹੋ ਜਾਂਦਾ ਹੈ। ਇਸ ਪ੍ਰਕਾਰ ਸੰਚਿਤ ਅਤੇ ਕ੍ਰਿਆਮਾਨ ਕਰਮ, ਸਾਰੇ ਹੀ ਭਸਮ ਹੋ ਜਾਂਦੇ ਹਨ। ਪ੍ਰਾਰੱਬਧ ਕਰਮ ਭੋਗ ਕੇ ਨਾ ਹੋ ਜਾਂਦੇ ਹਨ। ਕਰਮਾਂ ਦੇ ਨਾ ਰਹਿਣ ਕਾਰਨ, ਜਨਮ ਦਾ ਕੋਈ ਨਮਿੱਤ ਹੀ ਨਹੀਂ ਅਤੇ ਜਨਮ ਤੋਂ ਬਿਨਾਂ ਦੁੱਖਾਂ ਦੀ ਪ੍ਰਾਪਤੀ ਅਸੰਭਵ ਹੈ। ਇਸ ਪ੍ਰਕਾਰ ਪ੍ਰਭੂ ਰਣ ਵਿੱਚ ਪਹੁੰਚਿਆ ਹੋਇਆ ਪੁਰ, ਪਰਮ ਾਂਤੀ ਨੂੰ ਪ੍ਰਾਪਤ ਹੁੰਦਾ ਹੈ।

ਸਰਬ ਕਤੀਮਾਨ ਪ੍ਰਭੂ ਦੀ ਰਣ ਗ੍ਰਹਣ ਕਰ ਲੈਣ ਨਾਲੋਂ, ਹੋਰ ਵੱਡਾ ਕੋਈ ਭੀ ਪੁਰਾਰਥ ਨਹੀਂ ਹੈ। ਇਸਦੇ ਅੰਦਰ ਸਾਰੇ ਹੀ ਪੁਰਾਰਥ ਸਮਾਪਤ ਹੋ ਜਾਂਦੇ ਹਨ। ਜਿਸਨੇ ਆਪਣਾ ਤਨ-ਮਨ ਪ੍ਰਭੂ ਦੇ ਹਵਾਲੇ ਕਰ ਦਿੱਤਾ, ਉਸਦਾ ਸਭ ਕੁੱਝ ਹੀ ਪ੍ਰਭੂ ਦੇ ਅਰਪਣ ਹੋ ਜਾਂਦਾ ਹੈ ਕਿਉਂਕਿ ਜਿੰਨਾਂ ਧਨ-ਪਦਾਰਥ, ਪੁੱਤਰ-ਇਸਤ੍ਰੀ ਅਤੇ ਸੰਬੰਧੀ ਆਦਿ ਹੁੰਦੇ ਹਨ, ਉਹ ਸਭ ਰੀਰ ਦੀ ਇਸਥਿਤੀ ਤੱਕ ਹੀ ਅਪਣੇ ਹੋਇਆ ਕਰਦੇ ਹਨ। ਜਦ ਇਹ ਰੀਰ ਹੀ ਆਪਣਾ ਨਾ ਰਿਹਾ, ਪ੍ਰਭੂ ਦਾ ਹੋ ਚੁੱਕਿਆ ਹੈ, ਤਦ ਸਭ ਵਸਤੂ ਹੀ ਪ੍ਰਭੂ ਦੀ ਹੋ ਗਈ। ਬੱਸ! ਇਸ ਤੋਂ ਅੱਗੇ ਕੋਈ ਹੋਰ ਪੁਰਾਰਥ ਨਹੀਂ, ਫਿਰ ਤਾਂ ਸ੍ਵਾਮੀ ਦੀ ਮਰੀ ਹੈ ਕਿ ਨੌਕਰ ਪਾਸੋਂ ਜੋ ਚਾਹੇ ਸੋਈ ਕਰਾਈ ਜਾਵੇ-

**ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥** **(ਅੰਗ ੩੩੮)**

ਅਸਲ ਵਿੱਚ ਗੱਲ ਇਹੋ ਹੀ ਹੈ, ਐਵੈਂ ਹਉਮੈ ਨਾਲ ਗਰਕ ਹੋਇਆ ਜੀਵ ਮੈਂ ਇਹ ਕਰੂੰਗਾ, ਇਹ ਨਹੀਂ ਕਰੂੰਗਾ ਮੰਨਦਾ ਹੈ ਤੇ ਆਪਣੀ ਕੀਤੀ ਦਾ ਫਲ ਵੀ ਪਾਉਂਦਾ ਹੈ। ਜਿੰਨਾਂ ਚਿਰ ਇਹ ਹਉਮੈਂ ਯੁਕਤ ਰਹਿੰਦਾ ਹੈ, ਓਨਾਂ ਚਿਰ ਪਾਪ-ਪੁੰਨ ਦਾ ਿਮੇਵਾਰ ਭੀ ਇਹ ਆਪ ਹੀ ਰਹਿੰਦਾ ਹੈ। ਜਦ ਪ੍ਰਭੂ ਰਣ ਗ੍ਰਹਣ ਕਰਕੇ ਹਉਮੈਂ ਤੋਂ ਰਹਿਤ ਹੁੰਦਾ ਹੈ ਤਦ ਉਸੇ ਦਿਨ ਇਹ ਪਾਪ-ਪੁੰਨ ਤੋਂ ਬਰੀ ਹੋ ਜਾਂਦਾ ਹੈ। ਇਸਦੀ ਸਭ ਮਿੰਵਾਰੀ, ਪ੍ਰਭੂ ਦੀ ਹੋ ਜਾਂਦੀ ਹੈ ਕਿਉਂਕਿ ਇਸ ਅਵਸਥਾ ਵਿੱਚ ਤਾਂ ਇਸ ਨੇ ਮਾਲਕ ਦੇ ਹੁਕਮ ਦੀ ਤਾਮੀਲ ਹੀ ਕਰਨੀ ਹੈ, ਆਪ ਕੁੱਝ ਕਰਨਾ ਹੀ ਨਹੀਂ, ਵਿਗੜੇ ਅਥਵਾ ਸਵਰੇ ਇਸ ਨੂੰ ਕੀ? ਇਸਨੇ ਤਾਂ ਮਾਲਕ ਦੀ ਪ੍ਰਸੰਨਤਾ ਲੈਣੀ ਹੈ। ਜੇ ਨੌਕਰ ਮਾਲਕ ਦੀ ਨੌਕਰੀ ਕਰਦਾ ਹੈ ਫਿਰ ਮਾਲਕ ਅੱਗੇ ਹੰਕਾਰ ਕੀ? ਨੌਕਰੀ ਕਰੇ ਅਤੇ ਨਾਲੇ ਮਾਲਕ ਨਾਲ ਝਗੜਾ ਭੀ ਕਰੇ-ਮਾਲਕ ਕੁੱਝ ਕਹੇ ਤੇ ਨੌਕਰ ਅੱਗੋਂ

ਮੈਂ ਇਉਂ ਕਰਨਾ ਹੈ ਤੇ ਇਉਂ ਨਹੀਂ ਆਦਿ ਸੌ ਸੌ ਤਰ੍ਹਾਂ ਦੀਆਂ ਹੁੱਜਤਾਂ ਕਰੇ। ਭਲਾ ਇਹੋ ਜਿਹੇ ਨੌਕਰ ਉੱਤੇ ਕਦੇ ਮਾਲਕ ਦੀ ਪ੍ਰਸੰਨਤਾ ਹੋ ਸਕਦੀ ਹੈ?

**ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥**
**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥** **(ਅੰਗ ੪੭੪)**

ਪਿੱਛੇ ਜੋ ਕਿਹਾ ਕਿ ਾ ਸਤ੍ ਦੇ ਵਿਧੀ-ਨਿਧ ਬਚਨ ਨਿਫਲ ਹੋ ਜਾਣਗੇ , ਬਚਨਾਂ ਦੀ ਨਿਫਲਤਾ ਕਿਸ ਤਰ੍ਹਾਂ ਹੋ ਸਕਦੀ ਹੈ? ਾਸਤ੍ ਅਤੇ ਗੁਰੂ-ਉਪਦੇ ਨਾਲ ਹੀ ਤਾਂ ਇਸ ਹਉਮੈਂ ਵਿੱਚ ਅੰਧੇ ਹੋਏ ਮਨੁੱਖ ਦੀਆਂ ਅੱਖੀਆਂ ਵਿੱਚ ਚਾਨਣਾ ਹੋਣਾ ਹੈ, ਤਾਂ ਹੀ ਇਸਨੇ ਹਉਮੈਂ ਨੂੰ ਛੱਡਕੇ, ਪੂਰਨ ਰੂਪ ਵਿੱਚ ਪ੍ਰਭੂ ਦੀ ਰਣ ਗ੍ਰਹਣ ਕਰਨੀ ਹੈ। ਫਿਰ ਉਸ ਰਣ ਵਿੱਚ ਆਏ ਹੋਏ ਪੁਰ ਲਈ, ਪੁਰਾਰਥ ਦੀ ਨਿਫਲਤਾ ਜੇ ਹੁੰਦੀ ਹੈ ਤਾਂ ਕ੍ਰੋੜਾਂ ਬਾਰ ਹੋਵੇ, ਕੁੱਝ ਪ੍ਰਵਾਹ ਨਹੀਂ। ਅਨੰਦ ਨਾਲ ਭਰਪੂਰ, ਪਿਆਰੇ ਦੀ ਗੋਦ ਵਿੱਚ ਬੈਠੇ ਹੋਏ ਪ੍ਰੇਮੀ ਦੀ ਜੇ ਸੰਬੰਧ ਕਰਾਉਣ ਵਾਲੇ ਦੂਤ ਆਦਿ ਰੀਏ (ਵਸੀਲੇ) ਦੀ ਲਾਪਰਵਾਹੀ ਹੁੰਦੀ ਹੈ ਤਾਂ ਸੈਂਕੜੇ ਬਾਰ ਹੋਵੇ।

**ਪ੍ ਨ** -ਇਹ ਤਾਂ ਬੜੀ ਕ੍ਰਿਤਘਣਤਾ ਹੈ, ਜਿਨ੍ਹਾਂ ਦੁਆਰਾ ਬਾਦਾਹ ਦੇ ਦੁਆਰ ਹਰ ਵਕਤ ਰਹਿਣ ਵਾਲੀ ਪੱਕੀ ਨੌਕਰੀ ਮਿਲੀ ਹੈ, ਉਨ੍ਹਾਂ ਦਾ ਖਿਆਲ ਹੀ ਭੁਲਾ ਦੇਣਾ!

**ਉੱਤਰ**-ਇਹ ਕ੍ਰਿਤਘਣਤਾ ਨਹੀਂ ਹੈ। ਹਰ ਸਮੇਂ ਅਰਦਲ (ਹਾਰੀ) ਵਿੱਚ ਖੜ੍ਹੇ ਰਹਿਣ ਵਾਲੇ ਨੌਕਰ ਦਾ ਧਿਆਨ ਹੀ ਆਪਣੇ ਮਾਲਕ ਦੇ ਮੁੱਖ ਵੱਲ ਹੈ। ਮੂੰਹ ਵਿੱਚੋਂ ਕੋਈ ਬਚਨ ਨਿਕਲਿਆ ਨਹੀਂ ਤੇ ਹਰਕਤ ਵਿੱਚ ਆਇਆ ਨਹੀਂ। ਚੰਦ੍ਰਮਾ ਵਿੱਚ ਲੱਗੀਆਂ ਹੋਈਆਂ ਚਕੋਰ ਦੀਆਂ ਅੱਖਾਂ, ਹੋਰ ਕੁੱਝ ਤੱਕਦੀਆਂ ਹੀ ਨਹੀਂ। ਚੰਦ੍ਰਮਾ ਦੇ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ, ਚਕੋਰ ਦਾ ਦੌੜਨਾ ਭੱਜਣਾ ਹੁੰਦਾ ਹੈ। ਉਹ ਅਜਿਹੀ ਅਵਸਥਾ ਵਿੱਚ ਪਹੁੰਚਿਆ ਹੋਇਆ ਸੇਵਕ, ਨਾ ਮੂਰਖ ਹੈ ਤੇ ਨਾ ਹੀ ਸਿਆਣਾ। ਆਪਣੇ ਸੁਆਮੀ ਦੇ ਹੁਕਮ ਮੁਤਾਬਿਕ ਸਭ ਕੁੱਝ ਕਰੀ ਜਾਂਦਾ ਹੈ, ਪਤਾ ਨਹੀਂ ਸੁਆਮੀ ਠੀਕ ਕਰਵਾ ਰਿਹਾ ਹੈ ਅਥਵਾ ਲਤ। ਮਾਲਕ ਦੇ ਹੁਕਮ ਤੋਂ ਬਿਨਾਂ ਆਪਣੀ ਮਰੀ ਤਾਂ ਉਸਨੇ ਵਰਤਣੀ ਹੀ ਨਹੀਂ ਕਿਉਂਕਿ ਮਨ ਅਤੇ ਰੀਰ ਉਸਦੇ ਨਹੀਂ, ਜਿਸ ਮਾਲਕ ਦੇ ਹਨ, ਉਹੀ ਜਾਣੇ-

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥**
**(ਅੰਗ ੨੦੬)**

**ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥**
**ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥**

**(ਅੰਗ ੨੧੬)**

**ੰਕਾ**–ਪ੍ਰੰਤੂ ਇਹ ਅਵਸਥਾ ਰਣ ਵਿੱਚ ਪਹੁੰਚੇ ਹੋਏ ਸੇਵਕ ਦੀ ਹੈ, ਇਸ ਤੋਂ ਪਹਿਲਾਂ ਸੰਸਾਰੀ ਮਨੁੱਖ ਦੀ ਤਾਂ ਨਹੀਂ ਹੈ ਨਾ? ਇਸ ਲਈ ਉਨ੍ਹਾਂ ਸੰਸਾਰੀ ਮਨੁੱਖਾਂ ਲਈ ਇਹ ਕਾਠ ਕੀ ਪੁਤਰੀ ਆਦਿ ਬਚਨ ਨਹੀਂ ਹਨ। ਉਹ ਲੋਕ ਤਾਂ ਆਪਣੀ ਬੁੱਧੀ ਦ੍ਵਾਰਾ ਹੀ ਸਭ ਕੁੱਝ ਕਰਦੇ ਹਨ।

**ਉੱਤਰ**–ਇਹ ਗੱਲ ਨਹੀਂ ਹੈ ਕਿ ਪ੍ਰਭੂ ਦਾ ਭਗਤ ਅਤੇ ਮਨਮੁੱਖ ਸੰਸਾਰੀ ਸਾਰੇ ਹੀ ਈਵ੍ਰ ਦੇ ਹੁਕਮ ਨਾਲ ਹਰਕਤ ਕਰ ਰਹੇ ਹਨ। ਰਣ ਗ੍ਰਹਣ ਕਰ ਚੁੱਕੇ ਭਗਤ ਲੋਕ, ਇਸ ਅਸਲੀਅਤ ਨੂੰ ਸਮਝ ਕੇ ਨਿਸਚਿੰਤ ਅਤੇ ਸੁਖੀ ਹੋ ਜਾਂਦੇ ਹਨ। ਪ੍ਰਭੂ ਤੋਂ ਬੇਮੁੱਖ ਮਨੁੱਖ, ਪ੍ਰਭੂ ਆਗਿਆ ਨਾਲ ਕਰਮ ਕਰਦੇ ਹੋਏ ਭੀ ਅਗਿਆਨ ਦੇ ਕਾਰਨ ਮੈਂ ਕਰਦਾ ਹਾਂ ਇਉਂ ਸਮਝ ਕੇ ਦੁਖੀ ਹੁੰਦੇ ਰਹਿੰਦੇ ਹਨ ਅਤੇ ਇਸ ਹੰਕਾਰ ਦੇ ਕਾਰਨ ਹੀ ਦੁੱਖ ਦਾ ਅੰਤ ਨਹੀਂ ਪਾਉਂਦੇ।

**ਹਰਿਸਿਮਰਨ**–ਮਹਾਰਾਜ! ਜੇ ਇਹ ਗੱਲ ਹੈ ਤਾਂ ਸੰਸਾਰੀ ਮਨੁੱਖ ਜੋ ਅਹੰਕਾਰ ਯੁਕਤ ਹੋਇਆ ਮੈਂ ਕਰਦਾ ਹਾਂ ਇਉਂ ਮੰਨ ਕੇ ਦੁਖੀ ਹੁੰਦਾ ਹੈ ਤੇ ਦੁੱਖ ਦਾ ਅੰਤ ਨਹੀਂ ਪਾ ਸਕਦਾ, ਇਸ ਵਿੱਚ ਉਸਦੇ ਕੀ ਅਖਤਿਆਰ ਹੈ ਕਿਉਂਕਿ ਉਹ ਤਾਂ ਕੁੱਝ ਕਰ ਹੀ ਨਹੀਂ ਸਕਦਾ, ਹੁਕਮ ਤਾਂ ਪ੍ਰਭੂ ਦਾ ਹੀ ਵਰਤਦਾ ਹੈ, ਇਸ ਲਈ ਉਹ ਨਿਰਦੋ ਹੈ। ਆਪਣੀ ਰਣ ਵਿੱਚ ਲੈਕੇ ਸੁਖੀ ਕਰਨ ਵਾਲਾ ਭੀ ਪ੍ਰਭੂ ਆਪ ਹੈ ਅਤੇ ਹੰਕਾਰ ਯੁਕਤ ਜੀਵ ਨੂੰ ਦੁਖੀ ਕਰਨ ਵਾਲਾ ਭੀ, ਉਹ ਆਪ ਹੀ ਹੈ।

**ਸੰਤ**–ਪਿਆਰੇ ਹਰਿਸਿਮਰਨ ਇਹ ਠੀਕ ਹੈ, ਇਹੀ ਪੂਰਨ ਸਿੱਧਾਂਤ ਹੈ। ਉਹ ਜੀਵ ਨਿਰਦੋ ਤਾਂ ਹੈ ਜੇ ਹੁਕਮ ਨੂੰ ਸਮਝਕੇ ਕਰਤਾ ਬੁੱਧੀ ਛੱਡ ਦੇਵੇ। ਬੇੱਕ ਦੁੱਖ-ਸੁੱਖ ਹੁਕਮ ਦੇ ਅੰਦਰ ਹੈ ਪ੍ਰੰਤੂ ਹੁਕਮ ਕਰਮਾਂ ਅਨੁਸਾਰ ਵਰਤਦਾ ਹੈ!

**ਹਰਿਸਿਮਰਨ**–ਪਰਮ ਕ੍ਰਿਪਾਲੂ ਮਹਾਰਾਜ! ਜੀਵ ਦਾ ਕਰਮਾਂ ਤੋਂ ਛੁਟਕਾਰਾ ਕਿਸ ਤਰ੍ਹਾਂ ਹੋਵੇ? ਕਿਉਂਕਿ ਕਰਮਾਂ ਤੋਂ ਰਹਿਤ ਕਰਨ ਵਾਲਾ ਭੀ ਤਾਂ ਉਹ ਆਪ ਹੀ ਹੈ!

**ਸੰਤ**–ਇਹ ਠੀਕ ਹੈ ਕਿ ਉਹ ਪ੍ਰਭੂ, ਗੁਰੂ ਰੂਪ ਧਾਰ ਕੇ ਾਸਤ੍ਰਾਂ ਨੂੰ ਰਚਦਾ ਹੈ ਅਤੇ ਆਪ, ਆਪਣਾ ਸਾਰਾ ਭੇਦ ਜਗਾਸੂ ਨੂੰ ਸਮਝਾਕੇ, ਆਪਣੀ ਰਣ

ਵਿੱਚ ਲੈ ਲੈਂਦਾ ਹੈ। ਜਦ ਆਪਣੇ ਸੇਵਕ ਨੂੰ ਹਰ ਪ੍ਰਕਾਰ ਨਾਲ, ਆਪਣੇ ਪ੍ਰੇਮ ਵਿੱਚ ਲੀਨ ਅਤੇ ਆਪਣੇ ਹੁਕਮ ਵਿੱਚ ਰਾਜ਼ੀ ਰਹਿੰਦਾ ਦੇਖਦਾ ਹੈ ਤਦ ਉਹ ਪ੍ਰਭੂ ਰੂਪ ਗੁਰੂ, ਆਪਣੇ ਨਾਲ ਬਿਲਕੁਲ ਅਭੇਦ ਕਰਨ ਖਾਤਰ, ਮਹਾਂਵਾਕਾਂ ਦਾ ਉਪਦੇ ਕਰ ਦਿੰਦਾ ਹੈ। ਗੁਰੂ ਤਥਾ ਾਸਤ੍ਰ ਦੇ ਜੋ ਬਚਨ ਹਨ, ਉਹ ਪ੍ਰਭੂ ਦੀ ਆਗਿਆ ਹੀ ਹੈ। ਉਸਦੇ ਮੁਤਾਬਿਕ ਸਾਰਾ ਭੁਲੇਖਾ ਦੂਰ ਹੋ ਕੇ, ਇਹ ਮੁਕਤ ਹੋ ਜਾਂਦਾ ਹੈ। ਸੰਸਾਰ ਵਿੱਚ ਕੋਈ ਭੀ ਅਜਿਹਾ ਜੀਵ ਨਹੀਂ ਜੋ ਉਸਦੇ ਹਿਰਦੇ ਵਿੱਚ ਇਸਥਿਤ ਪ੍ਰਭੂ ਦੀ ਆਗਿਆ ਬਿਨਾਂ, ਕੁੱਝ ਕਰ ਸਕੇ। ਜੀਵਾਂ ਦੀ ਵੱਖੋ ਵੱਖਰੀ ਕ੍ਰਿਆ ਤੋਂ ਜੋ ਇੱਕ ਦੂਜੇ ਨੂੰ ਸੁੱਖ ਅਥਵਾ ਦੁੱਖ ਪੁੱਜਦਾ ਹੈ, ਉਹ ਕਰਮਾਂ ਅਨੁਸਾਰ ਪ੍ਰਭੂ ਦੀ ਹੀ ਆਗਿਆ ਹੈ ਕਿਉਂਕਿ ਪ੍ਰੇਰਕ ਇੱਕ ਹੀ ਹੈ। ਇਸ ਗੱਲ ਨੂੰ ਸਮਝ ਕੇ ਪ੍ਰਭੂ ਪ੍ਰੇਮੀ ਪ੍ਰਸੰਨ-ਚਿੱਤ ਰਹਿੰਦਾ ਹੈ ਕਿਉਂਕਿ ਗੁਰੂ ਅਤੇ ਾਸਤ੍ਰ ਨੇ ਇਹ ਗੱਲ ਸਮਝਾ ਦਿੱਤੀ ਹੈ-

**ਆਪਿ ਕਰਾਏ ਕਰਤਾ ਸੋਈ॥ ਹੋਰੁ ਕਿ ਕਰੈ ਕੀਤੈ ਕਿਆ ਹੋਈ॥**

**(ਅੰਗ ੧੨੪)**

**ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ॥**
**ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ॥**

**(ਅੰਗ ੧੬੭)**

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥**
**ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ**
**ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥** **(ਅੰਗ ੧੬੮)**

ਇਸ ਪ੍ਰਕਾਰ ਨਾਲ ਗੁਰੂ ਦੁਆਰਾ ਸਮਝਾਏ ਹੋਏ ਬਚਨ, ਪ੍ਰੇਮੀ ਭਗਤ ਨੂੰ ਨਿਰਸੈ ਕਰ ਦਿੰਦੇ ਹਨ ਫਿਰ ਉਹ ਕਾਰਨ ਕੀ ਹੋਵੇਗਾ ਜਿਸ ਨਾਲ ਭਗਤ ਦਾ ਹਿਰਦਾ ਸੰਤਪਤ (ਦੁਖੀ) ਹੋ ਸਕੇਗਾ? ਉਹ, ਪ੍ਰਭੂ ਦੀ ਆਗਿਆ ਵਿੱਚ ਰਹਿੰਦਾ ਹੋਇਆ, ਹਰ ਪ੍ਰਕਾਰ ਨਾਲ ਅਨੰਦ ਭੋਗਦਾ ਹੈ-

**ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ॥**

**(ਅੰਗ ੨੧੪)**

ਇਹ ਬਾਤ ਇਸੀ ਤਰ੍ਹਾਂ ਹੀ ਹੈ ਅਰਥਾਤ ਉਸ ਪ੍ਰਭੂ ਦੇ ਹੁਕਮ ਅੰਦਰ ਹੀ ਸਭ ਜੀਵਾਂ ਦੀ ਹਰਕਤ ਹੁੰਦੀ ਹੈ ਤਾਂ ਭੀ ਜੀਵ ਅਗਿਆਨ ਵੱ ਮੈਂ ਕਰਦਾ ਹਾਂ ਇਸ

ਦ੍ਰਿੜ ਨਿਸਚੇ ਵਾਲਾ ਹੋ ਜਾਂਦਾ ਹੈ। ਇਸ ਲਈ ਆਪਣੇ ਮਨ, ਇੰਦ੍ਰੀਆਂ ਅਤੇ ਰੀਰ ਦੀ ਕ੍ਰਿਆ ਵਿੱਚ ਅਹੰਕਾਰ ਹੋਣ ਦੇ ਕਾਰਨ ਬਾਕੀ ਸਾਰੇ ਜੀਵ ਭੀ ਜੋ ਪ੍ਰਭੂ ਦੀ ਆਗਿਆ ਵਿੱਚ ਹਰਕਤ ਕਰ ਰਹੇ ਹਨ ਉਹ ਇਉਂ ਕਰਦਾ ਹੈ ਤੇ ਇਉਂ ਨਹੀਂ ਕਰਦਾ ਇਸ ਨਿਚੇ ਵਾਲੇ ਹੋ ਜਾਂਦੇ ਹਨ। ਜੇ ਇਸਦਾ ਆਪਨਾ ਭੁਲੇਖਾ ਦੂਰ ਹੋ ਜਾਵੇ ਯਾਨੀ ਮੈਂ ਕੁੱਝ ਭੀ ਨਹੀਂ ਕਰਦਾ ਤਾਂ ਸਾਰਿਆਂ ਹੀ ਜੀਵਾਂ ਦੀ ਹਰਕਤ ਵਿੱਚ ਭੀ ਇਹ ਬੁੱਧੀ ਅਚੱਲ ਹੋ ਜਾਵੇਗੀ ਕਿ ਕੋਈ ਭੀ ਕੁੱਝ ਨਹੀਂ ਕਰਦਾ ਕੇਵਲ ਪ੍ਰਭੂ ਦੀ ਆਗਿਆ ਹੀ ਵਰਤ ਰਹੀ ਹੈ ਕਿਉਂਕਿ ਜੇ ਇੱਕ ਘੜੇ ਦੇ ਬਨਣ ਦਾ ਗਿਆਨ ਹੋ ਜਾਵੇ ਤਾਂ ਦੁਨੀਆਂ ਭਰ ਦੇ ਘੜਿਆਂ ਦੇ ਬਨਣ ਬਾਰੇ ਵਿੱਚ ਸੰਯ ਨਹੀਂ ਰਹਿੰਦਾ। ਜਿਸਦਾ ਮਨ ਵਿਵੇਕ ਦ੍ਵਾਰਾ ਸੀਤਲ ਹੋ ਚੁੱਕਾ ਹੈ, ਉਸ ਨੂੰ ਸਾਰਾ ਹੀ ਸੰਸਾਰ ਸੀਤਲ ਨਰ ਆਉਂਦਾ ਹੈ ਅਤੇ ਜਿਸਦਾ ਆਪਨਾ ਮਨ ਦ੍ਵੈਤ ਦੇ ਕਾਰਨ ਜ (ਸੜ) ਰਿਹਾ ਹੈ, ਉਸ ਨੂੰ ਸਾਰਾ ਹੀ ਜਗਤ ਜਦਾ (ਸੜਦਾ) ਭਾਸਦਾ ਹੈ। ਆਪਨਾ ਰੀਰ ਭਾਸਦਾ ਹੈ ਤਾਂ ਸਾਰਾ ਸੰਸਾਰ ਭਾਸਦਾ ਹੈ ਅਤੇ ਜੇ ਆਪਨਾ ਰੀਰ ਨਹੀਂ ਭਾਸਦਾ ਤਾਂ ਸੰਸਾਰ ਭੀ ਨਹੀਂ ਭਾਸਦਾ। ਜਾਗ੍ਰਿਤ ਵਿੱਚ ਆਪਨਾ ਸੁਪਨ ਰੀਰ ਨਹੀਂ ਪ੍ਰਤੀਤ ਹੁੰਦਾ ਤਾਂ ਸੁਪਨ ਜਗਤ ਭੀ, ਕਿਤੇ ਦਿਖਾਈ ਨਹੀਂ ਦਿੰਦਾ। ਇਸ ਲਈ ਆਪਨਾ ਹੋਣਾ ਹੀ ਅਨਰਥ ਦਾ ਮੂਲ ਹੈ। ਜਿਸ ਜਗ੍ਹਾ ਮੈਂ ਨਹੀਂ ਹੈ, ਉਸ ਜਗ੍ਹਾ ਤੂੰ ਭੀ ਨਹੀਂ ਯਾਨੀ ਪ੍ਰਭੂ ਤੋਂ ਭਿੰਨ ਦੂਜਾ ਨਹੀਂ ਹੈ। ਆਪਣਾ ਹੋਣਾ ਹੀ ਦੂਜੇ ਦੀ ਕਲਪਨਾ ਦਾ ਕਾਰਨ ਹੈ ਅਤੇ ਆਪਣਾ ਹੋਣਾ ਹੀ ਕਰਤਾਪਣ ਦੇ ਸੰਬੰਧ ਨੂੰ ਜੋੜ ਕੇ ਜੰਮਣ-ਮਰਨ ਦਾ ਕਾਰਨ ਬਣਦਾ ਹੈ। ਇਸ ਤੋਂ ਵਿਪਰੀਤ ਯਾਨੀ ਹਉਂਮੈ ਤੋਂ ਰਹਿਤ ਪੁਰ ਮੁਕਤ ਹੀ ਹੈ-

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥**
**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥**

**(ਅੰਗ ੧੪੨੭)**

ਮਤਲਬ ਕਿ ਜਿਸਨੇ ਭੀ ਹਉਂਮੈ ਤਿਆਗੀ ਹੈ ਯਾਨੀ ਆਪਣਾ ਹੋਣਾਪਨਾ ਮਿਟਾ ਕੇ ਇੱਕ ਪ੍ਰਭੂ ਹੀ ਹੈ ਇਸ ਗਿਆਨ ਦੇ ਯੁਕਤ ਹੋ ਗਿਆ ਹੈ, ਉਸਦੀ ਦ੍ਰਿਟੀ ਵਿੱਚ ਜੋ ਭੀ ਕ੍ਰਿਆ, ਕਾਰਨ ਅਤੇ ਫਲ ਰੂਪ ਵਿੱਚ ਪ੍ਰਤੀਤੀ ਹੁੰਦੀ ਹੈ ਸਭ ਪ੍ਰਭੂ ਹੀ ਹੈ ਐਸਾ ਨਿਸਚੇ ਹੁੰਦਾ ਹੈ। ਜੋ ਪੁਰ ਪ੍ਰਭੂ ਤੋਂ ਭਿੰਨ ਕੋਈ ਦੂਜੀ ਵਸਤੂ ਹੈ ਹੀ ਨਹੀਂ ਇਸ ਅਨੁਭਵ ਦੇ ਸਹਿਤ ਹੋ ਚੁੱਕਾ ਹੈ, ਉਹ ਪੁਰ ਨਿਸਚੇ

ਹੀ ਮੁਕਤ ਹੈ, ਇਸ ਵਿੱਚ ਕਿੰਚਤ-ਮਾਤ੍ਰ ਵੀ ਸੰਦੇਹ ਨਹੀਂ।

ਹਉਮੈ ਦਾ ਹੋਣਾ ਹੀ ਜੀਵਪਣਾ ਹੈ ਅਤੇ ਹਉਮੈ ਦਾ ਅਭਾਵ ਪਰਮੇਸ਼੍ਵਰੀ ਅਵਸਥਾ ਹੈ। ਜਦ ਭੀ ਗੁਰੂ-ਸ਼ਸਤ੍ਰ ਦੁਆਰਾ ਕਰਵਾਏ ਗਏ ਇਸ ਨਿਸਚੇ ਯੁਕਤ, ਇਹ ਬੁੱਧੀ ਅਚੱਲ ਹੋ ਜਾਂਦੀ ਹੈ ਕਿ ਨਾ ਮੈਂ ਹਾਂ ਅਤੇ ਨਾ ਹੀ ਇਹ ਜਗਤ ਹੈ ਉਸ ਤੋਂ ਉਪ੍ਰੰਤ ਇੱਕ ਪ੍ਰਭੂ ਹੀ ਰਹਿੰਦਾ ਹੈ ਜੋ ਹਉਮੈ ਦੇ ਯੁਕਤ ਸਮੇਂ ਭੀ ਮੌਜੂਦ ਸੀ ਪ੍ਰੰਤੂ ਹਉਮੈ ਦਾ ਪਰਦਾ ਆਉਣ ਦੇ ਕਾਰਨ, ਸ਼ਰੀਰ ਵਿੱਚ ਹੀ ਅਹੰ ਭਾਵ ਰਹਿੰਦਾ ਰਿਹਾ। ਗੁਰੂ ਕ੍ਰਿਪਾ ਨਾਲ ਜਦ ਉਸ ਅਣਹੋਏ ਸ਼ਰੀਰ ਵਿੱਚ ਅਹੰ ਭਾਵ ਦੀ ਪ੍ਰਤੀਤੀ ਦਾ ਅਭਾਵ ਹੋਇਆ ਤਾਂ ਸਦਾ ਅਚੱਲ ਰਹਿਣ ਵਾਲੀ ਅਵਸਥਾ ਹੀ ਬਾਕੀ ਬਚਦੀ ਹੈ। ਉਹੀ ਪ੍ਰਭੂ ਹੈ ਕਿਉਂਕਿ ਜਦ ਮੈਂ ਪਣਾ (ਹਉਮੈ) ਰੂਪ ਫੁਰਨਾ ਮਿਟਦਾ ਹੈ, ਉਸ ਅਵਸਥਾ ਵਿੱਚ ਸੰਸਾਰ ਦੇ ਕਾਇਮ ਰਹਿਣ ਦਾ ਕਾਰਨ ਨਹੀਂ ਰਹਿੰਦਾ ਅਤੇ ਕਾਰਨ ਤੋਂ ਬਿਨਾਂ ਕਾਰਜ ਦੀ ਇਸਥਿਤੀ ਸੰਭਵ ਨਹੀਂ। ਇਹ ਪ੍ਰਤੀਤ ਦੇਣ ਵਾਲੇ ਸ਼ਰੀਰ, ਜੜ੍ਹ ਪੁਤਲੀਆਂ ਵਾਂਗੂੰ ਹੋ ਜਾਂਦੇ ਹਨ ਅਤੇ ਹਰਕਤ ਕਰਦੇ ਵੀ ਦਿਖਾਈ ਜਿਹੇ ਦਿੰਦੇ ਹਨ, ਜਿਸ ਤਰ੍ਹਾਂ ਕਿ ਸੁਪਨੇ ਦੇ ਸ਼ਰੀਰ। ਇਸ ਹਾਲਤ ਵਿੱਚ ਜੇ ਸ਼ੰਕਾ ਉੱਠੇ ਕਿ ਅਣਹੋਏ ਪ੍ਰਤੀਤ ਦੇਣ ਵਾਲੇ ਜੜ੍ਹ ਸ਼ਰੀਰ, ਕਿਸ ਤਾਕਤ ਦੁਆਰਾ ਹਰਕਤ ਕਰਦੇ ਜਿਹੇ ਭਾਸਦੇ ਹਨ? ਤਾਂ ਇਹ ਨਿਸ਼ੰਕ ਹੋ ਕੇ ਕਹਿ ਦਿੱਤਾ ਜਾਂਦਾ ਹੈ-

**ਆਪਿ ਕਰਾਏ ਕਰਤਾ ਸੋਈ॥ ਹੋਰੁ ਕਿ ਕਰੇ ਕੀਤੈ ਕਿਆ ਹੋਈ॥**

**(ਅੰਗ ੧੨੪)**

**ਪ੍ਰਸ਼ਨ** -ਇਹ ਜੋ ਪਿੱਛੋਂ ਸ਼ੰਕਾ ਕੀਤੀ ਗਈ ਹੈ ਕਿ ਵਸ਼ਿਸ਼ਟ ਜੀ ਨੇ ਰਾਮ ਜੀ ਨੂੰ ਪੁਰਾਰਥ ਕਰਨਾ ਕਿਹਾ ਹੈ, ਇਹ ਠੀਕ ਹੈ? ਜਾਂ ਸ਼ਰੀਰ, ਮਨ, ਬੁੱਧੀ ਆਦਿ ਦੇ ਸਭ ਧਰਮਾਂ ਨੂੰ ਛੱਡਕੇ, ਪ੍ਰਭੂ-ਸ਼ਰਣ ਗ੍ਰਹਣ ਕਰਕੇ, ਹਰ ਹਾਲਤ ਵਿੱਚ ਉਸਦੇ ਭਾਣੇ ਵਿੱਚ ਰਾਜ਼ੀ ਰਹਿਣਾ ਠੀਕ ਹੈ?

**ਉੱਤਰ**-ਇਨ੍ਹਾਂ ਦੋਹਾਂ ਬਚਨਾਂ ਦਾ ਮਤਲਬ ਇੱਕੋ ਹੀ ਹੈ ਕਿਉਂਕਿ ਪ੍ਰਭੂ ਰੂਪ ਗੁਰੂ ਦੁਆਰਾ ਜਗਯਾਸੂ ਦੀ ਜੋ ਹਰਕਤ ਹੈ, ਉਹ ਪੁਰਾਰਥ ਹੈ। ਉਹ ਪੁਰਾਰਥ ਹੁਕਮ ਦੀ ਤਾਮੀਲ ਰੂਪ ਹੋਣ ਦੇ ਕਾਰਨ, ਸੁਤੰਤ੍ਰ ਕਿਸ ਤਰ੍ਹਾਂ ਹੋਇਆ ਯਾਨੀ ਪੁਰਸ਼ਾਰਥੀ ਦੀ ਇਸ ਵਿੱਚ ਸੁਤੰਤ੍ਰਤਾ ਕਿਸ ਤਰ੍ਹਾਂ ਮੰਨੀ ਗਈ? ਪ੍ਰਮੇਸ਼੍ਵਰ ਹੀ ਆਪਣੇ ਨਾਲ ਅਭੇਦ ਕਰਨ ਖ਼ਾਤਰ ਉਸ ਪਾਸੋਂ ਸਭ ਉੱਦਮ ਕਰਵਾ ਰਿਹਾ ਹੈ, ਇਸ ਲਈ

ਉਹ ਪੁਰਾਰਥ ਪ੍ਰਭੂ ਦੀ ਆਗਿਆ ਹੀ ਹੈ। ਜੋ ਗੁਰੂ ਅਤੇ ਾਸਤ੍ ਦੀ ਆਗਿਆ ਤਾਂ ਮੰਨਦੇ ਨਹੀਂ ਅਤੇ ਉਂਝ ਹੀ ਕਹਿਣ ਮਾਤ੍ਰ ਪ੍ਰਮਾਤਮਾ ਸਾਡਾ ਇਹ ਕੰਮ ਪੂਰਾ ਕਰੇਗਾ ਇਹ ਆਸ ਕਰਕੇ ਕ੍ਰਿਆ-ੁਨ ਹੋਏ ਬੈਠੇ ਰਹਿੰਦੇ ਹਨ, ਉਨ੍ਹਾਂ ਦਾ ਅਮੋਲਕ ਜੀਵਨ ਤਬਾਹ ਹੋਣ ਵਿੱਚ, ਸੈ ਭੀ ਕੀ ਹੈ? ਇਸ ਲਈ ਵਟਿ ਜੀ ਪੁਰਾਰਥ ਲਈੋ ਰ ਦਿੰਦੇ ਹਨ ਯਾਨੀ ਪ੍ਰਭੂ ਦੀ ਆਗਿਆ ਵਿੱਚ ਚੱਲਣ ਦਾ ਉਪਦੇ ਕਰਦੇ ਹਨ। ਸਰਬ-ਕਤੀਮਾਨ, ਵਿਆਪਕ ਪ੍ਰਭੂ ਦੀ ਆਗਿਆ ਵਿੱਚ ਹੀ ਸਭ ਕੁੱਝ ਹੁੰਦਾ ਹੈ, ਮੈਂ ਕੁੱਝ ਭੀ ਨਹੀਂ ਕਰਦਾ ਇਸ ਨਿਸਚੇ ਯੁਕਤ ਬ੍ਰਿਤੀ ਦੇ ਨਿਰੰਤਰ ਰਹਿਣ ਨਾਲ, ਉਹ ਬ੍ਰਿਤੀ ਇੱਕ ਪ੍ਰਮੇ੍ਰਾਕਾਰ ਹੀ ਹੋ ਜਾਂਦੀ ਹੈ। ਇਸ ਤੋਂ ਪਹਿਲਾਂ ਰੀਰ, ਇੰਦ੍ਰੀਆਂ ਤੇ ਮਨ ਨੂੰ ਹੀ ਆਪਣਾ ਸਮਝ ਕੇ ਮੈਂ ਇਹ ਕਰੂੰਗਾ, ਇਹ ਨਹੀਂ ਕਰੂੰਗਾ ਇਹ ਜੀਵ ਜੋ ਅਭਿਮਾਨ ਵਾਲਾ ਹੁੰਦਾ ਹੈ, ਉਹ ਗੁੰਮ ਹੋ ਜਾਂਦਾ ਹੈ ਅਰਥਾਤ ਕਰਤਾ, ਭੋਗਤਾ, ਅਤੀ ਦੀਨ ਜੀਵ, ਪ੍ਰਮੇ੍ਰ ਵਿੱਚ ਹੀ ਲੀਨ ਹੋ ਜਾਂਦਾ ਹੈ। ਸੂਰਜ ਦੇ ਚੜ੍ਹਦੇ ਹੀ ਜਿਉਂ ਰਾਤ੍ਰੀ ਦਾ ਅਭਾਵ ਹੋ ਜਾਂਦਾ ਹੈ, ਤਿਉਂ ਹੀ ਪ੍ਰਮਾਤਮਾਕਾਰ ਬ੍ਰਿਤੀ ਹੋ ਜਾਣ ਨਾਲ, ਇੱਕ ਪ੍ਰਮਾਤਮਾ ਹੀ ਰਹਿ ਜਾਂਦਾ ਹੈ, ਜੀਵ ਵੱਖਰਾ ਕਿਤੇ ਨਰ ਨਹੀਂ ਆਉਂਦਾ। ਪਾਰਸ ਦੇ ਸਪਰ ਨਾਲ ਤਾਂਬਾ ਉੱਡਦਾ ਕਿਤੇ ਦਿਖਾਈ ਨਹੀਂ ਦਿੰਦਾ, ਇੱਕ ਸੋਨਾ ਹੀ ਰਹਿ ਜਾਂਦਾ ਹੈ-

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥** **(ਅੰਗ ੩੪੬)**

ਅਗਿਆਨ ਦ੍ਵਾਰਾ ਕਲਪਿਆ ਹੋਇਆ ਹੰਕਾਰ ਮਿਟ ਜਾਣ ਤੋਂ ਬਾਅਦ ਅਣਹੋਏ ਹੀ ਜੰਮਣ-ਮਰਨ ਆਦਿ ਜਿੰਨੇ ਦੁੱਖ ਹਨ, ਉਸੀ ਛਿੰਨ ਵਿੱਚ ਦੂਰ ਹੋ ਜਾਂਦੇ ਹਨ। ਪਿਆਰੇ ਹਰਿਸਿਮਰਨ ! ਉਸ ਦੁੱਖ ਤੋਂ ਬਚਣ ਾਤਰ, ਕਦੇ ਭੁੱਲ ਕੇ ਭੀ ਦੁੱਖ ਸਮੇਂ ਵਾਹਿਗੁਰੂ ਅੱਗੇ ਅਰਦਾਸ ਨਹੀਂ ਕਰਨੀ ਅਤੇ ਨਾ ਹੀ ਕਿਸੇ ਕਾਮਨਾ ਦੇ ਪੂਰਾ ਕਰਨ ਲਈ ਹੀ। ਕਾਰਣ ਇਹ ਹੈ ਕਿ ਅਜਿਹਾ ਕਰਨ ਨਾਲ ਭਗਤ ਦੇ ਦ੍ਰਿੜ ਨਿਸਚੇ ਦੀ ਕਸੋਰੀ ਵਿੱਚ ਦੋ ਸਬੂਤ ਮਿਲਦੇ ਹਨ-

੧. ਵਾਹਿਗੁਰੂ ਨੂੰ ਅੰਤਰਜਾਮੀ ਨਹੀਂ ਮੰਨਿਆ ਗਿਆ। ਕਿਉਂ? ਇਸ ਲਈ ਕਿ ਜੇ ਇਹ ਵਿਵਾਸ ਹੈ-

**ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥**

**(ਦਃ ਗੰ੍ਃ)**

ਫਿਰ ਪ੍ਰਾਰਥਨਾ ਕਿਉਂ ਕੀਤੀ ਜਾਂਦੀ ਹੈ? ਕੀ ਉਹ ਅਪਣੇ ਪ੍ਰੇਮੀ ਪਰ ਆਏ ਦੁੱਖ ਅਤੇ ਮਨ ਦੀਆਂ ਕਾਮਨਾਵਾਂ ਨੂੰ ਜਾਣਦਾ ਨਹੀਂ? ਜੇ ਉਹ ਜਾਣਦਾ ਹੋਇਆ ਭੀ ਸਾਡੇ ਕਰਮਾਂ ਮੁਤਾਬਿਕ ਦਯਾ ਨਹੀਂ ਕਰਦਾ ਤਾਂ ਕੀ ਸਾਡੇ ਕਹਿਣ ਨਾਲ ਕਰ ਦੇਵੇਗਾ? ਇਹ ਮੂਰਖ ਮਨ ਦੀ ਵਿਅਰਥ ਭਟਕਣਾ ਹੈ।

**ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥** **(ਅੰਗ ੨੮੨)**

੨. ਪੂਰੀ ਰਣ ਨਹੀਂ ਮੰਨੀ ਗਈ। ਜੇ ਤਨ-ਮਨ ਪ੍ਰਭੂ ਅਰਪਣ ਹੋ ਚੁੱਕਾ ਹੈ ਫਿਰ ਉਸ (ਤਨ-ਮਨ) ਨਾਲ ਆਪਣਾ ਸੰਬੰਧ ਕੀ? ਜਦ ਚਰਨਾਂ ਵਿੱਚ ਹੀ ਡਿੱਗ ਪਏ ਫਿਰ ਚਾਹੇ ਦੁਖੀ ਰੱਖੇ ਤੇ ਚਾਹੇ ਸੁਖੀ। ਦੁੱਖ ਤੋਂ ਬਚਣ ਲਈ ਅਰਦਾਸ ਕਰਨੀ ਇਹ ਰੀਰ ਨੂੰ ਆਪਣਾ ਸਮਝੇ ਹੋਏ ਦਾ ਸਬੂਤ ਹੈ। ਫਿਰ ਤਾਂ ਤਨ-ਮਨ ਪ੍ਰਭੂ ਦਾ ਹੈ ਇਹ ਐਵੇਂ ਕਹਿਣ-ਮਾਤ੍ਰ ਹੀ ਬਦ ਹੋਏ। ਰਾ ਕੁ ਸੰਕਟ ਆਇਆ ਯਾ ਕਿਸੇ ਵਸਤੂ ਦੀ ਲੋੜ ਪਈ ਤਾਂ ਝੱਟ ਕੋਈ ਸੁੱਖਣਾ ਸੁੱਖ ਲਈ ਯਾ ਕੋਈ ਹੋਰ ਕਰਮ ਠਹਿਰਾ ਲਿਆ, ਜਿਉਂ ਕਿਸੇ ਨਾਲ ਵਟਾਂਦਰਾ ਕਰੀਦਾ ਹੈ ਕਿ ਤੂੰ ਮੇਰਾ ਇਹ ਕੰਮ ਕਰ ਦੇਹ ਤਾਂ ਮੈਂ ਤੈਨੂੰ ਇਹ ਕੁੱਝ ਦੇ ਦੇਵਾਂਗਾ। ਇਹ ਕੋਈ ਭਗਤੀ ਨਹੀਂ ਇਹ ਤਾਂ ਸੌਦਾਬਾਜੀ ਹੈ। ਪ੍ਰਭੂ-ਰਣ ਗ੍ਰਹਣ ਕਰ ਚੁੱਕਿਆ ਭਗਤ, ਘੋਰ ਸੰਕਟ ਆ ਜਾਣ ਤੇ ਭੀ ਬਚਾਉ ਾਤਰ ਅਰਦਾਸ ਨਹੀਂ ਕਰਦਾ ਬਲਕਿ ਵਾਹਿਗੁਰੂ ਦਾ ਹੁਕਮ ਸਮਝਕੇ, ਅਡੋਲ ਚਿੱਤ ਰਹਿੰਦਾ ਹੈ। ਕੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਅਪਣੇ ਰੀਰਾਂ ਪਰ ਆਏ ਦੁੱਖਾਂ ਤੋਂ ਬਚ ਨਹੀਂ ਸਨ ਸਕਦੇ? ਗੁਰੂ ਜਨਾਂ ਨੂੰ ਤਾਂ ਸੰਕਲਪ ਉਤਪੰਨ ਹੋਣ ਦੀ ਹੀ ਦੇਰੀ ਹੁੰਦੀ, ਦੁੱਖ ਉਸ ਤੋਂ ਪਹਿਲਾਂ ਮਿਟ ਜਾਂਦੇ। ਪ੍ਰੰਤੂ ਨਹੀਂ! ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਵਾਸਤਵ ਵਿੱਚ ਉਨ੍ਹਾਂ ਗੁਰੂ-ਜਨਾਂ ਨੂੰ ਦੁੱਖ ਸਪਰ ਹੀ ਨਹੀਂ ਕੀਤੇ ਕਿਉਂਕਿ ਆਤਮਾ ਦੀ ਅਸੰਗਤਾ ਦੇ ਬੋਧ ਵਾਲਿਆਂ ਨੂੰ, ਰੀਰ ਦੀ ਦੁੱਖ-ਸੁੱਖ ਆਦਿ ਕੋਈ ਭੀ ਹਰਕਤ ਸਪਰ ਨਹੀਂ ਕਰਦੀ ਹੁੰਦੀ। ਪ੍ਰੰਤੂ ਅਗਿਆਨੀਆਂ ਦੀ ਦ੍ਰਿਟੀ ਰੀਰਮਈ ਹੁੰਦੀ ਹੈ। ਇਸ ਲਈ ਗਿਆਨਵਾਨਾਂ ਦੇ ਰੀਰ ਨੂੰ ਕੋਈ ਕਟ ਨਹੀਂ ਹੁੰਦਾ ਜੇ ਬਚਾਉ ਲਈ ਰਾ ਕੁ ਸੰਕਲਪ ਹੀ ਉਠਾਉਂਦੇ ਤਾਂ ਦੁੱਖ ਦੂਰ ਹੋ ਜਾਂਦੇ ਕਿਉਂਕਿ ਗਿਆਨਵਾਨ ਸੱਤ ਸੰਕਲਪੀ ਹੁੰਦਾ ਹੈ। ਪੂਰਨ ਰਣ ਗ੍ਰਹਣ ਕਰ ਚੁੱਕੇ ਭਗਤ, ਪ੍ਰਭੂ ਹੁਕਮ ਅੰਦਰ ਰਾਜੀ ਰਹਿੰਦੇ ਹੋਏ, ਆਪਣੇ ਆਪ ਨੂੰ ਹੀ ਭੁੱਲ ਜਾਂਦੇ ਹਨ ਯਾਨੀ ਕਰਤਾਪਨਾ ਵਾਲੀ ਬੁੱਧੀ ਦੇ ਮਿਟ ਜਾਣ ਤੇ ਪਤਾ ਹੀ ਨਹੀਂ ਰਹਿੰਦਾ

ਕਿ ਅਸੀਂ ਕੀ ਕਰ ਰਹੇ ਹਾਂ ਤਾਂ ਦੁੱਖਾਂ-ਸੁੱਖਾਂ ਦੀ ਪ੍ਰਤੀਤੀ ਕਿੱਥੇ? ਇਸ ਤੋਂ ਘੱਟ ਇਸਥਿਤੀ ਵਾਲੇ ਭਗਤ ਜੇ ਅਰਦਾਸ ਕਰ ਸਕਦੇ ਹਨ ਤਾਂ ਕੇਵਲ ਇਹੀ-

ਹੇ ਪ੍ਰਭੂ! ਇਹ ਤਨ-ਮਨ ਤੇਰਾ ਹੈ, ਇਸ ਵਿੱਚ ਕਦੇ ਸੁਪਨੇ ਅੰਦਰ ਭੀ ਮਮਤਾ ਨਾ ਜਾਗੇ। ਚਾਹੇ ਇਸ ਨੂੰ ਮਾਰ ਤੇ ਚਾਹੇ ਰੱਖ, ਇਸ ਨੂੰ ਆਪਣੇ ਭਾਣੇ ਵਿੱਚ ਰਾੀ ਰਹਿਣ ਦਾ ਬਲ ਬਖ। ਉਂਝ ਭਾਵੇਂ ਕੋਈ ਕਿੰਨੇ ਵੀ ਧਰਮ ਕਰਮ ਕਰੇ, ਚੰਗੇ ਹੀ ਹਨ ਕਿਉਂਕਿ ਨਿਕਾਮੁ ੱਭ ਕਰਮ ਅੰਤਹਕਰਣ ਦੀ ੁੱਧੀ ਦਾ ਹੇਤੂ ਹੁੰਦਾ ਹੈ, ਹਰ ਇੱਕ ਇਨਸਾਨ ਨੂੰ ਕਰਨਾ ਚਾਹੀਏ ਕਿੰਤੂ ਸੁੱਖਣਾ ਸੁੱਖ ਕੇ ੁੱਭ ਕਰਮ, ਪੂਜਾ-ਪਾਠ, ਤੀਰਥ-ਬ੍ਰਤ ਆਦਿ ਸਕਾਮ ਕਰਮ ਕਰਨੇ ਅੰਤਹਕਰਣ ਦੀ ੁੱਧੀ ਦੇ ਹੇਤੂ ਨਹੀਂ ਅਤੇ ਨਾ ਹੀ ਵਾਹਿਗੁਰੂ ਦੀ ਪ੍ਰਸੰਨਤਾ ਦੇ। ਮਨ ਨੂੰ ਨਿਕਾਮ ਬਣਾਉਣ ਦੀ ਸਿਰਤੋੜ ਕੋਿ ਕਰਨੀ ਚਾਹੀਏ, ਕਾਮਨਾ ਵਾਲਾ ਕਦੇ ਭੀ ਪ੍ਰਭੂ ਪ੍ਰਸੰਨਤਾ ਨਹੀਂ ਲੈ ਸਕਦਾ। ਉੱਚੀ ਨਿਕਾਮ ਭਗਤੀ ਦ੍ਵਾਰਾ, ਪ੍ਰਭੂ ਨੂੰ ਪ੍ਰਸੰਨ ਕਰੋ ਤੇ ਕਾਮਨਾ ਵਾਲੀ ਨੀਵੇਂ ਤਲ ਦੀ ਭਗਤੀ ਨੂੰ ਛੱਡੋ, ਕਿਉਂਕਿ ਇਹ ਦੁੱਖ ਦਾ ਹੇਤੂ ਹੈ-

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥** **(ਅੰਗ ੯੫੮)**

ਸੰਸਾਰੀ ਕਾਮਨਾਵਾਂ ਦੀ ਦੀਨਤਾ ਤੋਂ ਮਨ ਨੂੰ ਛੁਡਾ ਕੇ, ਪੂਰਨ ਆਾਦੀ ਲਈ ਪ੍ਰਭੂ ਰਣ ਗ੍ਰਹਣ ਕਰੋ। ਪ੍ਰਭੂ ਮੇਰੇ ਤੇ ਪ੍ਰਸੰਨ ਹੋਵੇ ਇਸ ਕਾਮਨਾ ਤੋਂ ਭੀ ਉੱਪਰ ਉੱਠੋ, ਕੇਵਲ ਉਸਦੇ ਹੁਕਮ ਅੰਦਰ ਰਾੀ ਰਹਿ ਕੇ ਸਭ ਚੇਟਾ ਕਰੋ, ਪ੍ਰਭੂ ਪ੍ਰਸੰਨਤਾ ਅਵੱ ਹੀ ਹੁੰਦੀ ਹੈ। ਉਸ ਤੋਂ ਭਿੰਨ ਕੋਈ ਭੀ ਦੂਜੀ ਵਸਤੂ, ਪ੍ਰੇਮੀ ਦੀ ਦ੍ਰਿਟੀ ਵਿੱਚ ਨਹੀਂ ਰਹਿੰਦੀ ਕਿਉਂਕਿ ਇੱਕ ਵਿਆਪਕ ਵਸਤੂ ਵਿੱਚ ਦੂਜੀ ਪ੍ਰਛਿੰਨ ਵਸਤੂ ਨੂੰ ਜਗ੍ਹਾ ਨਹੀਂ ਮਿਲਦੀ ਹੁੰਦੀ। ਇਸ ਲਈ ਉਹ ਇੱਕ ਹੀ ਵਸਤੂ, ਜਿਸ ਕਲ ਵਿੱਚ ਭੀ ਚਾਹੇ, ਆਪਣੀ ਕਤੀ ਦ੍ਵਾਰਾ ਪ੍ਰਤੀਤ ਹੁੰਦੀ ਰਹੇ-

**ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥**
**ਸੋ ਕਰੇ ਜਿ ਤਿਸੈ ਰਜਾਇ॥** **(ਅੰਗ ੪੭੫)**

ਜਿਸ ਪ੍ਰੇਮੀ ਦੀ ਇਸ ਪ੍ਰਕਾਰ ਦੀ ਇੱਕ ਅਦ੍ਵੈਤ ਮਈ ਦ੍ਰਿਟੀ ਹੋ ਜਾਂਦੀ ਹੈ, ਉਹ ਆਪਣੇ ਪ੍ਰੀਤਮ ਤੋਂ ਵੱਖਰੀ, ਕਿਸ ਚੀ ਨੂੰ ਦੇਖ ਸਕਦਾ ਹੈ? ਜੇ ਉਸ ਨੂੰ ਆਪਣੇ ਪ੍ਰੀਤਮ ਦੇ ਪੂਰਨ ਰਹਿੰਦੇ ਭੀ, ਕੋਈ ਹੋਰ ਵਸਤੂ ਦਿਖਾਈ ਦਿੰਦੀ ਹੈ ਤਾਂ

ਉਹ ਪ੍ਰੇਮ ਹੀ ਕੀ ਹੋਇਆ? ਕਿਉਂਕਿ ਜਿੰਨਾ ਚਿਰ ਪ੍ਰੇਮੀ ਅਤੇ ਪ੍ਰੇਮਿਕਾ ਦਾ ਰੂਪ ਇੱਕ ਨਹੀਂ ਬਣ ਜਾਂਦਾ ਯਾਨੀ ਆਪਣੇ ਇੱਕ ਪ੍ਰੀਤਮ ਨੂੰ ਹੀ ਦੇਖਦਾ ਹੋਇਆ, ਉਸ ਵਿੱਚ ਲੀਨ ਨਹੀਂ ਹੋ ਜਾਂਦਾ, ਓਨਾ ਚਿਰ ਉਹ ਪ੍ਰੇਮੀ ਹੀ ਕਾਹਦੇ?

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥**
**ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥** (ਅੰਗ ੪੭੪)

ਪ੍ਰੇਮੀ ਆਪਣੇ ਪ੍ਰੀਤਮ ਨਾਲ ਤਦ ਹੀ ਮਿਲਦਾ ਹੈ ਜੇ ਉਸ ਤੋਂ ਭਿੰਨ ਸਭ ਵਸਤੂਆਂ ਨੂੰ ਚਿੱਤ ਵਿੱਚੋਂ ਦੂਰ ਕਰਦਾ ਹੈ-ਪ੍ਰੀਤਮ ਦੀ ਅਤੰਤ ਲਗਨ ਦੇ ਕਾਰਨ ਚਿੱਤ ਦੂਜੀ ਵਸਤੂ ਨੂੰ ਗ੍ਰਹਣ ਹੀ ਨਹੀਂ ਕਰਦਾ-

**ਵਸਤੂ ਅੰਦਰ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥** (ਅੰਗ ੪੭੪)

ਅਜਿਹੀ ਅਵਸਥਾ ਵਿੱਚ ਪ੍ਰੇਮੀ ਕਿਸ ਵਸਤੂ ਦੇ ਸੰਜੋਗ-ਵਿਜੋਗ ਨਾਲ ਖ਼ੁਸ਼ੀ-ਗਮੀ ਅਤੇ ਅਨੁਕੂਲਤਾ-ਪ੍ਰਤੀਕੂਲਤਾ ਨਾਲ ਸੁਖੀ-ਦੁਖੀ ਹੋਵੇਗਾ? ਪਦਾਰਥਾਂ ਦੀ ਪ੍ਰੀਤੀ ਵਾਲੇ ਸੰਸਾਰੀ ਲੋਕ, ਆਪਣੇ ਅਨੁਕੂਲ ਵਸਤੂ ਦੇ ਸੰਯੋਗ ਨਾਲ ਪ੍ਰਸੰਨ ਅਤੇ ਵਿਜੋਗ ਜੋ ਆਪਣੇ ਪ੍ਰਤਿਕੂਲ ਹੁੰਦਾ ਹੈ, ਉਸ ਨਾਲ ਦੁਖੀ ਹੋ ਜਾਂਦੇ ਹਨ, ਪ੍ਰੰਤੂ ਉਹ ਆਕ ਹੀ ਕਾਹਦਾ ਜਿਹੜਾ ਆਪਣੇ ਪ੍ਰੀਤਮ ਦੀ ਰਾ ਵਿੱਚ ਰਾੀ ਰਹਿਣ ਦੀ ਬਜਾਏ, ਉਸਦੇ ਹੁਕਮ ਨੂੰ ਅੱਛਾ ਤੇ ਬੁਰਾ ਸਮਝਦਾ ਹੋਵੇ। ਇਸ ਪ੍ਰਕਾਰ ਦਾ ਹਿਸਾਬ ਕਿਤਾਬ, ਪ੍ਰੇਮੀ ਲੋਕਾਂ ਵਿੱਚ ਨਹੀਂ ਹੋਇਆ ਕਰਦਾ। ਅਜਿਹਾ ਸੇਵਕ, ਲਾਭ ਪ੍ਰਾਪਤ ਕਰਨ ਦੀ ਜਗ੍ਹਾ, ਮੂਲ ਰਕਮ ਨੂੰ ਭੀ ਗੁਆ ਬਹਿੰਦਾ ਹੈ। ਮਤਲਬ ਇਹ ਕਿ ਉਹ ਪ੍ਰੇਮ-ਮਾਰਗ ਵਿੱਚ ਪ੍ਰਵਿਰਤ ਹੋਇਆ-ਪ੍ਰੀਤਮ ਪ੍ਰਾਪਤੀ ਲਈ ਸੰਸਾਰ ਨੂੰ ਚਿੱਤ ਵਿੱਚੋਂ ਉਠਾਉਂਦਾ ਭੀ ਹੈ ਅਤੇ ਉਸ ਪ੍ਰੀਤਮ ਦੀ ਪ੍ਰਸੰਨਤਾ ਵਾਸਤੇ, ਉਸ ਦੀ ਰਾ ਵਿੱਚ ਰਾੀ ਭੀ ਨਹੀਂ ਰਹਿੰਦਾ। ਇਸ ਲਈ ਨਾ ਤਾਂ ਉਸ ਨੂੰ ਆਪਣੇ ਪ੍ਰੀਤਮ ਦਾ ਮਿਲਾਪ ਹੋਇਆ ਅਤੇ ਨਾ ਹੀ ਉਹ ਸੰਸਾਰ ਦੇ ਕੰਮ ਦਾ ਰਿਹਾ ਕਿਉਂਕਿ ਉਹ ਤਾਂ ਮੁੱਢ- ਮੂਲ ਤੋਂ ਹੀ ਯਾਨੀ ਪਹਿਲੇ ਕਦਮ ਤੋਂ ਹੀ ਭੁੱਲ ਗਿਆ ਹੈ-

**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥**
**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥** (ਅੰਗ ੪੭੪)

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥** (ਅੰਗ ੪੭੪)

ਜੋ ਆਪਣੇ ਪ੍ਰੀਤਮ (ਪ੍ਰਭੂ) ਦੀ ਲਗਨ ਵਿੱਚ ਮਗਨ ਹੋ ਚੁੱਕੇ ਹਨ, ਉਹ

ਪ੍ਰੇਮੀ, ਲੋਕ-ਲਾਜ ਨੂੰ ਖੂਹ ਵਿੱਚ ਸੁੱਟ, ਨਿਧੜਕ ਹੋ ਕੇ ਪ੍ਰੀਤਮ ਵੱਲ ਜਾਂਦੇ ਹੋਏ, ਕਦੋਂ ਕਿਸੇ ਦੀ ਪ੍ਰਵਾਹ ਕਰਦੇ ਹਨ? ਉਹ ਤਾਂ ਪ੍ਰੀਤਮ ਦੀ ਇੱਕ ਰਸ ਯਾਦ ਵਿੱਚ ਮਸਤਾਨੇ ਹੋਏ, ਕਿਸੇ ਦੂਜੀ ਵਸਤੂ ਦੀ ਸੋਝੀ ਹੀ ਨਹੀਂ ਰੱਖਦੇ। ਜਿਨ੍ਹਾਂ ਨੂੰ ਦੂਜਾ ਭੀ ਸੁੱਝਦਾ ਹੋਵੇ, ਉਹ ਆਪਣੇ ਪਿਆਰੇ ਦੇ ਗਲ ਨਹੀਂ ਲੱਗ ਸਕਦੇ-

**ਜੇ ਜੇ ਰੰਗ ਏਕ ਕੇ ਰਾਚੇ॥ ਤੇ ਤੇ ਲੋਕ ਲਾਜ ਤਜ ਨਾਚੇ॥**
**ਆਦਿ ਪੁਰਖ ਜਿਨ ਏਕ ਪਛਾਨਾ॥ ਦੁਤੀਆ ਭਾਵ ਨ ਮਨ ਮਹਿ ਆਨਾ॥**
**ਜੇ ਜੇ ਭਾਵ ਦੁਤੀਆ ਮਹਿ ਰਾਚੇ॥ ਤੇ ਤੇ ਮੀਤ ਮਿਲਨ ਤੇ ਬਾਚੇ॥**
**ਏਕ ਪੁਰਖ ਜਿਨ ਨੈਕ ਪਛਾਨਾ॥ ਤਿਨ ਹੀ ਪਰਮ ਤਤ ਕਹਿ ਜਾਨਾ॥**

(ਦ: ਗ੍ਰ:)

**ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥**

(ਅੰਗ ੧੧੧੨)

ਜਿਸ ਨੇ ਇਸ ਜਗਤ ਨੂੰ ਤਮਾਸ਼ਾ ਰੂਪ ਸਮਝਿਆ ਹੈ-ਜਾਦੂਗਰ ਦੀ ਹੈਰਾਨੀ ਵਿੱਚ ਡੁਬੋਅ ਦੇਣ ਵਾਲੀ ਰਚਨਾ ਨੂੰ, ਝੂਠਾ ਜਾਣਿਆ ਹੈ, ਉਹ ਪੁਰ ਅਜਿਹੀ ਖੇਡ ਵਿੱਚ ਚਿੱਤ ਨਹੀਂ ਉਲਝਾਉਂਦਾ। ਤਾਰੀ ਕਰਦਾ ਹੈ ਤਾਂ ਉਸ ਜਾਦੂਗਰ ਦੀ, ਜਿਸ ਵਿੱਚ ਇਹ ਕਤੀ ਹੈ ਕਿ ਹੈ ਕੁੱਝ ਭੀ ਨਹੀਂ ਪ੍ਰੰਤੂ ਹੱਥ ਦੀ ਸਫਾਈ ਨਾਲ ਸੱਚਮੁੱਚ ਅਜਿਹਾ ਕਰ ਦਿਖਾਉਂਦਾ ਹੈ ਜੋ ਸਮਝਦਾਰਾਂ ਦੀ ਸਮਝ ਭੀ ਕੰਮ ਨਹੀਂ ਕਰਦੀ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਉਸ ਅਲੌਕਿਕ ਕਤੀ ਵਾਲੇ ਬਾਜ਼ੀਗਰ (ਪ੍ਰਭੂ) ਨਾਲ ਪ੍ਰੀਤੀ ਲਾਈ ਹੈ, ਖੇਡ ਨਾਲ ਨਹੀਂ ਲਾਈ ਯਾਨੀ ਜਗਤ ਜੋ ਉਸਦੀ ਖੇਡ ਮਾਤ੍ਰ ਹੀ ਹੈ, ਉਸ ਨਾਲ ਨਹੀਂ-

**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥** (ਅੰਗ ੪੮੭)

**ਹਰਿਸਿਮਰਨ**-ਇਹ ਗੱਲ ਠੀਕ ਹੈ, ਜਗਤ ਤਾਂ ਇਸੇ ਤਰ੍ਹਾਂ ਦਾ ਹੀ ਹੈ ਪ੍ਰੰਤੂ ਇਹ ਤਮਾਸ਼ਾ ਕਿਸ ਜੁਗਤੀ ਦੁਆਰਾ ਦੇਖਿਆ ਜਾਵੇ, ਜਿਸ ਨਾਲ ਜਗਤ ਦੀ ਕੋਈ ਭੀ ਰਚਨਾ, ਮੈਨੂੰ ਸਪਰ ਨਾ ਕਰੇ? ਮੈਂ ਜਲ ਵਿੱਚ ਰਹਿੰਦੇ ਹੋਏ ਕਮਲ ਦੀ ਤਰ੍ਹਾਂ ਨਿਰਲੇਪ ਹੀ ਰਹਾਂ?

**ਸੰਤ**-ਬਾਜ਼ੀਗਰ (ਪ੍ਰਭੂ) ਦੇ ਨਾਲ ਅਤੀ ਪ੍ਰੇਮ ਵਧਾ ਕੇ ਅਤੇ ਨਿੱਤ ਉਸੀ ਕੋਲ ਯਾਨੀ ਰਣ ਵਿੱਚ ਰਹਿਣ ਨਾਲ ਸਾਰਾ ਭੇਦ ਖੁਲ੍ਹ ਜਾਂਦਾ ਹੈ ਫਿਰ ਉਹ

ਬਾਜ਼ੀ, ਮੋਹ ਉਤਪੰਨ ਨਹੀਂ ਕਰ ਸਕਦੀ ਬਲਕਿ ਬਾਜ਼ੀਗਰ ਦਾ ਪ੍ਰੇਮੀ, ਦ ਬਾਜ਼ੀ ਪਾਉਣ ਵਾਲਾ (ਬਾਜ਼ੀਗਰ) ਬਣ ਜਾਂਦਾ ਹੈ। ਫਿਰ ਇਸ ਹਾਲਤ ਵਿੱਚ ਉਸ ਨੇ, ਆਪਣੀ ਰਚਨਾ ਵਿੱਚ ਲਿਪਤ ਕੀ ਹੋਣਾ ਹੈ?

**ਹਰਿਸਿਮਰਨ**–ਗੁਰੂਦੇਵ! ਜਗਤ-ਰੂਪ ਖੇਡ ਕਰਨ ਵਾਲਾ ਪ੍ਰਮਾਤਮਾ (ਬਾਜ਼ੀਗਰ) ਕਿਸ ਸੁਭਾਉ ਵਾਲਾ ਹੈ ਜਿਸਨੂੰ ਜਾਣ ਕੇ ਮੈਂ ਕੋਈ ਉਹੋ ਜਿਹਾ ਉਪਾਇ ਹੀ ਕਰਾਂ ਤਾਂਕਿ ਉਸ ਨਾਲ ਮੇਰਾ ਗੂੜ੍ਹਾ ਪ੍ਰੇਮ ਹੋ ਜਾਵੇ ਅਤੇ ਮੈਂ ਉਸ ਕੋਲ ਹੀ ਰਹਿਣ ਲੱਗ ਜਾਵਾਂ?

**ਸੰਤ**–ਹਰਿਸਿਮਰਨ! ਉਹ ਤਾਂ ਸਿਵਾਏ ਪ੍ਰੇਮ ਤੋਂ ਹੋਰ ਕਿਸੇ ਵੀ ਯਤਨ ਨਾਲ ਰੀਝਦਾ ਨਹੀਂ। ਜੋ ਸਾਰੀ ਸ੍ਰਿਟੀ ਨੂੰ ਆਪਣੇ ਕਾਬੂ ਕਰਕੇ ਬੈਠਾ ਹੈ, ਉਸ ਨੂੰ ਵੱਸ ਕਰਨ ਵਾਲੇ ਉਸਦੇ ਭਗਤ ਜਨ ਹੀ ਹਨ। ਇੱਕ ਪ੍ਰੇਮ ਤੋਂ ਬਿਨਾਂ, ਉਸ ਨੂੰ ਵੱਸ ਕਰਨ ਦੇ ਸਭ ਉਪਾਇਆਂ ਦੀ ਨਿਫਲਤਾ ਸ੍ਰੀ ਗੁਰੂ ਅਰਜਨ ਦੇਵ ਜੀ ਇਉਂ ਕਥਨ ਕਰਦੇ ਹਨ–

**ਨਾ ਤੂੰ ਆਵਹਿ ਵਸਿ ਬਹੁਤੁ ਘਿਣਾਵਣੇ॥**
**ਨਾ ਤੂ ਆਵਹਿ ਵਸਿ ਬੇਦ ਪੜਾਵਣੇ॥**
**ਨਾ ਤੂ ਆਵਹਿ ਵਸਿ ਤੀਰਥਿ ਨਾਈਐ॥**
**ਨਾ ਤੂ ਆਵਹਿ ਵਸਿ ਧਰਤੀ ਧਾਈਐ॥**
**ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥**
**ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥**
**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥**
**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥** (ਅੰਗ ੯੬੨)

**ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥**
(ਅੰਗ ੧੧੦੫)

**ਗੋਵਿੰਦ ਭਾਓ ਭਗਤਿ ਦਾ ਭੁਖਾ॥** (ਭਾ: ਗੁ:)

**ਹਰਿਸਿਮਰਨ**– ਗੁਰੂਦੇਵ! ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਜੇ ਉਸ ਨੂੰ ਆਪਣੇ ਉੱਤੇ ਪ੍ਰਸੰਨ ਕਰਨ ਦਾ ਤਰੀਕਾ ਇੱਕ ਪ੍ਰੇਮ ਹੀ ਹੈ, ਬਾਕੀ ਸਭ ਉਪਾਇ ਵਿਅਰਥ ਹਨ ਤਾਂ ਉਹ ਪ੍ਰੇਮ ਕਿਹੋ ਜਿਹਾ ਹੈ ਅਤੇ ਕਿਸ ਤਰ੍ਹਾਂ ਕਰੀਦਾ ਹੈ? ਮੈਂ ਜੋ ਪ੍ਰੇਮ ਰੱਖਦਾ ਹਾਂ, ਉਸ ਦੁਆਰਾ ਤਾਂ ਉਹ ਮੇਰੇ ਪਰ ਰੀਝਦਾ ਦਿਖਾਈ ਨਹੀਂ ਦਿੰਦਾ।

**ਸੰਤ**-ਹਰਿਸਿਮਰਨ! ਉਸ ਲਾ-ਗਰ ਪ੍ਰਭੂ ਨਾਲ ਗੂੜ੍ਹੀ ਪ੍ਰੀਤੀ ਬਣਾਈ ਰੱਖਣ ਲਈ, ਉਸਦੇ ਚਰਨਾਂ ਵਿੱਚ ਇੱਕ ਸੁੰਦਰ ਭੇਟ ਚੜ੍ਹਾ ਦੇ ਤਦ ਤੂੰ ਉਸਦਾ ਹੀ ਹੋ ਜਾਵੇਂਗਾ ਤੇ ਉਹ ਤੇਰਾ ਬਣ ਜਾਵੇਗਾ, ਇਹ ਗੱਲ ਨਿਰਸੰਯ ਹੈ।

**ਹਰਿਸਿਮਰਨ**-ਗੁਰੁਦੇਵ! ਉਹ ਅਜਿਹੀ ਸੁੰਦਰ ਭੇਟਾ ਕਿਹੜੀ ਹੈ?

**ਸੰਤ**-

**ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥**

**(ਅੰਗ ੭੯੩)**

ਮਤਲਬ ਇਹ ਹੈ ਕਿ ਤਨ ਅਤੇ ਮਨ ਉਸਦੇ ਅਰਪਣ ਕਰਕੇ ਆਪਣੇ ਪਾਸ ਕੁੱਝ ਭੀ ਨਹੀਂ ਰੱਖਣਾ।

**ਹਰਿਸਿਮਰਨ**-ਸਤਿਗੁਰੂ ਦੇਵ! ਜਦ ਤਨ ਅਤੇ ਮਨ ਉਸਦੀ ਭੇਟਾ ਹੀ ਕਰ ਦਿੱਤੇ ਗਏ ਫਿਰ ਬਾਕੀ ਕੀ ਰਹਿ ਜਾਂਦਾ ਹੈ? ਕਿਉਂਕਿ ਆਪ ਨੇ ਕਿਹਾ ਹੈ ਕਿ ਇਹ ਦੋਨੋਂ ਅਰਪਣ ਕਰਕੇ ਪਾਸ ਕੁੱਝ ਭੀ ਨਹੀਂ ਰੱਖਣਾ। ਕੀ ਤਨ ਅਤੇ ਮਨ ਦੇ ਕੇ ਭੀ ਕੋਈ ਵਸਤੂ ਕੋਲ ਰਹਿ ਜਾਂਦੀ ਹੈ?

**ਸੰਤ**-ਹਰਿਸਿਮਰਨ! ਹਾਂ, ਇਹ ਦੋਨੋਂ ਚਰਨਾਂ ਪਰ ਚੜ੍ਹਾ ਦੇਣ ਪਰ ਭੀ, ਇੱਕ ਵਸਤੂ ਬਦੋਬਦੀ ਪਾਸ ਰਹਿੰਦੀ ਦੇਖੀ ਗਈ ਹੈ। ਉਹ ਹੈ ਇਹ ਅਹੰ ਬ੍ਰਿਤੀ ਕਿ ਮੈਂ ਸਭ ਕੁੱਝ ਅਰਪਣ ਕਰ ਦਿੱਤਾ ਹੈ । ਉਨ੍ਹਾਂ ਦੋਹਾਂ ਦੀ ਭੇਟਾ ਚੜ੍ਹਾਉਣ ਵੇਲੇ ਇਹ ਹੰਕਾਰ ਭੀ ਨਾਲ ਹੀ ਅਰਪਣ ਕਰ ਦੇਵੇ ਤਾਂ ਪਾਸ ਕੁੱਝ ਭੀ ਨਹੀਂ ਰਹਿੰਦਾ। ਐਸੀ ਰਣ ਗ੍ਰਹਣ ਕੀਤੀ ਅਵਸਥਾ ਵਿੱਚ ਜਦ ਕਿ ਨਿਰੰਤਰ ਉਸਦੇ ਕੋਲ ਹੀ ਰਹਿੰਦਾ ਹੈ, ਫਿਰ ਬਿਨਾਂ ਉਸ ਤੋਂ ਕਿਸ ਨੂੰ ਦੇਖਣਾ, ਕਿਸ ਦਾ ਬਚਨ ਸੁਨਣਾ ਅਤੇ ਕਿਸ ਹੋਰ ਨਾਲ ਗੱਲਾਂ ਕਰਨੀਆਂ ਹਨ? ਇਸ ਪ੍ਰਕਾਰ ਪਿਆਰੇ ਹਰਿਸਿਮਰਨ ਜਦ ਤੂੰ ਉਸੀ ਦਾ ਹੋ ਜਾਵੇਂਗਾ ਤਾਂ ਉਸ ਤੋਂ ਬਿਨਾਂ ਤੇਰੇ ਪਰ ਹੋਰ ਕਿਸ ਦਾ ਕੰਟਰੋਲ ਹੋ ਸਕੇਗਾ? ਯਾਨੀ ਉਸੀ ਦੇ ਹੁਕਮ ਵਿੱਚ, ਤੂੰ ਹਰ ਤਰ੍ਹਾਂ ਰਾੀ ਰਹਿ ਕੇ ਹਰਕਤ ਕਰੇਂਗਾ। ਜਦ ਕਿ ਉਸ ਤੋਂ ਬਿਨਾਂ ਨਾ ਕੁੱਝ ਦਿਖਦਾ ਹੈ, ਨਾ ਸੁਣਦਾ ਹੈ ਅਤੇ ਨਾ ਹੀ ਕੋਈ ਗੱਲਾਂ ਕਰਨ ਨੂੰ ਪਾਸ ਹੈ, ਫਿਰ ਉਸ ਪਿਆਰੇ ਤੋਂ ਬਿਨਾਂ ਹੋਰ ਕਿਸ ਨਾਲ ਮੇਲ ਹੋਵੇਗਾ? ਜੋ ਕੁੱਝ ਭੀ ਜਿਸ ਸੰਬੰਧ ਵਾਲਾ ਹੈ, ਇੱਕ ਉਹੀ ਹੈ ਭਾਵੇਂ ਪਿਆਰੇ ਹਰਿਸਿਮਰਨ! ਉਸ ਨੂੰ ਤੂੰ ਕਿਸੇ ਕਲ ਵਿੱਚ ਦੇਖੀ ਜਾ। ਹਰ ਇੱਕ ਰੂਪ ਵਿੱਚ ਦਿਖੇਗਾ ਤਾਂ ਇੱਕ ਉਹੀ ਪ੍ਰੀਤਮ । ਹਰਿਸਿਮਰਨ! ਉਸ ਜਾਦੂਗਰ ਦੀ ਤੂੰ ਹੋਰ ਅਸਚਰਜ ਰਚਨਾ ਨੂੰ

ਦੇਖ। ਜਿਸ ਪ੍ਰੇਮੀ ਪਰ ਉਸਦੀ ਪ੍ਰਸੰਨਤਾ ਹੁੰਦੀ ਹੈ, ਉਸਦੇ ਨੇਤ੍ਰਾਂ ਦਾ ਅਗਿਆਨ ਰੂਪ ਪਰਦਾ ਹਟਾ ਕੇ, ਦਿਖਦਾ ਭੀ ਸਭ ਪਾਸੇ ਉਹ ਆਪ ਹੀ ਹੈ ਅਤੇ ਪ੍ਰੇਮੀ ਦੇ ਹਿਰਦੇ ਵਿੱਚ ਬੈਠ ਕੇ ਦੇਖਣ ਵਾਲਾ ਭੀ ਉਹ ਆਪ ਹੀ ਹੋ ਜਾਂਦਾ ਹੈ। ਭਾਵੇਂ ਇਸ ਤਰ੍ਹਾਂ ਪ੍ਰਭੂ ਦਾ ਨਿਵਾਸ ਭਗਤਾਂ ਤੋਂ ਛੁੱਟ ਸੰਸਾਰੀ ਜੀਵਾਂ ਵਿੱਚ ਭੀ ਹੈ ਤਾਂ ਭੀ ਸੰਸਾਰਕ ਵਿਸ਼ਿਆਂ ਵਿੱਚ ਪ੍ਰੀਤੀ ਵਾਲੇ ਮਨਮੁੱਖੀ ਜੀਵਾਂ ਦੇ ਅੰਤਹਕਰ ਣ ਵਿੱਚ ਆਪਣੀ ਮਾਇਆ ਦਾ ਪਰਦਾ ਪਾ ਦਿੰਦਾ ਹੈ। ਇਸ ਕਰਕੇ ਅਨੁਕੂਲਤਾ ਅਤੇ ਪ੍ਰਤੀਕੂਲਤਾ ਦੇ ਕਾਬੂ ਆਏ ਹੋਏ ਜੀਵ, ਸੁੱਖ-ਦੁੱਖ ਵਿੱਚ ਗਰਕ ਹੋ ਜਾਂਦੇ ਹਨ।

ਪਿਆਰੇ ਹਰਿਸਿਮਰਨ ! ਉਪ੍ਰੋਕਤ ਭੇਟਾ ਤੂੰ ਹਾਲਾਂ ਨਹੀਂ ਕੀਤੀ, ਇਸ ਵਾਸਤੇ ਹੀ ਤੇਰਾ ਪ੍ਰੇਮ ਉਸ ਲਾ-ਗਰ ਪ੍ਰਭੂ ਨੂੰ ਪ੍ਰਸੰਨ ਨਹੀਂ ਕਰ ਸਕਦਾ ਭਾਵੇਂ ਉਸ ਲਈ ਦਿਨ ਰਾਤ ਵਿਆਕੁਲ ਰਹਿ। ਹਰਿਸਿਮਰਨ, ਜੋ ਇਸ ਪ੍ਰੇਮ ਦੀ ਮਰ ਨਾਲ ਨਿੱਤ ਰੋਗੀ ਰਹਿੰਦਾ ਹੈ, ਉਹ ਗੁਰੂ ਦੇ ਇਸ ਪ੍ਰਕਾਰ ਬਚਨ ਸੁਣਕੇ ਬਿਲਕੁਲ ਖਾਮੋ ਹੋ ਗਿਆ। ਕਿਸੇ ਅੰਦਰੋਂ ਅੰਦਰੀ ਫੈਸਲਾ ਕਰਨ ਤੋਂ ਦੋ ਕੁ ਘੰਟੇ ਬਾਅਦ ਪ੍ਰਸੰਨ ਚਿੱਤ ਹੋਇਆ ਇਉਂ ਬੋਲਿਆ-

**ਬਾਝੁ ਗੁਰੂ ਹੈ ਅੰਧ ਗੁਬਾਰਾ॥** (ਅੰਗ ੧੧੬)

**ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥**
**ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ॥** (ਅੰਗ ੩੧)

**ਬਾਝੁ ਗੁਰੂ ਡੁਬਾ ਸੰਸਾਰੁ॥** (ਅੰਗ ੧੩੮)

**ਪ੍ਰ ਨ** -ਹਰਿਸਿਮਰਨ ਨੇ ਚਿੱਤ ਵਿੱਚ ਉਹ ਕਿਹੜਾ ਫੈਸਲਾ ਕੀਤਾ, ਜਿਸ ਨਾਲ ਕਿ ਉਹ ਅਤੀ ਪ੍ਰਸੰਨ ਹੋ ਗਿਆ?

**ਉੱਤਰ**-ਮੈਂ ਕਿਸ ਤਰ੍ਹਾਂ ਆਪਣੇ ਪ੍ਰੀਤਮ ਪ੍ਰਭੂ ਨੂੰ ਮਿਲਾਂਗਾ, ਮੇਰਾ ਮੇਲ ਹੋਵੇਗਾ ਭੀ ਜਾਂ ਨਹੀਂ? ਇਹ ਜੋ ਚਿੱਤ ਵਿੱਚ ਸੈ ਰੂਪ ਕੰਡਾ ਨਿਰੰਤਰ ਰੜਕਦਾ ਰਹਿੰਦਾ ਸੀ ਅਤੇ ਰਾਤ ਦਿਨ ਚੈਨ ਨਹੀਂ ਸੀ ਆਉਣ ਦਿੰਦਾ, ਉਸ ਕੰਡੇ ਦੇ ਨਿਕਲ ਜਾਣ ਨਾਲ ਸੁਖੀ ਹੋ ਗਿਆ।

**ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥**
(ਅੰਗ ੨੯੩)

ਇਸ ਬਚਨ ਦੇ ਮੁਤਾਬਿਕ ਤਨ ਅਤੇ ਮਨ ਪ੍ਰਭੂ ਦੇ ਅਰਪਣ ਕਰਕੇ, ਭੇਦ ਤੋਂ ਰਹਿਤ ਹੋ ਗਿਆ ਯਾਨੀ ਆਪਣੇ ਪ੍ਰੀਤਮ ਦਾ ਅਤੇ ਆਪਣਾ ਵੱਖਰਾਪਣ ਮਿਟਾ

ਦਿੱਤਾ ਅਤੇ ਅਹੰਕਾਰ ਨੂੰ ਭੀ ਨਾਲ ਹੀ ਚਰਨਾਂ ਪਰ ਚੜ੍ਹਾ ਦਿੱਤਾ। ਸਦਾ ਪ੍ਰਸੰਨਤਾ ਦੇ ਸਮੁੰਦਰ ਵਿੱਚ ਮੱਛੀ ਵਾਂਗੂੰ ਤਾਰੀਆਂ ਲਾਉਣ ਵਾਲਾ ਬਣ ਗਿਆ ਕਿਉਂਕਿ ਦੇਖਣ, ਸੁਨਣ ਤੇ ਬੋਲਣ ਦਾ ਵਿ ਇੱਕ ਪ੍ਰੀਤਮ ਹੀ ਰਹਿ ਗਿਆ ਜੋ ਪੂਰਨ ਰੂਪ ਨਾਲ, ਆਪਣੇ ਪਿਆਰੇ ਦੀ ਰਨ ਵਿੱਚ ਜਾ ਪਿਆ ਹੈ ਉਹ ਇੱਕ ਤਿਲ ਮਾਤ੍ਰ ਭੀ ਉਸਤੋਂ ਜੁਦਾ ਨਹੀਂ ਹੋ ਸਕਦਾ। ਸੰਸਾਰ ਵਿੱਚ ਅਨੰਤ ਬੀਮਾਰੀਆਂ ਹਨ ਤਾਂ ਭੀ ਪ੍ਰੀਤਮ ਦੇ ਵਿਜੋਗ ਵਰਗਾ ਅਤੀ ਪ੍ਰਬਲ ਰੋਗ, ਹੋਰ ਕੋਈ ਭੀ ਨਹੀਂ ਹੈ–

**ਇਕ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥** **(ਅੰਗ ੨੧)**

ਇਸ ਰੋਗ ਤੋਂ ਜੋ ਛੁਟਕਾਰਾ ਪਾ ਚੁੱਕੇ ਹਨ, ਉਹ ਅਨੁਭਵੀ ਲੋਕ ਯਾਨੀ ਇਸ ਅਸਹਿ ਦੁੱਖ ਦੀ ਵਾਕਫੀਅਤ ਵਾਲੇ, ਕਦ ਕੁਪੱਥ (ਬਦ-ਪ੍ਰਹੇਜੀ) ਕਰਦੇ ਹਨ? ਕਿਉਂਕਿ ਉਨ੍ਹਾਂ ਨੂੰ ਉਸ ਦੁੱਖ ਤੋਂ ਮਹਾਨ ਭੈ ਆਉਂਦਾ ਹੈ। ਇਸ ਲਈ ਸਦਾ ਨਿਰੋਗ ਰਹਿਣ ਖਾਤਰ, ਰਾ ਮਾਤ੍ਰ ਭੀ ਲਾਪਰਵਾਹੀ ਨਹੀਂ ਕਰਦੇ।

**ਦੁਖੁ ਤਦੇ ਜਾ ਵਿਸਰਿ ਜਾਵੈ। ਭੁਖ ਵਿਆਪੈ ਬਹੁ ਬਿਧਿ ਧਾਵੈ॥**

**(ਅੰਗ ੯੮)**

ਮਤਲਬ ਕਿ ਅਨੰਦ ਸੂਰੂਪ ਪ੍ਰੀਤਮ ਦੀ ਲਗਨ ਵਿੱਚ ਮਗਨ ਰਹਿਣ ਵਾਲਾ ਜੇ ਰਾ ਮਾਤ੍ਰ ਭੀ ਉਸ ਨੂੰ ਵਿਸਾਰ ਦੇਵੇ ਤਾਂ ਉਹੀ ਨਾਨਾ ਕਾਮਨਾ ਰੂਪ ਦੁੱਖਾਂ ਨਾਲ ਗ੍ਰਸਿਆ ਜਾਂਦਾ ਹੈ। ਫਿਰ ਪਦਾਰਥਾਂ ਦੀ ਭੁੱਖ ਅਜਿਹੀ ਸਤਾਉਂਦੀ ਹੈ ਜੋ ਉਨ੍ਹਾਂ ਦੀ ਪ੍ਰਾਪਤੀ ਲਈ ਦੌੜਿਆ ਫਿਰਦਾ ਹੈ ਅਰਥਾਤ ਮਰਦਾ ਤੇ ਜੰਮਦਾ ਰਹਿੰਦਾ ਹੈ।

**ਤੂੰ ਵਿਸਰਹਿ ਤਦਿ ਹੀ ਮਰਿ ਜਾਉ॥** **(ਅੰਗ ੧੫੯)**

ਇਸ ਵਿੱਚ ਮ੍ਰਿਤੂ ਦਾ ਸੈ ਭੀ ਕੀ? ਸਮੁੰਦਰ ਵਿੱਚ ਮੱਛੀ, ਜਿੱਧਰ ਭੀ ਰੁ ਕਰਦੀ (ਜਾਂਦੀ) ਹੈ, ਉੱਧਰ ਹੀ ਆਪਣਾ ਜੀਵਨ ਰੂਪ ਪਿਆਰਾ ਜਲ ਹੀ ਜਲ ਦੇਖਦੀ ਹੈ। ਮੱਛੀ ਲਈ ਅਜਿਹੇ ਜਲ ਦਾ ਵਿਜੋਗ ਹੀ ਜੀਵਨ ਦਾ ਵਿਜੋਗ ਹੈ। ਇਹੀ ਹਾਲਤ ਪ੍ਰਭੂ ਦੇ ਅਨੰਨ ਭਗਤ ਦੀ ਹੁੰਦੀ ਹੈ। ਇਸ ਤਰ੍ਹਾਂ ਪ੍ਰੀਤਮ ਦੀ ਯਾਦ ਵਿੱਚ ਇੱਕ-ਰਸ (ਨਿਰੰਤਰ) ਲੀਨ ਹੋਇਆ ਮਨ, ਸੰਸਾਰ ਵੱਲੋਂ ਬੇਬਰ ਰਹਿੰਦਾ ਹੈ। ਅਨੰਦ ਸੂਰੂਪ ਪ੍ਰਭੂ ਦੀ ਰਣ ਦਾ ਸੁੱਖ, ਕਥਨ ਤੋਂ ਬਾਹਰ ਹੈ। ਪ੍ਰੇਮ ਪਿਆਲੇ ਨੂੰ ਪੀ ਕੇ, ਪਿਆਰੇ ਨਾਲ ਮਿਲਿਆ ਹੋਇਆ ਮਤਵਾਲਾ ਹਰਿਸਿਮਰਨ ਬੇਵੱਸ ਹੋਇਆ, ਉਸ ਅਨੰਦ ਨੂੰ ਕਹੇ ਬਿਨਾਂ ਰੁਕ ਨਾ ਸਕਿਆ–

**ਮਾਈ ਮੇਰੇ ਮਨ ਕੋ ਸੁਖੁ॥**

**ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ॥ ਰਹਾਉ॥**
**ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ॥**
**ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥**
**ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥**
**ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥**

**(ਅੰਗ ੭੧੭)**

## *ਰਣ ਗ੍ਰਹਣ ਕਰ ਚੁੱਕੇ ਦੀ ਨਿਕਰਤੱਵ੍ਤਾ*

**ਪ੍ ਨ** –ਹਰਿਸਿਮਰਨ ਕਿਸੇ ਇੱਕ ਹੀ ਲਗਨ ਵਿੱਚ ਨਿਰੰਤਰ ਮਗਨ ਹੋਇਆ ਰਹਿੰਦਾ ਹੈ, ਹੋਰ ਕੁੱਝ ਭੀ ਨਹੀਂ ਕਰਦਾ। ਕੀ ਉਸ ਨੂੰ ਮੁਕਤੀ ਲਾਭ ਲਈ ਤੀਰਥ ਆਦਿ ਸਾਧਨ ਨਹੀਂ ਕਰਨੇ ਚਾਹੀਦੇ?

**ਉੱਤਰ**– ਕਰਤੱਵ ਰੂਪ ਨਾਲ ਬਿਲਕੁਲ ਨਹੀਂ। ਸੁਭਾਵਿਕ ਸ੍ਰੇਟਾਚਾਰ ਦੇ ਖਿਆਲ ਨੂੰ ਰੱਖ ਕੇ ਬੇਕ ਹੁੰਦੇ ਰਹਿਣ। ਜੋ ਪੁਰ, ਪ੍ਰਭੂ ਦੀ ਰਣ ਗ੍ਰਹਣ ਕਰ ਚੁੱਕਾ ਹੈ ਅਤੇ ਜਿਸਦਾ ਮਨ ਉਸਦੀ ਯਾਦ ਵਿੱਚੋਂ ਕਿਸੇ ਸਮੇਂ ਨਿਕਲਦਾ ਹੀ ਨਹੀਂ, ਉਸ ਲਈ ਕਿਸੇ ਭੀ ਕਰਮ ਆਦਿ ਸਾਧਨ ਦੀ ਰੂਰਤ ਨਹੀਂ ਕਿਉਂਕਿ ਸਿਵਾਏ ਪ੍ਰੇਮ ਤੋਂ ਕੋਈ ਭੀ ਕਰਮ ਪ੍ਰਭੂ ਦਾ ਮਿਲਾਪ ਨਹੀਂ ਕਰਵਾਉਂਦਾ। ਇਹ ਪ੍ਰੇਮ ਰੂਪੀ ਸਾਧਨ ਅੰਤਹਕਰਣ ਦੀ_ੱਧੀ ਲਈ, ਸਭ ਸਾਧਨਾਂ ਨਾਲੋਂ ਉੱਤਮ ਹੈ ਕਿਉਂਕਿ ਇਸ ਦਾ ਵਿੱਚ ਬਿਨਾਂ ਕਿਸੇ ਵਿਵਿਹਾਰਕ ਰੁਕਾਵਟ ਤੋਂ, ਹਰ ਵਕਤ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ।

**ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥**

**(ਅੰਗ ੬੨)**

**ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥**
**ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥** **(ਅੰਗ ੬੨)**

**ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥**

**(ਅੰਗ ੨੪੦)**

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥**
**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥** **(ਅੰਗ ੧੧੨੪)**

**ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ ਸਿਮ੍ਰਿਤ ਵਖਿਆਨ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥**
**ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥**
**ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥**
**ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥**

**(ਅੰਗ ੨੬੫)**

ਪ੍ਰਭੂ ਦੇ ਨਾਮ ਵਿੱਚ ਹਰ ਵਕਤ ਚਿੱਤ ਲੀਨ ਰੱਖਣ ਨਾਲ, ਅਨੰਤ ਤੀਰਥ ਆਦਿ ਸਾਧਨ, ਬਿਨਾਂ ਕੀਤੇ ਹੀ, ਕੀਤੇ ਹੋਏ ਹੋ ਜਾਂਦੇ ਹਨ–

**ਆਠ ਪਹਰ ਸਿਮਰਹੁ ਪ੍ਰਭ ਨਾਮੁ॥ ਅਨਿਕ ਤੀਰਥ ਮਜਨੁ ਇਸਨਾਨੁ॥**

**(ਅੰਗ ੧੮੪)**

**ਪ੍ਰਭ ਕੇ ਚਰਨ ਮਨ ਮਾਹਿ ਧਿਆਨੁ॥ ਸਗਲ ਤੀਰਥ ਮਜਨ ਇਸਨਾਨੁ॥**

**(ਅੰਗ ੧੯੫)**

**ਹਰਿ ਹਰਿ ਨਾਮਿ ਮਜਨੁ ਕਰਿ ਸੂਚੇ॥ ਕੋਟਿ ਗ੍ਰਹਣ ਪੁੰਨ ਫਲ ਮੂਚੇ॥**

**(ਅੰਗ ੧੯੭)**

**ਕੋਟਿ ਮਜਨ ਕੀਨੋ ਇਸਨਾਨ॥ ਲਾਖ ਅਰਬ ਖਰਬ ਦੀਨੋ ਦਾਨੁ॥**
**ਜਾ ਮਨਿ ਵਸਿਓ ਹਰਿ ਕੋ ਨਾਮੁ॥** **(ਅੰਗ ੨੦੨)**

**ਕੋਟਿ ਮਜਨ ਜਾ ਕੈ ਸੁਣਿ ਨਾਮ॥ ਕੋਟਿ ਪੂਜਾ ਜਾ ਕੈ ਹੈ ਧਿਆਨ॥**

**(ਅੰਗ ੨੩੮)**

ਸਭ ਰੋਗਾਂ ਦਾ ਵਿਨਾਕ ਅਤੇ ਪਰਮ ਅਨੰਦ ਦੇਣ ਵਾਲਾ ਇੱਕ ਹਰੀ ਦਾ ਨਾਮ ਹੀ ਹੈ, ਇਹ ਦੱਸਦੇ ਹਨ–

**ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥**

**(ਅੰਗ ੨੫੯)**

**ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥**
**ਕੋਟਿ ਅਨੰਦ ਜਹ ਹਰਿ ਗੁਨ ਗਾਹੀ॥** **(ਅੰਗ ੧੯੭)**

**ਦੂਖੁ ਦਰਦੁ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥**

**(ਅੰਗ ੧੯੧)**

**ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥**
**ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥**

(ਅੰਗ ੨੧੫)

**ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥** (ਅੰਗ ੪੪)

**ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥**
**ਐਥੈ ਸਦਾ ਸੁਖੁ ਦਰਿ ਸੋਭਾ ਹੋਈ॥** (ਅੰਗ ੧੬੧)

ਨਾਮ ਰੂਪੀ ਜਲ ਨਾਲ ਸੰਸਾਰਕ ਵਾਨਾਵਾਂ ਦੀ ਪਿਆਸ ਨਾਲ ਤੜਪਦੇ ਮਨ ਦੀ ਪਿਆਸ ਬੁਝ ਜਾਂਦੀ ਹੈ ਅਤੇ ਪੂਰਨ ਕਾਮ ਯਾਨੀ ਪ੍ਰਭੂ ਦੀ ਪ੍ਰਾਪਤੀ ਹੋ ਜਾਣ ਨਾਲ ਸਭ ਆਸਾਂ ਪੂਰੀਆਂ ਹੋ ਜਾਂਦੀਆਂ ਹਨ, ਫਿਰ ਉਸ ਨਿਰਇੱਛਤ ਪੁਰ ਦਾ ਚਿੱਤ ਕਿਸ ਨਮਿੱਤ ਨੂੰ ਲੈਕੇ ਡੋਲਣਾ ਹੈ? ਸੰਸਾਰਕ ਵਾਨਾਵਾਂ ਨਾਲ ਪੀੜਤ ਮਨੁਖਾਂ ਪਰ ਕਰੁਣਾਮਈ ਦ੍ਰਿਟੀ ਕਰਦੇ ਹੋਏ ਕਹਿੰਦੇ ਹਨ ਕਿ ਹੇ ਪਿਆਰੇ ! ਪ੍ਰਭੂ ਦਾ ਨਾਮ ਵਾਨਾ ਰੂਪ ਮੌਤ ਦੇ ਨਾ ਕਰ ਦੇਣ ਵਾਲਾ ਅੰਮ੍ਰਿਤ ਹੈ। ਇਸ ਨੂੰ ਗੁਰੂ ਦੁਆਰਾ ਜਪ ਤਾਂਕਿ ਤੈਨੂੰ ਸਦੈਵੀ ਂਤੀ ਮਿਲੇ–

**ਉਤਰਿ ਜਾਇ ਤੇਰੇ ਮਨ ਕੀ ਪਿਆਸ॥ ਪੂਰਨ ਹੋਵੈ ਸਗਲੀ ਆਸ॥**
**ਡੋਲੈ ਨਾਹੀ ਤੁਮਰਾ ਚੀਤੁ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ॥**

(ਅੰਗ ੧੭੯)

ਇਸ ਪ੍ਰਕਾਰ ਦਾ ਅੰਮ੍ਰਿਤ ਨਾਮ ਕਿਸੇ ਭੀ ਵਕਤ ਪੀ ਲਿਆ ਜਾਵੇ, ਉਹ ਅਵੱ ਹੀ ਮੌਤ ਦੀ ਮੌਤ ਕਰ ਦੇਣ ਵਾਲਾ ਹੈ ਤਾਂ ਭੀ ਜੇ ਜੁੱਗਾਂ ਮੁਤਾਬਿਕ ਦੇਖਿਆ ਜਾਵੇ–

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥** (ਅੰਗ ੩੪੬)

**ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥**
**ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥**

(ਅੰਗ ੧੧੮੫)

ਕਲਜੁਗੀ ਜੀਵਾਂ ਪਰ ਕ੍ਰਿਪਾ ਦ੍ਰਿਟੀ ਕਰਦੇ ਹੋਏ ਗੁਰੂਦੇਵ ਕਹਿੰਦੇ ਹਨ ਕਿ ਪਿਛਲੇ ਤਿੰਨਾਂ ਜੁੱਗਾਂ ਵਿੱਚ, ਉਨ੍ਹਾਂ ਜੁੱਗਾਂ ਦੇ ਧਰਮਾਂ ਅਨੁਸਾਰ ਜੀਵਾਂ ਦੀ ਕਲਾਣ ਹੋ ਚੁੱਕੀ ਹੈ ਪ੍ਰੰਤੂ ਤੁਸੀਂ ਉਨ੍ਹਾਂ ਬ ੀਤ ਚੁੱਕੇ ਜੁੱਗਾਂ ਦੇ ਧਰਮਾਂ ਵੱਲ

ਧਿਆਨ ਨਾ ਦੇਵੋ ਕਿਉਂਕਿ ਹੁਣ ਕਲਜੁਗ ਆ ਗਿਆ ਹੈ। ਇਸ ਲਈ ਬਿਨਾਂ ਹਰੀ ਦੇ ਨਾਮ ਸਿਮਰਨ ਤੋਂ, ਤੁਸੀਂ ਪ੍ਰਭੂ ਦੀ ਪ੍ਰਾਪਤੀ ਨਹੀਂ ਕਰ ਸਕੋਂਗੇ। ਦ੍ਰਿਟਾਂਤ ਦੁਆਰਾ ਸਮਝਾਉਂਦੇ ਹਨ ਕਿ ਰੁੱਤ ਮੁਤਾਬਿਕ ਜੋ ਫਸਲ ਬੀਜੀ ਜਾਂਦੀ ਹੈ, ਉਹੀ ਉਤਪੰਨ ਹੋ ਕੇ ਫਲ ਦਿੰਦੀ ਹੈ। ਫਸਲ ਦੇ ਉਤਪੰਨ ਹੋਣ ਵਾਲੇ ਮੌਸਮ ਤੋਂ ਉਲਟ, ਦੂਜੀ ਰੁੱਤ ਵਿੱਚ ਬੀਜੀ ਹੋਈ ਫਸਲ, ਫਲ ਨਹੀਂ ਦਿਆ ਕਰਦੀ। ਇਸ ਵਿੱਚ ਭੁੱਲ ਨਾ ਕਰੋ ਕਿਉਂਕਿ ਕਲਜੁਗ ਨਾਮ ਬੀਜਣ ਦੀ ਹੀ ਰੁੱਤ ਹੈ। ਬੋਵਹੁ ਬੋਵਹੁ ਇਹ ਦੋ ਵਾਰ ਕਹੇ ਬਚਨ ਦ੍ਰਿੜ੍ਹਤਾ ਵਾਸਤੇ ਹਨ।

## *ਚੇਤਾਵਨੀ*

ਅਗਿਆਨ ਨਿੰਦ੍ਰਾ ਵਿੱਚ ਸੁੱਤੇ ਹੋਏ ਜੀਵੋ ਉੱਠੋ ! ਸੋਚੋ ! ਜੋ ਧਨ, ਪਦਾਰਥ ਤੁਹਾਡੀ ਕਲਯਾਣ ਕਰਨ ਵਾਲੇ ਨਹੀਂ ਹਨ, ਉਨ੍ਹਾਂ ਨੂੰ ਪ੍ਰਾਪਤ ਕਰਕੇ ਕੀ ਕਰੋਂਗੇ? ਇਨ੍ਹਾਂ ਵਿਨਾਸੀ ਪਦਾਰਥਾਂ ਵਿੱਚੋਂ ਚਿੱਤ ਨੂੰ ਕੱਢਕੇ ਅਤੰਤ ਰਧਾ ਯੁਕਤ ਹੋਏ ਗਿਆਨੀ ਪੁਰਾਂ ਦੀ ਰਣ ਵਿੱਚ ਜਾਵੋ। ਉਨ੍ਹਾਂ ਨੂੰ ਪ੍ਰਭੂ ਦਾ ਸਾਖਾਤ ਰੂਪ ਜਾਣ ਕੇ, ਪ੍ਰਣਾਮ ਕਰੋ। ਆਪਣੀਆਂ ਚਤੁਰਾਈਆਂ ਨੂੰ ਛੱਡਕੇ, ਉਨ੍ਹਾਂ ਦੇ ਕਮਲ ਮੁੱਖ ਵੱਲ ਤੱਕੋ ਤੇ ਸੁਣੋ, ਉਹ ਤੁਹਾਨੂੰ ਕੀ ਆਖਦੇ ਹਨ। ਜੋ ਕੁੱਝ ਉਹ ਕ੍ਰਿਪਾਲੂ ਆਖਣ, ਉਸ ਨੂੰ ਮੰਨੋ ਤਾਂਕਿ ਸੰਸਾਰ ਸਮੁੰਦਰ ਵਿੱਚ ਗੋਤੇ ਖਾ ਰਹੇ ਵਿਆਕੁਲ ਚਿੱਤ ਵਾਲਿਓ ! ਸੁਖ ਪੂਰਬਕ ਪਾਰਲੇ ਕਿਨਾਰੇ ਪਹੁੰਚ ਸਕੋ। ਜਿਸ ਤੋਂ ਵਿੱਛੜ ਕੇ ਕਦੇ ਸੁਪਨੇ ਅੰਦਰ ਭੀ ਨਿੱਤ ਯਾਨੀ ਸਦੈਵੀ ਸੁੱਖ ਦਾ ਦਰਨ ਨਹੀਂ ਕੀਤਾ, ਉਸ ਅਨੰਦ ਸ੍ਵਰੂਪ ਪ੍ਰਭੂ ਨੂੰ ਮਿਲਕੇ ਸੁਖੀ ਹੋਵੋ। ਉਸਦਾ ਮਿਲਾਪ ਦੁੱਖਾਂ ਦਾ ਵਿਜੋਗ ਹੈ ਅਤੇ ਉਸਦਾ ਵਿਜੋਗ ਦੁੱਖਾਂ ਦਾ ਮਿਲਾਪ ਹੈ। ਰਣ ਗ੍ਰਹਣ ਕੀਤੇ ਬਿਨਾਂ, ਉਸਦੀ ਮਾਇਆ ਤੋਂ ਬਚ ਨਹੀਂ ਸਕੋਂਗੇ ਅਤੇ ਖੁਆਰ ਹੀ ਹੁੰਦੇ ਰਹੋਂਗੇ।

ਮਾਇਆ ਵਿੱਚ ਭੁੱਲੇ ਹੋਏ ਜੀਵ, ਸਭ ਕੁੱਝ ਦੇਖਦੇ ਹੋਏ ਭੀ ਨਹੀਂ ਦੇਖਦੇ ਅਤੇ ਸਭ ਕੁੱਝ ਸੁਣਦੇ ਹੋਏ ਭੀ ਨਹੀਂ ਸੁਣਦੇ। ਰੀਰ ਦੇ ਪਾਲਣ-ਪੋਸਣ ਉੱਤੇ ਹੀ ਸਾਰਾ ਜ਼ੋਰ ਲਾਇਆ ਹੋਇਆ ਹੈ। ਚਿੱਤ, ਸ਼ਿੰਗਾਰ ਵਿੱਚੋਂ ਹੀ ਨਹੀਂ ਨਿਕਲਦਾ ਤਾਂ ਸਤਿਸੰਗਤ ਵੱਲ ਜਾਣ ਲਈ ਸਮਾਂ ਕਿੱਥੇ? ਰੀਰ ਆਦਿ ਝੂਠੇ ਪਦਾਰਥਾਂ ਨੂੰ ਸਤਿ ਸਮਝ ਕੇ, ਉਨ੍ਹਾਂ ਦੀ ਪ੍ਰਾਪਤੀ ਲਈ ਇਉਂ ਦੌੜਦੇ ਹਨ ਜਿਵੇਂ ਮ੍ਰਿਗ, ਮ੍ਰਿਗਤ੍ਰਿਨਾ ਵਾਲੇ ਜਲ ਨੂੰ ਸੱਚਾ ਜਾਣ ਕੇ ਉਸ ਵੱਲ ਦੌੜਦਾ ਹੈ। ਜੀਭ ਦੇ ਸ੍ਵਾਦ ਾਤਰ ਜੀਵਾਂ ਨੂੰ ਮਾਰਦੇ ਹਨ ਤੇ ਰਾਬ ਨਾਲ ਅੰਧੇ ਹੋਏ, ਵਰਜਿਤ

ਹਰਕਤਾਂ ਕਰਦੇ ਹਨ। ਪਾਪਾਂ ਨਾਲ ਮੈਲੇ ਹੋਏ ਚਿੱਤ ਵਾਲੇ, ਸਮਝਾਏ ਤੋਂ ਭੀ ਨਹੀਂ ਸਮਝਦੇ ਅਤੇ ਹਟਾਉਣ ਤੋਂ ਬਾਅਦ ਭੀ, ਆਪਣੀ ਹੀ ਮਰੀ ਕਰਨ ਲਈ ਤੁਲੇ ਰਹਿੰਦੇ ਹਨ। ਜੇ ਪੂਰਬ ਜਨਮ ਵਿੱਚ ਪਾਪ ਨਾ ਕੀਤੇ ਹੋਏ ਹੋਣ ਤਾਂ ਬੁਰੇ ਕਰਮਾਂ ਵੱਲ ਚਿੱਤ ਉਤਾਹ ਯੁਕਤ ਕਿਉਂ ਹੁੰਦਾ? ਮਨ ਵਿੱਚ ਵੈਰ ਹੈ, ਦੂਜੇ ਦੀ ਬੁਰਿਆਈ ਦੇ ਢੰਗ ਸੋਚ-ਸੋਚ ਕੇ ਹਰਕਤ ਵਿੱਚ ਆਉਂਦੇ ਹਨ। ਈਰਖਾ ਦੀ ਅੱਗ, ਸੀਨੇ ਵਿੱਚ ਬਲਦੀ ਹੈ, ਕ੍ਰੋਧ ਨਾਲ ਅੰਧੇ ਹੋਏ-ਹੋਏ ਹਨ ਅਤੇ ਵਾਨਾ-ਤ੍ਰਿਨਾ ਦੇ ਅਧੀਨ ਹੋਏ ਬੈਠੇ ਹਨ। ਦੂਜੇ ਦੇ ਪ੍ਰਾਣ ਲੈਣ ਤੱਕ ਉੱਦਮ ਕਰ ਰਹੇ ਹਨ, ਗਰੀਬਾਂ ਲਈ ਕਸਾਈ ਦਾ ਰੂਪ ਧਾਰੀ ਬੈਠੇ ਹਨ। ਵਿਿਆਂ ਵਿੱਚ ਅਜਿਹੇ ਗਰਕ ਹੋਏ-ਹੋਏ ਹਨ ਕਿ ਨਿਕਲ ਹੀ ਨਹੀਂ ਸਕਦੇ ਅਤੇ ਪ੍ਰਭੂ ਦੀ ਯਾਦ ਕਿਤੇ ਭੁੱਲ ਕੇ ਭੀ ਨੇੜੇ ਨਹੀਂ ਢੁੱਕਦੀ ਇਤਿਆਦਿ ਲੱਛਣ, ਮੈਲੇ ਦਿਲ ਦੇ ਹੀ ਤਾਂ ਹਨ। ਪਾਪਾਂ ਕਰਕੇ ਹੀ ਚਿੱਤ ਮੈਲਾ ਹੋਇਆ ਕਰਦਾ ਹੈ, ਫਿਰ ਅਜਿਹੇ ਮੈਲੇ ਚਿੱਤ ਵਾਲੇ ਨੂੰ ਜੇ ਪਾਪੀ ਕਹਿ ਦਿੱਤਾ ਜਾਵੇ ਤਾਂ ਅਯੋਗ ਨਹੀਂ ਕਿਉਂਕਿ ਉਹ ਹੈ ਹੀ ਪਾਪੀ। ਪਿਛਲੇ ਪਾਪ ਕਰਮ ਦੇ ਨਤੀਜੇ ਨੂੰ ਸਮਝਕੇ, ਬੁਰੇ ਕਰਮਾਂ ਤੋਂ ਬਚੋ ਅਤੇ _ੱਭ ਕਰਮਾਂ ਵੱਲ ਪ੍ਰਵਿਰਤੀ ਕਰਕੇ, ਅਮੋਲਕ ਮਨੁੱਖਾ ਦੇਹ ਸਫਲ ਕਰੋ। ਇਹ ਦੁਰਲੱਭ ਦੇਹੀ, ਦੁੱਖਾਂ ਤੋਂ ਰਹਿਤ ਅਨੰਦ ਸੂਰੂਪ ਪ੍ਰਭੂ ਦੇ ਮਿਲਾਪ ਾਤਰ ਮਿਲਦੀ ਹੈ। ਪ੍ਰਭੂ ਪ੍ਰਾਪਤੀ ਤੋਂ ਛੁੱਟ ਹੋਰ ਸਾਰੇ ਹੀ ਵਿੇ ਆਦਿ ਭੋਗ, ਸਭ ਦੇਹਾਂ ਵਿੱਚ ਪ੍ਰਾਪਤ ਰਹਿੰਦੇ ਹਨ। ਮਨੁੱਖ ਦੇਹ ਬਾਰੰਬਾਰ ਨਹੀਂ ਮਿਲਦੀ, ਇਸ ਲਈ ਦ੍ਰਿੜਤਾ ਪੂਰਬਕ ਪ੍ਰਭੂ ਪ੍ਰਾਪਤੀ ਲਈ ਉੱਦਮ ਕਰੋ-

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥**

**(ਅੰਗ ੨੨੦)**

**ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥**
**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥**

**(ਅੰਗ ੧੦੭੫)**

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥**

**(ਅੰਗ ੬੩੧)**

**ਫਫਾ ਫਿਰਤ ਫਿਰਤ ਤੂ ਆਇਆ॥ ਦੂਲਭ ਦੇਹ ਕਲਿਜੁਗ ਮਹਿ ਪਾਇਆ॥**

**ਫਿਰਿ ਇਆ ਅਉਸਰੁ ਚਰੈ ਨ ਹਾਥਾ॥**
**ਨਾਮੁ ਜਪਹੁ ਤਉ ਕਟੀਅਹਿ ਫਾਸਾ॥** **(ਅੰਗ ੨੫੮)**

## *ਅਲੌਕਿਕ ਰੰਗ*

**ਪ੍ਰ ਨ** -ਠੀਕ ਹੈ, ਮਨੁੱਖ ਦੇਹ ਤੋਂ ਬਿਨਾਂ ਪ੍ਰ, ਪੰਛੀ ਆਦਿ ਅਨੰਤ ਦੇਹਾਂ ਨੂੰ ਪ੍ਰਾਪਤ ਹੁੰਦੇ ਰਹਿ ਕੇ, ਕਿਤੇ ਭੀ ਟਿਕਾਉ ਨਹੀਂ ਹੋ ਸਕਿਆ ਅਤੇ ਹੁਣ ਇਹ ਮਨੁੱਖਾ ਦੇਹੀ ਮਿਲੀ ਹੈ। ਇਸ ਵਿੱਚ ਪ੍ਰਭੂ ਦਾ ਨਾਮ ਜਪਿਆ ਜਾ ਸਕਦਾ ਹੈ, ਕਿੰਤੂ ਸੰਦੇਹ ਇਸ ਗੱਲ ਦਾ ਹੈ ਕਿ ਨਾਮ ਜਪਣ ਤੋਂ ਬਾਅਦ ਭੀ ਜੇ ਹੋਰ ਦੇਹਾਂ ਦੀ ਪ੍ਰਾਪਤੀ ਨਾ ਰੁਕੀ ਤਾਂ ਮਨੁੱਖ ਦੇਹ ਅਤੇ ਨਾਮ ਦੋਨੋਂ ਹੀ ਵਿਅਰਥ ਹੋਣਗੇ?

**ਉੱਤਰ**- **ਰਾਮ ਰੰਗੁ ਕਦੇ ਉਤਰਿ ਨ ਜਾਇ॥**
**ਗੁਰੁ ਪੂਰਾ ਜਿਸੁ ਦੇਇ ਬੁਝਾਇ॥** **(ਅੰਗ ੧੯੪)**

ਇਹ ਕਦੇ ਹੋ ਹੀ ਨਹੀਂ ਸਕਦਾ ਕਿ ਸਭ ਪਾਸਿਆਂ ਤੋਂ ਮੁੜੇ ਹੋਏ ਯਾਨੀ ਵਿਧਿਆਂ ਦੀ ਖਚਤਾਈ ਤੋਂ ਰਹਿਤ ਹੋਏ-ਹੋਏ ਨਿਰਮਲ ਮਨ ਨੂੰ, ਪ੍ਰਭੂ ਪ੍ਰੀਤੀ ਦਾ ਰੰਗ ਚੜ੍ਹਨ ਤੋਂ ਬਾਅਦ, ਉਸ ਉੱਪਰ ਕੋਈ ਹੋਰ ਸੰਸਾਰੀ ਰੰਗ ਭੀ ਚੜ੍ਹ ਸਕੇ। ਇਹ ਗੱਲ, ਗੁਰੂਦੇਵ ਦੇ ਬਚਨਾਂ ਤੋਂ ਸਪਟ ਹੋ ਜਾਂਦੀ ਹੈ-

**ਜਾਸੁ ਜਪਤ ਰਤਨੁ ਹਰਿ ਮਿਲੈ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ॥**
**(ਅੰਗ ੨੩੬)**

ਅਲੌਕਿਕ ਰਤਨ, ਕੋਈ ਸੰਸਾਰੀ ਰਤਨ ਨਹੀਂ ਜੋ ਚੋਰੀ ਹੋਣ ਜਾਂ ਟੁੱਟ ਜਾਣ ਨਾਲ, ਪਾਸ ਨ ਰਹੇ। ਜੋ ਨਾ ਚੋਰੀ ਹੁੰਦਾ ਹੈ ਅਤੇ ਨਾ ਵਿਨਾ ਹੁੰਦਾ ਹੈ, ਉਹ ਤਾਂ ਸਦਾ ਇੱਕ-ਰਸ, ਪ੍ਰਕਾਮਈ ਅਤੇ ਅਮਰ ਰਹਿਣ ਵਾਲਾ ਹਰੀ ਰਤਨ ਹੈ। ਅਜਿਹਾ ਰਤਨ ਕਿਸ ਪ੍ਰਕਾਰ ਮਿਲਦਾ ਹੈ? ਕੇਵਲ ਪ੍ਰਭੂ ਦਾ ਨਾਮ ਜਪਣ ਨਾਲ। ਇਸ ਲਈ ਜਿਸ ਮਨ ਦੁਆਰਾ ਨਾਮ ਜਪਣ ਨਾਲ ਹਰੀ ਰਤਨ ਮਿਲਦਾ ਹੈ, ਉਹ ਮਨ ਹਰੀ ਰਤਨ ਨਾਲ ਅਜਿਹਾ ਹਿਲ ਜਾਂਦਾ ਯਾਨੀ ਆਦੀ ਹੋ ਜਾਂਦਾ ਹੈ ਕਿ ਉਸਦੇ ਪ੍ਰਕਾ ਤੋਂ ਬਿਨਾਂ ਇੱਕ ਕਦਮ ਭੀ ਨਹੀਂ ਚੱਲ ਸਕਦਾ ਅਰਥਾਤ ਉਸ ਪ੍ਰਕਾ ਤੋਂ ਬਾਹਰ ਅੰਧੇਰੇ ਯਾਨੀ ਸੰਸਾਰੀ ਪਦਾਰਥਾਂ ਵਿੱਚ ਆਕੇ ਠੋਕਰਾਂ ਨਹੀਂ ਖਾਂਦਾ। ਹਰੀ ਰਸ ਦਾ ਗਿੱਝਿਆ ਹੋਇਆ ਮਨ, ਉਸ ਮਹਾਂ ਅਨੰਦ ਦਾ ਅਜਿਹਾ ਰਸਿਕ ਬਣ ਜਾਂਦਾ ਹੈ ਕਿ ਉਸ ਨਿਰਾਲੇ ਸੁਆਦ ਨੂੰ ਛੱਡ ਹੀ ਨਹੀਂ ਸਕਦਾ ਕਿਉਂਕਿ-

**ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥**
**(ਅੰਗ ੧੦੦)**

**ਆਨ ਰਸਾ ਜੇਤੇ ਤੈ ਚਾਖੇ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ॥**
**ਹਰਿ ਰਸ ਕਾ ਤੂੰ ਚਾਖਹਿ ਸਾਦੁ॥ ਚਾਖਤ ਹੋਇ ਰਹਹਿ ਬਿਸਮਾਦੁ॥**

**(ਅੰਗ ੧੮੦)**

**ਪ੍ਰ ਨ** -ਪ੍ਰਭੂ ਰਤਨ ਸਦਾ ਅਬਿਨਾਸੀ ਹੈ, ਇਹ ਠੀਕ ਹੈ ਪ੍ਰੰਤੂ ਮਨ ਤਾਂ ਮਰ ਹੀ ਜਾਣ ਵਾਲਾ ਹੈ ਕਿਉਂਕਿ ਵਿਨਾਸੀ ਹੈ। ਇਸ ਲਈ ਭਾਵੇਂ ਮਨ ਉਸ ਮਹਾਂ ਅਨੰਦ ਵਿੱਚ ਮਗਨ ਹੋਇਆ ਰਹਿੰਦਾ ਹੈ ਤਾਂ ਭੀ ਭੌਰੇ ਵਾਂਗੂੰ ਕਮਲ ਵਿੱਚ ਬੰਦ ਹੋ ਕੇ ਮਰ ਤਾਂ ਜਾਂਦਾ ਹੀ ਹੈ। ਫਿਰ ਕਿਸੇ ਦੇਹ ਨੂੰ ਪ੍ਰਾਪਤ ਹੋਵੇਗਾ ਅਰਥਾਤ ਪ੍ਰਭੂ ਵਾਨਾ ਤੋਂ ਹਟਕੇ ਕਿਸੇ ਹੋਰ ਵਾਨਾ ਵਾਲਾ ਹੋ ਜਾਵੇਗਾ?

**ਉੱਤਰ**-ਨਹੀਂ, ਸੰਸਾਰੀ ਵਾਨਾ ਤੋਂ ਬਿਨਾਂ ਕਦੇ ਭੀ ਮ੍ਰਿਤੂ ਨਹੀਂ ਹੋ ਸਕਦੀ ਤੇ ਪ੍ਰਭੂ, ਕਮਲ ਵਾਂਗੂੰ ਕਦੇ ਖੁਲ੍ਹਣ ਤੇ ਕਦੇ ਬੰਦ ਹੋਣ ਵਾਲਾ ਨਹੀਂ ਹੈ ਅਰਥਾਤ ਉਹ ਪ੍ਰਭੂ ਸਦਾ, ਨਿਰੰਤਰ, ਇੱਕ-ਰਸ, ਨਿਰਵਿਕਾਰ ਇਸਥਿਤੀ ਵਾਲਾ ਹੈ। ਉਸੇ ਤਰ੍ਹਾਂ ਹੀ ਮਨ ਭੀ ਹਰੀ ਰਸ ਦੀ ਵਾਨਾ ਨਾਲ ਭਰਪੂਰ ਹੋ ਚੁੱਕਾ ਹੈ, ਜਿਸ ਮਨ ਨੂੰ ਹਰ ਪਾਸੇ ਇੱਕ ਪ੍ਰਭੂ ਹੀ ਭਾਸਦਾ ਹੈ। ਜਿਵੇਂ ਮੱਛੀ ਨੂੰ ਜਲ ਵਿੱਚ ਕਿਸੇ ਪਾਸੇ ਭੀ ਦੌੜਦੀ ਜਾਂ ਖਲੋਂਦੀ ਹੋਈ ਨੂੰ, ਜਲ ਤੋਂ ਬਿਨਾਂ, ਹੋਰ ਕੁੱਝ ਭੀ ਪ੍ਰਤੀਤ ਨਹੀਂ ਦਿੰਦਾ ਇਸ ਪ੍ਰਕਾਰ ਦਾ ਉਹ ਮਨ, ਕਿਸ ਵਾਨਾ ਦੇ ਕਾਰਨ, ਕਿਸੇ ਦੇਹ ਦੇ ਯੁਕਤ ਹੋ ਸਕੇਗਾ? ਹਮੇ ਾ ਹੀ ਸਮੁੰਦਰ ਵਿੱਚ ਪ੍ਰਵੇ ਕਰ ਰਿਹਾ ਦਰਿਆ, ਸਮੁੰਦਰ ਵਿੱਚੋਂ ਫਿਰ ਅਲਗ ਹੋਕੇ ਪਹਿਲੇ ਰੂਪ ਵਾਲਾ ਕਦੋਂ ਹੁੰਦਾ ਹੈ?

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

**(ਅੰਗ ੬੩੩-੩੪)**

ਪ੍ਰੀਤਮ ਦੀ ਪ੍ਰੀਤੀ ਵਿੱਚ ਦੀਵਾਨਾ ਹੋਇਆ ਮਨ, ਇੱਕ ਛਿੰਨ ਮਾਤ੍ਰ ਭੀ ਸੰਸਾਰੀ ਹੋ ਵਾਲਾ ਨਹੀਂ ਹੁੰਦਾ। ਸੰਸਾਰ ਨੂੰ ਭੁੱਲ ਜਾਣਾ ਉਸਦਾ ਜੀਵਨ ਹੈ ਅਤੇ ਪ੍ਰਭੂ ਨੂੰ ਭੁੱਲ ਜਾਣਾ ਉਸਦੀ ਮੌਤ ਹੈ-

**ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥**
**ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥**
**ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥**
**ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥**
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥** (ਅੰਗ ੭੦੮)

ਪ੍ਰਭੂ ਪ੍ਰੀਤੀ ਵਿੱਚ ਖੁਭਿਆ ਹੋਇਆ ਮਨ, ਕਿਸ ਤਰ੍ਹਾਂ ਹਿੱਲ ਸਕੇ? ਜਲ ਵਿੱਚ ਤੇਂਦੂਏ ਨੇ ਜਕੜ ਲਿਆ ਹੈ। ਇਸ ਤੇਂਦੂਏ ਦੀ ਝਪਟ ਜਿਸ ਭੀ ਹਾਥੀ ਨੂੰ ਪੈ ਗਈ, ਉਹ ਕ੍ਰੋੜਾਂ ਹਾਥੀਆਂ ਦੇ ਖਿੱਚਣ ਪਰ ਭੀ ਨਹੀਂ ਨਿਕਲ ਸਕਦਾ। ਗਜੇਂਦ੍ਰ ਨਾਮਕ ਹਾਥੀ ਨੂੰ ਬਾਕੀ ਹਾਥੀ ਖਿੱਚਣ ਲਈ ਂ ਰ ਲਾ ਹੀ ਚੁੱਕੇ ਸਨ, ਭਗਵਾਨ ਦੇ ਸੁਦਰਨ ਚੱਕ੍ਰ ਤੋਂ ਬਿਨਾਂ ਤੇਂਦੂਏ ਦੇ ਹੱਥ ਨਾ ਛੁੱਟ ਸਕੇ। ਇਸ ਪ੍ਰਕਰਣ ਵਿੱਚ ਤੇਂਦੂਆ ਖੁਦ ਆਪ ਵਾਹਿਗੁਰੂ ਹੈ, ਉਸ ਪਾਸੋਂ ਇਸ ਮਨ ਨੂੰ ਛੁਡਾ ਲੈਣ ਵਾਲਾ ਹੋਰ ਕੌਣ ਹੋ ਸਕਦਾ ਹੈ?

ਂ **ਕਾ** –ਜਿਸ ਮਨ ਨੂੰ ਕੋਈ ਭੀ ਪਦਾਰਥ, ਕਿਸੇ ਹਾਲਤ ਵਿੱਚ ਭੀ ਆਪਣੇ ਵੱਲ ਖਿੱਚ ਨਾ ਸਕੇ, ਉਸ ਨੂੰ ਭੀ ਚੇਤਨ ਮਾਇਆ ਖਿੱਚਦੀ ਦੇਖੀ ਹੈ।

**ਉੱਤਰ**–ਜੋ ਮਨ, ਪ੍ਰਭੂ ਪਰ ਪੂਰੀ ਤਰ੍ਹਾਂ ਦੀਵਾਨਾ ਨਹੀਂ ਹੋਇਆ ਹੁੰਦਾ, ਉਹੀ ਦ੍ਵੈਤ ਦੇ ਕਾਰਨ ਹੋਰਨਾਂ ਪਰ ਦੀਵਾਨਾ ਹੁੰਦਾ ਫਿਰਦਾ ਹੈ। ਪਿਘਲ ਜਾਣ ਦੇ ਸੁਭਾਉ ਵਾਲਾ ਮੋਮ, ਅੱਗ ਦੇ ਸਾਮ੍ਹਣੇ ਕਦ ਠਹਿਰਦਾ ਹੈ? ਪ੍ਰਭੂ ਪ੍ਰੀਤੀ ਵਾਲਾ ਮਨ ਤਾਂ ਅਕਾਰ ਰਹਿਤ ਤੇ ਅਕਾ ਵਾਂਗੂੰ ਵਿਆਪਕ ਹੈ ਯਾਨੀ ਪ੍ਰਭੂ ਸੂਰੂਪ ਹੀ ਹੈ। ਇਸ ਲਈ ਨਾ ਉਸ ਨੂੰ ਅੱਗ ਸਾੜਦੀ ਹੈ, ਨਾ ਜਲ ਗਿੱਲਾ ਕਰਕੇ ਗਾ ਸਕਦਾ ਹੈ, ਨਾ ਕੋਈ ਸਤ੍ਰ ਕੱਟ ਸਕਦਾ ਹੈ ਅਤੇ ਨਾ ਹੀ ਵਾਯੂ ਉਡਾ ਸਕਦੀ ਹੈ। ਸਭ ਨੂੰ ਆਤਮ-ਰੂਪ ਦੇਖਣ ਦੇ ਕਾਰਨ ਹੀ, ਮਾਇਆ ਉਸ ਤੋਂ ਜੁਦਾ ਨਹੀਂ ਰਹਿੰਦੀ ਯਾਨੀ ਮਾਇਆ ਸੂਰੂਪ ਭੀ ਉਹ ਆਪ ਹੀ ਹੈ, ਇਸ ਲਈ ਖਿੱਚ ਨਹੀਂ ਸਕਦੀ।

ਹੇ ਨਿਰਲੱਜ ਮਨ! ਦੂਜਿਆਂ ਉੱਤੇ ਤਾਂ ਡੱਲ੍ਹਦਾ ਫਿਰਦਾ ਹੈਂ, ਕਦੇ ਇਹ ਨਹੀਂ ਸੋਚਿਆ ਕਿ ਮੇਰੇ ਉੱਤੇ ਕਿੰਨੇ ਕੁ ਡੁਲ੍ਹ ਰਹੇ ਹਨ? ਜੇ ਤੇਰੇ ਉੱਤੇ ਕੋਈ ਆਕ ਨਹੀਂ ਹੁੰਦਾ ਤਾਂ ਤੂੰ ਕਿਉਂ ਕਿਸੇ ਲਈ ਰਾਤ ਦਿਨ ਤੜਪਦਾ ਫਿਰਦਾ ਹੈਂ? ਜੇ ਤੇਰੇ ਉੱਤੇ ਕੋਈ ਜਾਨਾਂ ਵਾਰਨੇ ਨੂੰ ਤਿਆਰ ਬੈਠੇ ਹਨ ਤਾਂ ਅੱਛੀ ਤਰ੍ਹਾਂ ਅੰਦਰ ਝਾਤੀ ਮਾਰ ਕੇ ਦੇਖ ਕਿ ਇਹ ਕੁਰਬਾਨੀ ਕਿਸ ਗੱਲ ਾਤਰ ਹੈ? ਜੇ ਤੂੰ ਪ੍ਰਭੂ ਦਾ ਅਤੀ ਪ੍ਰੇਮੀ ਹੈਂ, ਸਭ ਲਈ ਇੱਕੋ ਜਿਹਾ ਹੋਣ ਦੇ ਕਾਰਨ, ਲੋਕ ਪਿਆਰ ਕਰਦੇ ਹਨ ਤਾਂ ਇਹ ਪਿਆਰ, ਸੰਸਾਰ ਸਾਗਰ ਵਿੱਚ ਡੁੱਬੇ ਜਾਂਦੇ ਜੀਵਾਂ ਲਈ ਕਿਤੀ ਦੇ ਤੁੱਲ ਹੈ। ਜੇ ਤੂੰ ਕੇਵਲ ਸ੍ਰੇਟ ਆਚਰਣ ਵਾਲਾ ਹੈਂ, ਇਸ ਲਈ ਲੋਕ ਪਿਆਰ ਕਰਦੇ ਹਨ ਤਾਂ ਦੈਵੀ ਗੁਣਾਂ ਦੁਆਰਾ ਆਪਣਾ ਜੀਵਨ ਹੋਰ ਭੀ ਉੱਚਾ ਕਰ ਤਾਂਕਿ ਤੇਰੇ ਮੇਲੀ (ਸੰਗੀ) ਲੋਕ, ਤੇਰੇ ਜੇਹੇ ਹੀ ਹੋ ਜਾਣ। ਜੇ ਤੂੰ ਆਪ ਸੰਸਾਰ ਵਿੱਚ ਡੁੱਬਾ

ਹੋਇਆ ਹੈਂ ਅਤੇ ਤੇਰੇ ਨਾਲ ਪ੍ਰੀਤੀ ਕਰਨ ਵਾਲੇ ਭੀ ਉਸੀ ਖੂਹ ਵਿੱਚ ਡੁਬਣ ਲਈ ਪਿਆਰ ਕਰਦੇ ਹਨ ਤਾਂ ਅਜਿਹੇ ਗਿਰੇ ਹੋਏ ਗੰਦੇ ਖਿਆਲ ਵਾਲੇ ਦਾ ਕਿਰ ਕਰਨਾ ਹੀ ਕੀ? ਅਜਿਹੇ ਬੰਦੇ ਦਾ ਤਾਂ ਨਾਮ ਲੈਣਾ ਭੀ ਪ੍ਰੇਮੀ ਦੇ ਹਿਰਦੇ ਨੂੰ ਕਲੰਕ ਹੈ ਕਿਉਂਕਿ ਉਸ ਵਿੱਚ ਅਤੀ ਪਵਿੱਤ੍ਰ ਅਤੇ ਸੱਚਾ ਪ੍ਰੇਮ ਰਹਿੰਦਾ ਹੈ।

ਥਾਂ-ਥਾਂ ਤੇ ਭਟਕਣ ਵਾਲੇ ਮੂਰਖ ਮਨ ਨੇ, ਪ੍ਰੇਮ ਨੂੰ ਖੇਲ੍ਹ ਹੀ ਸਮਝ ਰੱਖਿਆ ਹੈ। ਮਤਲਬ ਪ੍ਰਸਤਾਂ ਨਾਲ ਹੀ ਹਮੇਾ ਚਾਉ-ਲਾਡ ਤੇ ਹੱਸਣ-ਖੇਲ੍ਹਣ ਆਦਿ ਰਹਿਣ ਦੇ ਕਾਰਨ, ਕੇਵਲ ਇਹੀ ਪਤਾ ਹੈ ਕਿ ਜਿੱਥੇ ਭੀ ਪ੍ਰੇਮ ਹੈ, ਉਥੇ ਇੱਕ ਦੂਜੇ ਨੂੰ ਕੋਈ ਸੰਸਾਰੀ ਸੁੱਖ ਲੈਣ ਦਾ ਮਤਲਬ ਹੁੰਦਾ ਹੈ ਯਾਨੀ ਮਤਲਬ ਨੂੰ ਹੀ ਪ੍ਰੇਮ ਜਾਣਿਆ ਹੈ ਕਿਉਂਕਿ ਸੱਚੇ ਪ੍ਰੇਮ ਦਾ ਤਾਂ ਕਦੇ ਪਰਛਾਵਾਂ ਭੀ ਨਹੀਂ ਦੇਖਿਆ ਤਾਂ ਫਿਰ ਪ੍ਰੇਮ ਦੀ ਪਛਾਣ ਕੀ ਹੋਣੀ ਹੋਈ?

## _ ੱਭ ਅੁੱਭ ਇੱਛਾ

**ਪ੍ ਨ** -ਚਿੱਤ ਵਿੱਚ ਕਿਸੇ ਨਾ ਕਿਸੇ ਇੱਛਾ ਨੂੰ ਲੈਕੇ ਹੀ, ਪ੍ਰੇਮ ਕੀਤਾ ਜਾਂਦਾ ਹੈ। ਜਿਸ ਨੂੰ ਕੋਈ ਭੀ ਇੱਛਾ ਨਹੀਂ, ਉਸ ਨਿਰ-ਇੱਛਤ ਦੀ ਬ੍ਰਿਤੀ, ਕਿਸੇ ਵਸਤੂ ਦੇ ਅਕਾਰ ਨੂੰ ਗ੍ਰਹਣ ਹੀ ਨਹੀਂ ਕਰਦੀ। ਦੇਖਣ ਵਿੱਚ ਆਉਂਦਾ ਹੈ ਕਿ ਪ੍ਰਭੂ ਪ੍ਰੀਤੀ ਵਿੱਚ ਮਗਨ, ਸੰਤ ਜਨਾਂ ਨਾਲ ਜੋ ਅਤੰਤ ਪ੍ਰੇਮ ਕਰਨ ਵਾਲੇ ਪ੍ਰੇਮੀ ਲੋਕ ਹਨ, ਉਹ ਭੀ ਆਪਣੀ ਕਲਾਣ ਦੀ ਇੱਛਾ ਨੂੰ ਲੈਕੇ ਹੀ ਪ੍ਰੇਮ ਕਰਦੇ ਹਨ ਅਤੇ ਇਸੀ ਤਰ੍ਹਾਂ ਸੰਤ ਲੋਕ ਭੀ ਜੋ ਆਪਣੇ ਪ੍ਰਭੂ ਨਾਲ ਇੱਕ-ਰਸ ਪ੍ਰੀਤੀ ਬਣਾਈ ਰੱਖਣ ਵਾਲੇ ਹਨ, ਉਹ ਭੀ ਅਰੰਭ ਵਿੱਚ ਮੁਕਤੀ ਦੀ ਇੱਛਾ ਨੂੰ ਹੀ ਮੁੱਖ ਰੱਖ ਕੇ ਪ੍ਰੇਮ ਵਿੱਚ ਬੇਬਰ ਹੁੰਦੇ ਹਨ। ਜਦ ਇਹ ਗੱਲ ਹੈ ਤਾਂ ਤੁੱਛ ਬੁੱਧੀ ਵਾਲੇ ਸੰਸਾਰੀ ਲੋਕ ਭੀ ਜੇ ਆਪਣੀ ਕਾਮ ਅਗਨੀ ਨੂੰ ਬੁਝਾਉਣ ਾਤਰ ਜਲ ਨਾਲ ਪ੍ਰੇਮ ਰੱਖਦੇ ਹਨ ਤਾਂ ਕੀ ਹਰਜ ਹੈ?

**ਉੱਤਰ**-ਠੀਕ ਹੈ, ਤੇਰੇ ਕਹੇ ਮੁਤਾਬਿਕ ਦੋਨੋਂ ਪ੍ਰਕਾਰ ਦੀ ਇੱਛਾ ਹੀ ਹੈ ਪ੍ਰੰਤੂ ਅੱਖਾਂ ਉਤੇ ਬੰਨ੍ਹੀ ਹੋਈ ਮੂਰਖਤਾ ਦੀ ਪੱਟੀ ਨੂੰ ਰਾ ਖੋਲ੍ਹ ਕੇ ਇੱਛਾਵਾਂ ਦੇ ਫਲ ਵੱਲ ਭੀ ਨਰ ਮਾਰ। ਵਿਧੀ ਮੁਤਾਬਿਕ ਮਾਰ ਕੇ ਖਾਧੀ ਹੋਈ ਸੰਖੀਆ (ਹਿਰ) ਰੀਰ ਨੂੰ ਅਤੀ ਪੁਟ ਰੱਖਦੀ ਅਥਵਾ ਕਈ ਰੋਗਾਂ ਦਾ ਨਾ ਕਰਦੀ ਹੈ ਅਤੇ ਉਹੀ ਸੰਖੀਆ ਕੱਚੀ ਖਾ ਲੈਣ ਨਾਲ ਮਨੁੱਖ ਦੀ ਮੌਤ ਹੋ ਜਾਂਦੀ ਹੈ ਭਾਵੇਂ ਹੈ ਤਾਂ ਉਹ ਹਿਰ ਹੀ!

ਰਾਤ ਨੂੰ ਬਾਆਿ ਹੋਇਆ ਦੀਵਾ ਅਥਵਾ ਬਿਜਲੀ ਆਦਿ ਪ੍ਰਕਾ, ਥੋੜ੍ਹੀ ਜਗ੍ਹਾ ਦਾ ਅੰਧੇਰਾ ਹੀ ਦੂਰ ਕਰਦੇ ਹਨ ਅਤੇ ਸੂਰਜ ਦਾ ਪ੍ਰਕਾ ਅੰਧੇਰੀ ਰਾਤ ਦੀ ਰਾ ਜਿੰਨੀ ਅੰ ਭੀ ਬਾਕੀ ਨਹੀਂ ਰਹਿਣ ਦਿੰਦਾ, ਪਰ ਹੈ ਤਾਂ ਪ੍ਰਕਾ ਹੀ ! ਜਿਉਂ ਇਹ ਦ੍ਰਿਟਾਂਤ ਹਨ, ਉਸੇ ਤਰ੍ਹਾਂ ਆਪਣੀ ਕਲਾਣ ਦੀ ਇੱਛਾ ਰੱਖਕੇ ਸੰਤ ਜਨਾਂ ਨਾਲ ਤਥਾ ਸੰਤਾਂ ਦ੍ਵਾਰਾ ਪ੍ਰਭੂ ਨਾਲ ਪ੍ਰੇਮ ਕੀਤਾ ਜਾਂਦਾ ਹੈ। ਉਸ ਪ੍ਰੇਮ ਦ੍ਵਾਰਾ ਇੱਛਾ ਤੋਂ ਰਹਿਤ ਨਿਰਵਿਕਾਰ ਗੋਬਿੰਦ ਪ੍ਰਭੂ ਦਾ ਮਿਲਾਪ ਹੋ ਕੇ ਹੋਰ ਜਿੰਨੀਆਂ ਭੀ ਇੱਛਾਵਾਂ ਹਨ, ਸਾਰੀਆਂ ਹੀ ਇਸ ਇੱਕ ਇੱਛਾ ਨਾਲ ਭਸਮ ਹੋ ਜਾਂਦੀਆਂ ਹਨ। ਇੱਛਾਵਾਂ (ਜੋ ਜਨਮ ਦਾ ਨਮਿੱਤ ਹਨ) ਦੇ ਨਾ ਰਹਿਣ ਕਰਕੇ ਮੁੜ (ਫਿਰ) ਜਨਮ ਨਹੀਂ ਹੁੰਦਾ ਤਾਂ ਦੁੱਖਾਂ ਦੀ ਸੰਭਾਵਨਾ ਹੀ ਨਾ ਰਹੀ।

ਕਾਮ ਅਗਨੀ ਦੀ ਾਂਤੀ ਵਾਸਤੇ ਜੋ ਜਲ ਨਾਲ ਪ੍ਰੇਮ ਰੱਖਿਆ ਜਾਂਦਾ ਹੈ ਉਹ ਖੂਹ, ਬਾਉਲੀ, ਤਲਾਬ ਅਤੇ ਦਰਿਆ ਆਦਿ ਇੱਕ ਦੋ ਹਨ ਉਹ ਵਣ (ਜੰਗਲ) ਨੂੰ ਲੱਗੀ ਭੰਕਰ ਅੱਗ ਉੱਪਰ ਪਾ ਦੇਣ ਨਾਲ ਕਿਤਨੀ ਕੁ ਅੱਗ ਬੁਝਾ ਦੇਣਗੇ? ਦਾਹ ਹੋ ਰਿਹਾ ਵਣ ਭਾਰੀ ਬਾਰ ਬਿਨਾਂ ਕਦੇ ਾਂਤ ਹੋ ਸਕਦਾ ਹੈ? ਹੈਣ ਤਾਂ ਦੋਨੋਂ ਜਲ ਹੀ। ਮਨੁੱਖ ਦੇ ਹਿਰਦੇ ਅੰਦਰ ਕ੍ਰੋੜਾਂ ਇੱਛਾਵਾਂ ਰੂਪ ਅੱਗ ਬਲ ਰਹੀ ਹੈ, ਉਨ੍ਹਾਂ ਵਿੱਚੋਂ ਇੱਕ ਇੱਛਾ ਦੇ ਬੁਝਾਉਣ ਖਾਤਰ ਜਦ ਪ੍ਰਵਿਰਤ ਹੁੰਦਾ ਹੈ ਤਦ ਬਲਦੀ ਅੱਗ ਉੱਤੇ ਹੋਰ ਲੱਕੜਾਂ (ਬਾਲਣ) ਪਾ ਦੇਣ ਨਾਲ ਜਿਉਂ ਉਸ ਵੇਲੇ ਅੱਗ ਦੀ ਲਾਟ ਮਿਟਦੀ ਦਿਖਾਈ ਦਿੰਦੀ ਹੈ ਪ੍ਰੰਤੂ ਥੋੜ੍ਹੀ ਦੇਰ ਬਾਅਦ ਹੀ ਪਹਿਲਾਂ ਨਾਲੋਂ ਭੀ ਹੋਰ ਆਿਦਾ ਭਾਂਬੜ ਮੱਚਦਾ ਹੈ, ਤਿਉਂ ਹੀ ਮਨੁੱਖ ਨੂੰ ਕਿਸੀ ਇੱਛਾ ਪੂਰੀ ਹੋਣ ਦਾ ਭ੍ਰਮ ਹੁੰਦਾ ਹੈ, ਬਾਅਦ ਵਿੱਚ ਛੇਤੀ ਹੀ ਉਹ ਇੱਛਾ ਰੂਪੀ ਅੱਗ, ਫਿਰ ਲਟ-ਲਟ ਬਲਦੀ ਹੈ। ਇਉਂ ਜਦ ਇੱਕ ਇੱਛਾ ਨੂੰ ਪੂਰਾ ਕਰਨ ਲਈ ਕੀਤਾ ਹੋਇਆ ਪ੍ਰੇਮ, ਉਸ ਨੂੰ ਪੂਰਾ ਨਹੀਂ ਕਰ ਸਕਦਾ ਤਾਂ ਹੋਰ ਜੋ ਅਨੰਤ ਇੱਛਾਵਾਂ ਚਿੱਤ ਵਿੱਚ ਪਈਆਂ ਹਨ, ਕਿਸ ਤਰ੍ਹਾਂ ਮਿਟਾ ਸਕਦਾ ਹੈ ਤਾਂ ਫਿਰ ਾਂਤੀ ਕਿੱਥੇ?

ਹੇ ਮਨ ! ਤੂੰ ਉਸ ਪ੍ਰਭੂ ਉੱਤੇ ਦੀਵਾਨਾ ਹੋ ਜਾ, ਤਾਂ ਸਾਰੀ ਦੁਨੀਆਂ ਹੀ ਤੇਰੇ ਉੱਪਰ ਦੀਵਾਨੀ ਹੋਈ ਫਿਰੇਗੀ। ਇਸਤ੍ਰੀ, ਮਰਦ ਅਤੇ ਪੁੱਤ੍ਰ ਆਦਿ ਪਦਾਰਥਾਂ ਉੱਤੇ ਦੀਵਾਨੇ ਹੋਏ ਬੁੱਧੀਹੀਨ ਮਨੁੱਖ ਉੱਤੇ ਕੋਈ ਭੀ ਦੀਵਾਨਾ ਹੁੰਦਾ ਨਹੀਂ ਦੇਖਿਆ। ਜੇ ਕੋਈ ਹੋਵੇ ਭੀ ਤਾਂ ਉਹ ਪੁਰ ਨਹੀਂ ਪੂ ਹੈ, ਇੱਥੇ ਗੱਲ ਮਨੁੱ ਦੇਹ ਦੀ ਚੱਲ ਰਹੀ ਹੈ। ਜੋ ਪ੍ਰਭੂ-ਪ੍ਰੀਤੀ, ਇੱਛਾਵਾਂ ਨਾਲ ਜ ਰਹੇ ਹਿਰਦੇ ਨੂੰ, ਮੀਂਹ

ਵਾਂਗੂੰ ਾਂਤ ਕਰ ਦੇਣ ਵਾਲੀ ਹੈ, ਉਸਦੀ ਪ੍ਰਾਪਤੀ ਲਈ ਮਹਾਂਪੁਰਾਂ ਦੇ ਚਰਨਾਂ ਪਰ ਆਪਣਾ ਮਸਤਕ ਰੱਖ। ਉਨ੍ਹਾਂ ਦੀ ਚਰਨ ਧੂੜੀ ਤੇਰੇ ਸਭ ਪਾਪ ਮਿਟਾ ਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਵੇਗੀ। ਸ੍ਰੇਟ ਕਰਮਾਂ ਵਾਲੇ ਸਾਰੇ ਹੀ ਅਚੱਲ ਾਂਤੀ ਵਾਸਤੇ ਚਰਨ ਧੂੜ ਨੂੰ ਚਾਹ ਰਹੇ ਹਨ ਅਰਥਾਤ ਸਭ ਇੱਛਾਵਾਂ ਨੂੰ ਛੱਡ ਕੇ, ਉਨ੍ਹਾਂ ਦੇ ਚਰਨਾਂ ਵਿੱਚ ਜਾਕੇ ਸਤਿ ਉਪਦੇ ਨੂੰ ਸੁਨਣ ਦੀ ਇੱਛਾ ਵਾਲੇ ਹਨ–

**ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ**
**ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥**
**ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ**
**ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥** (ਅੰਗ ੧੨੬੩)
**ਰਾਜ ਨ ਭਾਗ ਨ ਹੁਕਮ ਨ ਸਾਦਨ॥ ਕਿਛੁ ਕਿਛੁ ਨ ਚਾਹੀ॥**
**ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖੁ ਪਾਹੀ॥** (ਅੰਗ ੪੦੬-੦੭)

**ਸੰਤ ਕੀ ਧੂਰਿ ਮਿਟੇ ਅਘ ਕੋਟ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥**
(ਅੰਗ ੧੮੮-੮੯)

**ਕਹੁ ਨਾਨਕ ਸੇਈ ਜਨ ਪੂਰੇ॥ ਜਿਨਾ ਪਰਾਪਤਿ ਸਾਧੂ ਧੂਰੇ॥**
(ਅੰਗ ੧੯੫)

**ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥**
(ਅੰਗ ੨੮੩)

**ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥**
(ਅੰਗ ੧੮੨)

## *ਸੇਵਕ ਤੇ ਸਤਿਗੁਰੂ*

ਸਤਿਗੁਰੂ ਨਾਲ ਅਤੰਤ ਪ੍ਰੀਤੀ ਕਰਨ ਵਾਲਾ ਸੇਵਕ ਉਹੀ ਹੈ ਜੋ ਆਪਣਾ ਸਿਰ ਕੱਟ ਕੇ ਗੁਰੂ ਚਰਨਾਂ ਪਰ ਰੱਖ ਦੇਵੇ। ਮਤਲਬ ਇਹ ਹੈ ਕਿ ਸਿਰ ਹੀ ਸਰੀਰ ਦਾ ਸਰਬੋਤਮ ਅਤੇ ਮਣੀ ਅੰਗ ਹੈ। ਇਸ ਦੇ ਕੱਟ ਜਾਣ ਨਾਲ, ਉਸੇ ਵੇਲੇ ਮ੍ਰਿਤੂ ਹੁੰਦੀ ਹੈ। ਮੁਰਦੇ ਤੁੱਲ ਹੋਇਆ ਯਾਨੀ ਅਹੰਕਾਰ ਤੋਂ ਰਹਿਤ ਹੋ ਕੇ, ਆਪਣੀਆਂ ਚਤੁਰਾਈਆਂ ਨੂੰ ਖੂਹ ਵਿੱਚ ਸੁੱਟ ਦੇਵੇ। ਜੋ ਭੀ ਉਪਦੇ ਸਤਿਗੁਰੂ ਦਿੰਦੇ ਹਨ, ਉਸ ਨੂੰ ਅੱਛੀ ਤਰ੍ਹਾਂ ਹਿਰਦੇ ਵਿੱਚ ਧਾਰਨ ਕਰੇ ਅਰਥਾਤ ਉਨ੍ਹਾਂ ਦੇ ਹੁਕਮ ਅੰਦਰ ਹੀ ਸਾਰੀ ਚੇਟਾ ਕਰੇ–

**ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥**

(ਅੰਗ ੧੨੪੭)

**ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ॥**

(ਅੰਗ ੧੭੨)

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥** (ਅੰਗ ੩੧੪)

**ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ॥**

(ਅੰਗ ੧੭੭)

ਮੁਕਤੀ ਪ੍ਰਾਪਤ ਕਰਨ ਵਿੱਚ ਦੇਰੀ ਹੈ ਤਾਂ ਕੇਵਲ ਸਤਿਗੁਰੂ ਦੇ ਬਚਨਾਂ ਨੂੰ ਅੱਛੀ ਤਰ੍ਹਾਂ ਮੰਨਣ ਦੀ ਹੀ ਦੇਰੀ ਹੈ–

**ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥**

(ਅੰਗ ੮੬੪)

ਇਸ ਵਾਕ ਅਨੁਸਾਰ ਜੋ ਗੁਰੂ ਅਤੇ ਪ੍ਰਭੂ ਵਿੱਚ ਕਿੰਚਤ–ਮਾਤ੍ਰ ਭੀ ਭੇਦ ਨਹੀਂ ਮੰਨਦਾ, ਉਸ ਅਚੱਲ ਨਿਸਚੇ ਵਾਲੇ ਸੇਵਕ ਦਾ, ਇਸ ਲੋਕ ਅਤੇ ਪਰਲੋਕ ਵਿੱਚ ਭੀ ਗੁਰੂ ਸਹਾਈ ਰਹਿੰਦਾ ਹੈ–

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥** (ਅੰਗ ੪੦੩)

ਜੋ ਹਰ ਪ੍ਰਕਾਰ ਨਾਲ ਗੁਰੂ ਚਰਨਾਂ ਵਿੱਚ ਹੀ ਪ੍ਰੀਤੀ ਰੱਖਣ ਵਾਲਾ ਹੈ, ਉਸ ਨੂੰ ਕਿਸ ਗੱਲ ਦੀ ਕਮੀ ਰਹਿ ਸਕਦੀ ਹੈ?

**ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ॥ ਜਨਮੁ ਪਦਾਰਥੁ ਗਹਿਰ ਗੰਭੀਰੈ॥**
**ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ॥**

(ਅੰਗ ੧੦੧)

**ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ॥**

**ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ॥**

(ਅੰਗ ੯੧)

**ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥** (ਅੰਗ ੫੨)

**ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥**
**ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥** (ਅੰਗ ੫੨)

## *ਦੁਰਭਾਗੇ ਜੀਵ ਦੀ ਦੁਰਗਤੀ*

ਹਰ ਪ੍ਰਕਾਰ ਨਾਲ ਸਮਰੱਥ, ਪ੍ਰਭੂ ਸਰੂਪ ਗੁਰੂ ਤੋਂ ਜੋ ਮਲਿਨ ਵਾਨਾ ਦੇ ਕਾਰਨ, ਮੰਦ ਬੁੱਧੀ ਵਾਲਾ ਸੇਵਕ ਅਤੇ ਵ੍ਿਾਸਹੀਨ ਬੇਮੁੱਖ ਹੋ ਜਾਵੇ, ਉਸ ਜੀਵ ਦੀ ਦੁਰਗਤੀ ਕਹਿਣ ਲੱਗੇ, ਬਾਨ ਕੰਬਦੀ ਹੈ-

**ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥** (ਅੰਗ ੩੦)

**ਸਤਿਗੁਰ ਤੇ ਜੋ ਮੁਹ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥**
**ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥**

(ਅੰਗ ੨੩੩)

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥**
**ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥**
**ਕੂਕ ਪੁਕਾਰ ਕੋ ਨਾ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥**

(ਅੰਗ ੩੦੯)

ਇਸ ਲਈ, ਜਿਸ ਤੋਂ ਬਿਨਾਂ ਇੱਕ ਘੜੀ ਭਰ ਭੀ ਜੀਵਨ ਨਹੀਂ ਰਹਿ ਸਕਦਾ, ਜਿਸ ਨੂੰ ਸਾਡੀ ਹਰ ਪ੍ਰਕਾਰ ਨਾਲ ਚਿੰਤਾ ਰਹਿੰਦੀ ਹੈ, ਹੇ ਮਨ! ਉਸ ਅਜਿਹੇ ਮੁਕਤਿ-ਭੁਗਤਿ ਦੇ ਦਾਤਾ, ਪ੍ਰਭੂ ਸਰੂਪ ਗੁਰੂ ਨਾਲ ਕਿਉਂ ਰੁੱਸਣਾ ਹੈ ਅਰਥਾਤ ਉਸ ਨਾਲੋਂ ਪ੍ਰੇਮ ਤੋੜਕੇ, ਸੰਸਾਰ ਦੀ ਹੋਰ ਕਿਹੜੀ ਵਸਤੂ ਨਾਲ ਪ੍ਰੇਮ ਲਾਉਣਾ ਹੈ?

**ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ॥**
**ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ॥** (ਅੰਗ ੧੦੯੮)

## *ਗੋਵਿੰਦ ਦ੍ਰਿਟੀ*

ਪਿਆਰੇ ਹਰਿਸਿਮਰਨ ! ਜੋ ਅਨੰਤ ਕਲੇ ਦੇਣ ਵਾਲੀ ਦ੍ਵੈਤ ਨੂੰ ਵਿਨਾ ਕਰਕੇ ਅਨੰਦ-ਸ੍ਵਰੂਪ ਅਦ੍ਵੈਤ ਦਾ ਦਰਨ ਕਰਾਉਣ ਵਾਲੇ ਹਨ, ਉਨ੍ਹਾਂ ਦੇ ਇਸ ਮਹਾਨ ਉਪਕਾਰ ਬਦਲੇ, ਸੇਵਕ ਕੀ ਦੇ ਸਕਦਾ ਹੈ? ਅਰਥਾਤ ਕੁੱਝ ਭੀ ਨਹੀਂ, ਸਿਵਾਏ ਇਸ ਤੋਂ ਕਿ ਉਨ੍ਹਾਂ ਦੀ ਪ੍ਰੀਤੀ ਵਿੱਚ ਆਪਣੇ-ਆਪ ਨੂੰ ਭੁੱਲ ਕੇ, ਸਰਬੱਤ੍ਰ ਉਨ੍ਹਾਂ ਨੂੰ ਹੀ ਦੇਖੇ ਯਾਨੀ ਸਭ ਜੀਵਾਂ ਨੂੰ ਸਤਿਗੁਰੂ ਦਾ ਵਾਸਤਵ ਸ੍ਵਰੂਪ ਨਿਰਵਿਕਾਰ, ਸਮ ਅਤੇ ਨਿਰਵਿਕਲਪ ਜਾਣਕੇ ਪਿਆਰ ਕਰੇ-

**ਕਹੈ ਕਬੀਰੁ ਪੂਰਨ ਜਗ ਸੋਈ॥ ਜਾ ਕੇ ਹਿਰਦੇ ਅਵਰੁ ਨ ਹੋਈ॥**

**(ਅੰਗ ੩੩੦)**

ਜਦ ਤੇਰਾ, ਪ੍ਰੀਤਮ ਤੋਂ ਬਿਨਾਂ ਕੋਈ ਦੂਜਾ ਹੈ ਹੀ ਨਹੀਂ ਤਦ ਕਿਸ ਭੇਦ-ਦ੍ਰਿਟੀ ਨਾਲ ਤੂੰ ਕਿਸੇ ਦਾ ਮਨ ਦੁਖਾ ਸਕਦਾ ਹੈਂ? ਅਤੀ ਪਿਆਰੀ ਅਤੇ ਸੱਚੀ ਬਾਣੀ ਬੋਲ ਕਿਉਂਕਿ ਤੂੰ ਜਿਸ ਨਾਲ ਭੀ ਗੱਲ ਕਰਨੀ ਜਾਂ ਹੋਰ ਵਿਵਹਾਰ ਆਦਿ ਕਰਨਾ ਹੈ, ਉਸ ਰੂਪ ਵਿੱਚ ਤੇਰਾ ਪ੍ਰੀਤਮ ਹੀ ਹੈ। ਜੋ ਦ੍ਵੈਤ ਨੂੰ ਛੱਡਕੇ ਇੱਕ ਆਪਣੇ ਪ੍ਰੀਤਮ ਦੀ ਪ੍ਰੀਤੀ ਵਿੱਚ ਹੀ ਮਗਨ ਰਹਿੰਦੇ ਹਨ, ਉਹ ਕਿਸੇ ਦਾ ਭੀ ਮਨ ਨਹੀਂ ਢਾਹੁੰਦੇ-

**ਠਠਾ ਮਨੂਆ ਠਾਹਹਿ ਨਾਹੀ॥ ਜੋ ਸਗਲ ਤਿਆਗਿ ਏਕਹਿ ਲਪਟਾਹੀ॥**

**(ਅੰਗ ੨੫੯)**

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥** **(ਅੰਗ ੧੩੮੪)**

ਭਗਤ ਫਰੀਦ ਜੀ ਕਹਿੰਦੇ ਹਨ ਕਿ ਸਭਨਾਂ ਦੇ ਦਿਲਾਂ ਵਿੱਚ, ਇੱਕ ਹੀ ਪ੍ਰਮੇ ੍ਰਰ ਵਸਦਾ ਹੈ, ਇਸ ਲਈ ਕਿਸੇ ਦਾ ਭੀ ਦਿਲ ਨਾ ਢਾਹੋ ਕਿਉਂਕਿ ਮਾਣਕ ਰੂਪ ਪ੍ਰਭੂ, ਸਭ ਵਿੱਚ ਅਮੋਲਕ ਯਾਨੀ ਜਿਸਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ, ਉਹ ਸਭਦਾ ਆਪਣਾ-ਆਪ ਹੈ। ਤਥਾ-

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥**

**(ਅੰਗ ੧੩੮੪)**

ਮਤਲਬ ਕਿ ਸਭ ਦੇ ਮਨ ਵਿੱਚ ਮਾਨਿਕ ਰੂਪ ਪ੍ਰਮੇ੍ਰ ਹੈ, ਇਸ ਲਈ ਕਿਸੇ ਦੇ ਚਿੱਤ ਦਾ ਢਾਹੁਣਾ ਮੂਲਿ ਯਾਨੀ ਮੁੱਢ ਤੋਂ ਹੀ ਭਾਵ ਬਿਲਕੁਲ ਹੀ, ਮਚਾਂਗਵਾ (ਬੁਰਾ) ਹੈ। ਭਗਤ ਫਰੀਦ ਜੀ ਕਹਿੰਦੇ ਕਿ ਇਸ ਕਾਰਨ ਮੇਰਾ ਕਹਿਣਾ ਹੈ ਕਿ ਜੇ ਤੈਨੂੰ ਆਪਣੇ ਗੁਰੁਦੇਵ ਨੂੰ ਮਿਲਣ ਦੀ ਸਿਕ (ਇੱਛਾ) ਹੈ ਅਥਵਾ ਜੇ ਤੈਨੂੰ ਆਪਣੇ ਪ੍ਰੀਤਮ ਦੇ ਪਾਉਣ ਦੀ ਖਿੱਚ ਹੈ ਤਾਂ ਮੇਰਾ ਇਹ ਕਿਹਾ ਹੋਇਆ ਬਚਨ ਯਾਦ ਰੱਖੀਂ ਕਿ ਚਿੱਤ ਨਾ ਕਿਸੇ ਦਾ ਢਾਹੀਂ ਕਿਉਂਕਿ ਕਿਸੇ ਦਾ ਦਿਲ ਦੁਖਾ ਦੇਣ ਨਾਲ, ਤੇਰੇ ਪ੍ਰੀਤਮ ਦਾ ਦਿਲ ਹੀ ਦੁਖ ਜਾਣਾ ਹੈ। ਇਸ ਹਾਲਤ ਵਿੱਚ ਜਦ ਤੇਰਾ ਪ੍ਰੀਤਮ ਪ੍ਰਸੰਨ ਨਹੀਂ ਤਾਂ ਉਹ ਦਰਨ ਕਿਸ ਤਰ੍ਹਾਂ ਦੇਵੇਗਾ? ਜੇ ਤੂੰ ਸਾਰਿਆਂ ਦਿਲਾਂ ਵਿੱਚ ਆਪਣਾ ਪ੍ਰੀਤਮ ਜਾਣਕੇ, ਸਭ ਨਾਲ ਪਿਆਰ ਕਰੇਂਗਾ ਤਾਂ ਪ੍ਰਸੰਨ ਹੋਏ ਤੇਰੇ ਪ੍ਰੀਤਮ ਨੇ, ਤੈਨੂੰ ਝੱਟ ਹੀ ਸੀਨੇ ਨਾਲ ਲਾ ਲੈਣਾ ਹੈ। ਪਿਆਰੇ ਹਰਿਸਿਮਰਨ ! ਜੇ ਤੂੰ ਪ੍ਰਭੂ ਦਾ ਪ੍ਰੇਮੀ ਹੈਂ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇੱਕ ਨਾਲ ਪ੍ਰੇਮ ਕਰਨਾ ਅਤੇ ਦੂਜੇ ਨਾਲ ਵੈਰ, ਇਹ ਭੀ ਕੋਈ ਪ੍ਰੇਮ ਹੈ? ਸੱਚਾ ਪ੍ਰੇਮ ਤਾਂ ਸਾਰੀ ਦੁਨੀਆਂ ਨੂੰ ਇੱਕ ਪ੍ਰੀਤਮ ਦੇ ਰੰਗ ਵਿੱਚ ਰੰਗ ਦਿੰਦਾ ਹੈ। ਉਸ ਵਿੱਚ ਦੂਜਾ ਰੰਗ ਨਾ ਹੋਣ ਦੇ ਕਾਰਨ ਹੀ, ਕਿਸੇ ਤੋਂ ਗਿਲਾਨੀ ਨਹੀਂ ਰਹਿੰਦੀ। ਇਹ ਅੱਛਾ ਹੈ ਜਾਂ ਇਹ ਬੁਰਾ ਹੈ ਇਹ ਬਹੁਤੇ ਰੰਗਾਂ ਵਿੱਚ ਹੀ ਹੋਇਆ ਕਰਦਾ ਹੈ, ਇੱਕ ਰੰਗ ਵਿੱਚ ਨਹੀਂ-

**ਹਰਿ ਸਾ ਪ੍ਰੀਤਮੁ ਕਰਿ ਮਨ ਮੀਤ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ॥**

**(ਅੰਗ ੧੮੭)**

ਪਿਆਰੇ ਹਰਿਸਿਮਰਨ ! ਗੁਰੂ ਅਰਜਨ ਦੇਵ ਜੀ ਮਨ ਪ੍ਰਤੀ ਉਪਦੇ ਕਰਦੇ ਹਨ, ਕਿ ਹੇ ਮਨ ! ਜੇ ਪ੍ਰੀਤਮ ਬਣਾਉਣਾ ਹੀ ਹੈ ਤਾਂ ਹਰੀ ਨੂੰ ਬਣਾ ਕਿਉਂਕਿ ਜਿਤਨੇ ਭੀ ਪ੍ਰਾਣਧਾਰੀ ਜੀਵ ਹਨ, ਉਨ੍ਹਾਂ ਸਾਰਿਆਂ ਦੇ ਪ੍ਰਾਣਾਂ ਦਾ ਆਸਰਾ ਇੱਕ ਗੋਵਿੰਦ ਪ੍ਰਭੂ ਹੀ ਹੈ। ਉਸ ਤੋਂ ਬਿਨਾਂ ਪ੍ਰਾਣਾਂ ਦੀ ਇਸਥਿਤੀ ਹੀ ਨਹੀਂ ਹੋ ਸਕਦੀ, ਫੌਰਨ ਮ੍ਰਿਤੂ ਹੁੰਦੀ ਹੈ। ਇਸ ਲਈ ਜਿਸਤੋਂ ਬਿਨਾਂ ਜੀਵਨ ਹੀ ਨਹੀਂ, ਜੇ ਪ੍ਰੀਤੀ ਕਰਨੀ ਹੈ ਤਾਂ ਉਸ ਨਾਲ ਕਰ। ਜਿਸਨੇ ਭੀ ਇਹੋ ਜਿਹੇ ਪ੍ਰਭੂ ਨੂੰ ਮਿੱਤ੍ਰ ਬਣਾ ਲਿਆ, ਉਸ ਨੂੰ ਕੀ ਕਮੀ ਰਹਿ ਸਕਦੀ ਹੈ? ਦੁੱਖ, ਦਰਦ ਆਦਿ ਵਿਕਾਰ ਜੋ ਭ੍ਰਮ ਤੋਂ ਉਤਪੰਨ ਹੁੰਦੇ ਹਨ, ਭ੍ਰਮ ਦੇ ਨਾ ਹੋ ਜਾਣ ਨਾਲ, ਕਿਸ ਤਰ੍ਹਾਂ ਠਹਿਰ ਸਕਣਗੇ? ਉਹ ਪ੍ਰਭੂ-ਪ੍ਰੀਤੀ ਦਾ ਰਸਿਕ ਕਦੇ ਭੀ ਸੰਸਾਰੀ ਰਸ ਉੱਤੇ ਲਲਚਾਉਂਦਾ ਨਹੀਂ ਹੈ। ਜਿਸਦੇ ਪ੍ਰੇਮੀ ਦਾ ਹੀ ਸੰਸਾਰ ਪਰ ਹੁਕਮ ਚਲਦਾ ਹੋਵੇ, ਉਹ ਕਦ ਕਿਸੇ

ਨੂੰ ਅੱਖ ਥੱਲੇ ਲਿਆਉਂਦਾ ਹੈ ਅਰਥਾਤ ਉਹ ਪ੍ਰੀਤਮ ਤੋਂ ਬਿਨਾਂ ਦੂਜੀ ਵਸਤੂ ਨੂੰ ਦੇਖਦਾ ਹੀ ਨਹੀਂ ਹੈ-

**ਜਾ ਕਾ ਮੀਤੁ ਸਾਜਨੁ ਹੈ ਸਮੀਆ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ॥**
**ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ॥**
**ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ॥ ਰਹਾਉ॥**
**ਜਾ ਕਉ ਰਸੁ ਹਰਿ ਰਸੁ ਹੈ ਆਇਓ॥ ਸੋ ਅਨ ਰਸ ਨਾਹੀ ਲਪਟਾਇਓ॥**
**ਜਾ ਕਾ ਕਹਿਆ ਦਰਗਹ ਚਲੈ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ॥**
**ਜਾ ਕਾ ਸਭੁ ਕਿਛੁ ਤਾ ਕਾ ਹੋਇ॥ ਨਾਨਕ ਤਾ ਕਉ ਸਦਾ ਸੁਖੁ ਹੋਇ॥**

**(ਅੰਗ ੧੮੬)**

ਪ੍ਰੰਤੂ ਮੁਕਲ ਇਹ ਹੈ ਕਿ ਇਹੋ ਜਿਹਾ ਨਿਕਾਮ, ਸਰਬ-ਕਤੀ ਸੰਪੰਨ ਮਿੱਤ੍ਰ, ਅੱਛੇ ਭਾਗਾਂ ਤੋਂ ਬਿਨਾਂ ਮਿਲਦਾ ਨਹੀਂ ਹੈ। ਸੰਸਾਰੀ ਮਿੱਤ੍ਰ ਤਾਂ ਬਥੇਰੇ ਅੱਗੇ ਪਿੱਛੇ ਫਿਰਦੇ ਰਹਿੰਦੇ ਹਨ, ਜਿਸ ਨੂੰ ਜੀਅ ਚਾਹੁੰਦਾ ਹੈ ਬਣਾ ਲਵੋ। ਉਨ੍ਹਾਂ ਦਾ ਕੋਈ ਮਤਲਬ ਪੂਰਾ ਕਰਨ ਵਾਲੇ ਬਣੋਂ, ਮ੍ਰਿੱਤਾਂ ਦਾ ਘਾਟਾ ਹੈ?

**ਜਿਨ ਕਉ ਪੂਰਬਿ ਲਿਖਿਆ ਤਿਨ ਦਾ ਸਖਾ ਗੋਵਿੰਦੁ॥**
**ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥**
**ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ॥**
**ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥** **(ਅੰਗ ੪੭)**

ਇਸ ਪ੍ਰਕਾਰ ਦੇ ਪ੍ਰੀਤਮ ਦਾ ਸਿਮਰਨ, ਤ੍ਰਿਨਾ ਰੂਪੀ ਅੱਗ ਨੂੰ ਬੁਝਾ ਕੇ, ਜਨਮ ਆਦਿ ਵਿਕਾਰਾਂ ਦਾ ਨਾ ਕਰਦਾ ਹੈ ਅਤੇ ਉਸ ਂਤ ਹੋਏ ਮਨ ਵਿੱਚ ਫਿਰ ਇਹ ਅੱਗ ਸੁਗ ਕੇ ਕਿਸੇ ਭੀ ਪਦਾਰਥ ਲਈ ਤੜਪਾ ਨਹੀਂ ਸਕਦੀ। ਉਹ ਸੀਤਲ ਚਿੱਤ ਪ੍ਰੇਮੀ ਗੁਰੂ ਕ੍ਰਿਪਾ ਨਾਲ ਵਿਆਪਕ ਪ੍ਰਭੂ ਦਾ ਦਰਨ ਕਰਦਾ ਹੈ-

**ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ॥**
**ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ॥**
**ਜਾ ਕੋ ਨਾਮੁ ਲੈਤ ਤੂ ਸੁਖੀ॥**
**ਸਾਸਿ ਸਾਸਿ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ॥ ਰਹਾਉ॥**
**ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ॥**
**ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ॥**

**(ਅੰਗ ੬੧੭)**

## *ਪ੍ਰੇਮੀ ਦੀ ਪ੍ਰਭੂ ਨਾਲ ਅਭੇਦਤਾ*

ਪ੍ਰਭੂ ਪ੍ਰੀਤੀ ਵਿੱਚ ਮਗਨ ਪ੍ਰੇਮੀ ਨੂੰ, ਜਦ ਗੁਰੂਦੇਵ ਆਪਣੇ ਮਹਾਂਵਾਕਾਂ ਦੁਆਰਾ, ਉਸ ਜਲ, ਥਲ, ਮਹੀਅਲ ਆਦਿ ਤਿੰਨਾਂ ਲੋਕਾਂ ਵਿੱਚ ਪੂਰਨ ਪ੍ਰਭੂ ਨੂੰ ਅਭਿੰਨ ਯਾਨੀ ਆਪਣਾ-ਆਪ ਕਰਕੇ ਦਿਖਾਉਂਦੇ ਹਨ ਤਦ ਮਹਾਨ ਪ੍ਰਬਲ ਵਾਨਾ ਦੇ ਕਾਰਨ ਅਗਿਆਨ ਦਾ ਵਿਨਾ ਹੋ ਜਾਂਦਾ ਹੈ। ਕਾਰਨ ਦੇ ਨਾ ਹੋਣ ਨਾਲ, ਕਾਰਜ ਕਾਇਮ ਨਹੀਂ ਰਿਹਾ ਕਰਦਾ। ਫਿਰ ਅਜਿਹੀ ਅਵਸਥਾ ਵਿੱਚ ਸਿਵਾਏ ਾਂਤ-ਪਦ ਤੋਂ ਬਾਕੀ ਕੀ ਰਹਿ ਜਾਂਦਾ ਹੈ? ਪ੍ਰਭੂ-ਸੂਰੂਪ ਹੋਏ ਪ੍ਰੇਮੀ ਨੂੰ ਅੱਗੇ-ਪਿੱਛੇ, ਸੱਜੇ-ਖੱਬੇ, ਉੱਪਰ-ਨੀਚੇ ਆਦਿ ਹਰ ਪਾਸੇ, ਇੱਕ ਵਾਹਿਗੁਰੂ ਹੀ ਦਿੱਸ ਰਿਹਾ ਹੈ। ਪਿਆਰੇ ਹਰਿਸਿਮਰਨ! ਇਹ ਅਨੰਦਮਈ ਅਵਸਥਾ ਕਹਿਣ ਅਤੇ ਸੁਣਨ ਤੋਂ ਬਾਹਰ ਹੈ।

**ਹਰਿਸਿਮਰਨ**-ਗੁਰੂਦੇਵ! ਇਹ ਵਾਕ ਮੈਨੂੰ ਇੱਕ ਸੈ ਉਤਪੰਨ ਕਰਦੇ ਹਨ ਕਿ ਮੇਰਾ ਪ੍ਰੀਤਮ ਪ੍ਰਭੂ ਜੋ ਸਾਰੀ ਸ੍ਰਿਟੀ ਦਾ ਹਰਤਾ-ਕਰਤਾ ਹੈ, ਉਸਦੇ ਹੁਕਮ ਵਿੱਚ ਹੀ ਇਹ ਤਮਾਮ ਜੀਵ ਹਰਕਤ ਕਰ ਰਹੇ ਹਨ। ਜਿਸਦੀ ਜੋ ਭੀ, ਜਿਸ ਤਰ੍ਹਾਂ ਨਾਲ ਪ੍ਰਵਿਰਤੀ ਹੈ, ਉਹ ਸਭ ਮੇਰੇ ਪ੍ਰਭੂ ਦੀ ਮਰੀ ਅਧੀਨ ਹੈ। ਕੋਈ ਭੀ ਜੀਵ ਸੁਤੰਤ੍ਰ ਰੂਪ ਨਾਲ ਕੁਝ ਭੀ ਕਰਨ ਵਿੱਚ ਸਮਰੱਥ ਨਹੀਂ ਪ੍ਰੰਤੂ ਆਪ ਨੇ ਕਿਹਾ ਹੈ ਕਿ ਉਹ ਪ੍ਰਭੂ, ਪ੍ਰੇਮੀ ਦਾ ਆਪਣਾ-ਆਪ ਹੀ ਹੈ। ਜੇ ਉਹ ਪ੍ਰਭੂ, ਪ੍ਰੇਮੀ ਤੋਂ ਜੁਦਾ ਨਹੀਂ ਰਹਿੰਦਾ ਅਰਥਾਤ ਪ੍ਰੇਮੀ ਅਤੇ ਪ੍ਰੀਤਮ ਇੱਕ ਹੀ ਵਸਤੂ ਹਨ ਤਾਂ ਸੁਆਮੀ ਅਤੇ ਸੇਵਕ ਦਾ ਜੋ ਭੇਦ ਹੈ, ਇਹ ਕਿਸ ਤਰ੍ਹਾਂ ਬਣ ਸਕੇਗਾ? ਮਾਲਕ ਅਤੇ ਨੌਕਰ ਦੋਹਾਂ ਨੂੰ ਇੱਕ ਕਿਸ ਤਰ੍ਹਾਂ ਆਖ ਦਿੱਤਾ ਜਾਵੇ? ਜੇ ਉਹ ਸੇਵਕ ਹੈ ਤਾਂ ਮਾਲਕ ਕਿਉਂ ਕਿਹਾ ਜਾਂਦਾ ਹੈ? ਇਹ ਭੀ ਸੁਭਾਵਿਕ ਹੀ ਹੈ ਕਿ ਸੁਆਮੀ (ਮਾਲਕ) ਹੋਣ ਪਰ ਕੌਣ ਕਿਸੇ ਦਾ ਸੇਵਕ ਬਣਨਾ ਚਾਹੇਗਾ?

ਅਲੌਕਿਕ ਕਤੀ ਪ੍ਰਦਾਤਾ ਗੁਰੂਦੇਵ! ਭਾਵੇਂ ਇਹ ਏਕਤਾ ਮੈਂ ਭੀ ਹਰ ਰੋ ਅਨੁਭਵ ਕਰਦਾ ਹਾਂ ਪ੍ਰੰਤੂ ਉਸ ਅਵਸਥਾ ਵਿੱਚ ਜਦ ਕਿ ਚਿੱਤ ਬ੍ਰਿਤੀ ਮੇਰੇ ਪ੍ਰੀਤਮ ਵਿੱਚ ਅਚੱਲ ਠਹਿਰ ਜਾਂਦੀ ਹੈ। ਉਸ ਵਕਤ ਲੀਨ ਹੋਈ ਬ੍ਰਿਤੀ, ਕਿਸੇ ਦੂਜੀ ਵਸਤੂ ਦੇ ਗ੍ਰਹਣ ਯੋਗ ਨਾ ਰਹਿਣ ਦੇ ਕਾਰਨ, ਮੇਰਾ ਅਤੇ ਮੇਰੇ ਪ੍ਰੀਤਮ ਦਾ ਕੋਈ ਭੇਦ ਨਹੀਂ ਭਾਸਦਾ, ਤਦ ਭੀ ਇਹ ਬ੍ਰਿਤੀ ਨਿਰੰਤਰ ਤਾਂ ਨਹੀਂ ਬਣੀ ਰਹਿੰਦੀ। ਉੱਥਾਨ ਕਾਲ ਵਿੱਚ ਯਾਨੀ ਸਮਾਧੀ ਤੋਂ ਉੱਠ ਕੇ ਇਹ ਕਦੇ ਭੀ ਮੇਰਾ

ਮਨ ਨਹੀਂ ਮੰਨ ਸਕਦਾ ਕਿ ਮੈਂ ਅਤੇ ਮੇਰਾ ਪ੍ਰੀਤਮ ਪ੍ਰਭੂ ਇੱਕੋ ਹੀ ਵਸਤੂ ਹਾਂ। ਕਿਉਂਕਿ ਉਹ ਮੇਰਾ ਸੁਆਮੀ ਹੈ ਤੇ ਮੈਂ ਉਸਦਾ ਸੇਵਕ ਹਾਂ, ਇਹ ਭੇਦ ਮਿਟਾ ਕੇ ਅਭੇਦਤਾ ਕਿਸ ਤਰ੍ਹਾਂ ਮੰਨੀ ਜਾਵੇ? ਪ੍ਰਭੂ ਧਿਆਨ ਦੇ ਕਾਲ ਵਿੱਚ ਜੇ ਉਤਨਾ ਚਿਰ ਭੇਦ ਮਿਟ ਕੇ ਬਾਅਦ ਵਿੱਚ ਫੇਰ ਦਿਖਦਾ ਹੈ, ਇਸਦਾ ਕਾਰਨ ਤਾਂ ਮੈਂ ਇਹੀ ਸਮਝਦਾ ਹਾਂ ਕਿ ਜਿਤਨੇ ਭੀ ਭੇਦ ਸਨ, ਮਿਟ ਗਏ ਹਨ ਅਤੇ ਇਸ ਭੇਦ ਦਾ ਬੀਜ ਮੇਰੇ ਮਨ ਵਿੱਚੋਂ ਨਟ ਨਹੀਂ ਹੋਇਆ। ਭੇਦ ਦਾ ਬੀਜ ਹੀ ਜੇ ਸੜ ਜਾਵੇ ਤਾਂ ਮੈਂ ਸਦਾ ਹੀ ਆਪਣੇ ਪ੍ਰਭੂ ਨਾਲ ਅਭੇਦ ਹੋਇਆ ਰਹਾਂ। ਕੀ ਸਮਾਧੀ ਅਤੇ ਕੀ ਉੱਥਾਨ, ਇਹ ਤਾਂ ਚਿੱਤ ਦੀਆਂ ਅਵਸਥਾਂ ਹਨ ਪ੍ਰੰਤੂ ਮੇਰੇ ਪ੍ਰਭੂ ਦਾ ਸ੍ਵਰੂਪ ਅਜਿਹਾ ਨਹੀਂ। ਜੇ ਮੈਂ ਉਸ ਏਕੱਤ੍ਵ ਸ੍ਵਰੂਪ ਵਿੱਚ ਲੀਨ ਹੋ ਕੇ ਇੱਕ ਹੋ ਜਾਵਾਂ ਤਦ ਭੇਦ-ਅਭੇਦ ਦਾ ਮਤਲਬ ਕੀ? ਉਸਨੂੰ ਯਸਤ੍ਰ ਨੇ ਅਜਰ, ਅਮਰ, ਅਸੰਗ ਅਤੇ ਨਿਰਵਿਕਾਰ ਕਿਹਾ ਹੈ। ਉਸ ਵਿਆਪਕ, ਨਿਰਾਕਾਰ ਤੇ ਸੰਕਲਪ-ਨ, ਪ੍ਰਭੂ ਦਾ ਰੂਪ ਆਪ ਜੀ ਨੇ, ਵਿਜੋਗੀ ਪ੍ਰਤੀ ਕੀਤਾ ਹੋਇਆ ਉਪਦੇ, ਮੈਨੂੰ ਸੁਣਾਇਆ ਭੀ ਹੈ ਪ੍ਰੰਤੂ ਉਸ ਸਮੇਂ ਇਸ ਗੁਪਤ ਤੱਤ੍ਵ ਦੇ ਸਮਝਣ ਯੋਗ ਨਹੀਂ ਸਾਂ, ਇਸ ਲਈ ਮੈਂ ਕੁੱਝ ਭੀ ਨਹੀਂ ਜਾਣ ਸਕਿਆ। ਹੁਣ ਉਸ ਉਪਦੇ ਦੀ ਯਾਦ ਮੈਨੂੰ ਆ ਰਹੀ ਹੈ ਕਿ ਉਹ ਸਭ ਉਪਾਧੀਆਂ ਤੋਂ ਰਹਿਤ, ਮੇਰੇ ਪ੍ਰਭੂ ਦਾ ਵਾਸਤ੍ਵਿਕ ਸ੍ਵਰੂਪ ਹੈ। ਉਸ ਨੂੰ ਸਮਾਨ ਰੂਪ ਕਰਕੇ ਜਾਨਣ ਵਾਲਾ ਜੋ ਮੈਂ ਹਾਂ ਉਸ ਦਾ ਵਿ ਰੂਪ ਜਾਨਣ ਲਈ ਗੁਰੂਦੇਵ! ਮੈਨੂੰ ਉਪਦੇ ਦਿਉ ਤਾਂ ਕਿ ਭੇਦ ਦਾ ਬੀਜ ਜੋ ਅਗਿਆਨ ਹੈ, ਉਹ ਨਾ ਹੋ ਜਾਵੇ ਅਤੇ ਮੈਂ ਇੱਕ-ਰਸ, ਸੰਕਲਪ-ਨ ਆਪਣੇ ਪ੍ਰੀਤਮ ਵਿੱਚ ਲੀਨ ਹੋਇਆ ਰਹਾਂ। ਗੁਰੂਦੇਵ! ਜਿਸ ਦੇ ਨਿਰਗੁਣ ਅਤੇ ਸਰਗੁਣ ਦੋ ਰੂਪ ਹਨ, ਮੈਂ ਉਸ ਵਸਤੂ ਨੂੰ ਪ੍ਰਤੱਖ ਦੇਖਣਾ ਚਾਹੁੰਦਾ ਹਾਂ ਕਿਉਂਕਿ ਕਿਸੇ ਵਸਤੂ ਦੇ ਕੇਵਲ ਨਾਮ ਅਤੇ ਰੂਪ ਨੂੰ ਸੁਨਣ ਮਾਤ੍ਰ ਨਾਲ ਹੀ, ਉਹ ਵਸਤੂ ਦੇਖੀ ਹੋਈ ਤਾਂ ਨਹੀਂ ਹੋ ਜਾਂਦੀ?

**ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥**

**(ਅੰਗ ੨੮੭)**

ਇਸ ਬਚਨ ਅਨੁਸਾਰ ਮੈਂ ਉਸ ਪ੍ਰੀਤਮ ਨੂੰ ਵਿ ਰੂਪ ਨਾਲ ਜਾਨਣ ਵਾਲਾ ਹਾਂ ਕਿ ਸੁਆਮੀ ਤੇ ਸੇਵਕ ਦਾ ਇੱਕ ਰੂਪ ਕਿਸ ਤਰ੍ਹਾਂ ਹੈ?

**ਸੰਤ**- ਉਪ੍ਰੋਕਤ ਕਲਪਨਾ ਤੈਨੂੰ ਅਗਿਆਨ ਨਿੰਦ੍ਰਾ ਵਿੱਚ ਸੁੱਤੇ ਨੂੰ ਭਾਸ ਰਹੀ ਹੈ, ਹਾਲਾਂ ਤੇਰੀ ਨਿੰਦ੍ਰਾ ਅੱਛੀ ਤਰ੍ਹਾਂ ਨਹੀਂ ਟੁੱਟੀ। ਜੋ ਉਸ ਨੂੰ ਵਿ ਰੂਪ ਤੇ ਜਾਨਣ

ਵਾਲਾ ਹੈ, ਉਹੀ ਤਾਂ ਨਿਰਗੁਣ ਤੇ ਸਰਗੁਣ ਰੂਪ ਵਿੱਚ ਭਾਸ ਰਿਹਾ ਹੈ। ਸੁਆਮੀ ਤੇ ਸੇਵਕ ਭੀ ਉਹੀ ਬਣਿਆ ਬੈਠਾ ਹੈ ਜੋ ਇਹ ਕਹਿੰਦਾ ਹੈ ਕਿ ਸੁਆਮੀ ਤੇ ਸੇਵਕ ਦਾ ਇੱਕ ਰੂਪ ਕਿਸ ਤਰ੍ਹਾਂ ਹੈ? ਅਤੇ ਜੋ ਇਹ ਮੰਨਦਾ ਹੈ ਕਿ ਮੈਂ ਕੁੱਝ ਨਹੀਂ ਕਰਦਾ ਸਭ ਉਸ ਦਾ ਹੁਕਮ ਹੀ ਵਰਤ ਰਿਹਾ ਹੈ। ਉਹ ਹੁਕਮੀ, ਆਪਣੇ ਹੁਕਮ ਅਰਥਾਤ ਸੱਤਾ ਨਾਲ ਜੜ੍ਹ ਰੀਰਾਂ ਦੀ ਹਰਕਤ ਕਰਾਉਣ ਵਾਲਾ ਨਿਰੰਕਾਰ ਹੀ ਤਾਂ ਹੈ।

ਜੇ ਤੈਨੂੰ, ਮੈਂ ਕੁੱਝ ਭੀ ਨਹੀਂ ਕਰਦਾ ਇਹ ਦ੍ਰਿੜ ਨਿਸਚਾ ਹੈ, ਫਿਰ ਕਿਸ ਪ੍ਰਮਾਤਮਾ ਤੋਂ ਡਰਦਾ ਹੈਂ? ਕਿਉਂਕਿ ਜਦ ਤੂੰ ਕਿਸੇ ਭੀ ਕ੍ਰਿਆ ਦਾ ਕਰਤਾ ਨਹੀਂ ਬਣਦਾ, ਫਿਰ ਤੈਨੂੰ ਫਲ ਭੁਗਤਾਉਣ ਵਾਲਾ ਕੌਣ ਹੈ ਕਿ ਜਿਸ ਪਾਸੋਂ ਤੂੰ ਡਰੇਂ? ਖਾਹਮਖਾਹ ਹੀ ਆਪਣੇ ਤੋਂ ਜੁਦਾ ਕਿਸੇ ਪ੍ਰਮਾਤਮਾ ਦੀ ਕਲਪਨਾ ਕਰਕੇ ਦੀਨ ਹੋਇਆ ਬੈਠਾ ਹੈਂ। ਛੱਡ! ਇਸ ਦੀਨਤਾ ਨੂੰ, ਕੋਈ ਭੀ ਤੇਰੇ ਉੱਤੇ ਹੁਕਮ ਕਰਨ ਵਾਲਾ ਨਹੀਂ, ਨਾ ਹੀ ਕੋਈ ਤੈਥੋਂ ਭਿੰਨ ਸੁਆਮੀ ਹੈ ਅਤੇ ਨਿਰਗੁਣ-ਸਰਗੁਣ ਰੂਪ ਵਿੱਚ ਭਾਸਣ ਵਾਲੀ ਭੀ ਕੋਈ ਹੋਰ ਵਸਤੂ ਨਹੀਂ, ਬਿਨਾਂ ਤੈਥੋਂ।

ਕੀ ਾਸਤ੍ਰਾਂ ਜਾਂ ਗ੍ਰੰਥਾਂ ਦੀ ਕਲਪਨਾ ਤੇ ਕੀ ਸੰਸਾਰੀ। ਜੋ ਕਲਪਨਾ ਹੀ ਹੈ, ਉਹ ਕਲਪਨਾਹੀਨ ਦਾ ਵਿਗਾੜਦੀ ਤੇ ਸਵਾਰਦੀ ਕੀ ਹੈ? ਇਸ ਾ ਸਤ੍ਰੀਯ ਅਤੇ ਸੰਸਾਰੀ ਕਲਪਨਾਮਈ ਪਰਦੇ ਨੂੰ ਉਤਾਰ ਕੇ ਪਰੇ ਸੁੱਟ। ਤੂੰ ਮਨ, ਇੰਦ੍ਰੀਆਂ ਅਤੇ ਰੀਰ ਹੀ ਨਹੀਂ ਤਾਂ ਕਲਪਨਾ ਦਾ ਸਪਰ ਕੀ ਹੋਣਾ ਹੋਇਆ? ਾ ਸਤ੍ਰੀਯ ਅਤੇ ਲੌਕਿਕ ਕਲਪਨਾ ਰੀਰ ਧਾਰੀਆਂ ਲਈ ਹੈ, ਰੀਰ ਤੋਂ ਰਹਿਤ ਅਵਸਥਾ ਲਈ ਨਹੀਂ। ਮੈਲੇ ਭੀ ਇਹ ਮਨ-ਤਨ ਹੀ ਹੁੰਦੇ ਹਨ ਤੇ ਮੈਲ ਧੋਣ ਲਈ ਸਾਬਣ ਭੀ ਇਨ੍ਹਾਂ ਵਾਸਤੇ ਹੀ ਹੈ। ਜਦ ਤੂੰ ਮੈਲਾ ਹੀ ਨਹੀਂ ਹੁੰਦਾ ਤਾਂ ਸਾਬਣ ਨਾਲ ਕੀ ਗਰ?

**ੰਕਾ** - ਬੜਾ ਅਸਚਰ ਹੈ! ਜੇ ਹਰਿਸਿਮਰਨ ਤੋਂ ਵੱਖਰਾ ਕੋਈ ਭੀ ਹੋਰ ਪ੍ਰਮਾਤਮਾ ਨਹੀਂ ਸੀ ਤਾਂ ਉਸ ਪਾਸੋਂ ਤਨ-ਮਨ ਕਿਸ ਪ੍ਰਮਾਤਮਾ ਦੇ ਅਰਪਣ ਕਰਵਾਇਆ ਤੇ ਉਸਦੀ ਮੈਂ-ਮੇਰੀ ਗਵਾ ਕੇ, ਪ੍ਰਭੂ ਹੁਕਮ ਅੰਦਰ ਰਾੀ ਰਹਿਣ ਦਾ ਉਪਦੇ ਕਿਸ ਨਮਿੱਤ ਦਿੱਤਾ ਗਿਆ?

**ਉੱਤਰ**- ਇਸ ਵਾਸਤੇ ਕਿ ਉਹ ਆਪਣੀ ਅਸਲੀਅਤ ਵਿੱਚ ਕਾਇਮ ਹੋ ਜਾਵੇ। ਉਸਦੇ ਉੱਪਰ ਕਲਪਿਤ ਤਨ-ਮਨ ਦਾ ਜੋ ਪਰਦਾ ਸੀ, ਉਹ ਕਿਸੇ ਸੁਣਕੇ ਮੰਨੇ ਹੋਏ ਕਲਪਿਤ ਪ੍ਰਮਾਤਮਾ ਦੇ ਅਰਪਣ ਕਰ ਦਿੱਤਾ ਕਿਉਂਕਿ ਰੌਂ ਤਾਂ ਸਾਰਾ ਇਸ ਪਰਦੇ ਦਾ ਹੀ ਸੀ। ਤਨ-ਮਨ ਰੂਪੀ ਪਰਦੇ ਨੂੰ ਲਾਹ ਕੇ ਪਰ੍ਹੇ ਰੱਖ ਦੇਣ ਨਾਲ

ਜੋ ਭੀ ਵਸਤੂ ਤਨ-ਮਨ ਨਾਲ ਸੰਬੰਧਿਤ ਹੁੰਦੀ ਹੈ, ਉਹ ਸੁਭਾਵਿਕ ਹੀ ਦੂਰ ਹੋ ਜਾਂਦੀ ਹੈ ਕਿਉਂਕਿ ਮੈਂ-ਮੇਰੀ ਦੇ ਕਾਰਨ ਹੀ ਸਭ ਵਸਤੂਆਂ ਵਿੱਚ ਮੈਂ-ਮੇਰੀ ਰਹਿੰਦੀ ਹੈ। ਉਸ ਪਰਦੇ ਦੇ ਉੱਤਰ ਜਾਣ ਨਾਲ ਹਰਿਸਿਮਰਨ ਬਿਲਕੁਲ ਅਸੰਗ ਹੋ ਗਿਆ। ਪ੍ਰੰਤੂ ਤਨ-ਮਨ ਤੋਂ ਜੁਦਾ ਹੋ ਕੇ ਭੀ ਹਾਲਾਂ ਭੇਦ ਭਾਸਦਾ ਸੀ ਕਿਉਂਕਿ ਆਪਣੇ-ਆਪ ਨੂੰ ਇਉਂ ਸਮਝਦਾ ਸੀ ਕਿ ਮੈਂ ਕੁੱਝ ਨਹੀਂ ਕਰਦਾ ਕਰਨ ਵਾਲਾ ਤਾਂ ਇੱਕ ਪ੍ਰਮਾਤਮਾ ਹੀ ਹੈ। ਇਨ੍ਹਾਂ ਦੋ ਪ੍ਰਤੀਤੀਆਂ ਵਿੱਚੋਂ ਇੱਕ ਸੱਚੀ ਤੇ ਦੂਜੀ ਕਲਪਿਤ ਹੈ। ਜਿਸ ਵਿੱਚ ਆਪਣੀ ਹੋਂਦ ਪ੍ਰਗਟ ਭਾਸਦੀ ਹੈ, ਉਹ ਸੱਚੀ ਤੇ ਦੂਜੀ ਪ੍ਰਭੂ ਪ੍ਰਤੀਤੀ ਤਾਂ ਮਨ ਦੀ ਭਾਵਨਾ ਮਾਤ੍ਰ ਹੀ ਹੈ, ਇਸ ਲਈ ਉਹ ਕਲਪਿਤ ਸੀ। ਉਸ ਕਲਪਿਤ ਪ੍ਰਤੀਤੀ ਦਾ ਨਿਧ ਹੋ ਜਾਣ ਨਾਲ ਕਲਪਨਾ ਰਹਿਤ ਵਸਤੂ ਜੋ ਉਸਦਾ ਆਪਣਾ-ਆਪ ਹੈ, ਉਹ ਸੁਭਾਵਿਕ ਹੀ ਬਚ ਗਈ। ਉਸ ਪ੍ਰਤੱਖ ਅਨੁਭਵ ਹੋ ਰਹੀ ਵਸਤੂ ਦਾ ਨਿਧ ਕੌਣ ਕਰੇ?

ਂ **ਕਾ** – ਤਨ-ਮਨ ਪ੍ਰਭੂ ਦੇ ਅਰਪਣ ਕਰਨ ਨਾਲ ਤਾਂ ਬਿਨਾਂ ਵਾਹਿਗੁਰੂ ਤੋਂ ਕੁੱਝ ਰਹਿੰਦਾ ਹੀ ਨਹੀਂ ਹੈ, ਫਿਰ ਆਪ ਦੋ ਪ੍ਰਤੀਤੀਆਂ ਦਾ ਕਥਨ ਕਿਸ ਪ੍ਰਕਾਰ ਕਰਦੇ ਹੋਂ?

**ਉੱਤਰ**– ਇਹ ਠੀਕ ਹੈ, ਉਪ੍ਰੋਕਤ ਅਰਪਣ ਤੋਂ ਬਾਅਦ ਸਿਵਾਏ ਵਾਹਿਗੁਰੂ ਤੋਂ ਕੁੱਝ ਭੀ ਬਾਕੀ ਨਹੀਂ ਬਚਦਾ। ਕਿਉਂਕਿ ਤਨ-ਮਨ ਵਿੱਚੋਂ ਮੈਂ ਤਾਂ ਅਰਪਣ ਕਾਲ ਵਿੱਚ ਹੀ ਨਿਕਲ ਜਾਂਦੀ ਹੈ ਪਰ ਆਪਣੇ ਵਾਸਤਿਕ ਸ੍ਵਰੂਪ ਵਿੱਚੋਂ ਮੈਂ ਨੂੰ ਕੌਣ ਦੂਰ ਕਰ ਸਕਦਾ ਹੈ। ਜੋ ਆਪਣੀ ਹੋਂਦ ਬਦੋਬਦੀ ਬਾਕੀ ਬਚਦੀ ਹੈ, ਉਹੀ ਤਾਂ ਵਾਹਿਗੁਰੂ ਹੈ। ਏਸੇ ਵਾਸਤੇ ਆਪਣੇ ਤੋਂ ਭਿੰਨ ਕਿਸੇ ਕਲਪਨਾ ਕੀਤੇ ਹੋਏ ਵਾਹਿਗੁਰੂ ਵਿੱਚ ਲੱਗੀ ਹੋਈ ਬ੍ਰਿਤੀ ਦਾ ਨਿਧ ਕੀਤਾ ਹੈ ਤਾਂਕਿ ਉਹ ਬ੍ਰਿਤੀ ਆਪਣੇ ਵਾਸਤਵ ਸ੍ਵਰੂਪ ਵਿੱਚ ਸਥਿਰ ਹੋ ਕੇ, ਆਪਣੇ-ਆਪ ਨੂੰ ਸਰਬੱਤ੍ਰ ਪੂਰਨ ਦੇਖੇ। ਤਨ-ਮਨ ਪ੍ਰਭੂ ਦੇ ਹਵਾਲੇ ਕਰਕੇ ਮੈਂ ਕੁੱਝ ਭੀ ਨਹੀਂ ਕਰਦਾ, ਸਭ ਪ੍ਰਭੂ ਦਾ ਹੁਕਮ ਹੀ ਵਰਤਦਾ ਹੈ ਇਹ ਭਗਤੀ ਤਾਂ ਅਤੀ ਉੱਤਮ ਹੀ ਹੈ ਕਿੰਤੂ ਇਹ ਉਪੇਯ ਨਹੀਂ ਉਪਾਇ ਹੀ ਹੈ। ਇਸ ਉਪਾਇ ਦ੍ਵਾਰਾ ੀਘ੍ਰ ਹੀ ਉਪੇਯ ਯਾਨੀ ਆਤਮਪਦ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਪ੍ਰੋਕਤ ਭਗਤੀ ਲਈ ਅਤੰਤੋ ਰ ਦਿੱਤਾ ਹੈ। ਇਸ ਉਪਾਇ ਦ੍ਵਾਰਾ ਪਹਿਲਾਂ ਸਮਾਨ ਅਸੰਗਤਾ ਹੁੰਦੀ ਹੈ ਤੇ ਉਪੇਯ ਵਸਤੂ ਦੀ ਪ੍ਰਾਪਤੀ ਹੁੰਦੇ ਹੀ ਵਿੇ ਅਸੰਗਤਾ ਦੀ ਪ੍ਰਾਪਤੀ ਹੋ

ਜਾਂਦੀ ਹੈ ਜੋ ਕਿ ਜਗਾਸੂ ਦਾ ਆਪਣਾ-ਆਪ ਹੈ। ਉਸ ਆਪਣੇ-ਆਪ ਵਿੱਚ ਮੈਂ ਅਤੇ ਤੂੰ ਬਦ ਦੀ ਭੀ ਪ੍ਰਵਿਰਤੀ ਨਹੀਂ ਹੁੰਦੀ ਕਿਉਂਕਿ ਉਸ ਜਗ੍ਹਾ ਮਨ, ਇੰਦ੍ਰੀਆਂ ਅਤੇ ਰੀਰ ਨਹੀਂ ਹਨ।

ਇੱਕ ਤੂੰ ਹੀ ਤੂੰ ਹੈਂ ਇੰਦ੍ਰੀਆਂ ਅਤੇ ਰੀਰ ਤੋਂ ਅਤੀਤ ਇੱਕ ਮੈਂ ਹੀ ਮੈਂ ਹਾਂ ਇਹ ਦੋਨੋਂ ਬ੍ਰਿਤੀਆਂ ਹੀ ਹਨ। ਇਨ੍ਹਾਂ ਦੁਆਰਾ ਸਪਟ ਹੋਣ ਵਾਲਾ ਆਤਮਾ-ਬ੍ਰਹਮ ਦੋਹਾਂ ਤੋਂ ਪਰ੍ਹੇ ਹੈ। ਉਪ੍ਰੋਕਤ ਦੋਹਾਂ ਬ੍ਰਿਤੀਆਂ ਵਿੱਚੋਂ ਯਾਨੀ ਤੂੰ ਨਾਲੋਂ ਮੈਂ ਬ੍ਰਿਤੀ ਸ੍ਰੇਟ ਅਤੇ ਸਮੀਪ ਭੀ ਹੈ। ਕਿਉਂਕਿ ਤੂੰ ਤਾਂ ਦੂਜਾ ਹੀ ਹੁੰਦਾ ਹੈ ਅਤੇ ਮੈਂ ਆਪਣਾ-ਆਪ। ਆਤਮਾ ਹੀ ਬ੍ਰਹਮ ਹੈ ਇਸ ਤੋਂ ਅੱਗੇ (ਪ੍ਰਮਾਤਮਾ ਸੰਬੰਧੀ) ਕੋਈ ਭੀ ਬ੍ਰਿਤੀ ਨਹੀਂ ਜਾ ਸਕਦੀ, ਇੱਥੇ ਬ੍ਰਿਤੀ ਦਾ ਅੰਤ ਹੈ। ਜੇ ਆਪਣੇ ਤੋਂ ਭਿੰਨ ਕਿਸੇ ਪ੍ਰਮਾਤਮਾ ਨੂੰ ਮੰਨਿਆ ਜਾ ਸਕਦਾ ਹੈ ਤਾਂ ਆਪਣੇ-ਆਪ ਨੂੰ ਕਿਉਂ ਨਹੀਂ? ਆਪਣੇ ਤੋਂ ਭਿੰਨ ਜੋ ਪ੍ਰਮਾਤਮਾ ਹੈ, ਉਸ ਵਿੱਚ ਆਪਣੇ ਨਾਲੋਂ ਕੀ ਵਿਤਾ ਹੈ? ਅਰਥਾਤ ਕੁੱਝ ਭੀ ਨਹੀਂ, ਬਲਕਿ ਦੂਜਾ ਹੋਣ ਦੇ ਕਾਰਨ ਇੱਕ ਦ੍ਵੈਤ-ਮਈ ਦੋ ਹੈ। ਦੂਜੇ ਦੀ ਕਲਪਨਾ ਕਰਨ ਤੋਂ ਪਹਿਲਾਂ ਕਲਪਨਾ ਦਾ ਕਰਤਾ ਮੌਜੂਦ ਹੁੰਦਾ ਹੈ। ਜੇ ਘਰ ਵਿੱਚ ਹਿਦ ਮਿਲ ਜਾਵੇ ਤਾਂ ਰੂਰ ਹੀ ਪਹਾੜਾਂ, ਜੰਗਲਾਂ ਵਿੱਚ ਹਿਦ ਲਈ ਭਟਕਦੇ ਫਿਰਨਾ ਹੈ? ਇਸ ਲਈ ਪਿਆਰੇ ਹਰਿਸਿਮਰਨ! ਸਭ ਪ੍ਰਕਾਰ ਦੀਆਂ ਂਕਾਵਾਂ ਨੂੰ ਗਿਆਨ ਅੱਗ ਦੁਆਰਾ ਭਸਮ ਕਰਕੇ ਮੈਂ ਹੀ ਪਾਰਬ੍ਰਹਮ ਹਾਂ ਇਸ ਅਚੱਲ ਨਿਰਭੈ ਇਸਥਿਤੀ ਨੂੰ ਪ੍ਰਾਪਤ ਕਰ! ਤੇਰੇ ਵਿੱਚ ਕਿਸੇ ਪ੍ਰਕਾਰ ਦੀ ਭੀ ਕੋਈ ਕਲਪਨਾ ਨਹੀਂ ਹੈ! ਤੂੰ ਨਿਰਵਿਕਲਪ, ਸਮ ਅਤੇ ਨਿਰਦੋ ਹੈਂ।

ਪਿਆਰੇ ਹਰਿਸਿਮਰਨ! ਪ੍ਰਭੂ ਧਿਆਨ ਵਿੱਚ ਲੱਗੇ ਹੋਏ ਅਨੰਨ ਸੇਵਕ ਦਾ ਆਪਣੇ ਸੁਆਮੀ ਨਾਲ ਅਭੇਦ ਹੋਣਾ, ਭਗਤ ਕਬੀਰ ਜੀ ਇਉਂ ਦਿਖਾਉਂਦੇ ਹਨ-

**ਨੰਨਾ ਨਿਸਿ ਦਿਨੁ ਨਿਰਖਤ ਜਾਈ॥ ਨਿਰਖਤ ਨੈਨ ਰਹੇ ਰਤਵਾਈ॥**
**ਨਿਰਖਤ ਨਿਰਖਤ ਜਬ ਜਾਇ ਪਾਵਾ॥**
**ਤਬ ਲੇ ਨਿਰਖਹਿ ਨਿਰਖ ਮਿਲਾਵਾ॥** **(ਅੰਗ ੩੪੧)**

ਨੰਨੇ ਅੱਖਰ ਦੁਆਰਾ ਕਹਿੰਦੇ ਹਨ ਕਿ ਰਾਤ ਦਿਨ ਆਪਣੇ ਪ੍ਰੀਤਮ ਪ੍ਰਭੂ ਨੂੰ ਦੇਖਦੇ-ਦੇਖਦੇ ਹੀ ਬਤੀਤ ਕਰਦੇ ਹਨ, ਕੋਈ ਰਾ ਜਿੰਨਾ ਭੀ ਟਾਈਮ ਇਸ ਧਿਆਨ ਤੋਂ ਾਲੀ ਨਹੀਂ ਗੁਾਰਦੇ। ਜਿਉਂ ਚੰਦ੍ਰਮਾ ਨੂੰ, ਇੱਕ ਟੱਕ ਦੇਖਦਾ ਹੋਇਆ ਚਕੋਰ ਰਾਤ੍ਰੀ ਬਤੀਤ ਕਰ ਦਿੰਦਾ ਹੈ, ਤਿਉਂ ਹੀ ਆਪਣੇ ਪਿਆਰੇ ਨੂੰ ਦੇਖਦੇ ਹੋਏ ਦੇ ਨੇਤ੍ਰ ਲਾਲ ਹੋ ਜਾਂਦੇ ਹਨ ਯਾਨੀ ਉਨ੍ਹਾਂ ਦੀ ਬੁੱਧੀ ਪ੍ਰੀਤਮ ਦੀ

ਲਗਨ ਵਿੱਚ ਰੰਗੀ ਜਾਂਦੀ ਅਰਥਾਤ ਉਹੋ ਜਿਹੀ ਹੀ ਹੋ ਜਾਂਦੀ ਹੈ। ਜਦ ਇੱਕ-ਰਸ, ਨਿਰੰਤਰ ਆਪਣੇ ਪ੍ਰਭੂ ਨੂੰ ਦੇਖਦੇ-ਦੇਖਦੇ, ਹੋਰ ਪਾਸਿਆਂ ਤੋਂ ਬ੍ਰਿਤੀ ਬਿਲਕੁਲ ਟੁੱਟ ਜਾਂਦੀ ਹੈ ਅਤੇ ਪ੍ਰੀਤਮ ਤੋਂ ਬਿਨਾਂ ਕਿਸੇ ਭੀ ਸੰਸਾਰੀ ਪਦਾਰਥ ਦਾ ਰੰਗ ਨਹੀਂ ਚੜ੍ਹਦਾ ਤਦ ਉਸੀ ਜਗ੍ਹਾ ਅਰਥਾਤ ਉਸ ਬੁੱਧੀ ਵਿੱਚ ਹੀ ਉਸ ਸੁਆਮੀ (ਪ੍ਰਭੂ) ਨੂੰ ਆਪਣਾ ਰੂਪ ਜਾਣ ਕੇ, ਪ੍ਰਤੱਖ ਅਨੁਭਵ ਕਰਦਾ ਹੈ। ਫਿਰ ਉਸੀ ਵਕਤ ਪਰਪੱਕ ਧਿਆਨ-ਨਿਧਿਆਸਨ ਦੁਆਰਾ, ਨਿਰਖਹਿ (ਸਭ ਸ੍ਰਿਟੀ ਦੇ ਦ੍ਰਿਟਾ) ਮਾਲਕ, ਈ੍ਰਰ ਆਪਣੇ ਸੁਆਮੀ ਨੂੰ ਉਸਦੇ ਉਪਾਧੀ ਰੂਪ ਯਾਨੀ ਮਾਇਆਮਈ ਰੀਰ ਨੂੰ ਛੱਡਕੇ ਜੋ ਚੈਤਨ-ਅੰ ਹੈ, ਉਸ ਨੂੰ ਗ੍ਰਹਣ ਕਰਕੇ, ਨਿਰਖ (ਦੇਹ ਇੰਦ੍ਰੀਆਂ ਦਾ ਪ੍ਰਕਾਕ) ਦ੍ਰਿਟਾ ਜੋ ਆਪਣਾ ਰੂਪ ਯਾਨੀ ਚੈਤਨ ਅੰ ਹੈ, ਉਸ ਨਾਲ ਮਿਲਾ ਦਿੰਦਾ ਅਰਥਾਤ ਅਭੇਦ ਹੋ ਜਾਂਦਾ ਹੈ। ਜਿਸ ਉਪਾਧੀ ਯੁਕਤ ਰੀਰ ਨੂੰ ਸੁਆਮੀ ਸਮਝਦਾ ਸੀ ਅਤੇ ਜਿਸ ਉਪਾਧੀ ਦੇ ਕਾਰਨ ਸੇਵਕ ਬਣੀ ਬੈਠਾ ਸੀ, ਦੋਹਾਂ ਉਪਾਧੀਆਂ ਨੂੰ ਤਿਆਗ ਕੇ ਘਟਾਕਾ (ਘੜੇ ਵਿਚਲਾ ਅਕਾ) ਤੇ ਮਠਾਕਾ (ਮਕਾਨ ਵਿਚਲਾ ਅਕਾ) ਵਿੱਚ ਪੂਰਨ ਜੋ ਇੱਕ ਮਹਾਂਕਾ (ਸਰਬਤ੍ਰ ਪੂਰਣ ਆਕਾ) ਹੈ, ਪਿਆਰੇ ਹਰਿਸਿਮਰਨ ! ਉਸ ਵਿਆਪਕ ਚੈਤਨ ਦੇ ਹੀ ਰਹਿ ਜਾਣ ਵਾਲੀ ਅਵਸਥਾ ਵਿੱਚ, ਕੌਣ ਸੁਆਮੀ ਅਤੇ ਕੌਣ ਸੇਵਕ ਹੈ?

**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥**

**(ਅੰਗ ੯੮੮)**

ਘਟਾਕਾ ਤੇ ਮਠਾਕਾ ਆਦਿ ਅਨੰਤ ਨਾਮ ਕੇਵਲ ਉਪਾਧੀਆਂ ਦੇ ਕਾਰਨ ਹੀ ਹਨ, ਮਹਾਂਕਾ ਇਨ੍ਹਾਂ ਉਪਾਧੀਆਂ ਨਾਲ ਕਿਸੇ ਪ੍ਰਕਾਰ ਦੀ ਤਬਦੀਲੀ ਵਾਲਾ ਨਹੀਂ ਹੋ ਜਾਂਦਾ। ਅਨੰਤ ਉਪਾਧੀਆਂ ਨਵੀਆਂ ਬਣਦੀਆਂ ਅਤੇ ਅਨੰਤ ਹੀ ਵਿਨਾ ਹੁੰਦੀਆਂ ਰਹਿੰਦੀਆਂ ਹਨ ਪ੍ਰੰਤੂ ਅਕਾ ਨਾ ਉਤਪੰਨ ਹੁੰਦਾ ਹੈ ਅਤੇ ਨਾ ਹੀ ਵਿਨਾ। ਇਸੀ ਤਰ੍ਹਾਂ ਇੱਕ ਵਿਆਪਕ ਚੈਤਨ-ਬ੍ਰਹਮ ਵਿੱਚ ਮਾਇਆ ਦੁਆਰਾ ਅਨੰਤ ਹੀ ਉਪਾਧੀਆਂ (ਰੀਰ) ਉਤਪੰਨ ਅਤੇ ਵਿਨਾ ਹੁੰਦੇ ਜਿਹੇ ਭਾਸਦੇ ਹਨ। ਅਕਾ ਵਾਂਗੂੰ ਬ੍ਰਹਮ ਨਾ ਉਤਪੰਨ ਹੁੰਦਾ ਹੈ ਅਤੇ ਨਾ ਹੀ ਵਿਨਾ। ਇਸ ਪ੍ਰਕਾਰ ਦਾ ਤੇਰਾ ਅਤੇ ਤੇਰੇ ਸੁਆਮੀ ਦਾ ਨਿਰਵਿਕਾਰ, ਅਵਿਨਾੀ ਅਤੇ ਵਿਆਪਕ ਇੱਕ ਹੀ ਰੂਪ ਹੈ। ਇਸ ਅਚੱਲ, ਅਜਰ ਤੇ ਅਮਰ ਰੂਪ ਨੂੰ ਜਦ ਭੀ ਕੋਈ ਗੁਰੂ ਦੁਆਰਾ ਅਨੁਭਵ ਕਰ ਲੈਂਦਾ ਹੈ, ਫਿਰ ਇੱਕ ਛਿੰਨ ਮਾਤ੍ਰ ਭੀ ਇਸ ਨਿਰਵਿਕਾਰ ਅਚੱਲ ਇਸਥਿਤੀ ਤੋਂ ਹਿਲਦਾ ਨਹੀਂ ਹੈ। ਇਸ ਪ੍ਰਤੱਖ ਅਨੁਭਵ ਤੋਂ ਹੀਣ ਮਨੁੱਖ, ਚਿੱਤ ਦੇ ਟਿਕ ਜਾਣ ਵੇਲੇ ਬੜਾ ਅਨੰਦ ਸਮਝਦੇ ਹਨ ਅਤੇ

ਚਿੱਤ ਦੇ ਚੰਚਲ ਹੋ ਜਾਣ ਨਾਲ ਦੁਖੀ ਹੋ ਜਾਂਦੇ ਹਨ। ਸੰਕਲਪ-ਵਿਕਲਪ ਹੀ ਜਿਸ ਮਨ ਦਾ ਰੂਪ ਹੈ, ਉਹ ਨਾ ਇੱਕ ਰਸ ਰਹਿ ਸਕਦਾ ਹੈ ਅਤੇ ਨਾ ਹੀ ਅਚੱਲ ਇਸਥਿਤੀ ਨੂੰ ਪਾਉਂਦਾ ਹੈ। ਜੋ ਚਿੱਤ ਦੇ ਟਿਕਣ ਤੇ ਚੰਚਲ ਹੋ ਜਾਣ ਨਾਲ ਹੀ ਸੁਖੀ ਅਤੇ ਦੁਖੀ ਹੁੰਦੇ ਹਨ, ਉਹ ਇਸ ਤੱਤ੍ਵ-ਵਸਤੂ ਦੇ ਗਿਆਨ ਤੋਂ ਬਿਲਕੁਲ ਨ ਹਨ ਕਿਉਂਕਿ ਇਸ ਨਿਰਵਿਕਾਰ ਵਸਤੂ ਵਿੱਚ ਮਨ ਆਦਿ ਇੰਦ੍ਰੀਆਂ ਇਉਂ ਕਲਪਿਤ ਹਨ ਜਿਉਂ ਰੱਸੀ ਵਿੱਚ ਸੱਪ ਦੀ ਕਲਪਨਾ ਕਰ ਲਈ ਜਾਂਦੀ ਹੈ। ਜਿਉਂ ਰੱਸੀ ਨੂੰ ਉਸ ਵਿੱਚ ਕਲਪਿਤ ਸੱਪ ਕੋਈ ਹਾਨੀ ਨਹੀਂ ਪੁਜਾ ਸਕਦਾ, ਤਿਉਂ ਹੀ ਮਨ ਦਾ ਟਿਕਾਉ ਅਤੇ ਚੰਚਲਤਾਈ ਆਤਮਾ ਨੂੰ ਸਥਿਰ ਯਾ ਚੰਚਲ ਨਹੀਂ ਕਰ ਦਿੰਦਾ। ਅਜਿਹੇ ਆਤਮ-ਗਿਆਨ ਵਾਲੇ ਦੇ ਮਨ ਦੀ ਇਸਥਿਤੀ ਅਤੇ ਚੰਚਲਤਾਈ, ਕਾਗ ਉੱਤੇ ਬਣੀ ਹੋਈ ਇੱਕ ਦੌੜਦੇ ਹੋਏ ਘੋੜੇ ਦਾ ਅਤੇ ਇੱਕ ਖੜ੍ਹੇ ਹੋਏ ਘੋੜੇ ਦੀ ਤਰ੍ਹਾਂ ਬਣੀ ਹੋਈ ਦੋ ਘੋੜਿਆਂ ਦੀ ਮੂਰਤ ਹੈ। ਤੁਰੀਯ (ਚੌਥਾ ਪਦ) ਆਤਮਾ ਵਿੱਚ ਤਿੰਨ ਗੁਣਾਂ ਦਾ ਕੋਈ ਭੀ ਕਾਰਜ, ਹਾਨੀ ਅਤੇ ਲਾਭ ਦਾ ਕਾਰਨ ਨਹੀਂ ਬਣਦਾ।

ਜਿਤਨੇ ਭੀ ਵਿਕਾਰ ਹਨ, ਉਹ ਸਾਰੇ ਉਪਾਧੀ ਵਿੱਚ ਹੀ ਹਨ। ਗੁਣਾਂ ਅਤੇ ਦੋਾਂ ਨਾਲ ਪੂਰਨ, ਭਿੰਨ-ਭਿੰਨ ਉਪਾਧੀਆਂ ਹਨ, ਇਸੀ ਵਾਸਤੇ ਇੱਕ ਨਾਲੋਂ ਦੂਜੀ ਦਾਂ ਰਕ ਰਹਿੰਦਾ ਹੀ ਹੈ। ਜਿਸ ਉਪਾਧੀ ਵਾਲੇ ਨੂੰ, ਤੂੰ ਸੁਆਮੀ ਮੰਨਦਾ ਹੈਂ ਉਹ ਉਪਾਧੀ ਸਾਖਾਤ ਮਾਇਆ ਦਾ ਪਰਿਣਾਮ ਹੋਣ ਦੇ ਕਾਰਨ ਸੂੱਛ, ਸਰਬ-ਕਤੀਮਾਨ ਅਤੇ ਸਰਬੱਗਤਾ ਆਦਿ ਗੁਣਾਂ ਦੇ ਯੁਕਤ ਹੈ ਅਤੇ ਮਲਿਨ ਮਾਇਆ ਦਾ ਪਰਿਣਾਮ ਹੋਣ ਦੇ ਕਾਰਨ, ਇਹ ਉਪਾਧੀ-ਤੇਰਾ ਰੀਰ ਅਲਪੱਗਤਾ ਤੇ ਦੀਨਤਾ ਆਦਿ ਕਮੋਰੀ ਨਾਲ ਪੂਰਨ ਹੋਇਆ, ਸੇਵਕ ਬਣੀ ਬੈਠਾ ਹੈ। ਕਤੀ ਤੇ ਨਿਰਬਲਤਾ, ਉਪਾਧੀ ਵਿੱਚ ਹੁੰਦੀਆਂ ਹਨ। ਜਿਸ ਚੈਤਨ ਦੀਆਂ ਇਹ ਦੋ ਉਪਾਧੀਆਂ ਹਨ, ਉਸ ਵਿੱਚ ਕਿੰਚਤ ਮਾਤ੍ਰ ਭੀ ਫਰਕ ਨਹੀਂ ਯਾਨੀ ਕਿ ਉਹ ਦੋਹਾਂ ਉਪਾਧੀਆਂ ਵਿੱਚ ਅਕਾ ਵਾਂਗੂੰ ਇੱਕੋ ਜਿਹਾ ਪੂਰਨ ਹੈ।

ਪਿਆਰੇ ਹਰਿਸਿਮਰਨ! ਇੱਕ ਬੱਲਬ ਪੰਜ ਸੌ ਵਾਟ ਦਾ ਹੈ ਅਤੇ ਇੱਕ ਸਿਰਫ ਪੰਜ ਵਾਟ ਦਾ ਹੀ। ਿਆਦਾ ਰੌਨੀ ਅਤੇ ਘੱਟ ਰੌਨੀ ਤਥਾ ਉਸੀ ਮੁਤਾਬਿਕ ਵਿਵਹਾਰ ਵਿੱਚ ਨਿਊਨਤਾ ਜਾਂ ਅਧਿਕਤਾ, ਬੱਲਬਾਂ ਦੀ ਉਪਾਧੀ ਦੇ ਫਰਕ ਕਰਕੇ ਹੈ ਪ੍ਰੰਤੂ ਬਿਜਲੀ ਦਾ ਰੂਪ ਦੋਹਾਂ ਵਿੱਚ ਇੱਕੋ ਹੀ ਹੈ ਯਾਨੀ ਬਿਜਲੀ ਵੱਖ-ਵੱਖ ਕਿਸਮ ਦੀ ਨਹੀਂ। ਇੱਕ ਹੀ ਪੁਰ, ਕਾਰਨ-ਵੱ ਇੱਕ ਕਾਲ ਵਿੱਚ ਚੱਕ੍ਰਵਰਤੀ ਰਾਜਾ ਅਤੇ ਦੂਜੇ ਕਾਲ ਵਿੱਚ ਭਿਖਾਰੀ ਹੈ। ਧਨ, ਪਦਾਰਥ ਆਦਿ

ਯੁਕਤ ਅਤੇ ਧਨ, ਪਦਾਰਥ ਰਹਿਤ ਹੋਣ ਤੇ ਕਤੀ ਅਤੇ ਕਮੋਰੀ ਦਾ ਦ ੋਹਾਂ ਰੂਪਾਂ ਵਿੱਚ ਭੇਦ ਹੈ, ਕਿੰਤੂ ਦੋਹਾਂ ਹਾਲਤਾਂ ਵਿੱਚ ਪੁਰ ਵਿੱਚ ਕੋਈ ਤਬਦੀਲੀ ਨਹੀਂ ਆਈ, ਯਾਨੀ ਪੁਰ ਇੱਕ ਹੀ ਹੈ। ਇਸ ਪ੍ਰਕਾਰ ਜਿਸ ਉਪਾਧੀ ਨੂੰ, ਤੂੰ ਸਰਬ ਕਤੀਮਾਨ ਸੁਆਮੀ ਸਮਝਦਾ ਹੈਂ ਅਤੇ ਜਿਸ ਉਪਾਧੀ ਨੂੰ ਤੁੱਛ ਕਤੀ ਵਾਲਾ ਤੇ ਦੀਨਤਾ ਆਦਿ ਕਮੋਰੀ ਨਾਲ ਭਰਿਆ ਹੋਇਆ ਸੇਵਕ ਮੰਨਦਾ ਹੈਂ, ਇਨ੍ਹਾਂ ਦੋਹਾਂ ਉਪਾਧੀਆਂ ਨੂੰ, ਨਿਰਵਿਕਾਰ, ਅਸੰਗ ਅਤੇ ਇੱਕ-ਰਸ ਵਿਆਪਕ ਚੈਤਨ ਦੇ ਅਨੁਭਵ ਰੂਪੀ ਵਿਗਿਆਨ ਦੁਾਰਾ, ਮਨ ਵਿੱਚੋਂ ਉਡਾ ਦੇ। ਇਹ ਤੇਰੇ ਵਿੱਚ ਯਾਨੀ ਚੈਤਨ-ਸੂਰੂਪ ਵਿੱਚ ਭ੍ਰਾਂਤੀ ਰੂਪ ਕਲੰਕ ਹੀ ਹੈ। ਇਹ ਦੋਨੋਂ ਉਪਾਧੀਆਂ, ਗਿਆਨ ਅਗਨੀ ਨਾਲ ਸੜ ਕੇ, ਜੋ ਪਿੱਛੇ ਕੋਈ ਵਸਤੂ ਬਚਦੀ ਹੈ, ਉਹੀ ਨਿਰਗੁਣ ਤੇ ਸਰਗੁਣ ਰੂਪ ਵਿੱਚ ਭਾਸਣ ਵਾਲੀ, ਮਨ ਤੇ ਇੰਦ੍ਰੀਆਂ ਤੋਂ ਅਤੀਤ, ਨਿਰਵਿਕਾਰ, ਅਮਰ ਵਸਤੂ ਹੈ ਸੋ ਤੂੰ ਹੈਂ। ਤੂੰ ਹੀ ਨਿਰਵਿਕਾਰ ਬ੍ਰਹਮ, ਮਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਨਿਰਗੁਣ ਹੈਂ ਅਤੇ ਤੂੰ ਹੀ ਨੇਤ੍ਰ ਆਦਿ ਇੰਦ੍ਰੀਆਂ ਦਾ ਵਿ ਸਰਗੁਣ ਰੂਪ ਹੈਂ, ਸੁਆਮੀ ਅਤੇ ਸੇਵਕ ਦਾ ਰੂਪ ਬਣਿਆ ਹੋਇਆ ਭੀ ਇੱਕ ਤੂੰ ਹੀ ਹੈਂ-

**ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥**

**(ਅੰਗ ੧੦੨)**

**ਇਸ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥**
**ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵਞਾਵਣਿਆ॥**

**(ਅੰਗ ੧੨੪)**

**ਸੰਤ**-ਹਰਿਸਿਮਰਨ! ਕੀ ਹੁਣ ਤੂੰ ਕਿਸੇ ਨਿਸਚੇ ਵਾਲਾ ਹੈਂ ਯਾਨੀ ਕਿਸੇ ਅਨੁਭਵ ਦੇ ਯੁਕਤ ਹੈਂ?

**ਹਰਿਸਿਮਰਨ**-ਮੈਂ ਅਜਰ, ਅਮਰ, ਦ੍ਰਿਟਾ, ਸਾਖੀ ਹਾਂ!

**ਸੰਤ**-ਇਹ ਠੀਕ ਹੈ, ਪਰ ਨਿਰਾ ਦ੍ਰਿਟਾ ਜਾਂ ਸਾਖੀ ਰਹਿ ਜਾਣਾ ਹੀ ਤਾਂ ਪਰਮਪਦ ਨਹੀਂ ਕਿਉਂਕਿ ਦ੍ਰਿਟਾ ਦਾ ਵਿਯ ਦ੍ਰਿ ਹੋਵੇਗਾ ਤਾਂ ਹੀ ਦ੍ਰਿਟਾ ਬਣੇਗਾ। ਜਦ ਸਾਖੀ ਦਾ ਵਿ ਹੀ ਕੋਈ ਦੂਜਾ ਪਦਾਰਥ ਨਹੀਂ ਅਤੇ ਦ੍ਰਿਟਾ ਤੋਂ ਭਿੰਨ ਕੋਈ ਭੀ ਦ੍ਰਿ ਨਹੀਂ ਤਾਂ ਸਾਖੀ ਕਿਸ ਦਾ ਤੇ ਦ੍ਰਿਟਾ ਕਿਸ ਦਾ?

ਮੈਂ ਸਾਖੀ ਹਾਂ, ਮੈਂ ਦ੍ਰਿਟਾ ਹਾਂ ਇਹ ਆਪਣੇ-ਆਪ ਦੀ ਸੋਝੀ ਦੀ ਅਵਸਥਾ ਹੈ ਯਾਨੀ ਜੋ ਮਾਇਆ ਦੇ ਪ੍ਰਭਾਵ ਨਾਲ ਆਪਣੀ ਅਸਲੀਅਤ ਭੁੱਲ ਕੇ ਕਿ ਮੈਂ

ਰੀਰ ਹਾਂ, ਜੰਮਦਾ ਹਾਂ, ਮਰਦਾ ਹਾਂ ਆਦਿ ਮੰਨਣ ਲੱਗ ਗਿਆ ਸੀ, ਉਹ ਗੁਰੂ-ਉਪਦੇ ਦ੍ਵਾਰਾ ਰੀਰ ਆਦਿ ਜੜ੍ਹ ਵਸਤੂਆਂ ਤੋਂ ਚੈਤਨ-ਸ੍ਵਰੂਪ ਅਲੱਗ ਕਰ ਦਿੱਤਾ ਗਿਆ।

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥** (ਅੰਗ ੨੧੯)

ਜੋ ਭੀ ਅਸੱਤ ਜੜ੍ਹ ਤੇ ਦੁੱਖ ਰੂਪ ਵਿੱਚ ਭਾਸਦਾ ਹੈ ਸੋ ਵਿਨਾ ੀ ਹੈ ਅਤੇ ਮੈਂ ਦੇਖਣ ਵਾਲਾ ਦ੍ਰਿ ਟਾ ਸੱਤ ਹਾਂ। ਮਨ, ਇੰਦ੍ਰੀਆਂ ਅਤੇ ਰੀਰ ਦੀਆਂ ੁੱਭ-ਅੁੱਭ ਹਰਕਤਾਂ ਦਾ ਸਾਖੀ ਹਾਂ।

**ਹਰਿ ਜੀਉ ਅੰਤਰਜਾਮੀ ਜਾਨ॥**
**ਕਰਤੁ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ॥**

(ਅੰਗ ੧੨੦੨)

ਇਹ ਹੈ ਆਪਣੇ-ਆਪ ਦੀ ਪਛਾਣ! ਜਦ ਤੱਕ ਆਪਣੇ-ਆਪ ਦੀ ਪਛਾਣ ਨਹੀਂ ਹੁੰਦੀ, ਤਦ ਤੱਕ ਨਿਰੰਕਾਰ ਨਾਲ ਅਭੇਦਤਾ ਅਸੰਭਵ ਹੈ। ਆਪੇ ਨੂੰ ਪਛਾਣ ਕੇ ਅਭੇਦ ਹੋਣ ਲਈ, ਪ੍ਰਭੂ ਦੇ ਲਛਣਾਂ ਦਾ ਬਾਰੰਬਾਰ ਸਿਮਰਨ ਕਰਨਾ ਅਰਥਾਤ ਪ੍ਰਭੂ ਵਾਲੇ ਲੱਛਣਾਂ ਵਾਲਾ ਆਪਣੇ-ਆਪ ਨੂੰ ਅਨੁਭਵ ਕਰਨਾ ਹੈ, ਇਸ ਲਈ-ਕੀ ਮੈਂ ਦ੍ਰਿ ਟਾ ਹਾਂ, ਸਾਖੀ ਹਾਂ ਸਿਰਫ ਇੱਕ ਹੀ ਰੀਰ ਦਾ? ਨਹੀਂ, ਜਿੰਨੇ ਭੀ ਪੁਰ , ਇਸਤ੍ਰੀ, ਪ ੂ, ਪੰਖੀ ਆਦਿ-ਆਦਿ ਰੀਰ ਹਨ, ਸਭਨਾਂ ਵਿੱਚ ਰਹਿ ਕੇ ਉਨ੍ਹਾਂ ਦੀਆਂ ਹਰਕਤਾਂ ਤੋਂ ਨਿਰਲੇਪ ਦ੍ਰਿ ਟਾ ਯਾਨੀ ਆਪ ਕੁੱਝ ਭੀ ਨਹੀਂ ਕਰਦਾ, ਮੇਰੀ ਸੱਤਾ ਪਾ ਕੇ ਮਨ, ਇੰਦ੍ਰੀਆਂ ਅਤੇ ਰੀਰ ਹਰਕਤ ਵਿੱਚ ਆਉਂਦੇ ਹਨ-

**ਸਭ ਕੈ ਮਧਿ ਅਲਿਪਤੋ ਰਹੈ। ਜੋ ਕਿਛੁ ਕਹਣਾ ਸੁ ਆਪੇ ਕਹੈ॥**

(ਅੰਗ ੨੯੪)

**ਸਭਿ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੇ॥**

(ਅੰਗ ੭੮੪)

ਮੈਂ ਵਿਆਪਕ ਹਾਂ, ਅਸੰਗ ਹਾਂ, ਅਦ੍ਵੈਤ ਹਾਂ, ਅਖੰਡ ਹਾਂ, ਪ੍ਰਕਾ ਸ੍ਵਰੂਪ ਹਾਂ ਅਤੇ ਅਨੰਤ ਹਾਂ। ਮੈਂ ਹੀ ਦ੍ਰਿ ਟਾ ਹਾਂ, ਮੈਂ ਹੀ ਸਭ ਵਸਤੂਆਂ ਦਾ ਗਿਆਤਾ ਹਾਂ ਤੇ ਮੈਂ ਹੀ ਗਿਆਨ ਸ੍ਵਰੂਪ ਹਾਂ। ਮੈਂ ਇੱਕ ਹੀ ਦ੍ਰਿ ਟਾ ਅਨੰਤ ਰੂਪ ਹਾਂ ਯਾਨੀ ਦ੍ਰਿ ਟਾ ਭੀ ਮੈਂ ਹੀ ਹਾਂ ਤੇ ਦ੍ਰਿ ਭੀ ਮੈਂ ਹੀ ਹਾਂ। ਮੈਂ ਹੀ ਇੱਕ-ਰਸ ਰਹਿਣ ਵਾਲਾ ਵਿਆਪਕ ਅਵਿਨਾ ੀ ਹਾਂ-

**ਬੂਝੈ ਦੇਖੈ ਕਰੈ ਬਿਬੇਕ॥ ਆਪਹਿ ਏਕ ਆਪਹਿ ਅਨੇਕ॥**
**ਮਰੈ ਨ ਬਿਨਸੈ ਆਵੈ ਨ ਜਾਇ॥ ਨਾਨਕ ਸਦ ਹੀ ਰਹਿਆ ਸਮਾਇ॥**

(ਅੰਗ ੨੭੯)

ਸਭ ਦੇਹਾਂ ਵਿੱਚ ਰਹਿੰਦਾ ਹੋਇਆ ਮੈਂ ਹੀ ਇੱਕ ਦੇਖਣ ਵਾਲਾ ਹਾਂ ਤੇ ਸਾਰੀਆਂ ਦੇਹਾਂ ਮੇਰੀਆਂ ਹਨ ਯਾਨੀ ਜੋ ਕੁੱਝ ਭੀ ਆਕਾਰ ਰੂਪ ਵਿੱਚ ਭਾਸਦਾ ਹੈ, ਉਹ ਮੇਰਾ ਹੀ ਵਿਰਾਟ (ਵਿਾਲ) ਗੀਰ ਹੈ–

**ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥**
**ਸਗਲ ਸਮਗ੍ਰੀ ਜਾ ਕਾ ਤਨਾ॥** (ਅੰਗ ੨੯੪)

ਮੈਂ ਅੰਦਰ-ਬਾਹਰ ਪੂਰਨ ਹਾਂ! ਮੇਰੇ ਬਿਨਾਂ ਕੋਈ ਭੀ ਥਾਂ ਨਹੀਂ–

**ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥**
**ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥** (ਅੰਗ ੨੫੯)

**ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥**
**ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥**

(ਅੰਗ ੨੯੩)

ਇਹ ਹੈ ਨਿਰੰਕਾਰ ਨਾਲ ਅਭੇਦਤਾ ਯਾਨੀ **ਪਰਮਪਦ**। ਆਪਣੇ-ਆਪ ਤੋਂ ਭਿੰਨ, ਪ੍ਰਭੂ ਦਾ ਗਿਆਨ ਹੋ ਹੀ ਨਹੀਂ ਸਕਦਾ ਕਿਉਂਕਿ ਪ੍ਰਭੂ ਆਪਣੇ-ਆਪ ਤੋਂ ਜੁਦਾ ਨਹੀਂ ਹੈ। ਜਿਸ ਗਿਆਨ ਸ੍ਵਰੂਪ ਪ੍ਰਭੂ ਦ੍ਵਾਰਾ ਹਰ ਇੱਕ ਵਸਤੂ ਜਾਣੀ ਜਾਂਦੀ ਹੈ, ਉਸ ਨੂੰ ਕਿਸੇ ਗਿਆਨ ਦ੍ਵਾਰਾ ਕੋਈ ਜਾਣੇ? ਅੱਗ, ਆਪਣੇ ਤੋਂ ਭਿੰਨ ਵਸਤੂ ਨੂੰ ਹੀ ਜਲਾਉਂਦੀ ਹੈ, ਆਪਣੇ-ਆਪ ਨੂੰ ਨਹੀਂ। ਆਤਮਾ ਤੋਂ ਭਿੰਨ ਕੋਈ ਦੂਜਾ ਹੈ ਹੀ ਨਹੀਂ ਤਾਂ ਜਾਣੇ ਕੌਣ?

**ਤਾ ਕੀ ਗਤਿ ਕਹੀ ਨ ਜਾਇ॥ ਦੂਸਰ ਹੋਇ ਤ ਸੋਝੀ ਪਾਇ॥**

(ਅੰਗ ੨੯੪)

**ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ॥** (ਅੰਗ ੧੧੦੦)

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥** (ਅੰਗ ੩੫੪)

ੰ**ਕਾ**–ਮੈਂ ਦ੍ਰਿਟਾ ਹਾਂ, ਵਿਆਪਕ ਹਾਂ, ਅਸੰਗ ਹਾਂ, ਬ੍ਰਹਮ ਹਾਂ ਆਦਿ ਬ੍ਰਿਤੀਆਂ ਕੀ ਇਹ ਹਉਮੈਂ ਨਹੀਂ? ਹਉਮੈਂ ਦੇ ਤਿਆਗ ਬਿਨਾਂ ਤਾਂ ਕਦੇ ਭੀ ਪਰਮਪਦ ਪ੍ਰਾਪਤ ਨਹੀਂ ਹੁੰਦਾ?

**ਉੱਤਰ**–ਜਿਸ ਨੂੰ ਇਹੁ ੱਧ ਹੰਕਾਰ ਹੈ ਕਿ ਮੈਂ ਸਭ ਦੇਹਾਂ ਵਿੱਚ ਰਹਿਣ

ਵਾਲਾ ਅਸੰਗ, ਨਿਰਲੇਪ, ਦ੍ਰਿਟਾ, ਬ੍ਰਹਮ ਹਾਂ। ਮੈਂ ਹੀ ਦ੍ਰਿਟਾ ਅਤੇ ਦ੍ਰਿਯ ਰੂਪ ਕਰਕੇ ਫੈਲਿਆ ਹੋਇਆ, ਇੱਕ ਨਿਰੰਕਾਰ ਹਾਂ, ਮੇਰੇ ਬਿਨਾਂ ਹੋਰ ਕੁੱਝ ਭੀ ਨਹੀਂ, ਉਸਦੇ ਪਵਿੱਤ੍ਰ ਚਰਨਾਂ ਵਿੱਚ ਸਿਰ ਰੱਖ ਕੇ ਕ੍ਰੋੜਾਂ ਬਾਰ ਪ੍ਰਣਾਮ ਹੈ। ਅਜਿਹੇ ੱਧ ਹੰਕਾਰ ਵਾਲੇ ਪੁਰ ਦਾ ਦਰਨ, ਸਾਖਾਤ ਨਿਰੰਕਾਰ ਦਾ ਹੀ ਦਰਨ ਹੈ।

ਜਿਸ ਨੂੰ ਤੂੰ ਹੰਕਾਰ ਕਹਿੰਦਾ ਹੈਂ, ਉਹ ਹੰਕਾਰ ਨਹੀਂ। ਹੰਕਾਰ ਹੁੰਦਾ ਹੈ ਉਸਨੂੰ, ਜਿਸਦੀ ਰੀਰ ਤੇ ਰੀਰ ਨਾਲ ਸੰਬੰਧਿਤ ਵਸਤੂਆਂ ਅਤੇ ਹਰਕਤਾਂ ਵਿੱਚ ਮੈਂ-ਮੇਰੀ ਹੁੰਦੀ ਹੈ। ਉਸ ਮਲਿਨ ਮੈਂ-ਮੇਰੀ ਨੂੰ ਹਟਾਉਣ ਵਾਸਤੇ ਹੀ ਪਹਿਲਾਂ-

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥**

**(ਅੰਗ ੨੧੯)**

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥**

**(ਅੰਗ ੧੧੮੬-੮੭)**

**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ।**

**(ਅੰਗ ੧੨੩੧)**

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ॥** **(ਅੰਗ ੧੪੨੯)**

**ਸਾਧੋ ਇਹੁ ਤਨੁ ਮਿਥਿਆ ਜਾਨਉ॥** **(ਅੰਗ ੧੧੮੬)**

**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥**

**(ਅੰਗ ੬੩੩)**

ਆਦਿਕ ਗੁਰ ਬਚਨਾਂ ਦਾ ਉਪਦੇ ਹੁੰਦਾ ਹੈ। ਜਦ ਤਾਈਂ ਇਸ ਦ੍ਰਿਯ ਪ੍ਰਪੰਚ ਦੀ ਸੱਤਤਾ, ਚਿੱਤ ਵਿੱਚੋਂ ਨਹੀਂ ਹਟਾ ਦਿੱਤੀ ਜਾਂਦੀ ਤਦ ਤਾਈਂ ਕੋਈ ਕਾਰਨ ਹੀ ਨਹੀਂ ਜੋ ਦ੍ਰਿਟਾ ਅਤੇ ਸਾਖੀ ਦਾ ਯਾਨੀ ਆਪਣੀ ਅਸਲੀਅਤ ਦਾ ਬੋਧ ਹੋ ਸਕੇ। ਕਿਉਂਕਿ ਦ੍ਰਿਯ ਪ੍ਰਪੰਚ ਵਿੱਚ ਸੱਤ ਬੁੱਧੀ ਹੋਣ ਤੇ ਚਿੱਤ ਸੰਸਾਰਕ ਮੈਂ ਤੇ ਮੇਰੀ ਵਿੱਚ ਫਸਿਆ ਰਹਿੰਦਾ ਹੈ। ਚਿੱਤ ਨੂੰ ਅਸੱਤ ਪ੍ਰਪੰਚ ਵਿੱਚੋਂ ਕੱਢਣ ਲਈ, ਇਹੀ ਇੱਕ ਸ੍ਰੇਟ ਜੁਗਤੀ ਹੈ ਕਿ ਪ੍ਰਪੰਚ ਦਾ ਨਿੇਧ ਕਰ ਦਿੱਤਾ ਜਾਵੇ ਤਾਂ ਕਿ ਆਪਣੀ ਅਸਲੀਅਤ ਦੀ ਸੋਝੀ ਪਵੇ। ਜਿਉਂ ਤਾਲਾਬ ਪਰ ਆਈ ਹੋਈ ਕਾਈ (ਹਰੇ ਰੰਗ ਦੀ ਉਲ੍ਹੀ) ਜਲ ਨੂੰ ਢੱਕ ਰਖਦੀ ਹੈ, ਉਸਨੂੰ ਹਟਾ

ਦੇਣ ਨਾਲ ਜਲ ਦਾ ਦਰਨ ਹੋ ਜਾਂਦਾ ਹੈ, ਤਿਉਂ ਹੀ ਰੀਰ ਆਦਿ ਵਿੱਚ ਹਉਮੈਂ ਨੇ ਆਤਮਾ ਨੂੰ ਢਕਿਆ ਹੋਇਆ ਹੈ, ਉਸ ਹਉਮੈਂ ਦਾ ਅਭਾਵ ਹੀ ਆਪਣੇ-ਆਪ ਦਾ ਦਰਨ ਹੈ। ਆਪਣੀ ਪਛਾਣ ਹੋ ਜਾਣ ਬਾਅਦ, ਲਿਵ ਦੁਆਰਾ ਨਿਰੰਕਾਰ ਨਾਲ ਅਭੇਦ ਹੁੰਦਾ ਹੈ ਅਰਥਾਤ ਨਿਰੰਕਾਰ ਹੁੰਦਾ ਹੋਇਆ ਹੀ ਨਿਰੰਕਾਰ ਹੋ ਜਾਂਦਾ ਹੈ। ਮੈਂ ਬ੍ਰਹਮ ਹਾਂ ਇਹ ਬ੍ਰਿਤੀ ਕੇਵਲ ਆਤਮਾ ਉੱਪਰ ਆਏ ਹੋਏ ਆਵਰਨ ਯਾਨੀ ਪੜਦੇ ਨੂੰ ਹੀ ਵਿਨਾ ਕਰਦੀ ਹੈ। ਉਪਰੰਤ ਉਹ ਨਿਰ-ਆਵਰਨ ਵਸਤੂ ਪ੍ਰਕਾਤਿ ਹੁੰਦੀ ਹੋਈ ਹੀ ਪ੍ਰਕਾਤਿ ਹੋ ਜਾਂਦੀ ਹੈ ਜੋ ਕਿਸੇ ਭੀ ਬ੍ਰਿਤੀ ਆਦਿ ਦਾ ਵਿ ਨਹੀਂ ਹੈ। ਫਿਰ ਇਸ ਅਵਸਥਾ ਵਿੱਚ-

**ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥** **(ਅੰਗ ੭੨੪)**

ਸਭ ਕੁੱਝ ਸੱਤ ਹੀ ਸੱਤ ਦਿਖਾਈ ਦਿੰਦਾ ਹੈ-

**ਆਪਿ ਸਤਿ ਸਤਿ ਸਭ ਧਾਰੀ॥ ਆਪੇ ਗੁਣ ਆਪੇ ਗੁਣਕਾਰੀ॥**

**(ਅੰਗ ੨੯੫)**

**ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥**

**(ਅੰਗ ੨੯੪)**

**ਬੁਝਨਹਾਰ ਕਉ ਸਤਿ ਸਭ ਹੋਇ॥ ਨਾਨਕ ਸਤਿ ਸਤਿ ਪ੍ਰਭੁ ਸੋਇ॥**

**(ਅੰਗ ੨੯੫)**

ਇਸ ਤੋਂ ਪਹਿਲਾਂ ਅਗਿਆਨ ਅਵਸਥਾ ਵਿੱਚ ਜੇ ਜਗਾਸੂ ਨੂੰ ਇਹ ਉਪਦੇ ਕੀਤਾ ਜਾਏ ਕਿ ਦ੍ਰਿਯ ਪ੍ਰਪੰਚ ਨਿਰੰਕਾਰ ਦੀ ਰਚਨਾ ਹੋਣ ਤੇ ਸੱਤਯ ਹੈ ਤਾਂ ਕਦੇ ਭੀ ਆਪਣੇ-ਆਪ ਦੀ ਪਛਾਣ ਨਹੀਂ ਹੋ ਸਕਦੀ ਤੇ ਨਿਰੰਕਾਰ ਨਾਲ ਅਭੇਦ ਤਾਂ ਕੀ ਹੋਣਾ ਹੈ? ਬਲਕਿ ਬੁੱਧੀ ਵਿਿਆਂ ਵਿੱਚ ਖਚਿਤ ਹੋ ਜਾਂਦੀ ਹੈ। ਨਿੇਧ ਦੁਆਰਾ ਦ੍ਰਿਯ ਪ੍ਰਪੰਚ ਵੱਲੋਂ ਬ੍ਰਿਤੀ ਵਾਪਸ ਆਪਣੇ ਵੱਲ ਆਉਂਦੀ ਹੈ ਤੇ ਵਿਧੀ ਦੁਆਰਾ ਦ੍ਰਿਯ ਆਪਣੇ-ਆਪ ਨੂੰ ਪੂਰਨ ਜਾਣ ਕੇ ਅਰਥਾਤ ਨਿਰੰਕਾਰ ਸਰੂਪ ਹੋ ਕੇ ਨਿਕਰਤੱਵਯਤਾ ਆਉਂਦੀ ਹੈ, ਇਹੀ ਪਰਮਪਦ ਹੈ। ਇਸ ਤੱਕ ਪਹੁੰਚਣ ਲਈ ਹੀ ਸਭ ਸਾਧਨ ਹਨ, ਇਸ ਤੋਂ ਬਾਅਦ ਤਾਂ ਆਪਣਾ ਆਪ ਹੀ ਸਰਬੱਤ੍ਰ ਪੂਰਨ ਹੈ, ਦੂਜੀ ਕੋਈ ਵਸਤੂ ਹੈ ਹੀ ਨਹੀਂ।

## *ਕਲਪਿਤ ਵਸਤੂ ਅਧਿਠਾਨ ਸ੍ਵਰੂਪ ਹੀ ਹੁੰਦੀ ਹੈ*

ਪ੍ਰਭੂ ਦੇ ਨਿਰਗੁਣ ਸ੍ਵਰੂਪ ਵਿੱਚ, ਕਿਸੇ ਪ੍ਰਕਾਰ ਦੀ ਭੀ ਸ੍ਰਿਟੀ ਬਾਰੇ ਕੋਈ ਕਲਪਨਾ ਨਹੀਂ। ਸਰਗੁਣ ਸ੍ਵਰੂਪ ਵਿੱਚ ਹੀ ਸ੍ਰਿਟੀ ਦੀ ਰਚਨਾ ਆਦਿ ਵਿਕਲਪ

ਹਨ। ਰਚਨਾ ਆਦਿ ਦਾ ਕਰਤਾ ਹੁੰਦਾ ਹੋਇਆ ਭੀ, ਉਹ ਅਕਰਤਾ ਹੀ ਹੈ। ਕਿਉਂਕਿ ਇੱਕ ਹੀ ਕਰਤਾ ਭੀ ਤੇ ਅਕਰਤਾ ਭੀ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਮਾਇਆ ਵਟਿ (ਕਤੀ ਸੰਚਾਲਕ) ਅਤੇ ਮਾਇਆ ਰਹਿਤ ਦੋ ਰੂਪਾਂ ਦੀ ਕਲਪਨਾ ਕੀਤੀ ਜਾਏ–

**ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾਧਾਰਿ ਜਿਨਿ ਸਗਲੀ ਮੋਹੀ॥**

**(ਅੰਗ ੨੮੭)**

ਕਲਾਧਾਰਿ ਮਤਲਬ ਕਿ ਆਪਣੀ ਮਾਇਆ ਨੂੰ ਆਿ੍ਤ ਕਰਕੇ, ਸੰਸਾਰ ਰਚਨਾ ਕਰਦੇ ਹੋਏ, ਅਗਿਆਨੀਆਂ ਨੂੰ ਵਿ ਆਸਕਤ ਕਰ ਦਿੱਤਾ ਅਤੇ ਆਪ ਨਿਰਲੇਪ ਹੀ ਰਿਹਾ ਯਾਨੀ ਰੱਤੀ ਮਾਤ੍ਰ ਭੀ ਸ੍ਰਿਟੀ ਦਾ ਲੇਪ ਨਾ ਲੱਗਿਆ।

**ਓਪਤਿ ਪਰਲਉ ਖਿਨ ਮਹਿ ਕਰਤਾ॥ ਆਪਿ ਅਲੇਪਾ ਨਿਰਗੁਨੁ ਰਹਤਾ॥**

**(ਅੰਗ ੩੮੭)**

ਉਹ ਇੱਕ ਛਿੰਨ ਵਿੱਚ ਸੰਸਾਰ ਦੀ ਰਚਨਾ ਕਰਦਾ ਹੈ ਅਤੇ ਛਿੰਨ ਵਿੱਚ ਹੀ ਪਰਲੈ (ਨਾ) ਕਰ ਦਿੰਦਾ ਹੈ। ਉਸ ਸਰਬ-ਕਤੀਮਾਨ ਤੋਂ ਬਿਨਾਂ ਸ੍ਰਿਟੀ ਦਾ ਕਰਤਾ ਹੋਰ ਕੌਣ ਹੋ ਸਕਦਾ ਹੈ? ਇਸ ਲਈ ਕਰਤਾ ਪੁਰਖ ਆਖਿਆ ਗਿਆ ਹੈ।

ਸੰਸਾਰ ਤਿੰਨ ਕਾਲ ਹੀ ਨਹੀਂ ਅਥਵਾ ਸੰਸਾਰ ਨਿਰੰਕਾਰ ਦੀ ਖੇਡ ਹੈ ਇੱਕ ਹੀ ਮਤਲਬ ਹੈ। ਕਿਉਂਕਿ ਾਸਤ੍ਰਾਂ ਦਾ ਪ੍ਰਯੋਜਨ, ਨਿਰੰਕਾਰ ਦਾ ਸ੍ਵਰੂਪ ਆਪਣੇ-ਆਪੇ ਆਤਮਾ ਤੋਂ ਅਭਿੰਨ ਕਰਕੇ ਦਿਖਾਉਣ ਦਾ ਹੈ। ਸੰਸਾਰ ਹੈ ਯਾ ਨਹੀਂ ਹੈ ਇਹ ਸਿੱਧ ਕਰਨ ਦਾ ਨਹੀਂ। ਜੇ ਸੰਸਾਰ, ਨਿਰੰਕਾਰ ਦੀ ਖੇਡ ਹੀ ਹੈ ਤਾਂ ਬੁੱਧੀਮਾਨ, ਖੇਡ ਵਿੱਚ ਪ੍ਰੀਤੀ ਕਿਉਂ ਲਾਵੇ? ਖੇਲ੍ਹਣ ਵਾਲੇ ਵਿੱਚ ਲਾਉਣੀ ਚਾਹੀਏ ਕਿਉਂਕਿ ਪ੍ਰਵਿਰਤ ਤਾਂ ਉਸ ਨੂੰ ਦੇਖਣ ਾਤਰ ਹੋਇਆ ਹੈ। ਖੇਡ ਅਸੱਤ ਹੁੰਦੀ ਹੈ ਤੇ ਖੇਡਣ ਵਾਲਾ ਸੱਤ–

**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥** **(ਅੰਗ ੪੮੭)**

**ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥**
**ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥**

**(ਅੰਗ ੩੪੦)**

ਵੇਦਾਂਤ, ਹੋਰ ਾਸਤ੍ਰਾਂ ਅਤੇ ਗੁਰਬਾਣੀ ਦਾ ਪ੍ਰਯੋਜਨ ਜਗਾਸੂ ਨੂੰ ਨਿਰੰਕਾਰ ਨਾਲ ਅਭੇਦ ਕਰਨ ਦਾ ਹੈ। ਇਸ ਲਈ ਵੇਦਾਂਤੀ ਲੋਕ, ਸੰਸਾਰ ਨੂੰ ਅਨਿਰਵਚਨੀਯ

ਮੰਨਦੇ ਹਨ ਯਾਨੀ ਨਾ ਸੱਤ ਤੇ ਨਾ ਹੀ ਅਸੱਤ। ਸੱਤ ਇਸ ਲਈ ਨਹੀਂ ਕਿ ਵਿਨਾ ਹੁੰਦਾ ਹੈ ਤੇ ਅਸੱਤ ਭੀ ਨਹੀਂ ਕਿਉਂਕਿ ਸਾਮ੍ਹਣੇ ਪ੍ਰਤੱਖ ਦਿਖਾਈ ਦਿੰਦਾ ਹੈ। ਸੱਤ-ਅਸੱਤ ਤੋਂ ਬਿਲੱਛਣ ਅਨਿਰਵਚਨੀਯ ਹੈ ਯਾਨੀ ਕਿ ਬਾਣੀ ਦਾ ਵਿ ਨਹੀਂ। ਜੇ ਇਹੰ ਕਾ ਉੱਠੇ ਕਿ ਇਸ ਪ੍ਰਕਾਰ ਦੀ ਪ੍ਰਤੀਤ ੀ ਦਾ ਨਮਿੱਤ ਕੀ ਹੈ? ਤਾਂ ਉੱਤਰ ਵਿੱਚ ਕਹਿੰਦੇ ਹਨ ਕਿ ਸੁਭਾਵ ਵਰਤ ਰਿਹਾ ਹੈ ਯਾਨੀ ਬ੍ਰਹਮ ਦਾ ਸੁਭਾਉ ਹੀ ਹੈ। ਸੁਭਾਉ ਕਿਉਂ ਹੈ? ਇਹ ਪ੍ਰਨ ਹੀ ਨਹੀਂ ਬਣਦਾ।

ਗੁਰਬਾਣੀ ਪਰ ਰਧਾ ਰੱਖਣ ਵਾਲੇ ਕਹਿੰਦੇ ਹਨ ਕਿ ਸੰਸਾਰ ਨਿਰੰਕਾਰ ਦੀ ਖੇਡ ਹੈ। ਜੇ ਇਹ ਪ੍ਰਨ ਉੱਠੇ ਕਿ ਐਸੀ ਨਿਰੰਕਾਰ ਦੀ ਖੇਡ ਕਿਉਂ ਹੈ? ਤਾਂ ਇਹ ਪ੍ਰਨ ਹੀ ਨਹੀਂ ਬਣਦਾ। ਕਿਉਂਕਿ ਨਿਰੰਕਾਰ ਦਾ ਖੇਡਣ ਦਾ ਜੋ ਸੁਭਾਉ ਹੈ, ਉਹ ਤਾਂ ਉਸਦੀ ਮਰੀ ਹੈ। ਜਿਉਂ ਸੁਤੰਤ੍ਰ ਰਾਜੇ ਨੂੰ ਕੋਈ ਕਹੇ ਕਿ ਇਹ ਬਾਹਰ ਸੈਰ ਕਰਨ ਜਾਂ ਖੇਡਣ ਕਿਉਂ ਜਾਂਦਾ ਹੈ? ਇਹ ਸੋਚਣਾ ਹੀ ਵਿਅਰਥ ਹੈ ਕਿਉਂਕਿ ਉਸਦੀ ਮਰੀ ਹੈ ਚਾਹੇ ਖੇਡੇ, ਚੁੱਪ-ਚਾਪ ਬੈਠਾ ਰਹੇ, ਬੋਲੇ ਯਾ ਕੋਈ ਹੋਰ ਕੰਮ ਕਰੇ। ਤਿਉਂ ਹੀ ਨਿਰੰਕਾਰ ਦੀ ਮਰੀ ਹੈ, ਸੰਸਾਰ ਰਚਨਾ ਕਰੇ ਯਾ ਕ੍ਰੋੜਾਂ ਕਲਪ ਕੁੱਝ ਭੀ ਨਾ ਕਰੇ। ਉਸਦੇ ਕਰਨੇ ਯਾ ਨਾ ਕਰਨੇ ਵਿੱਚ ਕੋਈ ਦਲ ਨਹੀਂ ਦੇ ਸਕਦਾ। ਦੂਜਾ ਹੈ ਹੀ ਨਹੀਂ, ਇਸ ਲਈ ਉਪ੍ਰੋਕਤ ਕਲਪਨਾ ਕਰਨੀ ਹੀ ਵਿਅਰਥ ਹੈ।

ਸੰਸਾਰ ਹੈ ਯਾ ਨਹੀਂ, ਇਸ ਨਾਲ ਰ ਹੀ ਕੋਈ ਨਹੀਂ। ਰ ਤਾਂ ਜਗਾਸੂ ਨੂੰ ਨਿਰੰਕਾਰ ਨਾਲ ਹੈ, ਉਸ ਨਾਲ ਲਿਵ ਲਾ ਕੇ, ਆਪ ਉਸਦੇ ਨਾਲ ਹੀ ਮਿਲ ਜਾਂਦਾ ਹੈ। ਇਸ ਲਈ ਸੰਸਾਰ ਰਚਨਾ, ਉਸਦੀ ਆਪਣੀ ਹੋਣ ਤੇ ਨਾ ਦੁੱਖ ਦਾ ਹੇਤੂ ਹੈ ਤੇ ਨਾ ਹੀ ਸੁੱਖ ਦਾ। ਆਪੇ ਹੀ ਸੰਸਾਰ ਰਚਨਾ ਕਰਦਾ ਹੈ ਤੇ ਆਪੇ ਹੀ ਉਸ ਨੂੰ ਦੇਖਦਾ ਹੈ-

ਆਪਣੀ ਮਾਇਆ ਨਾਲ ਸ੍ਵਯੰ ਪ੍ਰਕਾ ਆਤਮਾ_ਦ ਆਪ ਕਲਪਨਾ (ਸੰਸਾਰ ਰਚਨਾ) ਕਰਦਾ ਹੈ ਅਤੇ ਸਭ ਭੇਦਾਂ ਨੂੰ ਜਾਣਦਾ ਹੈ-ਇਹੀ ਵੇਦਾਂਤ ਦਾ ਨਿਸਚੇ ਹੈ। ਸੰਸਾਰ ਅਨਿਰਵਚਨੀਯ ਹੈ ਜਾਂ ਪ੍ਰਮੇਰ ਦੀ ਖੇਡ ਹੈ? ਇਨ੍ਹਾਂ ਦੋਹਾਂ ਪੱਖਾਂ ਦਾ ਸਿਧਾਂਤ ਜੇ ਬੁੱਧੀ ਵਿੱਚ ਠੀਕ ਨਾ ਬੈਠੇ ਤਾਂ ਇਹ ਦੋਨੋਂ ਕਲਪਨਾ ਹੀ ਛੱਡ ਦੇਣੀਆਂ ਚਾਹੀਏ।

ਪਿਆਰੇ ਹਰਿਸਿਮਰਨ! ਇੱਕ ਵੇਰ ਮੇਰਾ ਮਿੱਤ੍ਰ ਭੀ ਕੁੱਝ ਵੇਦਾਂਤ ਅਤੇ ਗੁਰਬਾਣੀ ਦੇ ਮਤਿ ਬਾਰੇ ਰੌਂ ਵਿੱਚ ਪੈ ਗਿਆ ਸੀ, ਪ੍ਰੰਤੂ ਸੀ ਉਹ ਵੱਡਾ ਬੁੱਧੀਮਾਨ। ਇਸ ਲਈ ਜਦ ਮੈਂ ਉਸ ਨੂੰ ਇਹ ਆਖਿਆ ਕਿ ਤੂੰ ਇਨ੍ਹਾਂ ਦੋਹਾਂ ਨੂੰ ਛੱਡ ਕੇ ਲਾਂਭੇ ਹੋ ਤਾਂ ਉਹ ਮੇਰੀ ਇਸ ਰਮ ਨੂੰ ਸਮਝ ਕੇ ਪਰਮ ਸੁਖੀ ਹੋ

ਗਿਆ, ਕਿਉਂਕਿ ਇਨ੍ਹਾਂ ਦੋਹਾਂ ਦੁਆਰਾ ਇਹ ਗੱਲ ਤਾਂ ਅੱਛੀ ਤਰ੍ਹਾਂ ਨਿਰਣਯ ਹੋ ਚੁੱਕੀ ਸੀ ਕਿ ਮਨ, ਬਾਣੀ ਦੇ ਗੋਚਰ ਅਤੇ ਅਗੋਚਰ ਭੀ ਗੋਵਿੰਦ ਪ੍ਰਭੂ ਹੀ ਹੈ, ਦੂਜਾ ਹੈ ਹੀ ਨਹੀਂ। ਫਿਰ ਸੰਸਾਰ ਅਨਿਰਵਚਨੀਯ ਕੀ ਤੇ ਖੇਡ ਕੀ?

ਐਵੇਂ ਅੱਖਰਾਂ ਦੇ ਵਿੱਚ ਫਸੇ ਹੋਏ ਜੀਵ, ਵਕਤਾ ਦੇ ਆਸ਼ੇ ਨੂੰ ਨਾ ਸਮਝ ਕੇ ਰੌਲੇ ਵਿੱਚ ਪਏ ਰਹਿੰਦੇ ਹਨ। ਅਸਲ ਵਿੱਚ ਯਸਤ੍ਰਾਂ ਦੇ ਸਿਧਾਂਤ, ਸਹੀ ਰੂਪ ਵਿੱਚ ਸਮਝ ਆਉਂਦੇ ਹੀ ਨਹੀਂ ਹਨ ਜਦ ਤੱਕ ਕੋਈ ਆਤਮਾ ਹੀ ਬ੍ਰਹਮ ਹੈ, ਇਸ ਅਵਿਚਲ ਇਸਥਿਤੀ ਵਾਲਾ ਨਹੀਂ ਹੁੰਦਾ। ਜੋ ਇੱਕ ਬ੍ਰਹਮ ਇਸਥਿਤੀ ਵਾਲੇ ਹੁੰਦੇ ਹਨ, ਉਹੀ ਯਸਤ੍ਰਾਂ ਦੇ ਬਚਨਾਂ ਦਾ ਯਥਾਰਥ ਨਿਰਣਯ ਕਰ ਸਕਦੇ ਹਨ, ਕਿਸੇ ਦਾ ਅਨੁਭਵ ਜਾਂ ਨਿਸਚਾ ਆਦਿ ਅੱਗੇ ਨਿਕਲ ਗਿਆ ਤੇ ਕਿਸੇ ਦਾ ਪਿੱਛੇ ਰਹਿ ਗਿਆ। ਅਜਿਹਾ ਅਸੰਗ ਪੁਰ ਤਾਂ ਕੋਈ ਵਿਰਲਾ ਹੀ ਹੈ ਜੋ ਬੁੱਧੀ ਅਤੇ ਬੁੱਧੀ ਦੀ ਰਚਨਾ ਤੋਂ ਸਦਾ ਲਈ ਪਰੇ ਹੋ ਗਿਆ ਹੈ।

ਜੋ ਕੁੱਝ ਵੀ ਜਗਤ ਰੂਪ ਵਿੱਚ ਪ੍ਰਗਟ ਅਤੇ ਗੁਪਤ ਭਾਸ ਰਿਹਾ ਹੈ, ਉਹ ਇੱਕ ਨਿਰੰਕਾਰ ਹੀ ਹੈ। ਇਹ ਬ੍ਰਿਤੀ ਭੀ ਜਿਸ ਜਗ੍ਹਾ ਨਹੀਂ ਹੈ, ਬੱਸ! ਉਹੀ ਪਰਮਪਦ ਹੈ ਇਸ ਤੋਂ ਉੱਪਰ ਹੋਰ ਕੁੱਝ ਭੀ ਨਹੀਂ ਹੈ। ਨਿਰਗੁਣ ਅਤੇ ਸਰਗੁਣ ਰੂਪ ਵਿੱਚ ਭਾਸਣ ਵਾਲੀ ਇਹੀ ਅਕਹਿ ਵਸਤੂ ਹੈ–

**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥**
**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ॥** (ਅੰਗ ੯੨੨)

**ਆਪਨ ਆਪੁ ਆਪਹਿ ਉਪਾਇਓ॥ ਆਪਹਿ ਬਾਪ ਆਪ ਹੀ ਮਾਇਓ॥**
**ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨਾ ਜਾਈ ਨਾਨਕ ਲੀਲਾ॥**
(ਅੰਗ ੨੫੦)

**ਦੁਹੂ ਭਾਂਤਿ ਤੇ ਆਪਿ ਨਿਰਾਰਾ॥ ਨਾਨਕ ਅੰਤੁ ਨ ਪਾਰਾਵਾਰਾ॥**
(ਅੰਗ ੨੫੦)

**ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ॥**
**ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ॥**
**ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ॥**
**ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ॥**

**ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰ ਸਬਦੀ ਵੇਖਿ ਨਿਹਾਲੁ॥**

**(ਅੰਗ ੯੫)**

ਜਗਤ ਮਿਥਾ ਹੈ ਇਸ ਮਿਥਾ ਬਦ ਨੂੰ ਸੁਣਦੇ ਹੀ ਕਈ ਬੇਸਮਝ ਲੋਕ ਘਬਰਾ ਕੇ, ਕਈ ਤਰ੍ਹਾਂ ਦੀਆਂ ਉਲਟ-ਪੁਲਟ ਗੱਲਾਂ ਬਣਾਉਂਦੇ ਹਨ, ਮਾਨੋਂ ਕਿ ਉਨ੍ਹਾਂ ਦੇ ਮੰਨੇ ਹੋਏ ਸੱਤ ਜਗਤ ਨੂੰ ਐਟਮ ਬੰਬ ਨਾਲ ਉਡਾ ਦਿੱਤਾ ਹੈ। ਦ੍ਰਿੜ੍ਹ ਹੋਈ ਜਗਤ ਦੀ ਸੱਤਤਾ ਹੀ ਮਿਥਾ ਬਦ ਨੂੰ ਜਰਦੀ ਹੈ।

ਇਹ ਠੀਕ ਹੈ, ਜਿਨ੍ਹਾਂ ਨੇ ਜਗਤ ਨੂੰ ਸੱਤ ਜਾਣਦੇ ਹੋਏ ਘੁੱਟ ਕੇ ਸੀਨੇ ਨਾਲ ਲਾਇਆ ਹੋਇਆ ਹੈ, ਉਨ੍ਹਾਂ ਲਈ ਜਗਤ ਦਾ ਵਿਜੋਗ ਹੈ ਭੀ ਨਹੀਂ ਕਿਉਂਕਿ ਜੰਮਦੇ ਹਨ ਤੇ ਮਰਦੇ ਹਨ, ਫਿਰ ਜੰਮਦੇ ਹਨ ਤੇ ਮਰਦੇ ਹਨ, ਇਉਂ ਸਦਾ ਹੀ ਉਨ੍ਹਾਂ ਨੂੰ ਸੰਸਾਰ ਦੀ ਪ੍ਰਾਪਤੀ ਹੋਈ ਰਹਿੰਦੀ ਹੈ। ਕਦੇ ਭੀ ਸੰਸਾਰ ਦਾ ਵਿਜੋਗ ਨਾ ਹੋਣ ਦੇ ਕਾਰਨ, ਉਨ੍ਹਾਂ ਲਈ ਤਾਂ ਜਗਤ ਸੱਤ ਹੀ ਹੈ, ਇਸ ਲਈ ਮਿਥਾ ਬਦ ਨੂੰ ਕਦ ਸਹਿਣ ਕਰ ਸਕਦੇ ਹਨ? ਪ੍ਰੰਤੂ ਜੋ ਨਿਰੰਕਾਰ ਨਾਲ ਅਭੇਦ ਹੋ ਕੇ ਸਦਾ ਲਈ ਪਰਮ-ਾਂਤ ਹੋਣਾ ਚਾਹੁੰਦੇ ਹਨ, ਉਨ੍ਹਾਂ ਲਈ ਤਾਂ ਮਿਥਾ ਬਦ ਅੰਮ੍ਰਿਤ ਦੇ ਤੁੱਲ ਹੈ ਕਿਉਂਕਿ ਜਗਤ ਨੂੰ ਸੁਪਨ ਦੀ ਤਰ੍ਹਾਂ ਮਿਥਾ ਜਾਣ ਕੇ, ਚਿੱਤ ਵਿੱਚੋਂ ਜਗਤ ਦੀ ਸੱਤਯਤਾ ਨਿਕਲ ਜਾਂਦੀ ਹੈ ਤੇ ਨਿਰੰਕਾਰ ਦਾ ਦਰਨ ਹੁੰਦਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਉਸਦਾ ਇਸ ਨਿਸਚੇ ਨਾਲ ਵਿਵਹਾਰ ਛੁੱਟ ਜਾਂਦਾ ਹੈ, ਵਿਵਹਾਰ ਉਸੇ ਤਰ੍ਹਾਂ ਹੀ ਸਚਾਈ-ਪੂਰਬਕ ਹੁੰਦਾ ਰਹਿੰਦਾ ਹੈ, ਜਿਉਂ ਫਿਲਮ ਦੇ ਐਕਟਰ ਦੀ ਐਕਟਿੰਗ। ਸਿਰੰ ਸੱਤਤਾ ਨਿਕਲ ਜਾਣ ਨਾਲ ਮੋਹ ਯਾਨੀ ਖਚਤਾਈ ਤੋਂ ਰਹਿਤ ਹੋ ਜਾਂਦਾ ਹੈ ਯਾਨੀ ਕੋਈ ਭੀ ਸੰਸਾਰੀ ਵਸਤੂ, ਉਸਦੇ ਚਿੱਤ ਨੂੰ ਆਪਣੇ ਵੱਲ ਖਿੱਚ ਕੇ ਨਹੀਂ ਰੱਖ ਸਕਦੀ ਕਿਉਂਕਿ ਚਿੱਤ, ਸੱਤ ਵਸਤੂ ਯਾਨੀ ਨਿਰੰਕਾਰ ਨਾਲ ਜੁੜ ਜਾਂਦਾ ਹੈ। ਨਿਰੰਕਾਰ ਨਾਲ ਚਿੱਤ ਤਦੇ ਜੁੜੇਗਾ ਜੇ ਜਗਤ ਵਿੱਚੋਂ ਨਿਕਲੇਗਾ। ਜਗਤ ਵਿੱਚੋਂ ਤਦੇ ਨਿਕਲ ਸਕਦਾ ਹੈ ਜੇ ਜਗਤ ਨੂੰ ਮਿਥਾ ਜਾਣ ਲਵੇ। ਫਿਰ ਉਸ ਅਵਸਥਾ ਵਿੱਚ ਅਰਥਾਤ ਜਗਤ ਵਿੱਚੋਂ ਨਿਕਲ ਕੇ, ਚਿੱਤ ਜਦੋਂ ਬ੍ਰਹਮ ਨਾਲ ਜੁੜਦਾ ਹੈ ਤਾਂ ਜਗਤ ਬ੍ਰਹਮ ਰੂਪ ਹੀ ਨਰ ਆਉਂਦਾ ਹੈ, ਬ੍ਰਹਮ ਤੋਂ ਭਿੰਨ ਜਗਤ ਦੀ ਪ੍ਰਤੀਤੀ ਹਟ ਜਾਂਦੀ ਹੈ। ਜਿਹੜਾ ਸਿਧਾਂਤ ਜਗਤ ਨੂੰ ਭੀ ਬ੍ਰਹਮ ਰੂਪ ਦਿਖਾਵੇ, ਉਸ ਨਾਲੋਂ ਹੋਰ ਕਿਸ ਨੂੰ ਉੱਚਾ ਮੰਨਿਆ ਜਾਵੇ? ਪਰਮਪਦ ਦੀ ਪ੍ਰਾਪਤੀ ਵਾਲੀ ਅਵਸਥਾ ਉਹੀ ਹੈ, ਜਿਸ ਵਿੱਚ ਕਿ ਨਿਰੰਕਾਰ ਤੋਂ ਭਿੰਨ ਕੋਈ ਭੀ ਵਸਤੂ ਨਾ ਭਾਸੇ।

ਜਗਤ ਮਿਥਾ ਹੈ, ਨਿਰੰਕਾਰ ਸੱਤ ਹੈ ਤੇ ਜੀਵ ਨਿਰੰਕਾਰ ਸ੍ਵਰੂਪ ਹੀ ਹੈ।

ਉਪ੍ਰੋਕਤ ਸਿੱਧਾਂਤ ਮੁਤਾਬਿਕ ਨਿਸਚਾ ਦ੍ਰਿੜ੍ਹ ਹੁੰਦੇ ਹੀ, ਇਸ ਨਿਸਚੇ ਦੀ ਗੰਮਤਾ ਤੋਂ ਭੀ ਪਰੇ ਨਿਰੰਕਾਰ ਹੀ ਨਿਰੰਕਾਰ ਰਹਿ ਜਾਂਦਾ ਹੈ। ਮਿਥਾ ਪ੍ਰਤੀਤੀ ਜੋ ਦੁੱਖ-ਸੁੱਖ ਦਾ ਹੇਤੂ ਹੈ, ਸ਼ੀਘ੍ਰ ਹੀ ਨਿਵਿਰਤ ਹੋ ਜਾਂਦੀ ਹੈ। ਜਗਾਸੂ ਨੂੰ ਤਾਂ ਮਤਲਬ ਨਿਰੰਕਾਰ ਨਾਲ ਅਭੇਦ ਹੋਣ ਦਾ ਹੈ, ਵਿਵਾਦ ਨਾਲ ਨਹੀਂ। ਸ਼ਾਸਤ੍ਰਾਂ ਨੂੰ ਵਿਵਾਦ ਜਾ ਬਹਿਸ ਦਾ ਵਿਸ਼ਾ ਬਣਾ ਲੈਣ ਨਾਲ, ਕਦੇ ਭੀ ਸ਼ਾਂਤੀ ਨਹੀਂ ਹੁੰਦੀ, ਉਲਟਾ ਆਪਣੇ ਮਤ ਦੀ ਉੱਚਤਾਈ ਤੇ ਦੂਜੇ ਦੀ ਹੀਣਤਾ ਦਿਖਾਉਣ ਦੇ ਯਤਨ ਵਿੱਚ ਲੱਗੇ ਰਹਿਣ ਨਾਲ ਅਦ੍ਵੈਤ ਦੀ ਬਜਾਏ ਦ੍ਵੈਤ ਨਾਲ ਚਿੱਤ ਭਰ ਜਾਂਦਾ ਹੈ। ਕੋਈ ਭੀ ਅਜਿਹਾ ਮੱਤ ਨਹੀਂ, ਜਿਸ ਨੂੰ ਯੁਕਤੀ ਦ੍ਵਾਰਾ ਕੱਟਿਆ ਨਾ ਜਾ ਸਕੇ। ਇਸ ਲਈ ਜਗਾਸੂ ਨੂੰ ਸਭ ਝਗੜਿਆਂ ਤੋਂ ਬਚ ਕੇ, ਆਪਣਾ ਪ੍ਰਯੋਜਨ ਜੋ ਪ੍ਰਭੂ ਪ੍ਰਾਪਤੀ ਹੈ ਸੋ ਸਿੱਧ ਕਰਨਾ ਚਾਹੀਏ।

ਗਿਆਨਵਾਨ ਨੂੰ ਆਪਣੇ ਵਿੱਚ ਜਗਤ ਕਲਪਿਤ ਭੀ ਨਹੀਂ ਭਾਸਦਾ ਕਿਉਂਕਿ ਆਤਮਾ ਤੋਂ ਭਿੰਨ ਹੋਰ ਕੋਈ ਦੂਜੀ ਸੱਤਾ ਹੈ ਹੀ ਨਹੀਂ, ਇਸ ਲਈ ਗਿਆਨਵਾਨ ਜਗਤ ਨੂੰ ਆਤਮ-ਸ੍ਵਰੂਪ ਦੇਖਦਾ ਹੈ ਯਾਨੀ ਮੈਂ ਹੀ ਹਰ ਰੂਪ ਵਿੱਚ ਇਸਥਿਤ ਹਾਂ, ਮੈਥੋਂ ਜੁਦਾ ਕੁੱਝ ਭੀ ਨਹੀਂ। ਇਸ ਅਚੱਲ ਨਿਸਚੇ ਵਿੱਚ ਇਸਥਿਤ ਰਹਿੰਦਾ ਹੈ, ਇਹ ਨਿਸਚਾ ਹੀ ਸਮਾਧੀ ਰੂਪ ਹੁੰਦਾ ਹੈ।

## *ਦੇਹ ਦੇ ਹੁੰਦੇ ਵਿਦੇਹ ਅਵਸਥਾ*

ਸਮਾਧੀ ਉੱਥਾਨ ਦਾ ਭੇਦ ਭੀ ਜਿਸ ਅਵਸਥਾ ਵਿੱਚ ਮਿਟ ਜਾਂਦਾ ਹੈ, ਉਹ ਪਰਮ ਸਮਾਧੀ ਹੈ। ਜਾਗ੍ਰਿਤ ਆਦਿ ਸਭ ਅਵਸਥਾਵਾਂ, ਸਮਾਧੀ ਸ੍ਵਰੂਪ ਹੀ ਹੋ ਜਾਂਦੀਆਂ ਹਨ। ਜਿਸ ਨੇ ਭੀ ਆਪਣੇ ਆਤਮਾ ਨੂੰ ਜਾਣਿਆ ਹੈ, ਉਹੀ ਨਿਰਵਿਕਲਪ ਹੈ ਕਿਉਂਕਿ ਨਿਰਵਿਕਲਪ ਤਾਂ ਆਤਮਾ ਹੀ ਹੈ। ਇਸ ਲਈ ਯਥਾਰਥ ਗਿਆਨ ਦੀ ਦ੍ਰਿੜ੍ਹਤਾ ਦਾ ਨਾਮ ਹੀ ਨਿਰਵਿਕਲਪ ਸਮਾਧੀ ਹੈ। ਯਥਾਰਥ ਗਿਆਨ ਇਹੀ ਹੈ ਜੋ ਕਿਸੇ ਭੀ ਅਵਸਥਾ ਦਾ ਭੇਦ ਨਾ ਭਾਸੇ ਅਰਥਾਤ ਸਭ ਅਵਸਥਾਂ ਆਤਮ ਸ੍ਵਰੂਪ ਹੀ ਭਾਸਣ। ਸਮੁੰਦਰ ਨੇ ਆਪਣੇ ਵਿੱਚ ਤਰੰਗ ਕਦੋਂ ਦੇਖੇ ਹਨ? ਕਿਉਂਕਿ ਤਰੰਗਾਂ ਤਾਂ ਸਮੁੰਦਰ ਦਾ ਆਪਣਾ ਸ੍ਵਰੂਪ ਹੀ ਹਨ। ਤਿਉਂ ਹੀ ਗਿਆਨਵਾਨ ਨੇ ਆਪਣੇ ਵਿੱਚ ਜਗਤ ਕਦੋਂ ਦੇਖਿਆ ਹੈ? ਜਗਤ ਤਾਂ ਉਸਦਾ ਆਪਣਾ ਸ੍ਵਰੂਪ ਹੀ ਹੈ। ਆਪਣੇ ਤੋਂ ਭਿੰਨ ਵਸਤੂ ਦਾ ਹੀ ਦੇਖਣਾ ਆਦਿ ਹੁੰਦਾ ਹੈ, ਆਪਣੇ-ਆਪ ਦਾ ਨਹੀਂ, ਇਹ ਗਿਆਨ ਦੀ ਪ੍ਰਪੱਕ ਅਵਸਥਾ ਹੈ।

ਇੱਕ ਤਾਂ ਗਿਆਨ ਦੀ ਸਮਝ ਹੁੰਦੀ ਹੈ ਤੇ ਇੱਕ ਅਵਸਥਾ। ਆਤਮ ਗਿਆਨ ਦਾ ਨਿਸਚਾ ਜੋ ਅੰਤਹਕਰਣ ਵਿੱਚ ਹੈ, ਉਹ ਗਿਆਨ ਦੀ ਸਮਝ ਹੈ ਤੇ ਉਹੀ ਨਿਸਚਾ ਜਦ ਇੰਦ੍ਰੀਆਂ ਵਿੱਚ ਆ ਜਾਂਦਾ ਹੈ ਯਾਨੀ ਪ੍ਰੈਕਟੀਕਲ ਹੁੰਦਾ ਹੈ, ਉਹ ਗਿਆਨ ਦੀ ਅਵਸਥਾ ਹੋ ਜਾਂਦੀ ਹੈ। ਉਸ ਗਿਆਨ ਦੀ ਅਵਸਥਾ ਵਿੱਚ ਆਤਮਾ ਤੋਂ ਭਿੰਨ ਕੁੱਝ ਭਾਸਦਾ ਹੀ ਨਹੀਂ। ਇਸ ਲਈ ਆਤਮ-ਗਿਆਨੀ ਕ੍ਰਿਆ ਕਰਦਾ ਹੋਇਆ ਭੀ ਕੁੱਝ ਨਹੀਂ ਕਰਦਾ, ਖਾਂਦਾ ਹੋਇਆ ਭੀ ਕੁੱਝ ਨਹੀਂ ਖਾਂਦਾ, ਦੇਖਦਾ ਹੋਇਆ ਭੀ ਕੁੱਝ ਨਹੀਂ ਦੇਖਦਾ ਅਰਥਾਤ ਸਭ ਕ੍ਰਿਆ ਕਰਦਾ ਹੋਇਆ ਭੀ ਕੁੱਝ ਨਹੀਂ ਕਰਦਾ। ਸਭ ਕੁੱਝ ਆਤਮ ਰੂਪ ਹੀ ਹੋ ਜਾਂਦਾ ਹੈ। ਇਹ ਗਿਆਨ ਦੀ ਮੁਕੰਮਲ ਅਵਸਥਾ ਹੈ ਅਰਥਾਤ ਇਹ ਅਵਸਥਾ ਯੋਗੀ ਦੇ ਚਿੱਤ ਦੀ ਛੇਵੀਂ ਭੂਮਿਕਾ ਮੰਨੀ ਗਈ ਹੈ। ਅਜਿਹੀ ਅਵਸਥਾ ਵਿੱਚ ਗਿਆਨੀ ਦੇ ਨਿਸਚੇ ਅੰਦਰ ਕੁੱਝ ਹੋ ਹੀ ਨਹੀਂ ਰਿਹਾ, ਕੇਵਲ ਨਿਰੰਕਾਰ ਹੀ ਆਪਣੇ-ਆਪ ਵਿੱਚ ਇਸਥਿਤ ਹੈ। ਪ੍ਰਾਣਾਂ ਦੇ ਹੁੰਦੇ ਹੀ ਵਿਦੇਹ ਦਾ ਅਨੁਭਵ ਹੋਣਾ ਜੀਵਨ-ਮੁਕਤੀ ਹੈ ਅਰਥਾਤ ਜੰਮਣਾ-ਮਰਨਾ, ਬੰਧਨ-ਮੁਕਤੀ, ਦੁੱਖ-ਸੁੱਖ, ਮਾਨ-ਅਪਮਾਨ ਅਤੇ ਗਿਆਨ-ਅਗਿਆਨ ਆਦਿ ਇੱਕ ਸਮਾਨ ਭਾਸਣੇ, ਇਹ ਦੇਹ ਦੇ ਹੁੰਦੇ ਹੋਏ ਹੀ ਵਿਦੇਹ ਯਾਨੀ ਦੇਹ ਤੋਂ ਰਹਿਤ ਅਵਸਥਾ ਹੈ।

ਘੜੇ ਦੇ ਟੁੱਟ ਜਾਣ ਪਰ ਹੀ, ਘੜੇ ਦਾ ਅਭਾਵ ਨਹੀਂ ਹੋਣਾ ਕਿੰਤੂ ਅਕਾਰ ਬਣਿਆ ਰਹਿਣ ਪਰ ਭੀ, ਘੜਾ ਤਿੰਨ ਕਾਲ ਨਹੀਂ ਹੈ ਕੇਵਲ ਮਿੱਟੀ ਹੀ ਹੈ ਅਜਿਹਾ ਨਿਸਚਾ ਪ੍ਰਪੱਕ ਹੋਣਾ ਹੈ। ਜੀਵਨ-ਮੁਕਤ ਸਤਿਪੁਰਾਂ ਨੂੰ ਕ੍ਰੋੜਾਂ ਜੁਗਤੀਆਂ ਦੁਆਰਾ ਭੀ ਘੜਾ ਉਪਲੱਬਧ ਨਹੀਂ ਹੋਇਆ, ਸਿਵਾਏ ਮਿੱਟੀ ਤੋਂ। ਘੜਾ ਉਸ ਵਸਤੂ ਦਾ ਕਲਪਿਤ ਨਾਮ ਹੈ ਤੇ ਗੋਲ ਉਸਦਾ ਮਿਥਾ ਰੂਪ ਹੈ, ਇਹ ਕਲਪਿਤ ਨਾਮ ਅਤੇ ਮਿਥਾ ਰੂਪ ਵਿਵਹਾਰ ਨਿਰਵਾਹ ਲਈ, ਕਹਿਣ ਮਾਤ੍ਰ ਹੀ ਹੁੰਦੇ ਹਨ, ਉਸ ਵਿੱਚ ਸੱਤ ਤਾਂ ਕੇਵਲ ਮਿੱਟੀ ਹੀ ਹੈ। ਤਿਉਂ ਹੀ ਤੱਤ੍ਵ-ਵੇਤਾ ਪੁਰਾਂ ਨੇ, ਦੇਹ ਦੇ ਵਿਨਾ ਹੋਣ ਤੇ ਵਿਦੇਹ ਨਹੀਂ ਹੋਣਾ ਕਿੰਤੂ ਦੇਹ ਦੇ ਹੁੰਦੇ ਹੀ ਵਿਦੇਹ ਹਨ ਅਰਥਾਤ ਦੇਹ ਤਾਂ ਹੈ ਹੀ ਨਹੀਂ, ਇੱਕ ਨਿਰੰਕਾਰ ਹੀ ਅਨੰਤ ਨਾਵਾਂ ਅਤੇ ਰੂਪਾਂ ਵਿੱਚ ਭਾਸ ਰਿਹਾ ਹੈ।

## *ਪਰਮ ਾਂਤੀ*

ਆਪਣੇ-ਆਪ ਤੋਂ ਜੁਦਾ ਸਮਝ ਕੇ ਜਿਸ ਪ੍ਰੀਤਮ ਨੂੰ ਮਿਲਣ ਦੀ ਾਤਰ (ਹਰਿਸਿਮਰਨ) ਜੋ ਠੰਢੇ-ਠੰਢੇ ਸਾਹ ਭਰਦਾ ਸੀ, ਜਿਸਦੇ ਚਿਹਰੇ ਦਾ ਰੰਗ ਹਲਦੀ

ਵਰਗਾ ਪੀਲਾ ਰਹਿੰਦਾ ਸੀ ਅਤੇ ਅੱਖਾਂ ਚੋਂ ਪਾਣੀ ਨਹੀਂ ਸੀ ਸੁਕਦਾ, ਉਸ ਬਿਰਹ ਦੀ ਅੱਗ ਨਾਲ ਸੜੇ ਜਾਂਦੇ ਨੂੰ, ਅੱਜ ਗੁਰੂ ਰੂਪ ਮੇਘ (ਬੱਦਲਾਂ) ਦੁਆਰਾ ਏਕਤਾ ਦੇ ਮੀਂਹ ਨੇ ਬੁਝਾ ਕੇ ਾਂਤ ਕਰ ਦਿੱਤਾ ਹੈ। ਪ੍ਰੀਤਮ ਦਾ ਹੀ ਰੂਪ ਬਣਿਆ ਹੋਇਆ ਹਰਿਸਿਮਰਨ ਹੁਣ ਕਿਸਦੇ ਵਿਜੋਗ ਵਿੱਚ ਤੜਪੇ?

ਨਾ ਇਹ ਸੂਲਾਂ ਦੀ ਸੇਜਾ ਅਗਿਆਨੀ ਨੂੰ ਹੈ ਤੇ ਨਾ ਹੀ ਗਿਆਨੀ (ਕੇਵਲ ਾਸਤ੍ਰੀ) ਨੂੰ ਕਿਉਂਕਿ ਜਿਸਦੀ ਕਿਤੇ ਲਗਨ ਹੀ ਨਹੀਂ ਲੱਗੀ, ਉਸ ਜਲੀ ਹੋਈ ਮਾਰੂਥਲ ਭੂਮੀ (ਸੁੱਕੇ ਹਿਰਦੇ) ਵਿੱਚ ਇਹ ਪ੍ਰੇਮ ਦੀ ਸੁੰਦਰ ਗੁਲਾਰ ਪਰਮਪਦ ਕਿੱਥੇ? ਜੋ ਪ੍ਰੇਮੀ ਅਪਣੇ ਪ੍ਰੀਤਮ ਨਾਲ ਇੱਕ-ਮਿੱਕ ਯਾਨੀ ਅਭੇਦ ਹੋਏ ਬੈਠੇ ਹਨ, ਉਸ ਨਿੱਤ ਫੁਹਾਰ ਪੈ ਰਹੇ ਪਹਾੜੀ ਇਲਾਕੇ ਦੇ ਸੁੰਦਰ ਬਗੀਚੇ ਨੂੰ ਸੋਕਾ ਕਿੱਥੇ? ਇਹ ਤਾਂ ਹੱਥੀਂ ਪਾਣੀ ਪਾ ਕੇ ਤਰਲਿਆਂ ਨਾਲ ਬਾ ਲੱਗਦਾ ਹੈ ਅਤੇ ਇਹ ਬਿਰਹ ਰੂਪ ਔੜ, ਇਸ ਮੀਨ ਨੂੰ ਅੱਗ ਲਾ ਦਿੰਦੀ ਹੈ ਫਿਰ ਉਸ ਮਿਲਾਪ ਰੂਪ ਬਰਸਾਤ ਤੋਂ ਬਿਨਾਂ ਪ੍ਰਿਥਵੀ ਨੂੰ ਾਂਤੀ ਕਿੱਥੇ?

ਅੱਜ ਗੁਰੂ ਦੇ ਮਹਾਂਵਾਕ ਰੂਪ ਮੀਂਹ ਦੀ ਝੜੀ ਨੇ, ਦਿਲ ਦੀ ਤਪਤ ਬੁਝਾ ਦਿੱਤੀ ਅਤੇ ਸੁੱਕੀ ਜਾਂਦੀ ਫੁਲਵਾੜੀ ਖਿੜ ਗਈ ਹੈ। ਚੌਹਾਂ ਪਾਸਿਆਂ ਤੋਂ ਉੱਠ ਰਹੀ ਮਹਿਕ ਜਾਂ ਬਦਬੂ ਕੋਈ ਅਸਰ ਨਹੀਂ ਕਰ ਸਕਦੀ। ਕ੍ਰੋੜਾਂ ਮੀਂਹ ਅਤੇ ਹਨੇਰੀਆਂ ਕਦੇ ਅਕਾ ਨੂੰ ਗਿੱਲਾ ਯਾ ਮੈਲਾ ਕਰ ਸਕਦੇ ਹਨ? ਤਿੰਨਾਂ ਗੁਣਾਂ ਤੋਂ ਬਾਹਰ, ਨਿਰਵਿਕਾਰ **ਅਮਰ ਵਸਤੂ** ਦੀ ਪ੍ਰਾਪਤੀ ਵਾਲੇ ਨੂੰ ਕਿਸ ਕਾਮਨਾ ਦੇ ਕਾਰਨ, ੋਕ ਅਤੇ ਮੋਹ ਹੋ ਸਕਦਾ ਹੈ? ਸਮਤਾ ਯਾਨੀ ਦੂੰਦਾਤੀਤ ਅਵਸਥਾ ਵਿੱਚ ਪੂਰਨ ਹੋ ਰਹੇ ਗਿਆਨੀ ਨੂੰ, ਕਿਸ ਵਸਤੂ ਵਿੱਚ ਰਾਗ-ਦ੍ਵੈ ਹੋ ਸਕਦਾ ਹੈ?

**ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥**
**ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥**
**ਤੇਰਾ ਜਨੁ ਏਕੁ ਆਧੁ ਕੋਈ॥**
**ਕਾਮੁ ਕ੍ਰੋਧੁ ਲੋਭ ਮੋਹੁ ਬਿਬਰਜਿਤੁ ਹਰਿ ਪਦੁ ਚੀਨੈ ਸੋਈ॥ ਰਹਾਉ॥**
**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥**
**ਚਉਥੇ ਪਦ ਕਉ ਜੋ ਨਰੁ ਚੀਨੈ~ ਤਿਨ~ ਹੀ ਪਰਮ ਪਦੁ ਪਾਇਆ॥**
**ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥**
**ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥**
**ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥**

**ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥**

**(ਅੰਗ ੧੧੨੩)**

ਹਰਿਸਿਮਰਨ ਸਾਕੀ ਯਾਨੀ ਗੁਰੂ ਦੇ ਹੱਥੋਂ ਏਕਤਾ ਦਾ ਪਿਆਲਾ ਪੀ ਕੇ ਮਤਵਾਲਾ ਹੋ ਗਿਆ। ਬਹੁਤ ਦੇਰ ਬਾਅਦ ਇਸ ਨਿਰਾਲੀ ਮਸਤੀ ਵਿੱਚ ਝੂਮਦਾ ਹੋਇਆ ਇਉਂ ਬੋਲਿਆ–

**ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥**
**ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥**
**ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥**
**ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥**
**ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥**
**ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥**

**(ਅੰਗ ੨੫੧)**

ਜਿਸ ਨੂੰ ਕੁੱਝ ਭੀ ਕਰਨਾ ਬਾਕੀ ਨਹੀਂ ਰਿਹਾ, ਉਹ ਹਰਿਸਿਮਰਨ ਦ੍ਵੈਤ ਅਤੇ ਅਦ੍ਵੈਤ ਤੋਂ ਭੀ ਪਰੇ ਦੀ ਅਵਸਥਾ ਵਿੱਚ ਕਾਇਮ ਹੋ ਗਿਆ। ਮੈਂ ਹੀ ਨਿਰੰਤਰ ਹਰ ਰੂਪ ਵਿੱਚ ਪਸਰਿਆ ਹੋਇਆ ਹਾਂ ਅਰਥਾਤ ਬ੍ਰਹਮਾਕਾਰ ਬ੍ਰਿਤੀ ਵਾਲਾ ਯਾਨੀ ਲਿਵ ਦ੍ਵਾਰਾ ਨਿਰੰਕਾਰ ਸ੍ਵਰੂਪ ਬਣਿਆ ਹੋਇਆ ਹਰਿਸਿਮਰਨ, ਲੋਕ ਸੇਵਾ, ਆਦਿ ਸੈਂਕੜੇ ਵਿਵਹਾਰ ਕਰਦਾ ਭੀ ਅਜਿਹਾ ਨਿਰਲੇਪ ਹੋ ਗਿਆ ਜਿਉਂ ਪਾਣੀ ਵਿੱਚ ਕਮਲ ਰਹਿੰਦਾ ਹੈ। ਅੱਗ, ਅੱਗ ਨੂੰ ਨਹੀਂ ਜਲਾਉਂਦੀ ਤੇ ਪਾਣੀ, ਪਾਣੀ ਨੂੰ ਗਿੱਲਾ ਨਹੀਂ ਕਰਦਾ, ਆਪਣੇ ਤੋਂ ਜੁਦਾ ਵਸਤੂ ਦਾ ਹੀ ਜਲਾਉਣਾ ਤੇ ਗਿੱਲਾ ਕਰਨਾ ਅੱਗ ਤੇ ਜਲ ਦਾ ਧਰਮ ਹੈ। ਨਿਰੰਕਾਰ ਹੀ ਦ੍ਰਿਸ਼ ਤੇ ਨਿਰੰਕਾਰ ਹੀ ਦ੍ਰਿਟਾ ਹੋਣ ਦੇ ਕਾਰਨ, ਨਿਰੰਕਾਰ ਸ੍ਵਰੂਪ ਗਿਆਨਵਾਨ ਨੂੰ ਨਾ ਕਿਸੇ ਵਸਤੂ ਵਿੱਚ ਰਾਗ ਤੇ ਨਾ ਹੀ ਦ੍ਵੈ ਭਾਸਦੀ ਹੈ। ਅਨੁਕੂਲਤਾ ਅਤੇ ਪ੍ਰਤੀਕੂਲਤਾ ਆਪਣੇ ਤੋਂ ਜੁਦਾ ਵਸਤੂ ਵਿੱਚ ਹੁੰਦੀ ਹੈ, ਇਸ ਲਈ ਦੂਜੀ ਵਸਤੂ ਦੇ ਅਭਾਵ ਕਾਰਨ ਸੁੱਖ ਤੇ ਦੁੱਖ ਕਿਥੇ? ਇੱਕ ਹੀ **ਅਮਰ ਵਸਤੂ** ਸਰਬੱਤ੍ਰ ਪੂਰਨ ਹੈ। ਪੂਰਨ ਅਤੇ ਅਪੂਰਨ ਇਹ ਦੋ ਬਦ ਅਵਸਥਾ ਵਿੱਚ ਕਹਿਣ ਮਾਤ੍ਰ ਹੀ ਰਹਿ ਜਾਂਦੇ ਹਨ, ਉਸ ਪਰਮ ਾਂਤ, ਅਕਹਿ, ਅਮਰ ਪਦ ਵਿੱਚ ਹਰਿਸਿਮਰਨ ਲੀਨ ਹੋ ਗਿਆ! ਲੀਨ ਹੋ ਗਿਆ!!

ੴ

# ਗ੍ਰੰਥ ਦੇ ਕਰਤਾ ਦੀ ਸਫਲ ਜੀਵਨ ਯਾਤਰਾ

ਇਹ ਗ੍ਰੰਥ **ਅਮਰ ਵਸਤੂ** ਜਦੋਂ ਸੰਪੂਰਣ ਹੋ ਕੇ ਛਪਣ ਦੇ ਆਖਰੀ ਪੜਾਅ ਤੇ ਪਹੁੰਚਿਆ ਤਾਂ ਪ੍ਰੇਰਣਾ ਹੋਈ ਕਿ ਅਜਿਹੇ ਬੀਤਰਾਗ, ਬ੍ਰਹਮਗਿਆਨੀ, ਤੱਤਵੇਤਾ, ਜੀਵਨ-ਮੁਕਤ, ਸਤਿ-ਸ੍ਵਰੂਪ ਮਹਾਂਪੁਰਖ ਦੇ ਜੀਵਨ ਬਾਰੇ ਜਿੰਨੀ ਕੁ ਜਾਣਕਾਰੀ ਮਿਲ ਸਕੇ ਸੋ ਗ੍ਰੰਥ ਦੇ ਵਿੱਚ ਹੀ ਛਪ ਜਾਣੀ ਚਾਹੀਦੀ ਹੈ। ਫਲਸਰੂਪ **ਅਮਰ ਵਸਤੂ** ਦੇ ਪੂਰਬ ਪ੍ਰਕਾਕ, ਮਾਨਯੋਗ ਡਾ. ਸੁਰਜੀਤ ਸਿੰਘ ਜੀ ਜਲੰਧਰ ਵਾਲਿਆਂ ਨਾਲ ਸੰਪਰਕ ਕੀਤਾ ਗਿਆ। ਜਦੋਂ ਉਨ੍ਹਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਇੱਕ ਪ੍ਰੇਮੀ ਉਨ੍ਹਾਂ ਕੋਲ ਪਹੁੰਚਿਆ, ਉਦੋਂ ਉਨ੍ਹਾਂ ਦੇ ਇੱਕ ਸਤਿਸੰਗੀ ਸ੍ਰ. ਰਣਬੀਰ ਸਿੰਘ ਜੀ ਵੀ ਉੱਥੇ ਬੈਠੇ ਸਨ। ਦੋਹਾਂ ਗੁਰਮੁਖ ਸੱਜਣਾਂ ਨੇ ਜੋ ਸੰਖੇਪ ਜਾਣਕਾਰੀ ਦਿੱਤੀ, ਉਹ ਇਸ ਪ੍ਰਕਾਰ ਹੈ -

ਉਨ੍ਹਾਂ ਨੇ ਦੱਸਿਆ ਕਿ ਸ੍ਰੀਮਾਨ **ਸੰਤ ਹਰੀਚਰਨ ਸਿੰਘ ਹਰੀ** ਜੀ ਸੰਸਾਰ ਤੋਂ ਐਨੀਂ ਆਿਦਾ ਉਪਰਾਮ ਇਸਥਿਤੀ ਵਾਲੇ ਮਹਾਤਮਾ ਸਨ ਕਿ ਸਾਧੂ ਹੋਣ ਉਪ੍ਰੰਤ ਉਨ੍ਹਾਂ ਨੇ ਕਦੇ ਵੀ ਕਿਸੇ ਕੋਲ, ਆਪਣੇ ਜਨਮ-ਸਥਾਨ, ਵੰ, ਗੋਤ, ਘਰਾਣੇ ਜਾਂ ਮਾਤਾ-ਪਿਤਾ ਦੇ ਨਾਮ ਬਾਰੇ ਕਿਰ ਨਹੀਂ ਸੀ ਕੀਤਾ। ਇਧਰੋਂ-ਉਧਰੋਂ ਪੁੱਛਣ-ਪੁਛਾਉਣ ਤੋਂ ਬਾਅਦ ਸਿਰਫ ਐਨਾਂ ਕੁ ਹੀ ਪਤਾ ਲੱਗ ਸਕਿਆ ਸੀ ਕਿ ਸੰਤ ਜੀ ਦਾ ਇਹ ਪੰਜ ਭੌਤਿਕ ਰੀਰ ਪੰਜਾਬ ਦੇ ਜਿਲ੍ਹਾ ਹੁਆਿਰਪੁਰ ਦਾ ਸੀ। ਆਪ ਜੀ ਦੀ ਇਸ ਅਸਾਰ ਸੰਸਾਰ ਤੇ ਆਉਣ ਦੀ ਤਰੀਕ 5 ਫਰਵਰੀ ਸੰਨ 191● ਈ. ਅਤੇ ਬ੍ਰਹਮਲੀਨ ਹੋਣ ਦੀ ਮਿਤੀ 3 ਜਨਵਰੀ ਸੰਨ 1985 ਈ. ਹੈ। ਇਉਂ ਲਗਪੱਗ 75 ਕੁ ਸਾਲ ਦੀ ਰੀਰਕ ਉਮਰ ਵਿੱਚ, ਆਪ ਜੀ ਅਪਣਾ ਅਤੇ ਰਣ ਵਿੱਚ ਆਏ ਅਨੇਕਾਂ ਹੋਰ ਉੱਤਮ ਜਗਿਆਸੂਆਂ ਦਾ ਜੀਵਨ ਸਫਲ ਕਰਕੇ, ਗੁਰਪੁਰੀ ਸਿਧਾਰੇ।

ਉਨ੍ਹਾਂ ਸਮਿਆਂ ਵਿੱਚ ਜਦੋਂ ਸਾਧਨ ਅਤੀ ਘੱਟ ਸਨ, ਆਪ ਜੀ ਨੇ ਸਿਵਿਲ ਇੰਜਨੀਅਰਿੰਗ ਦਾ ਡਿਪਲੋਮਾ ਪਾਸ ਕੀਤਾ ਅਤੇ ਧੁਰੋਂ ਲਿਖੇ ਸੰਜੋਗ ਅਨੁਸਾਰ ਾਦੀ ਵੀ ਹੋ ਗਈ। ਾਦੀ ਤੋਂ ਬਾਅਦ ਜਲਦੀ ਹੀ ਰੀਰ ਦੀ ਪ੍ਰਾਲੱਬਧ ਅਨੁਸਾਰ ਵਿਦੇ ਵਿੱਚ **ਕੀਨੀਆਂ** ਦੇ ਦੀ ਰਾਜਧਾਨੀ **ਨੈਰੋਬੀ** ਵਿਖੇ ਜਾ ਪਹੁੰਚੇ। ਉਥੇ ਜਾਕੇ ਆਪ ਜੀ ਨੇ ਅਪਣਾ ਕਾਰੋਬਾਰ ੁਰੂ ਕਰ ਲਿਆ। ਉਸ ਸਮੇਂ ਆਪ ਜੀ ਦੀ ਧਰਮ ਪਤਨੀ ਵੀ ਆਪ ਜੀ ਦੇ ਨਾਲ ਹੀ ਸੀ। ਤਕਰੀਬਨ 2● ਕੁ ਸਾਲ ਦੀ ਉਮਰ ਵਿੱਚ ਾਦੀ ਉਪ੍ਰੰਤ ਭਾਰਤ ਤੋਂ ਵਿਦੇ ਗਏ ਇਸ ਜੋੜੇ ਦਾ ਜਲਦੀ ਹੀ ਵਿਛੋੜਾ ਹੋ ਗਿ ਆ ਯਾਨੀ ਆਪ ਜੀ ਦੀ ਸੁਪਤਨੀ ਅਪਣਾ ਥੋੜ੍ਹ-ਚਿਰਾ ਸੰਜੋਗ ਪੂਰਾ ਕਰਕੇ ਆਪ ਜੀ ਨੂੰ ਰੀਰਕ ਵਿਜੋਗ ਦੇ ਗਈ। ਾਇਦ ਪ੍ਰਮੇਰ ਨੇ ਇਹ ਬਿਧਿ ਬਣਾਉਣੀ ਸੀ ਤਾਂ ਜੋ

ਹਰੀ ਜੀ ਅਪਣੇ ਸੱਚੇ ਪ੍ਰੀਤਮ **ਆਤਮਾ-ਪ੍ਰਮਾਤਮਾ** ਨਾਲ ਸਦੈਵੀ ਸੰਜੋਗ ਕਰ ਸਕਣ।

ਇਸ ਵਿਜੋਗ ਦੇ ਤੀਬਰ ਬਾਣ ਨਾਲ ਆਪ ਜੀ ਦੇ ਮਨ ਤੇ ਗਹਿਰੀ ਸੱਟ ਵੱਜੀ ਅਤੇ ਇਸ ਰੀਰਕ ਜਨਮ-ਮੌਤ ਦੇ ਗੁੱਝੇ ਭੇਦ ਦੀ ਅਸਲੀਅਤ ਨੂੰ ਸਮਝਣ ਲਈ, ਬੇਹੱਦ ਵੈਰਾਗਯੁਕਤ ਰਹਿਣ ਲੱਗੇ। ਇਸ ਉਪਰਾਮ ਦਾ ਵਿੱਚ ਹੀ ਵਾਪਸ ਭਾਰਤ ਆਉਣ ਦਾ ਫੈਸਲਾ ਕਰ ਲਿਆ। ਰਿੀਆਂ-ਮੁਨੀਆਂ, ਗੁਰੂਆਂ, ਅਵਤਾਰਾਂ, ਪੀਰਾਂ-ਪੈਗੰਬਰਾਂ ਅਤੇ ਸੰਤਾਂ ਦੇ ਦੇ ਭਾਰਤ ਪਹੁੰਚ ਕੇ ਕਿਸੇ ਨਿਠਾਵਾਨ, ਪੂਰਨ ਸੰਤ ਪੁਰ ਨੂੰ ਲੱਭਣ ਦੇ ਉਪਰਾਲੇ ਕਰਨੇ੍ਰੂ ਕਰ ਦਿੱਤੇ। ਇਸ ਸਮੇਂ **ਹਰੀ** ਜੀ ਦੇ ਮਨ ਦੀ ਤੜਪ ਕੁੱਝ ਇਸ ਪ੍ਰਕਾਰ ਦੀ ਬਣੀ ਹੋਈ ਸੀ -

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥**

ਇਉਂ ਬਹੁਤ ਸਾਰੇ ਡੇਰੇ, ਆਰਮਾਂ ਅਤੇ ਧਰਮ ਸਥਾਨਾਂ ਤੋਂ ਵਿਚਰਦੇ ਹੋਏ, ਕਈ ਅਨੁਕੂਲ-ਪ੍ਰਤੀਕੂਲ ਪ੍ਰਸਥਿਤੀਆਂ ਚੋਂ ਲੰਘਦੇ ਹੋਏ, ਰੱਬੀ ਰਾ ਅਨੁਸਾਰ **ਨਿਰਮਲ ਵਿਰੱਕਤ ਕੁਟੀਆ** ਕਨਲ (ਹਰਿਦੁਆਰ) ਵਿਖੇ ਪਹੁੰਚ ਗਏ। ਇੱਥੇ ਆਪ ਜੀ ਨੂੰ ਇੱਕ ਪੂਰਨ ਤੱਤਵੇਤਾ ਸੰਤ, ਬ੍ਰਹਮਨੇਠੀ ਪੰਡਿਤ ਪ੍ਰੇਮ ਸਿੰਘ ਜੀ ਜੋ ਨਿਰਮਲ ਸੰਪ੍ਰਦਾਇ ਦੀ ਹੋਤੀ ਮਰਦਾਨ ਨਾਮਕ ਉਪ-ਸੰਪ੍ਰਦਾਇ ਨਾਲ ਸਬੰਧਿਤ ਸਨ, ਨਾਲ ਭੇਂਟ ਹੋਈ। ਉਨ੍ਹਾਂ ਦੇ ਦਰਨਾਂ ਅਤੇ ਵਚਨਾਂ ਦੁਆਰਾ ਆਪ ਜੀ ਦੇ ਵੈਰਾਗੀ ਮਨ ਨੂੰ ਧੀਰਜ ਆ ਗਿਆ ਅਤੇ ਇੱਕ ਚਿਰੋਕਣੀ ਆਸ ਪੂਰੀ ਹੋਣ ਦੀ ਉਮੀਦ ਬੱਝ ਗਈ। ਨਿਰਮਲੇ ਸੰਤ ਸ੍ਰੀਮਾਨ ਪੰ. ਪ੍ਰੇਮ ਸਿੰਘ ਜੀ ਨੇ ਅੰਤਰਯਾਮਤਾ ਦੁਆਰਾ ਇਸ ਨਵੇਂ ਆਏ ਜਗਿਆਸੂ ਦੀ ਤੜਪ ਨੂੰ ਬੁੱਝ ਕੇ, ਪਿਆਰ ਨਾਲ ਧਰਵਾਸ ਦਿੱਤਾ ਅਤੇ ਅਪਣੀ ਪਾਵਨ ਰਣ ਵਿੱਚ ਕੁੱਝ ਸਮਾਂ ਰਹਿਕੇ ਬ੍ਰਹਮ ਵਿੱਦਿਆ ਗ੍ਰਹਣ ਕਰਨ ਦੀ ਆਗਿਆ ਦਿੱਤੀ। ਸੰਤ ਜੀ ਨੇ ਵੈਰਾਗਮਈ ਦਾ ਵਾਲੇ ਇਸ ਸਾਧਕ **ਹਰੀ** ਜੀ ਨੂੰ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦਾ ਗਿਆਨ ਬਖਣ ਦੇ ਨਾਲ-ਨਾਲ ਵੇਦਾਂ, ਸਿੰਮ੍ਰਤੀਆਂ, ਵੇਦਾਂਤ, ਗੀਤਾ, ਉਪਨਿਦਾਂ ਅਤੇ ਕਈ ਹੋਰ ਸਤਿ-ਾਸਤ੍ਰਾਂ ਦੀ ਵਿੱਦਿਆ ਵਿੱਚ ਪ੍ਰਬੀਨ ਕਰਨ ਦੀ ਮਹਾਨ ਕ੍ਰਿਪਾਲਤਾ ਕੀਤੀ। ਾਸਤ੍ਰ ਵਿੱਦਿਆ ਵਿੱਚ ਚੰਗੀ ਮੁਹਾਰਤ ਹਾਸਲ ਕਰਨ ਉਪ੍ਰੰਤ ਵੀ ਆਪ ਜੀ ਨੂੰ **ਆਪਣੇ-ਆਪ** ਦੀ ਪਛਾਣ ਕਰਨ ਦੀ ਤੀਬਰ ਜਗਿਆਸਾ ਅਜੇ ਅਪੂਰਣ ਜਿਹੀ ਮਹਿਸੂਸ ਹੁੰਦੀ ਸੀ।

ਆਖਿਰ ਇੱਕ ਸਮੇਂ ਮਹਾਂਪੁਰਖਾਂ ਵੱਲੋਂ ਬ੍ਰਹਮ-ਵਿੱਦਿਆ ਰੂਪੀ ਇਸ ਅਦੁੱਤੀ ਦਾਤ ਬਣ ਕਾਰਨ ਉਨ੍ਹਾਂ ਦਾ ਸਦੈਵੀ ਰਿਣੀ ਰਹਿਣ ਦਾ ਵਚਨ ਦੇਕੇ ਹਾਰਦਿਕ ੍ਰਕ ਰਾਨਾ ਕੀਤਾ। ਆਗਿਆ ਲੈਕੇ ਦੰਡਵਤ ਪ੍ਰਣਾਮ ਕੀਤੀ ਅਤੇ ਕੋਈ ਹੋਰ ਢੂੰਡ

ਕਰਨ ਲਈ ਇੱਕ ਵਾਰ ਫਿਰ ਕਿਸੇ ਅਣਡਿੱਠੇ ਮਾਰਗ ਤੇ ਚੱਲ ਪਏ। ਮਾਨੋ ਕਿ ਉਹ ਇਹ ਸੋਚਦੇ ਹੋਏ ਜਾ ਰਹੇ ਸਨ ਕਿ ਜਦੋਂ ਤੱਕ ਾਸਤ੍ਰ ਅਧਿਐਨ ਰਾਹੀਂ ੍ਰਵਣ-ਮਾਤ੍ਰ **ਸਮਾਨ ਗਿਆਨ** ਨੂੰ **ਵਿ ੇ ਗਿਆਨ** ਦੇ ਤੌਰ ਤੇ ਹਿਰਦੇ ਚ ਪ੍ਰਚੰਡ ਨਹੀਂ ਕਰ ਲੈਂਦਾ ਅਤੇ ਦ੍ਰਿੜਤਾ ਪੂਰਬਕ ਸ੍ਵੈ-ਸ੍ਰੂਪ ਵਿੱਚ ਇਸਥਿਤ ਨਹੀਂ ਹੋ ਜਾਂਦਾ, ਉਦੋਂ ਤੱਕ ਚੈਨ ਨਹੀਂ ਲੈਣਾ। ਇਹ ਅਵਸਥਾ ਵੀ ਕਿਸੇ ਵਿਰਲੇ ਮਹਾਂਪੁਰਖ ਦੇ ਮਹਾਂਵਾਕ ਬਗੈਰ ਪ੍ਰਾਪਤ ਨਹੀਂ ਹੁੰਦੀ ਅਤੇ ਗੁਰਬਾਣੀ ਅਨੁਸਾਰ ਉਹ ਵੀ ਇਸ ਸੰਸਾਰ ਵਿੱਚ ਅਤੀ ਦੁਰਲੱਭ ਹਨ -

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥**

ਯਥਾ - **ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥**

ਯਥਾ - **ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥**

ਆਪ ਜੀ ਦੀ ਕਠਿਨ ਘਾਲਣਾ ਨੂੰ ਸਫਲ ਕਰਨ ਲਈ, ਤੀਬਰ ਜਗਿਆਸਾ ਨੂੰ ਪੂਰੀ ਕਰਨ ਲਈ ਅਤੇ ਚਾਤ੍ਰਿਕ ਵਾਂਗ ਲੱਗੀ ਪਿਆਸ ਬੁਝਾਉਣ ਲਈ ਸ੍ਵਾਂਤੀ ਬੂੰਦ ਪਿਲਾਉਣ ਖਾਤਰ ਇੱਕ **ਵਿਰਲੇ** ਰੱਬ ਰੂਪ ਮਹਾਂਪੁਰਖ **ਸ੍ਰੀਮਾਨ ਸੰਤ ਬਾਬਾ ਨੱਥਾ ਸਿੰਘ ਜੀ** ਨਾਲ **ਪਿੰਡ ਬੁਤਾਲਾ** ਜਿਲ੍ਹਾ ਅੰਮ੍ਰਿਤਸਰ ਵਿਖੇ ਦਰਨ-ਮਿਲਾਪ ਹੋਇਆ। ਬੱਸ! ਫਿਰ ਕੀ ਸੀ? ਪ੍ਰਮਾਤਮਾ ਨਾਲ ਅਭੇਦ ਮਹਾਂਪੁਰਖ ਦੇ ਹਿਰਦੇ ਵਿਚਲੇ ਨਾਮ ਰੂਪੀ ਅੰਮ੍ਰਿਤ ਸਰੋਵਰ ਵਿੱਚੋਂ, **ਨਾਮ ਅੰਮ੍ਰਿਤ** ਦੀ ਦਾਤ ਪ੍ਰਾਪਤ ਹੋ ਗਈ। ਅਤਿਅੰਤ ਅਭਿਆਸ ਕਰਨ ਨਾਲ ਜਲਦੀ ਹੀ ਇਹ ਜਪੁ ਦੀ ਕ੍ਰਿਆ ਸੂਖਮ ਹੁੰਦੀ-ਹੁੰਦੀ ਅਜਪਾ-ਜਾਪ ਬਣ ਗਈ। ਡਾ. ਸੁਰਜੀਤ ਸਿੰਘ ਜੀ ਅਤੇ ਸ੍ਰ. ਰਣਬੀਰ ਸਿੰਘ ਜੀ ਹੋਰਾਂ ਤੋਂ ਇਹ ਇੱਕ ਖਾਸ ਜਾਣਕਾਰੀ ਮਿਲੀ ਕਿ ਇਨ੍ਹਾਂ (ਸੰਤ ਬਾਬਾ ਨੱਥਾ ਸਿੰਘ ਜੀ) ਦੇ ਮਹਾਂਵਾਕਾਂ ਦੁਆਰਾ ਹੀ ਸ੍ਰੀਮਾਨ ਪੂਜਯ ਗੁਰਦੇਵ ਸੰਤ **ਹਰੀ** ਜੀ ਨੂੰ ਰੂਹਾਨੀ ਗਿਆਨ ਦਾ ਪ੍ਰਕਾ ਹੋਇਆ ਸੀ। ਇਸਤੋਂ ਬਾਅਦ **ਜੀਵਨ-ਮੁਕਤੀ** ਦੇ ਅਨੰਦ ਨੂੰ ਮਾਣਦੇ ਹੋਏ, ਰੀਰ ਦੇ ਪ੍ਰਾਲੱਬਧ ਰੂਪੀ ਭੋਗਾਂ ਦੀ ਸਮਾਪਤੀ ਤੱਕ ਕੇਵਲ ਪਰਉਪਕਾਰ ਹਿਤ ਹੀ ਅਨੇਕਾਂ ਪਿੰਡਾਂ, ਹਿਰਾਂ, ਡੇਰਿਆਂ, ਗੁਰਦੁਆਰਿਆਂ, ਆਰਮਾਂ, ਜੰਗਲਾਂ, ਬੇਲਿਆਂ ਚ ਵਿਚਰਦੇ ਰਹੇ। ਆਖਿਰ ਇਸ ਸਦੈਵੀ ਅਨੰਦ ਨੂੰ **ਸੋਇ ਸਰੂਪ** ਜਾਣਦੇ ਅਤੇ ਮਾਣਦੇ ਹੋਏ, ਗੁਰੂ ਦਮੇ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਟਿਕਾਣਾ ਕੀਤਾ। ਇਸ ਅਨੰਦ ਦੀ ਪੁਰੀ ਵਿੱਚ ਠਹਿਰ ਦੌਰਾਨ ਹੀ ਡਾ. ਸੁਰਜੀਤ ਸਿੰਘ ਜੀ ਦਾ ਆਪ ਜੀ ਨਾਲ ਮੇਲ ਹੋਇਆ। ਡਾ. ਸਾਹਿਬ ਜੀ ਜੋ ਕਿ ਆਪ ਜੀ ਦੇ ਅਨਿੰਨ ਸੇਵਕ ਬਣ ਗਏ ਸਨ ਨੇ ਅਤਿਅੰਤ ਨਿੰਮ੍ਰਤਾ ਅਤੇ ਪ੍ਰੇਮ ਸਹਿਤ ਲਗਾਤਾਰ ਬੇਨਤੀਆਂ ਕਰ-ਕਰ ਕੇ, ਆਪ ਜੀ ਨੂੰ

8 ਮਾਰਚ, ਸੰਨ 1952 ਈ. ਵਾਲੇ ਦਿਨ ਆਪਣੇ ਨਿਵਾਸ 46-ਰਣਜੀਤ ਰੋਡ, ਜਲੰਧਰ ਵਿਖੇ ਲੈ ਆਏ। ਇੱਥੇ ਆ ਕੇ ਸੰਤ ਜੀ ਨੇ ਰੋਨਾ ਸਤਿਸੰਗ_ਰੂ ਕਰ ਦਿੱਤਾ ਅਤੇ ਅਨੇਕਾਂ ਸਤਿਸੰਗੀ ਆਪ ਜੀ ਦੇ ਰਧਾਲੂ ਬਣ ਗਏ। ਕਈ ਪ੍ਰੇਮੀ ਜੋ ਵਿਦੇਾਂ ਵਿੱਚ ਰਹਿੰਦੇ ਸਨ, ਉਨ੍ਹਾਂ ਦੀਆਂ ਬੇਨਤੀਆਂ ਪ੍ਰਵਾਨ ਕਰਕੇ, ਆਪ ਜੀ ਨੇ ਬਰਤਾਨੀਆ, ਫਰਾਂਸ, ਕੈਨੇਡਾ ਅਤੇ ਅਮਰੀਕਾ ਦਾ ਪਰਉਪਕਾਰੀ ਦੌਰਾ ਵੀ ਕੀਤਾ। ਇਉਂ ਦੇ-ਵਿਦੇ ਵਿੱਚ ਵਿਚਰ ਕੇ ਬੇਅੰਤ ਜੀਵਾਂ ਦਾ ਕਲਿਆਣ ਕਰਦੇ ਹੋਏ ਆਖਿਰ ਜਦੋਂ ਰੀਰ ਦੇ ਪ੍ਰਾਲਭਧ ਭੋਗ ਪੂਰੇ ਹੋਣ ਤੇ ਆਏ ਤਾਂ 3 ਜਨਵਰੀ ਸੰਨ 1985 ਈ. ਨੂੰ **ਬ੍ਰਹਮ ਸ੍ਰੂਪ** ਹੁੰਦੇ ਹੋਏ ਵੀ **ਬ੍ਰਹਮ ਨਾਲ ਅਭੇਦ** ਹੋ ਗਏ ਯਾਨੀ ਰੀਰ ਤਿਆਗ ਕੇ ਅਪਣੇ ਸਦਾ ਸੰਗ ਰਹਿਣ ਵਾਲੇ ਪ੍ਰੀਤਮ ਦੇ ਸਦੈਵੀ ਮਿਲਾਪ ਰੂਪੀ ਅਨੰਦ ਵਿੱਚ ਲੀਨ ਹੋ ਗਏ! ਇਉਂ ਪੂਰਨ ਸੰਤਾਂ-ਮਹਾਂਪੁਰਖਾਂ ਦੇ ਮਿਲਾਪ ਨਾਲ, **ਨਿੱਤ-ਮੁਕਤ** ਪਦ ਵਿੱਚ ਇਸਥਿਤ ਹੋ ਗਏ। ਸਦਾ ਲਈ ਜਨਮ-ਮਰਨ ਦੇ ਚੱਕਰ ਤੋਂ ਛੁੱਟ ਕੇ ਅਪਣੀ ਜੀਵਨ ਯਾਤਰਾ ਨੂੰ ਸਫਲ ਕਰ ਗਏ। ਅਜਿਹੇ ਮਹਾਂਪੁਰਖ ਪ੍ਰਤੀ ਹੀ ਗੁਰਬਾਣੀ ਦਾ ਫੁਰਮਾਨ ਹੈ -

**ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥**

**ਵਿੇ ਨੋਟ** :-

1. ਸੰਤ ਹਰੀ ਜੀ ਨੇ ਆਪਣਾ ਕੋਈ ਵੀ ਉੱਤਰਾਧਿਕਾਰੀ ਨਹੀਂ ਸੀ ਥਾਪਿਆ।
2. ਆਪ ਜੀ ਦੇ ਅਨਿੰਨ ਸੇਵਕ ਡਾ. ਸੁਰਜੀਤ ਸਿੰਘ ਜੀ ਸੰਤ ਜੀ ਦੇ ਅੰਮ੍ਰਿਤ ਬਚਨਾਂ ਨੂੰ **ਅਮਰ ਵਸਤੂ** ਨਾਮੀ ਗ੍ਰੰਥ ਰੂਪ ਵਿੱਚ ਛਪਵਾ ਕੇ ਜਗਿਆਸੂਆਂ ਨੂੰ ਮੁਫਤ ਵੰਡਣ ਦੀ ਅਮੋਲਕ ਸੇਵਾ ਨਿਭਾਉਂਦੇ ਰਹੇ।
3. ਡਾ. ਸਾਹਿਬ ਜੀ ਦੇ ਨਿਵਾਸ-ਸਥਾਨ ਜਲੰਧਰ ਵਿਖੇ ਸਾਲ ਵਿੱਚ ਤਿੰਨ **ਸਤਿਸੰਗ-ਸਮਾਗਮ** ਕਰਵਾਏ ਜਾਂਦੇ ਹਨ-

i) 8 ਮਾਰਚ ਨੂੰ ਜਿਸ ਦਿਨ ਸੰਤ ਜੀ ਇੱਥੇ ਪਹਿਲੀ ਵਾਰ ਸੰਨ 1952 ਈ. ਵਿੱਚ ਪਧਾਰੇ ਸਨ।

ii) ਜੁਲਾਈ ਮਹੀਨੇ ਵਿੱਚ ਗੁਰੂ-ਪੁੰਨਿਆਂ ਵਾਲੇ ਦਿਨ ਜਿਸ ਨੂੰ ਗੁਰੂ ਬਿਆਸ ਪੂਜਾ ਜਾਂ ਗੁਰੂ ਪੂਜਾ ਦਾ ਦਿਨ ਵੀ ਕਿਹਾ ਜਾਂਦਾ ਹੈ।

iii) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਤੇ ਬਿਕ੍ਰਮੀ ਸੰਮਤ ਮੁਤਾਬਿਕ (ਪੋਹ ਸੁਦੀ ਸੱਤਵੀਂ) ਨੂੰ ਕੀਤਾ ਜਾਂਦਾ ਹੈ।

**- ਸੰਤ ਜੋਧ ਸਿੰਘ**

28 ਜਨਵਰੀ, 2012 (ਬਸੰਤ ਪੰਚਮੀ) ਰਿ ਕੇ ।